
ਜਨਵਰੀ-ਫ਼ਰਵਰੀ 2022

# ਸਮਦਰਸ਼ੀ

SAMDARSHI



178

178
ਸਮਦਰਸ਼ੀ
ਜਨਵਰੀ-ਫ਼ਰਵਰੀ 2022
SAMDARSHI

ਸਾਲ 37 ਅੰਕ 178 : ਜਨਵਰੀ-ਫ਼ਰਵਰੀ, 2021

# ਸਮਦਰਸ਼ੀ

ਪੰਜਾਬੀ ਅਕਾਦਮੀ ਦਾ ਦੋ ਮਾਸਿਕ ਰਸਾਲਾ

***ਪ੍ਰਧਾਨ***
ਮਨੀਸ਼ ਸਿਸੋਦੀਆ

***ਮੀਤ-ਪ੍ਰਧਾਨ***
ਹਰਸ਼ਰਨ ਸਿੰਘ ਬੱਲੀ

***ਪ੍ਰਬੰਧਕੀ ਸੰਪਾਦਕ***
ਰਾਜਿੰਦਰ ਕੁਮਾਰ

***ਉੱਪ-ਸੰਪਾਦਕ***
ਹਰਪ੍ਰੀਤ ਕੌਰ

**ਸੰਪਾਦਕੀ ਦਫ਼ਤਰ ਦਾ ਪਤਾ**
ਪੰਜਾਬੀ ਅਕਾਦਮੀ, ਦਿੱਲੀ
ਡੀ. ਡੀ. ਏ. ਕਮਿਊਨਿਟੀ ਸੈਂਟਰ, ਸਦਰ ਥਾਣਾ ਰੋਡ, ਪਹਾੜ ਗੰਜ, ਨਵੀਂ ਦਿੱਲੀ-110055

Punjabi Academy, Delhi
DDA Community Centre,
Sadar Thana Road, Paharganj, New Delhi-110055

E-mail : samdarshi.punjabi@gmail.com
Visit our Website at : http://www.punjabiacademydelhi.com

**ISSN** : **2581-3986**

© ਸਾਰੇ ਹੱਕ ਰਾਖਵੇਂ ਹਨ

ਪ੍ਰਕਾਸ਼ਤ ਸਮੱਗਰੀ ਦੀ ਵਰਤੋਂ ਲਈ ਲੇਖਕ, ਅਨੁਵਾਦਕ ਅਤੇ ਪੰਜਾਬੀ ਅਕਾਦਮੀ ਦੀ ਮਨਜ਼ੂਰੀ ਜ਼ਰੂਰੀ ਹੈ। ਪ੍ਰਕਾਸ਼ਤ ਰਚਨਾਵਾਂ ਦੀ ਰੀਤੀ-ਨੀਤੀ ਜਾਂ ਵਿਚਾਰਾਂ ਨਾਲ ਪੰਜਾਬੀ ਅਕਾਦਮੀ, ਸੰਪਾਦਕੀ ਮੰਡਲ ਜਾਂ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ।

| | | |
|---|---|---|
| ਮੁੱਲ | : | 25 ਰੁਪਏ |
| ਸਾਲਾਨਾ ਚੰਦਾ | : | 150 ਰੁਪਏ |
| ਇੰਗਲੈਂਡ ਤੇ ਯੂਰਪ | : | 30 ਪੌਂਡ |
| ਅਮਰੀਕਾ, ਕੈਨੇਡਾ, ਮਿਡਲ ਈਸਟ ਤੇ ਹੋਰ ਦੇਸ਼ | : | 60 ਡਾਲਰ |

ਚੰਦਾ ''ਸਕੱਤਰ, ਪੰਜਾਬੀ ਅਕਾਦਮੀ'' ਦੇ ਨਾਂ 'ਤੇ ਭੇਜੋ।
Send the Subscription in the name of "Secretary, Punjabi Academy".

**ਟਾਈਟਲ**
ਮਨਿੰਦਰ ਸਿੰਘ

**ਲੇਜ਼ਰ ਟਾਈਪ ਸੈਟਿੰਗ**
ਸੁਖਜਿੰਦਰ ਸਿੰਘ

**Samdarshi :**
Bi-monthly journal of Punjabi Literature published by Punjabi Academy, Delhi, Motia Khan, Paharganj, New Delhi - 110055, India

**ਸਮਦਰਸ਼ੀ** :
ਪੰਜਾਬੀ ਅਕਾਦਮੀ, ਦਿੱਲੀ, ਮੋਤੀਆ ਖ਼ਾਨ, ਪਹਾੜ ਗੰਜ, ਨਵੀਂ ਦਿੱਲੀ-55 ਭਾਰਤ ਦੁਆਰਾ ਪ੍ਰਕਾਸ਼ਿਤ ਪੰਜਾਬੀ ਸਾਹਿਤ ਦਾ ਦੋ-ਮਾਸਿਕ ਰਸਾਲਾ।

# ਸਮਦਰਸ਼ੀ

ਸਾਲ 37 ਅੰਕ 178 : ਜਨਵਰੀ-ਫ਼ਰਵਰੀ, 2022

*ਆਪਣੇ ਵੱਲੋਂ /*

*ਇਸ ਵਾਰ ਦਾ ਕਵੀ / ਗੁਰਤੇਜ ਕੋਹਾਰਵਾਲਾ*

**ਕਵਿਤਾਵਾਂ / ਗੁਰਪ੍ਰੀਤ ਕੌਰ**

**ਡਾ. ਨਛੱਤਰ ਸਿੰਘ** : ਪੰਜਾਬੀ ਕਿਰਿਆ ਵਿਸ਼ੇਸ਼ਣ ਵਾਕੰਸ਼ ਦੀ ਸਾਹਿਤਕ ਭੂਮਿਕਾ

**ਡਾ. ਪਰਮਜੀਤ ਕੌਰ ਸਿੱਧੂ** : ਗੁਰੂ ਨਾਨਕ ਚਿੰਤਨ : ਅੰਤਰ-ਧਾਰਮਿਕ ਸੰਵਾਦ

**ਡਾ. ਪਰਮੀਤ ਕੌਰ** : ਉੱਚੀ ਰੱਬੋਂ ਦੀ ਧੀ : ਡਾ. ਦਲੀਪ ਕੌਰ ਟਿਵਾਣਾ

**ਰਮਨਦੀਪ ਕੌਰ** : ਯਹਾਂ ਅੱਛੀ ਔਰਤ ਨਹੀਂ ਮਿਲਤੀ

**ਡਾ. ਸੰਦੀਪ ਸਿੰਘ** : ਪ੍ਰਵਾਸੀ ਪੰਜਾਬੀ ਨਾਰੀ ਕਾਵਿ : ਪਰਿਪੇਖ ਅਤੇ ਪਾਸਾਰ

**ਡਾ. ਸਿਮਰਨਜੀਤ ਸਿੰਘ** : ਭਾਈ ਵੀਰ ਸਿੰਘ ਕਾਵਿ ਵਿਚਲੀ ਅਧਿਆਤਮਕ ਜੁਗਤ ਦੇ ਵਿਚਾਰਧਾਰਾਈ ਆਧਾਰ

**ਡਾ. ਰੰਜੂ ਬਾਲਾ** : ਸ੍ਰੀ ਗੁਰੂ ਅਰਜਨ ਦੇਵ ਜੀ : ਜੀਵਨ ਅਤੇ ਸ਼ਹਾਦਤ

**ਅਮਨਦੀਪ ਕੌਰ** : ਪੰਜਾਬ ਦੇ ਲੋਕ ਧਰਮ ਦਾ ਸਭਿਆਚਾਰਕ ਰੂਪਾਂਤਰਣ : ਪੂਜਾ ਸਮੱਗਰੀ ਅਤੇ ਚੜ੍ਹਾਵੇ ਦੇ ਪ੍ਰਸੰਗ ਵਿਚ

**ਮੂਲ : ਭਾਵਨਾ ਸ਼ੇਖਰ**
**ਅਨੁਵਾਦ : ਪ੍ਰੋ. ਨਵ ਸੰਗੀਤ** : ਸੋਸ਼ਲ ਡਿਸਟੈਂਸਿੰਗ

| | | |
|---|---|---|
| **ਗਗਨਦੀਪ ਸਿੰਘ** | : | ਆਸਟ੍ਰੇਲੀਆ ਦੀ ਪੰਜਾਬੀ ਕਵਿਤਾ : ਆਰੰਭ ਵਿਕਾਸ ਤੇ ਸਰੋਕਾਰ |
| **ਹਰਮੇਲ ਸਿੰਘ** | : | ਗੁਲ ਚੌਹਾਨ ਦੀ ਕਵਿਤਾ ਦਾ ਈਕੋ ਆਲੋਚਨਾਤਮਕ ਅਧਿਐਨ |
| **ਡਾ. ਹਰਵਿੰਦਰ ਸਿੰਘ** | : | ਝਨਾਂ ਦੀ ਰਾਤ ਦਾ ਕਾਵਿ-ਅਵਚੇਤਨ |
| **ਡਾ. ਜਸਵੰਤ ਸਿੰਘ** | : | ਐਰਿਕ ਫਰਾਮ ਦੇ ਮਨੋ ਵਿਗਿਆਨਕ ਸਿਧਾਂਤਾਂ ਦੇ ਸਮਾਜਿਕ ਸਰੋਕਾਰ |
| **ਗੁਰਵਿੰਦਰ ਸਿੰਘ** | : | ਕਾਵਿ-ਸੰਗ੍ਰਹਿ 'ਚੰਨ ਸੂਰਜ ਦੀ ਵਹਿੰਗੀ' ਵਿਚ ਪੇਸ਼ ਇਤਿਹਾਸਕ ਅਤੇ ਮਿਥਿਹਾਸਕ ਹਵਾਲੇ |
| **ਪਰਮਜੀਤ ਕੌਰ** | : | ਰਿਸਦੇ ਜ਼ਖ਼ਮਾਂ ਦੀ ਕਹਾਣੀ ਵਿਚਲੀ ਦਲਿਤ ਚੇਤਨਾ |
| **ਪੂਜਾ ਦੁਆ** | : | ਫ਼ਜ਼ਲ ਸ਼ਾਹ ਦੁਆਰਾ ਰਚਿਤ ਸੋਹਣੀ ਦਾ ਥੀਮਿਕ ਵਿਸ਼ਲੇਸ਼ਣ |
| **ਸੁਨੀਲ** | : | ਅੰਬਾਲਾ ਦੀ ਪੰਜਾਬੀ ਭਾਸ਼ਾ ਦਾ ਧੁਨੀ ਵਿਗਿਆਨਕ ਅਧਿਐਨ |
| **ਸਤੀਸ਼ ਕੁਮਾਰ** | : | ਸਵਰਾਜਬੀਰ ਰਚਿਤ ਨਾਟਕ ਧਰਮ ਗੁਰੂ, ਕ੍ਰਿਸ਼ਨ ਅਤੇ ਮੇਦਨੀ ਦੇ ਸੰਦਰਭ 'ਚ ਨਾਬਰੀ ਤੇ ਵਿਦ੍ਰੋਹ ਦਾ ਪ੍ਰਵਚਨ |
| **ਡਾ. ਅਕਵਿੰਦਰ ਕੌਰ ਤਨਵੀ** | : | ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਭਾਸ਼ਾਈ ਸਰੂਪ |
| **ਅਮਨਦੀਪ ਸਿੰਘ** | : | ਸੰਤਤਰੇਣ ਦਾ ਜੀਵਨ ਅਤੇ ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ |

# ਆਪਣੇ ਵੱਲੋਂ

ਸਿਰਜਣਾਤਮਕਤਾ ਜੀਵਨ ਦੀ ਉਸਾਰੂ ਤੇ ਸੁਚਾਰੂ ਸ਼ਕਤੀ ਹੈ। ਇਹ ਸ਼ਕਤੀ ਜ਼ਿੰਦਗੀ ਦੀ ਨੀਰਸਤਾ ਨੂੰ ਖ਼ਤਮ ਕਰਕੇ ਬੁਲੰਦੀਆਂ ਛੂਹਣ ਵਿਚ ਮਦਦ ਕਰਦੀ ਹੈ ਕਿਉਂਕਿ ਮਨੁੱਖ ਰਚਨਾਤਮਕ ਪ੍ਰਾਣੀ ਹੈ, ਇਸ ਲਈ ਉਸ ਦੀ ਗਤੀਸ਼ੀਲਤਾ ਵਿਚੋਂ ਸਿਰਜਣਾਤਮਕਤਾ ਦੀ ਝਲਕ ਬਾਖ਼ੂਬੀ ਦੇਖੀ ਜਾ ਸਕਦੀ ਹੈ। ਮਨੁੱਖੀ ਜੀਵਨ ਵਿਚ ਨਿਰੰਤਰ ਚਲਦੀ ਰਹਿਣ ਵਾਲੀ ਸਿਰਜਣ-ਪ੍ਰਕਿਰਿਆ ਉਸ ਦੀ ਰੂਹ ਦਾ ਸਕੂਨ ਬਣ ਸਕਦੀ ਹੈ। ਸਾਡੀ ਸਿਰਜਣ ਸ਼ਕਤੀ ਹੀ ਹੈ ਜਿਹੜੀ ਸਾਡੇ ਕੰਮ ਨੂੰ ਹੋਰਨਾਂ ਦੇ ਮੁਕਾਬਲੇ ਵਿਲੱਖਣਤਾ ਪ੍ਰਦਾਨ ਕਰਦੀ ਹੈ। ਸਾਡੀ ਕਿਸੇ ਉਪਜ ਵਿਚੋਂ ਹੀ ਸਾਡੀ ਭਾਵਨਾ, ਰਚਨਾਤਮਕ ਸ਼ਕਤੀ ਦਾ ਪੱਧਰ, ਕਾਰਜ ਪ੍ਰਤੀ ਪ੍ਰਤਿਬੱਧਤਾ ਆਦਿ ਪਹਿਲੂ ਰੂਪਮਾਨ ਹੁੰਦੇ ਹਨ। ਸਿਰਜਣਾਤਮਕ ਕਾਰਜ ਕਰਨ ਉਪਰੰਤ ਸੋਚ ਅਤੇ ਸਮਝ ਦੇ ਦਾਇਰੇ ਦਾ ਵਿਸਤਾਰ ਸੰਭਵ ਹੈ। ਮਨ ਦੀ ਸਾਕਾਰਾਤਮਕ ਸਥਿਤੀ ਭਾਵ ਜਗਿਆਸਾ, ਤਤਪਰਤਾ, ਜਨੂੰਨ ਆਦਿ ਸਿਰਜਣਾ ਲਈ ਅਹਿਮ ਅਤੇ ਲੋੜੀਂਦੇ ਪ੍ਰੇਰਕ ਹੁੰਦੇ ਹਨ। ਜਗਿਆਸਾ, ਤਤਪਰਤਾ, ਉਤਸ਼ਾਹ ਵਰਗੀਆਂ ਭਾਵਨਾਵਾਂ ਬਚਪਨ ਤੋਂ ਹੀ ਮਾਹੌਲ ਅਨੁਸਾਰ ਉਤਪੰਨ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਬੱਚਿਆਂ ਵਿਚ ਹਰੇਕ ਨਵੀਂ ਚੀਜ਼ ਜਾਂ ਵਰਤਾਰੇ ਨੂੰ ਦੇਖਣ-ਸਮਝਣ ਲਈ ਵੱਖਰੀ ਕਿਸਮ ਦੀ ਜਗਿਆਸਾ ਪਾਈ ਜਾਂਦੀ ਹੈ ਇਸ ਲਈ ਕੁਝ ਸਿਰਜਣ ਲਈ ਬੱਚਿਆਂ ਵਰਗੀ ਜਗਿਆਸਾ ਅਤੇ ਸਿੱਖਣ ਦੀ ਚਾਹਤ ਹੋਣੀ ਲਾਜ਼ਮੀ ਹੈ। ਵਿਦਿਆਰਥੀਆਂ/ਖੋਜਾਰਥੀਆਂ ਵਿਚੋਂ ਸਿਰਜਣਾਤਮਕਤਾ ਦੀਆਂ ਵਧੇਰੇ ਸੰਭਾਵਨਾਵਾਂ ਤਲਾਸ਼ੀਆਂ ਜਾ ਸਕਦੀਆਂ ਹਨ। ਇਸ ਲਈ ਬਚਪਨ ਵਾਲੀ ਜਗਿਆਸਾ ਨੂੰ ਤੀਬਰਤਾ ਪ੍ਰਦਾਨ ਕਰਨ ਦੇ ਨਾਲ-ਨਾਲ ਸੋਚ-

ਸਮਝ ਦੇ ਦਾਇਰਿਆਂ ਨੂੰ ਵਸੀਹ ਕਰਨ ਤੇ ਚੇਤੰਨ ਰਹਿਣ ਦੀ ਜ਼ਰੂਰਤ ਹੁੰਦੀ ਹੈ। ਜਵਾਨੀ ਵਿਚ ਉਮਰ ਦਾ ਉਤਸ਼ਾਹ ਵੀ ਨੌਜਵਾਨਾਂ ਨੂੰ ਕੁਝ ਵੱਖਰਾ ਤੇ ਉਸਾਰੂ ਕਰਨ ਲਈ ਪ੍ਰੋਤਸਾਹਿਤ ਕਰਦਾ ਹੈ। ਆਪੇ ਵਿਚਲੀਆਂ ਸੰਭਾਵਨਾਵਾਂ ਤਲਾਸ਼ਣ ਲਈ ਸੁਯੋਗ ਅਗਵਾਈ ਅਤੇ ਕਿਸੇ ਸਿਰਜਨਾਤਮਕ ਕੰਮ ਦੀ ਸੰਪੂਰਨਤਾ ਲਈ ਉਸ ਦਾ ਪੜਾਅ-ਦਰ-ਪੜਾਅ ਗਿਆਨ ਉਪਯੋਗੀ ਸਾਬਤ ਹੁੰਦਾ ਹੈ।

ਸਿਰਜਣਾਤਮਕਤਾ ਦੀ ਸ਼ਕਤੀ ਦਾ ਅੰਦਾਜ਼ਾ ਇਸ ਗੱਲੋਂ ਵੀ ਲਗਾਇਆ ਜਾ ਸਕਦਾ ਹੈ ਕਿ ਕਿਸੇ ਸਿਰਜਣਾਤਮਕ ਕਾਰਜ ਸੰਬੰਧੀ ਵਿਚਾਰ ਮਨ ਵਿਚ ਆਉਣ ਤੋਂ ਲੈ ਕੇ ਉਸ ਕੰਮ ਦੀ ਸੰਪੂਰਨਤਾ ਤੱਕ ਬਾਕੀ ਸਭ ਕੁਝ ਦੁਜੈਲਾ ਹੋ ਜਾਂਦਾ ਹੈ, ਸਿਰਫ਼ ਤੇ ਸਿਰਫ਼ ਸਿਰਜਣ-ਪ੍ਰਕਿਰਿਆ ਮਨ ਨੂੰ ਬੇਚੈਨੀ ਤੋਂ ਆਨੰਦ ਤੱਕ ਦਾ ਸਫ਼ਰ ਤੈਅ ਕਰਵਾਉਂਦੀ ਹੈ ਪਰ ਇਹ ਵੀ ਸੱਚ ਹੈ ਕਿ ਸਹਿਜਤਾ ਅਤੇ ਸੁਭਾਵਿਕਤਾ ਸਾਹਿਤਕਾਰੀ/ਕਲਾਕਾਰੀ ਲਈ ਜ਼ਰੂਰੀ ਸ਼ਰਤਾਂ ਹਨ। ਪੂਰਵ-ਧਾਰਨਾਵਾਂ, ਨਾਕਾਰਾਤਮਕ ਵਿਸ਼ਵਾਸ, ਸੰਕੁਚਿਤ ਨਜ਼ਰੀਆ, ਸਵੈ-ਮਾਣ ਦੀ ਕਮੀ ਆਦਿ ਚੀਜ਼ਾਂ ਸਾਡੀ ਸਿਰਜਣਾਤਮਕਤਾ ਲਈ ਰੁਕਾਵਟਾਂ ਪੈਦਾ ਕਰ ਸਕਦੀਆਂ ਹਨ। ਸਿਰਜਣਾਤਮਕਤਾ ਲਈ ਸੁਯੋਗ ਅਗਵਾਈ ਅਤੇ ਅੰਤਰ-ਝਾਤ ਇਸ ਲਈ ਜ਼ਰੂਰੀ ਹੈ ਕਿਉਂਕਿ ਜਗਿਆਸਾ ਤੋਂ ਸ਼ੁਰੂ ਹੋ ਕੇ ਸਿਰਜਣ-ਪ੍ਰਕਿਰਿਆ ਨੇ ਪਰਿਪੱਕਤਾ ਤੱਕ ਜਾ ਕੇ ਕੁਝ ਉਪਜਾਉਣਾ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਆਪਣੀ ਸੀਮਤ ਸੋਚ ਦੇ ਘੇਰੇ ਨੂੰ ਤੋੜ ਕੇ, ਆਪਣੀ ਕਲਪਨਾ ਸ਼ਕਤੀ ਨੂੰ ਵਧਾ ਕੇ, ਪੂਰਵ-ਧਾਰਨਾਵਾਂ ਤੋਂ ਮੁਕਤ ਹੋ ਕੇ, ਛੋਟੀਆਂ-ਛੋਟੀਆਂ ਚੀਜ਼ਾਂ ਵਿਚੋਂ ਪ੍ਰੇਰਨਾ ਲੱਭ ਕੇ, ਚੀਜ਼ਾਂ ਨੂੰ ਦੇਖਣ-ਪਰਖਣ ਦੀ ਉਤਸੁਕਤਾ ਪੈਦਾ ਕਰਕੇ ਅਤੇ ਵੱਖੋ-ਵੱਖਰੀਆਂ ਅੰਤਰ-ਦ੍ਰਿਸ਼ਟੀਆਂ ਦੇ ਮੇਚ ਦਾ ਹੋ ਕੇ ਬ੍ਰਹਿਮੰਡ ਦੇ ਅਥਾਹ ਭੰਡਾਰ ਵਿਚੋਂ ਸੰਭਾਵਨਾਵਾਂ ਖੋਜੀਆਂ ਜਾਣ।

**– ਰਾਜਿੰਦਰ ਕੁਮਾਰ**

# ਗ਼ਜ਼ਲ/ਕਵਿਤਾ

## ਗੁਰਤੇਜ ਕੋਹਾਰਵਾਲਾ

### ਗ਼ਜ਼ਲ - 1

ਅਜੇ ਤਾਂ ਸੁਲਗਦੇ ਨੇ ਲੋਕ ਛੁਪ-ਛੁਪ ਕੇ ਘਰਾਂ ਅੰਦਰ।
ਮਘੀ ਜਦ ਅੱਗ, ਪਹੁੰਚੇਗੀ ਖ਼ਬਰਾਂ ਚੌਰਸਤਿਆਂ ਅੰਦਰ।

ਕਿਸੇ ਰੁੱਖ ਜਾਂ ਬਨੇਰੇ 'ਤੇ ਕਦੇ ਬੈਠੇ ਤਾਂ ਵੇਖਾਂਗੇ,
ਕਿੰ ਕਿੰਨੇ ਜ਼ਖ਼ਮ ਟੰਗੇ ਨੇ ਹਨੇਰੀ ਨੇ ਪਰਾਂ ਅੰਦਰ।

ਉਨ੍ਹਾਂ ਰੁੱਖਾਂ ਨੇ ਕੀ ਤਪਦੇ ਸਿਰਾਂ ਨੂੰ ਓਟ ਕਰਨੀ ਹੈ,
ਜੁ ਖ਼ੁਦ ਹੋਰਾਂ ਦੀ ਛਾਵੇਂ ਪਲ਼ ਰਹੇ ਨੇ ਗਮਲਿਆਂ ਅੰਦਰ।

ਮਿਲੇ ਜੁਗਨੂੰ ਅਜਿਹੇ ਵੀ ਜੋ ਪਾਣੀ ਹੇਠ ਸਨ ਜਗਦੇ,
ਬਹੁਤ ਸਨ ਮਛਲੀਆਂ ਜੋ ਤਰਦੀਆਂ ਸਨ ਸ਼ੀਸ਼ਿਆਂ ਅੰਦਰ।

ਕਦੇ ਮਿਲ ਕੇ ਸੁਣਾਵਾਂਗੇ ਕਿਵੇਂ ਬੀਤੀ, ਕਿਵੇਂ ਝੱਲੀ,
ਸਫ਼ਰ ਦਾ ਹਾਲ ਹੁਣ ਲਿਖਿਆ ਨਹੀਂ ਜਾਂਦਾ ਖ਼ਤਾਂ ਅੰਦਰ।

### ਗ਼ਜ਼ਲ - 2

ਨੀਂਦ ਵਿਚ ਕੋਲੋਂ ਬਹਾਰਾਂ ਹੀ ਲੰਘਾ ਦਿੰਦੇ ਨੇ ਲੋਕ।
ਪਰ ਕਦੇ ਇਕ ਫੁੱਲ ਖ਼ਾਤਰ ਸਿਰ ਲੁਹਾ ਦਿੰਦੇ ਨੇ ਲੋਕ।

ਕਿੰਨੀ ਸ਼ਿੱਦਤ ਨਾਲ ਕਰਦੇ ਨੇ ਜੇ ਕਰਦੇ ਨੇ ਉਡੀਕ,
ਸਰਦਲਾਂ 'ਤੇ ਬੈਠਿਆਂ ਉਮਰਾਂ ਬਿਤਾਂ ਦਿੰਦੇ ਨੇ ਲੋਕ।

'ਨ੍ਹੇਰ ਦੇ ਇਤਿਹਾਸ ਦਾ ਖੁੱਲ੍ਹਦਾ ਹੈ ਹਰ ਕਾਲਾ ਸਫ਼ਾ,
ਰਾਤ ਦੇ ਚਿਹਰੇ ਤੋਂ ਜਦ ਪਰਦਾ ਹਟਾ ਦਿੰਦੇ ਨੇ ਲੋਕ।

ਸ਼ੋਰ ਦੀ ਹਰ ਲਹਿਰ ਵੇਖਣ ਵਾਸਤੇ ਖਿੜਕੀ ਲਾ ਖੋਲ੍ਹ,
ਛੋਟੀ-ਛੋਟੀ ਗੱਲ 'ਤੇ ਤਾੜੀ ਵਜਾ ਦਿੰਦੇ ਨੇ ਲੋਕ।

ਰਾਤ ਨੂੰ ਆਉਂਦਾ ਹੈ ਦਰਿਆ, ਰੋੜ੍ਹ ਲੈ ਜਾਂਦਾ ਹੈ ਘਰ,
ਦਿਨ ਚੜ੍ਹੇ ਫਿਰ ਉੱਜੜੀ ਬਸਤੀ ਵਸਾ ਦਿੰਦੇ ਨੇ ਲੋਕ।

## ਗ਼ਜ਼ਲ – 3

ਤਪਦਿਆਂ ਤੀਰਾਂ ਨੂੰ ਸੀਨੇ ਲਾ ਕੇ ਠਾਰਨ ਵਾਸਤੇ।
ਹਰ ਬਲੀ 'ਤੇ ਮੈਂ ਹੀ ਕਿਉਂ ਬਚਦਾ ਹਾਂ ਵਾਰਨ ਵਾਸਤੇ।

ਪੁਰਖਿਆਂ ਦੇ, ਵਾਰਸਾਂ ਦੇ, ਕੁਝ ਕੁ ਆਪਣੀ ਜਾਤ ਦੇ,
ਉਮਰ ਇਕ ਥੋੜ੍ਹੀ ਹੈ, ਸਭ ਕਰਜ਼ੇ ਉਤਾਰਨ ਵਾਸਤੇ।

ਹੋਰ ਬੰਦੇ, ਹੋਰ ਚੀਜ਼ਾਂ, ਹੋਰ ਰੁੱਤਾਂ, ਹੋਰ ਰਾਹ,
ਕੀ-ਕੀ ਮੈਂ ਅਪਣਾਅ ਲਿਆ, ਤੈਨੂੰ ਵਿਸਾਰਨ ਵਾਸਤੇ।

ਆਤਮਾ ਦੀ ਸੁੰਨ 'ਚੋਂ ਆਵਾਜ਼ ਤਾਂ ਉੱਠਦੀ ਹੈ ਪਰ,
ਦੂਰ ਤੱਕ ਦਿਸਦਾ ਨਹੀਂ ਕੋਈ ਪੁਕਾਰਨ ਵਾਸਤੇ।

ਆਖਰੀ ਦਾਓ ਸੀ, ਮੇਰੀ 'ਮੈਂ' ਦੀ ਵਾਰੀ ਆ ਗਈ,
ਹੋਰ ਕੁਝ ਬਚਿਆ ਨਹੀਂ ਸੀ ਕੋਲ, ਹਾਰਨ ਵਾਸਤੇ।

## ਗ਼ਜ਼ਲ – 4

ਕੁਝ ਦਰਿਆਵਾਂ ਨੂੰ ਸਾਵੈ ਹੋ ਵਹਿ ਸਕਣਾ ਨਾ ਆਇਆ।
ਉੱਚੀ ਥਾਂ ਤੋਂ ਲੰਘਣ ਵੇਲੇ, ਲਹਿ ਸਕਣਾ ਨਾ ਆਇਆ।

ਮੈਂ ਉਸ ਨੂੰ ਪਿਘਲਾ ਤਾਂ ਲੈਂਦਾ, ਪਰ ਕਿਸ ਭਾਂਡੇ ਪਾਉਂਦਾ,
ਉਸ ਨੂੰ ਪੱਥਰ ਦਾ ਹੋ ਕੇ ਰਹਿ ਸਕਣਾ ਨਾ ਆਇਆ।

ਸੁਪਨੇ ਫੜਦੇ, ਅਕਸਰ ਕੰਧਾਂ ਵਿਚ ਵੱਜੇ ਹਾਂ ਜਾ ਕੇ,
ਦੁਨੀਆਂਦਾਰਾਂ ਦੀ ਦੁਨੀਆ ਵਿਚ ਰਹਿ ਸਕਣਾ ਨਾ ਆਇਆ।

ਨਿੱਕੇ ਨਿੱਕੇ ਦੁੱਖ ਵੀ ਮੇਰੇ ਵਿਚੋਂ ਉੱਚੀ ਬੋਲੇ,
ਕੰਡੇ ਦਾ ਚੁਭਣਾ ਵੀ ਮੈਨੂੰ ਸਹਿ ਸਕਣਾ ਨਾ ਆਇਆ।

ਲਿਖਦੇ ਹੋਇਆਂ ਕੁਝ ਥਾਵਾਂ 'ਤੇ ਮੈਂ ਵੀ ਸੱਚ ਤੋਂ ਡਰਿਆ,
ਕੁਝ ਥਾਵਾਂ 'ਤੇ ਲਫ਼ਜ਼ਾਂ ਨੂੰ ਵੀ ਕਹਿ ਸਕਣਾ ਨਾ ਆਇਆ।

## ਗ਼ਜ਼ਲ - 5

ਮੈਂ ਕਿਹੜੇ ਦੇਸ ਵਿਚ ਹਾਂ, ਰੋਜ਼ ਨਕਸ਼ਾ ਦੇਖਦਾ ਹਾਂ।
ਜਿਵੇਂ ਸਰਹੱਦ 'ਤੇ ਖੜ੍ਹ ਕੇ, ਘਰ ਦਾ ਰਸਤਾ ਦੇਖਦਾ ਹਾਂ।

ਤੁਸੀਂ ਮੇਰੇ ਸਫ਼ਰ ਨੂੰ ਜਿੰਨਾ 'ਨ੍ਹੇਰਾ ਕਰ ਰਹੇ ਹੋ,
ਮੈਂ ਓਨਾ ਜਾਗਦਾ ਹਾਂ, ਹੋਰ ਜ਼ਿਆਦਾ ਦੇਖਦਾ ਹਾਂ।

ਮੁਕੰਮਲ ਹੋ ਗਿਆ ਇਕ ਦਾਇਰਾ ਬੇਸ਼ਕ ਕਦੋਂ ਦਾ,
ਮੈਂ ਇਕ ਬਿੰਦੂ ਨੂੰ ਹਾਲੇ ਵੀ ਅਧੂਰਾ ਦੇਖਦਾ ਹਾਂ।

ਮੇਰੇ ਦਿਨ ਭਰ ਦੁਪਹਿਰੇ ਆਥਣਾਂ ਵੱਲ ਜਾ ਰਹੇ ਨੇ,
ਮੈਂ ਅੱਧੀ ਰਾਤ ਨੂੰ ਸੂਰਜ ਨਿਕਲਦਾ ਦੇਖਦਾ ਹਾਂ।

ਮੈਂ ਪੂਰੇ ਝੂਠ ਦੇ ਅਖ਼ਬਾਰ ਲੂੰ ਚੁੱਲ੍ਹੇ 'ਚ ਡਾਹਵਾਂ,
ਅਧੂਰੇ ਸੱਚ ਨੂੰ ਕੰਧਾਂ 'ਤੇ ਲਿਖਿਆ ਦੇਖਦਾ ਹਾਂ।

ਗੁਰਪ੍ਰੀਤ ਕੌਰ

## ਕੌਣ

ਮੇਰੀ ਚੁੱਪ
ਚਾਕੂ ਬਣ
ਮੈਨੂੰ ਅੰਦਰੋਂ ਅੰਦਰੀ
ਚੀਰੀ ਜਾ ਰਹੀ ਹੈ
ਵਹਿੰਦਾ ਲਹੂ ਕਿਸ ਦਾ ਹੈ
ਕੌਣ ਹੈ ਓਹ
ਜਿਸ ਨੇ ਖੋਹ ਲਈ
ਮੇਰੇ ਕੋਲੋਂ
ਬੋਲਣ ਦੀ ਹਿੰਮਤ ?

## ਸ਼ੁਕਰ ਹੈ !

ਜ਼ਮੀਨ ਬਚ ਗਈ
ਮਾਲਕ ਦੀ
ਸੁਕਰ ਹੈ ਮਾਲਕ ਦਾ !

ਮੇਰੇ ਨਿਆਣਿਆਂ ਨੂੰ
ਟੁੱਕੜ ਜੁੜਿਆ ਰਹੂ

ਥੋੜ੍ਹੀ ਵਿੱਥ 'ਤੇ ਨੱਚਦਾ
ਅਪਣੇ ਆਪ ਨੂੰ ਆਖਦਾ
ਵਰ੍ਹਦੇ ਫੁੱਲਾਂ ਹੇਠ
ਉਹ ਹੁਬਕੀ ਹੁਬਕੀ ਰੋ ਪਿਆ ।।

*451 ਏ , ਸ਼ਰਮਾ ਸਟਰੀਟ,*
*ਲਿੰਕ ਰੋਡ, ਮਾਨਸਾ - 151505*
*(ਪੰਜਾਬ)*

## ਯਾਦਾਂ

ਪਰਛਾਵੇਂ ਮੈਨੂੰ
ਅਸਲ ਨਾਲੋਂ ਵੱਧ ਭਾਉਂਦੇ ਨੇ
ਯਾਦਾਂ ਦਾ ਜਿਵੇਂ ਕੋਈ ਦੂਜਾ ਰੂਪ

ਹੁਣ ਮੇਰੇ ਕੋਲ
ਤੇਰਾ ਇਹੋ ਰੂਪ ਹੈ

ਅੱਜ ਕੱਲ੍ਹ
ਮੈਂ ਤੇਰੇ ਨਾਲ
ਹਰ ਵੇਲੇ
ਗੱਲੀਂ ਲੱਗਿਆ ਰਹਿੰਦਾ ਹਾਂ

"ਤੂੰ ਸਾਰਾ ਦਿਨ
ਫੋਟੋਆਂ ਖਿੱਚਦਾ ਰਿਹਾ ਕਰ"
ਤੂੰ ਏਸੇ ਤਰਾਂ ਆਖਣਾ ਸੀ
ਗੱਲ ਪੂਰੀ ਨਹੀਂ ਸੀ ਕਰਨੀ

ਲੈ ਮੈਂ ਇੱਕ ਹੋਰ ਫੋਟੋ ਖਿੱਚ ਲਈ ਹੈ ।

## ਫਿੱਕਾ ਗੁਲਾਬੀ ਰੰਗ

ਮੇਰੇ ਕੋਲ
ਕੋਈ ਜੀਵਨ ਬੀਮਾ ਪਾਲਿਸੀ ਨਹੀਂ

ਤੇਰੇ ਹੱਥ
ਜਿਹੜਾ ਵੀ ਕਾਗਜ਼ ਆਏਗਾ
ਉਸ 'ਤੇ ਕਵਿਤਾ ਹੀ ਲਿਖੀ ਮਿਲੇਗੀ —

## ਰਾਹਕ

ਕਣਕ ਦੇ ਦਾਣੇ 'ਤੇ
ਪਈ ਲੀਕ

ਉਹੀ ਤਾਂ ਨ੍ਹੀਂ
ਜੋ ਵਾਹੁੰਦਾ ਹੈ ਵਾਹਕ
ਧਰਤੀ ਦੇ ਪਿੰਡੇ 'ਤੇ

ਦਿਲ ਦੀ ਧਕ ਧਕ
ਚੱਕੀ ਦੇ ਪੁੜਾਂ ਦੇ ਰਾਹੇ ਜਾਣ ਤੋਂ
ਵੱਖਰੀ ਨਹੀਂ

ਨਾ ਹੀ ਇੱਟਾਂ ਦੇ
ਚਿਣੇ ਜਾਣ ਤੋਂ ਭਿੰਨ

ਤੁਰੇ ਜਾਂਦੇ ਮਨੁੱਖ ਦੇ
ਪੈਰਾਂ ਦੀ ਅਵਾਜ਼ ਵੀ ਇਹੋ ਹੁੰਦੀ__

# ਪੰਜਾਬੀ ਕਿਰਿਆ ਵਿਸ਼ੇਸ਼ਣ ਵਾਕੰਸ਼ ਦੀ ਸਾਹਿਤਕ ਭੂਮਿਕਾ

*ਡਾ. ਨਛੱਤਰ ਸਿੰਘ*

*ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ - 110007*

ਸਾਹਿਤ ਰਚਨਾ ਬੁਨਿਆਦੀ ਤੌਰ 'ਤੇ ਭਾਸ਼ਾ ਰਚਨਾ ਹੀ ਹੁੰਦੀ ਹੈ, ਭਾਵੇਂ ਪ੍ਰਤੱਖ ਪੱਧਰ ਉਤੇ ਸਾਹਿਤ ਭਾਸ਼ਾ ਤੋਂ ਅਤਿਰਿਕਤ ਸਮੱਗਰੀ ਹੋਣ ਦਾ ਪ੍ਰਭਾਵ ਸਿਰਜਦਾ ਹੈ ਪਰ ਉਸ ਨੂੰ ਸਾਰਥਕਤਾ ਭਾਸ਼ਾ ਰਾਹੀਂ ਹੀ ਹਾਸਲ ਹੁੰਦੀ ਹੈ। ਭਾਸ਼ਾ ਸਮੁੱਚੇ ਸਾਹਿਤ ਦਾ ਨਿਰਮਾਣ ਧਰਾਤਲ ਹੈ। ਜਦੋਂ ਅਸੀਂ ਕਿਸੇ ਰਚਨਾ ਦੀ ਭਾਸ਼ਾਈ ਵਿਸ਼ੇਸ਼ਤਾ ਨੂੰ ਨਿਖਾਰ ਕੇ ਗ੍ਰਹਿਣ ਕਰਨ ਦਾ ਯਤਨ ਕਰਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਭਾਸ਼ਾ ਪਰਪੰਚਸ਼ੀਲ ਵਾਸਤਵਕਤਾ ਉਪਰ ਆਪਣਾ ਪ੍ਰਸਤਾਵਮੂਲਕ ਪ੍ਰਬੰਧ ਉਸਾਰਦੀ ਹੈ ਪਰ ਭਾਸ਼ਾ ਇਸ ਪ੍ਰਬੰਧ ਦੀ ਬਣਤਰ ਤੇ ਬੁਣਤਰ ਵਿਚ ਲੁਪਤ ਹੋ ਕੇ, ਆਪਣਾ ਕਾਰਜ ਕਰਦੀ ਹੈ। ਆਧੁਨਿਕ ਭਾਸ਼ਾ ਵਿਗਿਆਨ ਨੇ ਇਹ ਸੂਝ ਪ੍ਰਦਾਨ ਕੀਤੀ ਹੈ ਕਿ ਸਾਹਿਤ ਸੁਹਜ ਵਿਚ ਪਹਿਲ ਭਾਸ਼ਾ ਦੀ ਹੁੰਦੀ ਹੈ। ਇਸ ਸਬੰਧ ਵਿਚ ਹੈਲੀਡੇ (1981:325-50) ਨੇ ਲਿਖਿਆ ਹੈ ਕਿ ਸਾਹਿਤਕ ਭਾਸ਼ਾ ਆਮ ਵਿਹਾਰਕ ਭਾਸ਼ਾਈ ਸੰਵਾਦ ਦਾ ਵਿਸ਼ੇਸ਼ ਵਿਸਤਾਰ ਹੁੰਦੀ ਹੈ। ਸਾਹਿਤਕ ਭਾਸ਼ਾ ਦੀ ਸਿਰਜਨਾਤਮਕਤਾ ਦਾ ਪਹਿਲਾ ਅਧਾਰ ਭਾਵੇਂ ਲੇਖਕ ਦੇ ਸੰਵੇਦਨਸ਼ੀਲ ਹੋਣ ਉਪਰ ਹੀ ਨਿਰਭਰ ਕਰਦਾ ਹੈ ਪਰ ਇਸ ਦੇ ਨਾਲ ਹੀ ਭਾਸ਼ਾ ਦੇ ਵਿਲੱਖਣ ਸਰੂਪ ਦੀ ਬੁਨਿਆਦ ਅਲੰਕਾਰ, ਰੂਪਕ, ਪ੍ਰਤੀਕ, ਬਿੰਬ ਅਤੇ ਛੰਦ ਆਦਿ ਸਾਹਿਤ ਜੁਗਤਾਂ ਵੀ ਹੁੰਦੀਆਂ ਹਨ। ਇਹ ਸਾਰੀਆਂ ਸਾਹਿਤ ਜੁਗਤਾਂ ਸ਼ਬਦ ਜੁਗਤਾਂ ਉਪਰ ਹੀ ਅਧਾਰਤ ਹੁੰਦੀਆਂ ਹਨ, ਮਸਲਨ ਹਰੇਕ ਪ੍ਰਤੀਕ ਆਪਣੇ ਮੂਲ ਰੂਪ ਵਿਚ ਸ਼ਬਦ-ਚਿੰਨ੍ਹ ਹੀ ਹੁੰਦਾ ਹੈ। ਪ੍ਰਤੀਕਾਂ ਤੋਂ ਅੱਗੇ ਬਿੰਬਾਂ ਦੀ ਸਿਰਜਨਾ ਹੁੰਦੀ ਹੈ। ਅਲੰਕਾਰ ਆਪਣੇ ਮੂਲ ਰੂਪ ਵਿਚ ਵਿਸ਼ੇਸ਼ਣ ਦੀ ਸ਼ਬਦ-ਸ਼੍ਰੇਣੀ ਨਾਲ ਸਬੰਧਤ ਹੁੰਦੇ ਹਨ, ਜਿਹੜੇ ਕਿ ਅੱਗੇ ਬਿੰਬਾਂ ਦੀ ਸਿਰਜਨਾ ਕਰਦੇ ਹਨ। ਕਿਰਿਆ ਵਿਸ਼ੇਸ਼ਣ ਵਾਕੰਸ਼ ਵੀ ਇਕ ਅਜਿਹੀ ਸ਼ਬਦ-ਸ਼੍ਰੇਣੀ ਨਾਲ ਸਬੰਧਤ ਹਨ, ਜਿਹੜੇ ਬੁਨਿਆਦੀ ਤੌਰ 'ਤੇ ਕਿਰਿਆ ਰਾਹੀਂ ਵਾਕ ਨੂੰ ਪ੍ਰਭਾਵਤ ਕਰਦੇ ਹਨ। ਮਾਰਜੋਰੀ ਬੁਲਟਨ (1968:154) ਨੇ ਲਿਖਿਆ ਹੈ ਕਿ ਕਿਰਿਆ ਵਿਸ਼ੇਸ਼ਣ ਵਾਕੰਸ਼ ਇਕ ਅਜਿਹੀ ਵਿਆਕਰਨਕ ਇਕਾਈ ਹੈ ਜੋ ਵਾਕ ਪੱਧਰ ਉਪਰ ਵਿਭਿੰਨ ਪ੍ਰਕਾਰ ਦੇ ਤਾਰਕਿਕ ਸਬੰਧਾਂ ਨੂੰ ਸਾਕਾਰ

ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਹ ਖੁਦ ਜਟਿਲ ਸੰਰਚਨਾ ਦੇ ਵੀ ਧਾਰਨੀ ਹੁੰਦੇ ਹਨ ਅਤੇ ਵਾਕ ਪੱਧਰ ਉਪਰ ਵੀ ਇਹ ਜਟਿਲ ਭਾਵਾਂ ਦੀ ਪੇਸ਼ਕਾਰੀ ਕਰਦੇ ਹਨ। ਇਹ ਵਿਸ਼ੇਗਤ ਗਿਆਨ (ਨਾਂਵ, ਕਿਰਿਆ) ਨੂੰ ਵਿਚਾਰਾਤਮਕ ਗਿਆਨ ਵਿਚ ਤਬਦੀਲ ਕਰਦੇ ਹਨ। ਕਿਰਿਆ ਵਿਸ਼ੇਸ਼ਣ ਵਾਕੰਸ਼ ਦੀ ਸੰਰਚਨਾ ਵਿਚ ਸਥਾਨਸੂਚਕ, ਕ੍ਰਮਿਕ, ਅਕ੍ਰਮਿਕ ਨਾਂਵੀ ਸਮਾਂਸੂਚਕ, ਘਟਨਾਸੂਚਕ ਨਾਂਵ, ਵਿਸ਼ੇਸ਼ਣ/ ਵਿਸ਼ੇਸ਼ਕ ,/ਨੇ/ ਮੂਲ ਸਬੰਧਕ ਨੂੰ ਛੱਡ ਕੇ ਬਾਕੀ ਸਾਰੇ ਸਬੰਧਕ, ਕਿਰਦੰਤ, ਯੋਜਕ ਆਦਿ ਤੱਤ ਵਿਚਰਦੇ ਹਨ। ਇਸੇ ਤਰ੍ਹਾਂ ਕਿਰਿਆ ਵਿਸ਼ੇਸ਼ਣ ਵਾਕੰਸ਼ ਦਾ ਸਬੰਧ ਜਿਥੇ ਸਾਹਿਤ ਦੀ ਬਾਹਰੀ ਖ਼ੂਬਸੂਰਤੀ ਨਾਲ ਹੁੰਦਾ ਹੈ, ਉਥੇ ਇਹ ਸਾਹਿਤ ਦੀ ਭਾਵ ਬਣਤਰ ਨਾਲ ਵੀ ਵਾਬਸਤਾ ਹੋ ਜਾਂਦੇ ਹਨ। ਕਿਰਿਆ ਵਿਸ਼ੇਸ਼ਣ ਵਾਕੰਸ਼ ਅਸਲ ਵਿਚ ਭਾਸ਼ਾ ਦੀ ਵਿਸ਼ੇਸ਼ ਸਮਰੱਥਾ ਦੇ ਹੀ ਨਿਰਮਤ ਰੂਪ ਹਨ। ਇਹ ਸਾਹਿਤ ਦੀ ਇਕ ਅਜਿਹੀ ਸਾਰਥਕ ਜੁਗਤ ਹੈ, ਜਿਹੜੀ ਸਾਹਿਤ ਨੂੰ ਭਾਵ ਜੁਗਤ ਅਤੇ ਚਿਹਨ ਜੁਗਤ ਦੇ ਪੱਧਰ ਉਤੇ ਸਾਰਥਕਤਾ ਪ੍ਰਦਾਨ ਕਰਦੀ ਹੈ। ਇਹ ਭਾਵਾਂ ਨੂੰ ਤੀਬਰ ਅਨੁਭਵ ਕਰਾਉਣ ਵਿਚ ਸਹਾਈ ਹੁੰਦੇ ਹਨ। ਇਹ ਸਾਹਿਤਕ ਭਾਸ਼ਾ ਦੀ ਨਿਰਮਾਣਕਾਰੀ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਰਾਹੀਂ ਸਾਹਿਤਕ ਵਾਕਾਂ ਵਿਚ ਇਕ ਖ਼ਾਸ ਕਿਸਮ ਦਾ ਬਲ ਵੀ ਪੈਦਾ ਹੁੰਦਾ ਹੈ। ਇਸ ਸਿਧਾਂਤਕ ਪਰਿਪੇਖ ਵਿਚ ਹੀ ਅਸੀਂ ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਦੇ ਪ੍ਰਸੰਗ ਵਿਚ ਕਿਰਿਆ ਵਿਸ਼ੇਸ਼ਣ ਵਾਕੰਸ਼ਾਂ ਦੀ ਭੂਮਿਕਾ ਨੂੰ ਪਛਾਨਣ ਦਾ ਯਤਨ ਕੀਤਾ ਹੈ।

ਨਿਬੰਧ ਸਾਹਿਤ ਰੇਖਕੀ ਲੜੀ ਜਾਂ ਇਕਹਿਰੀ ਬਣਤਰ ਦਾ ਧਾਰਨੀ ਹੁੰਦਾ ਹੈ। ਰਜਿੰਦਰ ਸਿੰਘ ਸੇਖੋਂ (2010:120) ਦੇ ਕਹਿਣ ਅਨੁਸਾਰ ਨਿਬੰਧ ਭਾਸ਼ਣ ਵਰਗੀ ਕਲਾ ਹੈ। ਪਾਤਰਾਂ, ਬਿਰਤਾਂਤ, ਸੰਵਾਦ, ਪ੍ਰਸਥਿਤੀਆਂ, ਦੇਸ਼ ਕਾਲ ਅਤੇ ਵਾਤਾਵਰਨ ਦੀ ਅਣਹੋਂਦ ਕਾਰਨ ਇਸ ਵਿਚ ਸੁਹਜ ਦਾ ਪੱਧਰ ਬੜਾ ਨਿਊਨਤਮ ਰਹਿ ਜਾਂਦਾ ਹੈ। ਉਹ ਅੱਗੇ ਲਿਖਦਾ ਹੈ ਕਿ ਪਾਠਕ ਨਿਬੰਧ ਨੂੰ ਲਾਭ ਪ੍ਰਾਪਤ ਕਰਨ ਦੀ ਦ੍ਰਿਸ਼ਟੀ ਤੋਂ ਪੜ੍ਹਦਾ ਹੈ। ਨਿਬੰਧ ਲੇਖਕ ਵੀ ਕਈ ਵਾਰ ਆਮ ਸਧਾਰਨ ਜ਼ਿੰਦਗੀ ਦੇ ਕਿਸੇ ਮਸਲੇ ਨੂੰ ਪਾਠਕ ਦੇ ਰੂ-ਬ-ਰੂ ਕਰਦਾ ਹੈ ਜਾਂ ਕਈ ਵਾਰ ਲੇਖਕ ਕਿਸੇ ਦਰਸ਼ਨ ਵੇਤਾ ਦੀ ਤਰ੍ਹਾਂ ਪਾਠਕ ਨੂੰ ਜ਼ਿੰਦਗੀ ਜਿਉਣ ਦਾ ਕੋਈ ਗੁਰ ਮੰਤਰ ਸਿਖਾਉਣ ਦੀ ਕੋਸ਼ਿਸ਼ ਵਿਚ ਹੁੰਦਾ ਹੈ। ਅਜਿਹਾ ਕਰਦੇ ਹੋਏ ਉਹ ਆਪਣੀ ਲੇਖਣੀ ਵਿਚ ਨਾਵਲ ਜਿਹੀ ਉਤਸੁਕਤਾ, ਪਰਛਾਵੇਂ ਜਿਹੇ ਪਾਤਰ, ਕਵਿਤਾ ਜਿਹੀ ਲੈਅ, ਕਹਾਣੀ ਵਰਗੇ ਹਲਕੇ ਬਿਰਤਾਂਤਕ ਆਦਿ ਤੱਤਾਂ ਦੀ ਵਰਤੋਂ ਰਾਹੀ ਆਪਣੇ ਨਿਬੰਧ ਨੂੰ ਵੀ ਰੌਚਕ ਬਣਾਉਂਦਾ ਹੈ(ਰਜਿੰਦਰ ਸਿੰਘ ਸੇਖੋਂ: ਉਹੀ)। ਇਸ ਤਰ੍ਹਾਂ ਨਿਬੰਧ ਸਾਹਿਤ ਦੀ ਭਾਸ਼ਾ-ਸ਼ੈਲੀ ਦਾ ਇਕ ਵੱਖਰਾ ਮੁਹਾਂਦਰਾਂ ਉਭਰ ਕੇ ਸਾਹਮਣੇ ਆਉਂਦਾ ਹੈ ਤੇ ਇਸ ਵਿਚ ਸਭ ਤੋਂ ਅਹਿਮ ਭੂਮਿਕਾ ਕਿਰਿਆ ਵਿਸ਼ੇਸ਼ਣ ਵਾਕੰਸ਼ ਦੀ ਹੈ। ਇਸ ਪ੍ਰਕਾਰ ਲੇਖਕ ਵਾਕ ਪੱਧਰ ਉਪਰ ਕਈ ਤਰ੍ਹਾਂ ਦੀਆਂ ਤਬਦੀਲੀਆਂ (ਪ੍ਰਤੀਮਾਨ ਤੋਂ ਪਰਾਹਨ) ਕਰ ਕੇ ਆਪਣੇ ਪ੍ਰਗਟਾਅ ਵਿੱਚ ਸੱਜਰਾਪਣ ਲਿਆਉਣ ਦੀ ਕੋਸ਼ਿਸ਼ ਕਰਦਾ ਹੈ।

ਪ੍ਰੋ. ਪੂਰਨ ਸਿੰਘ ਖੁੱਲ੍ਹੀ ਕਵਿਤਾ ਦਾ ਮੋਢੀ ਹੈ। ਕਵਿਤਾ ਉਨ੍ਹਾਂ ਲਈ ਬ੍ਰਹਿਮੰਡੀ ਕਾਇਨਾਤ ਨਾਲ ਇਕਮਿਕਤਾ ਵਾਂਗ ਹੈ। ਖੁੱਲ੍ਹ ਉਸ ਦੇ ਸੁਭਾ ਦਾ ਅਭਿੰਨ ਅੰਗ ਹੈ। ਯਾਦਵਿੰਦਰ ਸਿੰਘ(2021:85) ਨੇ ਲਿਖਿਆ ਹੈ ਕਿ ਨਿੱਜੀ ਤੌਰ 'ਤੇ ਇਹ ਖੁੱਲ੍ਹ ਹਰ ਕਿਸਮ ਦੇ ਬੰਧਨ ਤੋਂ ਅਜ਼ਾਦ ਹੋ ਕੇ ਵਿਚਰਨਾ ਹੈ; ਸਭਿਆਚਾਰਕ ਤੌਰ 'ਤੇ ਇਸ ਦਾ ਅਰਥ ਫਿਰਕੇਦਾਰਾਨਾ ਸੋਚ ਤੋਂ

ਮੁਕਤ ਹੋਣਾ ਹੈ, ਅਧਿਆਤਮਕ ਅਰਥਾਂ ਵਿਚ ਇਹ ਕਰਮਕਾਂਡੀ ਧਾਰਮਿਕ ਵਲਗਣਾਂ ਨੂੰ ਉਲੰਘਣਾ ਹੈ ਅਤੇ ਸਿਆਸੀ ਤੌਰ 'ਤੇ ਇਹ ਤਾਨਾਸ਼ਾਹੀ ਜਾਂ ਫ਼ਾਸੀਵਾਦੀ ਪ੍ਰਬੰਧ ਦੀ ਮੁਖ਼ਾਲਫ਼ਤ ਹੈ। ਜੀਵਨ ਦੇ ਅਜਿਹੇ ਵਿਸ਼ਾਲ ਅਨੁਭਵ ਨੇ ਹੀ ਉਨ੍ਹਾਂ ਨੂੰ ਸ਼ਬਦ ਸਿਰਜਣਾ ਦਾ ਜਾਦੂਗਰ ਬਣਾ ਦਿੱਤਾ। ਉਨਮਾਦ ਦੀ ਅਵਸਥਾ ਵਿਚ ਉਨ੍ਹਾਂ ਅੰਦਰੋਂ ਸ਼ਬਦਾਂ ਦਾ ਝਰਨਾ ਵਹਿ ਤੁਰਦਾ ਹੈ। ਇਸਨੂੰ ਬਹੁਤ ਉੱਚ ਦੀ ਅਵਸਥਾ ਵੀ ਕਿਹਾ ਜਾ ਸਕਦਾ। ਇਸ ਲਈ ਉਹ ਵਾਕ ਰਚਨਾ ਦਾ ਇਕ ਨਿਵੇਕਲਾ ਪ੍ਰਬੰਧ ਵੀ ਪੇਸ਼ ਕਰਦਾ ਹੈ। ਨਿਬੰਧ ਰਚਨਾ ਵਿਚ ਉਹਦੇ ਵਿਚਾਰ ਇਕ ਖਾਸ ਕਿਸਮ ਦੀ ਗਤੀਸ਼ੀਲਤਾ ਦੀ ਅਵਸਥਾ ਵਿਚ ਨਜ਼ਰ ਆਉਂਦੇ ਹਨ। ਇਸ ਗਤੀਸ਼ੀਲਤਾ ਵਿਚ ਸਭ ਤੋਂ ਅਹਿਮ ਭੂਮਿਕਾ ਕਿਰਿਆ ਵਿਸ਼ੇਸ਼ਣ ਵਾਕੰਸ਼ ਦੀ ਹੈ। ਇਨ੍ਹਾਂ ਸਦਕਾ ਉਹ ਜ਼ਿੰਦਗੀ ਦੇ ਕਿਸੇ ਵੀ ਪੱਖ ਨੂੰ ਪਲਾਂ ਛਣਾਂ ਵਿਚ ਬੰਦੇ ਦੀਆਂ ਅੱਖਾਂ ਅੱਗੇ ਜਾਗਰਤ ਕਰ ਦਿੰਦਾ ਹੈ। ਮਿਸਾਲ ਵਜੋਂ:

ਇਹ ਇਕ ਅੰਦਰੋਂ ਅੰਦਰ ਦੀ ਲਗਾਤਾਰ ਖਿੱਚ ਹੈ। ਜਿਹੜੀ ਪਹਿਲਾਂ ਤਾਂ ਕਦੀ ਕਦੀ ਇਉਂ ਪੈਂਦੀ ਹੈ ਜਿਵੇਂ ਉਡਾਣ ਵਾਲੇ ਦਾ ਹੱਥ ਚੜ੍ਹੀ ਗੁੱਡੀ ਦੀ ਡੋਰ ਨੂੰ ਖਿੱਚਦਾ ਹੈ ਤੇ ਇਉਂ ਇਲਾਹੀ ਤੁਣਕੇ ਖਾ ਖਾ ਪਿਆਰ ਇਕ ਲਗਾਤਾਰ ਦਰਦ ਦੀ ਸ਼ਕਲ ਵਿਚ ਅੰਦਰ ਵਸਣ ਲੱਗ ਜਾਂਦਾ ਹੈ।

(ਡਾ. ਜਸਵਿੰਦਰ ਸਿੰਘ,ਸੰਪਾ, 2013:03)

ਵਿਗਸਣ ਉਹਦਾ ਆਪਣੇ ਅੰਦਰ ਦਾ ਖੇੜਾ ਹੈ ਜਿਹੜਾ ਬਾਹਰ ਨੂੰ ਵੇਖ ਵੇਖ ਰੀਝਦਾ ਹੈ।

(ਉਹੀ:04)

ਪਿਆਰ ਸਦਾ ਗਿਆਨੀ ਹੁੰਦਾ ਹੈ।

(ਉਹੀ)

ਜਿਵੇਂ ਉਸ ਬੰਦੇ ਦਾ ਚਾਅ, ਜਿਵੇਂ ਉਹਨੂੰ ਨਸ਼ਾ ਚੜ੍ਹੇ ਤਿਵੇਂ ਹੀ ਪਿਆਰ ਜਿੱਥੇ ਆਉਂਦਾ ਹੈ ਉਥੇ ਉਹ ਨਿੱਕਾ ਨਿੱਕਾ ਸਦਾ ਰਹਿਣ ਵਾਲਾ ਨਸ਼ਾ ਜਿਹਾ ਚੜ੍ਹਿਆ ਰਹਿੰਦਾ ਹੈ।

(ਉਹੀ)

ਜਿਥੇ ਗੁਰੂ ਨਾਨਕ, ਉਥੇ ਦੁਨੀਆ ਨਹੀਂ। ਜਿਥੇ ਦੁਨੀਆ, ਉਥੇ ਗੁਰੂ ਨਾਨਕ ਨਹੀਂ। ਜਿਥੇ ਗੁਰੂ ਨਾਨਕ, ਉਥੇ ਸਤਿਨਾਮ, ਉਥੇ ਕੀਰਤਨ; ਉਥੇ 'ਸੋਦਰ' ਦੇ ਅਲਾਪ, ਉਥੇ 'ਕੀਰਤਨ ਸੋਹਿਲਾ', ਉਥੇ 'ਆਰਤੀ', ਵਹਿਗੁਰੂ ਪੂਜਾ, ਪਿਆਰ, ਠੰਢਕ, ਰਸ, ਜੀਵਨ ਦਾ ਅਰਸ਼ ਚਮਕਦਾ ਹੈ। ਉਥੇ ਦੀ ਮਿੱਟੀ ਵਿਚ ਅਕਸੀਰੀ ਅਸਰ ਹੁੰਦਾ ਹੈ।

ਜਿਹੜਾ ਇਸ ਰਾਹ ਟੁਰਿਆ, ਉਸ ਅੱਗੇ-ਪਿੱਛੇ, ਆਸੇ-ਪਾਸੇ ਨਹੀਂ ਤੱਕਿਆ।

(ਉਹੀ: 120)

ਚਲੋ ਭਾਈ ਅੱਜ ਮਸਤਾਨਿਆਂ ਦਾ ਦਿਨ! ਅੱਜ ਹੁਲਾਰਿਆਂ ਦਾ ਦਿਨ! ਅੱਜ ਖ਼ੁਸ਼ੀਆਂ ਦਾ ਦਿਨ! ਅੱਜ ਬੇਸਬਰੀਆਂ ਦਾ ਦਿਨ! ਅੱਜ ਟੱਪਣ ਦਾ ਦਿਨ! ਅੱਜ ਚੀਖਣ ਦਾ ਦਿਨ! ਹਾਂ ਜੀ, ਉਹ ਮੇਰਾ ਓ!

(ਉਹੀ: 123)

ਹੁਣ ਕੀ ਪ੍ਰਵਾਹ ਹੈ? ਹੁਣ ਕੀ ਲੋੜਾਂ ਰਹੀਆਂ? ਸਦਾ ਦਾ ਦਿਨ ਚੜ੍ਹਿਆ, ਸਦਾ ਦਿਨ ਹੋਇਆ, ਸਦਾ ਲਈ ਕਲਗੀਆਂ ਵਾਲਾ ਮੇਰਾ।

(ਉਹੀ:125)

ਉਪਰੋਕਤ ਵਾਕਾਂ ਵਿਚ ਪ੍ਰੋ. ਪੂਰਨ ਸਿੰਘ ਸਮਾਂਸੂਚਕ, ਸਥਾਨਸੂਚਕ, ਵਿਧੀਵਾਚਕ, ਕਾਰਨਸੂਚਕ ਤੇ ਯੋਜਕੀ ਕਿਰਿਆ ਵਿਸ਼ਸ਼ੇਣ ਵਾਕੰਸ਼ਾਂ ਨੂੰ ਅਗਰਭੂਮਤ ਕਰਦੇ ਹੋਏ ਭਾਵ ਦੇ ਆਵੇਸ਼ ਵਿਚ ਇਉਂ ਵਹਿ ਤੁਰਦੇ ਹਨ ਜਿਵੇਂ ਕੋਈ ਦਰਿਆ ਬਰਸਾਤੀ ਦਿਨਾਂ ਵਿਚ ਪੂਰੀ ਕਾਇਨਾਤ ਨੂੰ ਆਪਣੇ ਵਿਚ ਸਮਾ ਲੈਂਦਾ ਹੈ। ਇਸ ਤਰ੍ਹਾਂ ਉਹ ਵਿਆਕਰਨਕ ਨਿਯਮਾਂ ਦੀ ਪ੍ਰਤੀਮਾਨਕਤਾ ਨੂੰ ਆਪਣੇ ਸੁਭਾ ਵਾਂਗ ਪਰਾਹਤ ਕਰਦੇ ਹੋਏ ਵਿਚਾਰ ਅਧੀਨ ਨੁਕਤੇ ਨੂੰ ਹੋਰ ਡੂੰਘਾਈ ਵਿੱਚ ਜਾ ਕੇ ਪਾਠਕ ਦੇ ਦਿਲੋ-ਦਿਮਾਗ਼ ਵਿਚ ਸਾਕਾਰ ਕਰ ਦਿੰਦਾ ਹੈ। ਉਹ ਕਿਰਿਆ ਵਿਸ਼ੇਸ਼ਣ ਵਾਕੰਸ਼ਾਂ ਨੂੰ ਕਿਧਰੇ ਵਿਰੋਧੀ ਰੂਪ ਵਿਚ ਕਿਧਰੇ ਸਮਾਸੀ ਰੂਪ ਵਿਚ ਵਰਤ ਕੇ ਦੁਹਰਾਓ ਦੇ ਨਿਵੇਕਲੇ ਪੈਟਰਨ ਸਿਰਜਦਾ ਹੈ। ਇਸਨੂੰ ਲੇਖਕ ਦੀ ਅਨੂਠੀ ਜੁਗਤ ਵੀ ਕਹਿ ਸਕਦੇ ਹਾਂ। ਜਿਸ ਰਾਹੀਂ ਉਹ ਵਾਕਾਂ ਵਿੱਚ ਖਾਸ ਕਿਸਮ ਦਾ ਚਮਤਕਾਰ, ਚੁਸਤੀ ਤੇ ਤੇਜ਼ੀ ਵੀ ਪੈਦਾ ਕਰਦਾ ਹੈ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੰਜਾਬੀ ਸਾਹਿਤ ਜਗਤ ਵਿਚ ਨਵੇਕਲੀ ਪਛਾਣ ਰੱਖਦੇ ਹਨ। ਸਾਹਿਤਕਾਰੀ ਤੇ ਪੱਤਰਕਾਰੀ ਉਨ੍ਹਾਂ ਦੀ ਕਲਮ ਦਾ ਕਰਮ ਖੇਤਰ ਹੈ। ਉਨ੍ਹਾਂ ਦੀ ਲੇਖਣੀ ਕਿਸੇ ਕਰਾਮਤਾ ਤੋਂ ਘੱਟ ਨਹੀਂ ਹੈ। ਹੌਲੀ-ਹੌਲੀ ਉਹ ਪੰਜਾਬੀ ਸਾਹਿਤ ਦਾ ਸਭਿਆਚਾਰ ਬਣ, ਧਰੂ ਤਾਰੇ ਵਾਂਗ ਗਗਨ ਮੰਡਲ ਵਿਚ ਪ੍ਰਕਾਸ਼ਮਾਨ ਨਜ਼ਰ ਆਉਂਦਾ ਹੈ। ਹਰਿਭਜਨ ਸਿੰਘ (2002:135) ਦੇ ਕਹਿਣ ਅਨੁਸਾਰ ਅਜੇਹੇ ਮਨੁੱਖ ਸੁਚੇਤ ਜਾਂ ਅਚੇਤ ਰੂਪ ਵਿਚ ਸਮਾਜ ਦੇ 'ਗੁਰੂ' ਹੁੰਦੇ ਹਨ। ਗੁਰਬਖ਼ਸ਼ ਸਿੰਘ ਪਾਸ ਚਾਣਨ ਦੀ ਇਕ ਕਿਰਨ ਦੀ ਪ੍ਰੀਤ ਹੈ। ਆਪਣੀ ਕਲਮ ਰਾਹੀਂ ਪ੍ਰੀਤ ਦੀ ਮਹਿਕ ਨੂੰ ਇਉਂ ਖਿਲਾਰਦਾ ਹੈ ਕਿ ਪਾਠਕ ਸ਼ਬਦਾਂ ਦੀ ਜਾਦੂ ਨਗਰੀ ਜਾ ਪਹੁੰਚਦਾ। ਜਿਸ ਨਾਲ ਉਹ ਆਪਣੀ ਲੇਖਣੀ ਨਾਲ ਪਾਠਕਾਂ ਦੇ ਮਨਾਂ ਵਿੱਚ ਇੱਕ ਖਾਸ ਸਥਾਨ ਬਣਾਉਣ ਵਿੱਚ ਕਾਮਯਾਬ ਹੁੰਦਾ ਹੈ। ਇਹ ਸਭ ਉਸਦੀ ਸਰਲ ਲੇਖਣੀ ਸਦਕਾ ਹੀ ਸੰਭਵ ਹੋਇਆ ਹੈ। ਉਸਦੀ ਨਿਬੰਧ ਰਚਨਾ ਦੇ ਪ੍ਰਮੁੱਖ ਗੁਣ ਕਿਸੇ ਖਾਸ ਨੁਕਤੇ ਦਾ ਕੇਂਦਰੀਕਰਨ, ਤਰਕਸ਼ੀਲਤਾ ਤੇ ਵਾਕਾਂ ਵਿੱਚ ਸੰਯੋਗਸ਼ੀਲਤਾ ਦੀ ਘਾੜਤ ਆਦਿ ਹਨ। ਉਸਦੀ ਵਾਰਤਕ ਦੀਆਂ ਇਹ ਜੁਗਤਾਂ ਕਿਰਿਆ ਵਿਸ਼ੇਸ਼ਣ ਵਾਕੰਸ਼ਾਂ ਦੇ ਪ੍ਰਯੋਗ ਰਾਹੀਂ ਸੰਭਵ ਹੋਈਆਂ ਹਨ: ਜਿਵੇਂ;

ਜਿਥੇ ਖ਼ੁਦਗਰਜ਼ੀ ਹੈ, ਜਿਥੇ ਦੂਜੇ ਦੀ ਸਫ਼ਲਤਾ ਲਈ ਉਤਸ਼ਾਹ ਨਹੀਂ, ਜਿਥੇ ਕੰਮ ਆਉਣ ਦਾ ਚਾਅ ਨਹੀਂ, ਜਿਥੇ ਵਤੀਰੇ ਵਿਚ ਨਿੱਘ ਨਹੀਂ, ਜਿਥੇ ਹਮਦਰਦੀ ਨਹੀਂ, ਜਿਥੇ ਤੋੜਨ ਮੱਲਣ ਦੀ ਲਾਲਸਾ ਹੈ।

(ਗੁਰਬਖਸ਼ ਸਿੰਘ, ਪ੍ਰੀਤਲੜੀ,2008:15)

ਸੱਤ ਹੱਦ ਅੱਠ ਘੰਟੇ ਨੀਂਦ ਬੜੀ ਕਾਫ਼ੀ ਹੈ।

(ਉਹੀ:66)

ਛੇਤੀ ਛੇਤੀ ਕਦਮ ਪੁੱਟਣ ਵਾਲਾ ਆਦਮੀ ਤਿੰਨ ਮੀਲ ਪੌਣੇ ਘੰਟੇ ਵਿਚ ਮੁਕਾ ਲੈਂਦਾ ਹੈ, ਤੇ ਲੰਗਾ-ਡੌਡੀ ਕਰਦਿਆਂ ਏਨੇ ਚਿਰ ਵਿਚ ਅੱਧਾ ਮੀਲ ਵੀ ਨਹੀਂ ਮੁਕਾ ਸਕੇਗਾ,

(ਉਹੀ:117)

ਇਹ ਦੁਨੀਆ ਦਿਨੋ-ਦਿਨ ਛੋਟੀ ਹੁੰਦੀ ਜਾਂਦੀ ਹੈ।

ਇਸਦੇ ਵਿਚੋਂ ਅੱਜ ਕੋਈ, ਕੱਲ੍ਹ ਕੋਈ, ਧੀਆਂ ਪੁੱਤਰ, ਭੈਣ ਭਰਾ, ਗੁਆਂਢੀ ਸਾਥੀ, ਸਭ ਨਿਕਲਦੇ ਜਾਂਦੇ ਹਨ। (ਉਹੀ:127-128)

ਅੱਜ ਤੱਕ ਹਮੇਸ਼ਾ ਉਸੇ ਨੂੰ ਹੀ ਕਦੇ ਪੂਰੀ ਤੇ ਕਦੇ ਅੱਧ-ਪਚੱਧੀ ਜਿੱਤ ਹੋਈ ਹੈ।

(ਗੁਰਬਖਸ਼ ਸਿੰਘ, ਪ੍ਰੀਤਲੜੀ, 1999:18)

ਉਪਰੋਕਤ ਵਾਕਾਂ ਦੇ ਸੰਦਰਭ ਵਿੱਚ ਕਿਹਾ ਜਾ ਸਕਦਾ ਹੈ ਕਿ ਲੇਖਕ ਸਥਾਨਸੂਚਕ, ਸਮਾਂਸੂਚਕ ਤੇ ਵਿਧੀਵਾਚਕ ਆਦਿ ਕਿਰਿਆ ਵਿਸ਼ੇਸ਼ਣ ਵਾਕੰਸ਼ਾਂ ਨੂੰ ਆਪਣੀ ਨਿਬੰਧ ਰਚਨਾ ਵਿਚ ਅਗਰਭੂਮਤ ਕਰਦੇ ਹੋਏ ਕਥਾਤਮਕ ਸ਼ੈਲੀ ਜੁਗਤਾਂ ਦਾ ਨਿਰਮਾਣ ਕਰਦਾ ਹੈ। ਵਾਕਾਂ ਦੀ ਅਜਿਹੀ ਨਿਵੇਕਲੀ ਘਾੜਤ ਕਿਰਿਆ ਵਿਸ਼ੇਸ਼ਣ ਵਾਕੰਸ਼ ਬਿਨਾ ਸੰਭਵ ਨਹੀਂ ਹੈ। ਉਹ ਜ਼ਿੰਦਗੀ ਨਾਲ ਸਬੰਧਤ ਕਿਸੇ ਵੀ ਘਟਨਾ ਨੂੰ ਬੜੇ ਹੀ ਸਰਲ ਭਾਵੀ ਵਾਕਾਂ ਦੀ ਮਾਲਾ ਵਿਚ ਪਰੋ ਲੈਂਦਾ ਹੈ ਤੇ ਪਾਠਕ ਨੂੰ ਮਾਲਾ ਦੇ ਇਕ-ਇਕ ਮੋਤੀ ਨਾਲ ਜੋੜਦਾ ਹੋਇਆ ਸੁਹਜਾਤਮਕ ਭਾਵਾਂ ਦੇ ਸੰਸਾਰ ਵਿਚ ਪ੍ਰਵੇਸ਼ ਕਰਵਾ ਦਿੰਦਾ ਹੈ।

ਪ੍ਰੋ. ਪੂਰਨ ਸਿੰਘ ਦੇ ਨਿਬੰਧਾਂ ਵਿਚ ਕਿਰਿਆ ਵਿਸ਼ੇਸ਼ਣ ਵਾਕੰਸ਼ਾਂ ਦਾ ਪ੍ਰਯੋਗ ਬਹੁਤ ਜ਼ਿਆਦਾ ਦੁਹਰਾਓਮੂਲਕ ਰੂਪ ਵਿਚ ਨਜ਼ਰ ਆਉਂਦਾ ਹੈ। ਉਹ ਸਧਾਰਨ ਵਾਕਾਂ ਨਾਲੋਂ ਵੱਧ ਸੰਜੁਗਤ ਜਾਂ ਮਿਸ਼ਰਤ ਵਾਕਾਂ ਦਾ ਪ੍ਰਯੋਗ ਕਰਦਾ ਹੈ। ਇਸ ਤੋਂ ਇਲਾਵਾ ਉਹ ਜਟਿਲ ਵਾਕ ਸੰਰਚਨਾ ਦਾ ਵੀ ਨਿਵੇਕਲਾ ਵਿਧਾਨ ਸਿਰਜਦਾ ਹੈ। ਜਿਸ ਵਿਚ ਭਾਵ ਦੀ ਤੀਬਰਤਾ ਦਾ ਵੇਗ ਪੂਰੇ ਸਿਖ਼ਰ ਉਪਰ ਹੁੰਦਾ ਹੈ। ਜਦਕਿ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਨਿਬੰਧਾਂ ਵਿਚ ਵੀ ਕਿਰਿਆ ਵਿਸ਼ੇਸ਼ਣ ਵਾਕੰਸ਼ ਕਿਤੇ-ਕਿਤੇ ਦੁਹਰਾਓਮੂਲਕਤਾ ਦਾ ਪ੍ਰਭਾਵ ਵੀ ਸਿਰਜਦੇ ਹਨ ਪਰ ਇਹ ਪ੍ਰੋ. ਪੂਰਨ ਸਿੰਘ ਵਾਂਗ ਲਗਾਤਾਰਤਾ ਦੇ ਸੂਚਕ ਨਹੀਂ ਹਨ। ਦਰਅਸਲ ਪ੍ਰੀਤਲੜੀ ਦੀ ਨਿਬੰਧ ਰਚਨਾ ਵਿਚੋਂ ਬਿਰਤਾਂਤਕ ਪ੍ਰਭਾਵ ਵੀ ਪ੍ਰਤੱਖ ਰੂਪ ਵਿਚ ਨਜ਼ਰ ਆਉਂਦਾ ਹੈ। ਸਰਲ ਵਾਕਾਂ ਦੀ ਸਿਰਜਣ ਪ੍ਰਕਿਰਿਆ ਉਸਦੀ ਵਾਰਤਕ ਦਾ ਵਿਸ਼ੇਸ਼ ਗੁਣ ਹੈ।

ਗਲਪੀ ਸਾਹਿਤ ਇਕ ਅਜਿਹਾ ਕਲਾ ਰੂਪ ਹੈ, ਜਿਸ ਵਿਚ ਚਿਹਨਕੀ ਪ੍ਰਕਿਰਿਆ ਪੂਰੇ ਉਭਾਰ ਉਤੇ ਹੁੰਦੀ ਹੈ। ਇਸ ਵਿਚ ਜ਼ਿੰਦਗੀ ਦਾ ਸਮੱਗਰ ਚਿੱਤਰ ਪੇਸ਼ ਕੀਤਾ ਗਿਆ ਹੁੰਦਾ ਹੈ। ਇਸ ਸਮੱਗਰ ਚਿੱਤਰ ਦਾ ਸੰਚਾਰ ਭਾਸ਼ਾ ਰਾਹੀਂ ਹੁੰਦਾ ਹੈ। ਇਸ ਸੰਚਾਰ ਪ੍ਰਕਿਰਿਆ ਵਿਚ ਕਿਰਿਆ ਵਿਸ਼ੇਸ਼ਣ ਵਾਕੰਸ਼ ਦੀ ਖ਼ਾਸ ਭੂਮਿਕਾ ਹੈ। ਬੂਟਾ ਸਿੰਘ ਬਰਾੜ (2009:82) ਅਨੁਸਾਰ ਕਰਤਾਰ ਸਿੰਘ ਦੁੱਗਲ ਬਹੁਤੇ ਅਧੀਨ ਉਪਵਾਕਾਂ ਦੀ ਨਹੀਂ ਸਗੋਂ ਸੁਤੰਤਰ ਉਪਵਾਕਾਂ ਦੀ ਵਰਤੋਂ ਕਰਦਾ ਹੈ ਜਾਂ ਉਹ ਸਾਦ੍ਰਿਸ਼ ਵਿਧਾਨ ਵਿਵਸਥਾ ਲਈ ਜਿਵੇਂ ਜਾਂ ਜਿਸ ਤਰ੍ਹਾਂ ਦੀ ਜੁਗਤ ਵਾਲੇ ਉਪਵਾਕ ਸਿਰਜਦਾ ਹੈ। ਉਸ ਦੀ ਇਹ ਵਿਧੀ ਕਿਤੇ ਤਾਂ ਸੁਹਜ ਸਿਰਜਣ ਦਾ ਕੰਮ ਕਰਦੀ ਹੈ ਅਤੇ ਕਿਤੇ ਇਸ ਤੋਂ ਵਡੇਰੀ ਵਾਸਤਵਕਤਾ ਨੂੰ ਸਥਾਪਤ ਕਰਨ ਦਾ ਪ੍ਰਕਾਰਜ ਨਿਭਾਉਂਦੀ ਹੈ।

ਜਿਉਂ-ਜਿਉਂ ਮੌਲਵੀ ਜੀ ਨੂੰ ਯਕੀਨ ਹੁੰਦਾ ਗਿਆ ਕਿ ਮੈਂ ਉਨ੍ਹਾਂ ਦੇ ਘਰੋਗੀ ਜੀਵਨ ਦਾ ਬਿਲਕੁੱਲ ਕਿਸੇ ਅੱਗੇ ਜ਼ਿਕਰ ਨਹੀਂ ਕਰਦਾ ਉਹ ਤਿਉਂ-ਤਿਉਂ ਮੇਰੀ ਜ਼ਿਆਦਾ ਕਦਰ ਕਰਦੇ।

(ਕਰਤਾਰ ਸਿੰਘ ਦੁੱਗਲ, 1970:38)

ਇਸ ਵਾਕ ਵਿਚ ਜਿਉਂ-ਜਿਉਂ, ਤਿਉਂ-ਤਿਉਂ ਇਹ ਵਿਧੀਵਾਚਕ ਕਿਰਿਆ ਵਿਸ਼ੇਸ਼ਣ ਵਾਕੰਸ਼ ਵਿਧੀ ਦੇ ਭਾਵ ਪੇਸ਼ ਕਰ ਰਿਹਾ ਹੈ ਅਤੇ ਇਕ ਖ਼ਾਸ ਸਮਾਜਕ ਵਿਵਸਥਾ ਵੱਲ ਇਸ਼ਾਰਾ ਕਰਦਾ ਹੈ। ਅਜਿਹੀ ਵਾਕ ਬਣਤਰ ਵਿਚ ਕਿਰਿਆ ਵਿਸ਼ੇਸ਼ਣ ਵਾਕੰਸ਼ਾਂ ਦੀ ਵਰਤੋਂ ਰਾਹੀਂ ਜਟਿਲ ਤੋਂ ਜਟਿਲ ਮਾਨਸਿਕ ਪ੍ਰਕਿਰਿਆ ਪਾਠਕ ਦੀ ਪਕੜ ਵਿਚ ਬੜੇ ਸੌਖਿਆਂ ਹੀ ਆ ਜਾਂਦੀ ਹੈ। ਕਈ ਵਾਰੀ ਉਹ ਪੂਰੇ ਵਾਕ ਨੂੰ ਲਿਖਣ ਦੀ ਥਾਂ ਸਿਰਫ਼ ਕਿਰਿਆ ਵਿਸ਼ੇਸ਼ਣ ਵਾਕੰਸ਼ ਰਾਹੀਂ ਹੀ ਕੰਮ ਚਲਾ ਲੈਂਦਾ ਹੈ :

ਅਜ ਸੱਤ ਸਾਲਾ ਤੋਂ.......... (ਉਹੀ : 24)

ਅਜੇ ਫੇਰ________________ (ਉਹੀ : 16)

ਇਸ ਤੋਂ ਇਲਾਵਾ ਕਿਸੇ ਖਾਸ ਨੁਕਤੇ ਨੂੰ ਜਾਂ ਪਾਤਰ ਦੇ ਮਨ ਦੀ ਪ੍ਰਕਿਰਿਆ ਨੂੰ ਦਰਸਾਉਣ ਲਈ ਜਾਂ ਕਿਸੇ ਖਾਸ ਪੱਖ ਉਤੇ ਵਧੇਰੇ ਬਲ ਦੇਣ ਲਈ ਵਾਕ ਵਿਚ ਦੁਹਰਾਓ ਪੈਦਾ ਕਰਦਾ ਹੈ। ਉਸ ਦੀ ਵਾਕ ਬਣਤਰ ਵਿਚ ਨਾਂਵ ਵਾਕੰਸ਼, ਕਿਰਿਆ ਵਾਕੰਸ਼, ਵਿਸ਼ੇਸ਼ਣ ਵਾਕੰਸ਼ ਅਤੇ ਕਿਰਿਆ ਵਿਸ਼ੇਸ਼ਣ ਵਾਕੰਸ਼ ਦਾ ਦੁਹਰਾਓ ਮਿਲਦਾ ਹੈ।

ਪਤਾ ਨਹੀਂ ਕਦੋਂ ਚਾਹ ਖਤਮ ਹੋ ਗਈ, ਪਤਾ ਨਹੀਂ ਕਦੋਂ ਸ਼ਾਮਾਂ ਢਲ ਗਈਆਂ, ਪਤਾ ਨਹੀਂ ਕਦੋਂ ਹਨੇਰਾ ਹੋ ਗਿਆ ਸ਼ਾਂਤਾ ਉਸ ਕੁਰਸੀ ਉਤੇ ਬੈਠੀ ਸੋਚਦੀ ਰਹੀ।

(ਉਹੀ : 19)

ਦਿਨ-ਦਿਹਾੜੇ ਕਿਸੇ ਦੀ ਪੱਤ ਲਾਹ ਦੇਣਾ, ਦਿਨ ਦਿਹਾੜੇ ਕਿਤੇ ਸੰਨ ਲਵਾ ਦੇਣਾ, ਦਿਨ ਦਿਹਾੜੇ ਕਿਸੇ ਦੀ ਧੀ ਭੈਣ ਚੁਕਵਾ ਕੇ ਅੱਗੋ-ਪਿਛੇ ਕਰ ਦੇਣਾ, ਮੁਸਲਮਾਨ ਗੁਆਢੀਆਂ ਲਈ ਇਹ ਸਭ ਕੁਝ ਕੋਈ ਵਧੀਕੀ ਵਾਲੀ ਗੱਲ ਨਹੀਂ ਸੀ।

(ਉਹੀ:60)

ਇਕ ਦਿਨ, ਦੋ ਦਿਨ, ਚਾਰ ਦਿਨ, ਦਸ ਦਿਨ ਉਹਦੇ ਪੁੱਤਰ ਨੇ ਰਾਤ ਦੀ ਉਸ ਘਟਨਾ ਦਾ ਕਦੀ ਜ਼ਿਕਰ ਨਹੀਂ ਕੀਤਾ।

(ਉਹੀ : 159)

ਅਜਿਹੀ ਦੁਹਰਾਓਮੂਲਕ ਬਿਰਤੀ ਰਾਹੀਂ ਦੁੱਗਲ ਕਿਤੇ ਤਾਂ ਇਕੋ ਸਮੇਂ ਵਾਪਰੀਆਂ ਵੱਖ-ਵੱਖ ਘਟਨਾਵਾਂ ਨੂੰ ਇਕ ਲੜੀ ਵਿਚ ਪਰੋ ਕੇ ਹਕੀਕਤ ਨੂੰ ਉਲਟ-ਪੁਲਟ ਕਰ ਕੇ ਵੇਖਣਾ ਚਾਹੁੰਦਾ ਹੈ ਅਤੇ ਕਿਤੇ ਉਹ ਵਕਤ ਦੇ ਛੱਲਾਂ ਮਾਰ ਰਹੇ ਦਰਿਆ ਵਿਚੋਂ ਉਠੀ ਇਕ ਲਹਿਰ ਨੂੰ ਕੁਝ ਦੇਰ ਰੋਕ ਕੇ ਉਸ ਦੀ ਹਕੀਕਤ ਨੂੰ ਜਾਣਨ ਦੀ ਕੋਸ਼ਿਸ਼ ਕਰਦਾ ਹੈ। ਇਸ ਕਿਸਮ ਦੇ ਦੁਹਰਾਓਮੂਲਕ ਪੈਟਰਨਾਂ ਨਾਲ ਜਿਥੇ ਪਾਠਕ ਦੇ ਮਨ ਦੀ ਇਕਾਗਰਤਾ ਬਣਦੀ ਹੈ, ਉਥੇ ਪਾਠ ਦੀ ਪੜ੍ਹਨ ਯੋਗਤਾ ਵੱਧਦੀ ਹੈ।

ਗੁਰਦਿਆਲ ਸਿੰਘ ਨੂੰ ਅਣਹੋਇਆਂ ਦਾ ਨਾਵਲਕਾਰ ਕਿਹਾ ਜਾਂਦਾ ਹੈ। ਉਹ ਕਿਰਿਆ ਵਿਸ਼ੇਸ਼ਣ ਵਾਕੰਸ਼ ਦੀ ਵਰਤੋਂ ਰਾਹੀਂ ਕਿਸਾਨੀ ਜੀਵਨ ਨਾਲ ਜੁੜੇ ਮਸਲਿਆਂ ਨੂੰ ਅਗਰਭੂਮਤ ਕਰਦਾ ਹੈ। ਉਸਦੇ ਨਾਵਲਾਂ ਦਾ ਸਥਾਨ ਤੇ ਵਾਤਾਵਰਨ ਮਾਲਵਾ ਖੇਤਰ ਹੈ। ਇਸ ਲਈ ਉਹ ਆਪਣੇ

ਨਾਵਲਾਂ ਵਿਚ ਮਲਵਈ ਉਪ-ਭਾਸ਼ਾ ਨਾਲ ਜੁੜੇ ਕਿਰਿਆ ਵਿਸ਼ੇਸ਼ਣ ਵਾਕੰਸ਼ਾਂ ਨੂੰ ਬੜੇ ਨਿਵੇਕਲੇ ਤਰੀਕੇ ਨਾਲ ਵਰਤਦਾ ਹੈ। ਮਸਲਨ:

ਦੂਰੋਂ ਈ ਨੰਦੀ ਨੂੰ ਵੇਖ ਕੇ, ਮੁਸਕੜੀਏ ਹਸਦਿਆਂ ਸੂਟ੍ਹੀ ਨੇ ਹੌਲੀ ਜਿਹੀ ਕਿਹਾ ਤੇ ਨਾਲ ਈ ਉੱਚੀ ਦੇਣੇ ਬੋਲੀ, ''ਪੈਰੀਂ ਪੈਨੀਂ ਐਂ ਅੰਬੇ!"

(ਗੁਰਦਿਆਲ ਸਿੰਘ 2020:07)

''ਤੂੰ ਸੁੱਖ ਨਾਲ ਬਾਰੀਂ-ਬਾਰੀਂ ਕੋਹੀਂ ਜਾ ਕੇ ਲੋਕਾਂ ਦੇ ਘਰ ਵਾਸਤੇ ਆਵਦੇ ਦਿਉਰ ਦਾ ਵੀ ਕੋਈ ਬੰਨ੍ਹ-ਸੁਭ ਕਰਾ ਦਿੰਦੀ।"

(ਉਹੀ)

''ਖਬਰੈ ਲੋਕ ਕੀ ਸਜਾਏ ਜੁਆਕ ਭਾਲਦੇ ਐ। ਉਮਰ ਕੀ ਉਹ ਨੱਬਿਆਂ ਦਾ ਹੋ ਗਿਆ; ਕੁੱਤੇ ਦੀ ਬਿਮਾਰੀ ਵੇਲੇ ਦਾ ਜਰਮ ਐ। ਉਮਰ ਐਂ ਲੋਕਾਂ ਦੇ ਜਿਹੜੇ ਸੱਤਰੇ-ਬਹੱਤਰੇ ਵਿਆਹੇ ਜਾਂਦੇ ਐ ਉਹ ਬਾਹਲੇ ਸੋਹਣੇ ਹੁੰਦੇ ਐ!'

(ਉਹੀ:08)

ਹੁਣ ਵੀ ਸੂਟ੍ਹੀ ਦਾ ਰੁਖ ਵੇਖ ਕੇ ਉਹ ਬਿੰਦ ਕੁ ਤਾਂ ਬੈਠੀ ਰਹੀ ਫੇਰ ਆਪੇ ਈ ਉੱਠ ਖੜੋਤੀ ਤੇ ਡੰਗੋਰੀ ਦੇ ਸਹਾਰੇ ਤੁਰਨ ਲੱਗਿਆਂ ਉਹ ਨੇ ਲੰਮਾ ਸਾਰਾ ਹਾਉਕਾ ਭਰਿਆ, ''ਰਾਮ, ਤੂੰ ਹੀ !"

(ਉਹੀ)

ਇਹ ਦਿਨ ਨੰਦੀ ਲਈ ਵਰ੍ਹੇ-ਦਿਨਾਂ ਦੇ ਦਿਨ ਵਰਗਾ ਹੁੰਦਾ ਤੇ ਹੁਣ ਤਕ ਉਹ ਇਸ ਦਿਨ ਨੂੰ ਇਕ ਤਿਹਾਰ ਵਾਂਗ ਮਨਾਉਂਦੀ ਆਈ ਸੀ।

(ਉਹੀ:12)

ਉਪਰੋਕਤ ਵਾਕਾਂ ਵਿਚ ਲੇਖਕ ਸਥਾਨਸੂਚਕ, ਕਿਰਦੰਤੀ, ਵਿਧੀਸੂਚਕ, ਸਾਧਨਸੂਚਕ, ਘਟਨਾਸੂਚਕ (ਵਿਆਹੇ), ਸਮਾਂਸੂਚਕ, ਵਿਸ਼ੇਸ਼ਕ (ਬਹੁਤ ਦੀ ਥਾਂ ਬਾਹਲੇ) ਤੇ ਗੁਣਵਾਚਕ ਵਿਸ਼ੇਸ਼ਣ (ਸੋਹਣੇ) ਆਦਿ ਕਿਰਿਆ ਵਿਸ਼ੇਸ਼ਣ ਵਾਕੰਸ਼ਾਂ ਨੂੰ ਅਗਰਭੂਮਤ ਕਰਦਿਆਂ ਮਲਵਈ ਆਂਚਲਕਤਾ ਦੀ ਭਰਪੂਰਤਾ ਵਾਲੇ ਨਿਵੇਕਲੇ ਵਾਕਾਂ ਦੀ ਸਿਰਜਨਾ ਕਰਦਾ ਹੈ। ਦਰਅਸਲ ਲੇਖਕ ਕਿਸੇ ਖਾਸ ਘਟਨਾ ਜਾਂ ਪਾਤਰ ਦੀ ਸਥਿਤੀ ਨੂੰ ਪਾਤਰ ਦੇ ਮਨ ਵਿਚ ਪ੍ਰਤੀਬਿੰਬਤ ਕਰਨ ਲਈ ਸੰਵਾਦੀ ਜੁਗਤਾਂ ਦਾ ਸਹਾਰਾ ਲੈਂਦਾ ਹੈ। ਸੰਵਾਦੀ ਜੁਗਤਾਂ ਨਾਟਕ ਵਾਂਗ ਨਾਵਲ ਵਿਧਾ ਦਾ ਵੀ ਖਾਸ ਲੱਛਣ ਹੈ।

ਨੇੜੇ ਆ ਕੇ, ਨਿੱਕੀ-ਨਿੱਕੀ ਵਾੜ ਉੱਤੋਂ ਦੀ ਉਹਨੇ ਛੱਪਰ ਹੇਠਾਂ ਨਿਗ੍ਹਾ ਮਾਰੀ, ਓਥੇ ਕੋਈ ਨਾ ਦਿੱਸਿਆ।

(ਉਹੀ:107)

ਉਨ੍ਹਾਂ ਦੇ ਬੂਹੇ ਅੱਗੇ ਜਾ ਕੇ ਉਹਦੇ ਪੈਰ ਜਿਵੇਂ ਆਪਣੇ ਆਪ ਰੁਕ ਗਏ, ਪਰ ਗਲ਼ੀ

ਦੇ ਵਿਚਕਾਰੋਂ ਬੂਹੇ ਤੱਕ, ਕੁੱਲ ਦੋ ਕਰਮਾਂ ਦੀ ਵਿੱਥ ਉਹਤੋਂ ਖਾਸੇ ਚਿਰ ਵਿਚ ਪਾਰ ਕੀਤੀ ਗਈ।

(ਉਹੀ)

ਖੇਤ ਦੇ ਕੋਲ ਜਾ ਕੇ ਉਹ ਉਰਲੀ ਟਿੱਬੀ ਉਤੇ, ਉਹ ਕਸੀਏ ਦਸਤੇ ਉਤੇ ਭਾਰ ਦੇ ਕੇ ਬਹਿ ਗਿਆ ਤੇ ਹੌਲੀ-ਹੌਲੀ ਉਹਦੀਆਂ ਮਰਨਊ ਅੱਖਾਂ ਆਪਣੇ ਖੇਤ ਦੇ ਇਕ ਖੂੰਜਿਓਂ ਦੂਜੇ ਤਾਈਂ ਇੰਜ ਇਕ ਇਕ ਬੂਟੇ ਵੇਂਹਦਾ ਰਿਹਾ ਜਿਵੇਂ ਹਰੇਕ ਦਾ ਮੁਰਝਾਇਆ ਪੀਲਾ ਪਿਆ ਜਾਂ ਮੁੱਛਿਆ ਪੱਤਾ, ਉਨ੍ਹਾਂ ਵਿਚ ਰੜਕਦਾ ਹੋਵੇ।

(ਉਹੀ: 114)

ਉਪਰੋਕਤ ਵਾਕਾਂ ਵਿਚ ਲੇਖਕ ਕਿਰਦੰਤੀ, ਯੋਜਕੀ, ਸਥਾਨਸੂਚਕ ਤੇ ਕਾਰਨਸੂਚਕ ਕਿਰਿਆ ਵਿਸ਼ੇਸ਼ਣ ਵਾਕੰਸ਼ਾਂ ਆਦਿ ਨੂੰ ਅਗਰਭੂਮਤ ਕਰਦੇ ਹੋਏ ਹਾਸ਼ੀਆਕ੍ਰਿਤ ਸ਼੍ਰੇਣੀਆਂ ਦੇ ਦੁਖਾਂਤ ਨੂੰ ਪਾਠਕਾਂ ਦੇ ਮਾਨਸਕ ਧਰਾਤਲ ਉਪਰ ਸਾਕਾਰ ਕਰ ਦਿੰਦਾ ਹੈ। ਕਈ ਵਾਰ ਉਹ ਜੀਵਨ ਦੇ ਕਿਸੇ ਖਾਸ ਦ੍ਰਿਸ਼ ਨੂੰ ਸਾਕਾਰ ਕਰਨ ਲਈ ਜਟਿਲ ਵਾਕਾਂ ਦਾ ਇਕ ਨਿਵੇਕਲਾ ਪ੍ਰਬੰਧ ਉਸਾਰਦਾ ਹੈ, ਕਿਉਂਕਿ ਸਮਾਜ ਦੀ ਜਟਿਲ ਸੰਰਚਨਾ ਨੂੰ ਜਟਿਲ ਵਾਕਾਂ ਰਾਹੀਂ ਹੀ ਪੇਸ਼ ਕੀਤਾ ਜਾ ਸਕਦਾ ਹੈ। ਇਸਨੂੰ ਨਾਵਲੀ ਵਿਧਾ ਦੀ ਇਕ ਬਿਰਤਾਂਤਕ ਜੁਗਤ ਵੀ ਕਿਹਾ ਜਾ ਸਕਦਾ ਹੈ। ਇਸ ਰਾਹੀਂ ਪ੍ਰਕਿਰਤਕ ਵਾਤਾਵਰਨ ਨੂੰ ਖਾਸ ਠਹਿਰਾਓ ਵੀ ਪ੍ਰਦਾਨ ਕੀਤਾ ਜਾ ਸਕਦਾ ਹੈ। ਇਹ ਠਹਿਰਾਓ ਪਾਠਕ ਦੇ ਮਨ ਵਿਚ ਸੁਹਜ ਪੈਦਾ ਕਰਨ ਵਿਚ ਸਹਾਈ ਸਿੱਧ ਹੁੰਦਾ ਹੈ।

ਇਸ ਪ੍ਰਕਾਰ ਇਹ ਦੋਵੇਂ ਗਲਪਕਾਰ ਆਪਣੀ ਸ਼ੈਲੀ ਅਨੁਸਾਰ ਕਿਰਿਆ ਵਿਸ਼ੇਸ਼ਣ ਵਾਕੰਸ਼ਾਂ ਦੀ ਵਰਤੋਂ ਕਰ ਰਹੇ ਹਨ। ਦੋਵਾਂ ਵਿਚ ਹੀ ਆਂਚਲਕਤਾ ਦਾ ਗੁਣ ਮੌਜੂਦ ਹੈ। ਇਕ ਵਿਚ ਪੋਠੋਹਾਰੀ ਅਤੇ ਦੂਸਰੇ ਵਿਚ ਮਲਵਈ ਪ੍ਰਭਾਵ ਹੈ। ਕਿਰਿਆ ਵਿਸ਼ੇਸ਼ਣ ਵਾਕੰਸ਼ ਦਾ ਪ੍ਰਯੋਗ ਵੀ ਦੋਵੇਂ ਵੱਖ-ਵੱਖ ਤਰੀਕੇ ਨਾਲ ਕਰਦੇ ਹਨ। ਕਰਤਾਰ ਸਿੰਘ ਦੁੱਗਲ ਕਿਰਿਆ ਵਿਸ਼ੇਸ਼ਣ ਵਾਕੰਸ਼ ਤੇ ਵਾਕਾਤਮਕ ਪੱਧਰ ਉਪਰ ਦੁਹਰਾਓਮੂਲਕਤਾ ਦਾ ਇਕ ਨਿਵੇਕਲਾਪਣ ਸਿਰਜਦਾ ਹੈ। ਇਸ ਲਈ ਉਹ ਵਾਕ ਬਣਤਰ ਵੀ ਸਧਾਰਨ ਤੇ ਸੰਯੁਕਤ ਕਿਸਮ ਦੀ ਰੱਖਦਾ ਹੈ। ਇਸ ਤਰ੍ਹਾਂ ਉਹ ਪਾਠਕ ਦੇ ਮਨ ਵਿਚ ਘਟਨਾ ਦੀ ਇਕ ਲੜੀ ਜਿਹੀ ਪਰੋ ਦਿੰਦਾ ਹੈ ਤੇ ਪਾਠਕ ਅੰਦਰ ਭਾਵਾਂ ਦੀ ਕਲਪਨਾ ਇਕ ਲੰਮੀ ਉਡਾਰੀ ਭਰਦੀ ਹੈ। ਜਦਕਿ ਗੁਰਦਿਆਲ ਸਿੰਘ ਆਪਣੇ ਨਾਵਲ 'ਮੜ੍ਹੀ ਦਾ ਦੀਵਾ' ਵਿਚ ਹਾਸ਼ੀਆਕ੍ਰਿਤ ਧਿਰਾਂ ਦੀ ਜੀਵਨ ਗਾਥਾ ਨੂੰ ਪ੍ਰਤੀਬਿੰਬਤ ਕਰਨ ਲਈ ਮਲਵਈ ਉਪਭਾਸ਼ਾ ਵਿਚ ਬੜੀ ਨਿਵੇਕਲੀ ਕਿਸਮ ਦੀ ਜਟਿਲ ਬੁਣਤ ਵਾਲੇ ਵਾਕ ਘੜਦਾ ਹੈ। ਇਸ ਲਈ ਉਹ ਮਲਵਈ ਰੰਗਤ ਵਾਲੇ ਕਿਰਿਆ ਵਿਸ਼ੇਸ਼ਣ ਵਾਕੰਸ਼ਾਂ ਦਾ ਪ੍ਰਯੋਗ ਵੀ ਬਹੁਤਾਤ ਵਿਚ ਕਰਦਾ ਹੈ।

ਕਾਵਿ ਭਾਸ਼ਾ ਬੜੇ ਵਿਲੱਖਣ ਸੁਭਾ ਵਾਲੀ ਹੁੰਦੀ ਹੈ। ਇਸ ਦੀ ਵਿਸ਼ੇਸ਼ਤਾ ਦੇ ਲੱਛਣ ਬਹੁਤ ਵਿਆਪਕ ਹਨ। ਇਸ ਦੀਆਂ ਆਪਣੀਆਂ ਰਚਨਾਤਮਕ ਵਿਸ਼ੇਸ਼ਤਾਵਾਂ ਹਨ। ਖਾਸ ਕਰ ਕੇ ਕਵਿਤਾ ਦੀ ਸ਼ਬਦ ਯੋਜਨਾ ਅਜਿਹਾ ਦ੍ਰਿਸ਼ਟੀ ਬਿੰਦੂ ਪੇਸ਼ ਕਰਦੀ ਹੈ, ਜਿਸ ਵਿਚੋਂ ਵਿਸ਼ੇ ਨੂੰ ਵੇਖਿਆ ਜਾ ਸਕਦਾ ਹੈ। ਕਵਿਤਾ ਸਰਲ ਹੈ ਤਾਂ ਸ਼ਬਦ ਸਰਲ ਹਨ। ਵਿਚਾਰ ਗਹਿਰੇ ਹਨ ਤਾਂ ਸ਼ਬਦ ਗਹਿਰੇ ਤੇ ਸੂਖ਼ਮ ਹੋ ਜਾਂਦੇ ਹਨ। ਕਵਿਤਾ ਜਦ ਵਿਸ਼ਾਲ ਖੇਤਰ ਵਿਚ ਫੈਲਦੀ ਹੈ ਤਾਂ ਸ਼ਬਦ ਰਚਨਾ ਵੀ ਵਿਸਤ੍ਰਿਤ ਭਾਵ ਵਾਲੀ ਹੁੰਦੀ ਹੈ। ਸ਼ਬਦ ਯੋਜਨਾ ਕਾਵਿ ਵਸਤੂ ਦਾ ਅਨੁਗਮਨ ਕਰਦੀ ਹੈ।

ਕਵਿਤਾ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿਚ ਸ਼ਬਦ ਦੀ ਵਰਤੋਂ ਬੜੇ ਸੂਖ਼ਮ ਅਤੇ ਸ਼ਕਤੀਸ਼ਾਲੀ ਰੂਪ ਵਿਚ ਕੀਤੀ ਜਾਂਦੀ ਹੈ। ਇਸ ਲਈ ਕਾਵਿ ਭਾਸ਼ਾ ਬਹੁਪਰਤੀ ਹੁੰਦੀ ਹੈ। ਕਵੀ ਭਾਸ਼ਾ ਦੀਆਂ ਵਿਅੰਜਕ ਸ਼ਕਤੀਆਂ ਦਾ ਕਲਾਕਾਰ ਹੁੰਦਾ ਹੈ। ਕਾਵਿ ਭਾਸ਼ਾ ਦੀ ਵਿਸ਼ੇਸ਼ਤਾ ਦਾ ਅਧਿਐਨ ਤਿੰਨ ਪੱਧਰਾਂ ਉਤੇ ਹੋ ਸਕਦਾ ਹੈ : ਵਿਆਕਰਨ, ਸ਼ੈਲੀ ਅਤੇ ਸੁਹਜ ਆਦਿ। ਇਥੇ ਅਸੀਂ ਵਿਆਕਰਨ ਵਾਲੇ ਪੱਖ ਨੂੰ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਅਸੀਂ ਪੰਜਾਬੀ ਕਿਰਿਆ ਵਿਸ਼ੇਸ਼ਣ ਵਾਕੰਸ਼ ਦੀ ਭੂਮਿਕਾ ਨੂੰ ਪੰਜਾਬੀ ਦੇ ਦੋ ਪ੍ਰਮੁੱਖ ਕਵੀਆਂ ਦੇ ਪ੍ਰਸੰਗ ਵਿਚ ਵਿਚਾਰਿਆ ਹੈ।

ਪ੍ਰੋ. ਮੋਹਨ ਸਿੰਘ ਦੀ ਕਵਿਤਾ ਵਿਚ ਜਿਥੇ ਵਿਚਾਰਾਂ ਦੀ ਡੂੰਘਾਈ ਹੈ, ਉਥੇ ਰੂਪਕ ਪਕਿਆਈ ਵੀ ਹੈ। ਛੰਦਾਂ ਦੀ ਨਵੀਨਤਾ, ਅਲੰਕਾਰਾਂ ਅਤੇ ਬਿੰਬਾਂ ਦਾ ਸੱਜਰਾਪਣ ਉਸ ਦੀ ਕਵਿਤਾ ਦੇ ਵਿਸ਼ੇਸ਼ ਗੁਣ ਹਨ। ਡਾ. ਪ੍ਰੇਮ ਪ੍ਰਕਾਸ਼ ਸਿੰਘ (1979:180) ਨੇ ਲਿਖਿਆ ਹੈ ਕਿ ਮੋਹਨ ਸਿੰਘ ਸ਼ਬਦਾਂ ਦਾ ਮਹਾਨ ਸ਼ਿਲਪੀ ਹੈ। ਉਸਦੀ ਬੋਲੀ ਵਿਚ ਪੰਜਾਬੀ ਜ਼ਿੰਦਗੀ ਦੀ ਮਿਠਾਸ, ਪੰਜਾਬੀ ਪ੍ਰਕਿਰਤੀ ਦਾ ਨਿਘਾਸ ਅਤੇ ਭਾਵ ਮੰਡਲਾਂ ਦਾ ਬੌਧਿਕ ਵਿਲਾਸ ਮਿਲਦਾ ਹੈ। ਜਿਨ੍ਹਾਂ ਦੇ ਸਦਕਾ ਕਵੀ ਦੀ ਬੋਲੀ ਕਾਵਿ ਦੇ ਭਿੰਨ-ਭਿੰਨ ਪੱਧਰਾਂ ਅਨੁਕੂਲ ਹੋ ਨਿਬੜੀ ਹੈ। ਉਸ ਦੀ ਕਵਿਤਾ ਵਿਚ ਵਰਤੇ ਕਿਰਿਆ ਵਿਸ਼ੇਸ਼ਣ ਵਾਕੰਸ਼ ਬੜੇ ਅਰਥ ਸੂਚਕ, ਭਾਵ ਉਤੇਜਕ ਅਤੇ ਕਲਾਤਮਕ ਹਨ। ਉਦਾਹਰਨ ਵਜੋਂ ਹੇਠ ਲਿਖੇ ਬੰਦ ਨੂੰ ਦੇਖ ਸਕਦੇ ਹਾਂ।

ਚਾਹਣ ਜਿਧਰ ਮੁਸਕਾਵਣ ਕਲੀਆਂ
ਚਾਹਣ ਜਿਧਰ ਮੁੜ ਜਾਵਣ ਨਦੀਆਂ
ਚਾਹਣ ਜਿਧਰ ਉਗ ਆਵਣ ਚੀਲਾਂ
ਚਾਹਣ ਜਿਧਰ ਚੜ੍ਹ ਜਾਵਣ ਵੇਲਾਂ
ਇਸ ਆਜ਼ਾਦ ਫਿਜ਼ਾ ਦੇ ਅੰਦਰ

(ਪ੍ਰੋ. ਮੋਹਨ ਸਿੰਘ 1948:30)

ਇਸ ਬੰਦ ਵਿਚ ਪਹਿਲੀ ਸਤਰ ਤੋਂ ਲੈ ਕੇ ਚੌਥੀ ਸਤਰ ਤਕ ਜਿਧਰ ਦਿਸ਼ਾਸੂਚਕ ਕਿਰਿਆ ਵਿਸ਼ੇਸ਼ਣ ਵਾਕੰਸ਼ ਦੁਹਰਾਓ ਦੇ ਨਾਲ-ਨਾਲ ਭਾਵ ਉਤੇਜਨਾ ਵੀ ਪੈਦਾ ਕਰ ਰਿਹਾ ਹੈ। ਇਥੇ ਇਹ ਪ੍ਰਕਿਰਤੀ ਦੀ ਖ਼ੂਬਸੂਰਤੀ ਵਿਚ ਹੋਰ ਵਾਧਾ ਕਰ ਰਿਹਾ ਹੈ। ਜਿਵੇ ਚਾਹਣ ਜਿਧਰ ਮੁਸਕਾਵਣ ਕਲੀਆਂ। ਇਹ ਪ੍ਰੋ. ਮੋਹਨ ਸਿੰਘ ਦੀ ਪ੍ਰਤੀਕ ਭਾਸ਼ਾ ਦਾ ਵਿਲੱਖਣ ਅੰਦਾਜ਼ ਹੈ। ਇਸ ਪ੍ਰਤੀਕ ਸਿਰਜਣ ਵਿਚ ਦਿਸ਼ਾਸੂਚਕ ਕਿਰਿਆ ਵਿਸ਼ੇਸ਼ਣ ਵਾਕੰਸ਼ ਦੀ ਖ਼ਾਸ ਭੂਮਿਕਾ ਹੈ। ਇਸ ਤੋਂ ਅਗਲੇ ਬੰਦ ਵਿਚ ਵੀ ਗੱਲ ਤਾਂ ਉਹ ਪ੍ਰਕਿਰਤੀ ਦੇ ਸੰਦਰਭ ਵਿਚ ਕਰ ਰਹੇ ਹਨ ਪਰ ਇਹ ਸੰਦਰਭ ਕਿਸੇ ਦੇ ਆਉਣ ਨਾਲ ਜੁੜਿਆ ਹੋਇਆ ਹੈ। ਜਿਸ ਦੀ ਯਾਦ ਉਸ ਨੂੰ ਹਰ ਪਲ ਆਉਂਦੀ ਰਹਿੰਦੀ ਹੈ। ਇਸ ਗੱਲ ਦਾ ਪ੍ਰਗਟਾਵਾ ਸਿਰਫ਼ ਕਿਰਿਆ ਵਿਸ਼ੇਸ਼ਣ ਵਾਕੰਸ਼ ਰਾਹੀਂ ਹੀ ਸੰਭਵ ਹੈ :

ਰਾਤ ਦੁਪਹਿਰੇ ਸੰਝ ਸਵੇਰੇ
ਸਰਘੀ ਵੇਲੇ ਸੁਫਨਾ ਡਿੱਠਾ

ਮੇਰੇ ਸੋਹਣੇ ਆਉਣਾ ਅੱਜ ਨੀ

(ਉਹੀ : 70)

ਇਸ ਕਾਵਿ ਬੰਦ ਵਿਚ ਕਵੀ ਸੁਫਨਾ ਦੇਖ ਰਿਹਾ ਹੈ ਤੇ ਇਹ ਸੁਫਨਾ ਕਵੀ ਮਨ ਵਿਚ ਇਕ ਖਾਸ ਕਿਸਮ ਦੀ ਗਤੀਸ਼ੀਲਤਾ ਪੈਦਾ ਕਰ ਰਿਹਾ ਹੈ। ਇਸ ਗਤੀਸ਼ੀਲਤਾ ਵਿਚ ਰਾਤ ਦੁਪਹਿਰੇ, ਸੰਝ ਸਵੇਰੇ, ਸਰਘੀ ਵੇਲੇ ਅਤੇ ਅੱਜ ਆਦਿ ਸਾਰੇ ਨਾਂਵੀਂ ਅਕ੍ਰਮਿਕ ਸਮਾਂਸੂਚਕ ਕਿਰਿਆ ਵਿਸ਼ੇਸ਼ਣ ਵਾਕੰਸ਼ ਅਹਿਮ ਭੂਮਿਕਾ ਨਿਭਾ ਰਹੇ ਹਨ। ਇਸ ਰਾਹੀਂ ਉਹ ਪਾਠਕ ਦੇ ਮਨ ਵਿਚ ਇਕ ਖਾਸ ਕਿਸਮ ਦੀ ਧੁਨੀਆਤਮਕ ਲੈਅ ਵੀ ਪੈਦਾ ਕਰਦਾ ਹੈ। ਜਿਸ ਨਾਲ ਸੱਜਣ ਜਾਂ ਸੋਹਣੇ ਦੇ ਆਉਣ ਦੀ ਤਾਂਘ ਹੋਰ ਤੀਬਰ ਭਾਵੀ ਹੋ ਜਾਂਦੀ ਹੈ। ਅਗਲੇ ਬੰਦ ਵਿਚ ਕਵੀ ਬੀਤੇ ਨੂੰ ਯਾਦ ਕਰਦਾ ਹੈ ਤੇ ਇਹ ਯਾਦ ਖ਼ਾਸ ਕਿਸਮ ਦੇ ਸਵਾਲ ਵੀ ਪੈਦਾ ਕਰ ਰਹੀ ਹੈ :

ਕਿੱਥੇ ਨੇ ਉਹ ਮਹਿਲ ਚੁਬਾਰੇ  
ਕਿੱਥੇ ਨੇ ਉਹ ਛੰਨਾਂ ਢਾਰੇ  
ਕਿੱਥੇ ਨੇ ਉਹ ਮੌਜੀ ਬੰਦੇ

(ਪੰਨਾ : 64)

ਜਿੱਥੇ ਨਹੀਂ ਹੋਤ ਕਸਾਈ  
ਜਿੱਥੇ ਨਹੀਂ ਛਲ-ਛਲਾਵੇ  
ਜਿੱਥੇ ਨਾ ਕੈਦੋਂ ਲੰਙਾ  
ਜਿੱਥੇ ਨਾ ਆਸ਼ਕ ਲੁੱਸਣ  
ਜਿੱਥੇ ਨਾ ਰੂਹਾਂ ਖੁੱਸਣ

(ਪੰਨਾ : 72)

ਇਨ੍ਹਾਂ ਕਾਵਿ ਸਤਰਾਂ ਵਿਚ ਕਵੀ ਸਥਾਨਸੂਚਕ ਕਿਰਿਆ ਵਿਸ਼ੇਸ਼ਣ ਵਾਕੰਸ਼ ਨੂੰ ਦੁਹਰਾਓਮੂਲਕ ਪ੍ਰਕਿਰਿਆ ਤਹਿਤ ਅਗਰਭੂਮਤ ਕਰਦਾ ਹੈ। ਇਥੇ ਕਵੀ ਆਧੁਨਿਕ ਜੀਵਨ-ਸ਼ੈਲੀ ਦੇ ਮੁਕਾਬਲੇ ਇਕ ਆਦਰਸ਼ਕ ਮੱਧਕਾਲੀ ਸਮਾਜ-ਸਭਿਆਚਾਰ ਦੀ ਕਲਪਨਾ ਕਰ ਰਿਹਾ ਹੈ। ਬੂਟਾ ਸਿੰਘ ਬਰਾੜ (2009:115) ਅਨੁਸਾਰ ਇਹ ਸਾਰੀ ਲੋਕ ਮਾਨਸਿਕਤਾ ਦੇ ਬਲਵਾਨ ਪਰ ਸਹਿਜ ਵੇਰਵੇ ਹਨ।

ਸੁਰਜੀਤ ਪਾਤਰ ਨੇ ਸਮਕਾਲੀ ਮਸਲਿਆਂ ਨਾਲ ਸਬੰਧਤ ਕਵਿਤਾਵਾਂ ਲਿਖੀਆਂ ਹਨ। ਪਾਤਰ ਦੇ ਬੋਲ ਵਾਰਿਸ ਦੀ ਹੀਰ ਵਾਂਗ ਲੋਕ ਮਨ ਦੇ ਡੂੰਘੇ ਧਰਾਤਲ ਉਤੇ ਜਾ ਵਸੇ ਹਨ। ਲੋਕ ਮਨ ਨੇ ਹੀ ਸੁਰਜੀਤ ਪਾਤਰ ਨੂੰ ਆਪਣੇ ਸਮਿਆਂ ਦਾ ਵੱਡਾ ਸ਼ਾਇਰ ਘੋਸ਼ਿਤ ਕੀਤਾ ਹੈ। ਪਾਤਰ ਗਜ਼ਲ ਅਤੇ ਨਜ਼ਮ ਦੋਹਾਂ ਹੀ ਵਿਧਾਵਾਂ ਨੂੰ ਬੜੀ ਸਫ਼ਲਤਾ ਨਾਲ ਪੇਸ਼ ਕਰਦਾ ਹੈ। ਉਸ ਦੀਆਂ ਲਿਖਤਾਂ ਵਿਚ ਡੂੰਘੀ ਸੰਗੀਤਕ ਸੂਝ ਵੀ ਕਾਰਜਸ਼ੀਲ ਹੁੰਦੀ ਹੈ। ਉਸ ਦੇ ਸ਼ਿਅਰਾਂ ਵਿਚ ਸ਼ਬਦ ਆਪਣੇ ਸਹਿਜ ਸਰੂਪ, ਅੰਦਰੂਨੀ ਤਾਜ਼ਗੀ ਅਤੇ ਕੁਦਰਤੀ ਲੈਅ ਨੂੰ ਕਾਇਮ ਰੱਖਦਾ ਹੈ। ਮਿਸਾਲ ਵਜੋਂ :

ਚਲ ਪਾਤਰ ਹੁਣ ਢੂੰਡਣ ਚੱਲੀਏ ਭੁੱਲੀਆਂ ਹੋਈਆਂ ਥਾਵਾਂ,
ਕਿੱਥੇ-ਕਿੱਥੇ ਛੱਡ ਆਏ ਹਾਂ ਅਣਲਿਖੀਆਂ ਕਵਿਤਾਵਾਂ
ਗੱਡੀ ਚੜ੍ਹਨ ਦੀ ਕਾਹਲ ਬੜੀ ਸੀ ਕੀ ਕੁਝ ਰਹਿ ਗਿਆ ਉਥੇ
ਪਲਾਂ ਛਿਣਾਂ ਵਿਚ ਛੱਡ ਆਏ ਸਾਂ ਜੁਗਾਂ-ਜੁਗਾਂ ਦੀਆਂ ਥਾਵਾਂ
ਅੱਧੀ ਰਾਤ ਹੋਏਗੀ ਮੇਰੇ ਪਿੰਡ ਉਤੇ ਇਸ ਵੇਲੇ
ਜਾਗਦੀਆਂ ਹੋਣਗੀਆਂ ਸੁੱਤਿਆਂ ਪੁੱਤਰਾਂ ਲਾਗੇ ਮਾਵਾਂ

(ਸੁਰਜੀਤ ਪਾਤਰ, 2014 : 22-23)

ਪਹਿਲੇ ਸ਼ਿਅਰ ਦੀ ਪਹਿਲੀ ਸਤਰ ਵਿਚ ਹੁਣ ਅਤੇ ਦੂਸਰੀ ਸਤਰ ਵਿਚ ਕਿੱਥੇ-ਕਿੱਥੇ ਕਿਰਿਆ ਵਿਸ਼ੇਸ਼ਣ ਵਾਕੰਸ਼ ਹਨ। ਇਨ੍ਹਾਂ ਵਿਚ ਹੁਣ ਸਮਾਂਸੂਚਕ ਕਿਰਿਆ ਵਿਸ਼ੇਸ਼ਣ ਵਾਕੰਸ਼ ਹੈ ਅਤੇ ਕਿੱਥੇ-ਕਿੱਥੇ ਸਥਾਨਸੂਚਕ ਕਿਰਿਆ ਵਿਸ਼ੇਸ਼ਣ ਵਾਕੰਸ਼ ਵਜੋਂ ਕਾਰਜਸ਼ੀਲ ਹੈ। ਇਹ ਸਮੁੱਚਾ ਕਾਵਿ ਬੰਦ ਸਮਾਂਸੂਚਕ ਅਤੇ ਸਥਾਨਸੂਚਕ ਕਿਰਿਆ ਵਿਸ਼ੇਸ਼ਣ ਵਾਕੰਸ਼ਾਂ ਦੇ ਪ੍ਰਭਾਵ ਵਿਚ ਬੱਝਿਆ ਹੋਇਆ ਹੈ। ਇਹ ਸਾਰੇ ਕਿਰਿਆ ਵਿਸ਼ੇਸ਼ਣ ਵਾਕੰਸ਼ ਇਨ੍ਹਾਂ ਸ਼ਿਅਰਾਂ ਵਿਚ ਮਰਮੀ ਤਰੀਕੇ ਨਾਲ ਜੁੜ ਗਏ ਹਨ। ਇਨ੍ਹਾਂ ਰਾਹੀਂ ਪਾਤਰ ਜ਼ਿੰਦਗੀ ਦੇ ਭਰਮਣਮਈ ਅਨੁਭਵ ਦੇ ਪੱਧਰ ਉਤੇ ਪੈਦਾ ਹੋਏ ਤਣਾਓ ਨੂੰ ਪੇਸ਼ ਕਰ ਰਿਹਾ ਹੈ। ਉਨ੍ਹਾਂ ਦੀ ਨਜ਼ਰ ਵਿਚ ਤਣਾਓ ਹੀ ਜੀਵਨ ਦਾ ਪਰਿਮਾਣਕ ਅਨੁਭਵ ਹੈ। ਇਸ ਤਣਾਓ ਨੂੰ ਪਾਤਰ ਨੇ ਬੜੀ ਤਿੱਖੀ ਅਤੇ ਵਿੰਨ੍ਹਵੀ ਵਿਅੰਗ ਦ੍ਰਿਸ਼ਟੀ ਨਾਲ ਪੇਸ਼ ਕੀਤਾ ਹੈ। ਉਨ੍ਹਾਂ ਦਾ ਇਹ ਵਿਅੰਗ-ਬੋਧ ਮਨੁੱਖੀ ਤ੍ਰਾਸਦੀ ਨੂੰ ਵਿਰੋਧ-ਬਿੰਬ ਦੇ ਰੂਪ ਵਿਚ ਪੇਸ਼ ਕਰਦਾ ਹੈ। ਇਸ ਤਰ੍ਹਾਂ ਕਿਰਿਆ ਵਿਸ਼ੇਸ਼ਣ ਵਾਕੰਸ਼ ਪਾਤਰ ਦੀ ਗ਼ਜ਼ਲ ਦੇ ਅਰਥਾਂ ਦੀਆਂ ਸੂਖ਼ਮ ਅਰਥ ਛਵੀਆਂ ਦੀ ਸਿਰਜਣਾ ਕਰਦੇ ਹਨ।

ਸਾਹਿਤਕ ਭਾਸ਼ਾ ਦੇ ਵਿਲੱਖਣ ਸਰੂਪ ਵਿਚ ਅਲੰਕਾਰ, ਰੂਪਕ, ਪ੍ਰਤੀਕ, ਬਿੰਬ ਅਤੇ ਛੰਦ ਆਦਿ ਸਾਹਿਤ ਜੁਗਤਾਂ ਦਾ ਖਾਸ ਸਥਾਨ ਹੈ। ਅਲੰਕਾਰ ਚਿੰਨ੍ਹਾਂ ਦੀ ਨਿਰਮਾਣਕਾਰੀ ਵਿਚ ਵਿਸ਼ੇਸ਼ਣ ਵਾਕੰਸ਼ ਖ਼ਾਸ ਭੂਮਿਕਾ ਨਿਭਾਉਂਦੇ ਹਨ। ਜਦਕਿ ਕਿਰਿਆ ਵਿਸ਼ੇਸ਼ਣ ਵਾਕੰਸ਼ ਬਿੰਬ ਜਾਂ ਅਲੰਕਾਰ ਤਾਂ ਨਹੀਂ ਸਿਰਜਦੇ ਪਰ ਇਹ ਇਨ੍ਹਾਂ ਦੇ ਭਾਵਾਂ ਵਿਚ ਹੋਰ ਡੂੰਘਾਈ ਲਿਆਉਂਦੇ ਹਨ। ਇਹ ਜਿਥੇ ਸਾਹਿਤ ਦੀ ਬਾਹਰੀ ਖ਼ੂਬਸੂਰਤੀ ਨਾਲ ਸਬੰਧਤ ਹਨ ਉੱਥੇ ਇਹ ਸਾਹਿਤ ਦੀ ਭਾਵ ਬਣਤਰ ਨਾਲ ਵੀ ਜੁੜੇ ਹੁੰਦੇ ਹਨ। ਇਹ ਸਾਹਿਤ ਦੀ ਇਕ ਅਜਿਹੀ ਸਾਰਥਕ ਜੁਗਤ ਹੈ, ਜਿਸ ਨਾਲ ਇਹ ਸਾਹਿਤ ਨੂੰ ਭਾਵ ਬਣਤਰ ਅਤੇ ਚਿਹਨ ਬਣਤਰ ਦੇ ਪੱਧਰ ਉਤੇ ਸਾਰਥਕਤਾ ਪ੍ਰਦਾਨ ਕਰਦੇ ਹਨ। ਇਸ ਦ੍ਰਿਸ਼ਟੀ ਤੋਂ ਸਾਹਿਤ ਦੇ ਹੋਰ ਰੂਪਾਕਾਰਾਂ ਨੂੰ ਵੀ ਅਧਾਰ ਬਣਾਇਆ ਜਾ ਸਕਦਾ ਹੈ।

**ਪੁਸਤਕ ਸੂਚੀ :**

**ਪੰਜਾਬੀ**


ਹਰਿਭਜਨ ਸਿੰਘ (2002) ਪਤਰਾਂਜਲੀ, ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ।

ਸੇਖੋਂ, ਰਾਜਿੰਦਰ ਸਿੰਘ (2010) ਸ਼ੈਲੀ ਵਿਗਿਆਨ ਇਤਿਹਾਸ, ਸਿਧਾਂਤ ਤੇ ਵਿਹਾਰ, ਜਲੰਧਰ, ਦੀਪਕ ਪਬਲਿਸ਼ਰਜ਼।

ਗੁਰਦਿਆਲ ਸਿੰਘ (2020) ਮੜ੍ਹੀ ਦਾ ਦੀਵਾ, ਲੁਧਿਆਣਾ, ਪੰਜਾਬੀ ਭਵਨ, ਚੇਤਨਾ ਪ੍ਰਕਾਸ਼ਨ।

ਗੁਰਬਖ਼ਸ਼ ਸਿੰਘ (1999) ਜ਼ਿੰਦਗੀ ਦੀ ਰਾਸ, ਦਿੱਲੀ, ਨਵਯੁਗ ਪਬਲਿਸ਼ਰਜ਼।

ਉਹੀ (2008) ਸਵੈ -ਪੂਰਨਤਾ ਦੀ ਲਗਨ, ਨਵੀਂ ਦਿੱਲੀ, ਨਵਯੁਗ ਪਬਲਿਸ਼ਰਜ਼।

ਜਸਵਿੰਦਰ ਸਿੰਘ, (ਸੰਪਾ)(2013) ਪ੍ਰੋ. ਪੂਰਨ ਸਿੰਘ ਰਤਨਾਵਲੀ ਜਿਲਦ-1, ਸ੍ਰੀ ਅੰਮ੍ਰਿਤਸਰ, ਨਾਦ ਪ੍ਰਗਾਸੁ।

ਦੁੱਗਲ, ਕਰਤਾਰ ਸਿੰਘ (1970) ਕੁੜੀ ਕਹਾਣੀ ਕਰਦੀ ਗਈ, ਨਵੀਂ ਦਿੱਲੀ, ਨਵਯੁਗ ਪਬਲਿਸ਼ਰਜ਼।

ਪ੍ਰੇਮ ਪ੍ਰਕਾਸ਼ ਸਿੰਘ (1969) ਮੋਹਨ ਸਿੰਘ ਦਾ ਕਾਵਿ ਲੋਕ, ਲੁਧਿਆਣਾ, ਲਾਹੌਰ ਬੁੱਕ ਸ਼ਾਪ।

ਮੋਹਨ ਸਿੰਘ (1948, ਸੋਲਵੀਂ ਵਾਰ) ਸਾਵੇ ਪੱਤਰ, ਜਲੰਧਰ, ਹਿੰਦ ਪਬਲਿਸ਼ਰਜ਼ ਲਿਮਿਟਿਡ।

ਪਾਤਰ, ਸੁਰਜੀਤ, (2014, ਨੌਵੀਂ ਵਾਰ) ਲਫ਼ਜਾਂ ਦੀ ਦਰਗਾਹ, ਚੰਡੀਗੜ੍ਹ, ਲੋਕਗੀਤ ਪ੍ਰਕਾਸ਼ਨ।

ਬਰਾੜ, ਬੂਟਾ ਸਿੰਘ, (2009) ਪੰਜਾਬੀ ਭਾਸ਼ਾ ਅਤੇ ਸਾਹਿਤ ਭਾਸ਼ਾਈ ਸਰੋਕਾਰ, ਜਲੰਧਰ, ਦੀਪਕ ਪਬਲਿਸ਼ਰਜ਼।

ਯਾਦਵਿੰਦਰ ਸਿੰਘ, (2021) "ਪੂਰਨ ਸਿੰਘ: ਕਾਇਨਾਤੀ ਜਸ਼ਨ ਦੀ ਕਵਿਤਾ", ਪ੍ਰੀਪੋਇਟਕ, ਅੰਕ ਲੜੀ-1, ਅੰਮ੍ਰਿਤਸਰ।

**ਅੰਗਰੇਜ਼ੀ**

1. Boultan, M. (1968) The Anatomy of Poetry, London: Routledge & Kegen paul Ltd.

2. Halliday,M.A.K. (1981) "Linguistics Function and Literary Style" in Donald C. Freeman (ed.), **Essays Modern Stylistics,** Methuen & Co. 733, New York: Third Avenue.

# ਗੁਰੂ ਨਾਨਕ ਚਿੰਤਨ : ਅੰਤਰ-ਧਾਰਮਿਕ ਸੰਵਾਦ

*ਡਾ. ਪਰਮਜੀਤ ਕੌਰ ਸਿੱਧੂ*

ਚਿੰਤਨ ਸਮਾਜਿਕ ਤੇ ਪ੍ਰਕ੍ਰਿਤਕ ਵਰਤਾਰਿਆਂ ਪ੍ਰਤੀ ਦ੍ਰਿਸ਼ਟੀਗਤ ਸੰਵਾਦ ਵਿੱਚੋਂ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਇੱਕ ਵਿਸ਼ੇਸ਼ ਇਤਿਹਾਸਕ ਪੜਾਅ ਵਿੱਚ ਵਿਕਸਤ ਹੋਏ ਚਿੰਤਨ ਨੂੰ ਕੋਈ ਪ੍ਰਤਿਭਾ ਜਦੋਂ ਨਵੀਂ ਦ੍ਰਿਸ਼ਟੀ ਤੋਂ ਪੇਸ਼ ਕਰਦੀ ਹੈ ਤਾਂ ਉਹ ਚਿੰਤਨ ਉਸ ਵਿਅਕਤੀ ਦੀ ਸ਼ਖ਼ਸੀਅਤ ਨਾਲ ਜੁੜ ਜਾਂਦਾ ਹੈ। ਇਸ ਵਰਤਾਰੇ ਦੇ ਕੇਂਦਰ ਵਿੱਚ ਸੰਵਾਦ ਹੁੰਦਾ ਹੈ। ਇਹ ਸੰਵਾਦ ਹੀ ਚਿੰਤਨ ਦੀ ਗਤੀਸ਼ੀਲਤਾ ਦਾ ਆਧਾਰ ਹੁੰਦਾ ਹੈ। ਭਾਰਤੀ ਚਿੰਤਨੀ ਵਰਤਾਰੇ ਵਿੱਚ ਅੰਤਰ-ਚਿੰਤਨ ਸੰਵਾਦ ਦੀ ਇੱਕ ਦੀਰਘ ਪਰੰਪਰਾ ਹੈ। ਇਸ ਸੰਵਾਦ ਪਰੰਪਰਾ ਵਿੱਚੋਂ ਹੀ ਭਾਰਤੀ ਅਧਿਆਤਮਕ ਚਿੰਤਨ ਪਰੰਪਰਾ ਵਿਕਾਸ ਕਰਦੀ ਹੈ। ਭਾਰਤੀ ਪਰੰਪਰਾਗਤ ਚਿੰਤਨ ਦੇ ਸੰਵਾਦ ਵਿੱਚੋਂ ਜੈਨ ਅਤੇ ਬੁੱਧ ਚਿੰਤਨ ਵਿਕਸਤ ਹੋਇਆ। ਇਸ ਚਿੰਤਨ ਪਰੰਪਰਾ ਦਾ ਅੱਗੇ ਚੱਲ ਕੇ ਸਾਮੀ ਚਿੰਤਨ ਅਰਥਾਤ ਇਸਲਾਮ ਨਾਲ ਸੰਵਾਦ ਚੱਲਦਾ ਹੈ। ਇਹ ਸੰਵਾਦ ਭਗਤੀ ਲਹਿਰ ਸਮੇਂ ਵਿਸ਼ੇਸ਼ ਰੂਪ ਵਿੱਚ ਉੱਭਰ ਕੇ ਸਾਹਮਣੇ ਆਇਆ। ਇਸ ਸੰਵਾਦ ਦਾ ਆਧਾਰ ਭਾਰਤੀ ਤੇ ਸਾਮੀ ਦਰਸ਼ਨ ਦੇ ਮਾਨਵੀ ਆਧਾਰਾਂ ਨਾਲ ਜੁੜਿਆ ਹੋਇਆ ਸੀ। ਇਹਨਾਂ ਮਾਨਵੀ ਸਰੋਕਾਰਾਂ ਦੀ ਝਲਕ ਬਾਰ੍ਹਵੀਂ ਸ਼ਤਾਬਦੀ ਦੇ ਸੂਫ਼ੀ ਦਰਸ਼ਨ ਵਿੱਚੋਂ ਪਛਾਣੀ ਜਾ ਸਕਦੀ ਹੈ। ਸੰਸਾਰ ਦੀ ਨਾਵਾਨਤਾ, ਹਉਮੈਂ ਤੋਂ ਮੁਕਤੀ, ਨਿਰਮਾਣਤਾ, ਮਨੁੱਖੀ ਸਮਾਨਤਾ, ਸਮਾਜਿਕ ਨਿਆਂਇ ਵਰਗੇ ਮੁੱਦੇ ਸੂਫ਼ੀ ਦਰਸ਼ਨ ਵਿੱਚੋਂ ਉੱਭਰ ਰਹੇ ਸਨ ਜਿਹੜੇ ਸੂਫ਼ੀ ਪਰੰਪਰਾ ਵਿੱਚ ਹਕੀਕਤ ਦੇ ਪੜਾਅ ਤੱਕ ਪਹੁੰਚ ਕੇ ਧਾਰਮਿਕ ਅੰਧ-ਵਿਸ਼ਵਾਸ ਤੇ ਅਖੌਤੀ ਵਿਧੀ ਵਿਧਾਨ ਤੋਂ ਮੁਕਤ ਹੋ ਜਾਂਦੇ ਹਨ। ਸੂਫ਼ੀ ਪਰੰਪਰਾ ਵਿੱਚ ਬੁੱਲੇ ਸ਼ਾਹ ਦੀ ਵਿਚਾਰਧਾਰਾ ਇਸ ਦਾ ਸਿਖ਼ਰ ਸੀ।

ਭਾਰਤੀ ਦਸ਼ਰਨ ਪਰੰਪਰਾ ਵਿੱਚ ਗੁਰੂ ਨਾਨਕ ਦੇਵ ਜੀ ਦੇ ਪ੍ਰਵੇਸ਼ ਨਾਲ ਜਿਹੜਾ ਦਰਸ਼ਨ ਹੋਂਦ ਵਿੱਚ ਆਉਂਦਾ ਹੈ ਉਸ ਦਾ ਆਧਾਰ ਅੰਤਰ-ਧਾਰਮਿਕ, ਅੰਤਰ-ਚਿੰਤਨ ਸੰਵਾਦ ਵਿੱਚ ਮੌਜੂਦ ਸੀ। ਇਸ ਅੰਤਰ-ਧਾਰਮਿਕ ਸੰਵਾਦ ਦਾ ਮਹੱਤਵ ਅੱਜ ਵਿਸ਼ਵੀਕਰਨ ਦੇ ਯੁੱਗ ਵਿੱਚ ਹੋਰ

*ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਕੁਰੂਕਸ਼ੇਤਰਾ ਯੂਨੀਵਰਸਿਟੀ, ਕੁਰੂਕਸ਼ੇਤਰਾ।*

ਵੱਧ ਜਾਂਦਾ ਹੈ ਜਦੋਂ ਧਰਮ, ਸਮਾਜ ਤੇ ਸੰਸਕ੍ਰਿਤੀਆਂ ਇੱਕ ਦੂਜੇ ਦੇ ਕਰੀਬ ਆ ਰਹੀਆਂ ਹਨ। ਤਣਾਉ, ਟਕਰਾਓ, ਨਿੱਜੀ ਪਹਿਚਾਣ ਅਤੇ ਵੱਖਰੀ ਹੋਂਦ ਦੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਗੁਰੂ ਨਾਨਕ ਦੇਵ ਜੀ ਨੇ ਜਿੱਥੇ ਆਪਣੇ ਸਮੇਂ ਦੇ ਪ੍ਰਮੁੱਖ ਮਤਾਂ-ਮਤਾਤਰਾਂ ਦੇ ਲੋਕਾਂ ਨਾਲ ਸੰਵਾਦ ਰਚਾਇਆ, ਉੱਥੇ ਉਹਨਾਂ ਨੇ ਕਈ ਪ੍ਰਸ਼ਨਾਂ ਦੇ ਉੱਤਰ ਸਵੈ-ਸੰਵਾਦ ਵਿੱਚੋਂ ਉਭਾਰੇ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀਆਂ ਵਿੱਚ (ਜਪੁ) ਸਮੁੱਚੇ ਗੁਰੂ ਦਰਸ਼ਨ ਦੀ ਕੁੰਜੀ ਹੈ। ਗੁਰੂ ਨਾਨਕ ਦੇਵ ਜੀ ਦਾ ਸਮੁੱਚਾ ਦਰਨ ਇਸੇ ਬਾਣੀ ਦਾ ਵਿਸਥਾਰ ਮਾਤਰ ਹੈ। ਗੁਰੂ ਸਾਹਿਬ (ਜਪੁਜੀ) ਵਿੱਚ ਮੂਲ ਸਮੱਸਿਆ ਅਤੇ ਉਸ ਦੇ ਹੱਲ ਵੱਲ ਸੰਕੇਤ ਕਰਦੇ ਹਨ। ਇਹ ਪ੍ਰਸ਼ਨੋਤਰੀ ਵਿਧੀ ਹੈ। ਇਹ ਉਹ ਸੰਵਾਦ ਹੈ ਜਿਹੜਾ ਸਵੈ ਨਾਲ ਰਚਾਇਆ ਜਾ ਰਿਹਾ ਸੀ :

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ।।
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।। 1

ਇਸ ਬੰਦ ਵਿੱਚ ਪ੍ਰਸ਼ਨ ਅਤੇ ਉਸ ਦਾ ਉੱਤਰ, ਵਿੱਚ ਹੀ ਮੌਜੂਦ ਹੈ। ਗੁਰੂ ਸਾਹਿਬਾਨ ਦਾ ਸਮਾਂ ਸਮਾਜਿਕ ਵਿਵਸਥਾ ਦੇ ਨਿਘਾਰ ਦਾ ਸਮਾਂ ਸੀ। ਉਸ ਸਮੇਂ ਬ੍ਰਾਹਮਣਵਾਦ ਅੰਧ-ਵਿਸ਼ਵਾਸ ਵਿੱਚ ਫਸਿਆ ਹੋਇਆ ਸੀ। ਬੁੱਧ ਧਰਮ ਵੀ ਕਈ ਮਤਭੇਦਾਂ ਦਾ ਸ਼ਿਕਾਰ ਸੀ। ਜੈਨ ਮੱਤ ਅੰਤਰਮੁਖੀ ਅਧਿਆਤਮਵਾਦ ਵੱਲ ਮੁੜ ਰਿਹਾ ਸੀ। ਇਸਲਾਮ ਸਟੇਟ ਦੀ ਤਾਕਤ ਨਾਲ ਲੋਕਾਂ ਨੂੰ ਆਪਣੇ ਅਧੀਨ ਕਰ ਰਿਹਾ ਸੀ। ਰਾਜਾ ਜ਼ਾਲਮ ਸੀ ਅਤੇ ਇਨਸਾਫ਼ ਕਰਨ ਵਾਲੀਆਂ ਧਿਰਾਂ (ਕਾਜ਼ੀ) ਪੱਖਪਾਤੀ ਰੁਖ ਅਪਣਾ ਚੁੱਕੀਆਂ ਸਨ। ਸਿੱਧ ਰਿੱਧੀਆਂ ਸਿੱਧੀਆਂ ਵਿੱਚ ਪੈ ਕੇ ਆਪਣੇ ਮਾਰਗ ਨੂੰ ਸ੍ਰੇਸ਼ਠ ਮੰਨਦੇ ਹੋਏ ਅਧਿਆਤਮਕ ਅਭਿਮਾਨ ਦਾ ਸ਼ਿਕਾਰ ਹੋ ਚੁੱਕੇ ਸਨ। ਇਸ ਸਮਸਤ ਸਥਿਤੀ ਨਾਲ ਗੁਰੂ ਨਾਨਕ ਦੇਵ ਜੀ ਨੇ ਸੰਵਾਦ ਰਚਾਇਆ ਅਤੇ ਇੱਕ ਅਜਿਹੇ ਮਾਰਗ ਦੀ ਨੀਂਹ ਰੱਖੀ ਜਿਹੜਾ ਲੋਕ ਤੋਂ ਪਰਲੋਕ ਨੂੰ ਇੱਕੋ ਸਮੇਂ ਸੰਬੋਧਿਤ ਹੋ ਰਿਹਾ ਸੀ। ਇਸ ਸਥਿਤੀ ਬਾਰੇ ਮਦਨ ਗੋਪਾਲ ਨੇ ਲਿਖਿਆ ਹੈ :

ਗੁਰੂ ਨਾਨਕ ਦੇਵ ਜੀ ਨੇ ਯੋਗ ਦੇ ਤਸੀਹਿਆਂ, ਵੇਦਾਂਤ ਦੇ ਸਵੈ ਕੇਂਦਰਿਤ ਬ੍ਰਾਹਮਣਵਾਦ ਅਤੇ ਬੁੱਧ ਮੱਤ ਦੀ ਅਭਾਵੂਕਤਾ ਸਭ ਨੂੰ ਨਿਰਾਰਥਕ ਸਮਝਿਆ। ਵੈਦਿਕ ਦੇਵ ਪੂਜਾ ਯੋਗ ਦਾ ਵਿਸਮਾਦ। ਵੇਦਾਂਤੀ ਸਵੈ ਇਕਾਂਤ, ਬ੍ਰਾਹਮਣਵਾਦ ਦੀ ਉਪਭਾਵੂਕਤਾ ਅਤੇ ਉਪਨਿਸ਼ਦਿਕ ਸਵੈ ਨਿਯੰਤਰਣ ਨੂੰ ਮਿਲਾ ਕੇ ਇੱਕ ਸੁਮਿਰਿਤ ਵਿਚਾਰਧਾਰਾ ਦੀ ਸਿਰਜਣਾ ਕੀਤੀ। ਨਾਨਕ ਭਗਤੀ ਦੀਆਂ ਜੜ੍ਹਾਂ (ਕਰਮ) ਅਤੇ ਇਸਦਾ ਫਲ (ਗਿਆਨ) ਹੈ। ਇਹ ਇੱਕ ਅਜਿਹਾ ਧਰਮ ਹੈ ਜਿਸ ਉੱਪਰ ਚੱਲਣ ਨਾਲ ਇਨਸਾਨ ਅਚੇਤ ਹੀ ਪ੍ਰਕ੍ਰਿਤਕ ਜੀਵਨ ਵੱਲ ਚਲਾ ਜਾਂਦਾ ਹੈ ਪ੍ਰੰਤੂ ਇਸ ਵਿੱਚ ਆਤਮਿਕ ਚੇਤਨਾ ਵੀ ਰਹਿੰਦੀ ਹੈ। ਇਸ ਦਾ ਨਿਸ਼ਾਨਾ ਵਿਅਕਤੀ ਨੂੰ ਉਚੇਰਾ ਲਿਜਾ ਕੇ ਇੱਕ ਵਾਹਿਗੁਰੂ ਦੀ ਜੋਤ ਨਾਲ ਸਬੰਧਿਤ ਕਰਨਾ ਹੈ। 2

ਗੁਰੂ ਨਾਨਕ ਨੇ ਸਿੱਧਾਂ ਨਾਲ ਜੋ ਸੰਵਾਦ ਰਚਾਇਆ ਉਹ (ਸਿੱਧ ਗੋਸਟਿ) ਨਾਮੀ ਬਾਣੀ ਵਿੱਚ ਦਰਜ ਹੈ। ਇਸ ਸੰਵਾਦ ਦਾ ਆਧਾਰ ਜੋਗੀਆਂ ਦੇ ਜੀਵਨ ਦਰਸ਼ਨ ਅਤੇ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਵਿੱਚ ਮੌਜੂਦ ਹੈ। ਇਸ ਵਿੱਚ ਉਹ ਪ੍ਰਸੰਗ ਸਾਹਮਣੇ ਆਉਂਦੇ ਹਨ ਜਿਹੜੇ ਦੋਹਾਂ ਦੀ ਵਿਚਾਰਧਾਰਾ ਨਾਲ ਸਬੰਧਿਤ ਹਨ। ਜੋਗੀ ਪ੍ਰਭੂ ਮਿਲਾਪ ਵਾਸਤੇ ਤਿਆਗ ਦੇ ਮਾਰਗ ਅਤੇ ਯੋਗ ਕ੍ਰਿਆਵਾਂ ਦੇ ਮਹੱਤਵ ਉੱਤੇ ਜ਼ੋਰ ਦਿੰਦੇ ਹਨ ਅਤੇ ਗੁਰੂ ਨਾਨਕ ਦੇਵ ਜੀ ਨੇ

ਪ੍ਰਭੂ ਮਿਲਾਪ ਲਈ ਭਗਤੀ ਤੇ ਗੁਰੂ ਕ੍ਰਿਪਾ ਉੱਤੇ ਜ਼ੋਰ ਦਿੱਤਾ। (ਸਿੱਧ ਗੋਸਟਿ) ਗੁਰੂ ਨਾਨਕ ਵੱਲੋਂ ਰਾਮਕਲੀ ਰਾਗ ਵਿੱਚ ਉਚਾਰੀ ਬਾਣੀ ਹੈ। ਇਸ ਵਿੱਚ ਸਿੱਧਾਂ ਨਾਲ ਹੋਏ ਪ੍ਰਸ਼ਨ ਉੱਤਰ ਛੰਦਬੱਧ ਕੀਤੇ ਗਏ ਹਨ। ਇਸਦੇ ਕੁੱਲ 73 ਛੰਦ ਹਨ। ਗੋਸਟਿ ਦਾ ਅਰਥ ਹੀ ਕਿਸੇ ਸਭਾ ਜਾਂ ਸਮਾਗਮ ਵਿੱਚ ਕਿਸੇ ਵਿਸ਼ੇ ਉੱਪਰ ਹੋ ਰਿਹਾ ਵਾਰਤਾਲਾਪ, ਵਿਚਾਰ-ਵਟਾਂਦਰਾ ਜਾਂ ਬਹਿਸ ਹੈ। ਇਸ ਬਾਣੀ ਵਿੱਚ ਗੁਰੂ ਸਾਹਿਬ ਨੇ ਯੋਗ ਮੱਤ ਦੀਆਂ ਮੂਲ ਸਥਾਪਨਾਵਾਂ ਨਾਲ ਸੰਵਾਦ ਰਚਾਇਆ। ਸਿੱਧਾਂ ਦਾ ਆਦਰਸ਼ਕ ਮਨੁੱਖ ਇੱਕ ਅਜਿਹਾ ਵਿਅਕਤੀ ਸੀ ਜੋ ਘਰ ਬਾਰ ਅਤੇ ਸੰਸਾਰਕ ਜੀਵਨ ਦਾ ਤਿਆਗ ਕਰ ਦੇਵੇ, ਜੋ ਨਿਸ਼ਚਿਤ ਆਸਣਾਂ ਅਤੇ ਸਰੀਰਕ ਸਾਧਨਾ ਦੁਆਰਾ ਮਹਾਂ-ਸ਼ੁਨਯ ਦਾ ਅੰਗ ਬਣ ਜਾਵੇ। ਗੁਰੂ ਸਾਹਿਬ ਨੇ ਸਿੱਧਾਂ ਦੀ ਇਸ ਧਾਰਨਾਂ ਨੂੰ ਰੱਦ ਕੀਤਾ। ਉਹਨਾਂ ਅਨੁਸਾਰ ਆਦਰ ਆਚਰਨ, ਨਿਰਲੇਪਤਾ ਦਾ ਜੀਵਨ ਜੀਉਣ ਵਿੱਚ ਹੈ। ਮਨੁੱਖ ਇਸ ਸੰਸਾਰ ਵਿੱਚ ਚੱਲ ਰਹੇ ਰੋਜ਼ਾਨਾ ਕਾਰ-ਵਿਹਾਰ ਵਿੱਚ ਹਿੱਸਾ ਲਵੇ, ਪ੍ਰੰਤੂ ਇਹਨਾਂ ਝਮੇਲਿਆਂ ਵਿੱਚ ਗਲਤਾਨ ਨਾ ਹੋਵੇ। ਉਹਨਾਂ ਦੀ ਫਿਲਾਸਫੀ ਅਨੁਸਾਰ ਮਾਇਆ ਦੀ ਥਾਂ ਮਾਇਆ 'ਤੇ ਆਧਾਰਤ ਜੀਵਨ ਤੋਂ ਮੁਕਤੀ, ਕਿਰਤ ਕਰ ਕੇ, ਨਾਮ ਜਪ ਕੇ ਅਤੇ ਵੰਡ ਛਕ ਕੇ ਹੋ ਸਕਦੀ ਹੈ।

ਸਿੱਧ ਜੋਗੀ ਕਠਿਨ ਸਾਧਨਾ ਰਾਹੀਂ ਮਾਨਸਿਕ ਵਿਕਾਰਾਂ ਉੱਤੇ ਕਾਬੂ ਪਾਉਣ ਦੀ ਵਕਾਲਤ ਕਰਦੇ ਸਨ। ਸਿੱਧਾਂ ਅਨੁਸਾਰ ਬਨਵਾਸ ਲੈਣਾ, ਮਾਮੂਲੀ ਕੰਦ-ਮੂਲ ਖਾ ਕੇ ਗੁਜ਼ਾਰਾ ਕਰਨਾ ਅਤੇ ਤੀਰਥ ਇਸ਼ਨਾਨ ਕਰਨਾ ਜੋਗ ਜੁਗਤੀ ਹੈ। ਸਿੱਧਾਂ ਅਨੁਸਾਰ ਜੋਗੀ ਗ੍ਰਹਿਸਥ ਦੇ ਤਿਆਗ ਦੇ ਰਾਹ ਦੇ ਪਾਂਧੀ ਹਨ ਜੋ ਜੰਗਲਾਂ ਵਿੱਚ ਰਹਿੰਦੇ, ਕੰਦ ਮੂਲ ਖਾਂਦੇ ਅਤੇ ਤੀਰਥਾਂ ਉੱਤੇ ਇਸ਼ਨਾਨ ਕਰਕੇ ਸੁੱਖ ਮਾਣਦੇ ਹਨ। ਜੋਗੀਆਂ ਦਾ ਧਰਮ ਤਿਆਗੀਆਂ ਦਾ ਧਰਮ ਹੈ। ਇਸ ਦੇ ਉਲਟ ਗੁਰੂ ਨਾਨਕ ਦਾ ਧਰਮ ਗ੍ਰਹਿਸਥ ਦਾ ਧਰਮ ਹੈ। ਗੁਰੂ ਨਾਨਕ ਜੋਗੀਆਂ ਦੀ ਸੋਚ ਅਤੇ ਜੀਵਨ ਜਾਚ ਨਾਲ ਸੰਵਾਦ ਰਚਾਉਂਦੇ ਹੋਏ ਅਜਿਹੇ ਭੇਖਾਂ ਦਾ ਖੰਡਨ ਕਰਦੇ ਹਨ :

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖ ਉਦਿਆਨੇ।।
ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ।। 3

ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ।।
ਗੋਰਖੁ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ।। 4

ਗੁਰੂ ਨਾਨਕ ਦੇਵ ਜੀ ਨੇ ਬੜੀ ਨਿਮਰਤਾ ਨਾਲ ਸਿੱਧਾਂ ਨਾਲ ਸੰਵਾਦ ਰਚਾਉਂਦੇ ਹੋਏ ਧਾਰਮਿਕ ਭੇਖਾਂ ਦਾ ਖੰਡਨ ਕੀਤਾ। ਉਹਨਾਂ ਨੇ ਬਦ ਅਤੇ ਨਾਮ ਦੇ ਵਾਸ ਨੂੰ ਅੰਦਰ ਵਸਾਉਣ ਉੱਤੇ ਜ਼ੋਰ ਦਿੱਤਾ। ਉਹਨਾਂ ਨੇ ਪਰੰਪਰਾਗਤ ਯੋਗ ਦੇ ਚਿੰਨ੍ਹਾਂ ਨੂੰ ਵੀ ਰੂਪਾਂਤਰਿਤ ਕਰ ਦਿੱਤਾ। ਗੁਰੂ ਜੀ ਨੇ ਹਾਟੀ ਬਾਟੀ ਨੂੰ ਤਿਆਗਣ ਤੋਂ ਬਗ਼ੈਰ, ਯੋਗ ਧਾਰਨ ਤੋਂ ਬਗ਼ੈਰ ਹੀ ਪਰਮਾਤਮਾ ਤੱਕ ਪਹੁੰਚਣ ਦਾ ਮਾਰਗ ਸੁਝਾਇਆ। ਉਜਾੜਾਂ ਵਿੱਚ ਜਾਣ ਅਤੇ ਭਟਕਣ, ਮੜ੍ਹੀਆਂ ਮਸਾਣਾਂ ਨੂੰ ਪੂਜਣ ਆਦਿ ਦੀਆਂ ਰਸਮਾਂ ਦਾ ਖੰਡਨ ਕੀਤਾ। ਉਹਨਾਂ ਨੇ ਮਸਾਣਾਂ ਵਿੱਚ ਮੰਤਰ ਪੜ੍ਹਨ ਵਾਲੇ ਇਨਸਾਨਾਂ ਨੂੰ ਕੁਰਾਹੇ ਪਿਆ ਮੰਨਿਆ। ਉਹਨਾਂ ਅਨੁਸਾਰ ਗੁਰਮੁਖ ਜਾਂ ਗੁਰੂ ਦੇ ਅਨੁਸਾਰੀ ਹੋਣ ਨਾਲ ਸਾਰੀਆਂ ਰਿੱਧੀਆਂ ਸਿੱਧੀਆਂ ਹਾਸਲ ਹੋ ਸਕਦੀਆਂ ਹਨ। ਗੁਰੂ ਸਾਹਿਬ ਨੇ ਜੋਗੀਆਂ ਦੁਆਰਾ ਕੀਤੇ ਜਾਂਦੇ

ਕਰਮ ਕਾਂਡਾਂ ਨੂੰ ਅਧਿਆਤਮਕ ਜੀਵਨ ਲਈ ਅਨਾਵੱਸ਼ਕ ਦੱਸਿਆ ਅਤੇ ਇਹਨਾਂ ਦੀ ਥਾਵੇਂ ਅਧਿਆਤਮਕ ਗੁਣ ਅਤੇ ਸਹਿਜ ਮਾਰਗ ਗ੍ਰਹਿਣ ਕਰਨ ਦੀ ਪ੍ਰੇਰਨਾ ਕੀਤੀ ਹੈ। ਗੁਰੂ ਜੀ ਦੁਆਰਾ ਰਚਿਤ (ਜਪੁਜੀ) ਦੀ ਜੋਗ ਬਾਰੇ ਪਉੜੀ (ਮੁੰਦਾ ਸੰਤੋਖੁ ਸਰਮੁ ਪਤੁ ਝੋਲੀ, ਧਿਆਨ ਕੀ ਕਰਹਿ ਬਿਭੂਤਿ) ਇਸੇ ਪ੍ਰਸੰਗ ਦਾ ਵਿਸਥਾਰ ਹੈ। ਗੁਰੂ ਨਾਨਕ ਦੇਵ ਜੀ ਸੂਹੀ ਰਾਗ ਵਿੱਚ ਜੋਗ ਦਾ ਵਿਲੇਣ ਕਰਦੇ ਲਿਖਦੇ ਹਨ :

ਜੋਗੁ ਨ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ।।
ਜੋਗੁ ਨ ਮੁੰਦੀ ਮੂੰਡਿ ਮੁੰਡਾਇਆ ਜੋਗ ਨ ਸਿੰਙੀ ਵਾਈਐ।।
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ।। 5

ਗੁਰੂ ਨਾਨਕ ਅਨੁਸਾਰ ਇਹੀ ਸੱਚਾ ਜੋਗ ਹੈ। ਭਾਰਤੀ ਚਿੰਤਨ ਦੀ ਇੱਕ ਪਰੰਪਰਾ ਅਨੁਸਾਰ ਮਨ ਨੂੰ ਸਾਧਣ ਲਈ ਸਰੀਰ ਨੂੰ ਕਠਿਨ ਤਪੱਸਿਆ ਜਿਵੇਂ ਭੁੱਖੇ ਰਹਿਣਾ, ਨੰਗੇ ਰਹਿਣਾ, ਨਾ ਸੌਣਾ ਅਤੇ ਨਾ ਕੋਈ ਸੁਖ ਆਰਾਮ ਕਬੂਲ ਕਰਨਾ ਆਦਿ ਵਿੱਚੋਂ ਲੰਘਾਉਣਾ ਪੈਂਦਾ ਹੈ ਪਰ ਗੁਰੂ ਨਾਨਕ ਦੇਵ ਜੀ ਨੇ ਰੱਬ ਦੀ ਪ੍ਰਾਪਤੀ ਲਈ ਕੀਤੇ ਜਾਂਦੇ ਇਹਨਾਂ ਸਾਰੇ ਕਰਮ ਕਾਂਡਾਂ ਨੂੰ ਵਿਅਰਥ ਦੱਸਿਆ। ਉਹਨਾਂ ਅਨੁਸਾਰ ਨਾਮ ਨਾਲ ਜੁੜ ਕੇ ਹੀ ਵਿਅਕਤੀ ਮੁਕਤੀ ਦਾ ਰਾਹ ਪ੍ਰਾਪਤ ਕਰ ਲੈਂਦਾ ਹੈ। ਗੁਰੂ ਸਾਹਿਬ ਨੇ ਤਪ ਵਰਗੇ ਸੰਕਲਪ ਨੂੰ ਨਾਮ ਨਾਲ ਜੋੜਦਿਆਂ ਲਿਖਿਆ :

ਨਾਮਿ ਰਤੇ ਜੋਗ ਜੁਗਤਿ ਬੀਚਾਰੁ।।
ਨਾਮਿ ਰਤੇ ਪਾਵਹਿ ਮੋਖ ਦੁਆਰੁ।।
ਨਾਮਿ ਰਤੇ ਤ੍ਰਿਭਵਣ ਸੋਝੀ ਹੋਇ।।
ਨਾਨਕ ਨਾਮਿ ਰਤੇ ਸਦਾ ਸੁਖੁ ਹੋਇ।। 6

ਯੋਗ ਸਾਧਨਾ ਵਿੱਚ ਸੁਆਸ ਨੂੰ ਨਿਯੰਤਰਿਤ ਕਰਕੇ ਅਭਿਆਸ ਨਾਲ ਮਨੁੱਖ ਦੇ ਅਵਚੇਤਨ ਵਿੱਚ ਵਸੇ ਵਿਕਾਰਾਂ ਦਾ ਤਿਆਗ ਕੀਤਾ ਜਾ ਸਕਦਾ ਹੈ। ਯੋਗ ਸਾਧਨਾ ਵਿੱਚ ਸਾਹ ਅੰਦਰ ਬਾਹਰ ਕਰਨ ਦੀ ਇੱਕ ਕਿਰਿਆ ਹੈ। ਗੁਰੂ ਸਾਹਿਬ ਨੇ ਇਸ ਕਿਰਿਆ ਨੂੰ ਠੀਕ ਦਿਸ਼ਾ ਵਿੱਚ ਸਮਝਿਆ। ਯੋਗ ਸਾਧਨਾਂ ਵਿੱਚ ਨੱਕ ਦੇ ਖੱਬੇ ਪਾਸੇ ਦੀ ਸੁਰ ਨੂੰ (ਇੜਾ) ਅਤੇ ਸੱਜੇ ਪਾਸੇ ਵਾਲੀ ਨੂੰ (ਪਿੰਗਲਾ) ਕਿਹਾ ਜਾਂਦਾ ਹੈ। ਇਹਨਾਂ ਦੋਹਾਂ ਦੇ ਵਿਚਾਲੇ ਉੱਪਰ ਜਾ ਕੇ (ਸੁਖਮਨਾ) ਨਾੜੀ ਹੈ ਜਿਸ ਤੋਂ ਜੋਗੀ ਨੂੰ ਆਤਮਿਕ ਆਨੰਦ ਪ੍ਰਾਪਤ ਹੁੰਦਾ ਹੈ। (ਇੜਾ) ਠੰਡੇ ਸੁਭਾਅ ਵਾਲੀ ਹੋਣ ਕਾਰਨ ਇਸ ਵਿੱਚ ਚੰਦਰਮਾ ਦਾ ਵਾਸਾ ਮੰਨਿਆ ਜਾਂਦਾ ਹੈ। (ਪਿੰਗਲਾ) ਤੇਜ਼ ਸੁਭਾਅ ਦੀ ਹੈ ਜਿਸ ਨੂੰ ਸੂਰਜ ਦੀ ਪ੍ਰਤੀਕ ਮੰਨਿਆ ਜਾਂਦਾ ਹੈ। ਜੋਗੀ ਇਹਨਾਂ ਦੇ ਖਾਸ ਕਿਸਮ ਦੇ ਅਭਿਆਸ ਰਾਹੀਂ ਪ੍ਰਮਾਤਮਾ ਪ੍ਰਾਪਤੀ ਦਾ ਮਾਰਗ ਤਲਾਸ਼ਦੇ ਹਨ ਪਰ ਜੇਕਰ ਇਹ ਅਭਿਆਸ ਹੰਕਾਰ ਪੈਦਾ ਕਰੇ ਤਾਂ ਪ੍ਰਮਾਤਮਾ ਪ੍ਰਾਪਤੀ ਦੂਰ ਦੀ ਗੱਲ ਹੈ। ਗੁਰੂ ਨਾਨਕ ਦੇਵ ਜੀ ਯੋਗ ਸਾਧਨਾ ਦੀ ਇਸ ਕਿਰਿਆ ਨਾਲ ਸੰਵਾਦ ਰਚਾਉਂਦੇ ਹੋਏ ਇਸ ਨੂੰ ਸਹੀ ਸੇਧ ਵਿੱਚ ਸਮਝਣ ਉੱਤੇ ਬਲ ਦਿੰਦੇ ਹਨ :

ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲ ਸੰਸਾਰੋ।।
ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨੁ ਆਧਾਰੋ।।

ਬੋਲੈ ਖੇਲੈ ਅਸਥਿਰੁ ਹੋਵੈ ਕਿਉ ਕਰਿ ਅਲਖੁ ਲਖਾਏ

ਸੁਣਿ ਸੁਆਮੀ ਸਚੁ ਨਾਨਕੁ ਪ੍ਰਣਵੈ ਅਪਣੇ ਮਨ ਸਮਝਾਏ।। 7

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਯੋਗੀਆਂ ਦੀ ਜੀਵਨ ਜਾਚ ਨਾਲ ਜੁੜੀਆਂ ਸਾਰੀਆਂ ਵਿਧੀਆਂ, ਕਰਮ-ਕਾਂਡਾਂ ਅਤੇ ਪਹਿਰਾਵੇ ਦੀਆਂ ਧਾਰਨਾਵਾਂ ਨਾਲ ਸੰਵਾਦ ਰਚਾਉਂਦਿਆਂ ਆਪਣਾ ਨਿਰੋਲ ਵੱਖਰਾ ਚਿੰਤਨ ਪੇਸ਼ ਕੀਤਾ। ਉਹਨਾਂ ਦੇ ਚਿੰਤਨ ਦਾ ਮਾਰਗ ਨਾ ਤਾਂ ਨਿਰੋਲ ਪਰਵਿਰਤੀ ਮਾਰਗ ਸੀ ਜੋ ਸੰਸਾਰਕ ਕਾਰਜ ਦਾ ਮਾਰਗ ਹੈ ਅਤੇ ਨਾ ਹੀ ਨਿਰਵਿਰਤਿ ਮਾਰਗ ਹੈ ਜੋ ਤਿਆਗ ਤੇ ਸੰਨਿਆਸ ਦੀ ਗੱਲ ਕਰਦਾ ਹੈ, ਬਲਕਿ ਇਹਨਾਂ ਦੋਵਾਂ ਦੇ ਵਿਚਕਾਰ ਦਾ ਸੱਚਾ ਮਾਰਗ ਹੈ :

ਪਰਿਵਿਰਤਿ ਨਿਰਵਿਰਤਿ ਹਾਠਾ ਦੋਵੈ।।

ਵਿਚਿ ਧਰਮੁ ਫਿਰੈ ਰੈਬਾਰਿਆ।। 8

ਇਹ ਧਰਮ ਰਸਤਾ ਦਿਖਾਉਣ ਵਾਲਾ ਹੈ। ਗੁਰੂ ਨਾਨਕ ਦੇਵ ਜੀ ਨੇ ਜਿੱਥੇ ਆਪਣੇ ਸਮੇਂ ਦੀਆਂ ਭਾਰਤੀ ਮਤਾਂ-ਮਤਾਂਤਰਾ ਨਾਲ ਸੰਵਾਦ ਰਚਾਇਆ, ਉੱਥੇ ਉਹ ਇਸਲਾਮੀ ਚਿੰਤਨ ਨਾਲ ਵੀ ਡੂੰਘੇ ਤੇ ਗਹਿਰੇ ਸੰਵਾਦ ਵਿੱਚ ਸਨ। ਗੁਰੂ ਜੀ ਨੇ ਇਸ ਸੰਵਾਦ ਦੌਰਾਨ ਅਧਿਆਤਮਕਤਾ ਦੇ ਨਾਲ-ਨਾਲ ਸਮਾਜਿਕ ਤੇ ਰਾਜਨੀਤਿਕ ਸਰੋਕਾਰਾਂ ਨੂੰ ਵੀ ਛੋਹਿਆ। ਬਾਬਰ ਬਾਣੀ ਇਸ ਦੀ ਪੁਖਤਾ ਮਿਸਾਲ ਹੈ ਜਿਸ ਵਿੱਚ ਉਹਨਾਂ ਬਾਬਰ ਦੇ ਹਮਲੇ ਸਮੇਂ ਲੋਕਾਈ ਉੱਪਰ ਹੋਏ ਜ਼ੁਲਮ ਨੂੰ ਵੇਖ ਕੇ ਰੱਬ ਨੂੰ ਉਲਾਹਮਾ ਦਿੱਤਾ। ਗਿਆਰਵੀਂ ਸ਼ਤਾਬਦੀ ਦੇ ਲੱਗਭੱਗ ਇਸਲਾਮ ਵਿੱਚ ਕੁਝ ਅਜਿਹੀਆਂ ਸਥਿਤੀਆਂ ਉਭਰਦੀਆਂ ਵਿਖਾਈ ਦਿੰਦੀਆਂ ਹਨ ਜਿਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਮੁਖ਼ਾਤਿਬ ਹੁੰਦੇ ਹਨ। ਭਾਰਤੀ ਅਨੁਮਾਦਵਾਦੀ ਮਤਾਂ ਵਾਂਗ ਇਸ ਸਮੇਂ ਸੂਫ਼ੀ ਮੱਤ ਵੀ ਨਿਰੋਲ ਵਿਅਕਤੀਗਤ ਪੱਖ ਤੋਂ ਵਿਕਸਤ ਹੋਣ ਲੱਗ ਪਿਆ ਅਤੇ ਇਸਲਾਮੀ ਈਮਾਨ ਦੇ ਪੱਖ ਤੋਂ ਦੂਰ ਜਾ ਰਿਹਾ ਸੀ। ਅਜਿਹੇ ਸਮੇਂ ਗੁਰੂ ਨਾਨਕ ਦੇਵ ਜੀ ਬੜੀ ਸਹਿਜਤਾ ਦੇ ਨਾਲ ਇਸਲਾਮ ਧਰਮ ਦੇ ਠੇਕੇਦਾਰਾਂ ਨਾਲ ਸੰਵਾਦ ਰਚਾਉਂਦੇ ਹਨ। ਇਸ ਸੰਵਾਦ ਵਿੱਚ ਜਿੱਥੇ ਹੁਕਮਰਾਨ ਤਬਕੇ ਲਈ ਨਸੀਹਤਾਂ ਹਨ, ਉੱਥੇ ਧਾਰਮਿਕ ਤਬਕੇ ਨੂੰ ਇਸਲਾਮ ਦੇ ਸੰਦਰਭ ਵਿੱਚ ਦਿੱਤੇ ਗਏ ਸੁਝਾਅ ਹਨ। ਗੁਰੂ ਸਾਹਿਬ ਮੁਸਲਮਾਨਾਂ ਨਾਲ ਸੰਵਾਦ ਰਚਾਉਂਦੇ ਹੋਏ ਨੈਤਿਕਤਾ ਦੇ ਸੱਚੇ ਅਰਥਾਂ ਉੱਤੇ ਬਲ ਦਿੰਦੇ ਹਨ :

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ

ਜੋ ਰਤੁ ਪੀਵਹਿ ਮਾਣਸਾ ਤਿਨੁ ਕਿਉ ਨਿਰਮਲੁ ਚੀਤੁ।।

ਨਾਨਕ ਨਾਉ ਖੁਦਾਇ ਕਾ ਦਿਲਿ ਹਛੈ ਮੁਖਿ ਲੇਹੁ।।

ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ।। 9

ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਜਿਸ ਤਰ੍ਹਾਂ ਹਿੰਦੂ ਧਰਮ ਤੇ ਜੋਗੀਆਂ ਦੁਆਰਾ ਪ੍ਰਮਾਤਮਾ ਪ੍ਰਾਪਤੀ ਲਈ ਕੀਤੇ ਭੇਖ ਪਾਖੰਡਾਂ ਨੂੰ ਰੱਦ ਕਰਕੇ ਗ੍ਰਹਿਸਥ ਵਿੱਚ ਰਹਿੰਦੇ ਹੋਏ ਨਾਮ ਨਾਲ ਜੁੜੇ ਪ੍ਰਮਾਤਮਾ ਪ੍ਰਾਪਤੀ ਦੇ ਮਾਰਗ ਦੀ ਨਿਸ਼ਾਨਦੇਹੀ ਕੀਤੀ ਉਸੇ ਤਰ੍ਹਾਂ ਇਸਲਾਮ ਵਿਚਲੀਆਂ ਫੋਕੀਆਂ ਰਸਮਾਂ ਅਤੇ ਭੇਖ ਪਾਖੰਡ ਦਾ ਤਿਆਗ ਕਰਕੇ ਸੱਚੇ ਦਿਲੋਂ ਬੰਦਗੀ ਕਰਨ ਨੂੰ ਤਰਜੀਹ

ਦਿੱਤੀ।

ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ।।
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ।।
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ।।
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ।। 10

ਗੁਰੂ ਨਾਨਕ ਨੇ ਜਿੱਥੇ ਮੁੱਲਾਂ ਤੇ ਕਾਜ਼ੀ ਨੂੰ ਉਸ ਦੀਆਂ ਜ਼ਿੰਮੇਵਾਰੀਆਂ ਪ੍ਰਤੀ ਸੁਚੇਤ ਕੀਤਾ, ਉੱਥੇ ਪੰਡਿਤ, ਬ੍ਰਾਹਮਣ, ਜੋਗੀ ਤੇ ਨਾਥ ਆਦਿ ਨੂੰ ਵੀ ਸੰਬੋਧਿਤ ਹੋਏ। ਮੁਸਲਮਾਨ ਗੁਰੂ ਨਾਨਕ ਦੇ ਸਮਕਾਲੀ ਜ਼ਮਾਨੇ ਦਾ ਹੁਕਮਰਾਨ ਤਬਕਾ ਸੀ। ਇਸ ਲਈ ਉਸ ਦੀ ਸਭ ਤੋਂ ਵੱਡੀ ਿੰਮੇਵਾਰੀ ਬਣਦੀ ਸੀ। ਇਸੇ ਕਾਰਨ ਗੁਰੂ ਸਾਹਿਬ ਨੇ ਵਾਰ-ਵਾਰ ਸੱਤਾਧਾਰੀ ਧਿਰ ਦੇ ਵਿਗੜੇ ਕਿਰਦਾਰ ਉੱਪਰ ਉਂਗਲ ਰੱਖੀ ਅਤੇ ਸ਼ਾਸਕਾਂ ਦਾ ਧਿਆਨ ਇਸਲਾਮ ਦੀ ਸੱਚੀ ਨੈਤਿਕਤਾ ਵੱਲ ਦੁਆਇਆ। ਇਸ ਤਰ੍ਹਾਂ ਗੁਰੂ ਨਾਨਕ ਦੇ ਸੰਵਾਦ ਦਾ ਘੇਰਾ ਵਿਸ਼ਾਲਤਾ ਵੱਲ ਫੈਲਦਾ ਹੈ। ਇਹ ਵਿਾਲ ਘੇਰਾ ਅੱਗੇ ਚੱਲ ਕੇ ਇੱਕ ਬਦਲਵਾਂ ਪ੍ਰਬੰਧ ਸਿਰਜਣ ਦੇ ਸਮਰੱਥ ਹੋ ਜਾਂਦਾ ਹੈ। ਭਾਰਤੀ ਤੇ ਸਾਮੀ ਚਿੰਤਨ ਦੇ ਮਾਨਵੀ ਗੁਣਾਂ ਦਾ ਮਿਸ਼ਰਣ ਗੁਰੂ ਨਾਨਕ ਦੇਵ ਜੀ ਦੇ ਚਿੰਤਨ ਵਿੱਚ ਪ੍ਰਗਟ ਹੁੰਦਾ ਹੈ। ਇਸ ਚਿੰਤਨ ਵਿੱਚ ਪਹਿਲੀ ਵਾਰੀ ਬਹੁ-ਚਿੰਤਨੀ ਧੁਨੀਆਂ ਲਈ ਸਪੇਸ ਪੈਦਾ ਹੁੰਦੀ ਹੈ। ਸਰਬ-ਸਾਂਝੀਵਾਲਤਾ, ਕਿਰਤ ਦੀ ਵਡਿਆਈ ਅਤੇ ਸਮਾਜਿਕ ਨਿਆਂ ਦੇ ਮੁੱਦੇ ਕੇਂਦਰ ਵਿੱਚ ਆਉਂਦੇ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਚਿੰਤਨ ਦੀ ਮੂਲ ਚੂਲ ਅੰਤਰ-ਧਰਮ ਸੰਵਾਦ ਦੀ ਹੈ। ਗੁਰੂ ਨਾਨਕ ਦੁਆਰਾ ਰਚਾਏ ਇਸ ਅੰਤਰ-ਧਰਮ ਸੰਵਾਦ ਦਾ ਭਾਰਤ ਵਰਗੇ ਬਹੁ-ਧਰਮੀ ਸਮਾਜ ਵਿੱਚ ਮਹੱਤਵ ਬਹੁਤ ਜ਼ਿਆਦਾ ਹੈ।

**ਹਵਾਲੇ ਤੇ ਟਿੱਪਣੀਆਂ :**


1. ਆਦਿ ਗ੍ਰੰਥ, ਪੰਨਾ 1
2. ਮਦਨ ਗੋਪਾਲ ਸਿੰਘ, (ਗੁਰੂ ਨਾਨਕ ਦੀ ਫਿਲਾਸਫੀ), ਨਾਨਕ ਪ੍ਰਕਾਸ਼ ਪੱਤ੍ਰਿਕਾ, ਨਾਨਕ ਵਿਸ਼ੇਸ਼ ਅੰਕ, ਪੰਨਾ 14
3. ਆਦਿ ਗ੍ਰੰਥ, ਪੰਨਾ 938
4. ਉਹੀ, ਪੰਨਾ 939
5. ਉਹੀ, ਪੰਨਾ 730
6. ਉਹੀ, ਪੰਨਾ 941
7. ਉਹੀ, ਪੰਨਾ 944
8. ਉਹੀ, ਪੰਨਾ 1280
9. ਉਹੀ, ਪੰਨਾ 140
10. ਉਹੀ, ਪੰਨਾ 1240

# ਉੱਚੀ ਰੱਬੋਂ ਦੀ ਧੀ : ਡਾ. ਦਲੀਪ ਕੌਰ ਟਿਵਾਣਾ

*ਡਾ. ਪਰਮੀਤ ਕੌਰ*

ਸਾਹਿਤਕਾਰ ਦੀ ਪ੍ਰਤਿਭਾ ਕੋਈ ਕਰਤਾਰੀ ਕ੍ਰਿਸ਼ਮਾ ਨਹੀਂ ਹੁੰਦੀ। ਉਹ ਆਦਿ ਜੁਗਾਦਿ ਤੋਂ ਮਾਨਵ ਵਿਚ ਧੜਕਦੇ ਦਿਲ ਦੀ ਧੜਕਣ ਤੋਂ ਵੱਖ ਵੀ ਨਹੀਂ ਹੁੰਦੀ। ਇਸ ਲਈ ਸਾਹਿਤਕਾਰਾਂ, ਕਲਾਕਾਰਾਂ ਦੀ ਜ਼ਿੰਦਗੀ ਨਾਲ ਜੁੜੇ ਅਨੇਕ ਪਹਿਲੂਆਂ ਨੂੰ ਜਾਨਣ ਦੀ ਜਗਿਆਸਾ ਨਿਰੰਤਰ ਬਣੀ ਰਹੀ ਹੈ। ਪੰਜਾਬੀ ਸਾਹਿਤ ਦੇ ਹਵਾਲੇ ਨਾਲ ਵੀ ਗੱਲ ਕਰੀਏ ਤਾਂ ਬਲਵੰਤ ਗਾਰਗੀ, ਪ੍ਰੀਤਮ ਸਿੰਘ, ਅਜੀਤ ਕੌਰ, ਅੰਮ੍ਰਿਤਾ ਪ੍ਰੀਤਮ, ਇਮਰੋਜ਼ ਬਾਰੇ ਆਪਣੇ ਸਮਕਾਲੀ ਸਾਹਿਤਕਾਰਾਂ ਦੁਆਰਾ ਲਿਖੇ ਰੇਖਾ ਚਿੱਤਰ ਬੇਹੱਦ ਮਕਬੂਲ ਹੋਏ। ਜਸਬੀਰ ਭੁੱਲਰ ਦੁਆਰਾ ਸੰਪਾਦਿਤ ਉੱਚੀ ਰੱਬੋਂ ਦੀ ਧੀ ਪੁਸਤਕ ਪੰਜਾਬੀ ਸਾਹਿਤ ਦੇ ਵਿਲੱਖਣ ਹਸਤਾਖਰ ਦਲੀਪ ਕੌਰ ਟਿਵਾਣਾ ਦੀ ਭਰਵੀਂ ਮੌਜੂਦਗੀ ਦਾ ਅਹਿਸਾਸ ਕਰਾਉਂਦੀ ਉਹਨਾਂ ਦੇ ਸਿਰਜਣਾਤਮਕ ਸਫ਼ਰ ਦੀ ਰਾਹਗੀਰ ਹੋ ਜਾਂਦੀ ਹੈ।

ਰੇਖਾ-ਚਿਤਰ ਵਿਚ ਕਿਸੇ ਵਿਅਕਤੀ, ਵਸਤੂ ਜਾਂ ਸਥਾਨ ਦੀਆਂ ਵਿਸ਼ੇਸ਼ਤਾਵਾਂ ਨੂੰ ਸ਼ਬਦਾਂ ਰਾਹੀਂ ਇਸ ਤਰ੍ਹਾਂ ਰੇਖਾਂਕਿਤ ਕੀਤਾ ਜਾਂਦਾ ਹੈ ਸਬੰਧਿਤ ਸਖ਼ਸ਼ੀਅਤ ਅੱਖਾਂ ਸਾਹਮਣੇ ਰੁਪਮਾਨ ਹੋ ਜਾਂਦੀ ਹੈ। ਇਸ ਪੁਸਤਕ ਵਿਚ ਜਸਬੀਰ ਭੁੱਲਰ ਦੁਆਰਾ ਸੰਪਾਦਿਤ ਵੱਖੋਂ-ਵੱਖਰੇ ਲੇਖਕਾਂ ਵੱਲੋਂ ਦਲੀਪ ਕੌਰ ਟਿਵਾਣਾ 'ਤੇ ਲਿਖੇ ਰੇਖਾ-ਚਿੱਤਰ ਦਰਜ ਹਨ। ਇਹਨਾਂ ਵਿਚੋਂ ਦਲੀਪ ਕੌਰ ਟਿਵਾਣਾ ਦੀ ਸਖ਼ਸ਼ੀਅਤ ਨਾਲ ਸਬੰਧਿਤ ਮਹੱਤਵਪੂਰਨ ਗੱਲਾਂ, ਘਟਨਾਵਾਂ, ਤੇ ਜੀਵਨ ਤੇ ਸਖ਼ਸ਼ੀਅਤ ਬਾਰੇ ਅਗਿਆਤ ਪੱਖਾਂ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ। ਰੇਖਾ-ਚਿੱਤਰ ਵਿਧਾ ਦੀ ਇਹ ਖ਼ੂਬੀ ਹੈ ਕਿ ਇਸ ਵਿਚ ਸਬੰਧਿਤ ਸਖ਼ਸ਼ੀਅਤ ਬਾਰੇ ਜੋ ਪਹਿਲਾਂ ਹੀ ਸਾਰੇ ਜਾਣਦੇ ਹਨ ਤੋਂ ਇਲਾਵਾ ਅਪਰਿਚਿਤ ਪਹਿਲੂ ਨੂੰ ਵੀ ਪੇਸ਼ ਕੀਤਾ ਜਾਂਦਾ ਹੈ। ਲੇਖਕ ਕਈ ਵਾਰ ਜਿਸ ਸਖ਼ਸ਼ੀਅਤ ਦਾ ਰੇਖਾ-ਚਿੱਤਰ ਲਿਖਦੇ ਹਨ, ਉਸ ਬਾਰੇ ਉਹ ਨਿੱਜੀ ਸੰਪਰਕ ਤੇ ਜਾਣਕਾਰੀ ਦੇ ਆਧਾਰ 'ਤੇ ਕਈ ਗੁੜ੍ਹੀਆਂ ਗੱਲਾਂ ਵੀ ਜਾਣਦੇ ਹਨ ਜੋ ਪਾਠਕਾਂ ਲਈ, ਦਿਲਚਸਪੀ ਦੇ ਪੱਖ ਤੋਂ ਵੀ ਬਹੁਤ ਮਹੱਤਵਪੂਰਨ ਹੁੰਦੀਆਂ ਹਨ। ਇਸੇ ਕਰਕੇ ਰੇਖਾ ਚਿੱਤਰ ਅਜਿਹਾ ਸਾਹਿਤ-ਰੂਪ ਹੈ ਜੋ ਪਾਠਕਾਂ ਵਿਚ ਨਿਰੰਤਰ ਹਰਮਨ-

*ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਸਾਹਿਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।*
*ਫੋਨ : 9876018191*

ਪਿਆਰਾ ਹੋ ਰਿਹਾ ਹੈ। ਇਹ ਸਾਹਿਤ-ਰੂਪ ਲੇਖਕ ਦੀ ਪਾਰਖੂ ਦ੍ਰਿਸ਼ਟੀ ਦਾ ਸੂਚਕ ਹੈ ਜੋ ਸਬੰਧਿਤ, ਸ਼ਖ਼ਸ਼ੀਅਤ ਦੇ ਬਾਰੇ ਗੁਹਝ, ਅਪਰਿਚਿਤ ਪਹਿਲੂਆਂ ਨੂੰ ਬਹੁਤ ਕਲਾਤਮਕਤਾ ਤੇ ਬਾਰੀਕਬੀਨੀ ਨਾਲ ਚਿਤਰਿਤ ਕਰਦਾ ਹੈ।

ਅੰਮ੍ਰਿਤਾ ਪ੍ਰੀਤਮ ਦੁਆਰਾ ਲਿਖਤ ਘੁੱਟ ਕੇ ਮਾਰੀ ਹੋਈ ਬੁੱਕਲ ਵਿਚ ਦਲੀਪ ਕੌਰ ਟਿਵਾਣਾ ਦੀ ਸਖ਼ਸ਼ੀਅਤ ਦੇ ਜ਼ਿੰਮੇਵਾਰੀ ਵਾਲੇ ਪਹਿਲੂ, ਹਰੇਕ ਦੇ ਦੁੱਖ-ਸੁੱਖ ਵਿਚ ਖੜ੍ਹਨ ਵਾਲੀ ਟਿਵਾਣਾ ਨੂੰ ਚਿਤਰਦਿਆਂ ਇਸ ਗੱਲ 'ਤੇ ਫੋਕਸ ਕੀਤਾ ਹੈ ਕਿ ਦਲੀਪ ਕੌਰ ਟਿਵਾਣਾ ਤਕ ਹਰ ਬੰਦੇ ਦੀ ਰਸਾਈ ਨਹੀਂ ਹੋ ਸਕਦੀ ਕਿਉਂਕਿ ਅੰਮ੍ਰਿਤਾ ਅਨੁਸਾਰ ਉਸਨੇ ਘੁੱਟ ਕੇ ਬੁੱਕਲ ਮਾਰੀ ਹੋਈ ਹੈ ਤੇ ਉਸਨੂੰ ਸਿਰਫ਼ ਅੱਖਰਾਂ ਦੇ ਰਾਹੀਂ ਹੀ ਜਾਣਿਆ ਸਮਝਿਆ ਜਾ ਸਕਦਾ ਹੈ। ਟਿਵਾਣਾ ਦੀ ਜ਼ਿੰਮੇਵਾਰਾਨਾ ਸਖ਼ਸ਼ੀਅਤ ਪਿੱਛੇ ਉਸਦੇ ਪਰਿਵਾਰਕ ਹਾਲਾਤ, ਉਸਦਾ ਬਚਪਨ ਤੇ ਬਚਪਨ ਵਿਚ ਸਿਰ 'ਤੇ ਪਈਆਂ ਪਰਿਵਾਰਿਕ ਜ਼ਿੰਮੇਵਾਰੀਆਂ ਵਿਚੋਂ ਟਿਵਾਣਾ ਦੀ ਸਖ਼ਸ਼ੀਅਤ 'ਤੇ ਪਏ ਪ੍ਰਭਾਵਾਂ ਦੀ ਨਿਸ਼ਾਨਦੇਹੀ ਹੀ ਹੁੰਦੀ ਹੈ :

ਇਹ ਖੌਰੇ ਹਾਲਾਤ ਦਾ ਫਰਕ ਸੀ, ਉਹਦੇ ਸਿਰ 'ਤੇ ਬਾਪ ਨਹੀਂ ਸੀ ਰਿਹਾ, ਤਾਂ ਉਹੀ ਭਰੇ ਘਰ ਦੀ ਮਾਂ ਬਣ ਗਈ ਤੇ ਭਰੇ ਘਰ ਦਾ ਬਾਪ ਬਣ ਗਈ। ਸਾਰੀਆਂ ਭੈਣਾਂ ਦੀ ਪੜ੍ਹਾਈ, ਫੇਰ ਉਨ੍ਹਾਂ ਦੇ ਵਿਆਹ, ਫੇਰ ਸਾਰੀਆਂ ਕੁੜਮਾਂਚਾਰੀਆਂ ਤੇ ਲੱਗਿਆਂ ਲਾਣਿਆਂ ਦੀਆਂ ਮੰਗਾਂ ਤੇ ਉਲਾਂਭੇ ਉਹਦੇ ਦੁਆਲੇ ਵਲੀਂਦੇ ਗਏ ਤੇ ਉਹਨੇ ਉਜਰ ਨਾ ਕੀਤਾ। ਇਹਨਾਂ ਸਾਕਾਦਾਰੀਆਂ ਦੇ ਮੇਹਣੇ ਦੁਮੇਹਣੇ ਵੀ ਹੁੰਦੇ ਹਨ, ਉਹ ਸਭ ਝੱਲ ਗੁਜ਼ਰਦੀ ਹੈ। ਏਸੇ ਲਈ ਉਸਨੂੰ ਜਾਚ ਆ ਗਈ ਹੈ, ਦੀਨ ਦੇ ਨਾਲ ਦੁਨੀਆ ਨੂੰ ਵੀ ਰੱਖਣ ਦੀ .....।1

ਦਲੀਪ ਕੌਰ ਟਿਵਾਣਾ ਦੇ ਪਿਤਾ ਦੀ ਮੌਤ, ਫਿਰ ਇਕੋ-ਇਕ ਭਰਾ ਜੋ ਆਪਣੀ ਬੀਵੀ ਦੀਆਂ ਮਨਆਈਆਂ ਤੋਂ ਤੰਗ ਆ ਕੇ ਜਹਾਨ ਤੋਂ ਚਲਾ ਜਾਂਦਾ ਹੈ ਤੇ ਫਿਰ ਜਵਾਨ ਭਤੀਜਾ ਜੋ ਬਾਪ ਦਾ ਦੁੱਖ ਨਾ ਜਰਦਾ ਇਸ ਜਹਾਨ ਤੋਂ ਤੁਰ ਜਾਂਦਾ ਹੈ। ਅਜਿਹੇ ਸਦਮੇ ਝੱਲ ਕੇ ਵੀ ਸਭ-ਕੁੱਝ ਬੁੱਕਲ ਵਿਚ ਸਮੇਟ ਕੇ ਵਿਚਰਨਾ ਤੇ ਪੁਣ-ਛਾਣ ਕੇ ਲਿਖਤ ਦੇ ਹਵਾਲੇ ਕਰਨਾ ਸਿਰਫ਼ ਟਿਵਾਣਾ ਦਾ ਹਾਸਿਲ ਹੈ। ਇੰਨੀ ਦਲੇਰੀ ਨਾਲ ਜਿਉਣਾ ਤੇ ਲਿਖਣਾ ਤੇ ਹੋਰਾਂ ਦੇ ਦੁੱਖ-ਸੁੱਖ ਵਿਚ ਕੰਮ ਆਉਣਾ ਹਰ ਕਿਸੇ ਦੇ ਵੱਸ ਦਾ ਨਹੀਂ।

ਕਰਤਾਰ ਸਿੰਘ ਦੁੱਗਲ ਆਪਣੇ ਰੇਖਾ-ਚਿਤਰ ਸਹਿਜ ਤੇ ਸੰਜਮ ਦੀ ਪ੍ਰਤੀਕ ਵਿਚ ਮੌਲਿਕਤਾ ਨੂੰ ਦਲੀਪ ਕੌਰ ਟਿਵਾਣਾ ਦਾ ਸਖ਼ਸ਼ੀ ਗੁਣ ਮੰਨਦਾ ਹੈ। ਮੌਲਿਕ ਤੋਂ ਭਾਵ ਵਿਸ਼ੇ ਪੱਖੋਂ ਵੱਖਰੀ ਚੋਣ ਕਰਨ ਤੋਂ ਹੈ। ਦੁੱਗਲ ਨੇ ਪਿਆਰ ਵਰਗੇ ਵਿਸ਼ੇ 'ਤੇ ਵੀ ਲਿਖਣ ਲਈ ਟਿਵਾਣਾ ਦੀ ਮੌਲਿਕਤਾ, ਵਿਲੱਖਣਤਾ ਨੂੰ ਉਸਦੀ ਰਚਨਾ ਦਾ ਮੀਰੀ ਗੁਣ ਮੰਨਿਆ ਹੈ। ਵੀਰਾ ਕਹਾਣੀ ਵਿਚ ਭੈਣ-ਭਰਾ ਦਾ ਪਿਆਰ ਕੁਰਲਾਂਦੀ ਕੂੰਜ (ਦੋ ਭੈਣਾਂ ਦਾ ਪਿਆਰ ਤੇ ਇਕ ਦੂਜੇ ਲਈ ਕੁਰਬਾਨੀ) ਸਤੀਆਂ ਸੇਈ (ਭਗਤ ਸਿੰਘ ਦੀ ਮੰਗੇਤਰ ਬਾਰੇ) ਸ਼ਾਹਕਾਰ ਕਹਾਣੀਆਂ ਹਨ। ਗੌਰੀ ਨਾਵਲ ਵਿਚ ਗੌਰੀ ਦਾ ਜੋ ਹਸ਼ਰ ਹੁੰਦਾ ਹੈ ਜਦੋਂ ਉਸਦਾ ਉਧਾਲਾ ਹੁੰਦਾ ਹੈ ਤਾਂ ਟਿਵਾਣਾ ਦਾ ਕਹਿਣਾ ਕਿ ''ਅਫਸੋਸ ਹੈ, ਉਹ ਲੜਕੀ ਸੇਜੇ ਚੜ੍ਹ ਹੁੰਦੀ ਹੈ'' ਵਰਗਾ ਬਿਆਨ ਤਾਂ ਦੁੱਗਲ ਦੇ ਮੁਤਾਬਕ ਮੈਂ ਵੀ ਨਹੀਂ ਕਰ ਸਕਦਾ ਸੀ। ਉਹ ਟਿਵਾਣਾ ਦੀ ਕਲਮ ਦੀ ਸ਼ਕਤੀ ਨੂੰ ਬੇਜੋੜ ਮੰਨਦੇ ਹਨ।

ਇਸ ਪੁਸਤਕ ਵਿਚਲੇ ਰੇਖਾ-ਚਿੱਤਰ ਵਧੇਰੇ ਕਰਕੇ ਰਚਨਾ-ਪ੍ਰਧਾਨ ਰੇਖਾ-ਚਿਤਰ ਹਨ ਜਿਨ੍ਹਾਂ ਵਿਚੋਂ ਦਲੀਪ ਕੌਰ ਟਿਵਾਣਾ ਦੀ ਸਖ਼ਸ਼ੀਅਤ ਰਚਨਾਵੀ ਦ੍ਰਿਸ਼ਟੀਕੋਣ ਵਿਚੋਂ ਪੇਸ਼ ਹੁੰਦੀ ਹੈ।

ਜਿਵੇਂ ਸ਼ਾਂਤ ਸੰਘਰਸ਼ ਦੀ ਬੀਰੰਗਨਾ ਵਿਚ ਪਿਆਰਾ ਸਿੰਘ ਪਦਮ ਟਿਵਾਣਾ ਦੇ ਜੀਵਨ ਤੇ ਰਚਨਾ ਬਾਰੇ ਗੱਲ ਕਰਦਾ ਉਸਦੀ ਲਿਖਤ ਵਿਚਲੀ ਨਾਰੀ-ਸੰਵੇਦਨਾ ਦੀ ਗੱਲ ਕਰਦਿਆਂ, ਨਾਰੀ ਸੁਤੰਤਰਤਾ ਦੀ ਗੱਲ ਕਰਦਿਆਂ, 'ਮਰਯਾਦਾ' ਨੂੰ ਟਿਵਾਣਾ ਦਾ ਇਕ 'ਨੇਕ ਵਾਅਦਾ' ਕਰਾਰ ਦਿੰਦਾ ਹੈ। ਗੁਲਜ਼ਾਰ ਸਿੰਘ ਸੰਧੂ ਧੂੜਾਂ ਧੁੰਦਲਕੇ ਤੇ ਧੜਕਣ ਵਿਚ ਦਲੀਪ ਕੌਰ ਟਿਵਾਣਾ ਦੀਆਂ ਰਚਨਾਵਾਂ ਤੇ ਆਲੋਚਨਾਤਮਕ ਪ੍ਰਤੀਕਰਮ ਦਿੰਦਾ ਹੈ। ਏਹੋ ਹਮਾਰਾ ਜੀਵਣਾ, ਵਾਟ ਹਮਾਰੀ, ਲੰਘ ਗਏ ਦਰਿਆ, ਕਥਾ ਕਹੋ ਉਰਵਸ਼ੀ ਦੀ ਆਲੋਚਨਾ ਕਰਦਿਆਂ ਪ੍ਰੰਪਰਾ ਤੇ ਆਧੁਨਿਕਤਾ ਦੇ ਦਵੰਦ ਵਿਚ ਫਸੇ ਪਾਤਰਾਂ ਦੀ ਗੱਲ ਕਰਦਿਆਂ ਗੁਲਜ਼ਾਰ ਸਿੰਘ ਸੰਧੂ ਦਾ ਆਖਣਾ ਹੈ :

ਲੇਖਿਕਾ ਨਾਵਲ ਦੀਆਂ ਘਟਨਾਵਾਂ ਦੇ ਨਾਲ ਤਾਂ ਤੁਰਦੀ ਹੈ, ਪਰ ਉਸਦੇ ਮਨ ਦਾ ਸੰਕੋਚ ਨਾਇਕਾ ਦੇ ਗੁਣਾਂ ਨੂੰ ਉਭਾਰ ਤੇ ਨਿਖਾਰ ਨਹੀਂ ਸਕਿਆ। ਇਹੋ ਕਾਰਨ ਹੈ ਕਿ ਉਸਦੀ ਇਹ ਰਚਨਾ ਸਫ਼ਲਤਾ ਦੇ ਐਨ ਨੇੜੇ ਪਹੁੰਚ ਕੇ ਵੀ ਸਿਖ਼ਰ ਤੋਂ ਪਿੱਛੇ ਰਹਿ ਗਈ ਹੈ। ਨੰਗੇ ਪੈਰਾਂ ਦਾ ਸਫਰ ਮਾਤਰ।2

ਬੇਗਾਨੀਆਂ ਧੀਆਂ ਦਾ ਬਾਬਲ ਇਮਰੋਜ਼ ਵੱਲੋਂ ਲਿਖਿਆ ਰੇਖਾ-ਚਿੱਤਰ ਵਾਸਤਵ ਵਿਚ ਰੇਖਾ-ਚਿੱਤਰ ਹੈ ਹੀ ਨਹੀਂ। ਇਸ ਵਿਚ ਇਮਰੋਜ਼ ਤੇ ਟਿਵਾਣਾ ਦੇ ਪਿਉ-ਧੀ ਵਾਲੇ ਰਿਸ਼ਤੇ ਦੀ ਗੱਲ ਕਰਦਿਆਂ ਇਸ ਰਿਸ਼ਤੇ ਪਿੱਛੇ ਬਣੇ ਘਟਨਾਕ੍ਰਮ ਨੂੰ ਦੱਸਦਿਆਂ ਟਿਵਾਣਾ ਦੇ ਸੰਕੋਚੀ, ਸੰਜਮੀ, ਮਰਯਾਦਾ ਭਰਪੂਰ ਸੁਭਾਅ ਦੀ ਗੱਲ ਕੀਤੀ ਗਈ ਹੈ। ਇਸੇ ਤਰ੍ਹਾਂ ਭੂਤਾਂ ਬਾਰੇ ਦਲੀਪ ਕੌਰ ਟਿਵਾਣਾ ਲਿਖਤ ਲੇਖ ਹੈ ਜਿਸ ਵਿਚ ਸਾਹਿਤਕ ਭੂਤਾਂ ਗੁਰਭਗਤ ਸਿੰਘ, ਹਰਿੰਦਰ ਮਹਿਬੂਬ, ਸੁਤਿੰਦਰ ਨੂਰ, ਨਵਤੇਜ ਭਾਰਤੀ, ਕੁਲਵੰਤ ਗਰੇਵਾਲ, ਪ੍ਰੋ. ਹਰਭਜਨ, ਲਾਲੀ ਬਾਬਾ, ਸੁਰਜੀਤ ਲੀਅ ਦੀ ਗੱਲ ਕਰਦਿਆਂ ਉਹਨਾਂ ਦੀ ਸਾਹਿਤਕ ਚੇਟਕ ਦੀ ਗੱਲ ਕੀਤੀ ਹੈ। ਇਸੇ ਤਰ੍ਹਾਂ ਨਿਵਣੁ ਸੁ ਅਖਰੁ ਖਵਣੁ ਗੁਣ ਵਿਚ ਗੁਰਦਿਆਲ ਸਿੰਘ ਨੇ ਗੱਲ ਹੀ ਭੂਤਵਾੜੇ ਤੋਂ ਸ਼ੁਰੂ ਕੀਤੀ ਹੈ ਤੇ ਲਗਾਤਾਰ ਇਸੇ 'ਤੇ ਫੋਕਸ ਕਰਦਿਆਂ ਟਿਵਾਣਾ ਦਾ ਸਾਹਿਤਕ ਭੂਤਾਂ ਨੂੰ ਸਾਹਿਤਕ ਤੌਰ 'ਤੇ ਚੇਤੰਨ ਕਰਨਾ, ਭਾਵ ਲਿਖਣ ਦੀ ਜਾਗ ਲਾਉਣ ਦੀ ਗੱਲ ਕੀਤੀ ਹੈ। ਇਸ ਨੂੰ ਰੇਖਾ-ਚਿਤਰ ਦੀ ਕੋਟੀ ਵਿਚ ਨਹੀਂ ਰੱਖਿਆ ਜਾ ਸਕਦਾ।

ਸ. ਸੋਜ਼ ਕਥਾ ਕਹਿੰਦੀ ਉਰਵਸ਼ੀ ਵਿਚ ਦਲੀਪ ਕੌਰ ਟਿਵਾਣਾ ਦੀ ਲਿਖਤ ਤੇ ਫੋਕਸ ਕਰਦਿਆਂ ਉਸਦੀ ਰਚਨਾ ਤੇ ਸਖ਼ਸ਼ੀਅਤ ਵਿਚ ਸਮਤੋਲ ਦੇਖਦਾ ਵਾਸਤਵ ਵਿਚ ਉਸਦੀ ਆਪਣੀ ਜ਼ਿੰਦਗੀ ਦੇ ਅਨੁਭਵ, ਨਿਜ਼ੀ ਜ਼ਿੰਦਗੀ ਦੀ ਪੇਸ਼ਕਾਰੀ, ਕਥਾਕਾਰੀ ਨੂੰ ਉਸਦਾ ਹਾਸਿਲ ਮੰਨਦਾ ਹੈ ਪ੍ਰੰਤੂ ਇਕ ਲਛਮਣ-ਰੇਖਾ ਨੂੰ ਉਲੰਘਣ ਦਾ ਤਹੱਈਆ ਕਰ ਬੈਠੀ ਟਿਵਾਣਾ ਨੂੰ ਉਸਦੀ ਰਚਨਾ ਦਾ ਔਗੁਣ ਮੰਨਦਾ ਹੈ:

ਬਹੁਤ ਚਿਰ ਪਹਿਲਾਂ ਹੌਜ ਖ਼ਾਸ ਗਿਆ ਮੈਂ। ਅੰਮ੍ਰਿਤਾ ਨੇ ਹਥਲਾ ਚਾਹ ਦਾ ਪਿਆਲਾ ਸਾਹਮਣੇ ਮੇਜ 'ਤੇ ਰੱਖਿਆ। ਟਿਵਾਣਾ ਦੀ ਗੱਲ ਚੱਲਣੀ ਹੀ ਸੀ, ਚੱਲੀ ! ਉਸ ਨੂੰ ਆਖੋ, ਗੁੱਛਾ-ਮੁੱਛਾ ਹੋ ਕੇ ਨਾ ਬੈਠੇ? ਆਪਣੇ ਝੁੰਗਲਮਾਟੇ 'ਚੋਂ ਬਾਹਰ ਆਏ। ਉਸ ਦੀਆਂ ਕਹਾਣੀਆਂ ਹਾਲੀਂ ਸੁੰਗੜੀਆਂ ਹੋਈਆਂ ਨੇ। ਸਿਮਟੀਆਂ ਸਿਮਟੀਆਂ। ਉਹਨਾਂ ਅਕੜੇਸ ਭੰਨਣੀ ਏਂ, ਗੱਲ ਬਣਨੀ ਏ।3

ਇਹ ਰੇਖਾ-ਚਿੱਤਰ ਲੇਖਿਕਾ ਦੀ ਸਿਰਜਣ ਪ੍ਰਕ੍ਰਿਆ ਤੇ ਕੇਂਦਰਿਤ ਹੈ। ਰੇਖਾ ਚਿੱਤਰ ਅਜਿਹੀ ਵਿਧਾ ਹੈ ਜਿਸ ਵਿਚ, ਕਿਸੇ ਵੀ ਸਖ਼ਸ਼ੀਅਤ ਦੀ ਸੰਪੂਰਨ ਪੇਸ਼ਕਾਰੀ ਗੁਣਾਂ-ਔਗੁਣਾਂ ਸਮੇਤ ਕੀਤੀ

ਜਾਂਦੀ ਹੈ। ਇਹਨਾਂ ਰੇਖਾ-ਚਿੱਤਰਾਂ ਵਿਚੋਂ ਵੀ ਦਲੀਪ ਕੌਰ ਟਿਵਾਣਾ ਦੀ ਸ਼ਖ਼ਸ਼ੀਅਤ ਵਿਚਲੇ ਨਿਮਰਤਾ, ਸੰਜਮਤਾ, ਅਪਣੱਤ, ਮਦਦਗਾਰ, ਸਲੀਕਾ, ਅਦਬ, ਨੈਤਿਕਤਾ, ਵਿਦਿਆਰਥੀਆਂ, ਸਹਿਕਰਮੀਆਂ ਦੀ ਮਿੱਤਰ ਗੁਰੂ ਦੇ ਰੂਪ ਵਿਚ ਗੁਣਾਂ ਨਾਲ ਹੋਈ ਟਿਵਾਣਾ ਦੀ ਤਸਵੀਰ ਮਿਲਦੀ ਹੈ।

ਅਜਮੇਰ ਸਿੰਘ ਔਲਖ ਆਪਣੀਆਂ ਪੁਰਾਣੀਆਂ ਯਾਦਾਂ ਵਿਚ ਆਪਣੇ ਵਿਦਿਆਰਥੀਆਂ ਦੀ ਮਿੱਤਰ ਗੁਰੂ ਦੇ ਰੂਪ ਵਿਚ ਟਿਵਾਣਾ ਦਾ ਆਪਣੇ ਵਿਦਿਆਰਥੀਆਂ ਨੂੰ ਮਿੱਤਰ ਗੁਰੂ ਵਾਂਗ ਲਿਖਣ-ਪੜ੍ਹਨ ਲਈ ਪ੍ਰੇਰਿਤ ਕਰਨ ਵਾਲੇ ਪੱਖ ਨੂੰ ਉਘਾੜਦਾ ਹੈ। ਯਾਦ ਦੇ ਝਰੋਖੇ ਵਿਚੋਂ ਹੀ ਅਨੂਪ ਵਿਰਕ ਟਿਵਾਣਾ ਨੂੰ ਮੁਰਸ਼ਦ ਮੰਨਦਾ, ਮਨ ਦੀ ਮੁਰਸ਼ਦ ਦੇ ਰੂਪ ਵਿਚ ਪੇਸ਼ ਕਰਦਾ ਹੈ ਜਿੱਥੇ ਉਹ ਆਪਣੇ ਵਿਦਿਆਰਥੀਆਂ ਨੂੰ ਮੁਰਸ਼ਦ ਵਾਂਗ ਗਿਆਨ ਦਿੰਦੀ ਹੈ। ਇਹ ਰੇਖਾ-ਚਿੱਤਰ ਨਾ ਹੋ ਕੇ ਵਧੇਰੇ ਮੁਰਸ਼ਦ 'ਤੇ ਲਿਖਿਆ ਲੇਖ ਹੋ ਨਿਬੜਿਆ ਹੈ। ਬਲਵਿੰਦਰ ਕੌਰ ਬਰਾੜ ਵੀ ਕੁਝ ਕਰਮਾਂ ਦੀ ਵਿਥ ਤੋਂ ਉਸਦੀ ਨਿਮਰਤਾ, ਸਾਦਗੀ, ਬੌਧਿਕਤਾ, ਪਿਆਰ ਕਰਨ ਵਾਲੀ ਰੂਹ, ਮਦਦਗਾਰ ਟਿਵਾਣਾ ਦੀ ਪੇਸ਼ਕਾਰੀ ਕਰਦੀ, ਉਸਦੀ ਸ਼ਖ਼ਸ਼ੀਅਤ ਅਤੇ ਰਚਨਾਵਾਂ ਤੇ ਦਲੀਪ ਕੌਰ ਟਿਵਾਣਾ ਦੀ ਮਾਂ ਦੇ ਪ੍ਰਭਾਵ ਨੂੰ ਵਧੇਰੇ ਅਸਰ-ਅੰਦਾਜ਼ ਮੰਨਦੀ ਹੈ। ਦਲੀਪ ਕੌਰ ਟਿਵਾਣਾ ਦੀ ਇਹ ਅਪਣੱਤ ਸਿਰਫ਼ ਵਿਦਿਆਰਥੀਆਂ, ਸਹਿਕਰਮੀਆਂ ਨਾਲ ਹੀ ਨਹੀਂ ਏਥੋਂ ਤੱਕ ਕਿ ਆਪਣੇ ਘਰ ਰੱਖੇ ਮੁੰਡੇ ਬਬਲੂ ਨਾਲ ਵੀ ਜੋ ਟਿਵਾਣਾ ਨੂੰ 'ਭੂਆ' ਕਹਿ ਕੇ ਸੰਬੋਧਿਤ ਕਰਦਾ ਹੈ ਨਾਲ ਵੀ ਹੈ ਤੇ ਸਾਦਗੀ ਤੇ ਬੇਪਰਵਾਹੀ ਇੰਨੀ ਕਿ ਤਰਸੇਮ ਦੇ ਘਰ ਆਉਣ ਤੇ ਚੀਨੀ ਨਾ ਹੋਣ ਤੇ ਬਬਲੂ ਨੂੰ ਭੋਗ ਤੋਂ ਆਏ ਪਤਾਸੇ ਪਾ ਕੇ ਚਾਹ ਬਣਾਉਣ ਨੂੰ ਵੀ ਓਪਰਾ ਨਹੀਂ ਸਮਝਦੀ। ਤਰਸੇਮ ਰਚਿਤ ਪਤਾਸਿਆਂ ਵਾਲੀ ਚਾਹ ਵਿਚ ਟਿਵਾਣਾ ਦੇ ਫੁੱਲਾਂ ਬੂਟਿਆਂ ਪ੍ਰਤੀ ਮੋਹ, ਸਬਜ਼ੀਆਂ ਦੀ ਕਾਸ਼ਤ ਤੇ ਏਥੋਂ ਤੱਕ ਕਿ ਘਰ ਦੀ ਇਕ ਨੁੱਕਰੇ ਰੂੜੀ ਵੀ ਲਾਈ ਹੋਣ ਦਾ ਜ਼ਿਕਰ ਕਰਦਾ ਹੈ। ਤਰਸੇਮ ਦੇ ਅਨੁਸਾਰ ਘਰ ਦੇ ਵਿਚ ਲੱਗੇ ਬੂਟੇ ਨੂੰ ਉਹ ਕੱਟਣ ਨਹੀਂ ਦਿੰਦੀ, ਰੁੱਖਾਂ, ਮੋਰਾਂ, ਪ੍ਰਕ੍ਰਿਤੀ ਨਾਲ ਵੀ ਉਸਦਾ ਮੋਹ ਦਾ ਰਿਸ਼ਤਾ ਹੈ :-

ਭਾਵੇਂ ਅਸੀਂ ਨਗਰਾਂ-ਮਹਾਨਗਰਾਂ ਵਿਚ ਆ ਵਸੇ ਹਾਂ ਪਰ ਸਾਰੇ ਲਹੂ ਦੀ ਤਾਸੀਰ ਪੇਂਡੂ ਹੈ। ਇਸੇ ਕਾਰਨ ਜੋ ਥੋੜ੍ਹੀ ਬਹੁਤ ਸਮਝ, ਸਿਆਣਪ, ਸਾਦਗੀ, ਸੁਹਿਰਦਤਾ ਅਤੇ ਰਿਸ਼ਤਿਆਂ ਦੀ ਕਦਰ ਬਚੀ ਹੈ, ਉਹ ਸਾਡੇ ਪੇਂਡੂ ਹੋਣ ਕਾਰਨ ਹੈ। ਸ਼ੁਕਰ ਹੈ, ਟਿਵਾਣਾ ਦੀ ਜ਼ਿੰਦਗੀ 'ਚ ਅਤੇ ਸਾਹਿਤ ਵਿਚ ਪਿੰਡ ਧੜਕਦਾ ਹੈ।4

ਡਾ. ਜਸਵਿੰਦਰ ਸਿੰਘ ਅਤੇ ਡਾ. ਧਨਵੰਤ ਕੌਰ ਰਚਿਤ ਰੇਖਾ ਚਿੱਤਰ ਪਟਿਆਲੇ ਦੀ ਧਰਤੀ ਨੂੰ ਮਿਲਿਆ ਵਰ ਵਿਚ ਟਿਵਾਣਾ ਦੇ ਘਰ ਨੂੰ ਤਪੋਬਨ ਦੀ ਤਸ਼ਬੀਹ ਦਿੰਦੇ ਉਸਦੀ ਸਖ਼ਸ਼ੀਅਤ ਨੂੰ ਬਹੁਤ ਕਲਾਕਾਰੀ ਨਾਲ ਸ਼ਬਦਾਂ ਰਾਹੀਂ ਰੇਖਾਂਕਿਤ ਕਰਦੇ ਹਨ :

ਪੰਜਾਬਣ ਦੀ ਮੜਕ ਤੇ ਮੜਾਂਗੇ ਵਾਲੀ, ਵੱਡੀ ਔਰਤ ਦੇ ਸੁਹਜ ਤੇ ਸਲੀਕੇ ਵਾਲੀ, ਤਪੀਆਂ ਵਾਲੇ ਜੇਰੇ ਤੇ ਸਬਰ ਵਾਲੀ ਮੈਡਮ ਟਿਵਾਣਾ ਇਕ ਅਜ਼ੀਮ ਸਖ਼ਸ਼ੀਅਤ ਹੈ। ਉਨ੍ਹਾਂ ਦੇ ਵਿਹੜੇ ਵਿਚ ਫੈਲਿਆ ਬੋਹੜ, ਉਹਨਾਂ ਦੇ ਪਿਛਲੇ ਵਿਹੜੇ ਵਿਚ ਪਏ ਦਾਣਿਆਂ ਦੇ ਘੜੇ, ਅਚਾਰਾਂ ਦੇ ਭਰੇ ਮਰਤਬਾਨ, ਮੋਰਾਂ ਦੀ ਨਿਰਵਿਘਨ ਆਵਾਜਾਈ ਹੀ ਉਨ੍ਹਾਂ ਦੇ ਤਪੋਬਨ ਦੀ ਪਛਾਣ ਨਹੀਂ, ਇਸ ਵਿਹੜੇ ਵਿਚ ਆਪੋ-ਆਪਣੇ ਬੈਠਣ ਲਈ ਥਾਂ ਬਣਾਉਂਦਾ 'ਸਾਹਿਤਕ ਪਰਿਵਾਰ' ਇਸ ਤਪੋਬਨ ਦੀ ਮਿਕਨਾਤੀਸੀ ਖਿੱਚ ਦਾ ਪ੍ਰਮਾਣ ਹੈ। ਪਟਿਆਲੇ ਆਇਆ ਹਰ ਵੱਡਾ-ਛੋਟਾ ਲੇਖਕ ਇਸ ਤਪੋਬਨ ਵਿਚ ਫੇਰੀ ਪਾਉਣਾ ਚਾਹੁੰਦਾ ਹੈ। ਯੂਨੀਵਰਸਿਟੀ ਦੀ ਸਾਰੀ ਨਵੀਂ ਪਨੀਰੀ ਨਿਤਨੇਮ ਵਾਂਗ ਚੱਕਰ

ਲਾਉਂਦੀ ਹੈ।5

ਦਲੀਪ ਕੌਰ ਟਿਵਾਣਾ ਨਾਲ ਸਬੰਧਿਤ ਇਨ੍ਹਾਂ ਰੇਖਾ-ਚਿੱਤਰਾਂ ਨੂੰ ਪੜ੍ਹਦਿਆਂ ਇਕ ਖ਼ੂਬਸੂਰਤ ਅਹਿਸਾਸ ਹੁੰਦਾ ਹੈ। ਉਸਦੀ ਸਖ਼ਸ਼ੀਅਤ ਦੇ ਵਿਕੋਲਿਤਰੇ ਪਾਸਾਰ, ਪਾਠਕਾਂ ਸਾਂਹਵੇ ਸਾਕਾਰ ਹੋ ਜਾਂਦੇ ਹਨ। ਨਿੱਕੇ-ਨਿੱਕੇ ਟੋਟਕਿਆਂ ਨਾਲ ਰਮਜ਼ ਸਮਝਾ ਦੇਣੀ, ਪੜ੍ਹਨ ਦੀ ਜਾਗ ਲਾਉਣੀ, ਲਾਡ ਵੀ ਕਰਨਾ ਤੇ ਡਾਂਟਣਾ ਵੀ। ਇਹ ਸਾਰਾ ਕੁੱਝ ਟਿਵਾਣਾ ਇੰਨੀ ਅਣਪੱਤ, ਬਿਨਾ ਉਚੇਚ ਤੇ ਸਹਿਜ-ਸੁਭਾਅ ਹੀ ਕਰਦੀ ਹੈ ਕਿ ਸੁਣਨ ਵਾਲੇ, ਮਿਲਣ ਵਾਲੇ ਦਾ ਚਿੱਤ ਵਿਸਮਾਦੀ ਆਨੰਦ ਵਿਚ ਪਹੁੰਚ ਜਾਂਦਾ ਹੈ। ਉਹਨਾਂ ਦੀ ਇਸ ਖ਼ੂਬੀ ਦਾ ਜ਼ਿਕਰ ਡਾ. ਜਸਵਿੰਦਰ ਤੇ ਡਾ. ਧਨਵੰਤ ਦੇ ਰੇਖਾ-ਚਿੱਤਰ ਵਿਚ ਮਿਲਦਾ ਹੈ :

ਵੱਡੀ ਸਖ਼ਸ਼ੀਅਤ ਦੀ ਅਸਲ ਪਛਾਣ ਹੀ ਇਹ ਹੁੰਦੀ ਹੈ ਕਿ ਉਸਦੀ ਹਾਜ਼ਰੀ-ਹਜ਼ੂਰੀ ਵਿਚ ਤੁਸੀਂ ਖ਼ੁਦ ਨੂੰ ਵੱਡੇ-ਵੱਡੇ, ਚੰਗੇ-ਚੰਗੇ, ਸੋਹਣੇ-ਸੋਹਣੇ ਮਹਿਸੂਸ ਕਰਦੇ ਹੋ........ ਮੈਡਮ ਟਿਵਾਣਾ ਦੀ ਬੁਲੰਦ ਸਖ਼ਸ਼ੀਅਤ ਦਾ ਸਭ ਤੋਂ ਤੇਜਮਈ ਪਾਸਾਰ ਹੀ ਇਹ ਹੈ ਕਿ ਉਨ੍ਹਾਂ ਦੇ ਸਾਥ ਵਿਚ ਤੁਸੀਂ ਆਪਣੇ ਆਪ ਨੂੰ ਮਾਣ ਭਰੇ, ਖੁਸ਼-ਖੁਸ਼ ਅਤੇ ਅੱਡਰੇ-ਅੱਡਰੇ ਮਹਿਸੂਸ ਕਰਦੇ ਹੋ। ਬੰਦੇ ਅੰਦਰਲੀ, ਬੰਦਿਆਈ ਦੀ, ਚੰਗਿਆਈ ਦੀ ਅਤੇ ਕਰਤਾਰੀ ਸ਼ਕਤੀ ਦੀ ਉਨ੍ਹਾਂ ਨੂੰ ਭਰਪੂਰ ਪਛਾਣ ਹੈ ਅਤੇ ਇਸ ਤੋਂ ਵੀ ਪਿਆਰੀ ਤੇ ਵੱਡੀ ਗੱਲ ਇਹ ਹੈ ਕਿ ਬੰਦੇ ਨੂੰ ਇਸ ਗੱਲ ਦਾ ਅਹਿਸਾਸ ਉਹ ਅਜਿਹੇ ਮੌਕੇ 'ਤੇ ਕਰਾਉਂਦੇ ਹਨ ਕਿ ਬੰਦੇ ਨੂੰ ਆਪਣੇ ਆਪ 'ਤੇ ਮਾਣ ਕਰਨ ਲਾ ਦਿੰਦੇ ਹਨ।6

ਜਿਸ ਦੀ ਸੰਗਤ ਵਿਚ ਹਰ ਵੱਡਾ, ਛੋਟਾ ਮਾਣ ਮਹਿਸੂਸ ਕਰੇ ਅਜਿਹੀ ਖ਼ੂਬਸੂਰਤ, ਪਾਕ ਰੂਹ ਦਲੀਪ ਕੌਰ ਟਿਵਾਣਾ ਹੀ ਹੋ ਸਕਦੀ ਹੈ। ਰੇਖਾ ਚਿੱਤਰ ਅਜਿਹੀ ਵਿਧਾ ਹੈ ਜੋ ਇਕੋ ਸਮੇਂ ਵਾਰਤਕ ਅਤੇ ਕਾਵਿ ਦੋਹਾਂ ਵਿਚ ਲਿਖੀ ਜਾ ਰਹੀ ਹੈ। ਮੋਹਨਜੀਤ ਰਚਿਤ ਕਾਵਿ-ਚਿੱਤਰ, ਚੁੱਪ ਦੀ ਆਬਸ਼ਾਰ ਵਿਚ ਦਲੀਪ ਕੌਰ ਟਿਵਾਣਾ ਦੀ ਬੇਦਾਗ, ਮਾਣਮੱਤੀ, ਗੜਕਵੀਂ ਰਕਾਨ ਵਾਲੀ ਸਖ਼ਸ਼ੀਅਤ ਦੀ ਪੇਸ਼ਕਾਰੀ ਹੋਈ ਹੈ ਜਿਸ ਲਈ ਨਾਰੀਤਵ 'ਤੇ ਪਹਿਰਾ ਦੇਣਾ, ਉਸਦਾ ਦਾਇਤਵ ਹੈ। ਇਸ ਨੂੰ ਕਾਇਮ ਰੱਖਣਾ ਤੇ ਇਸ 'ਤੇ ਪਹਿਰਾ ਦੇਣਾ ਦਲੀਪ ਕੌਰ ਟਿਵਾਣਾ ਦੇ ਸੁਭਾਅ ਤੇ ਲੇਖਣੀ ਦਾ ਹਿੱਸਾ ਹੈ। ਮੋਹਨਜੀਤ ਇਸੇ ਨੂੰ ਉਸਦੀ ਸਖ਼ਸ਼ੀਅਤ ਦਾ ਮੀਰੀ ਗੁਣ ਮੰਨਦਾ ਹੈ :-

''ਜ਼ਿਆਫਤ ਜਾਂ ਦਾਅਵਤ ਗਵਰਨਰ ਦੀ ਹੋਵੇ
ਜਾਂ ਕਿਸੇ ਵੀ ਮੰਤਰੀ ਸੰਤਰੀ ਦੀ
ਸਵੀਕ੍ਰਿਤੀ ਦਾ ਹੱਕ ਉਸਦਾ ਆਪਣਾ ਹੁੰਦਾ
ਨਾਰੀਤਵ ਉਹਦੇ ਲਈ
ਰਚਨਾਤਮਕਤਾ ਹੈ, ਤਖ਼ਲੀਕ ਹੈ
ਏਸੇ ਲਈ ਘਰ 'ਚ ਵੀ ਦਲੀਪ ਕੌਰ ਹੈ
ਕਲਾਸ 'ਚ ਵੀ ਹੈ ਕਾਫੀ ਹਾਊਸ 'ਚ ਵੀ''7

ਰਵਿੰਦਰ ਭੱਠਲ ਰਚਿਤ ਕਾਵਿ ਰੇਖਾ-ਚਿੱਤਰ ਦੀਦੀ ਦਰਿਆ ਵਿਚ ਵੀ ਉਸਦੀ ਸਖ਼ਸ਼ੀਅਤ ਦੇ ਇਨ੍ਹਾਂ ਗੁਣਾਂ ਕਰਕੇ ਉਸਨੂੰ ਰਵਿੰਦਰ ਭੱਠਲ ਡੂੰਘੇ ਦਰਿਆ ਵਰਗੀ, ਨਿਰੰਤਰ ਵਹਿੰਦੀ ਹੋਈ, ਆਪਣੇ ਕਿਨਾਰਿਆਂ ਦੇ ਨਿਯੰਤਰਣ ਵਿਚ ਬੱਧੀ ਹੋਈ, ਮਹੀਨ ਰਮਜ਼ ਵਾਲੀ, ਚੁੰਬਕੀ ਆਕਸ਼ਰਣ ਵਾਲੀ, ਬੁੱਧ ਵਾਂਗ ਅਗੰਮ ਦੇ ਪ੍ਰਵਚਨ ਉਚਾਰਨ ਵਾਲੀ ਟਿਵਾਣਾ ਨੂੰ ਆਦਰਸ਼ ਅਧਿਆਪਕ ਤੇ ਮੋਹ ਨਾਲ ਦੀਦੀ ਮੰਨਦਾ ਹੈ। ਕੈਫ਼ੀ ਰਚਿਤ, ਕਾਵਿ-ਰੇਖਾ-ਚਿੱਤਰ ਦਲੀਪ ਕੌਰ ਟਿਵਾਣਾ ਸਿਰਫ਼ ਇਕ ਨਾਮ ਨਹੀਂ ਵਿਚ ਟਿਵਾਣਾ ਦੀ ਸਖ਼ਸ਼ੀਅਤ ਦੇ ਬਹੁਪੱਖੀ ਪਾਸਾਰ ਨੂੰ ਦਰਿਆ ਨਾਲ ਸੰਬੋਧਿਤ ਹੁੰਦਾ

ਹੈ। ਕੈਫੀ ਦਾ ਇਹ ਰੇਖਾ-ਚਿੱਤਰ ਰਚਨਾ ਪ੍ਰਧਾਨ ਕਾਵਿ-ਰੇਖਾ ਚਿੱਤਰ ਹੈ ਜਿਸ ਵਿਚ ਬਚਪਨ ਵਿਚ ਏਹੋ ਹਮਾਰਾ ਜੀਵਣਾ ਨਾਵਲ ਪੜ੍ਹਨ ਨਾਲ ਬਾਲਮਨ 'ਤੇ ਪਏ ਪ੍ਰਭਾਵ ਫਿਰ ਹੋਰ ਨਾਵਲ ਪੜ੍ਹਨ ਨਾਲ ਲੇਖਣੀ ਦੀ ਚੇਟਕ ਲੱਗੀ ਤੇ ਟਿਵਾਣਾ ਨੇ ਉਸਦੀ ਕਵਿਤਾ ਸੁਣ ਕੇ ਪਿਆਰ ਭਰਿਆ ਬੋਲ ਮਾਰਨਾ 'ਤੂੰ ਹੁਣ ਤੱਕ ਕਿੱਥੇ ਸੁੱਤਾ ਪਿਆ ਸੀ' ਨਾਲ ਜਿਵੇਂ ਕੈਫੀ ਅੰਦਰ ਸਾਹਿਤ ਦੀ ਚਿਣਗ ਨੂੰ ਹੋਰ ਹਵਾ ਦੇ ਦਿੰਦੇ ਹਨ। ਇਹੀ ਟਿਵਾਣਾ ਦੀ ਖ਼ੂਬਸੂਰਤੀ ਸੀ ਕਿ ਆਪਣੇ ਸੰਪਰਕ ਵਿਚ ਆਏ ਹਰ ਵਿਅਕਤੀ ਨੂੰ ਪੜ੍ਹਨ ਲਿਖਣ ਦੀ ਚੇਟਕ ਲਾਉਣੀ ਤੇ ਲਿਖਣ ਦੀ ਪ੍ਰਤਿਭਾ ਨੂੰ ਮੌਲਣ, ਵਿਗਸਣ ਲਈ ਪ੍ਰੇਰਨਾ ਦੇਣੀ ਇਖ਼ਲਾਕੀ ਫਰਜ਼ ਸੀ।

ਰੇਖਾ-ਚਿੱਤਰ ਦਾ ਇਕੋ ਵੇਲੇ ਵਾਰਤਕ ਤੇ ਕਵਿਤਾ ਵਿਚ ਲਿਖਿਆ ਜਾਣਾ ਇਸ ਵਿਧਾ ਦੀ ਵਿਲੱਖਣਤਾ ਹੈ ਪ੍ਰੰਤੂ ਇਸ ਪੁਸਤਕ ਵਿਚ ਡਾ. ਗੁਰਨਾਇਬ ਸਿੰਘ ਨੇ ਇਕ ਹੋਰ ਵਿਲੱਖਣ ਤਜ਼ਰਬਾ ਕੀਤਾ ਹੈ ਜਿੱਥੇ ਵਗ ਰਿਹਾ ਦਰਿਆ ਵਾਰਤਕ ਵਿਚ ਟਿਵਾਣਾ ਬਾਰੇ ਲਿਖੇ ਰੇਖਾ-ਚਿੱਤਰ ਤੋਂ ਆਰੰਭ ਹੁੰਦਾ ਹੈ ਫਿਰ ਲਿਖਦੇ-ਲਿਖਦੇ ਵਗ ਰਿਹਾ ਦਰਿਆ ਕਾਵਿ-ਰੇਖਾ-ਚਿੱਤਰ ਦੇ ਰੂਪ ਵਿਚ ਸ਼ੁਰੂ ਹੋ ਜਾਂਦਾ ਹੈ ਤੇ ਅੰਤ ਵਿਚ ਵਾਰਤਕ। ਅਸਲ ਵਿਚ ਦਰਿਆ ਵਰਗੀ ਟਿਵਾਣਾ ਦੇ ਬੇਰੋਕ ਗਤੀ, ਨਿਰੰਤਰ ਵਹਿਣ, ਪ੍ਰਬਲ ਵਹਿਣ, ਡੂੰਘੀ ਸਖ਼ਸ਼ੀਅਤ ਨੂੰ ਲਿਖਣ ਲੱਗਿਆਂ ਇਸ ਰੇਖਾ-ਚਿੱਤਰ ਵਿਚ ਦਰਿਆ ਵਰਗੀ ਖੁੱਲ੍ਹ ਲੈ ਲਈ ਗਈ ਹੈ। ਇਸੇ ਰੇਖਾ-ਚਿੱਤਰ ਦੇ ਆਰੰਭ ਵਿਚ ਪੁਸਤਕ ਦੇ ਸਿਰਲੇਖ ਉੱਚੀ ਰੱਬੋਂ ਦੀ ਧੀ ਬਾਰੇ ਸਪਸ਼ਟ ਹੁੰਦਾ ਹੈ ਕਿ ਉੱਚੀ ਰੱਬੋਂ ਪ੍ਰਸਿੱਧ ਸੁਤੰਤਰਤਾ ਸੰਗਰਾਮੀ ਭਾਈ ਮਹਾਰਾਜ ਸਿੰਘ ਦਾ ਪਿੰਡ ਹੈ ਤੇ ਪੰਜਾਬੀ ਲੇਖਿਕਾ ਦਲੀਪ ਕੌਰ ਟਿਵਾਣਾ ਦਾ ਵੀ ਪਿੰਡ ਏਹੋ ਹੈ। ਸਰਸਰੀ ਨਜ਼ਰ ਨਾਲ ਪੁਸਤਕ ਦਾ ਸਿਰਲੇਖ ਟਿਵਾਣਾ ਦੇ ਰੱਬ ਤੋਂ ਉੱਚੀ ਧੀ ਹੋਣ ਦਾ ਪ੍ਰਤੀਕ ਲੱਗਦਾ ਹੈ ਪਰ ਇਹ ਉਸਦੇ ਪਿੰਡ ਦਾ ਨਾਮ ਵੀ ਹੈ ਤੇ ਇਹ ਨਾਮ ਉਸਨੇ ਆਪਣੇ ਕਿਰਦਾਰ, ਲੇਖਣੀ ਰਾਹੀਂ ਉੱਚਾ ਰੱਖਿਆ ਹੈ।

ਦਲੀਪ ਕੌਰ ਟਿਵਾਣਾ ਅਸਾਧਾਰਣ ਪ੍ਰਤਿਭਾ ਦੀ ਮਾਲਿਕ ਸੀ। ਉਹ ਆਪਣੀ ਲੇਖਣੀ ਦੇ ਤਪੋਬਲ ਤੇ ਆਪਣੇ ਗਿਆਨ ਦੇ ਬਲ ਤੇ ਪਹੁੰਚੀ ਹੋਈ ਰੂਹ ਸੀ ਜੋ ਆਪਣੇ ਪਾਤਰਾਂ ਦੇ ਸਰੀਰਕ ਪੱਧਰ ਤੋਂ ਵੀ ਅੱਗੇ ਆਤਮਿਕ ਪੱਧਰ ਨਾਲ ਆਪਣੀ ਵਿਚਾਰਧਾਰਕ ਪਹੁੰਚ ਬਣਾਉਣ ਦੇ ਸਮਰੱਥ ਸੀ। ਮੈਡਮ ਉਰਫ ਦੀਦੀ ਰੇਖਾ-ਚਿੱਤਰ ਵਿਚ ਰਮਾ ਰਤਨ ਟਿਵਾਣਾ ਦੀ ਅਜਿਹੀ ਸਖ਼ਸ਼ੀਅਤ ਦੇ ਰੂ ਬ ਰੂ ਕਰਵਾਉਂਦੀ ਹੈ। ਟਿਵਾਣਾ ਨੇ ਕਾਫ਼ੀ ਹੱਦ ਤਕ ਦੁਨੀਆਂ ਭਰ ਦਾ ਦਰਸ਼ਨ, ਅਧਿਆਤਮ, ਕਲਾਸਿਕ ਸਾਹਿਤ ਪੜ੍ਹਿਆ ਸੀ ਜਿਸ ਕਰਕੇ ਉਸਦੀ ਦ੍ਰਿਸ਼ਟੀ ਬਹੁਤ ਬਾਰੀਕ ਤੇ ਵਿਸ਼ਾਲ ਸੀ। ਰਮਾ ਰਤਨ ਦੀ ਬ੍ਰਹਮਲੀਨ ਹੋਈ ਭੈਣ ਦੇ ਨਿਰਾਕਾਰ ਰੂਪ ਨਾਲ ਟਿਵਾਣਾ ਦੀ ਗੁਫ਼ਤਗੂ ਪਾਤਰ ਦੀ ਦੇਹ ਤੋਂ ਪਾਰ ਦੇਖਣ ਦਾ ਵਿਲੱਖਣ ਤਜਰਬਾ ਹੈ :

"ਇਸ ਸਭ ਕੁੱਝ ਤੋਂ ਮੈਂ ਇਹ ਕਹਾਣੀ ਨਹੀਂ ਕਹਿਣਾ ਚਾਹੁੰਦੀ ਕਿ ਦੀਦੀ ਰੂਹਾਂ ਨਾਲ ਗੱਲਾਂ ਕਰਦੇ ਹਨ ਸਗੋਂ ਮੈਂ ਇਹ ਸਪਸ਼ਟ ਕਰਨਾ ਚਾਹੁੰਦੀ ਹਾਂ ਕਿ ਲੇਖਿਕਾ ਡਾ. ਦਲੀਪ ਕੌਰ ਟਿਵਾਣਾ ਨਾ ਕੇਵਲ ਮਨੁੱਖਾਂ ਨਾਲ ਰਿਸ਼ਤਾ ਬਣਾਉਂਦੇ ਹਨ ਸਗੋਂ ਉਹ ਪੂਰੀ ਦੀ ਪੂਰੀ ਸਖ਼ਸ਼ੀਅਤ, ਸੋਚ, ਸੁਭਾਅ, ਸਥਿਤੀਆਂ, ਸੰਭਾਵਨਾਵਾਂ, ਸੀਮਾਵਾਂ, ਸੰਵੇਦਨਾਵਾਂ ਨਾਲ ਇਕਮਿਕ ਹੁੰਦੇ ਹਨ ਤੇ ਇਸੇ ਲਈ ਉਹਨਾਂ ਵਾਸਤੇ ਦੇਹ-ਵਿਦੇਹ ਦਾ ਭੇਤ ਨਹੀਂ ਰਹਿੰਦਾ। ਉਹ ਜਦ ਚਾਹੁਣ ਕਿਸੇ ਜੀਵ-ਨਿਰਜੀਵ, ਆਕਾਰ-ਨਿਰਾਕਾਰ ਨੂੰ ਆਪਣਾ ਪਾਤਰ ਸਿਰਜ ਸਕਦੇ ਹਨ। ਇਹੀ ਉਹਨਾਂ ਦੀ ਸਿਰਜਣਾ ਹੈ ਜਿਸ ਨੂੰ ਮੈਂ ਸਿਜਦਾ ਕਰਦੀ ਹਾਂ।"8

ਦਲੀਪ ਕੌਰ ਟਿਵਾਣਾ ਦੀ ਸ਼ਖ਼ਸ਼ੀਅਤ ਦੇ ਵਿਕੋਲਿਤਰੇ ਪਾਸਾਰ, ਰੰਗ ਇਹਨਾਂ ਰੇਖਾ-ਚਿੱਤਰਾਂ ਵਿਚ ਇਸ ਤਰ੍ਹਾਂ ਪੇਸ਼ ਹੋਏ ਹਨ ਕਿ ਟਿਵਾਣਾ ਕਿਸੇ ਜਾਦੂਈ, ਗੈਬੀ, ਅਗੰਮੀ ਰੂਹ ਵਾਂਗ ਪਾਠਕਾਂ ਦੇ ਸਾਂਹਵੇ ਰੂਪਮਾਨ ਹੋ ਜਾਂਦੀ ਹੈ। ਇਕ ਨਿਪੁੰਨ ਗ੍ਰਹਿਣੀ, ਇਕ ਆਦਰਸ਼ ਮਾਂ, ਆਦਰਸ਼ ਅਧਿਆਪਕ, ਚੇਤਨਾ ਨੂੰ ਜਾਗ ਲਗਾਉਣ ਵਾਲੀ, ਲਿਖਣ ਲਈ ਘੋਰ ਸਾਧਨਾ ਕਰਨ ਵਾਲੀ, ਪੁਸਤਕ ਪ੍ਰੇਮੀ, ਕੁਦਰਤ ਵਿਚ ਕਾਦਰ ਨੂੰ ਅਨੁਭਵ ਕਰਨ ਵਾਲੀ, ਪੰਛੀਆਂ ਨੂੰ ਪਿਆਰਨ ਵਾਲੀ, ਮੋਹ ਮਮਤਾ ਦੇ ਵਰ ਵਾਲੀ, ਗੰਭੀਰ, ਵਿਵੇਕਸ਼ੀਲ ਟਿਵਾਣਾ ਲਈ ਉਸਨੂੰ ਸ਼ਬਦਾਂ ਵਿਚ ਬੰਨ੍ਹਣਾ, ਚਿਤਰਨਾ ਕੋਈ ਸੌਖਾ ਕਾਰਜ ਨਹੀਂ। ਅਸਲ ਵਿਚ ਉਹ ਇਹਨਾਂ ਦੁਨੀਆਵੀ ਵਿਸ਼ੇਸ਼ਣਾਂ ਤੋਂ ਉੱਪਰ ਵਿਚਰਦੀ ਹੈ ਜਿਸਨੇ ਪ੍ਰੰਪਰਾ ਤੇ ਆਧੁਨਿਕਤਾ ਦੇ ਸੰਤੁਲਿਤ ਦਾਇਰੇ ਵਿਚ ਵਿਚਰਦਿਆਂ ਸਮੁੱਚੀ ਨਾਰੀ ਜਾਤੀ ਨੂੰ ਆਪਣੀਆਂ ਲਿਖਤਾਂ ਵਿਚ ਯੋਗ ਅਗਵਾਈ ਦਿੱਤੀ ਹੈ। ਜਸਬੀਰ ਭੁੱਲਰ ਅਜਿਹੀ ਸਖ਼ਸ਼ੀਅਤ ਨੂੰ ਮਰ ਕੇ ਵੀ ਵਿਲੀਨ ਹੋਣ ਵਾਲਾ ਤੱਤ ਨਹੀਂ ਮੰਨਦਾ ਕਿਉਂਕਿ ਉਸ ਦੀਆਂ ਲਿਖਤਾਂ ਤੇ ਉਹਦੀਆਂ ਕਿਤਾਬਾਂ ਵਿਲੀਨ ਹੋਣ ਵਾਲਾ ਤੱਤ ਨਹੀਂ ਜਿਹਨਾਂ ਰਾਹੀਂ ਉਹ ਪੰਜਾਬੀ ਜਗਤ ਵਿਚ ਹਮੇਸ਼ਾਂ ਅਮਰ ਰਹੇਗੀ, ਹਾਜ਼ਰ ਰਹੇਗੀ :

"ਇਸ ਤਰ੍ਹਾਂ ਵੀ ਭਲਾ ਕੋਈ ਮਰ ਜਾਂਦਾ ਹੁੰਦਾ ਏ। ਡਾਕਟਰ ਦਲੀਪ ਕੌਰ ਟਿਵਾਣਾ ਸਿਰਫ਼ ਪੰਜਾਂ ਤੱਤਾਂ ਦੀ ਹੀ ਤਾਂ ਨਹੀਂ ਬਣੀ ਹੋਈ। ਛੇਵਾਂ ਤੱਤ ਉਹਦੀਆਂ ਕਿਤਾਬਾਂ ਨੇ ਉਹ ਤੱਤ ਵਿਲੀਨ ਹੋਣ ਵਾਲਾ ਤੱਤ ਨਹੀਂ। ਉਹ ਜੇ ਲੁੱਕਣਮੀਟੀ ਖੇਡ ਵੀ ਰਹੀ ਹੋਵੇ ਤਾਂ ਆਪਾਂ ਲੱਭ ਲਵਾਂਗੇ ਉਸ ਨੂੰ ਉਹਦੇ ਅੱਖਰਾਂ ਵਿਚੋਂ, ਉਹਦੇ ਸ਼ਬਦਾਂ ਵਿਚੋਂ ਤੇ ਉਹਦੀਆਂ ਕਿਤਾਬਾਂ ਵਿਚੋਂ।"9

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਦਲੀਪ ਕੌਰ ਟਿਵਾਣਾ ਦੀ ਸਖ਼ਸ਼ੀਅਤ ਨਾਲ ਜੁੜੇ ਅਨੇਕ ਰੌਚਕ, ਗੁੱਝੇ ਪਹਿਲੂਆਂ ਨੂੰ ਇਸ ਪੁਸਤਕ ਵਿਚਲੇ ਰੇਖਾ-ਚਿੱਤਰਾਂ ਰਾਹੀਂ ਚਿਤਰਿਤ ਕਰਨ ਦਾ ਸੁਹਿਰਦ ਯਤਨ ਜਸਬੀਰ ਭੁੱਲਰ ਰਾਹੀਂ ਕੀਤਾ ਗਿਆ ਹੈ ਜੋ ਦਲੀਪ ਕੌਰ ਟਿਵਾਣਾ ਬਾਰੇ ਪਾਠਕਾਂ ਨੂੰ ਉਸ ਦੀ ਜਾਨਣ, ਸਮਝਣ ਦੀ ਜਗਿਆਸਾ ਦੀ ਪੂਰਤੀ ਕਰਦਾ ਹੈ। ਨਿਸ਼ਚੇ ਹੀ ਦਲੀਪ ਕੌਰ ਟਿਵਾਣਾ ਪੰਜ ਤੱਤਾਂ ਤੋਂ ਬਣੀ ਹੋਈ ਵਿਲੀਨ ਹੋਣ ਵਾਲੀ ਹਸਤੀ ਨਹੀਂ ਬਲਕਿ ਉਸ ਦੀਆਂ ਲਿਖਤਾਂ ਰਾਹੀਂ ਪੰਜਾਬੀ ਸਾਹਿਤ ਜਗਤ ਅਤੇ ਪਾਠਕਾਂ ਵਿਚ ਉਸਦੀ ਹਾਜ਼ਰੀ ਹਮੇਸ਼ਾ ਜੀਵੰਤ ਬਣੀ ਰਹੇਗੀ।

**ਹਵਾਲੇ ਅਤੇ ਟਿੱਪਣੀਆਂ :**

1. ਜਸਬੀਰ ਭੁੱਲਰ (ਸੰਪਾ.), ਉੱਚੀ ਰੱਬੋਂ ਦੀ ਧੀ, ਐਵਿਸ ਪਬਲੀਕੇਸ਼ਨਜ਼, ਚਾਂਦਨੀ ਚੌਕ, ਦਿੱਲੀ, 2020, ਪੰਨਾ 141.
2. ਉਹੀ, ਪੰਨਾ 45.
3. ਉਹੀ, ਪੰਨਾ 77.
4. ਉਹੀ, ਪੰਨਾ 155.
5. ਉਹੀ, ਪੰਨਾ 128.
6. ਉਹੀ, ਪੰਨਾ 129.
7. ਉਹੀ, ਪੰਨਾ 91.
8. ਉਹੀ, ਪੰਨਾ 125-126.
9. ਉਹੀ, ਪੰਨਾ 180.

# ਯਹਾਂ ਅੱਛੀ ਔਰਤ ਨਹੀਂ ਮਿਲਤੀ

*ਰਮਨਦੀਪ ਕੌਰ*

"ਬਹੁਤਾ ਅੱਡੀਆਂ ਚੱਕ ਚੱਕ ਨਹੀਂ ਵੇਖਣਾ ਕਿਸੇ ਨੂੰ "ਉਹਨੂੰ ਮੁੰਡੇ ਦੀ ਸਖ਼ਤੀ ਨਾਲ ਆਖੀ ਹੋਈ ਗੱਲ ਯਾਦ ਆਈ, ਉਹਨੇ ਨਹੀਂ ਵੇਖਿਆ, ਦਰਵਾਜ਼ਾ ਨਹੀਂ ਖੋਲਿਆ, ਬਾਲਕੋਨੀ ਵੱਲ ਨਹੀਂ ਗਈ, ਕਿਸੇ ਨੂੰ ਬੁਲਾਉਣ ਦੀ ਕੋਸ਼ਿਸ਼ ਨਾ ਕੀਤੀ ! ਘਰ ਦੀ ਸਫਾਈ ਤੇ ਰੋਟੀ ਦੇ ਕੰਮ ਮੁਕਾ ਕੇ ਉਹ ਕਮਰੇ 'ਚ ਬੈਠੀ ਰਹੀ ! ਕਮਰੇ 'ਚ ਬੈਠੀ ਉਹ ਸਾਹਮਣੇ ਕੰਧ ਨਾਲ ਠੱਕ ਠੱਕ ਵਜਦੇ ਕੈਲੰਡਰ ਨੂੰ ਘੂਰ ਕੇ ਵੇਖਣ ਲੱਗੀ !

ਕੈਲੰਡਰ 'ਤੇ ਅਜੀਬ ਤਸਵੀਰਾਂ ਸੀ, ਕੰਧ 'ਤੇ ਉੱਕਰੀਆਂ ਮਿੱਟੀ ਦੀਆਂ ਤਸਵੀਰਾਂ ਦੀਆਂ ਤਸਵੀਰਾਂ, ਪਤਾ ਨਹੀਂ ਕਿੰਨੇਂ ਮਰਦ ਸੀ ਇੱਕ ਤਸਵੀਰ 'ਚ, ਤੇ ਕਿੰਨੀਆਂ ਔਰਤਾਂ ! ਔਰਤਾਂ ਦੀ ਗਿਣਤੀ ਭਾਵੇਂ ਉਹਨੇ ਸਹੀ ਨਾ ਕੀਤੀ ਹੋਵੇ ਪਰ ਮਰਦਾਂ ਦੀ ਗਿਣਤੀ ਸਹੀ-ਸਹੀ ਕਰ ਗਈ, "ਮਰਦਾਂ ਦੀ ਤਾਂ ਇੱਕ ਹੀ ਪਛਾਣ ਹੈ ਬਸ" ! ਉਹਨੇ ਸੋਚਿਆ।

ਇੱਕ ਦੂਜੇ ਨੂੰ ਲਿਪਟੇ ਔਰਤਾਂ ਮਰਦ ਵੇਖ ਕੇ ਉਹਦੀ ਸੁਰਤੀ ਉਸੇ ਹੀ ਦੁਨੀਆ ਨਾਲ ਜਾ ਟਕਰਾਈ, ਜਿਸ ਦੁਨੀਆ ਦੀ ਉਹ ਪੈਦਾਇਸ਼ ਸੀ।

ਉਹਨੂੰ ਰਾਤਾਂ ਨੂੰ ਜਗਦੀਆਂ ਬੇਅੰਤ ਬੱਤੀਆਂ ਚੇਤੇ ਆਈਆਂ, ਅੱਖਾਂ ਨੂੰ ਚੁੰਧਿਆਉਂਦਾ ਹੋਇਆ ਚਾਨਣ, ਅੱਧ ਨੰਗੇ ਸਰੀਰ, ਸਾੜੀਆਂ 'ਚ ਲਿਪਟੀਆਂ, ਖੁਸ਼ਬੂ ਵਾਲੀਆਂ ਔਰਤਾਂ ! ਖ਼ੁਦ ਨੂੰ ਵੇਚਦੀਆਂ, ਪੇਸ਼ ਕਰਦੀਆਂ, ਅਵਾਜ਼ਾਂ ਦਿੰਦੀਆਂ ਔਰਤਾਂ !

ਤੇ ਉਹਨੂੰ ਨਾਲ ਖੇਡ ਕੇ ਵੱਡਾ ਹੋਇਆ ਨੂਰਾ ਯਾਦ ਆਇਆ, ਨੂਰਾ ਜੋ ਉਹਦੇ ਨਾਲ ਪਹਿਲੀ ਵਾਰੀ ਸੁੱਤਾ ਸੀ, ਉਦੋਂ ਉਹ ਤੇਰਾਂ ਸਾਲ ਦੀ ਸੀ। ਉਹ ਐਸੀਆਂ ਗਲੀਆਂ ਦੀ ਵਸਨੀਕ ਸੀ ਜਿੱਥੇ ਦਸ ਸਾਲ ਦੀ ਦੇਹ ਦਾ ਵੀ ਮੁੱਲ ਪੈਣ ਲਗਦਾ ਹੈ, ਤੇ ਉਹਨੂੰ ਉੱਥੇ ਜੰਮਣ ਦਾ ਕੋਈ ਅਫ਼ਸੋਸ ਨਹੀਂ ਸੀ, ਅਫ਼ਸੋਸ ਕਾਹਦਾ ? ਜਿੱਥੇ ਕੋਈ ਜੰਮਦੈ, ਉਸ ਥਾਂ ਨਾਲ ਉਹਨੂੰ ਪਿਆਰ ਹੁੰਦੈ, ਤੇ ਉਹਨੂੰ ਵੀ ਆਪਣੀ ਥਾਂ ਨਾਲ ਉਹੋ ਜਿਹਾ ਹੀ ਪਿਆਰ ਸੀ, ਉਹਨਾਂ ਮੁਹੱਲਿਆਂ 'ਚ ਹੀ ਉਹਦੀਆਂ ਚਾਚੀਆਂ, ਤਾਈਆਂ ਤੇ ਸਹੇਲੀਆਂ ਸੀ।

ਤੇ ਕੈਲੰਡਰ ਵੱਲ ਵੇਖਦੀ ਕੁੜੀ ਨੂੰ ਆਪਣੀ ਸਹੇਲੀ ਊਨਾਂ ਯਾਦ ਆਈ, ਊਨਾਂ ਵੀ ਪਹਿਲੀ ਵਾਰੀ ਨੂਰੇ ਨਾਲ ਹੀ ਸੁੱਤੀ ਸੀ ਪਰ

*ਫ਼ੋਨ : 7307111161*

ਇਸ ਗੱਲ ਦਾ ਉਹਨੂੰ ਬਾਦ 'ਚ ਪਤਾ ਲੱਗਾ, ਭਾਵੇਂ ਕਿ ਇਹ ਗੱਲ ਉਹਦੇ ਨਾਲ ਸੌਣ ਤੋਂ ਪਹਿਲਾਂ ਹੀ ਵਾਪਰ ਚੁੱਕੀ ਸੀ। ਉਹਨੂੰ ਇਹਦਾ ਆਨੰਦ ਨਹੀਂ ਸੀ ਆਇਆ, ਤੇ ਜੋ ਉਹਨੂੰ ਮਾਂ ਕੋਲੋਂ ਗਾਲੀ ਗਲੋਚ ਤੇ ਮਾਰ ਖਾਣੀ ਪਈ ਉਹ ਵੱਖਰੀ, ਉਸ ਸਖ਼ਤ ਚਪੇੜ ਨੂੰ ਗੱਲ 'ਤੇ ਮਹਿਸੂਸ ਕਰਦਿਆਂ ਕੈਲੰਡਰ ਵੱਲ ਵੇਂਹਦੀ ਕੁੜੀ ਨੂੰ ਜਲੂੰ ਜਲੂੰ ਮਹਿਸੂਸ ਹੋਣ ਲੱਗੀ।

ਉਦਾਸੀ ਵਿੱਚ ਉਹਨੇ ਸਿਰਾਹਣਾ ਮੂੰਹ 'ਤੇ ਰੱਖ ਕੇ ਅੱਖਾਂ ਮੀਚ ਲਈਆਂ, ਹਨੇਰੇ 'ਚ ਡਰਾਉਣੇਂ ਜਿਹੇ ਅਕਾਰ ਬਣੇ, ਉਹਦਾ ਸਾਹ ਗੁੰਮ ਹੋਇਆ ਤੇ ਘਰੋਂ ਬਾਹਰ ਨਿਕਲਣ ਨੂੰ ਜੀਅ ਕੀਤਾ ਪਰ ਉਦੋਂ ਹੀ ਉਹਨੂੰ ਮੁੰਡੇ ਦੀ 'ਤਾਕੀਦ' ਯਾਦ ਆਈ, ਕਿ "ਬਹੁਤਾ ਅੱਡੀਆਂ ਚੱਕ ਚੱਕ ਨਹੀਂ ਵੇਖਣਾ ਕਿਸੇ ਨੂੰ " !

ਕਮਰੇ ਦੀ ਖਿੜਕੀ ਤੋਂ ਉਹਨੇ ਜ਼ਰਾ ਜਿੰਨਾਂ ਪਰਦਾ ਹਟਾਇਆ ਤੇ ਥੱਲੇ ਵੇਖਣ ਲੱਗੀ, ਕੁਲਫੀਆਂ ਵਾਲੇ ਕੋਲ ਜਵਾਕਾਂ ਦਾ ਝੁੰਡ ਖੜਾ ਸੀ, ਉਹਦਾ ਕੁਲਫੀ ਖਾਣ ਨੂੰ ਜੀਅ ਕੀਤਾ। ਕੁਲਫੀ ਖਾਣਾ ਤਾਂ ਭਾਵੇਂ ਉਹਦੇ ਵੱਸ 'ਚ ਨਹੀਂ ਸੀ ਪਰ ਬਾਹਰਲਾ ਦ੍ਰਿਸ਼ ਵੇਖ ਕੇ ਉਹਦਾ ਮਨ ਆਨੰਦ 'ਚ ਹੋ ਗਿਆ। ਉਹਨੂੰ ਕੁੜੀਆਂ ਦਾ ਉਹ ਝੁਰਮਟ ਯਾਦ ਆਇਆ ਜੋ ਹਫ਼ਤੇ ਦੇ ਅਖ਼ੀਰ 'ਚ ਬਜ਼ਾਰਾਂ 'ਚ ਗੇੜੇ ਦਿੰਦਾ ਸੀ, ਉਹਨੂੰ ਇਹਨੀਂ ਦਿਨੀਂ ਬਜ਼ਾਰਾਂ 'ਚ ਖਾਧੇ ਤਰਬੂਜ਼ ਯਾਦ ਆਏ ਤੇ ਭੀੜੇ ਬਜ਼ਾਰ 'ਚ ਜਲੇਬੀਆਂ ਦੀ ਦੁਕਾਨ ਦਾ ਦ੍ਰਿਸ਼ ਉਹਦੀਆਂ ਅੱਖਾਂ 'ਚ ਜਿਉਂ ਦਾ ਤਿਉਂ ਬਣ ਗਿਆ।

ਜਲੇਬੀਆਂ ਦਾ ਸੁਆਦ ਉਹਦੀ ਜੀਭ ਤੇ ਲਬਲਬਾਇਆ ਪਰ ਘਰ ਦੀਆਂ ਗੁੱਠਾਂ 'ਚ ਫੈਲੀ ਸੁੰਨ ਨੇ ਉਹਦੇ ਮਨ ਨੂੰ ਹੋਰ ਉਦਾਸੀ ਵੱਲ ਧੱਕ ਦਿੱਤਾ।

ਦੋ ਮਹੀਨੇ ਦੋ ਸਾਲਾਂ ਜਿਹੇ ਲੱਗੇ ਉਹਨੂੰ, ਇਹ ਕਿਹੋ ਜਿਹਾ ਰਿਸ਼ਤਾ ਸੀ ਜੀਹਦੇ 'ਚ ਆਵਦੀ ਮਰਜ਼ੀ ਨਾਲ ਕੁਛ ਕਰ ਹੀ ਨਹੀਂ ਸਕਦਾ ਬੰਦਾ ! ਅਠਾਰਾਂ ਸਾਲਾਂ ਦੀ ਉਸ ਛਟੀਂਕ ਜਿਹੀ ਕੁੜੀ ਦਾ ਮਨ ਖਿਝ ਗਿਆ, ਲੋਕ ਕਹਿੰਦੇ ਰਹੇ ਇਹ ਜ਼ਿੰਦਗੀ ਬਿਹਤਰ ਹੈ ਪਰ ਬਿਹਤਰ ਕਿਸ ਤਰ੍ਹਾਂ ਹੈ ਉਹਨੂੰ ਇਹ ਸਮਝ ਨਾ ਆਇਆ !

ਉਹਨੂੰ ਆਵਦੀ ਜੰਮਣ ਵਾਲੀ ਯਾਦ ਆਈ, ਭਾਵੇਂ ਉਹਨੂੰ ਘੱਟ ਹੀ ਸਮਾਂ ਮਿਲਦਾ ਸੀ ਉਹਦੇ ਜੋਗਾ ਪਰ ਉਹ ਫਿਰ ਵੀ ਬਹੁਤ ਪਿਆਰ ਕਰਦੀ ਸੀ ਉਹਨੂੰ, ਉਹਦਾ ਫਿਕਰ ਕਰਦੀ ਸੀ, ਉਹਦੀਆਂ ਭੁੱਖਾਂ ਤੇਹਾਂ ਦਾ ਖਿਆਲ ਰੱਖਦੀ ਸੀ, ਉਹਨਾਂ ਨਿੱਕੀਆਂ ਗਲੀਆਂ 'ਚ ਉਹਨੂੰ ਵੱਡੀਆਂ ਖੁੱਲ੍ਹਾਂ ਸੀ, ਤੇ ਸਾੜ੍ਹੀਆਂ 'ਚ ਲਿਪਟੀਆਂ ਔਰਤਾਂ ਦੇ ਸੈਂਟ ਦੀ ਵਾਸ਼ਨਾਂ ਉਹਦੇ ਸਾਹਾਂ 'ਚ ਭਰਨ ਲੱਗੀ।

ਮੇਜ਼ 'ਤੇ ਪਈ ਮੁੰਡੇ ਦੀ ਤਸਵੀਰ ਉਹਨੇ ਮੁੜ ਚੱਕ ਲਈ, ਉਹਨੂੰ ਮੁੰਡੇ ਦਾ ਚਿਹਰਾ ਜ਼ਰਾ ਚੰਗਾ ਨਾ ਲੱਗਿਆ, ਇਹ ਤੀਹ ਸਾਲ ਦਾ ਮੁੰਡਾ ਉਹਨੂੰ ਵਿਆਹ ਕੇ ਲੈ ਆਇਆ ਸੀ,

ਉਹਨਾਂ ਦੇ ਰੰਗਦਾਰ ਮੁਹੱਲੇ 'ਚ ਸੋਗ ਪੈ ਗਿਆ ਸੀ, ਪੁਲਿਸ ਦਿਨ ਦਿਹਾੜੇ ਡਾਕੂਆਂ ਦੀ ਤਰ੍ਹਾਂ ਜੀਪਾਂ ਭਰ ਕੇ ਆਈ, ਤੇ ਸੁੱਤੀਆਂ ਪਈਆਂ ਉਹਦੀਆਂ ਚਾਚੀਆਂ ਤਾਈਆਂ ਸਮੇਤ ਉਹਨੂੰ ਵੀ ਧੱਕੇ ਮਾਰ ਕੇ ਥਾਣੇ ਲੈ ਗਈ, ਉੱਦਨ ਸ਼ਹਿਰ ਦਾ ਉਹ ਹਿੱਸਾ ਉਹਨੇ ਪਹਿਲੀ ਵਾਰ ਵੇਖਿਆ ਸੀ !

ਨੀਂਦ 'ਚੋਂ ਉੱਠੀਆਂ ਉਹਦੀਆਂ ਸਹੇਲੀਆਂ ਹਾਵਾਲਾਤ 'ਚ ਊਂਘ ਰਹੀਆਂ ਸੀ, ਐਨੀਆਂ ਔਰਤਾਂ ਇੱਕ ਕਮਰੇ 'ਚ ਵੜੀਆਂ ਬੈਠੀਆਂ ਵੇਖ ਉਹਨੂੰ ਹਾਸਾ ਆ ਗਿਆ ਪਰ ਫਿਰ ਛੇਤੀ ਹੀ ਉਹ ਅੱਕ ਗਈ, ਕੋਈ ਉਹਨਾਂ ਨੂੰ ਛੁਡਾਉਣ ਨਾ ਆਇਆ। ਉਹਨਾਂ ਨੂੰ ਉੱਥੋਂ ਛੁਡਾ ਕੇ ਲਿਜਾਣ

ਵਾਲੇ ਖ਼ੁਦ ਅੰਦਰ ਸੀ।

ਤੀਜੇ ਦਿਨ ਸਾੜੀਆਂ 'ਚ ਲਿਪਟੀਆਂ ਔਰਤਾਂ ਦਾ ਇੱਕ ਝੁੰਡ ਆਇਆ।

ਵੇਖਣ 'ਚ ਬਹੁਤ ਸਾਫ਼ ਸੁਥਰੀਆਂ ਲਗਦੀਆਂ ਸੀ, ਉਹਨਾਂ 'ਚੋਂ ਇੱਕ ਉਹਦੇ ਵੱਲ ਲਗਾਤਾਰ ਵੇਖੀ ਗਈ, ਇਹ ਉਹੀ ਔਰਤ ਸੀ ਜੋ ਮਗਰੋਂ ਉਹਨੂੰ ਆਪਣੇ ਨਾਲ ਲੈ ਗਈ।

ਸਮਾਜ ਭਲਾਈ ਵਾਲੀਆਂ ਇਹ ਔਰਤਾਂ ਨਿੱਕੀ ਨਿੱਕੀ ਉਮਰ ਦੀਆਂ ਸਭ ਕੁੜੀਆਂ ਨੂੰ ਗੱਡੀ 'ਚ ਬਿਠਾ ਕੇ ਨਾਲ ਲੈ ਗਈਆਂ ਸੀ। ਉਸ ਦਿਨ ਉਹਨੇ ਮਾਂ ਨੂੰ ਆਖਰੀ ਵਾਰ ਵੇਖਿਆ ਸੀ, ਪਰੇਸ਼ਾਨੀਂ ਨਾਲ ਭਰੀਆਂ ਉਹਦੀ ਮਾਂ ਦੀਆਂ ਅੱਖਾਂ ਉਹਦੇ ਵੱਲ ਵੇਖ ਰਹੀਆਂ ਸੀ।

ਊਨਾਂ ਉਹਦੇ ਨਾਲ ਈ ਉਸ ਗੱਡੀ 'ਚ ਸੀ, ਅਗਲੇ ਦੋ ਵਰਿਆਂ ਦਾ ਸਫ਼ਰ ਉਹਨੇ ਊਨਾਂ ਨਾਲ ਹੀ ਕੀਤਾ। ਉਹ ਕਿਸੇ ਆਸ਼ਰਮ 'ਚ ਰਹੀਆਂ, ਉਹਨਾਂ ਦੇ ਕਈ ਕਿਸਮ ਦੇ ਡਾਕਟਰੀ ਟੈਸਟ ਹੋਏ, ਪਹਿਨਣ ਨੂੰ ਕੱਪੜੇ ਦਿੱਤੇ ਗਏ, ਦੋ ਸਮੇਂ ਦਾ ਭੋਜਨ ਤੇ ਸਿਹਤ ਸੰਭਾਲ ਦੇ ਲੰਮੇ ਚੌੜੇ ਭਾਸ਼ਣ, ਜੋ ਕੁੜੀ ਨੂੰ ਬੜੇ ਅਕਾਊ ਲੱਗੇ। ਫਿਰ ਕੁਛ ਔਰਤਾਂ ਉਹਨਾਂ ਕੋਲ ਨਿੱਤ ਆਉਣ ਲੱਗੀਆਂ, ਜਿੰਨਾਂ ਨੇ ਕੱਪੜਿਆਂ ਨੂੰ ਸਿਉਣਾ, ਸੂਟਾਂ ਦੀ ਕਢਾਈ, ਤੇ ਹੋਰ ਕਈ ਵੱਲ ਚੱਜ ਦੱਸੇ।

ਡੇਢ ਦੋ ਸਾਲ ਉਸ ਆਸ਼ਰਮ 'ਚ ਰਹਿ ਕੇ ਉਹਨੇ ਇਹੋ ਸਿੱਖਿਆ ਸੀ ਕਿ ਰੋਟੀ ਲਈ ਕੁਛ ਬੀ ਨਹੀਂ ਕੀਤਾ ਜਾ ਸਕਦਾ, ਚੰਗੇ ਤੇ ਮਾੜੇ ਕੰਮ 'ਚ ਫਰਕ ਹੁੰਦਾਂ ਹੈ, ਵਿਆਹ ਇੱਕ ਪਵਿੱਤਰ ਚੀਜ਼ ਹੈ ਤੇ ਇੱਕ ਔਰਤ ਲਈ ਇੱਕ ਹੀ ਮਰਦ ਢੁਕਵਾਂ ਮੇਲ ਹੁੰਦੈ !

ਕੁੜੀਆਂ ਨੇ ਇਹੋ ਯਾਦ ਰੱਖਣਾ ਸੀ ਕਿ ਉਹ ਅਨਾਥ ਨੇ ਜਾਂ ਕਿਸਮਤ ਦੀਆਂ ਮਾਰੀਆਂ ਹੋਈਆਂ ਪਰ ਅਸਲੀਅਤ ਵਿੱਚ ਉਹ ਕੀ ਕਰਦੀਆਂ ਰਹੀਆਂ ਨੇ, ਇਹਦਾ ਕਿਸੇ ਕੋਲ ਜ਼ਿਕਰ ਨਹੀਂ ਕਰਨਾ, ਸਿੱਖੀਆਂ ਪੜ੍ਹਾਈਆਂ ਕੁੜੀਆਂ ਲਈ ਢੁਕਵੇਂ ਮੇਲ ਲੱਭਣੇ ਅਰੰਭ ਕਰ ਦਿੱਤੇ ਗਏ, ਊਨਾਂ ਨੂੰ ਇੱਕ ਸਰਦਾ ਪੁੱਜਦਾ ਪਰਿਵਾਰ ਆਪਣੇ ਨਸ਼ੇੜੀ ਪੁੱਤ ਲਈ ਲੈ ਗਿਆ ਤੇ ਇਸ ਅਠਾਰਾਂ ਸਾਲੀ ਛਟੀਂਕ ਜਿਹੜੀ ਕੁੜੀ ਨੂੰ ਇਹ ਤੀਹ ਸਾਲ ਦਾ ਇਹ ਨੌਜਵਾਨ ਵਿਆਹ ਕੇ ਲੈ ਆਇਆ।

ਉਦਾਸ ਦਿਨ ਦੀ ਸ਼ਾਮ ਹੋਈ ਤੇ ਘੜੀ 'ਤੇ ਜਿਉਂ ਹੀ ਚਾਰ ਵੱਜੇ, ਕੁੜੀ ਦਾ ਉਦਾਸ ਮੂੰਹ ਅਜੀਬ ਪਰੇਸ਼ਾਨੀਂ 'ਚ ਘਿਰ ਗਿਆ, ਉਹਨੂੰ ਇਹ ਮੁੰਡਾ ਬਿਲਕੁਲ ਪਸੰਦ ਨਹੀਂ ਸੀ, ਜੋ ਚਾਰ ਵਜਦਿਆਂ ਹੀ ਘਰੇ ਆ ਕੇ ਉਸ ਨੂੰ ਗੁਸੈਲੀਆਂ ਅੱਖਾਂ ਕੱਢਦਾ ਰਹਿੰਦਾ ਸੀ,

"ਤੂੰ ਕਿਸੇ ਨਾਲ ਸੁੱਤੀ ਐਂ ਏਦੂੰ ਪਹਿਲੇ ?" ਪਹਿਲੀ ਰਾਤ ਦੇ ਸਹਿਵਾਸ ਤੋਂ ਬਾਅਦ ਉਹਨੇਂ ਬਾਂਹ ਘੁੱਟ ਕੇ ਉਹਨੂੰ ਪੁੱਛਿਆ ਸੀ ?

"ਨਹੀਂ " ਉਹਨੇ ਸਿੱਖਿਆ ਸਿਖਾਇਆ ਜਵਾਬ ਦਿੱਤਾ ਸੀ !

ਤੇ ਨਹੀਂ ਕਹਿੰਦਿਆਂ ਉਹਦੀਆਂ ਅੱਖਾਂ ਸਾਹਵੇਂ ਨੂਰਾ ਤੇ ਹੋਰ ਸੈਕੜੇ ਮਰਦ ਘੁੰਮ ਗਏ ! ਮੁੰਡੇ ਦਾ ਮਨ ਉਹਦੇ ਲਈ ਨਫ਼ਰਤ ਨਾਲ ਭਰ ਗਿਆ ਸੀ, ਕੁੜੀ ਦਾ 'ਨਹੀਂ'ਵੀ ਉਹਨੂੰ 'ਹਾਂ'ਹੀ ਸੁਣਿਆ ਸ਼ਾਇਦ !

ਇੱਕ ਰਾਤ ਉਹਨੂੰ ਉਹਨਾਂ ਹੀ ਭੀੜੀਆਂ ਗਲੀਆਂ ਦਾ ਸੁਪਨਾ ਆਇਆ, ਮੰਜੂ ਮੰਜੂ ਕਹਿੰਦਿਆਂ ਆਪਣੇ ਮਗਰ ਆਉਂਦੀ ਊਨਾਂ ਦਿਸੀ ਤੇ ਚੁਬਾਰੇ 'ਚ ਜੂੜਾ ਕਰਦੀ ਆਪਣੀ ਮਾਂ!

ਉਹਦੇ ਨਿੱਕੇ ਨਿੱਕੇ ਪੈਰ ਉਹਨਾਂ ਗਲੀਆਂ 'ਚ ਬੇਖ਼ੌਫ ਭੱਜੇ ਤੇ ਹਵਾ 'ਚ ਬਾਹਾਂ ਖਿਲਾਰ ਕੇ ਉਹਨੇ ਸਾਹ ਲਿਆ, ਸੈਂਟਾਂ ਦੀ ਵਾਸ਼ਨਾਂ ਉਹਦੇ ਸਾਹਾਂ 'ਚ ਭਰਨ ਲੱਗੀ, ਅਚਾਨਕ ਉਹਨੂੰ ਹਫਦਾ ਹੋਇਆ ਨੂਰਾ ਆਪਣੇ ਉੱਤੇ ਚੜਿਆ ਆਉਂਦਾ ਮਹਿਸੂਸ ਹੋਇਆ, ਤੇ ਜਦੋਂ ਉਹਨੇ ਅੱਖਾਂ ਖੋਲ੍ਹੀਆਂ ਤਾਂ ਉਹਦਾ ਪਤੀ ਉਹਦੇ 'ਤੇ ਲਿਫਿਆ ਪਿਆ ਸੀ,

ਉਹਨੂੰ ਇਹ ਚੰਗਾਂ ਨਾ ਲੱਗਿਆ, ਕੋਫਤ ਆਈ ਉਹਨੂੰ ਇਸ ਤਰਾਂ ਹਫਦੇ ਹੋਏ ਪਤੀ ਦੇ ਚਿਹਰੇ 'ਤੇ, ਤੇ ਬਾਕੀ ਦੀ ਰਾਤ ਉਹ ਸੌਂ ਨਾ ਸਕੀ।

ਐਸੀਆਂ ਗੱਲਾਂ ਹਾਦਸਿਆਂ ਦੀ ਤਰ੍ਹਾਂ ਮਹਿਸੂਸ ਕਰਦੀ ਕੁੜੀ ਕਿੰਨਾਂ ਚਿਰ ਸਾਵੀ ਨਹੀਂ ਹੁੰਦੀ ਤੇ ਇੱਕ ਠੰਡੀ ਸ਼ਾਮ ਜਦੋਂ ਉਹ ਮੁੰਡੇ ਨਾਲ ਚਿਰਾਂ ਬਾਦ ਸ਼ਹਿਰ ਗਈ, ਉਹਨੂੰ ਸ਼ਹਿਰ ਦੇ ਰੰਗਾਂ ਨੇ ਮੋਹ ਲਿਆ, ਤਾਰਾਂ 'ਤੇ ਸੁੱਕਦੀਆਂ ਚੁੰਨੀਆਂ ਦੇ ਗੁਲਾਬੀ ਰੰਗ ਤੇ ਕੇਸਰੀ ਜਲੇਬੀਆਂ ਨੇ, ਕੱਪੜਿਆਂ ਦੀ ਦੁਕਾਨ 'ਤੇ ਔਰਤਾਂ ਦੀ ਭੀੜ, ਵੱਖੋ ਵੱਖ ਚਿਹਰਿਆਂ ਦੀ ਦੁਨੀਆ ਵੱਲ ਵੇਖਦਿਆਂ ਉਹਦੇ ਚਿਹਰੇ ਦੀ ਮੁਸਕਾਨ ਅਚਾਨਕ ਫਿੱਕੀ ਪੈ ਗਈ ਜਦੋਂ ਮੁੰਡੇ ਨੇ ਸਕੂਟਰ ਦੀ ਬ੍ਰੇਕ ਲਾ ਕੇ ਕਿਹਾ ਸੀ, "ਮੈਂ ਅੱਖਾਂ ਕੱਢ ਛੱਡਨੀਆਂ ਜੇ ਬੰਦਿਆਂ ਵੱਲ ਘੂਰ ਘੂਰ ਵੇਖਿਆ, ਨਿਗਾਹ ਸਿੱਧੀ ਰੱਖ ! "

ਭਾਵੇਂ ਕਿ ਬਹੁਤੇ ਮਰਦਾਂ ਨਾਲ ਸੌਣਾ ਕਿਸੇ ਔਰਤ ਨੂੰ ਪਸੰਦ ਨਹੀਂ ਹੁੰਦਾ ਪਰ ਇਸ ਕਿਸਮ ਦੇ ਮਰਦ ਨਾਲ ਸੌਣਾ ਤਾਂ ਕੀ, ਇੱਕ ਛੱਤ ਹੇਠ ਰਹਿਣਾ ਵੀ ਕੁੜੀ ਨੂੰ ਉੱਕਾ ਹੀ ਨਹੀਂ ਭਾਉਂਦਾ ਸੀ ਪਰ ਉਹਨੂੰ ਆਸ਼ਰਮ 'ਚ ਆਉਦੀ ਜਾਂਦੀ ਉਸ ਔਰਤ ਦੇ ਬੋਲ ਹਮੇਸ਼ਾ ਯਾਦ ਰਹੇ, ਕਿ "ਇੱਕ ਔਰਤ ਲਈ ਇੱਕ ਹੀ ਮਰਦ ਢੁਕਵਾਂ ਹੁੰਦੈ " ‼

"ਜੇ ਸਾਰੇ ਮਰਦ ਐਹੇ ਜੇ ਹੁੰਦੇ ਨੇ ਤਾਂ ਔਰਤ ਲਈ ਕੋਈ ਮਰਦ ਢੁਕਵਾਂ ਨਹੀਂ " ਉਹਨੇ ਸੋਚਿਆ।

ਤੇ ਫਿਰ ਉਹਨੂੰ ਭੀੜੀਆਂ ਗਲੀਆਂ ਦੀ ਉਹ ਸ਼ਾਮ ਯਾਦ ਆਈ, ਜਦੋਂ ਸਿਗਰਟ ਪੀਂਦੀ ਮੰਜੂ ਦੇ ਕਮਰੇ 'ਚ ਕੋਈ ਮਰਦ ਆਪ ਮੁਹਾਰੇ ਸਿੱਧਾ ਵੜ ਆਇਆ ਸੀ, ਉਹਨੂੰ ਉਹ ਬੰਦਾ ਪਸੰਦ ਨਹੀਂ ਆਇਆ !

ਉਹਨੇ ਉੱਕਾ ਹੀ ਉਹਦੇ ਨਾਲ ਸੌਣ ਤੋਂ ਨਾਂਹ ਕਰ ਦਿੱਤੀ ਸੀ, ਪੈਸੇ ਉਹਨੇ ਦੁੱਗਣੇ ਕਰਕੇ ਆਦਮੀ ਦੇ ਪੈਰਾਂ 'ਚ ਚਲਾ ਕੇ ਮਾਰੇ ਸੀ, ਉਹ ਆਵਦੀ ਪਸੰਦ ਦੇ ਸਮੇਂ 'ਤੇ, ਪਸੰਦ ਦੇ ਮਰਦਾਂ ਨਾਲ ਸੁੱਤੀ ਹਮੇਸ਼ਾ ! ਤੇ ਫਿਰ ਉਹਨੂੰ ਐਤਵਾਰ ਦੀਆਂ ਦੁਪਹਿਰਾਂ ਨੂੰ ਆਪਣੇ ਉੱਤੇ ਡਿੱਗਦਾ ਪਤੀ ਯਾਦ ਆਇਆ, ਜੋ ਉਹਨੂੰ ਭੋਗ ਕੇ ਕਹਿੰਦਾਂ ਹੈ "ਸਾਲਾ ਠੰਡੀ ਚਾਹ ਜਿੰਨਾ ਵੀ ਸਵਾਦ ਨਹੀਂ ਆਇਆ "

ਤੇ ਉਹਦਾ ਜੀਅ ਕਰਦੈ ਇਹੋ ਗੱਲ ਉਹ ਮੋੜ ਕੇ ਪਤੀ ਨੂੰ ਵੀ ਕਹਿ ਦੇਵੇ " ‼

ਇੱਕ ਦਿਨ ਦੁਪਹਿਰ ਨੂੰ ਘਰ ਦਾ ਕੁੰਡਾ ਖੜਕਿਆ, ਪਹਿਲੇ ਦਿਨ ਉਹਨੂੰ ਘੂਰ ਕੇ ਵੇਖਣ ਵਾਲੀ ਆਸ਼ਰਮ ਦੀ ਉਸ ਔਰਤ ਨੇ ਉਹਨੂੰ ਘੁੱਟ ਕੇ ਨਾਲ ਲਾਇਆ, ਕਿੰਨੇ ਚਿਰ ਬਾਅਦ ਕਿਸੇ ਨੇ ਕੁੜੀ ਨੂੰ ਇਉਂ ਗਲ ਨਾਲ ਲਾਇਆ ਸੀ। ਉਹ ਢੇਰ ਗੱਲਾਂ ਕਰਦੀ ਰਹੀ, ਕੁੜੀ ਦਾ ਉਦਾਸਿਆ ਮੂੰਹ ਵੇਖ ਕੇ ਉਹਨੇ ਪੁੱਛਿਆ, "ਤੇਰੇ ਪਤੀ ਦਾ ਕੀ ਹਾਲ ਏ ਮੰਜੂ ? "

ਕਿੰਨਾ ਚਿਰ ਉਹ ਚੁੱਪ ਰਹੀ ਤੇ ਫਿਰ ਬੇਖੌਫ਼ ਹੋ ਕੇ ਖਿੜਕੀ ਤੋਂ ਪਰਦਾ ਚੱਕਦਿਆਂ ਉਹਨੇ ਕਿਹਾ, "ਪਤਾ ਨਹੀਂ, ਹੁਣ ਉਹ ਮੇਰੇ ਨਾਲ ਨਹੀਂ ਸੌਂਦਾ, ਬਾਹਰ ਹੋਰ ਔਰਤਾਂ ਕੋਲ ਜਾਂਦਾ ਏ, ਕਹਿੰਦਾ ਏ ਤੂੰ ਠੰਡੀ ਔਰਤ ਏਂ, ਬਾਹਰ ਦੀਆਂ ਔਰਤਾਂ ਹੱਸਦੀਆਂ ਖੇਡਦੀਆਂ ਤੇ ਉਤੇਜਨਾ ਨਾਲ ਭਰੀਆਂ ਹੋਈਆਂ ਔਰਤਾਂ ਨੇ, ਘਰੇ ਤੇ ਘੱਟ ਈ ਔਂਦਾ ਏ, ਜਦ ਔਂਦਾ ਏ, ਮੈਂ ਖਿੜਕੀਆਂ ਤੋਂ ਪਰਦੇ ਸੁੱਟ ਦਿੰਨੀ ਆਂ, ਜਾਣ ਲਗਦਾ ਏ ਤਾਂ ਤਾਕੀਦ ਕਰਦਾ ਏ ਕਿ ਬਹੁਤਾ ਅੱਡੀਆਂ ਚੱਕ-ਚੱਕ _____ ਚਲ ਛੱਡ ਮੈਡਮ, ਇੱਕ ਸਿਗਰਟ ਮਿਲੇਗੀ ? " ‼

# ਪ੍ਰਵਾਸੀ ਪੰਜਾਬੀ ਨਾਰੀ ਕਾਵਿ : ਪਰਿਪੇਖ ਅਤੇ ਪਾਸਾਰ

*ਡਾ. ਸੰਦੀਪ ਸਿੰਘ*

ਪ੍ਰਵਾਸ ਨੇ ਮਨੁੱਖੀ ਵਿਕਾਸ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਮਨੁੱਖ ਹਮੇਸ਼ਾ ਬਿਹਤਰ ਜ਼ਿੰਦਗੀ ਲਈ ਬਿਹਤਰ ਥਾਂਵਾਂ ਵੱਲ ਪ੍ਰਵਾਸ ਕਰਦਾ ਆਇਆ ਹੈ। ਪੂਰੀ ਦੁਨੀਆ ਦਾ ਵਿਕਾਸ, ਮਨੁੱਖ ਦੁਆਰਾ ਬਿਹਤਰ ਧਰਤੀਆਂ ਦੀ ਭਾਲ ਅਤੇ ਇਸ ਉਪਰ ਕਬਜ਼ੇ ਦਾ ਹੀ ਇਤਿਹਾਸ ਹੈ। ਆਦਿ ਸਾਮਵਾਦ ਤੋਂ ਲੈ ਕੇ ਜਾਗੀਰਦਾਰੀ ਪ੍ਰਬੰਧ ਤੱਕ ਪੰਜਾਬ ਦੀ ਭੋਇੰ ਮਨੁੱਖਤਾ ਨੂੰ ਆਕਰਸ਼ਿਤ ਕਰਦੀ ਰਹੀ। ਪੂੰਜੀਵਾਦੀ ਦੌਰ ਦੇ ਆਰੰਭ ਨਾਲ ਮਨੁੱਖ ਦੇ ਪ੍ਰਵਾਸ ਦੇ ਸਥਾਨ ਬਦਲ ਗਏ। ਇੰਗਲੈਂਡ, ਅਮਰੀਕਾ, ਕੈਨੇਡਾ ਪ੍ਰਵਾਸ ਦੇ ਨਵੇਂ ਕੇਂਦਰਾਂ ਵਜੋਂ ਉਭਰੇ, ਜਿੰਨ੍ਹਾਂ ਨੇ ਪੰਜਾਬੀ ਲੋਕਾਈ ਨੂੰ ਆਪਣੇ ਵਲ ਖਿੱਚਿਆ। ਦੋਵੇਂ ਵਿਸ਼ਵ ਯੁੱਧਾਂ ਅਤੇ ਅੰਗਰੇਜ਼ੀ ਰਾਜ ਦੀ ਚਾਕਰੀ ਦੇ ਸਿੱਟੇ ਵਜੋਂ ਪੰਜਾਬੀ ਲੋਕ ਵਿਦੇਸ਼ੀ ਧਰਤੀ ਵੱਲ ਖਿੱਚੇ ਗਏ। ਪ੍ਰਾਪਤ ਨੂੰ ਅਣਦੇਖਿਆ ਕਰਕੇ ਅਪ੍ਰਾਪਤ ਵੱਲ ਆਕਰਸ਼ਿਤ ਹੋਣਾ ਮਨੁੱਖੀ ਸੁਭਾਅ ਦਾ ਸਹਿਜ ਵਰਤਾਰਾ ਹੈ। ਰੁਜ਼ਗਾਰ ਦਾ ਮਸਲਾ ਹੱਲ ਹੁੰਦਿਆਂ ਹੀ ਮਨੁਖ ਆਪਣੇ ਭੂਤਕਾਲ ਨੂੰ ਯਾਦ ਕਰਦਾ ਹੋਇਆ ਜੜ੍ਹਾਂ ਨੂੰ ਤਰਸਣ ਲੱਗਦਾ ਹੈ। ਨਤੀਜੇ ਵਜੋਂ ਭੂ-ਹੇਰਵਾ, ਵਤਨ, ਮਿੱਟੀ ਆਦਿ ਦੀ ਤਾਂਘ ਉਸਦੇ ਕਲਾਤਮਕ ਸੰਚਾਰ ਦੇ ਕੇਂਦਰ ਵਿਚ ਆ ਜਾਂਦੇ ਹਨ। ਦੂਜੇ ਪਾਸੇ ਉਪਰੋਕਤ ਵਰਣਿਤ ਸਾਰੇ ਪੱਖ ਸਮੁੱਚੀ ਲੋਕਾਈ ਉਤੇ ਇਕੋ ਤਰਾਂ ਅਸਰ-ਅੰਦਾਜ਼ ਨਹੀਂ ਹੁੰਦੇ। ਸਮਾਜਕ, ਆਰਥਿਕ ਅਤੇ ਖਾਸ ਕਰ ਲਿੰਗਕ ਵੱਖਰਤਾ ਇਨ੍ਹਾਂ ਪਹਿਲੂਆਂ ਨੂੰ ਵੱਖਰੀ ਤਰ੍ਹਾਂ ਗ੍ਰਹਿਣ ਕਰਦੀ ਹੈ। ਅਸੀਂ ਇਸ ਲੇਖ ਰਾਹੀਂ ਪਰਵਾਸੀ ਪੰਜਾਬੀ ਨਾਰੀ ਕਾਵਿ ਦੇ ਪਰਿਪੇਖ ਅਤੇ ਪਾਸਾਰ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ।

ਸਿਰਫ਼ ਪ੍ਰਵਾਸੀ ਪੰਜਾਬੀ ਨਾਰੀ ਕਾਵਿ ਹੀ ਨਹੀਂ ਬਲਕਿ ਸਮੁੱਚੀ ਪੰਜਾਬੀ ਕਵਿਤਾ ਵਿਚ ਪਛਾਣ ਦਾ ਮਸਲਾ ਸਭ ਤੋਂ ਅਹਿਮ ਹੈ। ਮਰਦ ਕਾਵਿ ਵਿਚ ਪਛਾਣ ਦਾ ਸੰਬੰਧ ਕਿੱਤੇ, ਇਲਾਕੇ, ਬੋਲੀ, ਗੋਤ, ਜਾਤ, ਧਰਮ, ਦੇਸ਼ ਆਦਿ ਨਾਲ ਹੈ। ਪ੍ਰਵਾਸੀ ਪੰਜਾਬੀ ਪੰਜਾਬ ਤੋਂ ਬਾਹਰ ਆਪਣੀ ਬੋਲੀ ਅਤੇ ਧਰਮ ਤੋਂ ਵਿਗੋਚਿਆ ਮਹਿਸੂਸ ਕਰਦਾ ਹੈ। ਖਾਸ

*ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ*

ਤੌਰ ਸਿੱਖ ਧਰਮ ਦੇ ਬਾਹਰੀ ਪ੍ਰਤੀਕਾਂ ਜਿਵੇਂ ਕੇਸ, ਪੱਗ ਜਾਂ ਹੋਰ ਰਹਿਤਾਂ ਦੀ ਵਿਲੱਖਣਤਾ ਉਸਨੂੰ ਬੇਗਾਨਗੀ ਦਾ ਅਹਿਸਾਸ ਕਰਾਉਂਦੀ ਹੈ। ਪ੍ਰੰਤੂ ਔਰਤ ਲਈ ਪਛਾਣ ਦਾ ਸੰਕਟ ਉਸ ਦੀ ਲਿੰਗਕਤਾ ਵਿਚ ਵਧੇਰੇ ਹੈ। ਪੰਜਾਬੀ ਔਰਤ ਪ੍ਰਵਾਸ ਵੀ ਮਰਦ ਦੇ ਸਾਥੀ ਵਜੋਂ ਧਾਰਨ ਕਰਦੀ ਹੈ। (ਰੁਪਿੰਦਰ 44) ਮੁਢਲੇ ਰੂਪ ਵਿਚ ਪ੍ਰਵਾਸੀ ਸਮਾਜ ਨਾਲ ਉਸ ਦਾ ਵਾਹ ਮਰਦ ਰਾਹੀਂ ਹੀ ਪੈਂਦਾ ਹੈ। ਇਸ ਤਰਾਂ ਜਿੱਥੇ ਮਰਦ ਗੋਰੇ ਕੋਲ ਆਪਣੇ ਆਪ ਨੂੰ ਸੈਕੰਡਰੀ ਮੰਨਦਾ ਹੈ, ਉਥੇ ਔਰਤ ਦਾ ਇਸ ਤਰਾਂ ਦੇ ਵਰਤਾਰੇ ਬਾਰੇ ਕੋਈ ਤਜੁਰਬਾ ਨਜ਼ਰ ਨਹੀਂ ਪੈਂਦਾ। ਅਸੀਂ ਭਲੀਭਾਂਤ ਵਾਕਿਫ ਹਾਂ ਕਿ ਪਰਵਾਸੀ ਜੀਵਨ ਨੇ ਪੰਜਾਬੀ ਨਾਰੀ ਨੂੰ ਉਸਦੇ ਭਾਰਤੀ ਜਾਗੀਰਦਾਰੀ ਪਿੱਤਰਕੀ ਪ੍ਰਬੰਧ ਤੋਂ ਮੁਕਤੀ ਦਿਵਾਉਣ ਵਿਚ ਮਦਦ ਕੀਤੀ ਹੈ। ਔਰਤ ਪੰਜਾਬੀ ਜਾਗੀਰਦਾਰੀ ਪ੍ਰਬੰਧ ਵਿਚ ਦਮਿਤ ਧਿਰ ਸੀ, ਜਿਸ ਨੂੰ ਪੂੰਜੀਵਾਦੀ ਖਸਲਤ ਵਾਲੇ ਪ੍ਰਬੰਧ ਨੇ ਬਰਾਬਰੀ ਦੇ ਮੌਕੇ ਪ੍ਰਦਾਨ ਕਰਵਾਏ ਹਨ। ਸ਼ਾਇਦ ਇਸੇ ਲਈ ਨਾਰੀ ਕਾਵਿ ਵਿਚ ਪਛਾਣ ਦੇ ਸੰਕਟ ਦਾ ਪ੍ਰਗਟਾਵਾ ਨਸਲੀ ਵਿਤਕਰੇ ਵਜੋਂ ਨਹੀਂ ਸਗੋਂ ਆਪਣੇ ਸਮਾਜ/ ਪਰਿਵਾਰ ਦੇ ਸਮਵਿਥ ਹੋਂਦ ਨਾਲ ਦੋ ਚਾਰ ਹੁੰਦਾ ਹੈ। ਪ੍ਰਵਾਸੀ ਪੰਜਾਬੀ ਨਾਰੀ ਦਾ ਪਛਾਣ ਦਾ ਸੰਕਟ ਉਸਦੇ ਪਰਿਵਾਰਕ ਪ੍ਰਬੰਧ ਵਿਚ ਨਿਹਿਤ ਹੈ। ਮੁਢਲੀ ਕਵਿਤਾ ਵਿਚ ਜਿੱਥੇ ਪ੍ਰਵਾਸੀ ਮਰਦ ਕਾਵਿ ਗੁਆਚੇ ਘਰ ਦੀ ਤਲਾਸ਼ ਵਿਚ ਹੈ, ਓਥੇ ਨਾਰੀ ਕਾਵਿ ਘਰ ਤੋਂ ਮੁਕਤੀ ਦਾ ਰਾਹ ਤਲਾਸ਼ ਰਹੀ ਹੈ।

ਇਹ ਘਰ ਨਹੀਂ
ਜਿੱਥੇ ਤੂੰ ਤੇ ਮੈਂ
ਕੰਧ ਵਿਚ ਚਿਣੀ ਇਕ ਇੱਟ ਤੋਂ ਵੱਧ ਕੁਝ ਵੀ ਨਹੀਂ
ਘਰ ਕੰਧ ਦੀ ਚੁੱਪ ਨਹੀਂ
ਸਮੁੰਦਰ ਦੀ ਗਹਿਰਾਈ ਦਾ ਨਾਂ ਹੁੰਦੈ
ਜਿੱਥੇ ਹਰ ਵੇਲੇ ਕੁਝ ਜਿਉਂਦਾ ਜਿਹਾ ਸਰਸਰਾ ਕੇ ਲੰਘਦੈ

(ਜਸਵੀਰ 85)

ਔਰਤ ਅਤੇ ਮਰਦ ਲਈ ਘਰ ਦੇ ਅਰਥ ਵੱਖਰੇ ਹਨ। ਮਰਦ ਲਈ ਘਰ ਤੋਂ ਭਾਵ ਕੰਮ-ਕਾਰ, ਧਰਮ, ਸਮਾਜ ਆਦਿ ਸਭ ਕੁਝ ਹੈ ਜਦਕਿ ਔਰਤ ਲਈ ਘਰ ਤੋਂ ਭਾਵ ਪਤੀ, ਬੱਚੇ, ਮਾਪੇ ਅਤੇ ਰਸੋਈ ਤਕ ਸੀਮਿਤ ਹਨ। ਔਰਤ ਲਈ ਹੋਂਦ ਦਾ ਸੰਕਟ ਪੱਛਮੀ ਸਮਾਜ ਵਿਚ ਵੀ ਪੂਰਬੀ ਸਮਾਜ ਵਾਂਗ ਬਰਕਰਾਰ ਰਹਿੰਦਾ ਹੈ। ਪੰਜਾਬੀ ਨਾਰੀ ਦਾ ਵਾਹ ਜਿਸ ਮਰਦ ਨਾਲ (ਆਮ ਕਰਕੇ) ਪੈਂਦਾ ਹੈ, ਉਹ ਪਿਤਰਕੀ ਸੱਤਾ ਦਾ ਘੜਿਆ ਹੋਇਆ ਹੈ। ਉਸ ਮਰਦ ਦਾ ਔਰਤ ਪ੍ਰਤੀ ਵਿਵਹਾਰ ਪੱਛਮੀ ਪੂੰਜੀਵਾਦੀ ਸਮਾਜ ਵਾਂਗ ਬਰਾਬਰੀ ਵਾਲਾ ਨਹੀਂ ਹੈ ਬਲਕਿ ਉਸੇ ਧੌਂਸ ਅਤੇ ਦਾਬੇ ਵਾਲਾ ਹੈ ਜੋ ਪੰਜਾਬ ਵਿਚ ਸੀ। ਪੱਛਮੀ ਸਮਾਜ ਨੇ ਪੰਜਾਬੀ ਨਾਰੀ ਨੂੰ ਬਰਾਬਰੀ ਵਾਲੇ ਸਮਾਜ ਦਾ ਸੁਪਨਾ ਤਾਂ ਦਿਖਾ ਦਿੱਤਾ ਪਰ ਉਹ ਸੁਪਨਾ ਹਕੀਕਤ ਨਹੀਂ ਬਣਦਾ। ਇਸੇ ਲਈ ਪਰਵਾਸੀ ਨਾਰੀ ਦਾ ਦੁਖਾਂਤ ਜ਼ਿਆਦਾ ਵੱਡਾ ਹੋ ਜਾਂਦਾ ਹੈ

ਅਕਸਰ ਸੋਚਦੀ ਹਾਂ ਜਦ
ਕੌਣ ਹਾਂ ਮੈਂ?

ਕੀ ਹਸਤੀ ਹੈ ਮੇਰੀ
ਇਕੋ ਜਵਾਬ ਮਿਲਦੈ
ਹੱਡ ਮਾਸ ਦਾ ਪੁਤਲਾ ਹਾਂ
ਤੇਰੇ ਵਰਗਾ ਹੀ
ਕਿਉਂ ਫਿਰ ਰਿਸ਼ਤਿਆਂ ਦੇ ਚੱਪਣ ਵਿਚ
ਆਤਮ ਰੱਖਿਆ ਲਈ
ਚੁੱਕੀ ਫਿਰਦੀ ਹਾਂ ਤੈਨੂੰ
ਗੁੱਗਲ ਦੀ ਧੂਣੀ ਵਾਂਗ।

(ਜਸਵੀਰ 117)

ਪੂੰਜੀਵਾਦੀ ਪ੍ਰਬੰਧ ਨੇ ਜਿੱਥੇ ਔਰਤ ਨੂੰ ਬਰਾਬਰੀ ਦੇ ਮੌਕੇ ਦਵਾਏ, ਉੱਥੇ ਉਸ ਦੀ ਜ਼ਿੰਦਗੀ ਨੂੰ ਇੱਕ ਲਗਾਤਾਰਤਾ ਵਿੱਚ ਵੀ ਕੈਦ ਕਰ ਦਿੱਤਾ ਹੈ। ਇਹ ਵਰਤਾਰਾ ਬੇਸ਼ੱਕ ਮਰਦ ਦੀ ਜ਼ਿੰਦਗੀ ਉਪਰ ਵੀ ਅਸਰ ਅੰਦਾਜ਼ ਹੁੰਦਾ ਹੈ। ਪ੍ਰੰਤੂ ਔਰਤ ਇਸ ਦੀ ਦੋਹਰੀ ਮਾਰ ਝਲਦੀ ਹੈ। ਜਗੀਰਦਾਰੀ ਪ੍ਰਬੰਧ ਵਿਚ ਲਿੰਗਕ ਵਖਰੇਵੇਂ ਰਾਹੀਂ ਕੰਮ ਦੀ ਡਿਊਟੀ ਵੰਡੀ ਹੋਈ ਸੀ। ਮਰਦ ਲਈ ਕਮਾਉਣਾ ਅਤੇ ਔਰਤ ਲਈ ਪਕਾਉਣਾ ਨਿਸ਼ਚਤ ਸੀ। ਇਸ ਵੰਡ ਨਾਲ ਔਰਤ ਗੁਲਾਮੀ ਤਾਂ ਭੋਗਦੀ ਸੀ ਪਰ ਉਸ ਕੋਲ ਨਿੱਜੀ ਵਿਹਲ ਸੀ। ਆਪਣੇ ਲਈ ਵਕਤ ਸੀ, ਜਿਸ ਵਕਤ ਵਿਚ ਉਹ ਆਪਣੀ ਮੈਂ /ਆਤਮਾ ਦੇ ਕੋਲ ਹੋ ਸਕਦੀ ਸੀ।

ਏਥੇ ਆਥਣ ਸੋਹਿਲਾ ਗਾਂਵਦੀ
ਏਥੇ ਆਸਾ ਗਾਵੇ ਭੋਰ
ਏਥੇ ਪੰਛੀ ਭਰਨ ਉਡਾਰੀਆਂ
ਏਥੇ ਹੇਕਾਂ ਲਾਵੇ ਮੋਰ
ਇਹਦੇ ਖੇਤੀਂ ਰਿਜ਼ਕ ਹੈ ਵਸਦਾ ਏਹਦੇ ਖੂਹੀਂ ਮਿਟਦੀ ਤੇਹ ਕਰ ਧਰਤੀ ਦੀ ਚਾਕਰੀ
ਏਥੇ ਦਗ਼ ਦਗ਼ ਕਰਦੀ ਦੇਹ

(ਸੁਰਿੰਦਰ, ਕੁੰਜੀਆਂ 47)

ਸਮਕਾਲ ਵਿਚ ਔਰਤ ਦੀ ਸਥਿਤੀ ਬਦਲ ਚੁੱਕੀ ਹੈ। ਪੂੰਜੀਵਾਦੀ ਪ੍ਰਬੰਧ ਵਿਚ ਨੌਕਰੀ ਦੀ ਤਲਾਸ਼ ਨੇ ਜਿੱਥੇ ਨਾਰੀ ਨੂੰ ਘਰ ਤੋਂ ਆਜ਼ਾਦੀ ਦਵਾਈ ਹੈ, ਉੱਥੇ ਉਸ ਨੂੰ ਇਕ ਰੁਟੀਨ ਵਿਚ ਵੀ ਬੰਨ੍ਹ ਦਿੱਤਾ। ਔਰਤ ਲਈ ਇਹ ਰੁਟੀਨ ਦੂਹਰਾ ਹੈ। ਇਕ ਪਾਸੇ ਉਹ ਦਫਤਰੀ/ਨੌਕਰੀ ਕੰਮਕਾਰ ਵਿਚ ਬੱਝੀ ਹੋਈ ਹੈ ਅਤੇ ਦੂਜੇ ਪਾਸੇ ਉਸ ਉਪਰ ਘਰੇਲੂ ਕੰਮਾਂ ਦੀ ਵੀ ਜ਼ਿੰਮੇਵਾਰੀ ਵੀ ਪਹਿਲਾਂ ਵਾਂਗ ਬਰਕਰਾਰ ਹੈ।

ਘਰ ਦੇ ਕੰਮਾਂ ਵਿਚ ਭੁੱਲ ਹੀ ਗਈ ਹਾਂ
ਸੰਡੇ ਕਿਸ ਬਲਾ ਦਾ ਨਾਂ ਹੈ

ਵੱਡੇ ਪੋਤੇ ਦੀ ਸਾਕਰ ਗੇਮ
ਛੋਟੇ ਦੀ ਮਿਉਜ਼ਿਕ ਕਲਾਸ
ਪੋਤੀ ਦਾ ਕਿੰਡਰ ਗਾਰਟਨ ਜਾਣਾ
ਤੇ ਉਤੋਂ ਪਤੀ ਦਾ ਹੁਕਮ
ਅੱਜ ਮੇਰੇ ਦੋਸਤਾਂ ਨੇ ਆਉਣਾ ਹੈ।

(ਸੁਖਵਿੰਦਰ 135)

ਪੂੰਜੀਵਾਦ ਦਾ ਆਪਣਾ ਖਾਸਾ ਮੁਨਾਫੇ 'ਤੇ ਆਸ਼ਰਿਤ ਹੈ। ਨੌਕਰੀ ਲਈ ਔਰਤ ਨੂੰ ਮਾਨਸਿਕ ਤੌਰ 'ਤੇ ਤਿਆਰ ਕਰਕੇ ਪੂੰਜੀਵਾਦੀ ਪ੍ਰਬੰਧ ਆਪਣੇ ਹਿਤ ਲਈ ਵਰਤ ਰਿਹਾ ਹੈ। ਉਸਨੂੰ ਸਸਤਾ ਮਜ਼ਦੂਰ ਚਾਹੀਦਾ ਹੈ। ਜਾਗੀਰਦਾਰੀ ਪ੍ਰਬੰਧ ਅੱਧੀ ਆਬਾਦੀ ਨੂੰ ਘਰ ਵਿਚ 'ਕੈਦ' ਰੱਖ ਕੇ ਕਾਮੇ ਲਈ ਵੱਧ ਉਜਰਿਤ ਦੀ ਤਵੱਕੋ ਰੱਖਦਾ ਹੈ। ਪੂੰਜੀਵਾਦੀ ਪ੍ਰਬੰਧ ਦਾ ਮੁਢਲਾ ਪੜਾਅ ਨਾਰੀ ਲਈ ਆਜ਼ਾਦੀ ਦਾ ਮੌਕਾ ਲੈ ਕੇ ਆਉਂਦਾ ਹੈ। ਔਰਤ ਕੰਮ ਲਈ ਘਰ ਤੋਂ ਬਾਹਰ ਨਿਕਲਣ ਦੇ ਮੌਕੇ ਨਾਲ ਖੁਸ਼ਨੁਮਾ ਅਹਿਸਾਸ ਨੂੰ ਮਾਣਦੀ ਹੈ। ਪਰੰਤੂ ਇਹ ਕੰਮ ਉਸ ਲਈ ਉਦੋਂ ਮੁਸੀਬਤ ਬਣ ਜਾਂਦਾ ਹੈ, ਜਦੋਂ ਉਹ ਪੂਰੀ ਤਰਾਂ ਇਸ ਦੀ ਗ੍ਰਿਫ਼ਤ ਵਿਚ ਆਉਂਦੀ ਹੈ, ਤਾਂ ਛਟਪਟਾ ਕੇ ਨਵੇਂ ਰਾਹ ਤਲਾਸ਼ਦੀ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਮੁਢਲੀ ਪਰਵਾਸੀ ਕਵਿਤਾ ਵਿਚ ਜ਼ਿੰਦਗੀ ਅਤੇ ਆਜ਼ਾਦੀ ਦਾ ਜਸ਼ਨ ਹੈ, ਜਦਕਿ ਸਮੇਂ ਨਾਲ ਇਸ ਵਿਚ ਜ਼ਿੰਦਗੀ ਦੀ ਤੇਜ਼ ਰਫ਼ਤਾਰੀ ਇਕ ਸਮੱਸਿਆ ਬਣਕੇ ਉਭਰਦੀ ਹੈ। ਇਹੋ ਤੇਜ਼ ਰਫਤਾਰੀ ਜਿੰਦਗੀ ਦੇ ਮੂਲ ਸਵਾਲ 'ਜ਼ਿੰਦਗੀ ਦੇ ਉਦੇਸ਼' ਉਪਰ ਧਿਆਨ ਧਰਨ ਲਈ ਮਜਬੂਰ ਕਰਦੀ ਹੈ। ਜਿੱਥੈ ਮੁਢਲੇ ਕਾਵਿ ਵਿਚ ਨਾਰੀ ਜ਼ਿੰਦਗੀ ਦਾ ਉਦੇਸ਼ ਮਰਦ ਦੀ ਬਰਾਬਰੀ ਵਾਲਾ ਅਜ਼ਾਦ ਸਮਾਜ ਸਿਰਜਣ ਤੱਕ ਮਹਿਦੂਦ ਹੈ। ਉਥੇ ਸਮੇਂ ਨਾਲ ਇਸਦੇ ਅਰਥ ਮੁਕਤੀ ਵਿਚ ਤਬਦੀਲ ਹੋ ਜਾਂਦੇ ਹਨ।

ਐ ਸਖੀ
ਜਿਉਣ ਦਾ ਕੋਈ ਤਾਂ ਉਦੇਸ਼ ਹੋਵੇਗਾ?
ਜੱਗ ਤੇ ਆਉਣ ਦਾ
ਕਾਰਨ ਕੋਈ ਤਾਂ ਵਿਸ਼ੇਸ਼ ਹੋਵੇਗਾ?
ਜੇ ਇੰਦਰੀਆਂ ਦੀ ਗ੍ਰਿਫ਼ਤ ਤੋਂ
ਮੁਕਤ ਹੋ ਜੀਵੀਏ
ਤਾਂ ਹੀ ਉਚੇ ਜੀਵਨ 'ਚ ਪ੍ਰਵੇਸ਼ ਹੋਵੇਗਾ!
ਉਚੇ ਜੀਵਨ ਦੀ ਪਰਿਭਾਸ਼ਾ ਹੀ ਲੱਭ ਰਹੀ ਹਾਂ...

(ਸੁਰਜੀਤ 47)

ਮੁਕਤੀ ਦਾ ਇਹ ਸੰਕਲਪ ਵੀ ਪੰਜਾਬੀ ਧਾਰਮਿਕਤਾ ਦੀ ਘਾੜਤ ਦਾ ਹੀ ਨਤੀਜਾ ਹੈ। ਪੰਜਾਬੀ ਨਾਰੀ ਦਾ ਪ੍ਰਵਾਸ ਥੋੜ੍ਹੇ ਸਮੇਂ ਦਾ ਹੈ ਜਦ ਕਿ ਉਸਦਾ ਅਵਚੇਤਨ ਪੰਜਾਬੀ ਰਹਿਤਲ ਵਿਚ

ਘੜਿਆ ਗਿਆ ਹੈ। ਇਸ ਲਈ ਨਾਰੀਵਾਦੀ ਦ੍ਰਿਸ਼ਟੀ ਤੋਂ ਕਈ ਵਾਰ ਨਾਰੀ ਕਵਿਤਾ ਨਾਰੀ ਦੇ ਖਿਲਾਫ਼ ਵੀ ਭੁਗਤਦੀ ਜਾਪਦੀ ਹੈ। ਉਹ ਆਪਣੀ ਤਕਲੀਫ਼ ਦਾ ਕਾਰਨ ਆਪਣੀ ਆਜ਼ਾਦ ਹਸਤੀ/ਹੋਣੀ ਦਾ ਸੁਪਨਾ ਦੇਖਣ ਨੂੰ ਮੰਨਣ ਲੱਗਦੀ ਹੈ। ਪ੍ਰੰਤੂ ਔਰਤ ਦੇ ਪ੍ਰਵਾਸ ਦੌਰਾਨ ਦੁਖਾਂਤ ਲਈ ਉਸਦੇ ਲਾਲਚੀ ਸੁਪਨਿਆਂ ਨੂੰ ਕਾਰਨ ਮੰਨਣਾ ਸਿੱਧੜ ਜਿਹੀ ਵਿਆਖਿਆ ਜਾਪਦੀ ਹੈ।

ਉਹ ਕਿਸੇ ਮੁਕਾਮ 'ਤੇ ਪਹੁੰਚਣ ਦੀ ਧੁਨ 'ਚ
ਪਾਣੀਆਂ ਸੰਗ ਪਾਣੀ ਹੁੰਦਾ ਹੋਇਆ ਸਾਗਰ ਹੋ ਗਿਆ
ਤੇ ਉਹ
ਵੱਡੇ ਮਹਿਲ ਦੀ ਧੁਨ ਚ
ਸ਼ਹਿਰ ਦੇ ਇਕ ਵੱਡੇ ਮਕਾਨ ਦੀ ਇੱਟ ਬਣ ਗਈ
ਹੁਣ ਸਾਗਰ ਨੂੰ ਚੰਨ ਛੂਹਣ ਆਉਂਦਾ ਹੈ
ਤੇ ਇੱਟ ਨੂੰ ਹਨੇਰਿਆਂ ਦੀ ਕਾਲ਼ਖ

(ਦਲਵੀਰ 75)

ਸੰਸਕਾਰਾਂ ਦਾ ਸੰਬੰਧ ਅਨਕੌਂਸ਼ੀਅਸ ਮਾਈਂਡ ਨਾਲ ਹੈ। ਨਾਰੀ ਪੀੜਾ ਦਾ ਕਾਰਨ ਮਰਦ ਦੇ ਅਨਕੌਂਸ਼ੀਅਸ ਮਾਈਂਡ ਦੀ ਪੰਜਾਬੀ ਘਾੜਤ ਵਿਚ ਨਿਹਿਤ ਹੈ। ਪ੍ਰਵਾਸ ਧਾਰਨ ਕਰਨ ਵਾਲੀ ਪਹਿਲੀ ਪੀੜ੍ਹੀ ਦੀ ਘਾੜਤ ਪੰਜਾਬ ਵਿਚ ਹੋਈ ਹੈ। ਇਸ ਘਾੜਤ ਵਿਚ ਪਿਤਰਕੀ ਸੱਤਾ ਹਮੇਸ਼ਾ ਹਾਜ਼ਰ ਰਹਿੰਦੀ ਹੈ ਅਤੇ ਇਸ ਦੀ ਸ਼ਿਕਾਰ ਵੀ ਔਰਤ ਜ਼ਿਆਦਾ ਹੁੰਦੀ ਹੈ। ਇਕ ਪਾਸੇ ਤਾਂ ਉਸਦੇ ਮਨ ਵਿਚ 'ਸਿਆਣੀ ਕੁੜੀ' ਦਾ ਸੰਕਲਪ ਹੈ ਜੋ ਪੰਜਾਬੀ ਸਮਾਜ ਦੀ ਘਾੜਤ ਹੈ, ਦੂਜੇ ਪਾਸੇ ਪੱਛਮੀ ਸਮਾਜ ਦੀ ਅਜ਼ਾਦ ਫਿਜ਼ਾ ਪੈਦਾਵਾਰ ਹੈ, ਜਿਸਦਾ ਮੂਲ ਮਨੁੱਖੀ ਆਜ਼ਾਦੀ ਹੈ। ਨਾਰੀ ਕਾਵਿ ਇਸ ਆਤਮਿਕ ਸੰਘਰਸ਼ ਦੌਰਾਨ ਆਪਣੇ ਆਪ ਨੂੰ ਡਿਫੈਂਡ ਕਰਦਾ ਨਜ਼ਰ ਆਉਂਦਾ ਹੈ। ਇਕ ਪਾਸੇ ਪ੍ਰਵਾਸੀ ਨਾਰੀ ਦੇ ਮਨ ਵਿਚ ਵੀ ਔਰਤ ਦਾ ਉਤਕਿਰਸ਼ਟ ਰੂਪ ਸਾਦਗੀ ਵਾਲਾ ਹੈ, ਦੂਜੇ ਪਾਸੇ ਨਾਰੀ ਅਸਤਿਤਵ ਦਾ ਸਵਾਲ ਹੈ ਪਰ ਇਹ ਜ਼ਰੂਰੀ ਵੀ ਨਹੀਂ ਕਿ ਹਰੇਕ ਨਾਰੀ ਲਈ ਪੱਛਮੀ ਕੀਮਤ ਪ੍ਰਬੰਧ ਹੀ ਉੱਤਮ ਹੋਵੇ।

ਸ਼ੋਖ ਤੇ ਚੰਚਲ ਆਦਾਵਾਂ ਲੈ ਨਾ ਸਕੀਆਂ ਜੋ ਸਲਾਮ
ਉਹ ਕੁੜੀ ਸਾਦੀ ਜਿਹੀ ਨਜ਼ਰਾਂ ਝੁਕਾ ਕੇ ਲੈ ਗਈ

(ਸੁਰਜੀਤ, ਮੈਂ ਸਿਕੰਦਰ ਨਹੀਂ 49)

ਇਸ ਦੌਰਾਨ ਇਕ ਹੋਰ ਬਹੁਤ ਅਹਿਮ ਨੁਕਤਾ ਦ੍ਰਿਸ਼ਟੀਗੋਚਰ ਹੁੰਦਾ ਹੈ। ਪੱਛਮੀ ਸਮਾਜ ਜਿਸ ਤਰੀਕੇ ਨਾਲ ਲਿੰਗਕ ਦਮਨ ਦੇ ਵਿਰੁੱਧ ਔਰਤ ਨੂੰ ਸਮਰੱਥ ਬਣਾਉਣ ਦੀ ਕੋਸ਼ਿਸ਼ ਕਰਦਾ ਹੈ, ਪੂਰਬੀ ਪਿੱਤਰਕੀ ਸੱਤਾ ਵੱਧ ਤਾਕਤ ਨਾਲ ਸਮਾਜਕ ਤਾਣੇ ਬਾਣੇ ਨੂੰ ਪਹਿਲਾਂ ਵਾਂਗ ਕਾਇਮ ਰੱਖਣ ਦੀ ਕੋਸ਼ਿਸ਼ ਕਰਦੀ ਹੈ। ਇਹ ਸੰਘਰਸ਼ ਪਰਵਾਸੀ ਕਾਵਿ ਵਿਚ ਮੁਢ ਤੋਂ ਸ਼ਾਮਿਲ ਹੈ ਪਰ ਇੱਕਵੀਂ ਸਦੀ ਦੀ ਕਵਿਤਾ ਵਿਚ ਇਹ ਦਵੰਧ ਵੱਧ ਜ਼ੋਰਦਾਰ ਤਰੀਕੇ ਨਾਲ ਪੇਸ਼ ਹੁੰਦਾ ਹੈ। ਸ਼ਾਇਦ ਇਸਦਾ ਇਕ ਕਾਰਨ ਇਹ ਹੋਵੇ ਕਿ ਪੱਛਮੀ ਪੂੰਜੀਵਾਦ ਸਾਹਮਣੇ ਪੰਜਾਬੀ ਜਾਗੀਰਦਾਰੀ ਪਿੱਤਰਕੀ

ਸੱਤਾ ਹਾਰ ਰਹੀ ਹੈ ਤੇ ਹਾਰਨ ਤੋਂ ਪਹਿਲਾਂ ਉਹ ਆਖ਼ਰੀ ਹੰਭਲਾ ਵੱਧ ਤਾਕਤ ਨਾਲ ਮਾਰ ਰਹੀ ਹੈ। ਜਦ ਸਭ ਧਿਰਾਂ ਨੂੰ ਇਸ ਸੱਚ ਦਾ ਯਕੀਨ ਹੋਣ ਲੱਗਦਾ ਹੈ ਕਿ ਇਸ ਸੰਘਰਸ਼ ਵਿਚ ਜਾਗੀਰਦਾਰੀ ਪ੍ਰਬੰਧ ਨੇ ਪੂੰਜੀਵਾਦੀ ਪ੍ਰਬੰਧ ਅੱਗੇ ਹਾਰ ਜਾਣਾ ਹੈ ਤਾਂ ਸਥਿਤੀ ਬਦਲਣ ਲੱਗਦੀ ਹੈ। ਇਕੀਵੀਂ ਸਦੀ ਵਿਚ ਪਰਵਾਸੀ ਪੰਜਾਬੀ ਨਾਰੀ ਕਾਵਿ ਬਹੁਤ ਅਹਿਮ ਪਾਸਾਰ ਗ੍ਰਹਿਣ ਕਰਦਾ ਹੈ। ਕਵਿਤਾ ਦੇ ਇਸ ਦੌਰ ਵਿਚ ਪ੍ਰਵਾਸ ਵਿਚ ਜਾਗੀਰਦਾਰੀ ਮਰਦ ਹਉਂ ਟੁੱਟ ਚੁੱਕੀ ਹੈ। ਇਸ ਟੁੱਟ ਚੁੱਕੀ ਹਉਮੈਂ ਪ੍ਰਤੀ ਨਾਰੀ ਕਾਵਿ ਦਾ ਨਜ਼ਰੀਆ ਬਹੁਤ ਅਹਿਮ ਹੈ।

ਜ਼ਿੰਦਾ ਪਲਾਂ ਦੀ ਤਲਾਸ਼
ਗੁੰਮ ਸੁੰਮ ਗੁਆਚੇ ਗੁਆਚੇ ਜ਼ਰਦ ਮੁਸਕਾਨਾਂ
ਵਿਦੇਸ਼ 'ਚ ਜ਼ਿੰਦਗੀ ਲੱਭਣ ਆਏ
ਤੇਜ਼ ਚਾਲ 'ਚ ਫਿਕਰਮੰਦੀ
ਤੁਰਲੇ ਵਾਲੀ ਪੱਗ ਦੇ ਵਾਰਿਸ
ਨੀਵੀਂ ਪਾ ਤੁਰਦੇ
ਚੁੱਪ ਦੀ ਵਰੇਸ ਹੰਢਾਉਂਦੇ
ਧੁਰ ਅੰਦਰੋਂ ਮਰ ਕੇ ਖੌਰੇ ਕੀ ਬਚਾਓਦੇ ਇਹ ਮੁੰਡੇ !!

(ਦਲਵੀਰ 60)

ਇਸ ਬਦਲਦੇ ਹਾਲਾਤ ਵਿਚ ਇਕ ਦ੍ਰਿਸ਼ਟੀਕੋਣ ਤਾਂ ਹਾਰੇ ਹੋਏ 'ਦੁਸ਼ਮਣ' ਉਪਰ ਜਸ਼ਨ ਮਨਾਉਣ ਦਾ ਹੋ ਸਕਦਾ ਹੈ। ਕਿਉਂਕਿ ਔਰਤ ਸਦੀਆਂ ਤੋਂ ਪੰਜਾਬੀ ਪਿਤਰਕੀ ਸੱਤਾ ਦੀ ਪੀੜਤ ਰਹੀ ਹੈ। ਜਾਗਰੂਕ ਨਾਰੀ ਇਸ ਪੀੜ ਦੇ ਇਤਿਹਾਸ ਤੇ 'ਮਰਦ' ਦੇ ਉਦੇਸ਼ਾਂ ਨੂੰ ਸਮਝਦੀ ਹੈ। ਹੁਣ ਜਦੋਂ ਹਾਲਾਤ ਨੇ ਕਰਵਟ ਲਈ ਹੈ ਤਾਂ ਇਹ ਮੌਕਾ ਹੈ ਕਿ ਉਹ ਇਸ ਬਦਲਾਅ ਦਾ ਜਸ਼ਨ ਮਨਾਉਂਦਿਆ ਮਰਦ ਨੂੰ ਨਾਲ ਸ਼ਾਮਿਲ ਕਰੇ ਜਾਂ ਉਸ ਉੱਪਰ ਹੱਸੇ। ਨਾਰੀ ਪਹਿਲਾ ਰਸਤਾ ਚੁਣਦੀ ਹੈ। ਇਹੋ ਉਸਦੀ ਪ੍ਰਾਪਤੀ ਹੈ।

ਜਿਉਂ ਹੀ ਉਸਨੇ ਮੇਰੇ ਦਰਦ ਭਰੇ ਚਿਹਰੇ ਦੀ
ਪਿਲੱਤਣ ਨੂੰ ਮਾਨਣਾ ਸ਼ੁਰੂ ਕੀਤਾ
ਮੇਰੀ ਆਤਮਾ ਜਾਗ ਉੱਠੀ
ਸੰਤਾਪ ਸ਼ਬਦ ਨੇ ਅਰਥ ਬਦਲੇ
ਹੋਂਦ ਪਲਟਿ
ਨਰ ਨਾਰੀ ਦਵੰਦ ਮੁੱਕਾ
ਦਿਸਹੱਦੇ ਨਿਖਰੇ
ਚੜ੍ਹਦੇ ਸੂਰਜ ਦੀ ਲਾਲੀ ਵਿਚ ਉਸਦਾ ਦਰ ਦਵੀ ਚਮਕਿਆ

ਤੇ ਹੁਣ ਉਹ ਵੀ ਪਰਤ ਰਿਹੈ
ਸਵਾਮੀ ਨਹੀਂ ਇਨਸਾਨ ਬਣਕੇ !!

(ਦਲਵੀਰ 113)

ਇਹ ਇਸ ਤਰ੍ਹਾਂ ਵੀ ਜਾਪ ਸਕਦਾ ਹੈ ਕਿ ਔਰਤ ਫਿਰ ਉਸੇ ਪਿਤਰਕੀ ਸੱਤਾ ਦੀ ਘਾੜਤ (ਜਿਸ ਨੇ ਉਸਨੂੰ ਮਲੂਕ ਅਤੇ ਸੰਵੇਦਨਸ਼ੀਲ ਸਾਬਿਤ ਕਰਨਾ ਹੈ) ਦੀ ਸ਼ਿਕਾਰ ਹੋ ਗਈ ਹੈ। ਇਹ ਖਦਸਾ ਹੋਰ ਵਧ ਜਾਂਦਾ ਹੈ ਜਦੋਂ ਬਜ਼ੁਰਗ ਹੋ ਚੁੱਕੀ ਪੀੜੀ ਅਗਲੀ ਪੀੜੀ ਦੇ ਮਰਦ ਤੋਂ ਸਹਿਯੋਗ ਦੀ ਆਸ ਰੱਖਦੀ ਹੈ।

... ਤਿੰਨ ਸਤਰਾਂ ਦੀ ਦਾਸਤਾਨ ਸੁਣਦਾ, ਸਹਿੰਦਾ ਆਇਆ
ਉਸਦਾ ਪੁੱਤਰ ਪੱਗ ਨੂੰ ਨਵੇਂ ਅਰਥ ਦੇਣੇ ਚਾਹੁੰਦਾ ਹੈ
ਤੇ ਉਹ ਤਿੰਨ ਮੰਜ਼ਲੇ ਕਾਂਟੇ
ਆਪਣੀ ਨਾਨੀ ਨੂੰ ਵਾਪਿਸ ਕਰ ਆਇਆ ਹੈ

(ਦਲਵੀਰ 43)

ਔਰਤ ਦੀ ਇਸ ਅਵਸਥਾ ਨੂੰ ਦੋ ਤਰੀਕਿਆਂ ਨਾਲ ਸਮਝਿਆ ਜਾ ਸਕਦਾ ਹੈ। ਇਕ ਤਾਂ ਇਹ ਹੈ ਕਿ ਔਰਤ ਆਪਣੀ ਮੁਕਤੀ ਦਾ ਰਾਹ ਫਿਰ ਮਰਦ ਦੀ ਤਾਕਤ ਵਿਚੋਂ ਤਲਾਸ਼ਦੀ ਹੈ, ਚਾਹੇ ਉਹ ਪੁੱਤਰ ਦੇ ਰੂਪ ਵਿਚ ਹੀ ਹੋਵੇ ਪਰ ਦੂਜੇ ਪਾਸੇ ਇਸ ਨੂੰ ਲਿੰਗਕ ਦਾਬੇ ਤੋਂ ਮੁਕਤੀ ਦੇ ਪਾਸਾਰ ਵਜੋਂ ਦੇਖਿਆ ਜਾ ਸਕਦਾ ਹੈ। ਨਾਰੀਵਾਦ ਦਾ ਮੂਲ ਸਿਧਾਂਤ ਵੀ ਬਰਾਬਰੀ ਦਾ ਸਮਾਜ ਸਿਰਜਦਾ ਹੈ। ਇਸ ਸਿਧਾਂਤ ਦਾ ਉਦੇਸ਼ ਮਰਦ ਉਪਰ ਔਰਤ ਦੀ ਸੱਤਾ ਸਥਾਪਤ ਕਰਨਾ ਨਹੀਂ ਹੈ। ਔਰਤ ਦੀ ਮਰਦ ਉਪਰ ਸੱਤਾ ਫੇਰ ਕਿਸੇ ਅਜਿਹੇ ਸਮਾਜ ਨੂੰ ਜਨਮ ਦੇਵੇਗੀ ਜੋ ਗ਼ੈਰ ਬਰਾਬਰੀ ਵਾਲਾ ਹੋਵੇਗਾ। ਪ੍ਰੰਤੂ ਨਾਰੀ ਕਾਵਿ ਦਾ ਮਰਦ ਨੂੰ ਬਰਾਬਰੀ ਵਾਲੀ ਧਿਰ ਬਣਾ ਕੇ ਪਿੱਤਰਕੀ ਸੱਤਾ ਖਿਲਾਫ਼ ਲੜਨਾ ਪ੍ਰਵਾਸੀ ਪੰਜਾਬੀ ਕਵਿਤਾ ਦਾ ਅਹਿਮ ਪਾਸਾਰ ਬਣਦਾ ਹੈ। ਪੰਜਾਬੀ ਸੱਭਿਆਚਾਰ ਵਿਚ ਔਰਤ ਮਰਦ ਦੀ ਕੰਮ ਵੰਡ ਨੇ ਇਕ ਲਕੀਰ ਖਿੱਚੀ ਹੋਈ ਸੀ। ਇਸ ਲਕੀਰ ਵਿਚ ਔਰਤ ਦਾ ਸਰੀਰਕ ਪੱਖੋਂ ਮਾੜੇ ਹੋਣਾ ਉਸਦੀ ਕਮਜ਼ੋਰੀ ਹੀ ਮੰਨਿਆ ਜਾਂਦਾ ਰਿਹਾ ਹੈ। ਪਰਵਾਸੀ ਕਵਿਤਾ ਕਿਤੇ ਕਿਤੇ ਇਸ 'ਕਮਜ਼ੋਰੀ' ਨੂੰ ਤਾਕਤ ਵਜੋਂ ਪੇਸ਼ ਕਰਦੀ ਨਜ਼ਰ ਆਉਂਦੀ ਹੈ।

ਰੱਬ ਦਾ ਮੈਂ ਆਦਮੀ ਨਹੀਂ
ਮੈਨੂੰ ਜ਼ੋਰ ਆਜ਼ਮਾਉਣ ਦੀ ਲੋੜ ਨਹੀਂ
ਨਾ ਹੀ ਗ਼ਮ ਲੁਕਾਉਣ ਦੀ
ਮੈਂ ਜਦੋਂ ਚਾਹਾਂ ਰੋ ਸਕਦੀ ਹਾਂ
ਜਦੋਂ ਚਾਹਾਂ ਹੱਸ ਸਕਦੀ ਹਾਂ

(ਸੁਰਿੰਦਰ, ਕੁੰਜੀਆਂ 18)

ਵਿਆਹ ਸੰਸਥਾ ਆਪਣੀ ਔਧ ਹੰਢਾ ਕੇ ਨਵਾਂ ਰੂਪ ਲੈਣ ਦੀ ਤਿਆਰੀ ਵਿਚ ਹੈ। ਪੱਛਮੀ

ਪੂੰਜੀਵਾਦ ਨੇ ਹਰੇਕ ਜੀਅ ਨੂੰ ਜਿਸ ਆਜ਼ਾਦੀ ਦਾ ਸੁਪਨਾ ਦਿਖਾਇਆ ਹੈ ਉਸ ਵਿਚੋਂ ਵਿਆਹ ਅਤੇ ਇਸ ਨਾਲ ਸੰਬੰਧਤ ਜ਼ਿੰਮੇਦਾਰੀਆਂ ਮਨਫੀ ਹਨ। ਸਮਕਾਲੀ ਪਰਵਾਸੀ ਪੰਜਾਬੀ ਨਾਰੀ ਕਵਿਤਾ ਦੀ ਵਿਆਹ ਪ੍ਰਬੰਧ ਪ੍ਰਤੀ ਦ੍ਰਿਸ਼ਟੀ ਇਸੇ ਧਾਰਨਾ ਦਾ ਪ੍ਰਗਟਾਵਾ ਜਾਪਦੀ ਹੈ। ਬਰਾਬਰ ਦਾ ਕੰਮ ਕਰਨ ਵਾਲੀ ਨਾਰੀ ਲਈ ਵਿਆਹ ਸੰਸਥਾ ਨੂੰ ਬਚਾ ਕੇ ਰੱਖਣ ਲਈ ਪੈਰ ਪੈਰ 'ਤੇ ਆਪਣੇ ਸੁਪਨਿਆ ਦੀ ਕੁਰਬਾਨੀ ਦੇਣੀ ਪੈਂਦੀ ਹੈ। ਜਾਗਰੂਕ ਕਵਿੱਤਰੀ ਇਸ ਪ੍ਰਬੰਧ ਦੀਆਂ ਖਾਮੀਆਂ ਉਪਰ ਉਂਗਲ ਧਰਦੀ ਹੈ।

ਨਾ ਦਰ ਲੱਭਾ ਨਾ ਘਰ ਲੱਭਾ
ਭਟਕਣ ਚਾਰ ਚੁਫੇਰੇ

(ਇੰਦਰਜੀਤ 110)

...ਜਿਸ ਦਿਨ ਤੂੰ ਸਾਨੂੰ ਸਿਰਫ਼ ਬੀਵੀ ਦੇ ਲਕਬ ਨਾਲ ਸਨਮਾਨਿਆ
ਜਿਸ ਵਿਚੋਂ ਮੁਹੱਬਤ ਮਨਫ਼ੀ ਸੀ
ਜਾਪਿਆ ਸੋਹਣੀ ਇਕੱਲੀ ਹੀ ਝਨਾਂ ਵਿਚ ਡੁੱਬ ਮੋਈ ਸੀ

(ਅਮਰ, ਸੋਚਾਂ ਦੇ ਨਿਸ਼ਾਨ 202)

ਇਹ ਵਿਆਹ ਪ੍ਰਬੰਧ ਪ੍ਰਤੀ ਪੱਛਮੀ ਨਾਰੀਵਾਰੀ ਦ੍ਰਿਸ਼ਟੀ ਦੀ ਪੈਦਾਇਸ਼ ਹੈ ਜੋ ਪੰਜਾਬੀ ਦ੍ਰਿਸ਼ਟੀ ਤੋਂ ਵੱਖਰੀ ਹੈ। ਪੰਜਾਬ ਦਾ ਜਗੀਰੂ ਅਰਧ ਜਗੀਰੂ ਪ੍ਰਬੰਧ ਵਿਆਹ ਨੂੰ ਨਾਰੀ ਦੇ ਪੇਕੇ ਪਰਿਵਾਰ ਤੋਂ ਵਿਛੋੜੇ ਵਜੋਂ ਚਿਤਵਦਾ ਹੈ। ਪੰਜਾਬੀ ਲੋਕਗੀਤ ਪ੍ਰੰਪਰਾ ਇਸੇ ਵੇਦਨਾ ਨੂੰ ਬਿਆਨ ਕਰਦੀ ਹੈ। ਜਿਸ ਵਿਚ ਔਰਤ ਦੇ ਇਕ ਧਰਤੀ ਤੋਂ ਦੂਜੀ ਧਰਤੀ ਉਪਰ ਜਾਣ ਦਾ ਦਰਦ ਹੈ ਪਰ ਇਹ ਪੀੜ ਉਸ ਤਰ੍ਹਾਂ ਦੀ ਗੁਲਾਮੀ ਵਾਲਾ ਅਹਿਸਾਸ ਨਹੀਂ ਕਰਾਉਂਦੀ ਹੈ ਜਿਸ ਤਰ੍ਹਾਂ ਸਮਕਾਲੀ ਪੱਛਮੀ ਚਿੰਤਨ ਸਮਝਦਾ ਹੈ। ਇਹ ਵਿਆਹ ਪ੍ਰੰਪਰਾ ਨੂੰ ਵਿਕਾਸ ਵਜੋਂ ਹੀ ਸਮਝਦਾ ਹੈ। ਇਹ ਇੱਕ ਘਰ ਤੋਂ ਦੂਜੇ ਘਰ ਜਾਣ ਨੂੰ ਸਹਿਜ ਵਰਤਾਰੇ ਵਜੋਂ ਲੈਂਦੀ ਹੈ। ਪ੍ਰਵਾਸ ਨਾਲ ਸੰਬੰਧਤ ਪੰਜਾਬੀ ਦੀ ਪ੍ਰਸਿੱਧ ਕਵਿੱਤਰੀ ਸੁਰਿੰਦਰ ਕੌਰ ਪੱਛਮੀ ਦ੍ਰਿਸ਼ਟੀ ਨੂੰ ਉਲੰਘ ਕੇ ਸਾਡਾ ਥਿਸਿਸ ਲਟਾ ਦਿੰਦੀ ਹੈ।

ਜਦ ਮੈਂ ਤੇਰੇ ਘਰ ਆਈ
ਹਰ ਕਮਰੇ ਹਰ ਕੋਣੇ ਤੇਰੀ ਕੋਈ ਨਾ ਕੋਈ ਯਾਦ ਸੀ
ਤੂੰ ਚਾਅ ਨਾਲ ਥਾਂਵਾਂ ਦਿਖਾਉਂਦਾ ਰਿਹਾ
ਮਾਂ, ਭੈਣ, ਭਰਾ ਉਹਨਾਂ ਦੇ ਬੱਚੇ ਕਿਨਾਂ ਕੁਝ ਸੀ ਤੇਰੇ ਕੋਲ
ਮੇਰੇ ਲਈ ਸਭ ਕੁਝ ਨਵਾਂ ਤੇ ਓਪਰਾ
ਇਕੱਲ ਤੋਂ ਘਬਰਾ ਮੈਂ ਵਿਹੜੇ ਬੰਨ੍ਹੀਂ ਕੱਟੀ ਨੂੰ ਪਲੋਸਣ ਲੱਗੀ
ਉਹ ਬੂਥੀ ਚੱਕ ਜਦ ਮੇਰਾ ਹੱਥ ਚਟਦੀ
ਤਾਂ ਲੱਗਦਾ ਕੱਟੀ ਮੈਨੂੰ ਜਾਣਦੀ ਹੈ ਕੁਝ ਵੀ ਓਪਰਾ ਨਹੀਂ

(ਸੁਰਿੰਦਰ, ਕੁੰਜੀਆਂ 68)

ਇਸ ਤਰਾਂ ਪਰਵਾਸੀ ਪੰਜਾਬੀ ਨਾਰੀ ਕਾਵਿ ਵਿਚ ਔਰਤ ਮਰਦ ਦਾ ਰਿਸ਼ਤਾ ਵੀ ਇਕ ਦੂਜੇ ਦੇ ਪੂਰਕ ਵਜੋਂ ਪੇਸ਼ ਹੁੰਦਾ ਨਜ਼ਰ ਆਉਂਦਾ ਹੈ। ਇਸ ਦ੍ਰਿਸ਼ਟੀ ਤੋਂ ਨਾਰੀ ਕਾਵਿ ਗਹਿਰਾਈ ਵੀ ਫੜਨ ਲੱਗਦਾ ਹੈ। ਇਹ 'ਨਾਰੀਵਾਦ' ਪੱਛਮੀ ਪੂੰਜੀਵਾਦ ਨਹੀਂ ਸਗੋਂ ਪੰਜਾਬੀ ਰਹਿਤਲ ਵਿਚੋਂ ਆਪਣੇ ਨਕਸ਼ ਤਲਾਸ਼ਦਾ ਹੈ। ਇਸ ਵਿਚ ਰਮਜ਼ ਹੈ, ਇਸ ਵਿਚ ਸਹਿਜ ਵਰਤਾਰਿਆਂ ਦੇ ਪਿਛਲੀ ਸਾਜ਼ਿਸ਼ ਦੀ ਉਧੇੜ-ਬੁਣ ਹੈ।

ਮਾਂ ਕਹਿੰਦੀ ਬਾਹਰ ਸਿਰ ਢਕ ਕੇ ਜਾ
ਵਾਲਾਂ ਦੀ ਲਿਸ਼ਕ ਨਾਲ ਬਲਾਵਾਂ ਚਿੰਬੜ ਜਾਂਦੀਆਂ
ਓਪਰੇ ਬੰਦੇ ਨਾਲ ਗੱਲ ਨਹੀਂ ਕਰੀਦੀ
ਬਹੁਤਾ ਹੱਸੀ ਦਾ ਨਹੀਂ।

(ਸੁਰਿੰਦਰ, ਭੌਣੀ 46)

ਪਰਵਾਸੀ ਪੰਜਾਬੀ ਨਾਰੀ ਕਾਵਿ ਵਿਚ ਨਾਰੀ ਮਸਲੇ ਬੇਸ਼ੱਕ ਸੰਜੀਦਗੀ ਗ੍ਰਹਿਣ ਕਰਦੇ ਨਜ਼ਰ ਆਉਂਦੇ ਹਨ। ਪ੍ਰੰਤੂ ਇਹ ਵੀ ਸੱਚ ਹੈ ਕਿ ਪੰਜਾਬ ਦੇ ਬਾਕੀ ਮਸਲੇ ਜਿਵੇਂ ਬੇਰੋਜ਼ਗਾਰੀ, ਨਸ਼ੇ, ਖੇਤ- ਸੰਕਟ ਦੁਖਾਂਤ ਪਰਵਾਸੀ ਪੰਜਾਬੀ ਨਾਰੀ ਕਾਵਿ ਵਿਚ ਵੱਡੀ ਥਾਂ ਨਹੀਂ ਗ੍ਰਹਿਣ ਕਰਦੇ। ਅਸੀਂ ਪਹਿਲਾ ਚਰਚਾ ਕਰ ਆਏ ਹਾਂ ਕਿ ਨਾਰੀਵਾਦੀ ਸਰੋਕਾਰ ਮਰਦ ਸਰੋਕਾਰਾਂ ਨਾਲੋਂ ਵਿਲੱਖਣ ਹਨ ਪਰੰਤੂ ਫਿਰ ਵੀ ਧਰਮ, ਖ਼ਾਸ ਤੌਰ 'ਤੇ ਸਿੱਖ ਧਰਮ ਪਰਵਾਸੀ ਕਵਿਤਾ ਵਿਚ ਆਪਣੇ ਸਮਕਾਲੀ ਸਰੋਕਾਰਾਂ ਦੇ ਹਵਾਲੇ ਨਾਲ ਥਾਂ ਗ੍ਰਹਿਣ ਕਰਦਾ ਹੈ। ਸਿੱਖ ਧਰਮ ਦਾ ਪ੍ਰੰਪਰਾਗਤ ਸਰੂਪ ਅਤੇ ਸਮਕਾਲੀ ਤਰਕ ਸਿਧਾਂਤ ਆਪਸ ਵਿਚ ਟਕਰਾਉਂਦੇ ਹਨ। ਇਸੇ ਤਰਕ ਨਾਲ ਪੰਜਾਬ ਦੇ 1984 ਦੇ ਦੁਖਾਂਤ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਜਾਦੀ ਹੈ।

ਕਿੰਨਾ ਸਫ਼ਰ
ਤਹਿ ਕਰ ਆਏ ਹਾਂ ਦੇਸੋਂ ਪ੍ਰਦੇਸ ਤੱਕ
ਨੀਲਾ ਤਾਰਾ ਆਪ੍ਰੇਸ਼ਨ ਤੋਂ
ਕੁਰਸੀ ਮੇਜ ਹੰਗਾਮਿਆਂ ਤੱਕ
ਸੰਗਤ ਤੋਂ ਲੰਗਰ ਤੱਕ
ਭਾਣੇ ਤੋਂ ਬਾਣੇ ਤੱਕ...
... ਬਿਗਾਨੇ ਮੁਲਕ ਵਿਚਲਾ
ਬਦਮਸਤ ਅਮੀਰ ਪੰਜਾਬ ਭੁੱਲ ਗਿਆ ਹੈ
ਢੱਠਾ ਅਕਾਲ ਤਖ਼ਤ
ਵਿਰਸਾ, ਅਣਖ ਆਨ...

(ਇੰਦਰਜੀਤ 43)

ਇਹ ਤਰਕ ਪੰਜਾਬ ਨਾਲ ਸੰਬੰਧਤ ਕਿਸੇ ਦੁਖਾਂਤ ਦੇ ਕਾਰਨਾਂ, ਨਤੀਜਿਆਂ ਜਾਂ ਸੰਭਾਵਨਾਵਾਂ

ਦੀ ਨਿਸ਼ਾਨਦੇਹੀ ਕਰਨ ਦੀ ਥਾਂ ਇਕ ਭਾਵੁਕ ਪ੍ਰਤੀਉੱਤਰ ਸਿਰਜਦਾ ਹੈ। ਇਸ ਭਾਵੁਕਤਾ ਦਾ ਅਸਰ ਨਾਰੀ ਕਾਵਿ ਦੀ ਭਾਸ਼ਾ, ਚਿੰਨ੍ਹਾਂ, ਪ੍ਰਤੀਕਾਂ ਉਪਰ ਵੀ ਹੁੰਦਾ ਹੈ। ਨਾਰੀ ਕਾਵਿ ਪ੍ਰਗਟਾਵੇ ਲਈ ਪੂਣੀਆਂ, ਚਰਖਾ, ਰਸੋਈ ਆਦਿ ਨੂੰ ਭਾਵੁਕ ਯਾਦ ਵਜੋਂ ਚਿਤਵਦੀ ਹੈ।

ਪ੍ਰਵਾਸੀ ਨਾਰੀ ਕਾਵਿ ਦੇ ਇਕ ਅਹਿਮ ਪਾਸਾਰ ਵਜੋਂ ਬਜ਼ੁਰਗ ਪੀੜ੍ਹੀ ਦਾ ਦੁਖਾਂਤ ਸਾਹਮਣੇ ਆਉਂਦਾ ਹੈ। ਜ਼ਿੰਦਗੀ ਦੀ ਤੇਜ਼ ਰਫ਼ਤਾਰ ਨੇ ਜਿੱਥੇ ਵਿਆਹ ਪ੍ਰਬੰਧ ਨੂੰ ਸੱਟ ਮਾਰੀ ਹੈ ਉਥੇ ਪਰਿਵਾਰ ਨੂੰ ਵੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬੀ ਵਿਆਹ ਪ੍ਰਬੰਧ ਦੇ ਨਤੀਜੇ ਵਜੋਂ ਔਰਤ ਆਪਣੀ ਮਾਂ ਤੋਂ ਟੁੱਟੀ ਮਹਿਸੂਸ ਕਰਦੀ ਹੈ। ਹਾਲਾਂ ਕਿ ਇਸ ਵਿਚ ਜ਼ਿਆਦਾ ਯੋਗਦਾਨ ਪੂੰਜੀਵਾਦੀ ਪ੍ਰਬੰਧ ਦਾ ਹੈ। ਪ੍ਰੰਤੂ ਜਦੋਂ ਬਜ਼ੁਰਗ ਪੀੜ੍ਹੀ ਇਸ ਇਕੱਲਤਾ ਨੂੰ ਹੰਢਾ ਰਹੀ ਹੁੰਦੀ ਹੈ ਤਾਂ ਇਸ ਵਰਤਾਰੇ ਬਾਰੇ ਜ਼ਿਆਦਾ ਸਜੱਗ ਨਜ਼ਰੀਂ ਪੈਂਦੀ ਹੈ।

ਮਾਂ
ਸੁਬਾਹ ਤੋਂ ਸ਼ਾਮ ਤੱਕ ਬਾਰੀ ਵਿਚੋਂ
ਆਉਂਦੇ ਜਾਂਦੇ ਲੋਕ ਦੇਖਦੀ
ਆਪਣਿਆਂ ਨੂੰ ਉਡੀਕਦੀ ਹੈ
ਕਿਸੇ ਨੂੰ ਆਪਣੇ ਵੱਲ ਆਉਂਦਾ ਦੇਖ ਥੋੜੇ ਮੂੰਹ ਨਾਲ ਹੱਸਦੀ
ਜਾਂਦੇ ਨੂੰ ਦੇਖ ਚੁੱਪ ਚਾਪ ਝਾਕਦੀ।

(ਸੁਰਿੰਦਰ, ਭੌਣੀ 34)

## ਪੁਸਤਕ ਸੂਚੀ


ਅਮਰ ਜਿਓਤੀ. ਸੂਫੀ ਰੋਮਾਂਸ. ਲੁਧਿਆਣਾ: ਚੇਤਨਾ ਪ੍ਰਕਾਸ਼ਨ, 2004.

-. ਸੋਚਾਂ ਦੇ ਨਿਸ਼ਾਨ. ਲੁਧਿਆਣਾ: ਚੇਤਨਾ ਪ੍ਰਕਾਸ਼ਨ, 2004.

ਅੰਮ੍ਰਿਤਪਾਲ ਕੌਰ. "ਅਧੁਨਿਕ ਪੰਜਾਬੀ ਕਵਿਤਾ: ਪ੍ਰਾਪਤੀਆਂ ਤੇ ਸੰਭਾਵਨਾਵਾਂ." ਪੰਜਾਬੀ ਸਾਹਿਤ ਅਧਿਐਨ ਵਿਭਾਗ. ਪਟਿਆਲਾ: ਪੰਜਾਬੀ ਯੂਨੀਵਰਸਿਟੀ, 2014. 943.

ਇੰਦਰਜੀਤ ਸਿੱਧੂ. ਨੰਗੇ ਪੈਰ. ਰਵੀ ਸਾਹਿਤ ਪ੍ਰਕਾਸ਼ਨ: ਅੰਮ੍ਰਿਤਸਰ, 2004.

ਸੁਖਵਿੰਦਰ ਕੰਬੋਜ. ਅਮਰੀਕੀ ਪੰਜਾਬੀ ਕਵਿਤਾ ਭਾਗ ਦੂਜਾ. ਪਟਿਆਲਾ: ਸਪਰੈੱਡ ਪਬਲਿਸ਼ਰਜ, 2019.

ਸੁਰਜੀਤ ਸਖੀ. ਜਵਾਬੀ ਖਤ ਤੇ ਹੋਰ ਕਵਿਤਾਵਾਂ. ਲੁਧਿਆਣਾ: ਚੇਤਨਾ ਪ੍ਰਕਾਸ਼ਨ, 2019.

-. ਮੈਂ ਸਿਕੰਦਰ ਨਹੀਂ. ਲੁਧਿਆਣਾ: ਚੇਤਨਾ ਪ੍ਰਕਾਸ਼ਨ, 2001.

ਸੁਰਜੀਤ. ਹੇ ਸਖੀ. ਲੁਧਿਆਣਾ: ਚੇਤਨਾ ਪ੍ਰਕਾਸ਼ਨ , 2019.

ਸੁਰਿੰਦਰ ਕੌਰ ਚਹਿਲ. ਕੁੰਜੀਆਂ. ਲੁਧਿਆਣਾ: ਅਸਥੈਟਿਕਸ ਪ੍ਰਕਾਸ਼ਨ, 2008.

-. ਭੌਣੀ. ਪਟਿਆਲਾ: ਗ੍ਰੇਸ਼ੀਅਸ ਪ੍ਰਕਾਸ਼ਨ, 2016.

ਜਸਵੀਰ. ਆਪਣੇ ਆਪਣੇ ਜੰਗਲ. ਲੁਧਿਆਣਾ: ਚੇਤਨਾ ਪ੍ਰਕਾਸ਼ਨ, 2008.

ਦਲਵੀਰ ਕੌਰ. ਅਹਿਦ. ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2009.

ਦਵਿੰਦਰ ਕੌਰ. ਅਗਨ ਚੋਲਾ. ਦਿੱਲੀ: ਸਤਵੰਤ ਬੁੱਕ ਏਜੰਸੀ, 2002.

ਰੁਪਿੰਦਰ ਕੌਰ. ਪਰਵਾਸੀ ਪੰਜਾਬੀ ਮਰਦ ਤੇ ਨਾਰੀ ਕਾਵਿ. ਚੰਡੀਗੜ੍ਹ: ਲੋਕਗੀਤ ਪ੍ਰਕਾਸ਼ਨ, 2018.

# ਭਾਈ ਵੀਰ ਸਿੰਘ ਕਾਵਿ ਵਿਚਲੀ ਅਧਿਆਤਮਕ ਜੁਗਤ ਦੇ ਵਿਚਾਰਧਾਰਾਈ ਆਧਾਰ

*ਡਾ. ਸਿਮਰਨਜੀਤ ਸਿੰਘ*

*ਅਸਿਸਟੈਂਟ ਪ੍ਰੋਫ਼ੈਸਰ ਅਤੇ ਮੁਖੀ, ਪੋਸਟ ਗ੍ਰੈਜੂਏਟ, ਇਟਰਨਲ ਯੂਨੀਵਰਸਿਟੀ, ਬੜੂ ਸਾਹਿਬ, ਹਿਮਾਚਲ ਪ੍ਰਦੇਸ਼।*
*ਫੋਨ : 7807302105, 9417642669*

ਭਾਈ ਵੀਰ ਸਿੰਘ ਨੂੰ ਆਮ ਤੌਰ 'ਤੇ ਆਧੁਨਿਕ ਪੰਜਾਬੀ ਕਵਿਤਾ ਦਾ ਮੁੱਢਲਾ ਕਵੀ ਕਹਿ ਕੇ ਸਨਮਾਨਿਆ ਜਾਂਦਾ ਰਿਹਾ ਹੈ ਪਰ ਇਹ ਵਾਕ ਇਸ ਕਥਨ ਬਿਨਾ ਅਧੂਰਾ ਹੈ ਕਿ ਉਸਦੀ ਕਵਿਤਾ ਵਿਚਲੀ ਆਧੁਨਿਕਤਾ, ਨਿਰੋਲ ਸਮਕਾਲੀ ਆਧੁਨਿਕ ਦੌਰ ਦੇ ਮਸਲਿਆਂ ਦੀ ਕਵਿਤਾ ਨਾ ਹੋ ਕੇ ਉਸ ਸਮੇਂ ਦੀ ਬਾਤ ਪਾਉਂਦੀ ਹੈ ਜਦੋਂ ਨਾ ਤਾਂ ਪੂਰਨ ਰੂਪ ਵਿਚ ਮੱਧਕਾਲੀ ਚੇਤਨਾ ਦਾ ਅੰਤ ਹੁੰਦਾ ਹੈ ਅਤੇ ਨਾ ਹੀ ਪੂਰਨ ਰੂਪ ਵਿਚ ਆਧੁਨਿਕਤਾ ਦਾ ਪਾਸਾਰਾ ਹੁੰਦਾ ਹੈ। ਕਹਿਣ ਦਾ ਭਾਵ ਇਹ ਕਿ ਭਾਈ ਵੀਰ ਸਿੰਘ ਦੀ ਕਵਿਤਾ ਵਿਚ ਮੱਧਕਾਲੀ ਅਤੇ ਆਧੁਨਿਕ ਚੇਤਨਾ ਦੀ ਮੱਸ ਰਲੀ ਹੋਈ ਹੈ, ਜਿਸਨੂੰ ਉਹ ਆਪਣੀ ਕਵਿਤਾ ਵਿਚ ਕਈ ਜੁਗਤਾਂ ਦਾ ਸਹਾਰਾ ਲੈ ਕੇ ਪੇਸ਼ ਕਰਦੇ ਹਨ। ਦੂਜੀ ਗੱਲ ਪੰਜਾਬੀ ਦੇ ਬਹੁਤੇ ਵਿਦਵਾਨਾਂ ਅਨੁਸਾਰ 'ਭਾਈ ਵੀਰ ਸਿੰਘ ਮੂਲ ਰੂਪ ਵਿੱਚ ਇਕ ਦਾਰਸ਼ਨਿਕ ਕਵੀ ਹੈ। ਆਧੁਨਿਕ ਯੁੱਗ ਦਾ ਉਹ ਸਰਬੋਤਮ ਦਾਰਸ਼ਨਿਕ ਕਵੀ ਹੈ। ਸਰਬੋਤਮ ਦਾਰਸ਼ਨਿਕ ਕਵੀ ਇਸ ਲਈ ਕਿ ਜਿਸ ਢੰਗ ਨਾਲ ਦਾਰਸ਼ਨਿਕ ਤੱਤਾਂ ਦਾ ਵਿਵੇਚਨ ਉਸਨੇ ਆਪਣੇ ਕਾਵਿ ਵਿੱਚ ਕੀਤਾ ਉਸ ਢੰਗ ਨਾਲ ਪੰਜਾਬੀ ਦੇ ਕਿਸੇ ਹੋਰ ਆਧੁਨਿਕ ਯੁੱਗ ਕਵੀ ਨੇ ਨਹੀਂ ਕੀਤਾ।'1 ਪਰ ਸਾਡੀ ਜਾਚੇ ਇਹ ਕਹਿਣਾ ਪੂਰਨ ਤੌਰ 'ਤੇ ਦਰੁਸਤ ਨਹੀਂ ਕਿਉਂਕਿ ਆਧੁਨਿਕ ਯੁੱਗ ਵਿਚ ਉਹਨਾਂ ਤੋਂ ਬਾਅਦ ਪ੍ਰੋ. ਪੂਰਨ ਸਿੰਘ ਦੀ ਦਾਰਸ਼ਨਿਕਤਾ ਦੀ ਆਪਣੀ ਵੱਖਰੀ ਪਹੁੰਚ ਹੈ। ਸੋ ਇਸ ਹਵਾਲੇ ਨਾਲ ਇਹ ਕਹਿਣਾ ਜ਼ਿਆਦਾ ਢੁੱਕਵਾਂ ਅਤੇ ਅਰਥਪੂਰਨ ਹੋਵੇਗਾ ਕਿ ਭਾਈ ਵੀਰ ਸਿੰਘ ਪੰਜਾਬੀ ਕਵਿਤਾ ਰਾਹੀਂ ਸਿੱਖ ਦਾਰਸ਼ਿਨਕਤਾ ਨੂੰ ਆਧੁਨਿਕ ਚੇਤਨਾ ਰਾਹੀਂ ਪ੍ਰਗਟਾਉਣ ਵਾਲਾ ਪਹਿਲਾ ਆਧੁਨਿਕ ਪੰਜਾਬੀ ਕਵੀ ਹੈ, ਕਿਉਂਕਿ ਉਸਨੇ ਸਿੱਖ ਸਿਧਾਂਤਾਂ ਦੀ ਆਧੁਨਿਕ ਵਿਆਖਿਆ ਕਰਕੇ ਜੋ ਪਹੁੰਚ ਵਿਧੀ ਅਪਣਾਈ ਹੈ, ਉਹ ਆਪਣੇ-ਆਪ ਵਿਚ ਨਿਵੇਕਲੀ ਹੈ, ਕਿਉਂ ਜੋ ਉਸ ਤੋਂ ਪਹਿਲਾਂ ਇਹ ਵਿਧੀ ਪੰਜਾਬੀ ਸਾਹਿਤ ਵਿਚ ਕਿਸੇ ਹੋਰ

ਕਵੀ ਨੇ ਨਹੀਂ ਅਪਣਾਈ। ਉਸਦੀਆਂ ਨਿੱਕੀਆਂ ਕਵਿਤਾਵਾਂ ਮਸਲਨ 'ਤ੍ਰੇਲ ਤੁਪਕਾ, ਗੁਲਾਬ ਦਾ ਫੁੱਲ ਤੋੜਨ ਵਾਲੇ ਨੂੰ, ਵਿਛੋੜਾ ਵਸਲ, ਛਿੱਡੀ, ਪੰਸਾਰੀ ਕਿ ਮਖੀਰ ਅਤੇ ਰਉਂ ਰੁਖ਼' ਆਦਿ ਵਿਚ ਐਨੇ ਘੱਟ ਸ਼ਬਦਾਂ ਨਾਲ ਜ਼ਿੰਦਗੀ ਦੇ ਵੱਡੇ ਫ਼ਲਸਫੇ ਨੂੰ ਤਰਕ ਅਤੇ ਦ੍ਰਿਸ਼ਟਾਂਤ ਰਾਹੀਂ ਅਜਿਹੀ ਸੂਖ਼ਮਤਾ ਅਤੇ ਸਹਿਜਤਾ ਨਾਲ ਪੇਸ਼ ਕੀਤਾ ਗਿਆ ਹੈ, ਜਿਸ ਸਦਕਾ ਉਸਨੂੰ 'ਨਿੱਕੀਆਂ ਕਵਿਤਾਵਾਂ ਦਾ ਵੱਡਾ ਕਵੀ' ਹੋਣ ਦਾ ਮਾਣ ਹਾਸਿਲ ਹੈ।

ਕੋਈ ਕਵੀ ਆਪਣੀ ਕਵਿਤਾ ਕਿਸ ਢੰਗ/ਤਰੀਕੇ ਨਾਲ ਕਹਿੰਦਾ ਹੈ ਜਾਂ ਬਿਆਨ ਕਰਦਾ ਹੈ, ਉਹੀ ਉਸਦੀ ਕਾਵਿ-ਜੁਗਤ ਅਖਵਾਉਂਦਾ ਹੈ। ਇਹ ਜੁਗਤਾਂ ਕਾਵਿ ਦੇ ਵਿਸ਼ੇ ਤੋਂ ਲੈ ਕੇ ਉਸਦੀ ਪੇਸ਼ਕਾਰੀ ਕਰਨ ਵਾਲੀ ਭਾਸ਼ਾ, ਅਲੰਕਾਰ, ਪ੍ਰਤੀਕ ਅਤੇ ਬਿੰਬ ਵਿਧਾਨ ਦੇ ਕੈਨਵਸ ਤੱਕ ਫੈਲੀਆਂ ਹੋਈਆਂ ਹੁੰਦੀਆਂ ਹਨ। ਕਵੀ ਦੀਆਂ ਕਾਵਿ-ਜੁਗਤਾਂ ਜਿੱਥੇ ਇਕ ਪਾਸੇ ਕਵੀ ਮਨ ਦੀਆਂ ਲਹਿਰਾਂ ਨੂੰ ਕਾਵਿ-ਰੂਪ ਪ੍ਰਦਾਨ ਕਰਦੀਆਂ ਹਨ, ਪਾਠਕ ਦੇ ਧੁਰ ਅੰਦਰ ਲਹਿਣ ਦਾ ਜ਼ਰੀਆ ਹਨ, ਉਥੇ ਦੂਜੇ ਪਾਸੇ ਇਹ ਬਾਕੀ ਦੇ ਸਮਕਾਲੀ ਕਵੀਆਂ ਨਾਲੋਂ ਉਸ ਕਵੀ ਨੂੰ ਨਿਖੇੜਦੀਆਂ ਹੋਈਆਂ ਇੱਕ ਵਿੱਲਖਣ ਹੋਂਦ ਪ੍ਰਦਾਨ ਕਰਦੀਆਂ ਹਨ। ਇਹ ਜੁਗਤਾਂ ਕਵੀ ਮਨ ਦੀ ਦ੍ਰਿਸ਼ਟੀ ਅਤੇ ਸਮਾਜਿਕ ਯਥਾਰਥ ਦਾ ਪ੍ਰਤਿਬਿੰਬ ਵੀ ਹੁੰਦੀਆਂ ਹਨ, ਜਿੰਨ੍ਹਾਂ ਦੇ ਪਿਛੋਕੜ ਵਿਚ ਕੋਈ ਨਾ ਕੋਈ ਵਿਚਾਰਧਾਰਾ ਆਪਣਾ ਕਾਰਜ ਕਰਦੀ ਹੈ। ਭਾਈ ਵੀਰ ਸਿੰਘ ਨੇ ਆਪਣੇ ਸਮੁੱਚੇ ਕਾਵਿ ਵਿਚ ਕਈ ਜੁਗਤਾਂ ਨੂੰ ਵਰਤਿਆ ਹੈ ਜਿਸ ਵਿਚੋਂ ਅਧਿਆਤਮਿਕ ਰਹੱਸਵਾਦੀ ਜੁਗਤ ਉਸਦੀ ਪ੍ਰਧਾਨ ਕਾਵਿ-ਜੁਗਤ ਹੈ। ਇਸਤੋਂ ਬਿਨਾ ਸਮੇਂ-ਸਮੇਂ 'ਤੇ ਦ੍ਰਿਸ਼ਟਾਂਤ ਜੁਗਤ, ਸੰਬੋਧਨੀ ਜੁਗਤ, ਮਾਨਵੀਕਰਨ ਜੁਗਤ, ਪ੍ਰਸ਼ਨੋਤਰੀ ਜੁਗਤ ਅਤੇ ਦ੍ਰਿਸ਼ ਵਰਨਣ ਜੁਗਤ ਰਾਹੀਂ ਉਹ ਆਪਣਾ ਕਾਵਿ-ਸੰਵਾਦ ਪਾਠਕ ਨਾਲ ਸਾਂਝਾ ਕਰਦੇ ਹਨ। ਸੋ ਭਾਈ ਸਾਹਿਬ ਦੀਆਂ ਇਹਨਾਂ ਕਾਵਿ-ਜੁਗਤਾਂ ਪਿੱਛੇ ਲੁਕੀ ਵਿਚਾਧਾਰਕ ਚੇਤਨਾ ਨੂੰ ਲੱਭਣਾ ਹੀ ਇਸ ਪੇਪਰ ਦਾ ਮੁੱਖ ਏਜੰਡਾ ਹੈ।

ਭਾਈ ਵੀਰ ਸਿੰਘ ਮੂਲ ਰੂਪ ਵਿਚ ਸਿੱਖ ਦਾਰਸ਼ਨਿਕਤਾ ਦੇ ਵੱਡੇ ਚਿੰਤਕ ਹਨ, ਸੋ ਉਹਨਾਂ ਦੀ ਸਮੁੱਚੀ ਕਵਿਤਾ ਵਿਚ ਸਿੱਖ ਸਿਧਾਂਤਾਂ ਅਤੇ ਸਿੱਖ ਦਾਰਸ਼ਨਿਕਤਾ ਦਾ ਡੂੰਘਾ ਪ੍ਰਭਾਵ ਦੇਖਿਆ ਜਾ ਸਕਦਾ ਹੈ। ਇਹ ਦਾਰਸ਼ਨਿਕਤਾ ਉਹਨਾਂ ਦੀ ਕਵਿਤਾ ਵਿਚ ਮੁੱਖ ਰੂਪ ਵਿਚ ਅਧਿਆਤਮਿਕ ਰਹੱਸਵਾਦੀ ਜੁਗਤ ਦੇ ਹਵਾਲੇ ਨਾਲ ਆਉਂਦੀ ਹੈ, ਜਿਸ ਅਨੁਸਾਰ ਬ੍ਰਹਮ ਇਸ ਸ੍ਰਿਸ਼ਟੀ ਦਾ ਸਭ ਤੋਂ ਵੱਡਾ ਰਹੱਸ ਹੈ ਜੋ ਸਰਵ-ਵਿਆਪਕ ਹੁੰਦਾ ਹੋਇਆ ਸਮੁੱਚੇ ਦ੍ਰਿਸ਼ਟ ਅਤੇ ਅਦ੍ਰਿਸ਼ਟ ਜਗਤ ਦਾ ਆਧਾਰਭੂਤ ਕਾਰਨ ਹੈ, ਉਤਪਾਦਕ ਹੈ, ਪਾਲਕ ਹੈ ਅਤੇ ਸੰਘਾਰਕ ਹੈ। ਗੁਰਮਤਿ ਦਰਸ਼ਨ ਅਨੁਸਾਰ ਮਨੁੱਖੀ ਜੀਵ-ਆਤਮਾ ਉਸ ਪਰਮ+ਆਤਮਾ ਦਾ ਅਜਿਹਾ ਅੰਸ਼ ਹੈ ਜੋ ਆਪਣੇ ਪੂਰਬਲੇ ਕਰਮਾਂ ਕਰਕੇ ਉਸ ਸੱਤ ਤੋਂ ਵਿੱਛੜੀ ਹੈ ਪਰ ਇਹ ਮਨੁੱਖਾ ਦੇਹੀ ਇਸ ਜੀਵ ਨੂੰ ਪਰਮ -ਸ਼ਕਤੀ ਵੱਲੋਂ ਮਿਲਾਪ ਲਈ ਮਿਲਿਆ ਅਜਿਹਾ ਹੁਸੀਨ ਮੌਕਾ ਹੈ ਜਿਸਨੂੰ ਲੌਕਿਕ ਕੰਮ-ਧੰਦਿਆਂ ਵਿਚ ਖਚਿਤ ਕਰਨ ਦੀ ਥਾਂ ਉਸ ਅਦਿੱਖ ਸ਼ਕਤੀ ਦੇ ਮਿਲਾਪ ਵਾਲੇ ਸਾਰਥਕ ਕੰਮਾਂ ਵਿਚ ਲਾਉਣਾ ਹੀ ਇਸਦਾ ਪਰਮ ਮਨੋਰਥ ਹੈ। ਗੁਰਬਾਣੀ ਇਸ ਦੀ ਸਾਖੀ ਕਿਰਤਿ ਕਰਮੁ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮੁ ।। ਤੋਂ ਲੈ ਕੇ ਭਈ ਪਰਾਪਤਿ ਮਾਨੁਖ ਦੇਹੁਰੀਆ ।। ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ।। ਰਾਹੀਂ ਭਰਦੀ ਹੈ। ਭਾਈ ਵੀਰ ਸਿੰਘ ਦੇ ਸਮੁੱਚੇ ਕਾਵਿ ਮੰਡਲ ਵਿਚ ਵੀ ਥਾਂ-ਥਾਂ 'ਤੇ ਅਜਿਹੇ ਗੁਰਮਤਿ ਸਿਧਾਂਤਾਂ ਦੀ ਲਿਸ਼ਕ ਵੇਖੀ ਜਾ ਸਕਦੀ ਹੈ ਜਿਸ ਵਿਚ ਜੀਵ-ਆਤਮਾ ਦੀ ਉਸ ਪਰਮ ਸ਼ਕਤੀ ਨਾਲ ਮਿਲਾਪ ਦੀ ਅਵਸਥਾ ਨੂੰ ਦਰਸਾਇਆ ਗਿਆ ਹੈ, ਮਸਲਨ –

– ਸਾਬਣ ਲਾ ਲਾ ਧੋਤਾ ਕੋਲਾ, ਦੁੱਧ ਦਹੀਂ ਵਿਚ ਪਾਇਆ,
ਖ਼ੁੰਬ ਚਾੜ੍ਹ ਰੰਗਣ ਭੀ ਧਰਿਆ, ਰੰਗ ਨਾ ਏਸ ਵਟਾਇਆ,
ਵਿੱਛੁੜ ਕੇ ਕਾਲਖ ਸੀ ਆਈ, ਬਿਨ ਮਿਲਿਆਂ ਨਹੀਂ ਲਹਿੰਦੀ,
ਅੰਗ ਅੱਗ ਦੇ ਲਾ ਕੇ ਵੇਖੋ, ਚੜ੍ਹਦਾ ਰੂਪ ਸਵਾਇਆ ।

(ਵਿਛੋੜਾ ਵਸਲ)

ਗੁਰਮਤਿ ਅਨੁਸਾਰ ਜੀਵ-ਆਤਮਾ ਦਾ ਪ੍ਰਮਾਤਮਾ ਦੇ ਘਰ ਤੱਕ ਦਾ ਸਮੁੱਚਾ ਪੈਂਡਾ ਪੰਜ ਅਧਿਆਤਮਿਕ ਪੜਾਵਾਂ 'ਤੇ ਕੇਂਦਰਿਤ ਹੈ ਜਿਸਨੂੰ ਜਪੁਜੀ ਸਾਹਿਬ ਦੇ ਹਵਾਲੇ ਸਹਿਤ ਪੰਜ ਖੰਡਾਂ (ਧਰਮ ਖੰਡ, ਗਿਆਨ ਖੰਡ, ਸਰਮ ਖੰਡ, ਕਰਮ ਖੰਡ ਅਤੇ ਸੱਚ ਖੰਡ) ਦਾ ਨਾਂਅ ਦਿੱਤਾ ਜਾਂਦਾ ਹੈ। ਇਹ ਪੰਜੇ ਪੜ੍ਹਾਅ ਮਨੁੱਖ ਦੀ ਲੌਕਿਕ ਸੰਸਾਰ ਤੋਂ ਪਰਾਲੌਕਿਕ ਸੰਸਾਰ ਦੀ ਯਾਤਰਾ ਦੇ ਸੂਚਕ ਵੀ ਹਨ। ਭਾਈ ਵੀਰ ਸਿੰਘ ਦੀ ਸਮੁੱਚੀ ਕਵਿਤਾ ਦਾ ਪ੍ਰਕਾਰਜ ਵੀ ਇਸ ਦ੍ਰਿਸ਼ਟਮਾਨ ਸੰਸਾਰ ਤੋਂ ਅਦ੍ਰਿਸ਼ਟ ਸੰਸਾਰ ਤੱਕ ਦੀ ਯਾਤਰਾ ਹੈ, ਜਿਸ ਵਿਚ ਮਨੁੱਖ ਨੇ ਆਪਣੇ ਸਵੈ ਨੂੰ ਖਾਰਜ ਕਰਦਿਆਂ ਕਾਦਰ ਦੇ ਰਹੱਸ ਨੂੰ ਕਣ-ਕਣ ਵਿਚ ਮਹਿਸੂਸ ਕਰਨਾ ਹੈ। ਹੁਣ ਅਸੀਂ ਇਹਨਾਂ ਪੰਜ ਅਧਿਆਤਮਿਕ ਪੜ੍ਹਾਵਾਂ ਦੀ ਵਿਆਖਿਆ ਭਾਈ ਵੀਰ ਸਿੰਘ ਦੀ ਕਵਿਤਾ ਦੇ ਹਵਾਲੇ ਨਾਲ ਕਰਦੇ ਹਾਂ –

(1) ਧਰਮ ਖੰਡ – ਧਰਮ ਦੇ ਸੌਖੇ ਅਤੇ ਲੋਕਧਾਰਾਈ ਅਰਥ 'ਫਰਜ਼' ਹਨ, ਤੇ ਜੋ ਵਿਅਕਤੀ ਆਪਣੇ ਫਰਜ਼ਾਂ ਪ੍ਰਤਿ ਸੁਚੇਤ ਹੈ, ਉਹ ਧਰਮੀ ਹੈ। ਲੋਕ-ਕਾਵਿ ਵਿਚ 'ਧਰਮੀ ਬਾਬਲ' ਵੀ ਇਸੇ ਲਈ ਧਰਮੀ ਹੈ ਕਿਉਂਕਿ ਉਹ ਸਮੇਂ ਸਿਰ ਆਪਣੀ ਧੀ ਲਈ ਯੋਗ ਵਰ ਲੱਭ ਕੇ ਉਸਦਾ ਕਾਜ ਰਚਾਉਂਦਾ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਧਰਮ ਖੰਡ ਮਨੁੱਖੀ ਜ਼ਿੰਦਗੀ ਦਾ ਉਹ ਪੜ੍ਹਾਅ ਹੈ ਜਿੱਥੇ ਪੁੱਜ ਕੇ ਮਨੁੱਖ ਆਪਣੇ ਫਰਜ਼ਾਂ ਪ੍ਰਤਿ ਸੁਚੇਤ ਹੁੰਦਾ ਹੈ। ਦੁਨਿਆਵੀ ਕੰਮ-ਕਾਜਾਂ ਅਤੇ ਮੋਹ-ਮਾਇਆ ਦੀ ਜਕੜ ਵਿਚੋਂ ਪਰਤਿਆ ਹੋਇਆ ਮਨੁੱਖ ਆਪਣੇ ਅਸਲ ਮਕਸਦ ਵੱਲ ਔੜਦਾ ਹੈ। ਹੁਣ ਮਨੁੱਖ ਇਸ ਲੌਕਿਕ ਸੰਸਾਰ ਵਿਚ ਰਹਿੰਦਾ ਹੋਇਆ ਆਪਣੇ ਅਸਲ ਫਰਜ਼ ਨੂੰ ਪਛਾਨਣ ਲੱਗਦਾ ਹੈ। ਉਸਦੀ ਇਹ ਪਛਾਣ ਉਸਦੇ ਆਪੇ ਨਾਲ ਕੀਤੇ ਜਾਣ ਵਾਲੇ ਸਵਾਲਾਂ ਤੋਂ ਸ਼ੁਰੂ ਹੁੰਦੀ ਹੈ, ਜਿਸ ਵਿਚ ਉਸਨੂੰ ਸਵਾਲ ਕਰਨ ਵਾਲਾ ਕੋਈ ਹੋਰ ਨਹੀਂ ਸਗੋਂ ਉਸਦਾ ਆਪਣਾ ਸਵੈ ਹੁੰਦਾ ਹੈ। ਇਹਨਾਂ ਸਵਾਲਾਂ ਦੀ ਗੁੰਝਲਦਾਰ ਲੜੀ ਵਿਚੋਂ ਸਭ ਤੋਂ ਪਹਿਲਾਂ ਉਹ ਇਹ ਸੋਚਦਾ ਹੈ ਕਿ ਮੈਂ ਕੌਣ ਹਾਂ? ਕਿੱਥੋਂ ਆਇਆਂ ਹਾਂ? ਇੱਥੇ ਕੀ ਕਰਨ ਆਇਆਂ ਹਾਂ? ਮੈਂ ਕਿਸਨੂੰ ਮਿਲਣਾ ਹੈ? ਅਖੀਰ ਕਿੱਥੇ ਜਾਣਾ ਹੈ? ਕਿਵੇਂ ਮਿਲਣਾ ਹੈ ? ਇਹ ਜਗਤ-ਤਮਾਸ਼ਾ ਰਚਣ ਵਾਲਾ ਕੌਣ ਹੈ? ਜਦੋਂ ਮਨੁੱਖ ਇਹਨਾਂ ਸਵਾਲਾਂ ਦੇ ਸਨਮੁਖ ਹੁੰਦਾ ਹੈ ਤਾਂ ਉਸਨੂੰ ਕਾਦਰ ਦੀ ਕੁਦਰਤ ਦਾ ਗਿਆਨ ਹੁੰਦਾ ਹੈ। ਇਸ ਗਿਆਨ ਦੇ ਬਾਅਦ ਹੀ ਉਸਦਾ ਆਪਣਾ ਸਵੈ, ਕਾਦਰ ਦੀ ਕੁਦਰਤ ਵਿਚ ਸਮਾ ਜਾਣਾ ਲੋਚਦਾ ਹੈ। ਇਸ ਪੜ੍ਹਾਅ 'ਤੇ ਉਹ ਆਪਣੇ ਮਨ ਨੂੰ ਇਹ ਪੁੱਛਦਾ ਹੈ ਕਿ –

– ਕੀ ਜੀਵਨ ਏ ਗੋਲ ਚੱਕਰੀ, ਨਿਰੀ ਡਲ੍ਹਕ ਇਕ ਜਾਣਾ ?
ਪਿਆ ਨਿਤਾਣਾ ਹੈ ਸਰਵਰ ਵਿਚ ਭੇਤ ਹਿਠਾਂਹ ਛੁਪਾਣਾ ?
ਕਿੱਥੋਂ ਤੇ ਕਿਉਂ ਆਏ ਸਾਰੇ, ਕੀ ਕਰਨੇ ਨੂੰ ਆਏ ?

ਚੁੱਪ ਮੁਹਰ ਹੈ ਲੱਗੀ ਸਭ ਨੂੰ, ਸਿਰ ਸਿਟ ਦਿਲ ਦਿਖਲਾਏ ?

(ਜੀਵਨ ਕੀ ਹੈ?)

ਪ੍ਰਭੂ ਮਿਲਾਪ ਦੀ ਅਵਸਥਾ ਜਿਸਨੂੰ ਸਾਹਿਤ ਸਿਧਾਂਤ ਵਿਚ ਸੰਯੋਗ ਦੀ ਅਵਸਥਾ ਆਖਦੇ ਹਨ, ਗੁਰਮਤਿ ਆਸ਼ੇ ਅਨੁਸਾਰ ਇਹ ਦੋ ਪਾਸਾਰਾਂ 'ਤੇ ਕੇਂਦਰਿਤ ਹੈ। ਗੁਰਬਾਣੀ ਦੇ ਅਧਿਆਤਮਿਕ ਫ਼ਲਸਫੇ ਰਾਹੀਂ ਬ੍ਰਹਮ ਸਰਗੁਣ ਅਤੇ ਨਿਰਗੁਣ ਦੋਵਾਂ ਰੂਪਾਂ ਰਾਹੀਂ ਕਾਰਜਸ਼ੀਲ ਹੈ। ਸ੍ਰੀ ਗੁਰੂ ਨਾਨਕ ਦੇਵ ਆਪਣੀ ਕਾਵਿ-ਰਚਨਾ 'ਆਰਤੀ' ਵਿਚ ਇਸ ਤੱਥ ਦੀ ਪੁਸ਼ਟੀ ਕਰਦੇ ਹੋਏ 'ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀਂ' ਦਾ ਹਵਾਲਾ ਦਿੰਦੇ ਹਨ ਜੋ ਬ੍ਰਹਮ ਦੇ ਸਰਗੁਣ ਅਤੇ ਨਿਰਾਕਾਰ ਹੋਣ ਦਾ ਹੀ ਇਕ ਭੇਦ ਹੈ। ਭਾਈ ਵੀਰ ਸਿੰਘ ਦੀ ਸਮੁੱਚੀ ਕਵਿਤਾ ਦੇ ਹਵਾਲੇ ਨਾਲ ਡਾ. ਮਨਮੋਹਨ ਸਿੰਘ ਦਾ ਇਹ ਮੱਤ ਹੈ ਕਿ, "ਭਾਈ ਵੀਰ ਸਿੰਘ ਦਾ ਬ੍ਰਹਮ ਨਿਰਗੁਣ ਨਿਰਾਕਾਰ ਹੈ; ਅਰੂਪ, ਤ੍ਰੈਗੁਣਾਤੀਤ ਹੈ। ਰੂਪ, ਰੇਖ ਰੰਗ ਤੋਂ ਵਿਹੀਨ ਹੈ; ਚੇਤੰਨ ਅਤੇ ਆਤਮ-ਸਰੂਪ ਹੈ; ਸਵੈ ਪ੍ਰਕਾਸ਼ਿਤ, ਪ੍ਰਕਾਸ਼-ਰੂਪ ਅਤੇ ਪ੍ਰਕਾਸ਼-ਸ੍ਰੋਤ ਹੈ; ਸਤਯਮ, ਸ਼ਿਵਮ ਅਤੇ ਸੁੰਦਰਮ ਦੀ ਤ੍ਰੈ-ਮੂਰਤੀ ਹੈ, ਸੱਚਿਦਾਨੰਦ- ਸਰੂਪ ਹੈ; ਅਸਤੀ, ਭਾਂਤੀ, ਪ੍ਰੇਅ ਆਦਿ ਸਰੂਪ ਲੱਛਣਾਂ ਯੁਕਤ ਹੈ। ਸਮਸਤ ਸੌਂਦਰਯ ਪ੍ਰਕਾਸ਼ ਉਸੇ ਦਾ ਹੀ ਪ੍ਰਤਿਰੂਪ ਅਤੇ ਪ੍ਰਤਿਫ਼ਲ ਹੈ।'2 ਪਰ ਅਸੀਂ ਇਸ ਮੱਤ ਨਾਲ ਆਂਸ਼ਕ ਰੂਪ ਵਿਚ ਸਹਿਮਤ ਹਾਂ ਕਿਉਂਕਿ ਭਾਈ ਸਾਹਿਬ ਦੀ ਕਵਿਤਾ ਵਿਚਲੇ ਕਥਨ ਨੂੰ ਦੇਖਣ ਤੋਂ ਬ੍ਰਹਮ ਦੇ ਹਵਾਲੇ ਭਾਵੇ ਨਿਰਾਕਾਰ ਅਤੇ ਅਰੂਪ ਜਾਪਦੇ ਹਨ ਪਰ ਉਹਨਾਂ ਦੀ ਕਵਿਤਾ ਵਿਚ ਆਉਣ ਵਾਲੇ ਪ੍ਰਕਿਰਤਿਕ ਬਿੰਬ ਉਹ ਭਾਵੇਂ ਝਰਨਾ ਹੋਵੇ, ਫੁੱਲ ਹੋਵੇ, ਮੱਖੀ ਹੋਵੇ ਜਾਂ ਪੱਤਾ ਹੋਵੇ, ਉਹ ਸਾਰੇ ਉਸ ਨਿਰਾਕਾਰ ਦੀ ਸਮੂਰਤ ਰਚਨਾ ਹੋਣ ਕਰਕੇ ਖ਼ੁਦ ਬ੍ਰਹਮ ਦਾ ਹੀ ਰਹੱਸ ਹਨ। ਭਾਈ ਸਾਹਿਬ ਆਪਣੀ ਕਵਿਤਾ ਵਿਚ ਬ੍ਰਹਮ ਦੇ ਸਰਗੁਣ ਰੂਪ ਨੂੰ ਕੁਦਰਤ ਦੇ ਹਵਾਲੇ ਰਾਹੀਂ ਸੰਯੋਗ ਮਿਲਾਪ ਦੀ ਅਵਸਥਾ ਵਿਚ ਪੇਸ਼ ਕਰਦੇ ਆਖਦੇ ਹਨ –

– ਬੁੱਲ੍ਹਾਂ ਅਧਖੁਲ੍ਹਿਆਂ ਨੂੰ, ਹਾਇ !
ਮੇਰੇ ਬੁੱਲ੍ਹਾਂ ਅਧਮੀਟਿਆਂ ਨੂੰ
ਛੁਹ ਗਿਆ ਨੀ, ਲਗ ਗਿਆ ਨੀ,
ਕੌਣ ਕੁਛ ਲਾ ਗਿਆ ?

(ਅਣਡਿਠਾ ਰਸਦਾਤਾ)

ਇਸ ਕੌਣ ਵਿਚ ਹੀ ਸਗਲ ਕਾਇਨਾਤ ਦਾ ਅਸਲ ਭੇਦ ਛੁਪਿਆ ਹੋਇਆ ਹੈ ਪਰ ਜੀਵ ਨੂੰ ਪਤਾ ਹੋਣ ਦੇ ਬਾਵਜੂਦ ਉਸ ਸੱਚ ਬਾਰੇ ਹੋਰ ਪਤਾ ਕਰਨ ਦੀ ਇੱਛਾ ਦਾ ਪ੍ਰਗਟਾਅ ਹੈ। ਇਸ ਕੌਣ ਨੂੰ ਲੱਭਣਾ ਹੀ ਸਮੁੱਚੀ ਦਾਰਸ਼ਿਨਕਤਾ ਦਾ ਮੁੱਢ ਹੈ, ਇਹੀ ਆਧਾਰ ਬਿੰਦੂ ਹੈ ਜਿਸਦਾ ਅੰਤ ਕੋਈ ਨਹੀਂ। ਇਹ ਲੱਭਣ 'ਤੇ ਹੋਰ ਅਸਗਾਹੁ ਹੋ ਜਾਂਦਾ। ਕੁਛ ਉਸਦੀ ਰਹਿਮਤ ਹੈ, ਅਤੁੱਟ ਮਿਹਰ ਹੈ ਜੋ ਮਿਲਣ ਦੇ ਬਾਵਜੂਦ ਵੀ ਗਿਣਤੀ-ਮਿਣਤੀ ਦੇ ਗੇੜ ਤੋਂ ਦੂਰ ਹੈ, ਇਸਦਾ ਕੋਈ ਹੱਦ-ਬੰਨਾ ਨਹੀਂ। ਭਾਈ ਵੀਰ ਸਿੰਘ ਦੀ ਅਧਿਆਤਮਿਕ ਵਿਚਾਰਧਾਰਾ ਦਾ ਕੇਂਦਰ ਬਿੰਦੂ ਹੀ ਪ੍ਰਮਾਤਮਾ ਦਾ ਮਿਲਾਪ ਹੈ ਜੋ ਸਰਗੁਣ ਅਤੇ ਨਿਰਗੁਣ ਬ੍ਰਹਮ ਦੋਨਾਂ ਦੀ ਗੱਲ ਕਰਦਾ ਹੈ। ਇਸ ਖੰਡ ਦੇ ਤਹਿਤ ਰਚੀ ਗਈ ਜ਼ਿਆਦਾਤਰ ਕਵਿਤਾ ਵਿਚ ਭਾਈ ਸਾਹਿਬ ਨੇ ਪ੍ਰਸ਼ਨੋਤਰੀ ਜੁਗਤ ਦੀ ਵਰਤੋਂ ਕੀਤੀ ਹੈ, ਮਸਲਨ –

– ਸਿਕਦੀ ਵਿੱਚ ਉਡੀਕਾਂ, ਤਰਸਾਂ, ਕਿਵੇਂ ਮਿਲੇ ਮੁੜ ਤੇਰਾ ਨੂਰ ।
(ਜੀਓ ਆਇਆਂ ਨੂੰ)

– ਕਿੱਥੇ ਹੋ ? ਮੇਰੇ ਸੋਹਣੇ ਸਾਂਈ ! ਕੋਲੇ ਹੋ ਮੇਰੇ ਪਯਾਰੇ ਸਾਂਈ !
ਹਓ ਕੋਲੇ ਪਰ ਤੜਫ ਮਿਲਨ ਦੀ, ਸਮਲ੍ਹੇਂਦਿਆਂ ਸਮਲ੍ਹੇਂਦੀ ਨਹੀਂ।
(ਕਿੱਥੇ ਹੋ ?)

(2) ਗਿਆਨ ਖੰਡ – 'ਗਿਆਨ ਸੰਸਕ੍ਰਿਤ ਦਾ ਸ਼ਬਦ ਹੈ ਅਤੇ ਇਸਦਾ ਅਰਥ ਹੈ ਵਿਦਵਤਾ, ਇਲਮ, ਸਮਝ, ਬੋਧ। ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਇਸ ਸਧਾਰਨ ਅਰਥ ਤੋਂ ਭਿੰਨ ਵਿਸ਼ੇਸ਼ ਅਰਥਾਂ ਵਿਚ ਵੀ ਪ੍ਰਯੁਕਤ ਹੋਇਆ ਹੈ ਅਤੇ ਇਸ ਵਿਸ਼ੇਸ਼ ਅਰਥ ਕਾਰਨ ਇਹ ਅਧਿਆਤਮਿਕ ਗਿਆਨ ਜਾਂ ਭੀਤਰੀ ਗਿਆਨ ਦਾ ਵਾਚਕ ਬਣ ਗਿਆ। ਇਹ ਗਿਆਨ ਗੱਲਾਂ ਨਾਲ ਨਹੀਂ ਪ੍ਰਾਪਤ ਹੋ ਸਕਦਾ। ਇਸਦਾ ਕਥਨ ਕਰਨਾ ਬਹੁਤ ਔਖਾ ਹੈ। ਇਹ ਕੇਵਲ ਈਸ਼ਵਰ ਜਾਂ ਗੁਰੂ ਦੀ ਕਿਰਪਾ ਰਾਹੀਂ ਪ੍ਰਾਪਤ ਹੁੰਦਾ ਹੈ, ਬਾਕੀ ਸਾਰੇ ਯਤਨ ਬੇਕਾਰ ਹਨ (ਗਿਆਨ ਨਾ ਗਲੀਈ ਢੂਢੀਐ ਕਥਨਾ ਕਰੜਾ ਸਾਰੁ।। ਕਰਮਿ ਮਿਲੈ ਤਾ ਪਾਈਐ ਹੋਰ ਹਿਕਮਤਿ ਹੁਕਮੁ ਖੁਆਰੁ।।)3 ਗੁਰਮਤਿ ਦਰਸ਼ਨ ਵਿਚ ਜੀਵ ਆਤਮਾ ਦਾ ਇਹ ਉਹ ਅਧਿਆਤਮਿਕ ਪੜ੍ਹਾਅ ਹੈ ਜਿੱਥੇ ਉਸਨੂੰ ਉਸਦੇ ਸਵਾਲਾਂ ਦੇ ਉੱਤਰ ਆਪਣੇ ਆਪੇ ਤੋਂ ਮਿਲਣ ਲੱਗਦੇ ਹਨ ਤੇ ਉਸਨੂੰ ਇਹ ਗਿਆਨ ਹੁੰਦਾ ਹੈ ਕਿ ਉਹ ਪ੍ਰਮਾਤਮਾ ਨਾਲੋਂ ਟੁੱਟਿਆ ਉਸਦਾ ਹੀ ਇੱਕ ਅੰਸ਼ ਹੈ। ਉਹ ਇਸ ਧਰਤੀ 'ਤੇ ਮੁੜ ਉਸ ਪ੍ਰਮਾਤਮਾ ਨੂੰ ਮਿਲਣ ਦੇ ਲਈ ਆਇਆ ਹੈ, ਜਿੱਥੇ ਨਾਮ ਅਭਿਆਸ ਰਾਹੀਂ ਉਹ ਉਸ ਪਰਮ ਸੱਚ ਵਿਚ ਮੁੜ ਅਭੇਦ ਹੋ ਸਕਦਾ ਹੈ। ਇਹ ਗਿਆਨ ਹੋਣ 'ਤੇ ਉਸਨੂੰ ਸਗਲ ਕਾਇਨਾਤ ਵਿਚ ਬ੍ਰਹਮ ਦਾ ਸਰੂਪ ਦਿਸਣ ਲੱਗਦਾ ਹੈ। ਹੁਣ ਉਹ ਉਸ ਪਰਮ ਸੱਤਾ ਨੂੰ ਬਾਹਰ ਭਾਲਣ ਦੀ ਥਾਂ ਆਪਣੇ ਅੰਦਰ ਮਹਿਸੂਸ ਕਰਦਾ ਹੈ। ਭਾਈ ਸਾਹਿਬ ਦੀ ਹੇਠਲੀ ਕਵਿਤਾ ਵਿਚ ਅਜਿਹੇ ਭਾਵ, ਫਰੀਦ ਸਾਹਿਬ ਦੀ ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ।। ਵਾਲੀ ਵਿਚਾਰਧਾਰਾ ਨਾਲ ਵੀ ਮੇਲ ਖਾਂਦੇ ਦੇਖੇ ਜਾ ਸਕਦੇ ਹਨ –

– ਮੇਰੇ ਅੰਦਰ, ਧੁਰ ਅੰਦਰ, ਧੁਰ ਅੰਦਰ ਦੇ
ਕਿਸੇ ਉਹਲੇ ਲੁਕੇ ਮੇਰੇ ਪ੍ਰੀਤਮ ! ਹਾਂ,
ਟੁੰਬਨੇ ਓ ਆਪਣੀਆਂ ਸੰਗੀਤਕ ਟੁੰਬਾਂ ਨਾਲ,
ਜਗਾ ਦੇਨੇ ਓ ਤਰਬਾਂ ਤਾਰਾਂ, ਅੰਦਰਲੇ ਦੀਆਂ,
(ਸਦਕੇ ਤੇਰੀ ਜਾਦੂਗਰੀ ਦੇ)

ਇਥੇ ਪੁੱਜ ਕੇ ਜੀਵ ਆਤਮਾ ਉਸ ਪਰਮ-ਸੱਚ ਦਾ ਮਿਲਾਪ ਲੋਚਣ ਲੱਗਦੀ ਹੈ। ਉਸ ਅੰਦਰ ਪ੍ਰਭੂ ਮਿਲਾਪ ਦੀ ਸਿੱਕ ਲੱਗਣ ਲੱਗਦੀ ਹੈ ਤੇ ਉਹ ਹਰ ਪਲ ਉਸਨੂੰ ਮਿਲਣਾ ਲੋਚਦੀ ਹੈ –

– ਸਾਂਈਆਂ ਸਾਂਈਆਂ ਆਖਦੀ 'ਆ ਜਾਓ ਮੇਰੇ ਕੋਲ'
ਕੋਲ ਕੋਲ, ਪਾਸੋ ਪਾਸ, ਉਰੇ, ਨਾਲ ਨਾਲ,
ਆ ਜਾਓ ਜੀ ਸਾਂਈਆਂ ! ਹਾਂ ਆ ਜਾਓ ਜ਼ਹੂਰ।...

"ਮੰਗਦੀ ਏ ਛੋਹ ਤੇਰੇ ਚਰਨ ਕਮਲ ਦੀ,
ਲੋਚਦੀ ਦੀਦਾਰ ਤੇਰੇ ਨੂਰੂ ਰੂਪ ਦਾ।"
(ਲੱਗ ਗਈ ਸੀ ਬਾਲੀ ਉਮਰੇ)

ਇਸ ਖੰਡ ਦੇ ਅੰਤਰਗਤ ਲਿਖੀਆਂ ਭਾਈ ਸਾਹਿਬ ਦੀਆਂ ਜ਼ਿਆਦਾਤਰ ਕਵਿਤਾਵਾਂ ਵਿਚ ਸੰਬੋਧਨੀ ਜੁਗਤ, ਵਾਰਤਲਾਪੀ ਜੁਗਤ ਅਤੇ ਰਹੱਸਵਾਦੀ ਜੁਗਤ ਦੀ ਵਰਤੋਂ ਕੀਤੀ ਗਈ ਹੈ। ਇਥੇ ਪੁੱਜ ਕੇ ਜੀਵ, ਆਪਣੇ-ਆਪ ਦੀ ਥਾਂ ਬ੍ਰਹਮ ਨੂੰ ਸਵਾਲ ਕਰਨ ਲੱਗਦਾ ਹੈ, ਭਾਵ ਉਸਦੇ ਭੇਦ ਅਤੇ ਰਹੱਸਾਂ ਨੂੰ ਜਾਨਣ ਦੀ ਮੁੱਢਲੀ ਕੋਸ਼ਿਸ਼ ਸ਼ੁਰੂ ਕਰਦਾ ਹੈ। ਇਸ ਸਬੰਧ ਵਿਚ ਭਾਈ ਵੀਰ ਸਿੰਘ ਆਪਣੀ ਕਵਿਤਾ ਵਿਚ ਬ੍ਰਹਮ ਨੂੰ ਨਿਰਗੁਣ ਰੂਪ ਵਿਚ ਸੰਬੋਧਿਤ ਹੁੰਦੇ ਆਖਦੇ ਹਨ –

– ਹੇ ਅਰੂਪ ! ਇਹ ਤੜਪ ਉਹੋ ਨਹੀਂ, ਧੁਰੋਂ ਤੁਸਾਂ ਜੋ ਲਾਈ ?
ਕੀ ਇਹ ਚਿਣਗ ਨਹੀਂ ਉਹ ਜਿਹੜੀ, ਤੁਸਾਂ ਸੀਨਿਆਂ ਪਾਈ ?
(ਸਾਂਈ ਲਈ ਤੜਪ)

– ਹੋਈ ਹਾਂ ਸੁਆਦ ਸਾਰੀ, ਆਪੇ ਤੋਂ ਮੈਂ ਆਪ ਵਾਰੀ
ਐਸੀ ਰਸ-ਭਰੀ ਹੋਈ, ਸਵਾਦ ਸਾਰੇ ਧਾ ਗਿਆ ।
ਹਾਇ ਦਾਤਾ ਦਿੱਸਿਆ ਨਾ, ਸਵਾਦ ਜਿਨ੍ਹੇ ਦਿੱਤਾ ਐਸਾ,
ਦੇਂਦਾ ਰਸਦਾਨ ਦਾਤਾ, ਆਪਾ ਕਿਉਂ ਲੁਕਾ ਗਿਆ ?
(ਅਣਡਿਠਾ ਰਸਦਾਤਾ)

ਇਸ ਅਵਸਥਾ ਵਿਚ ਪਹੁੰਚ ਕੇ ਜੀਵ ਦੇ ਸਵਾਲ ਪਹਿਲਾਂ ਵਾਂਗੂੰ 'ਮੈਂ-ਮੂਲਕ' ਨਾ ਰਹਿ ਕੇ 'ਤੂੰ-ਮੁਖੀ' ਹੋ ਜਾਂਦੇ ਹਨ। ਉਸਨੂੰ ਇਹ ਗਿਆਨ ਹੁੰਦਾ ਹੈ ਕਿ ਸਰਗੁਣ ਸਰੂਪ ਪਰਮਾਤਮਾ ਨੂੰ ਦੇਖਣ ਵਾਲੀ ਅੱਖ ਹੀ ਮਨੁੱਖ ਕੋਲ ਨਹੀਂ ਹੈ ਭਾਵ ਇਹ ਕਿ ਉਸਦੇ ਅਸੰਖ ਸਮੁੱਚੇ ਵਰਤਾਰੇ ਨੂੰ ਮਨੁੱਖੀ ਅੱਖ ਨਾਲ ਵੇਖਿਆ ਹੀ ਨਹੀਂ ਜਾ ਸਕਦਾ। ਇਹ ਸਭ ਕੁਝ ਜਾਣ ਲੈਣ ਦੇ ਵਹਿਮ ਤੋਂ ਪਰ੍ਹੇ ਬੜਾ ਕੁਝ ਨਾ ਜਾਨਣ ਦਾ ਅਸਲ ਭੇਦ ਹੈ, ਭਾਈ ਸਾਹਿਬ ਦਾ ਕਥਨ ਹੈ –

– ਇਨਸਾਨ ਦੀ ਅੱਖ
ਨਹੀਂ ਸਕਦੀ ਸੀ ਤੁਸਾਂ ਨੂੰ ਦੇਖ, ਮੇਰੇ ਸਾਂਈਆਂ !
(ਅੰਦਰਲੇ ਨੈਣ)

ਗਿਆਨ ਖੰਡ ਵਿਚ ਪਹੁੰਚ ਕੇ ਹੀ ਬੰਦਾ ਸਭ ਤੋਂ ਪਹਿਲਾਂ ਕੁਦਰਤ ਦੇ ਕਣ-ਕਣ ਨਾਲ ਮੁਹੱਬਤੀ ਰਿਸ਼ਤਾ ਕਾਇਮ ਕਰਦਾ ਹੈ ਕਿਉਂਕਿ ਕਾਦਰ ਦੀ ਕੁਦਰਤ ਨਾਲ ਪਿਆਰ ਕੀਤੇ ਤੋਂ ਬਿਨਾ ਬ੍ਰਹਮ ਨਾਲ ਇਸ਼ਕ ਹੋ ਹੀ ਨਹੀਂ ਸਕਦਾ । ਇੱਥੇ ਅੱਪੜ ਕੇ ਜੀਵ ਅੰਦਰ 'ਅਵਲਿ ਅਲਹ ਨੂਰ ਉਪਾਇਆ ਕੁਦਰਤਿ ਕੇ ਸਭ ਬੰਦੇ।। ਏਕੁ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ' ਵਾਲੀ ਗੁਰਮਤਿ ਵਿਚਾਰਧਾਰਾ ਦਾ ਪ੍ਰਕਾਸ਼ ਹੁੰਦਾ ਹੈ। ਭਾਈ ਸਾਹਿਬ ਦੀ ਲਿਖੀ 'ਕੁਤਬ ਦੀ ਲਾਠ' ਕਵਿਤਾ ਵਿਚ ਇਸ ਕਿਸਮ ਦੀ ਵਿਚਾਰਧਾਰਾ ਦੇਖੀ ਜਾ ਸਕਦੀ ਹੈ –

– ਅਸਲ ਨਸਲ ਹੈ ਭਾਵੇਂ ਕੋਈ, ਤੂੰ ਹੈ ਹਿੰਦੋਸਾਨੀ।

ਜਾਤਿ ਜਨਮ ਤੇ ਅਸਲ ਨਸਲ ਨੂੰ, ਕੋਈ ਕਦੇ ਨਾ ਛਾਣੇ।
ਜਦ ਸੁੰਦਰਤਾ ਦਰਸ਼ਨ ਦੇਵੇ, ਸਭ ਕੋਈ ਅਪਣੀ ਜਾਣੇ।

(ਕੁਤਬ ਦੀ ਲਾਠ)

ਭਾਵੇਂ ਸਾਧਾਰਨ ਰੂਪ ਵਿਚ ਇਹ ਦੇਖਣ ਨੂੰ ਨਿੱਕਾ ਜਿਹਾ ਵਿਚਾਰ ਜਾਪਦਾ ਹੈ ਪਰ ਇਹ ਇਕ ਅਜਿਹਾ ਸੁਨੇਹਾ ਹੈ ਜੋ ਮਨੁੱਖੀ ਜੀਵ ਦੀ ਸੁੰਦਰਤਾ ਪ੍ਰਤੀ ਦ੍ਰਿਸ਼ਟੀ ਬਦਲ ਸਕਦਾ ਹੈ। ਭਾਵ ਜੇ ਸੁੰਦਰਤਾ ਵਿਚੋਂ ਸਵਾਰਥ ਖ਼ਤਮ ਕਰ ਦਿੱਤਾ ਜਾਵੇ ਤਾਂ ਹੀ ਅਸਲ ਸੁੰਦਰਤਾ ਦਾ ਵਾਸਾ ਹੋ ਸਕਦਾ ਹੈ, ਨਹੀਂ ਤਾਂ ਸਾਨੂੰ ਉਸ ਚੀਜ਼ ਵਿਚ ਹੀ ਸੁੰਦਰਤਾ ਨਜ਼ਰ ਆਏਗੀ ਜਿਸ ਵਿਚ ਸਾਡੀ ਗਰਜ਼ ਲੁਕੀ ਹੋਵੇ। ਅਜਿਹੀ ਸੁੰਦਰਤਾ ਵਿਅਕਤੀ ਵਿਸ਼ੇਸ਼ ਹੁੰਦੀ ਹੈ ਪਰ ਭਾਈ ਸਾਹਿਬ ਜੀਵ ਨੂੰ ਨਿੱਜਮੁਖਤਾ ਵਿਚੋਂ ਬਾਹਰ ਕੱਢਦਿਆਂ ਸੁੰਦਰਤਾ ਦੇ ਸਮੂਹਿਕ ਅਤੇ ਸਦੀਵੀ ਅਰਥਾਂ ਤੋਂ ਜਾਣੂ ਕਰਵਾਉਂਦੇ ਹਨ। ਕਵੀ ਅਨੁਸਾਰ ਸੁੰਦਰਤਾ ਉਹ ਸੱਚ ਹੈ ਜੋ ਜੀਵ ਦਾ ਬੇੜਾ ਸਾਂਈ ਦੇ ਦੁਆਰ ਤੱਕ ਪਾਰ ਲਾਉਂਦਾ ਹੈ –

– ਸੱਚੀ ਰਿਸ਼ਮ ਪਿਆਰ ਦੀ, ਜੁਗ ਜੁਗ ਚਮਕ ਦਿਖਾਇ,
ਸੱਚੀ ਰੰਙ ਪਿਆਰ ਦੀ, ਪੀਡੀ ਹੁੰਦੀ ਜਾਇ,
ਸੱਚੀ ਗੰਧਿ ਪਿਆਰ ਦੀ, ਸਦਾ ਸਦਾ ਮਹਿਕਾਇ,
ਸੱਚੀ ਅੰਸ਼ ਪਿਆਰ ਦੀ, ਸਾਂਈਂ-ਚਰਨ ਪੁਚਾਇ।

(ਮਰਦ ਦਾ ਕੁੱਤਾ)

ਇਥੈ ਅੱਪੜ ਕੇ ਮਨੁੱਖੀ ਜੀਵ ਨੂੰ 'ਮੈਂ ਵਿਚ ਮੈਂ ਨਾ ਰਹੀਆਂ ਕਾਈ' ਵਾਲਾ ਗਿਆਨ ਹੁੰਦਾ ਹੈ ਜਿਸਦੇ ਫ਼ਲਸਰਪ ਹੁਣ ਉਹ ਮੈਂ/ਮੇਰਾ/ਮੈਨੂੰ/ਮੈਂਡਾ/ਮੈਥੋਂ ਦੀ ਬਜਾਇ ਤੂੰ/ਤੇਰਾ/ਤੁਹਾਡਾ/ ਤੈਥੋਂ/ ਤੇਰੇ ਤੋਂ ਕਰਨ ਲੱਗਦਾ ਹੈ। ਭਾਸ਼ਾ-ਵਿਆਕਰਣ ਦੀ ਦ੍ਰਿਸ਼ਟੀ ਤੋਂ ਇਸ ਪੜ੍ਹਾਅ 'ਤੇ ਪੁੱਜੀ ਜੀਵ-ਆਤਮਾ ਦੀ ਸੁਰ ਵਿਚ ਉੱਤਮ ਪੁਰਖ (ਮੈਂ-ਮੂਲਕ ਪ੍ਰਵਿਰਤੀ) ਦੀ ਥਾਂ ਮੱਧਮ ਪੁਰਖ (ਤੂੰ-ਮੂਲਕ ਪ੍ਰਵਿਰਤੀ) ਦਾ ਰਾਗ ਗੂੰਜਣ ਲੱਗਦਾ ਹੈ, ਤੇ ਉਹ ਆਖਦੀ ਹੈ –

– ਜਦੋਂ ਗਾਂਦੀ ਹਾਂ ਸਾਂਈਆਂ ! ਤੈਂ ਗੀਤ, ਤਦੋਂ ਵੱਸਨੀ ਆਂ ਵਿਚ ਹਜ਼ੂਰੀ
ਗ਼ਾਇਬ ਹੋ ਜਏ ਜਦੋਂ ਹਜ਼ੂਰੀ, ਤਦੋਂ ਆਂਦੀ ਏ ਬੰਦੀ ਨੂੰ ਸੁਝ-
ਤੁਸੀਂ, ਹਾਂ ਤੁਸੀਂ ਸਾਓ ਗਾਵਿਆਂ ਗੀਤ, ਮੈਂ ਸਾਂ ਵਾਂਸ ਦੀ ਟੋਰੀ, ਬੇ ਜਾਨ,
ਭਰੀ ਹੋਈ ਸਾਂ ਛੇਕਾਂ ਦੇ ਨਾਲ।
ਤੁਸੀਂ ਭਰਦੇ ਹੋ ਗੀਤਾਂ ਦੇ ਨਾਲ, ਮੈਂ ਵਾਂਸ ਦੀ ਟੋਰੀ ਨੂੰ ਆਪ
ਪਲਕੀਂ ਕਰਦੇ ਹੋ ਆਕੇ ਨਿਹਾਲ।

(ਵਾਂਸ ਦੀ ਟੋਰੀ)

– ਵਾਹ ਵਾ ਚੋਜ ਤੇਰੇ, ਮੇਰੇ ਸਾਂਈਆਂ ! ਤੇਰੇ ਗੀਤਾਂ ਦੀਆਂ ਤੈਨੂੰ ਵਧਾਈਆਂ,
ਤੂੰਹੋਂ ਗੀਤ ਸੰਗੀਤ ਤੇ ਸੁਆਦ, ਰਸ, ਰਸੀਆ ਤੇ ਆਪ ਰਸਾਲ ।

(ਰਸ, ਰਸੀਆ, ਰਸਾਲ)

ਇੱਥੈ ਹੀ ਬੱਸ ਨਹੀਂ ਸਗੋਂ ਜੀਵ ਨੂੰ ਆਪਣੇ ਅਤੇ ਬ੍ਰਹਮ ਦੇ ਟਿਕਾਣੇ ਦਾ ਗਿਆਨ ਹੋ ਜਾਂਦਾ ਹੈ-

- ਤੇਰਾ ਥਾਉਂ ਕਿਸ ਨਦੀ ਦੇ ਕਿਨਾਰੇ, ਤੇਰਾ ਥਾਉਂ ਕਿਸੇ ਜੰਗਲ ਬੇਲੇ,
  ਤੇਰੇ ਭਾਗਾਂ ਵਿਚ ਅਰਸ਼ਾਂ ਤੇ ਉਡਣਾ, ਤੇ ਗਾਂਦਿਆਂ ਫਿਰਨ ਅਕੇਲੇ।

(ਮੇਰੀ ਜਿੰਦੇ)

ਹੁਣ ਜੀਵ ਅੰਦਰ ਮੈਂ-ਮੇਰੀ ਖ਼ਤਮ ਹੋ ਕੇ ਜੀਭ 'ਤੇ ਤੂੰ ਹੀ ਤੂੰ ਦੀ ਰੱਟ ਆਉਣ ਲੱਗਦੀ ਹੈ। ਇਸ ਸਟੇਜ 'ਤੇ ਪੁੱਜਦਿਆਂ ਭਾਈ ਵੀਰ ਸਿੰਘ ਦੀ ਕਵਿਤਾ ਕੌਣ ਦੇ ਰਹੱਸ ਤੋਂ ਸ਼ੁਰੂ ਹੈ ਕਿ ਤੂੰ ਅਤੇ ਇਸ ਤੋਂ ਵੀ ਅੱਗੇ ਤੂੰ ਹੀ ਤੂੰ ਦੀ ਸੁਰ ਅਲਾਪਦੀ ਦੇਖੀ ਜਾ ਸਕਦੀ ਹੈ।

- ਤੇਰੀ ਏ ਯਾਦ ਦੀ ਬੂਟੀ, ਤੇਰੀ ਤੱਕਣੀ ਉਗਾਈ ਸੀ।
  ਤੇਰੀ ਇਕ 'ਨਦਰ' ਨੇ ਇਸ ਵਿਚ, 'ਲਹਿਰ-ਜੀਵਨ' ਛਿਵਾਈ ਸੀ।

(ਤੂੰਹੋਂ ਬੂਟੀ ਏ ਲਾਈ ਸੀ)

ਇਸ ਸੰਦਰਭ ਵਿਚ ਕਿਤੇ-ਕਿਤੇ ਤਾਂ ਭਾਈ ਸਾਹਿਬ ਦੀ ਕਲਮ ਉੱਪਰ ਗੁਰਮਤਿ ਦਰਸ਼ਨ ਦਾ ਐਨਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ ਕਿ ਗੁਰਬਾਣੀ ਦੀਆਂ ਤੁਕਾਂ ਹੀ ਸਹਿਜ-ਸੁਭਾਇ ਉਹਨਾਂ ਦੀ ਕਵਿਤਾ ਵਿਚ ਆ ਕੇ ਬੈਠ ਜਾਂਦੀਆਂ, ਮਸਲਨ -

- "ਤੂੰਹੀਂ, ਤੂੰਹੀਂ, ਤੂੰਹੋਂ, ਤੂੰ
  ਹੈ ਤੂ ਹੈ ਤੂ ਹੋਵਨਹਾਰ।"

(ਹਥ ਕਾਰ ਵੱਲ, ਰਸਨਾ ਉਚਾਰ ਵਲ)

ਗਿਆਨ ਦੇ ਪ੍ਰਕਾਸ਼ ਹੋਣ ਸਦਕਾ ਉਹ ਜੀਵ ਜੋ ਕਦੇ ਪਹਿਲਾਂ ਆਪਣੀ ਜਵਾਨੀ ਦੇ ਜ਼ੋਰ ਉੱਤੇ ਮਾਣ/ਅਹੰਕਾਰ ਕਰਦਾ ਹੁੰਦਾ ਸੀ, ਹੁਣ ਉਹ ਹਓਮੈ ਮੁਕਤ ਹੁੰਦਾ ਹੋਇਆ ਆਪਣਾ-ਆਪਾ, ਆਪਣੇ ਪਿਆਰੇ ਦੇ ਸਾਹਮਣੇ ਸਿੱਟ ਕੇ ਹੀਣਾ ਹੋਣਾ ਲੋਚਦਾ ਹੈ ਕਿਉਂਕਿ ਉਸਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਉਸ ਦਾਤੇ ਦੀ ਮਿਹਰ ਤੋਂ ਬਿਨਾ ਉਸਦੀ ਜ਼ੋਰ ਅਜ਼ਮਾਇਸ਼ ਵਿਅਰਥ ਹੈ, ਉਹ ਤਾਂ ਅਜਾਂਈ ਈ ਇਸ ਸਭ -ਕਾਸੇ ਦਾ ਭਾਰ ਚੁੱਕੀ ਫਿਰਦਾ ਰਿਹਾ, ਜਿਸ ਸਬੰਧੀ ਭਾਈ ਵੀਰ ਸਿੰਘ ਦਾ ਕਥਨ ਹੈ-

- 'ਤਰਕੇ ਆਵਾਂ' ਜ਼ੋਰ ਨ ਬਾਂਹੀ, ਸ਼ੂਕੇ ਨਦੀ ਕਾਂਗ ਭਰ ਆਹੀ,
  'ਤੁਰ ਕੇ ਆਵਾਂ' ਰਾਹ ਨ ਕਾਈ, ਸਾਜਨ ਸਖਾ ਸੁਹੇਲਾ ਤੂੰ !

(ਮਿਲ ਵੇਲਾ ਊ)

ਹੁਣ ਉਸਨੂੰ ਸਾਰੀ ਪ੍ਰਕਿਰਤੀ ਵਿਚ ਉਸ ਪਰਮ ਸ਼ਕਤੀ ਦੇ ਸਰਗੁਣ ਅਤੇ ਨਿਰਗੁਣ ਰੂਪ ਵਿਚ ਕੀਤੇ ਜਾਂਦੇ ਅਨੰਤ ਚੋਜ ਤਾਂ ਦਿਸਣ ਲੱਗਦੇ ਹਨ, ਜਿੰਨ੍ਹਾਂ ਨੂੰ ਦੇਖ ਕੇ ਉਹ ਹੈਰਾਨ ਤਾਂ ਹੁੰਦਾ ਹੈ ਪਰ ਅਜੇ ਵੀ ਉਹ ਇਸ ਡੂੰਘੇ ਭੇਦ ਨੂੰ ਸਮਝਣ ਤੋਂ ਅਸਮਰੱਥ ਹੈ -

- ਅੱਜ ਨੂਰ ਦੇ ਤੜਕੇ

ਜਦੋਂ ਲੈ ਰਹੀ ਸੀ ਸਵੇਰ ਅੰਗੜਾਈਆਂ
ਪਹੁ ਫੁਟਾਲੇ ਦੀ ਗੋਦ ਵਿਚ ;
ਇਕ ਖਿੜੇ ਗੁਲਾਬ ਦੀ ਕੂਲੀ ਗੋਦ ਵਿਚ
ਤੁਸੀਂ ਖੇਲ ਰਹੇ ਸਾਓ ਮੇਰੇ ਸਾਂਈਆਂ !
ਕਿੰਵ, ਹਾਂ ਕਿੰਵ ! ਆ ਗਏ ਸਾਊਂ
ਉਸ ਨਿੱਕੀ ਗੋਦ ਵਿਚ ?
ਮੇਰੇ ਐਡੇ ਵੱਡੇ ਵਿਸ਼ਾਲ ਸਾਂਈਆਂ !

(ਨਿਕੀ ਗੋਦ ਵਿਚ)

ਗੁਰਬਾਣੀ ਦਾ ਫੁਰਮਾਣ ਹੈ ਕਿ ਦੇਖੌ ਭਾਈ ਗਯਾਨ ਕੀ ਆਈ ਆਂਧੀ, ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ।। ਭਾਵ ਗਿਆਨ ਦੀ ਹਨੇਰੀ ਆਉਣ ਸਦਕਾ ਮਨ ਵਿਚਲੇ ਭਰਮ, ਚਿੰਤਾ, ਪ੍ਰੇਸ਼ਾਨੀਆਂ ਕਿਧਰੇ ਉੱਡ-ਪੁੱਡ ਗਈਆਂ। ਭਾਈ ਸਾਹਿਬ ਵੀ ਇਸ ਸੱਚ ਦੇ ਗਿਆਨ ਹੋਣ ਸਦਕਾ ਆਪਣੀ ਕਵਿਤਾ ਰਾਹੀਂ ਗਿਆਨ ਦੇ ਕਈ ਭੇਦ ਸਮਝਾਉਂਦੇ ਹਨ, ਮਸਲਨ –

– ਸਖੀਏ ਨੀ! ਸੁਣ ਕੰਨ ਲਗਾਇ –
ਮੇਰੇ ਜਾਗਣ ਤੇ ਸੌਣ ਵਿਚਾਲਿ, ਇਕ ਛਿਨ ਹੈ ਬੜੀ ਅਜੀਬ,
ਰਸ-ਬੂੰਦ ਲੁਕਾ ਹੈ ਰੱਖੀ, ਉਸ ਛਿਨ ਦੇ ਮੂੰਹ ਵਿਚਾਲ।
ਜਿਵੇਂ ਫੁੱਲਾਂ ਦੇ ਵਿਚ ਵਿਚਾਲ, ਬੂੰਦ ਸ਼ਹਤ ਦੀ ਹੁੰਦੀ ਹੈ ਰੱਖੀ।

(ਛਿਨ)

ਇਥੇ ਪਹੁੰਚ ਕੇ ਬੰਦਾ ਵਿਅਕਤੀਮੁਖਤਾ ਜਾਂ ਨਿੱਜਮੁਖਤਾ ਤੋਂ ਟੁੱਟ ਕੇ ਸਮੂਹ ਹੋਣਾ ਲੋਚਦਾ ਹੈ, ਆਪਣੇ ਸਵੈ ਨੂੰ ਪਿੱਛੇ ਰੱਖਦਾ ਹੋਇਆ ਹੋਇਆ ਨਿਮਰਤਾ ਦੇ ਰਾਹ ਪੈਂਦਾ ਹੈ। ਭਾਈ ਸਾਹਿਬ ਦੀ ਕਵਿਤਾ ਵਿਚ ਆਧੁਨਿਕ ਵਿਚਾਰਧਾਰਾ ਅਤੇ ਮੱਧਕਾਲੀ ਵਿਚਾਰਧਾਰਾ ਦੀ ਅਜਿਹੀ ਰਲੌਟ ਦੇਖੀ ਜਾ ਸਕਦੀ ਹੈ। ਅੱਜ ਜਦੋਂ ਹਰੇਕ ਮਨੁੱਖ ਅੰਦਰ ਪਦਾਰਥਵਾਦੀ ਸੋਚ ਦੇ ਤਹਿਤ ਹੋਣ ਵਾਲੇ ਸਮੁੱਚੇ ਕਾਰਜਾਂ ਅਤੇ ਪ੍ਰਾਪਤੀਆਂ ਦਾ ਸੇਹਰਾ ਆਪਣੇ ਸਿਰ ਬੰਨ੍ਹਣ ਦੀ ਅੰਨ੍ਹੀ ਦੌੜ ਲੱਗੀ ਹੋਈ ਹੈ, ਉਥੇ ਭਾਈ ਵੀਰ ਸਿੰਘ ਦੀ ਕਵਿਤਾ ਇਸਦੇ ਸਮਾਂਨਾਂਤਰ ਮੱਧਕਾਲੀ ਚੇਤਨਾ ਦੇ ਹਵਾਲੇ ਨਾਲ ਮਨੁੱਖ ਨੂੰ ਆਪਣਾ ਆਪਾ ਮਾਰਨ ਦੀ ਤਾਕੀਦ ਕਰਦੀ ਆਖਦੀ ਹੈ:

– ਮਿਰੀ ਛਿਪੀ ਰਹੇ ਗੁਲਜ਼ਾਰ, ਮੈਂ ਨੀਵਾਂ ਉੱਗਿਆ,
ਕੁਈ ਲਗੇ ਨ ਨਜ਼ਰ ਟਪਾਰ, ਮੈਂ ਪਰਬਤ ਲੁਕਿਆ ।...
ਮਿਰੀ ਛਿਪੇ ਰਹਿਣ ਦੀ ਚਾਹ ਤੇ ਛਿਪੇ ਟੁਰ ਜਾਣ ਦੀ,
ਹਾ, ਪੂਰੀ ਹੁੰਦੀ ਨਾਂਹ, ਮੈਂ ਤਰਲੇ ਲੈ ਰਿਹਾ।

(ਬਿਨਫ਼ਸ਼ਾਂ ਦਾ ਫੁੱਲ)

ਗਿਆਨ ਖੰਡ ਵਿਚ ਆਉਂਦਿਆਂ ਹੀ ਜੀਵ ਨੂੰ ਇਹ ਵੀ ਗਿਆਨ ਹੁੰਦਾ ਹੈ ਕਿ ਮਨੁੱਖਾ ਦੇਹੀ ਨਾਸ਼ਮਾਨ ਹੈ, ਇਹ ਸਦਾ-ਥਿਰ ਨਹੀਂ ਰਹਿਣੀ। ਸੰਸਾਰ ਦੀ ਇਹੀ ਨਾਸ਼ਮਾਨਤਾ ਮੱਧਕਾਲੀ ਵਿਚਾਰਧਾਰਾ ਦਾ ਕੇਂਦਰੀ ਤੱਤ ਹੈ। ਗੁਰਮਤਿ-ਕਾਵਿ ਸਮੇਤ ਸਮੁੱਚੀ ਮੱਧਕਾਲੀ ਕਵਿਤਾ ਇਹੀ ਸਾਖੀ ਭਰਦੀ ਆਖਦੀ ਹੈ ਕਿ 'ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ।। ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ।। ਭਾਵ ਕਿ ਜਿਉਣਾ ਝੂਠ ਹੈ ਤੇ ਮਰਨਾ ਸੱਚ ਹੈ। ਸਮੁੱਚੀ ਕਵਿਤਾ ਵਿਚ ਆਏ ਥਾਂ-ਥਾਂ 'ਤੇ ਅਜਿਹੇ ਹਵਾਲਿਆਂ ਦੇ ਸੰਦਰਭ ਵਿਚ 'ਭਾਈ ਵੀਰ ਸਿੰਘ ਅਨੁਸਾਰ ਜਗਤ ਦਾ ਮੂਲ ਕਾਰਨ ਅਬਿਨਾਸ਼ੀ ਬ੍ਰਹਮ ਹੈ ਪਰ ਉਸਦੀ ਰਚਿਤ ਹਰ ਸ਼ੈ ਬਿਨਸਨਹਾਰ ਹੈ। ਇਥੇ ਬਿਨਸਨਹਾਰ ਤੋਂ ਭਾਵ ਜਗਤ ਦੀ ਅਸੱਤਤਾ ਜਾਂ ਮਿਥਿਆਵਾਦਿਤਾ ਹਰਗਿਜ਼ ਨਹੀਂ ਸਗੋਂ ਜਗਤ ਦੀ ਅਸਥਿਰਤਾ ਹੈ...ਇਹੀ ਜਗਤ ਦੀ ਗਤੀਸ਼ੀਲਤਾ, ਪਰਿਣਾਮਸ਼ੀਲਤਾ ਜਾਂ ਕਿਰਿਆਸ਼ੀਲਤਾ ਹੈ।'4 ਸੋ ਮਨੁੱਖ ਨੂੰ ਇਸ ਭੇਦ ਬਾਰੇ ਸਮਝਾਉਣ ਦਾ ਯਤਨ ਭਾਈ ਵੀਰ ਸਿੰਘ ਆਪਣੀਆਂ ਕਈ ਕਵਿਤਾਵਾਂ ਦੇ ਮਾਧਿਅਮ ਰਾਹੀਂ ਕਰਦੇ ਦੇਖੇ ਜਾ ਸਕਦੇ ਹਨ –

– ਸਾਂਈਆਂ ਜੀਓ ! ਜਿਸ ਜਿਸ ਸ਼ੈ ਤੇ ਨਜ਼ਰ ਜਮਾਈਏ,
ਜਿਸ ਪਿਆਰ ਮਨ ਲਾਈਏ, ਤੈਥੋਂ ਬਿਨ ਜੋ ਹੋਰ ਸੁਨੱਖਾਂ
ਮੋਹੇ ਜਿਨ੍ਹ ਪਰ ਜਾਈਏ ਅਫ਼ਸੋਸਾਂ ਅਰਮਾਨਾਂ ਉਤੇ
ਆਪਣੀ ਟੇਕ ਟਿਕਾਈਏ।
ਬਿਨਸਨਹਾਰ ਹੋਏ ਜੋ ਸੱਭੈ,
ਜਦ ਬਿਨਸਨ, ਦੁੱਖ ਪਾਈਏ।

(ਬਿਨਸਨਹਾਰ ਦਾ ਪ੍ਰੇਮ)

ਇਸ ਤੋਂ ਬਿਨਾ ਇਸ ਪੜਾਅ ਦੇ ਤਹਿਤ ਭਾਈ ਸਾਹਿਬ ਦੀਆਂ ਕਈ ਕਵਿਤਾਵਾਂ (ਰੁਬਾਈਆਂ) ਅਜਿਹੀਆਂ ਹਨ ਜਿਨ੍ਹਾਂ ਵਿਚ ਕਵੀ ਨੇ ਦ੍ਰਿਸ਼ਟਾਂਤ ਦੀ ਵਰਤੋਂ ਕਰਦਿਆਂ ਕਾਦਰ ਦੇ ਵੱਡੇ ਰਹੱਸਾਂ ਦਾ ਭੇਦ ਸੌਖੇ ਅਤੇ ਸਰਲ ਸ਼ਬਦਾਂ ਵਿਚ ਬਿਆਨਿਆ ਹੈ। ਇਹ ਉਸ ਅੰਦਰਲੇ ਗਿਆਨ ਦਾ ਪਾਸਾਰਾ ਹੀ ਹੈ ਕਿ ਉਸਨੂੰ ਧਰਮ ਖੰਡ ਵਿਚਲੇ ਪ੍ਰਸ਼ਨਾਂ ਦੇ ਉੱਤਰ ਆਪਣੇ-ਆਪ ਮਿਲਣ ਲੱਗਦੇ ਹਨ –

– ਮੀਂਹ ਪੈ ਹਟਿਆ ਤਾਰ ਨਾਲ, ਇਕ ਤੁਪਕਾ ਸੀ ਲਟਕੰਦਾ,
ਡਿਗਦਾ ਜਾਪੇ ਪਰ ਨਾ ਡਿੱਗੇ, ਪਛਿਆਂ ਰੋਇ ਸੁਣੰਦਾ ;
ਅਰਸ਼ਾਂ ਤੋਂ ਲੱਖਾਂ ਹੀ ਸਾਥੀ, ਕੱਠੇ ਹੋ ਸਾਂ ਆਏ,
ਕਿਤ ਵਲ ਲੋਪ ਯਾਰ ਓ ਹੋਏ, ਮੈਂ ਲਾ ਨੀਝ ਤਕੰਦਾ ।

(ਕੋਈ ਹਰਿਆ ਬੂਟ ਰਹਿਓ ਰੀ)

ਭਾਈ ਵੀਰ ਸਿੰਘ ਦੀਆਂ ਅਜਿਹੀਆਂ ਕਵਿਤਾ ਪੜ੍ਹਨ ਸਦਕਾ ਪਾਠਕ ਦੇ ਮਨ ਵਿਚ ਗਿਆਨ ਦੇ ਅਜਿਹੇ ਕਪਾਟ ਖੁੱਲ੍ਹਦੇ ਹਨ ਕਿ ਉਸਨੂੰ ਇਹ ਅਹਿਸਾਸ ਹੁੰਦਾ ਹੈ ਕਿ ਭਾਈ ਵੀਰ ਸਿੰਘ ਨੂੰ ਅਸਲ ਵਿਚ ਕਿਉਂ ਨਿੱਕੀਆਂ ਕਵਿਤਾਵਾਂ ਦਾ ਵੱਡਾ ਕਵੀ ਕਹਿੰਦੇ ਹਨ! ਇਸੇ ਹੀ ਸੰਦਰਭ

ਵਿਚ ਉਹਨਾਂ ਦੀ ਲਿਖੀ ਇਕ ਕਵਿਤਾ 'ਛਿੱਡੀ' ਇੱਥੇ ਬੜੀ ਗੌਲਣਯੋਗ ਹੈ। ਇਹ ਪ੍ਰਸ਼ਨੋਤਰੀ ਕਿਸਮ ਦੀ ਅਜਿਹੀ ਵਾਰਤਾਲਾਪੀ ਕਵਿਤਾ ਹੈ ਜਿਸ ਵਿਚ ਪ੍ਰਸ਼ਨ ਬੋਲਣ ਵਾਲੀ ਧਿਰ ਕਵੀ ਆਪ ਹੈ ਅਤੇ ਉੱਤਰ ਦੇਣ ਵਾਲੀ ਧਿਰ ਵਜੋਂ ਦੁੱਧ ਦੀ ਇੱਕ ਨਿੱਕੀ ਜਿਹੀ ਉਹ ਛਿੱਡੀ ਹੈ, ਜੋ ਸਮਾਜ ਦੀ ਦ੍ਰਿਸ਼ਟੀ ਤੋਂ ਨਿਗੁਣੀ ਜਾਂ ਵਿਅਰਥ ਹੈ। ਪਰ ਭਾਈ ਸਾਹਿਬ ਅਜਿਹੀਆਂ ਨਿਮਾਣੀਆਂ/ਨਿਤਾਣੀਆਂ/ਕੋਝੀਆਂ ਚੀਜ਼ਾਂ/ਵਸਤਾਂ ਦੇ ਪ੍ਰਤੀਕ ਰਾਹੀਂ ਉਹਨਾਂ ਦੀ ਅਹਿਮੀਅਤ ਨੂੰ ਉਜਾਗਰ ਕਰਦੇ ਹਨ, ਜਿਸ ਤੋਂ ਮਨੁੱਖ ਬੇਖ਼ਬਰ ਹੈ। ਕਵੀ ਅਨੁਸਾਰ ਉਹਨਾਂ ਦੀ ਅਹਿਮੀਅਤ ਇਸ ਗੱਲ ਵਿਚ ਵੱਡੀ ਹੈ ਕਿ ਉਹਨਾਂ ਨੂੰ ਵੀ ਉਸ ਕਾਦਰ ਨੇ ਪੈਦਾ ਕੀਤਾ ਹੈ ਜਿਸਨੇ ਸਮੁੱਚੀ ਸ੍ਰਿਸ਼ਟੀ ਸਮੇਤ ਮਨੁੱਖ ਨੂੰ ਪੈਦਾ ਕੀਤਾ ਹੈ। ਜਦੋਂ ਰਚਨਕਾਰ ਇੱਕ ਹੈ ਤਾਂ ਫਿਰ ਕੋਈ ਚੀਜ਼ ਜਾਂ ਜੀਵ ਨਿਗੁਣਾ ਜਾਂ ਕੋਝਾ ਕਿਵੇਂ ਹੋ ਸਕਦਾ ? ਸਗੋਂ ਮਸਲਾ ਤਾਂ ਮਨੁੱਖੀ ਦ੍ਰਿਸ਼ਟੀ ਨੂੰ ਬਦਲ ਕੇ ਸਮੁੱਚੀ ਸ੍ਰਿਸ਼ਟੀ ਲਈ ਧੰਨਵਾਦੀ ਭਾਵਨਾ ਪੈਦਾ ਕਰਨ ਦਾ ਹੈ –

– ਪ੍ਰਸ਼ਨ –ਫਿਰ ਮਾਈ ਤੂੰ ਕਿਸੇ ਕੰਮ ਦੀ ਨਾ ਨਾ ਹੋਈ ?
ਉੱਤਰ –ਨਾ ਵੇ ਵੀਰਾ ! ਐਉਂ ਨਾ ਆਖ
ਮੈਨੂੰ ਮਲ ਲੈਂਦੀ ਏ ਸੁਆਣੀ, ਆਪਣੇ ਹੱਥਾਂ ਦੇ ਨਾਲ,
ਓਹ ਹੋ ਜਾਂਦੇ ਹਨ ਕੂਲੇ,
ਲੱਗਦੇ ਹਨ ਪੀਆ ਦੇ ਗਲ ਜਾਇ ।
ਸੁਣ ਵੇ ਵੀਰਾ !
ਮੈਨੂੰ ਮਲਦੀ ਹੈ ਸੁਆਣੀ, ਆਪਣੇ ਚਿਹਰੇ ਤੇ ਆਪ,
ਪੀਆ ਤਕ ਤਕ ਕੇ ਚਿਹਰਾ
ਪਿਆ ਹੁੰਦੈ ਨਿਹਾਲ।
ਸੋਹਣੇ ਸਾਂਈਆਂ ਨੇ ਦਿੱਤਾ ਈ ਮਾਣ
ਅਸਾਂ ਨਿਮਾਣਿਆਂ ਜੋਗ...

(ਛਿੱਡੀ)

ਭਾਈ ਵੀਰ ਸਿੰਘ ਅਨੁਸਾਰ ਸੁੰਦਰਤਾ ਰੱਬੀ-ਕ੍ਰਿਸ਼ਮਾ ਹੈ ਜੋ ਸਭ ਵਰਤਾਰਿਆ 'ਤੇ ਇੱਕੋ ਜਿਹਾ ਪੈਂਦਾ ਹੈ। ਇਸ ਅਵਸਥਾ ਵਿਚ ਪੁੱਜ ਕੇ ਜੀਵ ਇਹ ਭੇਦ ਪਾ ਲੈਂਦਾ ਹੈ ਕਿ ਕਾਦਰ ਦੀ ਮਿਹਰ ਨਿੱਕੀਆਂ-ਵੱਡੀਆਂ ਚੀਜ਼ਾਂ, ਵਸਤਾਂ, ਵਰਤਾਰਿਆਂ 'ਤੇ ਬਰਾਬਰ ਬਰਸ ਰਹੀ ਹੈ, ਬੱਸ ਲੋੜ ਤਾਂ ਜੀਵ ਨੂੰ ਦ੍ਰਿਸ਼ਟੀ ਬਦਲਣ ਦੀ ਹੈ। ਇਹੀ ਦ੍ਰਿਸ਼ਟੀ ਜਾਪਾਨੀ 'ਹਾਇਕੂ-ਕਾਵਿ' ਵਿਚਲੀ ਦਾਰਸ਼ਨਿਕਤਾ ਦਾ ਵੀ ਪ੍ਰਮੁੱਖ ਲੱਛਣ ਹੈ –

– ਖੱਡਾਂ ਨਦੀ ਨਾਲਿਆਂ ਤੇ, ਖੇਤਾਂ ਬਨਾਂ ਜੰਗਲਾਂ ਤੇ
ਸ਼ਹਿਰਾਂ ਪਿੰਡਾਂ ਸਭਨਾਂ ਤੇ, ਚਾਂਦਨੀ ਹੈ ਪੈ ਰਹੀ ।

(ਚਾਂਦਨੀ)

– ਚਾਨਣ ਜਿਵੇਂ ਅਕਾਸ਼ੋਂ ਆਵੇ, ਸ਼ੀਸ਼ਿਆਂ ਤੇ ਪੈ ਦਮਕੇ,
ਤਿਵੇਂ ਸੁੰਦਰਤਾ ਅਰਸ਼ੋਂ ਆਵੇ, ਸੁਹਣਿਆਂ ਤੇ ਪੈ ਚਮਕੇ ।
(ਗੁਲਦਾਊਦੀਆਂ ਆਈਆਂ)

ਦ੍ਰਿਸ਼ਟਾਂਤ ਦੀ ਜੁਗਤ ਵਰਤਦਾ ਹੋਇਆ ਕਵੀ ਵੱਡੇ ਵਰਤਾਰਿਆਂ ਦੇ ਰਹੱਸ ਨੂੰ ਨਿੱਕੀਆਂ ਕਵਿਤਾਵਾਂ ਰਾਹੀਂ ਖੋਲ੍ਹਦਾ ਹੈ, ਜਿਸ ਵਿਚ ਕਰਨ ਕਰਾਵਨ ਕਰਨੈਹਾਰੁ।। ਮਾਨੁਖ ਕੈ ਕਿਛੁ ਨਾਹੀ ਹਾਥਿ।। ਵਾਲੀ ਗੁਰਮਤਿ ਵਿਚਾਰਧਾਰਾ ਦੇਖੀ ਜਾ ਸਕਦੀ ਹੈ। ਹੁਣ ਹਓਮੈ ਨੂੰ ਤਿਆਗਦਾ ਜੀਵ ਨਿਮਰਤਾ ਦਾ ਪੱਲਾ ਫੜ੍ਹਦਾ ਹੈ। ਉਸਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਨਿਮਰਤਾ ਹੀ ਬ੍ਰਹਮ ਦੇ ਦੁਆਰ ਤੱਕ ਪਹੁੰਚਾਉਣ ਵਾਲੀ ਪੌੜੀ ਹੈ। ਅਜਿਹੀਆਂ ਕਵਿਤਾਵਾਂ ਵਿਚ ਕਵੀ ਗੁਰਬਾਣੀ ਦੀ ਟੀਕਾਕਾਰੀ ਜੁਗਤ ਅਪਣਾਉਂਦਾ ਹੈ ਜਿਸਦੇ ਅੰਤਰਗਤ ਉਸਦੀ ਕਵਿਤਾ ਗੁਰਮਤਿ ਦੇ ਸਿਧਾਂਤਾਂ ਦੀ ਸਰਲ ਵਿਆਖਿਆ ਹੋ ਨਿੱਬੜਦੀ ਹੈ। ਭਾਈ ਸਾਹਿਬ ਦੀ ਕਵਿਤਾ ਦਾ ਪ੍ਰਮੁੱਖ ਵਿਸ਼ਾ ਪ੍ਰਮਾਤਮਾ ਨਾਲ ਸੰਵਾਦ ਹੈ। ਇਹ ਬੰਦੇ ਦੀ ਪ੍ਰਮਾਤਮਾ ਨੂੰ ਮਿਲਣ ਦੀ ਬਹਿਬਲ ਅਵਸਥਾ ਦੇ ਇਰਦ-ਗਿਰਦ ਕੇਂਦਿਰਤ ਹੈ ਜੋ ਬਹੁਤੀ ਵਾਰ ਸੁਪਨ-ਅਵਸਥਾ ਦੇ ਪ੍ਰਸੰਗ ਵਿਚ ਦੇਖਣ ਨੂੰ ਮਿਲਦੀ ਹੈ –

– ਨਿੱਤ ਪਯਾਰ ਖਿਚ ਲਯਾਂਵਦਾ, ਕਰੇ ਅਰੂਪੋਂ ਰੂਪ,
ਅਰਸ਼ੀ ਪ੍ਰੀਤਮ ਹੈ ਕੁਈ, ਨਿਤ ਫਿਰ ਕਰੇ ਅਰੂਪ ।
(ਤ੍ਰੇਲ ਤੁਪਕਾ)

– ਘੱਲੇ ਸੱਦੇ ਪਾਤਸ਼ਾਹ ਏਥੇ ਓਥੇ ਆਪ,
ਅਮਰ ਖੇਡ ਮੈਂ ਓਸਦੀ ਖੇਡ ਖਿਡਾਵੇ ਬਾਪ ।
(ਕਮਲ ਗੋਦੀ ਵਿਚ ਤ੍ਰੇਲ-ਮੋਤੀ)

– ਤੋੜ ਗੁਲਾਬ ਪਸਾਰੀ ਲਯਾਯਾ, ਮਲ ਮਲ ਖੰਡ ਰਲਾਈ
ਭੀ ਕਉੜੱਤਣ ਰਹੀ ਸਵਾਦ ਵਿਚ, ਬਣੀ ਨ ਉਹ ਮਠਿਆਈ,
ਮੱਖੀ ਬਣ ਕਣ-ਰਸ ਜੇ ਚੁਣਦਾ, ਤੋੜ ਨ ਆਬ ਗੁਆਂਦਾ,
ਮਾਲੀ ਨਾਲੋਂ ਨੇਹੁੰ ਨ ਟੁੱਟਦਾ, ਰਸ ਪੀਂਦਾ ਸੁਖਦਾਈ ।
(ਪਸਾਰੀ ਕਿ ਮਖੀਰ)

– ਸਾਗਰ ਪੁੱਛਦਾ : ਨਦੀਏ ! ਸਾਰੇ, ਬੂਟੇ ਬੂਟੀਆਂ ਲਿਆਵੇਂ
ਪਰ ਨਾ ਕਦੀ ਬੈਂਤ ਦਾ ਬੂਟਾ, ਏਥੇ ਆਣ ਪੁਚਾਵੇਂ ?
ਨਦੀ ਆਖਦੀ : ਆਕੜ ਵਾਲੇ, ਸਭ ਬੂਟੇ ਪੱਟ ਸੱਕਾਂ,
ਪਰ ਜੋ ਝੁਕੇ ਵਗੇ ਰਉਂ ਰੁਖ਼ ਨੂੰ, ਪੇਸ਼ ਨ ਉਸ ਤੇ ਜਾਵੇ ।
(ਰਉਂ ਰੁਖ਼)

ਇਸ ਅਵਸਥਾ ਵਿਚ ਜੀਵ ਨੂੰ ਇਹ ਗਿਆਨ ਹੁੰਦਾ ਹੈ ਕਿ ਦੁਨਿਆਵੀ ਗਿਆਨ ਅਤੇ ਸਭ ਕਾਸੇ ਦੀਆਂ ਅਕਲਾਂ ਬ੍ਰਹਮ ਸ਼ਕਤੀ ਸਾਹਵੇਂ ਤੁੱਛ ਹੀ ਨਹੀਂ ਸਗੋਂ ਉਸਦੇ ਮਿਲਾਪ ਦੇ ਰਾਹ ਵਿਚ ਰੋੜਾ ਹਨ, ਤਦੇ ਹੀ ਤਾਂ ਭਾਈ ਵੀਰ ਸਿੰਘ ਦੀ ਕਵਿਤਾ ਵਿਚ ਗਿਆਨੀ ਭਾਵ ਗਿਆਨ

ਹਾਸਿਲ ਕਰਨ ਵਾਲਾ ਜੀਵ ਦੁਨਿਆਵੀ ਗਿਆਨ ਨੂੰ ਤਿਆਗਣ ਦੀ ਗੱਲ ਕਰਦਾ ਹੈ, ਜੋ ਨਿਮਰਤਾ ਦਾ ਇਕ ਹੋਰ ਪਹਿਲੂ ਹੈ:

– ਗਯਾਨੀ ਸਾਨੂੰ ਹੋੜਦਾ ਤੇ ਵਹਿਮੀ ਢੋਲਾ ਆਖਦਾ ਤੇ
ਮਾਰੇ ਗਏ ਜਿਨ੍ਹਾਂ ਲਾਈਆਂ, ਬੁੱਧੋਂ ਪਾਰ ਤਾਰੀਆਂ ।
ਬੈਠ ਵੇ ਗਿਆਨੀ! ਬੁੱਧੀ -ਮੰਡਲੇ ਦਦੀ ਕੈਦ ਵਿਚ
ਵਲਵਲੇ ਦੇ ਦੇਸ਼ ਸਾਡੀਆਂ ਲੱਗ ਗਈਆਂ ਯਾਰੀਆਂ ।

(ਵਲਵਲਾ)

– ਭਟਕਣ ਛੱਡ, ਲਟਕ ਲਾ ਇੱਕੋ, ਖੀਵੀ ਹੋ ਸੁਖ ਮਾਣੀਂ,
ਹੋਸ਼ਾਂ ਨਾਲੋਂ ਮਸਤੀ ਚੰਗੀ, ਰੱਖਦੀ ਸਦਾ ਟਿਕਾਣੇ।

(ਹੋਸ਼ ਮਸਤੀ)

(3) ਸਰਮ ਖੰਡ – ਸਰਮ ਤੋਂ ਭਾਵ ਹੈ ਮਿਹਨਤ । ਇਹ ਉਹ ਪੜ੍ਹਾਅ ਹੈ ਜਦ ਜੀਵ ਨੂੰ ਇਹ ਬ੍ਰਹਮ ਦੇ ਸਰੂਪ ਅਤੇ ਉਸਦੇ ਮਿਲਾਪ ਢੰਗਾਂ ਦਾ ਬੋਧ ਹੋ ਜਾਂਦਾ ਹੈ ਤਾਂ ਇਸ ਉਪਰੰਤ ਉਹ ਵਿਹਾਰਕ ਪੱਧਰ 'ਤੇ ਉਸਨੂੰ ਮਿਲਣ ਦੇ ਅਭਿਆਸ ਸ਼ੁਰੂ ਕਰਦਾ ਹੈ। ਇੱਥੇ ਪਹੁੰਚ ਕੇ ਉਹ ਬਾਕੀ ਦੁਨਿਆਵੀ ਸੁੱਖ-ਆਰਾਮ ਛੱਡ ਕੇ ਆਤਮਾ ਨੂੰ ਸਾਧਣ ਵਾਲੇ ਪਾਸੇ ਲੱਗ ਤੁਰਦਾ ਹੈ। ਜੀਵ ਨੂੰ ਇਥੇ ਅੱਪੜ ਕੇ ਇਹ ਵੀ ਗਿਆਨ ਹੋ ਜਾਂਦਾ ਹੈ ਕਿ ਇਹ ਮਿਹਨਤ ਅਲਪਕਾਲੀ ਨਾ ਹੋ ਕੇ ਲਗਾਤਾਰ ਵਗਣ ਵਾਲਾ ਦਰਿਆ ਹੈ ਜਿਸਨੂੰ ਉਹ ਚਸ਼ਮੇ ਦੇ ਨਿਰੰਤਰ ਵਗਦੇ ਰਹਿਣ ਦੇ ਪ੍ਰਤੀਕ ਰਾਹੀਂ ਬਿਆਨਦਾ ਹੈ –

– ਸੀਨੇ ਖਿੱਚ ਜਿਨ੍ਹਾਂ ਨੇ ਖਾਧੀ, ਓਹ ਕਰ ਅਰਾਮ ਨਹੀਂ ਬਹਿੰਦੇ।
ਨਿਹੁੰ ਵਾਲੇ ਨੈਣਾਂ ਕੀ ਨੀਂਦ, ਓਹ ਦਿਨੇ ਰਾਤ ਪਏ ਵਹਿੰਦੇ
ਇਕੋ ਲਗਨ ਲਗੀ ਲਈ ਜਾਂਦੀ, ਹੈ ਟੋਰ ਅਨੰਤ ਉਨ੍ਹਾਂ ਦੀ,
ਵਸਲੋਂ ਉਰੇ ਮੁਕਾਮ ਨਾ ਕੋਈ, ਸੋ ਚਾਲ ਪਏ ਨਿਤ ਰਹਿੰਦੇ

(ਚਸ਼ਮਾ ਇੱਛਾਬਲ ਤੇ ਡੂੰਘੀਆਂ ਸ਼ਾਮਾਂ )

ਭਾਈ ਵੀਰ ਸਿੰਘ ਅਨੁਸਾਰ ਇਹ ਰਾਹ ਸੁਖਾਲਾ ਅਤੇ ਸਿੱਧੇ ਜੀ.ਟੀ. ਰੋਡ ਵਾਂਗ ਨਾ ਹੋ ਪਹਾੜੀ ਸੜਕ ਦੇ ਟੇਢੇ-ਮੇਢੇ ਮੋੜਾਂ-ਘੋੜਾਂ ਵਾਂਗ ਹੈ ਜਿੱਥੇ ਹਰ ਪਲ ਨਵੀਂ ਮੁਸੀਬਤ ਦਸਤਕ ਦਿੰਦੀ ਹੋਈ ਜੀਵ ਦਾ ਧਿਆਨ ਤੋੜਦੀ ਹੈ। ਬੱਸ ਜੀਵ ਨੂੰ ਗੁਰਮੁਖ ਗਾਡੀ ਰਾਹ 'ਤੇ ਸਹਿਜਤਾ ਅਤੇ ਅਡੋਲਤਾ ਸੰਗ ਚੱਲਦੇ ਰਹਿਣਾ ਹੈ। ਉਸਨੇ ਇੱਕ ਪਲ ਵੀ ਹੋਰਨਾਂ ਦੁਨਿਆਵੀਂ ਕਾਰਜਾਂ ਵਿਚ ਅਜਾਂਈ ਨਹੀਂ ਗਵਾਉਣਾ, ਇਹੀ ਸੱਚੀ 'ਸਰਮ' ਹੈ –

– ਰਾਤ ਢਿਲਕ ਪਈ, ਤਾਰੇ ਲਟਕ ਗਏ,
ਬੇੜੀ ਤਿਲਕਦੀ ਜਾ ਰਹੀ ਹੈ,
ਪਾਣੀ ਚੱਪਿਆਂ ਦਾ ਮੂੰਹ ਚੁੰਮਦੇ ਹਨ ਤੇ ਆਖਦੇ ਹਨ,

ਚਲ, ਚਲ, ਚਲ ।
ਦੱਸ ਦਾਤਾ ! ਕਿੱਥੇ ਕੁ ?

(ਮੇਰੇ ਚੱਪੇ ਲਗ ਰਹੇ ਹਨ)

– ਹੋ ! ਅਜੇ ਸੰਭਾਲ ਇਸ 'ਸਮੇਂ' ਨੂੰ, ਕਰ ਸਫ਼ਲ ਉਡੰਦਾ ਜਾਂਵਦਾ,
ਇਹ ਠਹਿਰਨ ਜਾਚ ਨਾ ਜਾਣਦਾ, ਲੰਘ ਗਿਆ ਨ ਮੁੜਕੇ ਆਂਵਦਾ ।

(ਸਮਾਂ)

ਗਿਆਨ ਖੰਡ ਵਿਚਲੀ ਕਵਿਤਾ ਵਿਚ ਜ਼ਿਆਦਾਤਰ ਕਵੀ ਦ੍ਰਿਸ਼ ਜੁਗਤ ਦੀ ਵਰਤੋਂ ਕਰਦਾ ਹੈ। ਗੁਰਮਤਿ ਦਰਸ਼ਨ ਦੇ ਪ੍ਰਭਾਵ ਸਦਕਾ ਭਾਈ ਵੀਰ ਸਿੰਘ ਦੀ ਕਵਿਤਾ ਵਿਚ ਵੀ ਬ੍ਰਹਮ ਦਾ ਸਰੂਪ ਬਹੁਤੀ ਵਾਰ ਨਿਰਾਕਾਰ ਆਇਆ ਹੈ। 'ਇਸ ਮੰਤਵ ਲਈ ਕਵੀ ਗੁਰਬਾਣੀ ਦੀ ਟੈਕਸਟ ਵਿਚ ਰੂਪਮਾਨ ਹੋਈਆਂ ਵਿਧੀਆਂ ਦਾ ਸਹਾਰਾ ਲੈਂਦਾ ਹੈ। ਗੁਰਮਤਿ ਵਿਚ ਪ੍ਰਕਿਰਤੀ ਦੇ ਮਾਧਿਅਮ ਰਾਹੀਂ ਪ੍ਰਮਾਤਮਾ ਦੀ ਵਿਰਾਟ ਹੋਂਦ ਦਾ ਬੋਧ ਕਰਵਾਇਆ ਗਿਆ ਹੈ।'5 ਇਹ ਦ੍ਰਿਸ਼ ਪ੍ਰਕਿਰਤੀ ਦੇ ਮਨਮੋਹਕ ਅਤੇ ਅਜਬ ਨਜ਼ਾਰਿਆਂ ਦੇ ਹਵਾਲੇ ਨਾਲ ਆਉਂਦਾ ਹੈ ਫਿਰ ਭਾਵੇਂ ਉਹ ਵੈਰੀ ਨਾਗ ਤੇਰਾ ਪਹਿਲਾ ਝਲਕਾ ਹੋਵੇ ਜਾਂ ਫਿਰ ਕਸ਼ਮੀਰ ਤੇ ਸੁੰਦਰਤਾ ਹੋਵੇ , ਮਸਲਾ ਤਾਂ ਇਹਨਾਂ ਵਿਚੋਂ ਕੁਦਰਤੀ ਨਜ਼ਾਰਿਆਂ ਨੂੰ ਰੂਪਮਾਨ ਕਰਦਿਆਂ ਕਾਦਰ ਦੀ ਕੁਦਰਤ ਦੇ ਜਲਵਿਆਂ ਦੀ ਉਸਤਤ ਕਰਨੀ ਹੀ ਹੈ, ਮਸਲਨ –

– ਵੈਰੀ ਨਾਗ ਤੇਰਾ ਪਹਿਲਾ ਝਲਕਾ, ਜਦ ਅੱਖੀਆਂ ਵਿਚ ਵਜਦਾ
ਕੁਦਰਤ ਦੇ ਕਾਦਰ ਦਾ ਜਲਵਾ, ਲੈ ਲੈਂਦਾ ਇਕ ਸਿਜਦਾ।

(ਵੈਰੀ ਨਾਗ ਦਾ ਪਹਿਲਾ ਝਲਕਾ)

ਇਸ ਪੜ੍ਹਾਅ 'ਤੇ ਮਿਹਨਤ ਕਰਦੀ ਜੀਵ ਆਤਮਾ ਦਾ ਹਾਲ ਗੁਰਮਤਿ ਕਾਵਿ ਵਿਚਲੀ ਮਿਲੁ ਮੇਰੇ ਪ੍ਰੀਤਮਾ ਜੀਉ ਤੁਧੁ ਬਿਨੁ ਖਰੀ ਨਿਮਾਣੀ। ਮੈ ਨੈਣੀ ਨੀਦ ਨ ਆਵੈ ਜੀਉ ਭਾਵੈ ਅੰਨੁ ਨ ਪਾਣੀ। ਵਾਲਾ ਹੋ ਜਾਂਦਾ ਹੈ –

– ਜੀ ਮੇਰੇ ਕੁਛ ਹੁੰਦਾ ਸਹੀਓ !, ਉਡਦਾ ਹੱਥ ਨ ਆਵੇ
ਕੱਤਣ, ਤੁੰਮਣ, ਹੱਸਣ, ਖੇਡਣ, ਖਾਵਣ ਮੂਲ ਨਾ ਭਾਵੇ ।

(ਲਰੀਆਂ)

ਕਵਿਤਾ ਅਟਕ ਵਿਚ ਅਟਕ ਦਰਿਆ ਦਾ ਬਿੰਬ ਵਰਤਦਿਆਂ ਕਵੀ ਨੇ ਜ਼ਿੰਦਗੀ ਵਿਚ ਲਗਾਤਾਰ ਤੁਰਨ, ਚੱਲਣ ਦੀ ਗੱਲ ਕੀਤੀ ਹੈ ਜਦੋਂ ਕਿ ਵੈਰੀ ਨਾਗ ਦੇ ਝਰਨੇ ਰਾਹੀਂ ਵੀ ਧੁਰ-ਵਗਣ ਦੀ ਲਾਗਾਤਾਰਤਾ ਨੂੰ ਸਮਝਾਇਆ ਗਿਆ ਹੈ –

– ਤੋਰੇ ਵਿਚ ਤੁਰਯਾ ਜਾਵੇ, ਸਾਰਾ ਜੱਗ ਦਿੱਸਦਾ ਜੋ
ਤੁਰੇ ਰਹਿਣਾ, ਤੁਰੇ ਰਹਿਣਾ, ਕਾਰ ਦੁਰੋਂ ਏ ਪਈ ।

(ਅਟਕ)

(4) ਕਰਮ ਖੰਡ – ਗੁਰਮਤਿ ਦਰਸ਼ਨ ਅਨੁਸਾਰ ਕਰਮ ਦੇ ਦੋ ਅਰਥ ਹਨ, ਜਿਸ ਵਿਚ

ਇਕ ਅਰਥ ਬ੍ਰਹਮ ਦੀ ਮਿਹਰ ਜਾਂ ਬਖਸ਼ਿਸ਼ ਤੋਂ ਹੈ (ਵਿਣੁ ਕਰਮਾ ਕਿਛੁ ਪਾਈਐ ਨਾਹੀ ਜੇ ਬਹੁਤੇਰਾ ਧਾਵੈ ।।) ਅਤੇ ਦੂਜਾ ਜੀਵ ਦੇ ਕਰਮਾਂ ਦਾ ਲੇਖਾ (ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ।। ਜਾਂ ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ।।) ਭਾਈ ਵੀਰ ਸਿੰਘ ਦੀ ਕਵਿਤਾ ਵਿਚ ਸਿੱਖ ਅਧਿਆਤਮਿਕ ਵਿਚਾਰਧਾਰਾ ਵਿਚਲਾ ਕਰਮ ਖੰਡ ਦੋ ਤਰ੍ਹਾਂ ਨਾਲ ਪੇਸ਼ ਹੁੰਦਾ ਦੇਖਿਆ ਜਾ ਸਕਦਾ ਹੈ । ਇਕ ਅਵਸਥਾ ਉਹ ਹੈ ਜਿੱਥੇ ਕਵੀ ਜੀਵ-ਆਤਮਾ ਦੇ ਰੂਪ ਵਜੋਂ ਮਿਹਰ ਦੀ ਕਣੀ ਲਈ ਤਰਸਦਾ ਹੋਇਆ ਆਪਣੇ ਪਿਆਰੇ ਅੱਗੇ ਅਰਦਾਸਾਂ, ਜੋਦੜੀਆਂ, ਬੇਨਤੀਆਂ ਕਰਦਾ ਹੈ, ਉਸਦੀ ਸਿਫ਼ਤੋਂ-ਸਾਲਾਹ ਕਰਦਾ ਉਸਦੀ ਬਖਸ਼ਿਸ਼ ਲਈ ਤਾਂਘਦਾ ਹੈ। ਇਸ ਪ੍ਰਕਾਰ ਦੀ ਸਮੁੱਚੀ ਕਵਿਤਾ ਵਿਚ ਭਾਈ ਵੀਰ ਸਿੰਘ ਦੀ ਤੀਬਰ ਤਾਂਘ ਸੰਯੋਗ ਹੈ। ਭਾਈ ਸਾਹਿਬ ਦੀ ਕਵਿਤਾ ਮੱਧਕਾਲੀ ਵਿਚਾਰਧਾਰਾ ਦੇ ਉਸ ਮੱਤ ਦੀ ਪੂਰਨ ਅਨੁਸਾਰੀ ਹੈ ਜਿਸ ਵਿਚ ਬ੍ਰਹਮ, ਭਗਤਾਂ ਦੀ ਪੈਜ ਰੱਖਦਾ ਆਇਆ ਹੈ। ਸੋ ਜੀਵ ਨੂੰ ਇਹ ਦ੍ਰਿੜ ਵਿਸ਼ਵਾਸ਼ ਹੈ ਕਿ ਉਹ ਆਪਣੇ ਭਗਤਾਂ ਨਾਲ ਮੇਲ ਜ਼ਰੂਰ ਕਰੇਗਾ। ਇਸ ਰੰਗ ਦੀ ਕਵਿਤਾ ਵਿਚ ਭਾਈ ਸਾਹਿਬ ਆਪਣੇ ਪਿਆਰੇ ਦੇ ਗੁਣ-ਗਾਉਂਦੇ ਉਸਤੋਂ ਮਿਲਾਪ ਦੇ ਇੱਕ ਕਿਣਕੇ ਦੀ ਮੰਗ ਲਈ ਝੋਲੀ ਅੱਡੀ ਖੜ੍ਹੇ ਦਿਸਦੇ ਹਨ –

– ਮਿਹਰਾਂ-ਮੀਂਹ ਵਸਾਵਣ ਵਾਲਾ, ਤ੍ਰੁਠਸੀ ਆਪੇ ਤੇਰਾ ਸ਼ਹੁ

(ਵਿਛਿਆ ਰਹੁ)

– ਤੂੰ ਸਮਰੱਥ ਸ਼ਕਤੀਆਂ ਵਾਲਾ, ਜੋ ਚਾਹੇਂ ਕਰ ਸਕੇਂ ਸੁਖਾਲਾ,
ਫਿਰ ਤੂੰ ਮਿਹਰਾਂ ਤਰਸਾਂ ਵਾਲਾ, ਕਰ ਛੇਤੀ 'ਮਿਲ-ਵੇਲਾ' ਊ !

(ਮਿਲ ਵੇਲਾ ਊ)

– ਕਰ ਦਿਓ ਇਕ ਨਜ਼ਰ ਸੁਵੱਲੀ
ਖੁਹਲ ਦਿਓ ਸੁ ਅੰਦਰਲੇ ਨੈਣ,
ਤੈਨੂੰ ਲੈਣ ਜੋ ਸਿਆਣ ...

(ਅੰਦਰਲੇ ਨੈਣ)

– ਦਰਸ਼ਨ ਹੀ ਦੇ ਦੇ ਅਪਨਾ
ਹੇ ਉੱਜਲਾਂ ਦੇ ਉੱਜਲ !
ਬੈਠੀ ਉਡੀਕਦੀ ਹਾਂ, ਮਿਹਰਾਂ ਹੇ ਵਾਲਿਆ ਵੇ !

(ਹੰਸ ਫੇਰੀ)

– ਹੇ ਅਰੂਪ ! ਤੁਸੀਂ ਰੂਪਵਾਨ ਹੋ ਕਦੇ ਤਾਂ ਲਾਡ ਲਡਾਓ,
ਯਾ ਅਰੂਪ ਕਰ ਕਦੇ ਅਸਾਨੂੰ ਦਰਸ-ਅਰੂਪ, ਦਿਖਾਓ ।

(ਓਝਲ ਡਾਚੀ)

ਦੂਜੀ ਅਵਸਥਾ ਉਹ ਹੈ ਜਿੱਥੇ ਉਹ ਉਸ ਪਰਮ ਸ਼ਕਤੀ ਵੱਲੋਂ ਕੀਤੀ ਮਿਹਰ, ਰਹਿਮਤ 'ਤੇ ਕਰਮ ਦੀ ਅਵਸਥਾ ਦੱਸਦਾ ਹੋਇਆ ਉਸਨੂੰ ਵਡਿਆਉਂਦਾ ਹੈ। ਇਥੇ ਕਵੀ ਸੱਚ ਖੰਡ ਦੀ ਅਵਸਥਾ ਬਾਰੇ ਕਿਆਸ ਕਰਦਾ ਹੋਇਆ ਉਸ ਅਦਿੱਖ ਸ਼ਕਤੀ ਦੇ ਸਰਗੁਣ ਸਰੂਪ ਨੂੰ ਚਿਤਵਦਾ

ਉਸਦੇ ਮੂੰਹੋਂ ਮਿਹਰ-ਭਰੇ ਬਚਨ ਤੱਕ ਕਹਾ ਦਿੰਦਾ ਹੈ –

– "ਜੇਹੜੇ ਕਰਦੇ ਨੇ ਮੈਨੂੰ ਪਿਆਰ, ਓਹ ਜਾਂਦੇ ਨੇ ਮੇਰੇ ਦੁਆਰ।
ਕਿਵੇਂ ਮਿਲ ਜਏ ਉਨ੍ਹਾਂ ਦੀਦਾਰ।
ਪਰ ਕਰਦਾ ਮੈਂ ਜਿਨ੍ਹਾਂ ਨੂੰ ਪਿਆਰ,
ਜਾਂਦਾ ਆਪ ਹਾਂ ਉਹਨਾਂ ਦੇ ਦੁਆਰ-
ਦੁਆਰ ਉਹਨਾਂ ਦਾ ਮੇਰਾ ਦੁਆਰ ।"

(ਜਾਂਦਾ ਆਪ ਹਾਂ ਉਹਨਾਂ ਦੇ ਦੁਆਰ)

ਕਵੀ ਅਨੁਸਾਰ ਮਿਲਣਾ-ਵਿਛੜਨਾ ਵੀ ਉਸਦੀ ਮਿਹਰ ਦਾ ਰੰਗ ਹੈ। ਜੀਵ ਨੂੰ ਇਸ ਸਬੰਧੀ ਆਪਣਾ ਦ੍ਰਿਸ਼ਟੀਕੋਣ ਬਦਲਣ ਦੀ ਲੋੜ ਹੈ। ਬਿਰਹੋਂ ਦੀ ਅਵਸਥਾ ਵਿਚ ਦਿੱਤੇ ਜਾਣ ਵਾਲੇ ਦੁੱਖ, ਚਿੰਤਾਵਾਂ, ਸੱਲ, ਹਉਕੇ ਅਤੇ ਹਾਵੇ ਓਨੇ ਹੀ ਮਹੱਤਵਪੂਰਨ ਹਨ ਜਿੰਨੇ ਮਿਲਾਪ ਦੀ ਅਵਸਥਾ ਵਿਚ ਮਿਲਣ ਵਾਲੇ ਸੁੱਖ-ਸੁਵਿਧਾਵਾਂ ਅਤੇ ਹਾਸੇ-ਖੇੜੇ ਹਨ, ਕਿਉਂਕਿ ਦੋਨਾਂ ਦਾ ਸ੍ਰੋਤ ਇਕੋ ਬ੍ਰਹਮ ਹੈ –

– ਤੁਸਾਂ ਤੋੜਿਆ ਸੀ ਟੁੱਟ ਪਏ, ਵਿਛੁੜ ਗਏ ਸਾਂ ਡਾਲੋਂ,
ਤੁਸਾਂ ਸੁੰਘ ਸੀਨਾ ਲਾ ਸਟਿਆ, ਵਿਛੁੜ ਗਏ ਤੁਸਾਂ ਨਾਲੋਂ
ਪੈਰਾਂ ਹੇਠ ਲਿਤਾੜ ਲੰਘਾਊਆਂ, ਕੀਤਾ ਖੰਭੜੀ ਖੰਭੜੀ,
ਪਰ ਸ਼ੁਕਰਾਨਾ 'ਛੁਹ ਤੁਹਾਡੀ' ਦਾ, ਅਜੇ ਨ ਭੁਲਦਾ ਸਾਨੋਂ ।

(ਪ੍ਰੀਤਮ ਛੁਹ)

ਇਸ ਖੰਡ ਦੇ ਅਧੀਨ ਆਉਂਦੀਆਂ ਜ਼ਿਆਦਾਤਰ ਕਵਿਤਾਵਾਂ ਵਿਚ ਸੁਪਨ ਜੁਗਤ ਦਾ ਬਹੁਤ ਪ੍ਰਯੋਗ ਕੀਤਾ ਮਿਲਦਾ ਹੈ ਜਿਸ ਵਿਚ ਉਸ ਵੱਲੋਂ ਕੀਤੀ ਜਾਣ ਵਾਲੀ ਮਿਹਰ ਦਾ ਰੂਪ ਚਮਤਕਾਰੀ ਹੈ। ਅਜਿਹੀਆਂ ਕਵਿਤਾਵਾਂ ਵਿਚ ਭਾਈ ਸਾਹਿਬ ਉਸ ਪਰਮ ਸ਼ਕਤੀ ਨੂੰ ਕਈ ਸੰਬੋਧਨਾਂ ਨਾਲ ਮੁਖ਼ਾਤਿਬ ਹੁੰਦੇ ਉਸਦੀ ਮਿਹਰ ਲਈ ਤਾਂਘਦੇ ਦੇਖੇ ਜਾ ਸਕਦੇ ਹਨ –

– ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ, ਅਸਾਂ ਧਾ ਗਲਵਕੜੀ ਪਾਈ
ਨਿਰਾ ਨੂਰ ਤੁਸੀਂ ਹੱਥ ਨ ਆਏ, ਸਾਡੀ ਕੰਬਦੀ ਰਹੀ ਕਲਾਈ।

(ਕੰਬਦੀ ਕਲਾਈ)

– ਸਾਂਈਆਂ ਸਾਂਈਆਂ ਕੂਕ ਪੁਕਾਰਾਂ, ਤੇਰੀ ਤੇਰੀ ਦਿਆਂ ਦੁਹਾਈਆਂ
ਆ ਮਿਲ ਆ ਮਿਲ ਲਿੱਲਾਂ ਦੇਵਾਂ, ਮੈਂ ਵਾਰ ਵਾਰ ਏ ਦਿਆਂ ਦੁਹਾਈਆਂ :
ਤੱਕ ਨਾ ਸਾਂਈਆਂ ਮੇਰੀਆਂ ਕਮੀਆਂ ।

(ਲੜ ਲੱਗੀ)

ਇਹ ਇਕ ਵਾਰ ਨਹੀਂ ਸਗੋਂ ਮੇਰੇ ਸਾਂਈਆਂ ਜੀਓ ਕਾਵਿ-ਸੰਗ੍ਰਿਹ ਵਿਚ ਤਾਂ ਵਾਰ-ਵਾਰ ਉਸ ਪਰਮ ਸ਼ਕਤੀ ਦੀ ਮਿਹਰ ਦਾ ਜ਼ਿਕਰ ਹੋਇਆ ਮਿਲਦਾ ਹੈ –

– "ਮੈਂ ਸਾਂ ਲੱਕੜੀ , ਤੰਦੀ ਤੇ ਤਾਰ,
ਜਿੰਦ ਹੀਣੀ ਸੀ ਸੀ ਮੈਂਡੜੀ ਦੇਹਿ।
ਇਹ ਤਾਂ ਸਾਂਈਆਂ ਦਾ ਜਾਦੂ ਅਮੇਟ
ਭਰ ਦੇਂਦਾ ਸੀ ਨਾਲ ਸੰਗੀਤ,

(ਰਸ, ਰਸੀਆ, ਰਸਾਲ)

ਹੁਣ ਜੀਵ-ਆਤਮਾ ਇਹ ਭੇਦ ਪਾ ਲੈਂਦੀ ਹੈ ਕਿ ਉਸਦੀ ਮਿਹਰ ਦੀ ਇੱਕ ਕਣੀ ਅੱਗੇ ਇਹ ਪਦਾਰਥਕ ਜਗਤ ਮਹਿਜ਼ ਇੱਕ ਤੁੱਛ ਵਸਤ ਸਮਾਨ ਹੈ ਜੋ ਕਦੇ ਵੀ ਟੁੱਟ ਸਕਦੀ ਹੈ –

– ਮਿਲਨੀ ਧੂੜੀ ਦੀ ਦਾਤ, ਨਾਲ ਦਰਸ਼ਨ ਦੀ ਝਾਤ,
ਏ ਵਡਮੁੱਲਵੀਂ ਦਾਤ।

(ਵਡਮੁੱਲੀ ਦਾਤ)

(5) ਸਚ ਖੰਡ – ਇਹ ਅਧਿਆਤਮਿਕ ਰਹੱਸ ਦਾ ਉਹ ਅੰਤਿਮ ਪੜ੍ਹਾਅ ਹੈ ਜਿੱਥੇ ਪਹੁੰਚ ਕੇ ਆਤਮਾ ਅਤੇ ਪਰਮ+ਆਤਮਾ ਇਕਮਿਕ ਹੋ ਜਾਂਦੇ ਹਨ। ਗੁਰਮਤਿ ਦਰਸ਼ਨ ਅਨੁਸਾਰ ਇਹ ਉਹ ਥਾਂ ਹੈ ਜਿਥੇ ਨਿਰੰਕਾਰ ਦਾ ਸਦੀਵੀ ਵਾਸਾ ਹੈ (ਸਚੁ ਖੰਡਿ ਵਸੈ ਨਿਰੰਕਾਰ ।।) । ਇਸ ਪੜ੍ਹਾਅ'ਤੇ ਪੁੱਜੀ ਜੀਵ-ਆਤਮਾ ਦੀ ਅਵਸਥਾ ਇੱਕ ਗੂੰਗੇ ਵੱਲੋਂ ਖਾਧੀ ਮਠਿਆਈ ਦੇ ਸਵਾਦ ਦੱਸਣ ਵਾਂਗ ਹੁੰਦੀ ਹੈ ਅਰਥਾਤ ਇਸ ਅਵਸਥਾ ਦਾ ਵਰਨਣ ਕਰਨਾ ਮੁਸ਼ਕਿਲ ਹੁੰਦਾ ਹੈ। ਭਾਈ ਸਾਹਿਬ ਦੀਆਂ ਕਵਿਤਾਵਾਂ ਵਿਚ ਵੀ ਅਜਿਹੀ ਅਵਸਥਾ ਨੂੰ ਬਿਆਨ ਕਰਨ ਲੱਗਿਆਂ ਜ਼ਿਆਦਾਤਰ ਸੁਪਨ ਜੁਗਤ ਵਿਚਲੇ ਚਮਤਕਾਰ ਦੀ ਵਰਤੋਂ ਕੀਤੀ ਗਈ ਮਿਲਦੀ ਹੈ। ਜਿਥੇ ਸਪਰਸ਼ ਬਿੰਬਾਂ ਸਦਕਾ ਉਸ ਅਦਿੱਖ ਸ਼ਕਤੀ ਦੀ ਛੋਹ ਤਾਂ ਲੱਗਦੀ ਹੈ ਪਰ ਉਹ ਦਿਸਦੀ ਨਹੀਂ, ਸਗੋਂ ਉਹ ਅਰੂਪ ਹੁੰਦੀ ਹੈ। ਉਸਦੀ ਚਿਣਗ ਸਾਹਵੇਂ ਸਾਰਾ ਜਗਤ ਨੂਰੋ-ਨੂਰ ਰੌਸ਼ਨ ਹੋਇਆ ਪ੍ਰਤੀਤ ਹੁੰਦਾ ਹੈ –

– ਤਿਲਕ ਗਈ ਮੇਰੇ ਹੱਥ ਦੀ ਪੂਣੀ,
ਚੁੱਪ ਹੋ ਗਈ ਘੁਕੇਂਦੜੀ ਚਰਖੀ,
ਅਰਸ਼ਾਂ ਦਾ ਚੰਦ ਜ਼ਿਮੀਂ ਆ ਖਲੋਤਾ,
ਸੂਰਤ ਗਈ ਮੈਥੋਂ ਨਿਰਖੀ ਨ ਪਰਖੀ।

(ਅਚਣਚੇਤੀ ਦਾ ਝਲਕਾ)

– ਮਿੱਟੀ ਚਮਕ ਪਈ ਇਹ ਮੋਈ,
ਤੇ ਤੁਸੀਂ ਲੂੰਆਂ ਵਿਚ ਲਿਸ਼ਕੇ –
ਬਿਜਲੀ ਕੂੰਦ ਗਈ ਥਰਰਾਂਦੀ,
ਹੁਣ ਚਕਾਚੂੰਧ ਹੈ ਛਾਈ ।

(ਕੰਬਦੀ ਕਲਾਈ)

ਹੁਣ ਜੀਵ-ਆਤਮਾ ਵਿਚੋਂ ਮੈਂ-ਮੂਲਕ ਪ੍ਰਵਿਰਤੀ ਬਿਲਕੁਲ ਖਾਰਿਜ ਹੋ ਜਾਂਦੀ ਅਤੇ ਸਭ

ਪਾਸੇ ਉਸਦੇ ਬੇਅੰਤ ਪਾਸਾਰੇ ਦੀ ਸੋਝੀ ਹੋ ਜਾਂਦੀ ਹੈ। ਇੱਥੋ ਉਹ 'ਤੇ ਪ੍ਰੀਤਮ ਦੋ ਨਹੀਂ ਸਗੋਂ ਇੱਕ ਹੋ ਜਾਂਦੇ ਹਨ। ਉਸਦੇ ਚਾਨਣ ਨਾਲ ਮਨ-ਮੰਦਰ ਦੇ ਸਾਰੇ ਹਨੇਰੇ ਦੂਰ ਹੁੰਦੇ ਅੰਦਰ-ਬਾਹਰ ਨੂਰ ਦਾ ਅਨੰਤ ਦਰਿਆ ਵੱਗ ਤੁਰਦਾ ਹੈ –

– ਮੈਂ 'ਲੇਲੀ ਲੇਲੀ' ਪਈ ਕੂਕੇ, ਮਜਨੂੰ ਲੇਲੀ ਹੋਯਾ,
ਆਪੇ ਪ੍ਰੀਤਮ ਬਣ ਗਿਆ ਪ੍ਰੇਮੀ, ਟੇਕ ਜਾਂ ਅੰਦਰ ਪਾਈ ।
(ਅੰਦਰ ਦੀ ਟੇਕ)

– ਰੰਗ ਰੂਪ ਦੇ ਤੀਰ ਵਸਾਨੀਆਂ, ਨੂਰ ਅੱਖੀਆਂ ਵਿੱਚ ਸਮਾਨੀਆਂ,
ਨੂਰੋ ਨੂਰ ਹੁਵੰਦੜੀ ਜਾਨੀਆਂ, ਨੂਰ ਨੂਰੀਆਂ ਨੂੰ ਪਈ ਲਾਨੀਆਂ ।
(ਚੜ੍ਹ ਚੱਕ ਤੇ ਚੱਕ ਘੁਮਾਨੀਆਂ)

ਉਪਰੋਕਤ ਸਮੁੱਚੀ ਵਿਚਾਰ-ਚਰਚਾ ਦੇ ਆਧਾਰ 'ਤੇ ਇਹ ਸਹਿਜੇ ਹੀ ਕਿਹਾ ਜਾ ਸਕਦਾ ਹੈ ਕਿ ਭਾਈ ਵੀਰ ਸਿੰਘ ਦੀ ਕਵਿਤਾ ਉੱਪਰ ਗੁਰਮਤਿ ਦਰਸ਼ਨ ਦਾ ਬਹੁਤ ਡੂੰਘਾ ਪ੍ਰਭਾਵ ਹੈ ਜਿਸਦੀਆਂ ਜੜ੍ਹਾਂ ਇੱਕ ਪਾਸੇ ਮੱਧਕਾਲੀ ਵਿਚਾਰਧਾਰਾ ਨਾਲ ਜੁੜੀਆਂ ਹਨ ਅਤੇ ਦੂਜੇ ਪਾਸੇ ਆਧੁਨਿਕ ਵਿਗਿਆਨਕ ਚੇਤਨਾ ਦੇ ਪਾਸਾਰੇ ਤਹਿਤ ਤਰਕ ਨਾਲ ਵੀ ਜੁੜੀਆਂ ਹਨ। ਭਾਵੇਂ ਉਸਨੇ ਆਪਣੇ ਸਮੁੱਚੇ ਕਾਵਿ ਵਿਚ ਉਪਰੋਕਤ ਚਰਚਾ ਅਧੀਨ ਵੱਖ-ਵੱਖ ਕਾਵਿ ਜੁਗਤਾਂ ਦਾ ਪ੍ਰਯੋਗ ਕੀਤਾ ਹੈ ਪਰ ਇਹ ਸਾਰੀਆਂ ਜੁਗਤਾਂ ਦੀ ਕੇਂਦਰੀ-ਚੂਲ ਧਾਰਮਿਕ-ਰਹੱਸਵਾਦੀ ਜੁਗਤ ਹੈ ਜਦੋਂ ਕਿ ਬਾਕੀ ਕਾਵਿ-ਜੁਗਤਾਂ ਇਸਦੀਆਂ ਪੂਰਕ ਆਖੀਆਂ ਜਾ ਸਕਦੀਆਂ ਹਨ। ਜਿਸਦੇ ਅੰਤਰਗਤ ਉਸਦੀ ਸਮੁੱਚੀ ਕਵਿਤਾ ਗੁਰਮਤਿ ਦਰਸ਼ਨ ਵਿਚਲੇ ਉਪਰੋਕਤ ਪੰਜਾਂ ਅਧਿਆਤਮਿਕ ਪੜ੍ਹਾਵਾਂ ਦੇ ਤਹਿਤ ਜੀਵ ਦੇ ਸ੍ਰਿਸ਼ਟੀ ਤੋਂ ਬ੍ਰਹਮ ਤੱਕ ਪੁੱਜਣ ਦੀ ਰਹੱਸਮਈ ਯਾਤਰਾ ਹੈ।

## ਹਵਾਲੇ 'ਤੇ ਟਿੱਪਣੀਆਂ

1. ਡਾ. ਮਨਮੋਹਨ ਸਿੰਘ, ਭਾਈ ਵੀਰ ਸਿੰਘ ਦੀ ਵਿਚਾਰਧਾਰਾ, ਪੰਨਾ- 1
2. ਡਾ. ਮਨਮੋਹਨ ਸਿੰਘ, ਭਾਈ ਵੀਰ ਸਿੰਘ-ਕਾਵਿ ਦਾ ਦਾਰਸ਼ਨਿਕ ਵਿਸ਼ਲੇਸ਼ਣ, ਪੰਨਾ- 1
3. http://punjabipedia.org/topic.aspx?txt=%E0%A8%97%E0%A8%BF%E0%A8%86%E0%A8%A8 , 20 ਅਗਸਤ, 2018
4. ਡਾ. ਮਨਮੋਹਨ ਸਿੰਘ, ਭਾਈ ਵੀਰ ਸਿੰਘ-ਕਾਵਿ ਦਾ ਦਾਰਸ਼ਨਿਕ ਵਿਸ਼ਲੇਸ਼ਣ, ਪੰਨਾ- 77
5. ਗੁਰਚਰਨ ਸਿੰਘ (ਸੰਪਾ.), ਭਾਈ ਵੀਰ ਸਿੰਘ ਦੀ ਸਾਹਿਤਕ ਪ੍ਰਤਿਭਾ, ਪੰਨਾ- 91

## ਸਹਾਇਕ ਪੁਸਤਕਾਂ ਅਤੇ ਸ੍ਰੋਤ ਗ੍ਰੰਥ


1. ਹਰਬੰਸ ਸਿੰਘ, ਭਾਈ ਵੀਰ ਸਿੰਘ ਤੇ ਉਨ੍ਹਾਂ ਦੀ ਰਚਨਾ, ਲਾਹੌਰ ਬੁੱਕ ਸ਼ਾਪ ਲੁਧਿਆਣਾ, 1981
2. ਕਾਨ੍ਹ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1960
3. ਗੁਰਚਰਨ ਸਿੰਘ (ਸੰਪਾ.), ਭਾਈ ਵੀਰ ਸਿੰਘ ਦੀ ਸਾਹਿਤਕ ਪ੍ਰਤਿਭਾ, ਪੰਜਾਬੀ ਸਾਹਿਤ

ਅਕਾਦਮੀ, ਲੁਧਿਆਣਾ, 1989

4. ਪ੍ਰੀਤਮ ਸਿੰਘ, ਪੰਜਾਬੀ ਲੇਖਕ ਕੋਸ਼, ਯੂਨੀਸਟਾਰ ਬੁਕਸ ਪ੍ਰਾਈਵੇਟ ਲਿਮਿਟਿਡ, ਚੰਡੀਗੜ੍ਹ, 2003
5. ਬਲਦੇਵ ਸਿੰਘ ਧਾਲੀਵਾਲ, ਭਾਈ ਵੀਰ ਸਿੰਘ ਦੀ ਕਾਵਿ-ਦ੍ਰਿਸ਼ਟੀ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1991
6. ਬ੍ਰਹਮਜਗਦੀਸ਼ ਸਿੰਘ, ਭਾਈ ਵੀਰ ਸਿੰਘ ਜੀਵਨ ਤੇ ਰਚਨਾ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 1999
7. ਭਾਈ ਵੀਰ ਸਿੰਘ, ਲਹਿਰ ਹੁਲਾਰੇ (ਕਾਵਿ-ਸੰਗ੍ਰਿਹ), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2011
8. ਉਹੀ, ਮੇਰੇ ਸਾਂਈਆਂ ਜੀਓ (ਕਾਵਿ-ਸੰਗ੍ਰਹਿ), ਬਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2016
9. ਮਨਮੋਹਨ ਸਿੰਘ, ਭਾਈ ਵੀਰ ਸਿੰਘ-ਕਾਵਿ ਦਾ ਦਾਰਸ਼ਨਿਕ ਵਿਸ਼ਲੇਸ਼ਣ, ਮਨਦੀਪ ਪ੍ਰਕਾਸ਼ਨ, ਦਿੱਲੀ, ਮਿਤੀਹੀਣ
10. ਉਹੀ, ਭਾਈ ਵੀਰ ਸਿੰਘ ਦੀ ਵਿਚਾਰਧਾਰਾ, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ, 1981
11. ਰਤਨ ਸਿੰਘ ਜੱਗੀ (ਸੰਪਾ.), ਭਾਈ ਵੀਰ ਸਿੰਘ ਸਾਹਿਤ-ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988
12. ਰਾਜਬੀਰ ਕੌਰ (ਸੰਪਾ.), ਭਾਈ ਵੀਰ ਸਿੰਘ ਦਾ ਕਾਵਿ-ਜਗਤ, ਰੂਹੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ, 2006
13. ਨਵ ਸੰਗੀਤ ਸਿੰਘ, ਭਾਈ ਵੀਰ ਸਿੰਘ ਕਾਵਿ-ਸਿਧਾਂਤ, ਨੈਸ਼ਨਲ ਬੁਕ ਸ਼ਾਪ, ਦਿੱਲੀ, 2009

# ਸ੍ਰੀ ਗੁਰੂ ਅਰਜਨ ਦੇਵ ਜੀ : ਜੀਵਨ ਅਤੇ ਸ਼ਹਾਦਤ

*ਡਾ. ਰੰਜੂ ਬਾਲਾ*

ਸ਼ਹੀਦਾਂ ਦੇ ਸਿਰਤਾਜ, ਸ਼ਾਂਤੀ ਦੇ ਪੁੰਜ, ਮਹਾਨ ਤਪੱਸਵੀ ਅਤੇ ਕੌਮ ਦੇ ਉਸਰੱਈਏ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ, 1563 ਈ. ਨੂੰ ਗੋਇੰਦਵਾਲ ਵਿਚ ਪਿਤਾ ਗੁਰੂ ਰਾਮਦਾਸ ਜੀ ਅਤੇ ਮਾਤਾ ਭਾਨੀ ਜੀ ਦੇ ਘਰ ਹੋਇਆ। ਬੀਬੀ ਭਾਨੀ ਜੀ ਆਪਣੇ ਪਿਤਾ ਗੁਰੂ ਅਮਰਦਾਸ ਜੀ ਦੇ ਘਰ ਵਿਚ ਹੀ ਰਿਹਾ ਕਰਦੇ ਸਨ। ਗੁਰੂ ਅਮਰਦਾਸ ਜੀ ਕੋਲ ਆਪਣੇ ਤੋਂ ਪਹਿਲਾਂ ਦੇ ਦੋਹਾਂ ਗੁਰੂਆਂ ਦੀ ਬਾਣੀ ਪੋਥੀਆਂ ਦੇ ਰੂਪ ਵਿਚ ਸੀ ਜਿਸਨੂੰ ਗੁਰੂ ਅਰਜਨ ਦੇਵ ਜੀ ਬਹੁਤ ਹੀ ਧਿਆਨ ਨਾਲ ਪੜ੍ਹਦੇ ਅਤੇ ਸਮਝਣ ਦਾ ਯਤਨ ਕਰਦੇ ਸਨ। ਏਨੀ ਲਗਨ ਦੇਖ ਕੇ, ਪ੍ਰਸੰਨ ਹੋ ਕੇ ਗੁਰੂ ਅਮਰਦਾਸ ਜੀ ਨੇ ਵਰ ਦਿੱਤਾ, 'ਦੋਹਤਾ ਬਾਣੀ ਦਾ ਬੋਹਥਾ' (ਜਹਾਜ਼) ਜੋ ਅੱਗੇ ਜਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਨਾਲ ਸੱਚ ਸਾਬਤ ਹੋਇਆ। ਗੁਰੂ ਅਰਜਨ ਦੇਵ ਜੀ ਉਦੋਂ ਗਿਆਰਾਂ ਸਾਲ, ਚਾਰ ਕੁ ਮਹੀਨੇ ਦੇ ਸਨ ਜਦੋਂ ਗੁਰੂ ਅਮਰਦਾਸ ਜੀ ਜੋਤੀ ਜੋਤ ਸਮਾ ਗਏ ਅਤੇ ਗੁਰੂ ਅਰਜਨ ਦੇਵ ਜੀ ਦੇ ਪਿਤਾ ਗੁਰੂ ਰਾਮਦਾਸ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ। ਗੁਰੂ ਰਾਮਦਾਸ ਜੀ ਨੇ ਵੀ ਆਪਣਾ ਅੰਤਿਮ ਸਮਾਂ ਨੇੜੇ ਆਉਂਦਾ ਸਮਝ ਕੇ ਗੁਰਗੱਦੀ ਦਾ ਅਧਿਕਾਰੀ ਆਪਣੇ ਛੋਟੇ ਬੇਟੇ (ਗੁਰੂ) ਅਰਜਨ ਦੇਵ ਨੂੰ ਚੁਣਿਆ। ਗੁਰੂ ਅਰਜਨ ਦੇਵ ਜੀ 1 ਸਤੰਬਰ 1581 ਈ. ਨੂੰ ਗੁਰਗੱਦੀ 'ਤੇ ਬੈਠੇ। ਉਸ ਸਮੇਂ ਗੁਰੂ ਸਾਹਿਬਾਨ ਜੀ ਦੀ ਉਮਰ 18 ਸਾਲ, 4 ਮਹੀਨੇ, 14 ਦਿਨ ਸੀ। ਗੁਰੂ ਸਾਹਿਬਾਨ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਗੁਰਗੱਦੀ ਨਾ ਮਿਲਣ ਕਰਕੇ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਕਈ ਸਾਜ਼ਿਸ਼ਾਂ ਰਚੀਆਂ ਪਰ ਆਪ ਸ਼ਾਂਤ ਰਹੇ ਅਤੇ ਸਬਰ ਸੰਤੋਖ ਵਿਚ ਰਹਿੰਦੇ ਹੋਏ ਮਨੁੱਖਤਾ ਦੀ ਸੇਵਾ ਕਰਦੇ ਰਹੇ। ਗੁਰੂ ਅਰਜਨ ਦੇਵ ਜੀ ਨੇ ਆਪਣੇ ਪਿਤਾ ਗੁਰੂ ਰਾਮਦਾਸ ਜੀ ਦੁਆਰਾ ਆਰੰਭ ਕੀਤੇ ਸਰੋਵਰ ਸੰਤੋਖਸਰ ਤੇ ਅੰਮ੍ਰਿਤ ਸਰੋਵਰ ਨੂੰ ਪੂਰਾ ਕਰਵਾਇਆ ਤੇ ਹਰਿਮੰਦਰ ਸਾਹਿਬ ਅੰਮ੍ਰਿਤਸਰ (ਸਰੋਵਰ) ਦੇ ਵਿਚ ਬਣਵਾਇਆ ਜਿਹੜਾ ਕਿ ਸਾਰੀਆਂ ਜਾਤਾਂ, ਧਰਮਾਂ, ਨਸਲਾਂ, ਕੌਮਾਂ, ਜਮਾਤਾਂ ਲਈ ਖੁੱਲ੍ਹਾ ਸੀ। ਗੁਰੂ ਰਾਮਦਾਸ ਜੀ ਨੇ ਗੁਰੂ

*ਮੁਖੀ, ਪੰਜਾਬੀ ਵਿਭਾਗ, ਪੋਸਟ ਗ੍ਰੈਜੂਏਟ ਸਰਕਾਰੀ ਕਾਲਜ (ਲੜਕੀਆਂ), ਸੈਕਟਰ-11, ਚੰਡੀਗੜ੍ਹ।*
*ਫ਼ੋਨ : 8860035008*

ਕਾ ਲੰਗਰ ਤੇ ਹੋਰ ਲੋਕ ਭਲਾਈ ਕਾਰਜਾਂ ਨੂੰ ਚਲਦਾ ਰੱਖਣ ਲਈ ਮਸੰਦ ਥਾਪੇ ਸਨ ਜੋ ਕਿ ਬਾਹਰੋਂ ਉਗਰਾਹੀ ਲਿਆਉਂਦੇ ਸੀ ਪਰ ਗੁਰੂ ਅਰਜਨ ਦੇਵ ਜੀ ਨੇ ਹਰ ਸ਼ਰਧਾਲੂ ਸਿੱਖ ਨੂੰ ਆਪਣੀ ਕਮਾਈ ਦਾ ਦਸਵਾਂ ਹਿੱਸਾ, ਜਿਸਨੂੰ ਦਸਵੰਧ ਕਿਹਾ ਜਾਣ ਲੱਗਾ, ਗੁਰੂ ਦੀ ਗੋਲਕ ਵਾਸਤੇ ਭੇਟਾ ਕਰਨ ਲਈ ਕਿਹਾ।

ਕਿਸੇ ਵੀ ਫ਼ਿਰਕੇ ਨੂੰ ਕੌਮ ਦਾ ਦਰਜਾ ਪ੍ਰਾਪਤ ਕਰਨ ਲਈ ਕੁਝ ਬੁਨਿਆਦੀ ਲੋੜਾਂ ਜਿਵੇਂ ਆਪਣਾ ਧਾਰਮਿਕ ਆਗੂ, ਕੇਂਦਰ ਤੇ ਗ੍ਰੰਥ ਦਾ ਹੋਣਾ ਜ਼ਰੂਰੀ ਮੰਨਿਆ ਜਾਂਦਾ ਹੈ। ਸਿੱਖ ਧਰਮ ਦੀ ਨੀਂਹ ਰੱਖ ਕੇ ਗੁਰੂ ਨਾਨਕ ਦੇਵ ਜੀ ਸਿੱਖ ਕੌਮ ਦੇ ਆਗੂ ਬਣ ਗਏ ਸਨ ਤੇ ਉਨ੍ਹਾਂ ਦੀ ਹੀ ਜੋਤ ਬਾਕੀ ਦੇ ਨੌਂ ਗੁਰੂਆਂ ਵਿਚ ਜਗੀ। ਧਾਰਮਿਕ ਕੇਂਦਰ ਦੀ ਜੇ ਗੱਲ ਕਰੀਏ ਤਾਂ ਇਹ ਠੀਕ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ (ਰਾਵੀ ਕੰਢੇ) ਵਸਾਇਆ ਸੀ, ਦੂਸਰੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਦਾ ਨਿਵਾਸ ਅਸਥਾਨ ਖਡੂਰ ਸਾਹਿਬ, ਤੀਸਰੇ ਪਾਤਸ਼ਾਹ ਦਾ ਨਿਵਾਸ ਅਸਥਾਨ ਗੋਇੰਦਵਾਲ ਸੀ। ਗੁਰੂ ਰਾਮਦਾਸ ਜੀ ਨੇ ਸਭ ਤੋਂ ਪਹਿਲਾਂ ਸੰਤੋਖਸਰ ਸ਼ੁਰੂ ਕੀਤਾ ਅਤੇ ਫਿਰ ਅੰਮ੍ਰਿਤਸਰ (ਅੰਮ੍ਰਿਤ ਸਰੋਵਰ) ਆਰੰਭ ਕਰਵਾਇਆ। ਪਰ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿਚ ਹਰਿਮੰਦਰ ਸਾਹਿਬ ਦੀ ਨੀਂਹ ਮੁਸਲਮਾਨ ਫ਼ਕੀਰ ਸਾਈਂ ਮੀਆਂ ਮੀਰ ਤੋਂ ਰਖਵਾ ਕੇ ਹਰਿ ਦਾ ਮੰਦਿਰ ਚਾਰੇ ਵਰਣਾਂ ਲਈ ਖੋਲ੍ਹ ਦਿੱਤਾ ਜਿੱਥੇ ਕਿਸੇ ਨਾਲ ਵੀ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਨਹੀਂ ਕੀਤਾ ਜਾਂਦਾ ਸੀ। ਸਭ ਲੋਕ ਬਿਨਾਂ ਰੋਕ ਟੋਕ ਦੇ ਆ ਜਾ ਸਕਦੇ ਸਨ ਤੇ ਇਹ ਸਿੱਖਾਂ ਦਾ ਧਾਰਮਿਕ ਕੇਂਦਰ ਬਣਿਆ। ਉਸ ਸਮੇਂ ਵੱਖ-ਵੱਖ ਧਰਮਾਂ ਦੇ ਆਪਣੇ ਧਾਰਮਿਕ ਗ੍ਰੰਥ ਸਨ ਜਿਸ ਵਿਚ ਉਸ ਧਰਮ ਦੇ ਅਸੂਲਾਂ, ਨਿਯਮਾਂ ਬਾਰੇ ਦੱਸਿਆ ਜਾਂਦਾ ਸੀ ਜਿਵੇਂ ਕਿ 'ਗੀਤਾ' ਹਿੰਦੂਆਂ ਦਾ, 'ਕੁਰਾਨ' ਮੁਸਲਮਾਨਾਂ ਦਾ, 'ਅੰਜੀਲ' ਈਸਾਈਆਂ ਦਾ ਧਾਰਮਿਕ ਗ੍ਰੰਥ ਸੀ ਪਰ ਸਿੱਖਾਂ ਦਾ ਆਪਣਾ ਕੋਈ ਧਾਰਮਿਕ ਗ੍ਰੰਥ ਨਹੀਂ ਸੀ। ਗੁਰੂ ਅਰਜਨ ਦੇਵ ਜੀ ਨੇ ਸਮੇਂ ਦੀ ਲੋੜ ਨੂੰ ਸਮਝਦਿਆਂ ਹੋਇਆਂ ਲੋਕਾਂ ਨੂੰ ਭੁੱਲੇ ਭਟਕੇ ਰਸਤੇ ਤੋਂ ਸਹੀ ਮਾਰਗ 'ਤੇ ਲਿਆਉਣ ਲਈ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ, ਜਿਸ ਵਿਚ ਨਾ ਕੇਵਲ ਸਿੱਖ ਗੁਰੂਆਂ ਦੀ ਬਾਣੀ ਨੂੰ ਸ਼ਾਮਿਲ ਕੀਤਾ ਗਿਆ ਬਲਕਿ ਉਸ ਵਿਚ ਭਗਤਾਂ, ਭੱਟਾਂ ਤੇ ਸੂਫ਼ੀ ਫ਼ਕੀਰਾਂ ਦੀ ਬਾਣੀ ਨੂੰ ਵੀ ਸ਼ਾਮਿਲ ਕੀਤਾ ਗਿਆ। ਇਹ ਗੁਰੂ ਸਾਹਿਬਾਨ ਦੀ ਨਿਰਪੱਖਤਾ ਅਤੇ ਸਾਂਝੀਵਾਲਤਾ ਦੀ ਭਾਵਨਾ ਨੂੰ ਪੇਸ਼ ਕਰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਆਪ ਵੀ ਬਹੁਤ ਸਾਰੀ ਬਾਣੀ ਰਚੀ ਜਿਸ ਵਿਚ ਸੁਖਮਨੀ, ਬਾਵਨ ਅੱਖਰੀ, ਬਾਰਾਮਾਹ, ਪਹਿਰੇ, ਦਿਨ ਰੈਣ, ਥਿਤੀ, ਬਿਰਹੜੇ, ਗੁਣਵੰਤੀ, ਅੰਜੁਲੀਆਂ, ਸਹਿਸਕ੍ਰਿਤੀ, ਸਲੋਕ, ਸੋਲਹੇ, ਫੁਨਹੇ, ਗਾਥਾ, ਸਵੱਯੇ, ਵਾਰਾਂ, ਚਉਬੋਲੇ ਤੇ ਮੁੰਦਾਵਣੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜਿਹੇ ਮਹਾਨ ਗ੍ਰੰਥ ਦੀ ਸੰਪਾਦਨਾ ਕਰਕੇ ਵੀ ਗੁਰੂ ਸਾਹਿਬਾਨ ਨੇ ਕਿਸੇ ਵੀ ਤਰ੍ਹਾਂ ਦਾ ਮਾਣ-ਹੰਕਾਰ ਨਹੀਂ ਕੀਤਾ ਬਲਕਿ ਸਬਰ, ਸੰਤੋਖ ਤੇ ਸਿਦਕ ਵਿਚ ਰਹੇ ਤੇ ਆਪ ਨੇ ਅੰਤ ਵਿਚ ਲਿਖਿਆ:

ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ।
ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਇਓਈ।
(ਮੁੰਦਾਵਣੀ, ਪੰਨਾ 1429)

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਵਾਂਗ ਹੀ, ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਵੀ ਸਿੱਖ ਇਤਿਹਾਸ ਵਿਚ ਪਹਿਲੀ ਤੇ ਦੁਨੀਆਂ ਦੇ ਇਤਿਹਾਸ ਵਿਚ ਇਕ ਲਾਸਾਨੀ ਤੇ ਬੇਮਿਸਾਲ ਹੈ। ਅਸਲ ਵਿਚ ਜੇ ਕੋਈ ਕਿਸੇ ਆਦਰਸ਼ ਦੀ ਪੂਰਤੀ ਲਈ ਜਾਂ ਕਿਸੇ ਪਰਉਪਕਾਰ ਲਈ ਬੇਗ਼ਰਜ

ਹੋ ਕੇ ਆਪਣਾ ਸਰੀਰ ਤੱਕ ਵਾਰ ਦਿੰਦਾ ਹੈ, ਉਹ ਹੀ ਸੱਚਾ ਸ਼ਹੀਦ ਹੈ। ਅਣਖ, ਸੱਚ, ਸਵੈਮਾਨ ਅਤੇ ਇਖਲਾਕ ਦੇ ਰਸਤੇ 'ਤੇ ਚਲਦਿਆਂ ਜ਼ੁਲਮ ਦਾ ਸਾਹਮਣਾ ਕਰਦੇ ਹੋਏ ਕੁਦਰਤੀ ਮੌਤ ਦੀ ਪਰਵਾਹ ਕੀਤੇ ਬਿਨਾਂ ਆਪਣਾ ਜੀਵਨ ਕੁਰਬਾਨ ਕਰਨ ਵਾਲੇ ਨੂੰ ਸ਼ਹੀਦ ਕਿਹਾ ਜਾਂਦਾ ਹੈ ਤੇ ਉਸਦੀ ਕੁਰਬਾਨੀ ਨੂੰ 'ਸ਼ਹਾਦਤ' ਦੇ ਨਾਂ ਨਾਲ ਸਤਿਕਾਰਿਆ ਜਾਂਦਾ ਹੈ। 'ਸ਼ਹਾਦਤ ਸ਼ਬਦ ਅਰਬੀ ਮੂਲ ਦਾ ਹੈ ਅਤੇ ਪੰਜਾਬੀ ਵਿਚ ਇਹ ਇਸੇ ਰੂਪ ਵਿਚ ਅਪਣਾ ਲਿਆ ਗਿਆ ਹੈ। ਅੰਗਰੇਜ਼ੀ ਵਿਚ ਇਸਦਾ ਸਮਾਨਅਰਥਕ ਸ਼ਬਦ ਝ਼ਗਵਖਗ ਹੈ ਜਿਹੜਾ ਯੂਨਾਨੀ ਭਾਸ਼ਾ ਵਿਚੋਂ ਆਇਆ ਹੈ। ਆਪਣੇ ਦੀਨ-ਈਮਾਨ ਅਤੇ ਅਸੂਲ ਦੀ ਖ਼ਾਤਰ, ਬਿਨਾਂ ਕਿਸੇ ਪ੍ਰਕਾਰ ਦੇ ਨਿੱਜੀ ਸਵਾਰਥ ਦੇ, ਵੱਡੀ ਤੋਂ ਵੱਡੀ ਕੁਰਬਾਨੀ ਦੇਣ, ਇੱਥੋਂ ਤੱਕ ਕਿ ਜਾਨ ਵਾਰ ਦੇਣ ਨੂੰ ਸ਼ਹਾਦਤ ਕਿਹਾ ਜਾਂਦਾ ਹੈ।'1 ਗੁਰੂ ਅਰਜਨ ਦੇਵ ਜੀ ਨੇ ਆਪਣੀ ਜਾਨ ਕੁਰਬਾਨ ਕਰਕੇ ਉਸ ਸਮੇਂ ਬੁਜ਼ਦਿਲ ਲੋਕਾਂ ਅੰਦਰ ਜੋਸ਼ ਤੇ ਹੋਸ਼ ਪੈਦਾ ਕੀਤਾ ਤੇ ਉਨ੍ਹਾਂ ਨੂੰ ਹੱਕ-ਸੱਚ ਪ੍ਰਤੀ ਸੁਚੇਤ ਕੀਤਾ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੁਨੀਆਂ ਦੇ ਇਤਿਹਾਸ ਵਿਚ ਨਿਵੇਕਲੀ ਤੇ ਯੁੱਗ ਪਲਟਾਊ ਹੈ ਜਿਸਨੇ ਸਿੱਖ ਧਰਮ ਵਿਚ ਇਕ ਕ੍ਰਾਂਤੀ ਲੈ ਕੇ ਆਉਂਦੀ ਜਿਸਦੇ ਸਿੱਟੇ ਵਜੋਂ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਤੇ ਪੀਰੀ ਦੋ ਤਲਵਾਰਾਂ ਧਾਰਨ ਕੀਤੀਆਂ ਤੇ ਜ਼ੁਲਮ ਦਾ ਡਟ ਕੇ ਮੁਕਾਬਲਾ ਕੀਤਾ।ਹੁਣ ਅਸੀਂ ਉਨ੍ਹਾਂ ਕਾਰਨਾਂ ਨੂੰ ਜਾਣਨ ਦੀ ਕੋਸ਼ਿਸ਼ ਕਰਾਂਗੇ ਜਿਨ੍ਹਾਂ ਕਰਕੇ ਗੁਰੂ ਅਰਜਨ ਦੇਵ ਜੀ ਨੂੰ ਸ਼ਹਾਦਤ ਦੇਣੀ ਪਈ।

(1) ਪਹਿਲਾ ਕਾਰਨ ਤਾਂ ਉਨ੍ਹਾਂ ਦੇ ਭਰਾ ਪ੍ਰਿਥੀ ਚੰਦ ਨੂੰ ਮੰਨਿਆ ਜਾਂਦਾ ਹੈ ਜਿਹੜਾ ਕਿ ਗੁਰਗੱਦੀ ਨਾ ਮਿਲਣ ਕਰਕੇ ਗੁਰੂ ਸਾਹਿਬਾਨ ਦੇ ਵਿਰੁੱਧ ਸੀ। ਇਸਦੀ ਸ਼ਿਕਾਇਤ ਪ੍ਰਿਥੀ ਚੰਦ ਨੇ ਉਸ ਸਮੇਂ ਦੇ ਬਾਦਸ਼ਾਹ ਅਕਬਰ ਕੋਲ ਵੀ ਕੀਤੀ ਸੀ। ਅਕਬਰ ਖ਼ੁਦਾ-ਪ੍ਰਸਤ ਤੇ ਖ਼ਲਕਤ-ਪ੍ਰਸਤ ਬਾਦਸ਼ਾਹ ਸੀ। ਅਕਬਰ ਗੋਇੰਦਵਾਲ ਵਿਖੇ ਸ੍ਰੀ ਗੁਰੂ ਅਮਰਦਾਸ ਜੀ ਦੀ ਸੰਗਤ-ਪੰਗਤ ਦਾ ਲੋਕ-ਕਲਿਆਣੀ ਕ੍ਰਿਸ਼ਮਾ ਅੱਖੀਂ ਵੇਖ ਚੁੱਕਿਆ ਸੀ। ਅਕਬਰ ਬਾਦਸ਼ਾਹ ਨੇ ਪ੍ਰਿਥੀ ਚੰਦ ਦਾ ਦਾਅਵਾ ਇਹ ਕਹਿ ਕੇ ਖਾਰਜ ਕਰ ਦਿੱਤਾ ਕਿ ਗੁਰਿਆਈ ਕਿਸੇ ਦੀ ਜੱਦੀ ਜਾਇਦਾਦ ਨਹੀਂ, ਇਹ ਤਾਂ ਖੁਦਾਈ ਬਖ਼ਸ਼ਿਸ਼ ਹੈ, ਜਿਸ ਨੂੰ ਗੁਰੂ ਸੌਂਪ ਜਾਏ।

(2) ਦੂਸਰਾ ਕਾਰਨ ਚੰਦੂ ਸ਼ਾਹ ਜੋ ਬਾਦਸ਼ਾਹ ਦਿੱਲੀ ਦੇ ਦੀਵਾਨ ਦਾ ਨਾਇਬ ਸੀ, ਉਸਨੇ ਆਪਣੀ ਲੜਕੀ ਦਾ ਰਿਸ਼ਤਾ ਗੁਰੂ ਅਰਜਨ ਦੇਵ ਜੀ ਦੇ ਸਾਹਿਬਜ਼ਾਦੇ ਹਰਿਗੋਬਿੰਦ ਨਾਲ ਕਰਨ ਲਈ ਪੰਡਿਤਾਂ ਨੂੰ ਅੰਮ੍ਰਿਤਸਰ ਭੇਜਿਆ ਸੀ ਪਰ ਸੰਗਤਾਂ ਦੇ ਕਹਿਣ ਤੇ ਗੁਰੂ ਸਾਹਿਬਾਨ ਨੇ ਚੰਦੂ ਸਾਹ ਦੀ ਕੰਨਿਆਂ ਦਾ ਰਿਸ਼ਤਾ ਪ੍ਰਵਾਨ ਨਹੀਂ ਕੀਤਾ ਸੀ। ਜਿਸ ਕਰਕੇ ਉਹ ਗੁਰੂ ਸਾਹਿਬਾਨ ਦਾ ਦੁਸ਼ਮਣ ਬਣ ਗਿਆ ਸੀ ਤੇ ਬਦਲੇ ਦੀ ਭਾਵਨਾ ਕਰਕੇ ਉਹ ਜਹਾਂਗੀਰ ਨੂੰ ਗੁਰੂ ਸਾਹਿਬਾਨ ਦੇ ਉਲਟ ਚੁੱਕਦਾ ਰਹਿੰਦਾ ਸੀ।

(3) ਤੀਸਰਾ ਕਾਰਨ ਖ਼ੁਸਰੋ ਦੀ ਬਗ਼ਾਵਤ ਮੰਨਿਆ ਜਾਂਦਾ ਹੈ। ਅਕਤੂਬਰ, 1605 ਈ. ਨੂੰ ਅਕਬਰ ਦੇ ਮਰ ਜਾਣ ਤੋਂ ਬਾਅਦ ਉਸਦਾ ਪੁੱਤਰ ਜਹਾਂਗੀਰ ਤਖ਼ਤ 'ਤੇ ਬੈਠਾ। ਛੇ ਕੁ ਮਹੀਨੇ ਪਿੱਛੋਂ ਜਹਾਂਗੀਰ ਦੇ ਵੱਡੇ ਸ਼ਾਹਜ਼ਾਦੇ ਖ਼ੁਸਰੋ ਨੇ ਬਗ਼ਾਵਤ ਕਰ ਦਿੱਤੀ। ਜਹਾਂਗੀਰ ਖ਼ੁਸਰੋ ਦਾ ਮੁਕਾਬਲਾ ਕਰਨ ਵਾਲਿਆਂ ਨੂੰ ਜਗੀਰਾਂ ਤੇ ਖਿਤਾਬ ਦਿੰਦਾ ਸੀ ਤੇ ਮਦਦ ਕਰਨ ਵਾਲਿਆਂ ਨੂੰ ਸਜ਼ਾਵਾਂ। ਜਦੋਂ ਜਹਾਂਗੀਰ ਨੂੰ ਇਸ ਬਾਬਤ ਖ਼ਬਰ ਮਿਲੀ ਕਿ ਗੁਰੂ ਅਰਜਨ ਦੇਵ ਜੀ ਨੇ ਖ਼ੁਸਰੋ ਦੀ ਮਦਦ ਕੀਤੀ ਸੀ ਤਾਂ ਉਸਨੇ ਗੁਰੂ ਸਾਹਿਬਾਨ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ।

(4) ਜਹਾਂਗੀਰ ਬਹੁਤ ਹੀ ਮੁਤੱਸਬੀ ਸੀ, ਉਸਦੀ ਕੱਟੜ ਧਾਰਮਿਕ ਨੀਤੀ ਵੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕਾਰਨ ਸੀ। ਉਹ ਸਿੱਖ ਧਰਮ ਦਾ ਕੱਟੜ ਵਿਰੋਧੀ ਸੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦੈਵੀ ਪ੍ਰਕਾਸ਼ ਉਸਦੇ ਹੱਠ ਧਰਮੀ ਦਿਲ ਵਿਚ ਹਮੇਸ਼ਾ ਰੜਕਦਾ ਰਹਿੰਦਾ ਸੀ। ਸ਼ੇਖ਼ ਅਹਿਮਦ ਸਰਹੰਦੀ ਮੁਜਾਦਿਦ-ਏ-ਅਲਫ਼-ਸਾਨੀ ਆਪਣੇ ਆਪ ਨੂੰ ਇਸਲਾਮ ਦਾ ਪੈਰੋਕਾਰ ਸਮਝਦਾ ਸੀ ਤੇ ਗੁਰੂ ਜੀ ਨੂੰ ਇਸਲਾਮ ਦੇ ਰਸਤੇ ਵਿਚ ਭਾਰੀ ਰੁਕਾਵਟ ਸਮਝਦਾ ਸੀ। ਓਧਰ ਸ਼ੇਖ਼ ਫ਼ਰੀਦ ਬੁਖਾਰੀ ਜੋ ਕਿ ਅਕਬਰ ਦੇ ਸਮੇਂ ਇਕ ਵੱਡਾ ਫ਼ੌਜੀ ਜਰਨੈਲ ਸੀ, ਉਹ ਨਕਸ਼ਬੰਦੀ ਫ਼ਿਰਕੇ ਦਾ ਪੈਰੋਕਾਰ ਸੀ ਤੇ ਜਹਾਂਗੀਰ ਦੀ ਤਖ਼ਤਪੋਸ਼ੀ ਕਰਵਾਉਣ ਵਿਚ ਉਸਨੇ ਅਹਿਮ ਰੋਲ ਅਦਾ ਕੀਤਾ ਸੀ ਜਿਸ ਕਰਕੇ ਜਹਾਂਗੀਰ ਨੇ ਉਸ ਨੂੰ ਮੁਰਤਜ਼ਾ ਖਾਂ ਦਾ ਖਿਤਾਬ ਦੇ ਕੇ ਪੰਜਾਬ ਦਾ ਗਵਰਨਰ ਬਣਾ ਦਿੱਤਾ ਸੀ। ਇਹ ਦੋਵੇਂ ਸ਼ੇਖ਼ ਅਹਿਮਦ ਸਰਹੰਦੀ ਤੇ ਸ਼ੇਖ਼ ਫ਼ਰੀਦ ਬੁਖਾਰੀ ਬਾਦਸ਼ਾਹ ਜਹਾਂਗੀਰ ਦੇ ਕੋਲ ਗੁਰੂ ਜੀ ਦੇ ਖਿਲਾਫ਼ ਕੰਨ ਭਰਦੇ ਰਹਿੰਦੇ ਸੀ। ਗੁਰੂ ਅਰਜਨ ਦੇ ਵ ਜੀ ਦੀ ਉਸ ਸਮੇਂ ਵੱਧ ਰਹੀ ਪ੍ਰਸਿੱਧੀ ਵੀ ਜਹਾਂਗੀਰ ਦੀਆਂ ਅੱਖਾਂ ਵਿਚ ਰੜਕਦੀ ਸੀ ਜਿਸਦਾ ਜ਼ਿਕਰ 'ਤੁਜ਼ਕਿ ਜਹਾਂਗੀਰੀ' ਵਿਚ ਜਹਾਂਗੀਰ ਆਪ ਲਿਖਦਾ ਹੈ: "ਦਰਿਆ ਬਿਆਸ ਦੇ ਕਿਨਾਰੇ, ਗੋਇੰਦਵਾਲ ਵਿਚ ਪੀਰਾਂ ਤੇ ਬਜ਼ੁਰਗਾਂ ਦੇ ਭੇਸ ਵਿਚ (ਗੁਰੂ) ਅਰਜਨ ਨਾਮ ਦਾ ਇਕ ਇਕ ਹਿੰਦੂ ਰਹਿੰਦਾ ਸੀ। ਉਸਨੇ ਬਹੁਤ ਸਾਰੇ ਹਿੰਦੂਆਂ, ਸਗੋਂ ਮੂਰਖ ਤੇ ਬੇਸਮਝ ਮੁਸਲਮਾਨਾਂ ਨੂੰ ਵੀ ਆਪਣੀ ਰਹਿਤ ਤੇ ਤਰੀਕਿਆਂ ਦਾ ਸ਼ਰਧਾਲੂ ਬਣਾ ਕੇ ਆਪਣੀ ਬਜ਼ੁਰਗੀ ਤੇ ਪੀਰੀ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ। ਲੋਕ ਉਸਨੂੰ ਗੁਰੂ ਕਹਿੰਦੇ ਸਨ। ਸਭ ਪਾਸਿਆਂ ਤੋਂ ਫ਼ਰੇਬੀ ਤੇ ਠੱਗੀ ਪਸੰਦ ਲੋਕ ਉਸ ਪਾਸ ਆਉਂਦੇ ਤੇ ਉਸ ਉਤੇ ਪੂਰਨ ਭਰੋਸਾ ਪਰਗਟ ਕਰਦੇ। ਤਿੰਨ-ਚਾਰ ਪੀੜ੍ਹੀਆਂ ਤੋਂ ਉਹਨਾਂ ਦੀ ਇਹ ਦੁਕਾਨ ਗਰਮ ਸੀ (ਚੱਲ ਰਹੀ ਸੀ)। ਢੇਰ ਚਿਰ ਤੋਂ ਮੇਰੇ ਦਿਲ ਵਿਚ ਇਹ ਖ਼ਿਆਲ ਆ ਰਿਹਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਣਾ ਚਾਹੀਦਾ ਹੈ। ਜਾਂ ਉਸਨੂੰ (ਗੁਰੂ ਨੂੰ) ਮੁਸਲਮਾਨਾਂ ਦੇ ਮਜ਼੍ਹਬ ਵਿਚ ਲੈ ਆਉਣਾ ਚਾਹੀਦਾ ਹੈ। ਇਹਨਾਂ ਦਿਨਾਂ ਵਿਚ ਹੀ ਖ਼ੁਸਰੋ ਦਰਿਆ ਪਾਰ ਹੋਇਆ। ਇਸ ਜਾਹਿਲ ਆਦਮੀ ਨੇ ਇਰਾਦਾ ਕੀਤਾ, ਕਿ ਉਸਦੇ ਨੇੜੇ ਰਹੇ। ਗੁਰੂ ਦੇ ਰਹਿਣ ਦੀ ਥਾਂ ਦੇ ਨੇੜੇ ਹੀ ਖ਼ੁਸਰੋ ਨੇ ਪੜਾਉ ਕੀਤਾ। ਇਹ ਉਸਨੂੰ ਮਿਲਿਆ ਤੇ ਕੇਈ ਮਿਥੀਆਂ ਹੋਈਆਂ ਗੱਲਾਂ ਉਸ ਨਾਲ ਕੀਤੀਆਂ, ਤੇ ਕੇਸਰ ਦੀ ਇਕ ਉਂਗਲੀ ਉਸਦੇ ਮੱਥੇ ਉਤੇ ਲਾਈ, ਜਿਸਨੂੰ ਹਿੰਦੂ ਤਿਲਕ ਕਹਿੰਦੇ ਹਨ ਤੇ ਚੰਗਾ ਸ਼ਗਨ ਮੰਨਦੇ ਹਨ। ਜਦ ਇਹ ਗੱਲ ਮੇ ਰੇ ਕੰਨੀ ਪਈ, ਤੇ ਮੈਂ ਅੱਗੇ ਹੀ ਇਹਨਾਂ ਦੇ ਝੂਠ ਨੂੰ ਜਾਣਦਾ ਸਾਂ, ਮੈਂ ਹੁਕਮ ਦਿੱਤਾ, ਕਿ ਉਸਨੂੰ ਮੇਰੇ ਸਾਹਮਣੇ ਹਾਜ਼ਰ ਕੀਤਾ ਜਾਵੇ। ਉਸਦਾ ਘਰ-ਘਾਟ ਤੇ ਬੱਚੇ ਮੁਰਤਜ਼ਾ ਖ਼ਾਨ ਦੇ ਹਵਾਲੇ ਕਰ ਦਿੱਤੇ, ਉਸਦਾ ਮਾਲ ਅਸਬਾਬ ਜ਼ਬਤ ਕਰਕੇ ਉਸਨੂੰ 'ਸਿਆਸਤ' ਤੇ 'ਯਾਸਾ' ਦੇ ਕਾਨੂੰਨ ਅਧੀਨ ਸਜ਼ਾ ਦੇਣ ਦਾ ਹੁਕਮ ਕੀਤਾ।'2 ਯਾਸਾ ਦੀ ਸਜ਼ਾ ਉਹ ਜਟਿਲ ਸਜ਼ਾ ਹੁੰਦੀ ਹੈ ਜਿਸ ਵਿਚ ਸਜ਼ਾ ਪਾਉਣ ਵਾਲੇ ਦਾ ਖੂਨ ਧਰਤੀ ਉਤੇ ਨਹੀਂ ਡੋਲ੍ਹਿਆ ਜਾਂਦਾ ਤੇ ਅੱਗ, ਪਾਣੀ ਤੇ ਗੁੱਝੇ ਤਸੀਹਿਆਂ ਨਾਲ ਤੜਪਾ ਤੜਪਾ ਕੇ ਜਾਨ ਨਾਲ ਖੇਡਿਆ ਜਾਂਦਾ ਹੈ।

ਇੱਥੇ ਇਹ ਸਵਾਲ ਉੱਠਦਾ ਹੈ ਕਿ ਜ਼ਾਲਮ ਬਾਦਸ਼ਾਹ ਨੇ ਗੁਰੂ ਅਰਜਨ ਦੇਵ ਜੀ ਨੂੰ 'ਯਾਸਾ ਕਾਨੂੰਨ' ਅਨੁਸਾਰ ਹੀ ਉਤਪੀੜਤ ਕਰਨ ਦਾ ਕਿਉਂ ਫੈਸਲਾ ਕੀਤਾ।'ਵਹਿਮ ਜਾਂ ਭੁਲਾਵੇ ਕਾਰਨ ਹੀ ਸਹੀ, ਪਰ ਇਸਲਾਮ ਧਰਮ ਦਾ ਵਿਸ਼ਵਾਸ ਹੈ ਕਿ, ਜਦੋਂ ਕਿਸੇ ਸ਼ਹੀਦ ਦਾ ਖ਼ੂਨ ਜ਼ਮੀਨ ਤੇ ਡਿੱਗਦਾ ਹੈ ਤਾਂ ਉਸ 'ਚ ਹੋਰ ਅਨੇਕ ਸ਼ਹੀਦ ਪੈਦਾ ਹੋ ਜਾਂਦੇ ਹਨ। ਜਾਬਰ ਤੇ ਜ਼ਾਲਿਮ

ਬਾਦਸ਼ਾਹ ਚੰਗੇਜ਼ ਖ਼ਾਨ ਨੇ ਆਪਣੇ ਦੁਸ਼ਮਨਾਂ ਨੂੰ ਤਸੀਹੇ ਦੇ ਕੇ ਮਾਰਨ ਦੇ ਆਸ਼ੇ ਨਾਲ ਇਕ ਨਵਾਂ ਕਾਨੂੰਨ ਬਣਾਇਆ ਸੀ, ਜੋ ਯਾਸਾ ਦੇ ਨਾਮ ਨਾਲ ਜਾਣਿਆ ਗਿਆ। ਯਾਸਾ ਮੰਗੋਲੀਅਨ ਸ਼ਬਦ ਹੈ, ਜਿਸ ਦਾ ਭਾਵ 'ਸ਼ਾਹੀ ਫ਼ਰਮਾਨ' ਹੈ। ਇਸ ਤਰ੍ਹਾਂ, ਯਾਸਾ ਚੰਗੇਜ਼ ਖ਼ਾਨ ਦੁਆਰਾ ਬਣਾਇਆ ਗਿਆ 'ਸ਼ਾਹੀ ਫ਼ਰਮਾਨ ਅਥਵਾ ਖ਼ੁਫ਼ੀਆ' ਕਾਨੂੰਨ ਸੀ, ਜਿਸ ਦਾ ਲਿਖਤੀ ਰੂਪ ਕਿਤੇ ਨਹੀਂ ਮਿਲਦਾ। ਇਸ ਫ਼ਰਮਾਨ ਦਾ ਉਦੇਸ਼ ਆਪਣੇ ਵਿਰੋਧੀ ਨੂੰ ਖ਼ੂਨ ਬਹਾਏ ਬਗ਼ੈਰ, ਉਤਪੀੜਤ ਕਰ ਕੇ ਮਾਰਨਾ ਹੀ ਸੀ।'3

ਘਟ ਘਟ ਦੇ ਅੰਦਰ ਦੀ ਜਾਨਣ ਵਾਲੇ ਗੁਰੂ ਸਾਹਿਬ ਪਹਿਲਾਂ ਹੀ ਜਾਣਦੇ ਸਨ ਕਿ ਅੱਗੇ ਕਿਹੋ ਜਿਹਾ ਸਮਾਂ ਆਉਣ ਵਾਲਾ ਹੈ ਇਸੇ ਲਈ ਉਹਨਾਂ ਨੇ ਸਿੱਖਾਂ ਨੂੰ ਸੰਬੋਧਨ ਕਰਦੇ ਹੋਏ ਫ਼ੁਰਮਾਇਆ, ਜਿਸ ਦੀ ਅਸਲੀ ਲਿਖਤ 'ਬੰਸਾਵਲੀ ਨਾਮਾ' ਵਿਚ ਇਸ ਤਰ੍ਹਾਂ ਲਿਖੀ ਮਿਲਦੀ ਹੈ:

ਸਾਹਿਬ ਸਰਬਤ ਪਾਸੋਂ ਵਿਦਿਆ ਹੋਏ ਟੁਰੇ।__। 131 ।
ਸਦਿ ਹਰਗੋਬਿੰਦ ਨੂੰ ਟਿਕਾ ਦਿਤਾ।
ਘਰਿ ਤੇ ਵਿਦਿਆ ਭਏ ਸਾਜ ਚਲਣ ਦਾ ਕਿਤਾ।
ਸਿਖਾਂ ਨੂੰ ਕੀਤੀ ਸਪੁਰਦ ਹਰਿਗੋਬਿੰਦ ਦੀ ਬਾਂਹ ਪਕੜਾਈ।
ਅਸਾਡੇ ਨਾਉ ਉਪਕਾਰ ਕੀਤਾ ਹੈ ਸਕੇ ਭਾਈ। 132।
ਭਾਈ ਗਰਦਾਸ ਬੈਠ ਸਮਝਾਇਆ।
ਅਸਾਡਾ ਲਗੇਗਾ ਸੀਸੁ ਇਹ ਨਿਸਚਾ ਹੋ ਆਇਆ।
ਹਰਿਗੋਬਿੰਦ ਦਾ ਖਸਮਾਨਾ ਹੈ ਤੁਸਾਂ ਨੂੰ।
ਏਹ ਹੈ ਨਦਾਨ ਈਆਣਾ ਤੁਸਾਂ ਰਾਜ਼ੀ ਰਖਣਾ ਇਨ੍ਹਾਂ ਨੂੰ। 133।
ਅਸਾਂ ਤੁਰਕਾਂ ਵਿਚ ਹੈ ਜਾਣਾ।
ਉਨਾਂ ਕਰਨੀ ਹੈ ਹੁੱਜਤ ਤੁਸਾਂ ਦੁਆਬੇ ਵਿਚਿ ਕਰਨਾ ਟਿਕਾਣਾ।
ਸਰੀਰ ਹੈ ਛੱਡਣ ਦਾ ਸੰਸਾ ਨਹੀਂ ਕੋਈ।
ਰਜਾਇ ਖਾਵੰਦ ਦੀ ਹੈ ਜਿਸ ਤਰ੍ਹਾਂ ਹੋਈ। 134।
ਸਾਹਿਬ ਟੇਕ ਮੱਥਾ ਵਿਦਿਆ ਹੋਇ ਗਏ।
ਦੁਸਟਿ ਚਉਕੜੀ ਵਿਚਿ ਆਵਤ ਭਏ।
ਜਬਾਬ ਸਵਾਲ ਬਹੁਤਾ ਹੀ ਹੋਇਆ।
ਭਏ ਕੈਦ ਸੂਮ (ਕਸ਼ਟ) ਪਾਇਆ ਸੁਖ ਸਭ ਖੋਇਆ। 135।4

ਜਹਾਂਗੀਰ ਨੇ 15 ਅਪ੍ਰੈਲ 1606 ਈ. ਨੂੰ ਗੁਰੂ ਜੀ ਦੇ ਗ੍ਰਿਫ਼ਤਾਰੀ ਦੇ ਹੁਕਮ ਦਿੱਤੇ ਤੇ 25 ਅਪ੍ਰੈਲ, 1606 ਈ. ਨੂੰ ਮੁਰਤਜ਼ਾ ਖਾਂ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲੈ ਆਇਆ ਤੇ ਸਜ਼ਾ ਦੇਣ ਦੀ ਜ਼ਿੰਮੇਵਾਰੀ ਚੰਦੂ ਸ਼ਾਹ ਨੂੰ ਸੌਂਪ ਦਿੱਤੀ। ਚੰਦੂ ਸ਼ਾਹ ਤੇ ਗੁਰੂ ਜੀ ਦੇ ਵਿਰੋਧੀਆਂ ਨੇ ਗੁਰੂ ਸਾਹਿਬਾਨ ਨੂੰ ਕਿਹਾ ਕਿ ਜੇਕਰ ਉਹ ਆਪਣੀ ਜਾਨ ਬਚਾਉਣਾ ਚਾਹੁੰਦੇ ਹਨ ਤਾਂ ਹੇਠ ਲਿਖੀਆਂ ਤਿੰਨੋਂ ਸ਼ਰਤਾਂ ਮੰਨ ਲੈਣ:

(1) ਮੁਸਲਮਾਨ ਬਣ ਜਾਵੋ।

(2) ਗੁਰੂ ਗ੍ਰੰਥ ਸਾਹਿਬ ਵਿਚ ਹਜ਼ਰਤ ਮੁਹੰਮਦ ਸਾਹਿਬ ਦੀ ਤਾਰੀਫ਼ ਦੇ ਕੁਛ ਸ਼ਬਦ ਲਿਖ ਦੇਣ।

(3) ਸਾਹਿਬਜ਼ਾਦਾ ਹਰਿਗੋਬਿੰਦ ਸਾਹਿਬ ਵਾਸਤੇ ਚੰਦੂ ਸ਼ਾਹ ਦੀ ਲੜਕੀ ਦਾ ਰਿਸ਼ਤਾ ਪ੍ਰਵਾਨ ਕਰ ਲੈਣ।

ਗੁਰੂ ਅਰਜਨ ਦੇਵ ਜੀ ਨੇ ਤਿੰਨੋਂ ਹੀ ਸ਼ਰਤਾਂ ਨਾ ਮੰਜ਼ੂਰ ਕਰਦੇ ਹੋਏ ਕਿਹਾ ਕਿ ਮੈਂ ਆਪਣਾ ਧਰਮ ਨਹੀਂ ਛੱਡਾਂਗਾ ਕਿਉਂਕਿ ਜਿਹੜਾ ਇਨਸਾਨ ਕਿਸੇ ਡਰ, ਭੈਅ ਜਾਂ ਲਾਲਚ ਵਿਚ ਆ ਕੇ ਆਪਣਾ ਧਰਮ ਤਿਆਗ ਦੇਂਦਾ ਹੈ, ਉਹ ਕਿਸੇ ਧਰਮ ਵਿਚ ਮੰਨਣਯੋਗ ਨਹੀਂ ਹੁੰਦਾ। ਦੂਜਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਰੱਬੀ ਬਾਣੀ ਹੈ, ਧੁਰ ਕੀ ਬਾਣੀ ਹੈ ਜੋ ਅਕਾਲ ਪੁਰਖ ਨੇ ਲਿਖਵਾਇਆ, ਅਸਾਂ ਉਹੀ ਲਿਖ ਦਿੱਤਾ ਤੇ ਤੀਸਰਾ ਰਿਸ਼ਤਾ ਨਾ ਲੈਣ ਦਾ ਫ਼ੈਸਲਾ ਸੰਗਤ ਨੇ ਕੀਤਾ ਹੈ, ਅਸਾਂ ਨਹੀਂ। ਸੰਗਤ ਸਾਡੇ ਲਈ ਗੁਰੂ ਦੇ ਹੁਕਮ ਸਮਾਨ ਹੈ, ਅਸੀਂ ਸੰਗਤ ਦਾ ਕੀਤਾ ਫ਼ੈਸਲਾ ਨਹੀਂ ਬਦਲ ਸਕਦੇ। ਇਹ ਸੁਣ ਕੇ ਚੰਦੂ ਸ਼ਾਹ ਨੂੰ ਗੁੱਸਾ ਆ ਗਿਆ, ਹੁਣ ਉਹ ਆਪਣੀ ਆਈ 'ਤੇ ਆ ਗਿਆ। ਕਿਉਂਕਿ ਸਜ਼ਾ ਦੇਣ ਦੀ ਜ਼ਿੰਮੇਵਾਰੀ ਚੰਦੂ ਸ਼ਾਹ ਕੋਲ ਸੀ, ਉਸ ਨੇ ਗੁਰੂ ਜੀ ਨੂੰ ਪਾਣੀ ਦੀ ਭਰੀ ਦੇਗ ਵਿਚ ਬਿਠਾ ਕੇ ਹੇਠਾਂ ਅੱਗ ਬਾਲਣੀ ਸ਼ੁਰੂ ਕਰਵਾ ਦਿੱਤੀ ਤੇ ਇਹ ਸੋਚਿਆ ਕਿ ਜਦੋਂ ਪਾਣੀ ਉਬਲਣਾ ਸ਼ੁਰੂ ਹੋ ਗਿਆ, ਤਾਂ ਸਰੀਰ ਲਈ ਉਹ ਸੇਕ ਸਹਿਣਾ ਮੁਸ਼ਕਿਲ ਹੋ ਜਾਵੇਗਾ ਤਾਂ ਗੁਰੂ ਜੀ ਉਹਨਾਂ ਦੀਆਂ ਕਹੀਆਂ ਸ਼ਰਤਾਂ ਮੰਨ ਲੈਣਗੇ ਪਰ ਗੁਰੂ ਜੀ ਅਜਿਹੀ ਅਵਸਥਾਂ ਵਿਚ 'ਦੁਖ ਵਿਚਿ ਸੁਖ ਮਨਾਈ' ਵਾਲੀ ਸਥਿਤੀ ਵਿਚ ਰਹੇ। ਉਹਨਾਂ ਦੇ ਸਰੀਰ ਉੱਤੇ ਛਾਲੇ ਪੈ ਗਏ ਤੇ ਗੁਰੂ ਜੀ ਨੂੰ ਦੇਗ ਵਿਚੋਂ ਕੱਢ ਕੇ ਬੰਦੀ ਘਰ ਪੁਚਾ ਦਿੱਤਾ ਗਿਆ ਤੇ ਦੁਬਾਰਾ ਸੋਚਣ ਲਈ ਕਿਹਾ। ਅਗਲੇ ਦਿਨ ਫਿਰ ਉਸੇ ਜਗ੍ਹਾਂ ਜਿੱਥੇ ਅੱਜ ਕੱਲ੍ਹ ਗੁਰਦੁਆਰਾ ਡੇਹਰਾ ਸਾਹਿਬ (ਪਾਕਿਸਤਾਨ) ਸਥਾਪਿਤ ਹੈ, ਉੱਥੇ ਲਿਆਉਂਦਾ ਗਿਆ ਤੇ ਲੋਹ ਉੱਤੇ ਗੁਰੂ ਜੀ ਨੂੰ ਬਿਠਾ ਕੇ ਹੇ ਠਾਂ ਅੱਗ ਬਾਲੀ ਗਈ ਤੇ ਲੋਹ ਹੇਠੋਂ ਤਪ ਕੇ ਲਾਲ ਹੋ ਗਈ ਤੇ ਉਪਰੋਂ ਨੰਗੇ ਸਰੀਰ ਉਤੇ ਸੜਦੀ ਰੇਤ ਦੇ ਕੜਛੇ ਭਰ ਭਰ ਕੇ ਪਾਉਣ ਲੱਗੇ। ਸਾਰਾ ਸਰੀਰ ਸੜ ਕੇ ਭੜਥਾ ਬਣ ਗਿਆ ਪਰ ਗੁਰੂ ਜੀ ਸ਼ਾਂਤ ਰਹੇ ਤੇ 'ਤੇਰਾ ਕੀਆ ਮੀਠਾ ਲਾਗੈ। ਹਰਿਨਾਮੁ ਪਦਾਰਥੁ ਨਾਨਕ ਮਾਗੈ'। ਉਚਾਰਦੇ ਰਹੇ। 'ਚੰਦੂ ਦੇ ਹੁਕਮ ਨਾਲ ਜਲਾਦਾਂ ਨੇ ਗੁਰੂ ਮਹਾਰਾਜ ਨੂੰ ਲੋਹ ਤੋਂ ਚੁਕ ਕੇ ਰਾਵੀ ਦੇ ਠੰਢੇ ਪਾਣੀ ਵਿਚ ਸੁੱਟ ਦਿੱਤਾ। ਅੱਗ ਦੇ ਸੜੇ ਉਤੇ ਠੰਢਾ ਪਾਣੀ ਪੈਣ ਨਾਲ ਜਲਨ ਕਈ ਗੁਣਾਂ ਵਧ ਜਾਇਆ ਕਰਦੀ ਹੈ। ਆਤਮਾ ਰੂਪ ਅਰਜਨ ਗੁਰੂ ਨੇ ਸਾਰੀ ਜਲਨ ਸਹਾਰ ਲਈ ਪਰ ਪੰਜ-ਭੂਤਕ ਸਰੀਰ ਦਾ ਤਾਂ ਆਪਣਾ ਹੀ ਧਰਮ ਹੈ। ਉਹ ਕੁਦਰਤ ਦੇ ਨਿਯਮਾਂ ਵਿਚ ਚਲਣ ਲਈ ਮਜ਼ਬੂਰ ਹੈ। ਸਰੀਰ ਅੱਗ ਨਾਲ ਸੜ ਕੇ ਭੜਕਾ ਹੋਇਆ ਪਿਆ ਸੀ। ਠੰਢੇ ਪਾਣੀ ਵਿਚ ਪੈਣ ਕਰਕੇ ਸਰੀਰ ਖੱਖੜੀ ਵਾਂਗ ਫਟ ਗਿਆ ਤੇ ਆਤਮਾ ਉਸਦਾ ਸਾਥ ਛੱਡ ਕੇ ਆਜ਼ਾਦ ਹੋ ਗਈ। ਤੱਤ ਤੱਤਾਂ ਵਿਚ ਤੇ ਆਤਮਾ ਪਰਮਾਤਮਾ ਵਿਚ ਮਿਲ ਗਈ।5

ਜਿਉ ਜਲ ਮਹਿ ਜਲੁ ਆਇ ਖਟਾਨਾ।

ਤਿਉ ਜੋਤੀ ਸੰਗਿ ਜੋਤਿ ਸਮਾਨਾ।

(ਰਾਗ ਗਉੜੀ, ਸੁਖਮਨੀ, ਪੰਨਾ-278)

ਗੁਰੂ ਅਰਜਨ ਦੇਵ ਜੀ 30 ਮਈ, 1606 ਈ. ਨੂੰ ਜੋਤੀ ਜੋਤ ਸਮਾ ਗਏ। ਜੋਤੀ ਜੋਤ

ਸਮਾਉਣ ਤੋਂ ਪਹਿਲਾਂ ਗੁਰੂ ਸਾਹਿਬਾਨ ਨੇ ਮਾਰੂ ਰਾਗ ਦਾ ਸ਼ਬਦ ਉਚਾਰ ਕੇ ਮੂਰਖ ਜ਼ਾਲਮਾਂ ਨੂੰ ਸਮਝਾਉਣ ਦਾ ਯਤਨ ਕੀਤਾ ਤੇ ਫੁਰਮਾਇਆ:

ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ।
ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ।1।
ਆਵਣ ਜਾਣੁ ਰਹਿਓ।
ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ।1।ਰਹਾਉ।

(ਮਾਰੂ, ਮ:ਪ, ਪੰਨਾ 1002)

ਗੁਰੂ ਸਾਹਿਬਾਨ ਦੀ ਅਦੁੱਤੀ ਸ਼ਹਾਦਤ ਨੇ ਇਹ ਕਰ ਦਿਖਾਇਆ ਜੋ ਸੁਖਮਨੀ ਸਾਹਿਬ ਵਿਚ ਅੰਕਿਤ ਕੀਤਾ ਸੀ, ਉਹ ਕਰਨੀ ਵਿਚ ਪਰਿਵਰਤਨ ਕਰਕੇ ਜ਼ਾਹਿਰਾ ਰੂਪ ਵਿਚ ਵਿਖਾ ਦਿੱਤਾ।

ਰਹੇ ਬਦੇਹੀ ਹੋਇ ਦ੍ਰਿੜ ਬ੍ਰਹਮ ਗਿਆਨੀ ਨੀਕ।
ਜੋ ਬਰਨਿਓ ਮਧ ਸੁਖਮਨੀ, ਪਾਲ ਦਿਖਾਇਓ ਠੀਕ।6

ਗੁਰੂ ਸਾਹਿਬਾਨ ਨੇ ਇਹ ਸਿੱਧ ਕਰਕੇ ਵਿਖਾ ਵਿਖਾ ਦਿੱਤਾ ਕਿ ਬ੍ਰਹਮ ਗਿਆਨੀ ਜੀਵਨ ਮੁਕਤ, ਦੁਖ ਸੁਖ ਤੋਂ ਨਿਰਲੇਪ ਤੇ ਜਨਮ ਮਰਨ ਤੋਂ ਉੱਪਰ ਹੁੰਦਾ ਹੈ।

ਜਨਮ ਮਰਣ ਦੁਹਹੁ ਮਹਿ ਨਾਹੀ ਜਨ ਪਰਉਪਕਾਰੀ ਆਏ।
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ।

(ਗੁਰੂ ਗ੍ਰੰਥ ਸਾਹਿਬ, ਪੰਨਾ 749)

ਗੁਰੂ ਸਾਹਿਬਾਨ ਦੀ ਸ਼ਹਾਦਤ ਸਿੱਖ ਇਤਿਹਾਸ ਵਿਚ ਕ੍ਰਾਂਤੀ ਲੈ ਆਈ ਤੇ ਉਹਨਾਂ ਪਿਛੋਂ ਕੁਰਬਾਨੀਆਂ ਦਾ ਸਿਲਸਿਲਾ ਜਾਰੀ ਹੋ ਗਿਆ। 'ਪਹਿਲਾ ਮਰਨ ਕਬੂਲ ਜੀਵਨ ਕੀ ਛਡਿ ਆਸ' ਸਿੱਖੀ ਵਿਚ ਦਾਖਲ ਹੋਣ ਲਈ ਪਹਿਲਾਂ ਕਦਮ ਬਣ ਗਿਆ ਤੇ ਇਸ ਨੇ ਬੇ ਅਣਖੇ ਜੀਵਨ ਨਾਲੋਂ ਅਣਖ ਭਰੀ ਮੌਤ ਨੂੰ ਤਰਜੀਹ ਦੇਣ ਤੇ ਬਲ ਦਿੱਤਾ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦਾ ਸਿੱਖ ਧਰਮ ਵਿਚ ਇਹ ਪ੍ਰਭਾਵ ਪਿਆ ਕਿ ਹੁਣ ਸਿੱਖ ਨਿਆਸਰਿਆਂ ਨੂੰ ਆਸਰਾ ਤੇ ਨਿਥਾਨਿਆਂ ਨੂੰ ਥਾਂ ਦੇਣ ਲਈ ਬਲਦੀ ਅੱਗ ਵਿਚ ਵੀ ਕੁੱਦ ਪੈਂਦੇ ਸਨ ਤੇ ਮੌਤ ਉੱਤੇ ਫ਼ਤਿਹ ਪ੍ਰਾਪਤ ਕਰਦੇ ਸਨ। ਗੁਰੂ ਸਾਹਿਬਾਨ ਦੀ ਸ਼ਹਾਦਤ ਸਿੱਖ ਧਰਮ ਦੇ ਇਤਿਹਾਸ ਵਿਚ, ਦੇਸ਼ ਤੇ ਕੌਮ ਦੀ ਉਸਾਰੀ ਦੇ ਇਤਿਹਾਸ ਵਿਚ ਇਕ ਮਹਾਨ ਤੇ ਯੁੱਗ ਪਲਟਾਊ ਘਟਨਾ ਹੈ ਜਿਸ ਨੇ ਲੋਕਾਂ ਅੰਦਰ ਅਜਿਹੀ ਜਾਗ੍ਰਿਤੀ ਉਤਪੰਨ ਕਰ ਦਿੱਤੀ ਕਿ ਜ਼ੁਲਮ ਦਾ ਟਾਕਰਾ ਕਰਨ ਲਈ ਹਥਿਆਰ ਚੁੱਕਣਾ ਸਮੇਂ ਦੀ ਜ਼ਰੂਰਤ ਹੈ। ਗੁਰੂ ਸਾਹਿਬਾਨ ਜੀ ਦੀ ਸ਼ਹੀਦੀ ਸੱਚ ਦੀ ਉਗਾਹੀ ਅਤੇ ਝੂਠ ਦੇ ਵਿਨਾਸ਼ ਵਾਸਤੇ ਇਕ ਅਦੁੱਤੀ ਅਤੇ ਬੇਮਿਸਾਲ ਠੋਸ ਸ਼ਹਾਦਤ ਹੈ।

ਸਰਬ-ਸਾਂਝੀਵਾਲਤਾ ਦਾ ਪੈਗ਼ਾਮ ਸਿੱਖ ਦਰਸ਼ਨ ਦਾ ਧੁਰਾ ਹੈ। ਇਸ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰੱਖੀ ਗਈ। ਇਹ ਹੀ ਨਾਨਕ ਜੋਤ ਅੱਗੇ ਹੋਰ ਜੋਤਾਂ ਜਗਾਉਂਦੀ ਗਈ ਅਤੇ ਸਮਾਜ ਵਿਚ ਫ਼ੈਲੀਆਂ ਬੁਰਾਈਆਂ, ਕਰਮਕਾਡਾਂ ਅਤੇ ਜ਼ੁਲਮ ਦੇ ਵਿਰੁੱਧ ਡਟ ਕੇ ਖੜ੍ਹੇ ਹੋਣ ਦਾ ਸਾਹਸ ਦਿੰਦੀ ਗਈ। ਜ਼ੁਲਮ ਦੇ ਵਿਰੁੱਧ ਲੜਦੇ ਹੋਏ ਆਪਣੇ ਅਸੂਲਾਂ ਤੇ ਬਣੇ ਰਹਿਣ ਅਤੇ

ਮਨੁੱਖਤਾ ਦੀ ਭਲਾਈ ਵਾਸਤੇ ਆਪਣੀ ਜਾਨ ਕੁਰਬਾਨ ਕਰਨ ਵਾਲੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾ ਕੇਵਲ ਭਾਰਤ ਵਿਚ ਬਲਕਿ ਪੂਰੇ ਵਿਸ਼ਵ ਵਿਚ ਇਕ ਲਾਸਾਨੀ ਮਿਸਾਲ ਹੈ। ਸਿੱਖ ਧਰਮ ਵਿਚ ਸ਼ਹਾਦਤਾਂ ਦਾ ਜੋ ਸਿਲਸਿਲਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸ਼ੁਰੂ ਹੋਇਆ ਸੀ ਉਸ ਨੇ ਅੱਗੇ ਜਾ ਕੇ ਮਾਨਵੀ ਅਧਿਕਾਰਾਂ ਦੀ ਬੁਨਿਆਦ ਰੱਖਣ ਵਿਚ, ਵਿਸ਼ਵ ਭਾਈਚਾਰੇ ਨੂੰ ਵਡਮੁੱਲੀ ਦੇਣ ਦਿੱਤੀ।

**ਹਵਾਲੇ** :-


1। Punjabipedia.org

2. ਮਨੁੱਖਤਾ ਦੇ ਗੁਰੂ, ਦੂਜਾ ਭਾਗ, ਸੋਹਣ ਸਿੰਘ ਸੀਤਲ, ਸੀਤਲ ਪੁਸਤਕ ਭੰਡਾਰ, ਲੁਧਿਆਣਾ, 1971, ਪੰਨਾ-170.

3. ਬ੍ਰਹਮ ਗਿਆਨੀ ਸ੍ਰੀ ਗੁਰੂ ਅਰਜਨ ਦੇਵ ਜੀ, ਰਾਜਿੰਦਰ ਸਿੰਘ ਜਾਲ਼ੀ, ਜਾਲ਼ੀ ਲਿਟਰੇਚਰ ਹਾਊਸ, ਦਿੱਲੀ-ਅਮਰੀਕਾ, 2015, ਪੰਨਾ-126.

4. ਬੰਸਾਵਲੀ ਨਾਮਾ, ਚਰਣ ਪੰਜਵਾਂ, ਪੰਨਾ 54-55.

5. ਮਨੁੱਖਤਾ ਦੇ ਗੁਰੂ, ਦੂਜਾ ਭਾਗ, ਸੋਹਣ ਸਿੰਘ ਸੀਤਲ, ਸੀਤਲ ਪੁਸਤਕ ਭੰਡਾਰ, ਲੁਧਿਆਣਾ, 1971, ਪੰਨਾ 175-176.

6. ਸਾਡਾ ਇਤਿਹਾਸ, ਭਾਗ ਪਹਿਲਾ, ਪੰਨਾ 184.

# ਪੰਜਾਬ ਦੇ ਲੋਕ ਧਰਮ ਦਾ ਸਭਿਆਚਾਰਕ ਰੂਪਾਂਤਰਨ : ਪੂਜਾ ਸਮੱਗਰੀ ਅਤੇ ਚੜ੍ਹਾਵੇ ਦੇ ਪ੍ਰਸੰਗ ਵਿਚ

*ਅਮਨਦੀਪ ਕੌਰ*

ਜਾਦੂ ਚਿੰਤਨ ਤੋਂ ਲੈ ਕੇ ਹੁਣ ਤੱਕ ਪੰਜਾਬ ਦਾ ਲੋਕ ਧਰਮ ਕਈ ਪੜ੍ਹਾਵਾਂ ਵਿਚੋਂ ਲੰਘ ਚੁੱਕਿਆ ਹੈ। ਸਮੇਂ ਸਮੇਂ 'ਤੇ ਭੂਗੋਲਿਕ, ਸਭਿਆਚਾਰਕ, ਰਾਜੀਨੀਤਿਕ ਕਾਰਨਾਂ ਕਰਕੇ ਇਸ ਦਾ ਸੁਭਾਅ ਬਦਲਦਾ ਰਿਹਾ ਹੈ। ਭਾਵੇਂ ਕਿ ਵਿਸ਼ਿਸ਼ਟ ਧਰਮ ਦਾ ਉੱਥਾਨ ਲੋਕ ਧਰਮ ਵਿਚੋਂ ਹੋਇਆ ਮੰਨਿਆ ਜਾਂਦਾ ਹੈ ਪਰ ਅੱਜ ਦੇ ਸਮੇਂ ਵਿਚ ਇਹ ਸਮਾਂਨਾਂਤਰ ਰੂਪ ਵਿਚ ਵਿਚਰ ਰਹੇ ਹਨ। ਇਨ੍ਹਾਂ ਦਾ ਸੰਬੰਧ ਆਪਸ ਵਿਚ ਦਵੰਦਾਤਮਕ ਹੈ। ਦੋਵੇਂ ਇਕ-ਦੂਸਰੇ ਨੂੰ ਪ੍ਰਭਾਵਿਤ ਕਰ ਰਹੇ ਹਨ ਅਤੇ ਪ੍ਰਭਾਵਿਤ ਹੋ ਰਹੇ ਹਨ। ਕਿਸੇ ਇਕ ਦੇ ਵਰਤਾਰੇ ਨੂੰ ਦੂਜੇ ਤੋਂ ਨਿਖੇੜ ਕੇ ਨਹੀਂ ਸਮਝਿਆ ਜਾ ਸਕਦਾ। "ਵਿਸ਼ਿਸ਼ਟ ਧਰਮ ਦੇ ਨਾਲ-ਨਾਲ ਲੋਕ ਧਰਮ ਵੀ ਨਿਰੰਤਰ ਵਿਕਸਦਾ ਰਹਿੰਦਾ ਹੈ। ਇਸ ਦੀਆਂ ਮਾਨਤਾਵਾਂ, ਵਿਸ਼ਵਾਸ, ਰਸਮਾਂ, ਪੂਜਾ-ਵਿਧੀਆਂ ਬਦਲਦੀਆਂ ਵੀ ਹਨ ਤੇ ਪਹਿਲੀਆਂ ਆਦਿ ਕਾਲ ਵਾਲੀਆਂ ਵਿਧੀਆਂ ਵੀ ਪ੍ਰਚਲਿਤ ਰਹਿੰਦੀਆਂ ਹਨ। ਕਈ ਜਾਦੂ ਵਿਧੀਆਂ ਅੱਜ ਵੀ ਖਤਮ ਨਹੀਂ ਹੋਈਆ।" ਕਿਸੇ ਸੱਭਿਆਚਾਰ ਵਿਚ ਆਉਣ ਵਾਲੀ ਤਬਦੀਲੀ ਨਾਲ ਉਸ ਦੇ ਅੰਗਾਂ ਦਾ ਬਦਲ ਜਾਣਾ ਸੁਭਾਵਿਕ ਹੁੰਦਾ ਹੈ ਅਜਿਹਾ ਹੀ ਲੋਕ ਧਰਮ ਅਤੇ ਵਿਸ਼ਿਸ਼ਟ ਧਰਮ ਦੇ ਦਾਇਰੇ ਅੰਦਰ ਵਾਪਰਦਾ ਹੈ। ਇਹ ਪਰਿਵਰਤਨ ਬਹੁਤ ਧੀਮੀ ਗਤੀ ਵਿਚ ਵਾਪਰਦਾ ਹੈ ਜਿਸ ਕਾਰਨ ਉਸ ਦਾ ਅਸਰ ਅਚਨਚੇਤ ਰੂਪਮਾਨ ਨਹੀਂ ਹੁੰਦਾ ਸਗੋਂ ਇਹ ਹੌਲੀ-ਹੌਲੀ ਚੱਲ ਰਹੇ ਵਰਤਾਰੇ ਵਿਚ ਆਪਣੀ ਥਾਂ ਬਣਾ ਲੈਂਦਾ ਹੈ। ਇਕ ਨਵੇਂ ਵਰਤਾਰੇ ਦੇ ਮੁੱਖ ਧਾਰਾ ਵਿਚ ਆ ਜਾਣ ਨਾਲ ਉਸ ਦਾ ਅਸਰ ਧਾਰਮਿਕ ਪਰੰਪਰਾਵਾਂ 'ਤੇ ਪੈਣਾ ਸੁਭਾਵਿਕ ਹੁੰਦਾ ਹੈ। ਖੇਤਰੀ ਧਾਰਮਿਕ ਭਾਈਚਾਰਕ ਪਰੰਪਰਾਵਾਂ ਹਰ ਧਰਮ ਦੇ ਪੂਜਾ ਵਿਧੀ ਵਿਧਾਨ 'ਤੇ ਵੱਧ ਅਸਰ ਅੰਦਾਜ਼ ਹੁੰਦੀਆਂ ਹਨ ਇਸ ਲਈ ਨਵੀਂ ਧਾਰਾ ਦਾ ਪ੍ਰਵਾਹ ਹਰ ਖਿੱਤੇ 'ਤੇ ਇਕ ਸਮਾਨ ਰੂਪ ਵਿਚ ਨਹੀਂ ਹੁੰਦਾ।

ਲੋਕ-ਧਾਰਮਿਕ ਅਤੇ ਧਾਰਮਿਕ ਕਿਰਿਆਵਾਂ ਦਾ ਮੱਹਤਵਪੂਰਨ

*ਖੋਜਾਰਥੀ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।*

ਭਾਗ 'ਚੜ੍ਹਾਵੇ' ਦਾ ਹੈ। ਇਸ ਨੂੰ ਆਹੂਤੀ ਦਾ ਬਦਲਿਆ ਹੋਇਆ ਰੂਪ ਮੰਨਿਆ ਜਾ ਸਕਦਾ ਹੈ। ਚੜ੍ਹਾਵਾ ਜਾਂ ਆਹੂਤੀ ਉਹ ਸਮੱਗਰੀ ਹੈ ਜੋ 'ਪੂਜਯ' ਨੂੰ ਅਰਪਿਤ ਕੀਤੀ ਜਾਂਦੀ ਹੈ ਅਤੇ ਉਸ ਤੋਂ ਬਦਲੇ ਵਿਚ ਮੁਰਾਦਾਂ ਮੰਗੀਆਂ ਜਾਂਦੀਆਂ ਹਨ। ਲੋਕ ਧਰਮ ਦੇ ਚੜ੍ਹਾਵੇ ਦਾ ਸਰੂਪ ਜੋ ਮੁੱਢਲੇ ਰੂਪ ਵਿਚ ਸੀ ਉਹ ਹੁਣ ਨਹੀਂ ਹੈ। ਸਮੇਂ- ਸਮੇਂ 'ਤੇ ਚੜ੍ਹਾਵੇ ਵਿਚ ਵੀ ਬਦਲਾਵ ਹੁੰਦੇ ਰਹੇ ਹਨ ਕੁੱਝ ਕਿਰਿਆਵਾਂ ਜੋ ਧਰਮ ਦੇ ਮੁੱਢਲੇ ਸਮੇਂ ਵਿਚ ਬਹੁਤ ਹਾਵੀ ਸਨ ਅੱਜਕੱਲ੍ਹ ਉਹ ਸਿਰਫ਼ ਪ੍ਰਤੀਕ ਰੂਪ ਵਿਚ ਲੋਕ ਧਰਮ ਦੇ ਚੜ੍ਹਾਵੇ ਦਾ ਹਿੱਸਾ ਰਹਿ ਗਈਆਂ ਹਨ। ਦੂਜੇ ਪਾਸੇ ਅਗਰ ਵਿਸ਼ਿਸ਼ਟ ਧਰਮ ਦੇ ਸੰਦਰਭ ਵਿਚ ਗੱਲ ਕਰੀਏ ਤਾਂ ਇਸ ਦੀਆਂ ਮਰਿਆਦਾਵਾਂ ਵਿਚ ਲੋਕ ਧਰਮ ਦੀਆਂ ਰੂੜ੍ਹੀਆਂ ਦਾ ਪ੍ਰਯੋਗ ਵਰਜਿਤ ਹੈ ਪਰ ਗੌਰ ਕਰਿਆਂ ਲੋਕ ਧਰਮ ਦੀਆਂ ਬਹੁਤੀਆਂ ਰੂੜ੍ਹੀਆਂ ਵਿਸ਼ਿਸ਼ਟ ਧਰਮ ਦੇ ਪ੍ਰਚਲਨ ਦਾ ਮੁੱਖ ਹਿੱਸਾ ਬਣੀਆਂ ਦਿਸ ਪੈਣਗੀਆਂ। ਮਨੁੱਖੀ ਬਲੀ ਦੇ ਬਦਲ ਵਜੋਂ ਨਾਰੀਅਲ ਦੀ ਭੇਟਾ ਲੋਕ ਧਰਮ ਅਤੇ ਵਿਸ਼ਿਸ਼ਟ ਧਰਮ ਦੇ ਪੂਜਾ ਵਿਧੀ ਵਿਧਾਨ ਦਾ ਅਨਿੱਖੜ੍ਹਵਾਂ ਅੰਗ ਹੈ। ਲੋਕ ਧਰਮ ਵਿਚ ਚੜ੍ਹਾਵਾ ਪਦਾਰਥਕ ਸਮੱਗਰੀ ਦੇ ਰੂਪ ਵਿਚ ਚੜ੍ਹਦਾ ਹੈ ਜਦਕਿ ਵਿਸ਼ਿਸ਼ਟ ਧਰਮ ਦੇ ਅਸਥਾਨਾਂ 'ਤੇ ਇਹ ਪੈਸੇ ਦਾ ਰੂਪ ਅਖ਼ਤਿਆਰ ਕਰ ਲੈਂਦਾ ਹੈ।

ਅੱਜ ਦਾ ਦੌਰ ਮਸ਼ੀਨੀਕਰਨ ਅਤੇ ਮੰਡੀਕਰਨ ਦਾ ਦੌਰ ਹੈ। ਇਸ ਨੇ ਸਾਡੇ ਜੀਵਨ ਗੇੜ ਦੀਆਂ ਕਿਰਿਆਵਾਂ 'ਤੇ ਕਾਫ਼ੀ ਪ੍ਰਭਾਵ ਪਾਇਆ ਹੈ। ਇਸਦੀ ਵਜ੍ਹਾ ਕਰਕੇ ਲੋਕ ਧਰਮ ਦੀਆਂ ਕਿਰਿਆਵਾਂ ਅਤੇ ਉਸ ਦੇ ਅਸਥਾਨਾਂ 'ਤੇ ਵੀ ਇਸ ਬਦਲਾਵ ਦੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਸੰਬੰਧਿਤ ਖੋਜ-ਪੱਤਰ ਵਿਚ ਅਸੀਂ ਮੁੱਖ ਰੂਪ ਵਿਚ ਲੋਕ ਧਾਰਮਿਕ ਅਸਥਾਨਾਂ 'ਤੇ ਚੜ੍ਹਦੇ ਚੜ੍ਹਾਵੇ ਵਿਚ ਆਏ ਰੂਪਾਂਤਰਣ ਦਾ ਮਸ਼ੀਨੀਕਰਨ/ਮੰਡੀਕਰਨ ਦੇ ਸੰਦਰਭ ਵਿਚ ਅਧਿਐਨ ਕਰਾਂਗੇ।

ਚੜ੍ਹਾਵਾ ਲੋਕ ਧਰਮ ਦੀ ਪੂਜਾ ਅਰਚਨਾ ਦਾ ਵਿਸ਼ੇਸ਼ ਅੰਗ ਹੈ। ਲੋਕ ਧਰਮ ਦੇ ਅਨੁਸ਼ਠਾਨ ਚੜ੍ਹਾਵੇ ਤੋਂ ਬਿਨਾ ਕਲਪਿਤ ਨਹੀਂ ਕੀਤੇ ਜਾ ਸਕਦੇ। ਚੜ੍ਹਾਵਾ ਆਮ ਖਾਧ ਸਮੱਗਰੀ ਦਾ ਹਿੱਸਾ ਹੀ ਹੁੰਦਾ ਹੈ ਪਰ ਜਦੋਂ ਇਹ ਕਿਸੇ ਰੀਤ ਦੇ ਅੰਤਰਗਤ ਕਿਸੇ ਧਰਮ ਵਿਚ ਦਾਖ਼ਲ ਹੁੰਦਾ ਹੈ ਤਾਂ ਇਸਦੇ ਅਰਥ ਬਦਲ ਜਾਂਦੇ ਹਨ। "ਹਰ ਇਕ ਰੀਤ ਵਿਚ ਵਰਤੀ ਜਾਣ ਵਾਲੀ ਸਮੱਗਰੀ ਕਿਉਂਕਿ ਲੋਕਧਾਰਕ ਚਿੰਤਨ ਨਾਲ ਸੰਬੰਧਤ ਹੋ ਕੇ ਅਨੁਸ਼ਠਾਨਿਕ ਅਰਥ ਗ੍ਰਹਿਣ ਕਰ ਲੈਂਦੀ ਹੈ; ਇਸ ਲਈ ਰੀਤ ਸਮੇਂ ਵਰਤੀਆਂ ਜਾਣ ਵਾਲੀਆਂ ਸਧਾਰਨ ਵਸਤਾਂ ਘਾਹ (ਦੁੱਭ), ਸ਼ੱਕਰ, ਮੌਲੀ, ਹਲਦੀ, ਚੌਲ ਆਦਿ ਵੀ ਵਿਸ਼ੇਸ਼ ਸਭਿਆਚਾਰਕ ਅਰਥ ਗ੍ਰਹਿਣ ਕਰ ਜਾਂਦੇ ਹਨ। ਇਹ ਨਿੱਤ ਪ੍ਰਤੀ ਦੇ ਜੀਵਨ ਵਿਚ ਵਰਤੀਆਂ ਜਾਣ ਵਾਲੀਆਂ ਆਮ ਚੀਜ਼ਾਂ ਤੋਂ ਉਚੇਰੇ ਜਾਂ ਭਿੰਨ ਅਰਥ ਪ੍ਰਾਪਤ ਕਰ ਲੈਂਦੀਆਂ ਹਨ। ਇਹ ਅਰਥ ਵਰਤੋਂ ਦੇ ਅਰਥਾਂ ਤੋਂ ਭਾਈਚਾਰੇ ਦੇ ਭਾਵਨਾਤਮਕ ਅਰਥਾਂ ਵਿਚ ਵਟ ਜਾਂਦੇ ਹਨ। ਇਸ ਤਰ੍ਹਾਂ ਲੋਕ ਇਸ਼ਟਾਂ ਦੀ ਪੂਜਾ ਜਾਂ ਰੀਤ ਦੇ ਨਿਭਾਉ ਸਮੇਂ ਇਹ ਵਸਤਾਂ, ਨਿਰੀਆਂ ਪਦਾਰਥਕ ਵਸਤਾਂ ਨਾ ਰਹਿ ਕੇ, ਲੋਕਾਧਾਰਕ ਜਾਂ ਵਿਸ਼ਵਾਸਪੂਰਵਕ ਰੂੜ੍ਹੀਆਂ ਨਾਲ ਸਬੰਧਤ ਹੋ ਜਾਂਦੀਆਂ ਹਨ।" ਬੰਦੇ ਦੀਆਂ ਲੋੜਾਂ ਅਤੇ ਚਾਹਤਾਂ ਦੇ ਬਦਲਣ ਨਾਲ ਲੋਕ ਧਰਮ ਦੇ ਚੜ੍ਹਾਵੇ ਵਿਚ ਵੀ ਕਾਫ਼ੀ ਕੁੱਝ ਨਵਾਂ ਸ਼ਾਮਿਲ ਹੋ ਗਿਆ ਹੈ। ਇਸ ਦਾ ਅਸਰ ਲੋਕ ਧਰਮ ਦੀਆਂ ਕਿਰਿਆਵਾਂ ਉੱਤੇ ਪੈਣਾ ਸੁਭਾਵਿਕ ਹੈ। ਇਹ ਚਾਹਤਾਂ ਅਤੇ ਲੋੜਾਂ ਮੰਡੀ ਦੇ ਵਰਤਾਰੇ ਅਧੀਨ ਉਪਜੀਆਂ ਹਨ। ਮਸ਼ੀਨੀਕਰਨ ਦੇ ਪ੍ਰਭਾਵ ਨੇ ਲੋਕ ਧਰਮ ਦੇ ਚੜ੍ਹਾਵੇ ਨੂੰ ਕਾਫ਼ੀ ਹੱਦ ਦਰਜੇ ਤੱਕ ਪ੍ਰਭਾਵਿਤ ਕੀਤਾ ਹੈ। ਚੜ੍ਹਾਵੇ ਨੂੰ ਅਰਪਿਤ ਕੀਤੇ ਜਾਣ ਦੀ ਮਨਸ਼ਾ ਤਹਿਤ ਅਸੀਂ ਇਸ ਨੂੰ ਦੋ ਭਾਗਾਂ ਵਿਚ ਵਰਗੀਕ੍ਰਿਤ ਕਰ ਸਕਦੇ ਹਾਂ ੳ) ਸਵੈ-ਇੱਛਤ ਅ) ਸੁੱਖਣਾ ਪੂਰੀ ਹੋਣ ਦੇ ਇਵਜ਼ ਵਜੋਂ।

ਸਵੈ ਇੱਛਤ: ਸਵੈ ਇੱਛਾ ਦੁਆਰਾ ਭੇਟ ਕੀਤੇ ਚੜ੍ਹਾਵੇ ਵਿਚ ਸਮਝਿਆ ਜਾਂਦਾ ਹੈ ਕਿ ਜੋ ਮਨੁੱਖ ਨੂੰ ਹਾਸਿਲ ਹੋਇਆ ਹੈ ਉਹ ਦੇਵਤਿਆਂ ਦਾ ਹੀ ਹੈ ਅਤੇ ਇਸ ਸ਼ੁਕਰਾਨੇ ਵਜੋਂ ਚੜ੍ਹਾਵੇ ਦੇ ਰੂਪ ਵਿਚ ਕੁੱਝ ਹਿੱਸਾ ਦੇਵਤਿਆਂ ਨੂੰ ਅਰਪਿਤ ਕੀਤਾ ਜਾਂਦਾ ਹੈ। "ਉਹ ਦੇਵਤਿਆਂ ਵੱਲੋਂ ਮਨੁੱਖ ਨੂੰ ਦਿੱਤੀ ਨਿਹਮਤ ਹੁੰਦੀ ਹੈ, ਜਿਸ ਦਾ ਕੁੱਝ ਹਿੱਸਾ ਦੇਵਤੇ ਨੂੰ ਮੋੜ ਕੇ, ਮਨੁੱਖ ਉਸ ਪ੍ਰਤੀ ਆਪਣਾ ਆਭਾਰ ਅਤੇ ਸ਼ਰਧਾ ਪ੍ਰਗਟ ਕਰਦਾ ਹੈ।" ਜਿਸ ਤਰ੍ਹਾਂ ਪਹਿਲਾਂ ਹਾੜੀ ਸਾਉਣੀ ਵਿਖੇ ਕੋਈ ਵੀ ਫ਼ਸਲ ਕੱਟਣ ਸਮੇਂ ਖੇਤ ਦਾ ਇਕ ਕੋਨਾ ਅਣਕੱਟਿਆ ਛੱਡ ਦਿੱਤਾ ਜਾਂਦਾ ਸੀ, ਜਿਸਨੂੰ ਕੋਈ ਵੀ ਵਰਤ ਸਕਦਾ ਸੀ ਪਰ ਹੁਣ ਵੱਧ ਕਮਾਈ ਦੀ ਚਾਹਤ ਨੇ ਇਸ ਰੀਤ ਨੂੰ ਮੂਲੋਂ ਹੀ ਖਤਮ ਕਰ ਦਿੱਤਾ ਹੈ।

ਗੁੱਗਾ ਪੀਰ ਲੋਕ ਧਰਮ ਦਾ ਇਕ ਪ੍ਰਮੁੱਖ ਦੇਵਤਾ ਹੈ। ਗੁੱਗਾ ਪੀਰ ਨੂੰ ਜਿਹੜਾ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ ਉਸ ਨੂੰ ਸੁਆਣੀਆਂ ਆਪ ਬਣਾਉਂਦੀਆਂ ਸਨ। ਘਰ ਦੇ ਆਟੇ ਵਿਚੋਂ ਹੀ ਮੈਦਾ ਤਿਆਰ ਕੀਤਾ ਜਾਂਦਾ ਸੀ ਅਤੇ ਫਿਰ ਉਸ ਦੀਆਂ ਸੇਵੀਆਂ ਵੱਟੀਆਂ ਅਤੇ ਭੁੰਨੀਆਂ ਜਾਂਦੀਆਂ ਸਨ। ਇਸ ਤਰ੍ਹਾਂ ਗੁੱਗੇ ਨੂੰ ਚੜ੍ਹਾਉਣ ਵਾਲਾ ਪ੍ਰਸ਼ਾਦ ਤਿਆਰ ਕੀਤਾ ਜਾਂਦਾ ਸੀ ਪਰ ਹੁਣ ਤਾਂ ਸੇਵੀਆਂ ਬਣੀਆਂ-ਬਣਾਈਆਂ ਬਾਜ਼ਾਰੋਂ ਮਿਲ ਜਾਂਦੀਆਂ ਹਨ ਜਾਂ ਮਸ਼ੀਨਾਂ ਵਾਲੇ ਗਲੀ-ਗਲੀ ਫਿਰ ਕੇ ਸੇਵੀਆਂ ਵੱਟ ਜਾਂਦੇ ਹਨ। ਇਸ ਤਰ੍ਹਾਂ ਪ੍ਰਸ਼ਾਦ ਤਿਆਰ ਕਰਨ ਤੋਂ ਲੈ ਕੇ ਚੜ੍ਹਾਉਣ ਤੱਕ ਚੜ੍ਹਾਵਾ ਚੜ੍ਹਾਉਣ ਵਾਲੇ ਵਿਅਕਤੀ ਦੇ ਆਪੇ ਦੀ ਸ਼ਮੂਲੀਅਤ ਹੁੰਦੀ ਸੀ ਉਹ ਕਾਫ਼ੀ ਹੱਦ ਤੱਕ ਘਟੀ ਹੈ। ਜਿਸ ਤਰ੍ਹਾਂ ਨਾਲ ਉਹ ਆਰੰਭ ਤੋਂ ਲੈ ਕੇ ਅੰਤ ਤੱਕ ਉਸ ਕਿਰਿਆ ਨਾਲ ਜੁੜਿਆ ਰਹਿੰਦਾ ਸੀ, ਉਹ ਹੁਣ ਕੁੱਝ ਪਲਾਂ ਵਿਚ ਸਿਮਟ ਕੇ ਰਹਿ ਗਈ ਹੈ। ਇਸ ਦੀ ਇਕ ਵਜ੍ਹਾ ਸੀਮਤ ਸਮਾਂ ਅਵਧੀ ਵੀ ਹੈ। ਕਈ ਲੋਕ ਉਨ੍ਹਾਂ ਰਸਮਾਂ ਨੂੰ ਨਿਭਾਉਂਦੇ ਤਾਂ ਹਨ ਪਰ ਇਹ ਲੋਕਾਚਾਰਕ ਦਿਖਾਵੇ ਹਿੱਤ ਕਰਦੇ ਹਨ।

ਇਸ ਤੋਂ ਇਲਾਵਾਂ ਲੋਕ ਧਾਰਮਿਕ ਕਿਰਿਆਵਾਂ ਜੋ ਹੱਥੀਂ ਕੀਤੀਆਂ ਜਾਂਦੀਆਂ ਸਨ, ਉਹ ਹੁਣ ਬੀਤੇ ਦੀ ਕਹਾਣੀ ਬਣਕੇ ਰਹਿ ਗਈਆਂ ਹਨ ਅਤੇ ਇਹ ਵਾਪਰਨਾ ਸੁਭਾਵਿਕ ਹੈ। ਇਸ ਸੰਦਰਭ ਵਿਚ ਸਾਂਝੀ ਦੇਵੀ ਦੀ ਉਦਾਹਰਨ ਲਈ ਜਾ ਸਕਦੀ ਹੈ। ਸਾਂਝੀ ਦੀ ਆਕ੍ਰਿਤੀ ਨੂੰ ਹੱਥੀਂ ਬਣਾਉਣ ਦੀ ਪਰੰਪਰਾ ਸੀ। ਮੂਰਤ ਬਣਾਉਣ ਲਈ ਸਹੀ ਮਿੱਟੀ ਲੈ ਕੇ ਉਸ ਨੂੰ ਚੰਗੀ ਤਰ੍ਹਾਂ ਗੁੰਨ੍ਹ ਕੇ ਫੇਰ ਸਾਂਝੀ ਦੇਵੀ ਦੀ ਮੂਰਤ ਅਤੇ ਉਸ ਨਾਲ ਸੰਬੰਧਿਤ ਹੋਰ ਆਕਾਰ ਜਿਵੇਂ ਚੰਨ, ਤਾਰੇ, ਸੂਰਜ, ਚਿੜੀਆਂ, ਪਿੱਪਲ, ਬਰੋਟੇ, ਪੱਤੇ, ਖੂਹ, ਡੂੰਮਣੀ ਆਦਿ ਬਣਾਏ ਜਾਂਦੇ ਸੀ ਤੇ ਰੋਜ਼ਾਨਾ ਇਨ੍ਹਾਂ ਨੂੰ ਬੜੇ ਚਾਅ ਨਾਲ ਪੂਜਿਆਂ ਜਾਂਦਾ ਸੀ ਪਰ ਹੁਣ ਇਹ ਸਭ ਆਕ੍ਰਿਤੀਆਂ ਬਾਜ਼ਾਰ ਵਿਚ ਉਪਲੱਬਧ ਹਨ। ਸਾਂਝੀ ਬਣੀ-ਬਣਾਈ ਬਾਜ਼ਾਰ ਵਿਚੋਂ ਆਸਾਨੀ ਨਾਲ ਮਿਲ ਜਾਂਦੀ ਹੈ। ਮੰਡੀਕਰਨ ਦੇ ਵਰਤਾਰੇ ਦੇ ਫੈਲਾਉ ਨੇ ਮਨੁੱਖ ਅਤੇ ਲੋਕ ਧਾਰਮਿਕ ਕਿਰਿਆਵਾਂ ਵਿਚ ਵਿਅਕਤੀ ਦੀ ਸ਼ਮੂਲੀਅਤ ਨੂੰ ਸੱਟ ਮਾਰੀ ਹੈ। ਨਵੀਆਂ ਬਣੀਆਂ ਆਕ੍ਰਿਤੀਆਂ ਦਾ ਐਨਾ ਪ੍ਰਭਾਵ ਹੁੰਦਾ ਹੈ ਕਿ ਕਈ ਵਾਰ ਲੋਕ ਧਾਰਮਿਕ ਅਸਥਾਨਾਂ 'ਤੇ ਜਾ ਕੇ ਭੰਬਲਭੂਸੇ ਵਿਚ ਪੈ ਜਾਂਦੇ ਹਨ। ਪਿੱਛੇ ਜਿਹੇ ਇਕ ਵੀਡਿਓ ਦਾ ਪ੍ਰਸਾਰ ਹੋਇਆ ਸੀ ਜਿਸ ਵਿਚ ਲੋਕ ਇਕ ਧਾਰਮਿਕ ਅਸਥਾਨ 'ਤੇ ਰੱਖੇ ਕੂੜਾਦਾਨ ਨੂੰ ਹੀ ਮੱਥਾ ਟੇਕੀ ਜਾਂਦੇ ਸਨ ਜੋ ਕਿ ਇਕ ਕਾਰਟੂਨ ਦੀ ਸ਼ਕਲ ਵਿਚ ਬਣਿਆ ਹੋਇਆ ਸੀ।

ਇੱਥੇ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਅੱਜ ਦੇ ਸਮੇਂ ਵਿਚ ਲੋਕ ਧਾਰਮਿਕ ਕਿਰਿਆਵਾਂ

ਵਿਚ ਮਨੁੱਖ ਦੇ 'ਸਵੈ' (ਆਪੇ) ਦੀ ਸ਼ਮੂਲੀਅਤ ਘੱਟੀ ਹੈ ਕਿਉਂਕਿ ਇਸ ਸ਼ਮੂਲੀਅਤ ਲਈ ਹੱਥੀ ਕੰਮ ਕਰਨ ਦੀ ਲੋੜ ਸੀ ਇਹ ਵਾਪਰਨਾ ਸੁਭਾਵਿਕ ਹੈ ਕਿਉਂਕਿ ਜਿਸ ਦਾ ਬਦਲ ਅੱਜ ਦੇ ਮਸ਼ੀਨੀ ਅਤੇ ਸਾਧਨ ਸੰਪੰਨ ਸਮੇਂ ਨੇ ਸਿਰਜ ਦਿੱਤਾ ਹੈ। ਇਸ ਲਈ ਹੁਣ ਜਦੋਂ ਕਿਸੇ ਕਿਰਿਆ ਨੂੰ ਕਰਨ ਦੀ ਸਮਾਂ ਅਵਧੀ ਘੱਟ ਜਾਂਦੀ ਹੈ ਤਾਂ ਉਸ ਕੰਮ ਨਾਲ ਬੰਦੇ ਦੇ ਲਗਾਵ ਦਾ ਵੀ ਅਸਰ ਪੈਂਦਾ ਹੈ।

**ਸੁੱਖ ਪੂਰੀ ਹੋਣ ਦੇ ਇਵਜ਼ ਵਜੋਂ:**

ਇਸ ਕਿਸਮ ਦਾ ਚੜ੍ਹਾਵਾ ਕਿਸੇ ਖਾਸ ਸੁੱਖ ਅਤੇ ਮਨਾਉਤ ਨਾਲ ਸੰਬੰਧਿਤ ਹੁੰਦਾ ਹੈ। ਇਹ ਇਕ ਤਰ੍ਹਾਂ ਨਾਲ ਰਿਸ਼ਵਤ ਦੇ ਰੂਪ ਵਿਚ ਕੰਮ ਕਰਦਾ ਹੈ ਕਿ ਸੰਬੰਧਿਤ ਦੇਵਤਾ ਖਾਸ ਇੱਛਾ ਜਾਂ ਸੁੱਖ ਪੂਰੀ ਕਰਦਾ ਹੈ ਤਾਂ ਉਸ ਦੇ ਇਵਜ਼ ਵਜੋਂ ਉਸ ਨੂੰ ਵਾਅਦਾ ਕੀਤੀ ਸਮੱਗਰੀ ਭੇਟ ਕੀਤੀ ਜਾਵੇਗੀ। ਇਸ ਦਾ ਸੰਬੰਧ ਖਾਸ ਵਸਤਾਂ ਨਾਲ ਹੁੰਦਾ ਹੈ ਜਿਨ੍ਹਾਂ ਨਾਲ ਦੇਵਤਾ ਪ੍ਰਸੰਨ ਹੋ ਸਕਦਾ ਹੁੰਦਾ ਹੈ। ਇਸ ਨੂੰ ਸੁੱਖਣਾ ਲਾਹੁਣਾ ਵੀ ਕਿਹਾ ਜਾਂਦਾ ਹੈ ਜਿਸ ਦੌਰਾਨ ਪਵਿੱਤਰਤਾ ਦਾ ਬਕਾਇਦਾ ਧਿਆਨ ਰੱਖਿਆ ਜਾਂਦਾ ਹੈ। ਲੋਕ ਧਰਮ ਵਿਚ ਚੜ੍ਹਾਵੇ ਦੇ ਸੰਦਰਭ ਵਿਚ ਜੋ ਤਬਦੀਲੀਆਂ ਵਾਪਰ ਰਹੀਆਂ ਹਨ ਉਨ੍ਹਾਂ ਦਾ ਅਧਿਐਨ ਕਰਨਾ ਇਸ ਪ੍ਰਸੰਗ ਵਿਚ ਲੋੜੀਂਦਾ ਹੈ। ਪਹਿਲਾਂ ਲੋਕ 'ਦੁੱਧ-ਪੁੱਤ' ਦੀ ਸੁੱਖ ਜ਼ਿਆਦਾ ਮੰਗਦੇ ਸਨ। ਹਾਲਾਂ ਕਿ ਇਹ ਮੰਗ ਘਟੀ ਨਹੀਂ ਹੈ ਪਰ ਇਸਦੇ ਨਾਲ -ਨਾਲ ਹੋਰ ਬਹੁਤ ਸਾਰੀਆਂ ਨਵੀਆਂ ਮੰਗਾਂ ਸ਼ਾਮਿਲ ਹੋ ਗਈਆਂ ਹਨ। ਜਿਵੇਂ ਅੱਜ ਦੇ ਦੌਰ ਵਿਚ ਨੌਜਵਾਨਾਂ ਵਿਚ ਵਿਦੇਸ਼ ਜਾਣ ਦੀ ਪ੍ਰਬਲ ਰੁਚੀ ਦੇਖਣ ਨੂੰ ਮਿਲਦੀ ਹੈ। ਵਿਦੇਸ਼ ਜਾਣ ਲਈ ਉਹ ਹਰ ਸਿੱਧਾ- ਅਸਿੱਧਾ ਢੰਗ ਵਰਤਣ ਦੀ ਤਾਕ ਵਿਚ ਰਹਿੰਦੇ ਹਨ ਅਤੇ ਸਫਲਤਾ ਹਮੇਸ਼ਾ ਅਨਿਸ਼ਚਿਤ ਰਹਿੰਦੀ ਹੈ। ਜਿਸ ਦੇ ਫਲਸਰੂਪ ਹਰ ਦਰਬਾਰ ਵਿਚ ਹਾਜ਼ਰੀ ਭਰੀ ਜਾਂਦੀ ਹੈ। ਸੁੱਖਾਂ ਅਤੇ ਮਨ-ਮਨੌਤਾਂ ਮੰਗੀਆਂ ਜਾਂਦੀਆਂ ਹਨ। ਕਈ ਲੋਕ-ਧਾਰਮਿਕ ਅਸਥਾਨਾਂ 'ਤੇ ਬਕਾਇਦਾ ਰੂਪ ਵਿਚ ਵਿਦੇਸ਼ ਜਾਣ ਲਈ ਸਪੈਸ਼ਲ ਪਾਠ ਪੂਜਾ ਕੀਤੀ ਜਾਂਦੀ ਹੈ। ਇਸ ਦੇ ਅੰਤਰਗਤ ਹੀ ਲੋਕ ਆਪਣੀ ਇਸ ਵਿਦੇਸ਼ ਜਾਣ ਦੀ ਇੱਛਾ ਦੇ ਨਿਹਿਤ ਲੋਕ ਧਾਰਮਿਕ ਅਸਥਾਨਾਂ 'ਤੇ ਜਹਾਜ਼ ਚੜ੍ਹਾਉਂਦੇ ਆਮ ਦੇਖੇ ਜਾ ਸਕਦੇ ਹਨ। ਇਸ ਸੰਦਰਭ ਵਿਚ ਵਾਚੀਏ ਤਾਂ ਹੁਸ਼ਿਆਰਪੁਰ ਜਿਲ੍ਹੇ ਦੇ ਪਿੰਡ ਸੂਸਾਂ ਦੇ ਲੋਕ ਧਾਰਮਿਕ ਸਥਲ ਦੀ ਉਦਾਹਰਨ ਦਿੱਤੀ ਜਾ ਸਕਦੀ ਹੈ। ਪਿੰਡ ਸੂਸਾਂ ਵਿਖੇ ਬਾਬਾ ਜਵਾਹਰ ਦਾਸ ਦਾ ਡੇਰਾ ਹੈ ਜਿਸ ਦੀ ਮਾਨਤਾ ਆਲੇ-ਦੁਆਲੇ ਦੇ 50-60 ਪਿੰਡਾਂ ਵਿਚ ਹੈ। ਇਸ ਡੇਰੇ ਵਿਚ ਬਾਬਾ ਜਵਾਹਰ ਦਾਸ ਦੀ ਮੂਰਤੀ ਦੀ ਪੂਜਾ ਹੁੰਦੀ ਹੈ। ਇਸ ਡੇਰੇ ਵਿਚ ਇਕ ਰੋੜੀ ਦੇ ਪੀਰ ਦੀ ਦਰਗਾਹ ਵੀ ਸਥਿਤ ਹੈ ਅਤੇ ਨਾਲ ਹੀ ਇਕ ਗੁਰਦੁਆਰਾ ਬਣਿਆ ਹੋਇਆ ਹੈ। ਇਹ ਡੇ ਰਾ ਹਿੰਦੂ, ਸਿੱਖ ਅਤੇ ਇਸਲਾਮ ਧਰਨ ਦਾ ਖ਼ੂਬਸੂਰਤ ਸੁਮੇਲ ਹੈ। ਇਸ ਡੇਰੇ ਉੱਪਰ ਚੜ੍ਹਾਵੇ ਦੇ ਪੱਧਰ 'ਤੇ ਕਾਫ਼ੀ ਵਿਲੱਖਣਤਾਵਾਂ ਨਜ਼ਰੀ ਪੈਂਦੀਆਂ ਹਨ। ਲੋਕ ਵਿਦੇਸ਼ ਯਾਤਰਾ ਅਤੇ ਉੱਥੇ 'ਸੈੱਟ (ਸਥਾਪਿਤ) ਹੋ ਜਾਣ' ਦੀ ਮਨਸ਼ਾ ਨਾਲ ਇੱਥੇ ਜਹਾਜ਼ ਭੇਟ ਕਰਨ ਦੀ ਸੁੱਖ ਸੁੱਖਦੇ ਹਨ ਅਤੇ ਵੀਜ਼ਾ ਲੱਗਣ 'ਤੇ ਇਸ ਅਸਥਾਨ ਉੱਪਰ ਜ਼ਹਾਜ਼ ਭੇਟ ਕਰਨ ਉਪਰੰਤ ਵਿਦੇਸ਼ ਜਾਂਦੇ ਹਨ। ਇਹ ਜਹਾਜ਼ ਕੋਈ ਮਹਿੰਗੀ ਧਾਤ ਦੇ ਨਹੀਂ ਬਣੇ ਹੁੰਦੇ ਸਗੋਂ ਆਮ ਪਲਾਸਟਿਕ ਜਾਂ ਰਬੜ੍ਹ ਦੇ ਖਿਡਾਉਣਿਆਂ ਵਰਗੇ ਹੁੰਦੇ ਹਨ। ਇਸ ਸੁੱਖ ਦੇ ਨਿਭਾਓ ਵਿਚ ਜ਼ਿਆਦਾ ਕੱਟੜਤਾ ਵੀ ਸ਼ਾਮਿਲ ਨਹੀਂ ਹੈ। "ਕਈ ਵਾਰ ਕਿਸੇ ਕਾਰਨ ਵਿਦੇਸ਼ ਜਾਣ ਵਾਲਾ ਵਿਅਕਤੀ ਜਾਣ ਤੋਂ ਪਹਿਲਾਂ ਜਹਾਜ਼ ਨਹੀਂ ਅਰਪਿਤ ਕਰ ਸਕਦਾ ਤਾਂ ਉਸ ਦਾ ਕੋਈ ਪਰਿਵਾਰਿਕ ਮੈਂਬਰ ਜਾਂ ਕੋਈ ਦੋਸਤ-ਮਿੱਤਰ ਉਹ ਚੜ੍ਹਾਵਾ ਚੜ੍ਹਾ ਕੇ ਸੁੱਖ

ਪੂਰੀ ਕਰਦਾ ਹੈ। ਵਿਦੇਸ਼ ਜਾਣ ਉਪਰੰਤ ਜਦੋਂ ਉਹ ਵਾਪਸ ਪੰਜਾਬ ਆਉਂਦੇ ਹਨ ਤਾਂ ਸ਼ੁਕਰਾਨੇ ਵਜੋਂ ਡੇਰੇ ਉੱਪਰ ਡਾਲਰਾਂ, ਪੌਂਡਾਂ, ਯੂਰੋ ਆਦਿ ਦੇ ਬਣੇ ਹਾਰ ਚੜ੍ਹਾਉਂਦੇ ਹਨ।" ਬਾਬਾ ਜਵਾਹਰ ਦਾਸ ਦੇ ਗਲ ਕੋਈ ਨਾ ਕੋਈ ਹਾਰ ਲਟਕਿਆ ਦੇਖਣ ਨੂੰ ਜ਼ਰੂਰ ਮਿਲ ਜਾਂਦਾ ਹੈ। ਇਹ ਵਰਤਾਰਾ ਜ਼ਿਆਦਾਤਰ ਪੰਜਾਬ ਦੇ ਦੁਆਬੇ ਖਿੱਤੇ ਵਿਚ ਦੇਖਣ ਨੂੰ ਮਿਲਦਾ ਹੈ ਪਰ ਹੁਣ ਹੌਲੀ-ਹੌਲੀ ਇਸਦਾ ਅਸਰ ਪੂਰੇ ਪੰਜਾਬ 'ਤੇ ਹੀ ਹੋ ਰਿਹਾ ਹੈ। ਬਾਹਰੋਂ ਆਏ ਲੋਕ ਜਿਨ੍ਹਾਂ ਨੇ ਕੋਈ ਨਾ ਕੋਈ ਹੋਰ ਸੁੱਖ ਸੁਖੀ ਹੁੰਦੀ ਹੈ ਉਹ ਵੀ ਡਾਲਰਾਂ ਦਾ ਹਾਰ ਚੜ੍ਹਾਉਂਦੇ ਹਨ। ਇਕ ਵਾਰ ਇਕ ਸੁੱਖ ਪੂਰੀ ਹੋ ਜਾਣ ਨਾਲ ਇਹ ਵਰਤਾਰਾ ਰੁਕਦਾ ਨਹੀਂ ਸਗੋਂ ਤਾਅ-ਉਮਰ ਇਸ ਦੀ ਲਗਾਤਾਰਤਾ ਬਣੀ ਰਹਿੰਦੀ ਹੈ। ਲੋਕੀਂ ਆਪਣੇ ਸਮੇਂ ਦੇ ਹਿਸਾਬ ਨਾਲ ਕਿਸੇ ਖਾਸ ਪੁਰਬ 'ਤੇ, ਆਮ ਦਿਨਾਂ ਵਿਚ, ਕਿਸੇ ਹੋਰ ਸੁੱਖ ਦੇ ਸੰਬੰਧ ਵਿਚ ਸੰਬੰਧਿਤ ਧਾਰਮਿਕ ਅਸਥਾਨ 'ਤੇ ਗੇੜਾ ਮਾਰਦੇ ਰਹਿੰਦੇ ਹਨ। ਸੂਸਾਂ ਪਿੰਡ ਦੇ ਡੇਰੇ ਤੋਂ ਇਲਾਵਾ ਪਿੰਡ ਤੱਲ੍ਹਣ ਜ਼ਿਲ੍ਹਾ 'ਜਲੰਧਰ ਦੇ ਗੁਰੂਦੁਆਰੇ 'ਸ਼ਹੀਦ ਬਾਬਾ ਨਿਹਾਲ ਸਿੰਘ' ਵਿਖੇ ਵੀ ਇਹ ਰਿਵਾਇਤ ਦੇਖੀ ਜਾ ਸਕਦੀ ਹੈ। ਉੱਥੇ ਵੀ ਵਿਦੇਸ਼ ਜਾਣ ਵਾਲੇ ਆਪਣੀ ਇੱਛਾ ਦੀ ਪੂਰਤੀ ਲਈ ਜਹਾਜ਼ ਚੜ੍ਹਾਉਂਦੇ ਹਨ ਅਤੇ ਸਰੀਰਕ ਤੰਦਰੁਸਤੀ ਲਈ ਘੋੜੇ ਚੜ੍ਹਾਏ ਜਾਂਦੇ ਹਨ।'

**ਬੱਚੇ ਦੇ ਜਨਮ ਅਤੇ ਵਿਆਹ ਸੰਬੰਧੀ:**

ਬੱਚੇ ਦੇ ਜਨਮ ਖਾਸ ਕਰ ਮੁੰਡੇ ਦੇ ਜਨਮ ਦੀ ਇੱਛਾ ਘਟੀ ਜ਼ਰੂਰ ਹੈ ਪਰ ਅਜੇ ਸੰਪੂਰਨ ਰੂਪ ਵਿਚ ਖ਼ਤਮ ਨਹੀਂ ਹੋਈ। ਲੋਕ ਧਾਰਮਿਕ ਅਸਥਾਨਾਂ 'ਤੇ ਇਸ ਇੱਛਾ ਦੀ ਪੂਰਤੀ ਨਿਹਿਤ ਸੁੱਖਾਂ ਸੁੱਖੀਆਂ ਜਾਂਦੀਆਂ ਅਤੇ ਮਨੌਤਾਂ ਮੰਗੀਆਂ ਜਾਂਦੀਆਂ ਹਨ।

ਇੱਛਾ ਪੂਰੀ ਹੋਣ 'ਤੇ ਸੰਬੰਧਿਤ ਚੜ੍ਹਾਵਾ ਚੜ੍ਹਾਇਆ ਜਾਂਦਾ ਹੈ। ਮੁੰਡੇ ਦੇ ਜਨਮ 'ਤੇ ਗਡੀਹਰਾ, ਪਲਾਸਟਿਕ ਦਾ ਬੱਚਾ, ਝੂਲਣਾ ਆਦਿ ਚੜ੍ਹਾਉਂਦੇ ਹਨ। ਇਸੇ ਤਰ੍ਹਾਂ ਵਿਆਹ ਦੇ ਸੰਬੰਧ ਵਿਚ ਸਿਹਰਾ, ਚੂੜਾ, ਸ਼ੇਰਵਾਨੀ, ਕਲੀਰੇ ਆਦਿ ਵੀ ਚੜ੍ਹਾਏ ਜਾਂਦੇ ਹਨ। ਸੂਸਾਂ ਵਾਲੇ ਡੇਰੇ 'ਤੇ ਇਹ ਸਭ ਨਿਸ਼ਾਨ ਸਾਹਿਬ ਨਾਲ ਬੰਨ੍ਹਿਆ ਜਾਂਦਾ ਹੈ। ਹੋਰਨਾਂ ਸਥਾਨਾਂ 'ਤੇ ਇਹ ਲੋਕ ਇਸ਼ਟ ਦੀ ਮੂਰਤੀ ਦੇ ਸਨਮੁੱਖ ਭੇਟ ਕਰ ਦਿੱਤਾ ਜਾਂਦਾ ਹੈ ਜਾਂ ਸਮਾਧਾਂ ਕੋਲ ਰੱਖ ਦਿੱਤਾ ਜਾਂਦਾ ਹੈ। ਵੱਡੀ ਤਾਦਾਦ ਵਿਚ ਇਸ ਵਰਤਾਰੇ ਦਾ ਵਾਪਰਨਾ ਇਹ ਸੰਕੇਤ ਕਰਦਾ ਹੈ ਕਿ ਅੱਜ ਦੇ ਸਮੇਂ ਵਿਚ ਜਿੱਥੇ ਨਵੀਆਂ ਇੱਛਾਵਾਂ ਅਧੀਨ ਨਵੀਆਂ ਮਨੌਤਾਂ ਜਨਮ ਲੈ ਰਹੀਆਂ ਹਨ ਉੱਥੇ ਹੀ ਪਰੰਪਰਿਕ ਰੂਪ ਵਿਚ ਚੱਲਦੀਆਂ ਇੱਛਾਵਾਂ ਅਤੇ ਸੁਪਨਿਆਂ ਨੇ ਆਪਣਾ ਵਜੂਦ ਕਾਇਮ ਰੱਖਿਆ ਹੋਇਆ ਹੈ।



**ਨਕਦੀ ਚੜ੍ਹਾਵਾ:**

ਦੂਜਾ ਚੜ੍ਹਾਵੇ ਦਾ ਪੈਸੇ ਵਿਚ ਵੱਟਣਾ

ਹੈ। ਇਕ ਪਾਸੇ ਵਰਤਮਾਨ ਸਰਕਾਰ ਵੱਲੋਂ ਮੁੱਦਰਾ-ਮੁਕਤ ਲੈਣ-ਦੇਣ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਦੂਜੇ ਪਾਸੇ ਲੋਕ ਧਾਰਮਿਕ ਅਸਥਾਨਾਂ 'ਤੇ ਨਕਦ ਪੈਸੇ ਭੇਟ ਕਰਨ ਦਾ ਪ੍ਰਚਲਨ ਸ਼ੁਰੂ ਹੋ ਗਿਆ ਹੈ, ਹਾਲਾਂ ਕਿ ਇਹ ਕਾਫ਼ੀ ਸੀਮਿਤ ਹੈ। ਪਿੰਡਾਂ ਵਿਚ ਮਾਨਤਾ ਪ੍ਰਾਪਤ ਗ੍ਰਾਮੀਣ ਦੇਵੀ-ਦੇਵਤਿਆਂ ਨੂੰ ਪਦਾਰਥਕ ਸਮੱਗਰੀ ਹੀ ਭੇਟ ਕੀਤੀ ਜਾਂਦੀ ਹੈ। ਪੈਸੇ ਨਾਲ ਮੱਥਾ ਟੇਕਣ ਦੀ ਰਵਾਇਤ ਲੋਕ ਧਰਮ ਵਿਚ ਨਹੀਂ ਹੈ। ਵਿਸ਼ਿਸ਼ਟ ਧਰਮ ਵਿਚ ਇਹ ਦੇਖਣ ਨੂੰ ਮਿਲਦੀ ਹੈ ਪਰ ਜਿਹੜੀਆਂ ਲੋਕ-ਧਾਰਮਿਕ ਥਾਵਾਂ ਦੀ ਖਾਸ ਇਮਾਰਤ ਅਤੇ ਥੋੜ੍ਹਾ ਅਸਰ-ਰਸੂਖ਼ ਹੋ ਜਾਂਦਾ ਹੈ, ਚੜ੍ਹਾਵੇ ਵਜੋਂ ਉੱਥੇ ਰੁਪਏ ਚਾੜ੍ਹ ਕੇ ਮੱਥਾ ਟੇਕਣ ਦਾ ਵਰਤਾਰਾ ਆਮ ਦੇਖਣ ਨੂੰ ਮਿਲਦਾ ਹੈ। ਅੱਜ ਕੱਲ੍ਹ ਕਿਸੇ ਧਾਰਮਿਕ ਸਥਾਨ ਤੇ ਵਸਤਾਂ ਦਾਨ ਕਰਨੀਆਂ ਜ਼ਰੂਰੀ ਨਹੀਂ ਰਹੀਆਂ ਸਗੋਂ ਉਨ੍ਹਾਂ ਦੀ ਥਾਂ 'ਤੇ ਨਗਦੀ ਪੈਸੇ ਵੀ ਦਿੱਤੇ ਜਾਂਦੇ ਹਨ। ਇਹ ਪ੍ਰਵਿਰਤੀ ਸੇਵਾ-ਸੰਭਾਲ ਕਰਨ ਵਾਲੇ ਸੇਵਾਦਾਰਾਂ ਅਤੇ ਅਧਿਕਾਰਤ ਕਮੇਟੀਆਂ ਦੇ ਲਾਲਚ ਵਜੋਂ ਆ ਰਹੀ ਹੈ। ਪਦਾਰਥਕ ਸਮੱਗਰੀ ਦੇ ਛੇਤੀ ਖ਼ਰਾਬ ਹੋਣ ਦਾ ਡਰ ਰਹਿੰਦਾ ਹੈ ਜਿਸ ਦੇ ਫ਼ਲਸਰੂਪ ਸੇਵਾਦਾਰ ਤਬਕਾ ਲੋਕਾਂ ਨੂੰ ਨਕਦੀ ਨਾਲ ਮੱਥਾ ਟੇਕਣ ਵੱਲ ਜ਼ਿਆਦਾ ਉਤਸ਼ਾਹਿਤ ਕਰਦਾ ਨਜ਼ਰੀ ਪੈਂਦਾ ਹੈ। ਪਦਾਰਥਕ ਸਮੱਗਰੀ ਨਾਲ ਬਹੁਤ ਸਾਰੀਆਂ ਚੀਜ਼ਾਂ ਜਾਇਆ ਜਾਂਦੀਆਂ ਹਨ। ਪਿੱਛੇ ਜਿਹੇ ਬਹੁਤ ਕੀਮਤੀ ਰੁਮਾਲਿਆਂ ਨੂੰ ਵੱਡੇ ਕੂੜਾਦਾਨ ਕੋਲੋਂ ਬਰਾਮਦ ਕੀਤਾ ਗਿਆ ਸੀ।

ਲੋਕ ਧਰਮ ਵਿਚ ਬਹੁਤ ਸਾਰੀਆਂ ਚੀਜ਼ਾਂ ਆਪਸ ਵਿਚ ਵਿਰੋਧਾਭਾਸ ਸਿਰਜਦੀਆਂ ਪ੍ਰਤੀਤ



ਹੁੰਦੀਆਂ ਹਨ। ਇਕ ਪਾਸੇ ਤਾਂ ਚੜ੍ਹਾਵੇ ਵਿਚ ਉਹ ਸਾਰੀਆਂ ਵਸਤਾਂ ਸ਼ਾਮਿਲ ਹੁੰਦੀਆਂ ਹਨ ਜੋ ਲੋਕਾਂ ਦੀ ਚਾਹਤ ਵਿਚ ਸ਼ੁਮਾਰ ਹੁੰਦੀਆਂ ਹਨ ਪਰ ਦੂਜੇ ਪਾਸੇ ਅਲਾਮਤਾਂ ਤੋਂ ਸੁਰਖ਼ਰੂ ਹੋਣ ਵਾਲਾ ਚੜ੍ਹਾਵਾ ਵੀ ਚੜ੍ਹਦਾ ਦੇਖਣ ਨੂੰ ਮਿਲਦਾ ਹੈ। ਮਸਲਨ ਭਾਦਸੋਂ ਬੀੜ ਕੋਲ ਸਤੀ ਦਾ ਵੱਡਾ ਮੰਦਿਰ ਹੈ ਉਸ ਸਤੀ ਨੂੰ 'ਰਾਣੀ ਧੀ' ਕਹਿ ਕੇ ਸੰਬੋਧਿਤ ਕੀਤਾ ਜਾਂਦਾ ਹੈ। ਉੱਥੇ ਲੋਕ ਚੜ੍ਹਾਵੇ ਸਰੂਪ ਚਾਂਦੀ ਦੇ ਮੌਕੇ ਅਰਪਿਤ ਕਰਦੇ ਹਨ ਭਾਵ ਕਿ ਸ਼ਰਧਾਲੂ ਆਪਣੀ ਬਿਮਾਰੀ, ਤਕਲੀਫ਼ ਸਤੀ ਨੂੰ ਚੜ੍ਹਾ ਆਉਂਦੇ ਹਨ ਤਾਂ ਜੋ ਉਨ੍ਹਾਂ ਦਾ ਸਰੀਰ ਮੌਕਿਆਂ ਤੋਂ ਨਿਜਾਤ ਪਾ ਸਕੇ।

### ਦਾਨ-ਪੁੰਨ ਵਾਲੀ ਸਮੱਗਰੀ:

ਦਾਨ ਦਾ ਸੰਬੰਧ ਕਲਿਆਣ ਨਾਲ ਜੁੜਿਆ ਹੋਇਆ ਹੈ। ਲੋਕ ਧਰਮ ਵਿਚ ਇਸ ਦਾ ਵਿਸ਼ੇਸ਼ ਮਹਾਤਮ ਮੰਨਿਆ ਗਿਆ ਹੈ। ਦਾਨ-ਪੁੰਨ ਕਰਨ ਦਾ ਪਿੱਛੇ ਕੀਤੇ ਪਾਪ ਧੁਲ ਜਾਣ ਦਾ ਸੰਕਲਪ ਵੀ ਪਿਆ ਹੈ ਜੋ ਛੁਪੇ ਰੂਪ ਵਿਚ ਆਪਣਾ ਕਾਰਜ ਕਰਦਾ ਹੈ। ਪੁਰਾਤਨ ਸਮੇਂ ਵਿਚ ਕੁੜੀ ਦੇ ਵਿਆਹ ਨੂੰ ਵੀ ਦਾਨ ਦਾ ਹੀ ਇਕ ਰੂਪ ਮੰਨਿਆ ਜਾਂਦਾ ਸੀ। ਕਿਸੇ ਰੂਪ ਵਿਚ ਇਹ ਧਾਰਨਾ ਹੁਣ ਵੀ ਪ੍ਰਚਲਿਤ ਹੈ। ਮਰਗ ਤੋਂ ਬਾਅਦ ਬ੍ਰਾਹਮਣ ਨੂੰ ਗਊ ਦਾਨ ਦੇਣ ਦੀ ਰਵਾਇਤ ਪ੍ਰਚਲਿਤ ਰਹੀ ਹੈ। ਭੋਗ ਪੈਣ ਉਪਰੰਤ ਮਰਨ ਵਾਲੇ ਪ੍ਰਾਣੀ ਦੇ ਨਾਮ 'ਤੇ ਉਸ ਨੂੰ ਲੋੜੀਂਦੀਆਂ ਸਾਰੀਆਂ ਵਸਤਾਂ ਦਾਨ ਦਿੱਤੀਆਂ ਜਾਂਦੀਆਂ ਸਨ; ਜਿਨਾਂ ਵਿਚ ਕੱਪੜੇ, ਬਰਤਨ, ਮੰਜਾ-ਬਿਸਤਰਾ, ਚੱਪਲ ਜਾਂ ਜੁੱਤੀ ਆਦਿ ਵਸਤਾਂ ਸ਼ਾਮਿਲ ਹੁੰਦੀਆਂ ਹਨ। ਇਹ ਕਿਰਿਆਵਾਂ ਪਿੱਤਰ ਪੂਜਾ ਦਾ ਹੀ ਬਦਲਿਆ ਹੋਇਆ ਰੂਪ ਹਨ। ਮਸਲਨ ਸਿੱਖ ਇਹ ਸਭ ਦਾਨ ਦੀਆਂ ਵਸਤਾਂ ਗੁਰਦੁਆਰੇ ਦਿੰਦੇ ਸਨ ਪਰ ਹੁਣ ਇਨ੍ਹਾਂ ਦੇ ਬਦਲ ਵਜੋਂ ਨਕਦੀ ਦੇ ਦਿੱਤੀ ਜਾਂਦੀ ਹੈ ਜਾਂ ਕੋਈ ਹੋਰ ਲੋੜੀਂਦੀਆਂ ਜਾਂ ਆਰਾਮਦਾਇਕ ਵਸਤਾਂ ਮੁਹੱਈਆਂ ਕਰਵਾਈਆਂ ਜਾਂਦੀਆਂ ਹਨ। ਕਈ ਵਾਰ ਤਾਂ ਲੋਕ ਖ਼ੁਦ ਇਹ ਬਦਲ ਸਿਰਜਦੇ ਹਨ ਪਰੰਤੂ ਜ਼ਿਆਦਾਤਰ ਇਹ ਗੁਰਦੁਆਰੇ ਵਾਲੇ ਭਾਈ 'ਤੇ ਨਿਰਭਰ ਕਰਦਾ ਹੈ। ਉਹ ਜਿਸ ਵਸਤ ਦੀ ਮੰਗ ਕਰਦਾ ਹੈ ਉਸ ਦੀ ਪੂਰਤੀ ਕਰ ਦਿੱਤੀ ਜਾਂਦੀ ਹੈ, ਜਿਸ ਤਰ੍ਹਾਂ ਉਸ ਦੇ ਕਹਿਣ 'ਤੇ ਲੋੜ ਅਨਸਾਰ ਪੱਖੇ, ਏ.ਸੀ ਜਾਂ ਨਕਦੀ ਦੇ ਦਿੱਤੀ ਜਾਂਦੀ ਹੈ।

ਅੱਜ ਕੱਲ੍ਹ ਇਕ ਦਾਨ ਜਾਂ ਵਸਤਾਂ ਲੈਣ ਦਾ ਜੋ ਨਵਾਂ ਰੁਝਾਨ ਸਾਹਮਣੇ ਆ ਰਿਹਾ ਹੈ ਉਹ ਬੜਾ ਦਿਲਚਸਪ ਹੈ। ਖ਼ਾਸ ਕਰ ਇਹ ਰੁਝਾਨ ਉਨ੍ਹਾਂ ਧਾਰਮਿਕ ਥਾਂਵਾ 'ਤੇ ਜ਼ਿਆਦਾ ਭਾਰੂ ਹੈ ਜੋ ਕਿਸੇ ਦੀ ਨਿੱਜੀ ਮਲਕੀਅਤ ਵਾਲੀ ਜ਼ਮੀਨ 'ਤੇ ਬਣੀਆਂ ਹੋਈਆਂ ਹਨ। ਉੱਥੋਂ ਦੀ ਸੇਵਾ-ਸੰਭਾਲ ਕਰਨ ਵਾਲੇ ਪੁਜਾਰੀਆਂ/ਸੇਵਾਦਾਰਾਂ ਵਿਚ ਆਪ ਮੰਗਣ ਦੀ ਪ੍ਰਵਿਰਤੀ ਕਾਫ਼ੀ ਭਾਰੂ ਰੂਪ ਵਿਚ ਦੇਖਣ ਨੂੰ ਮਿਲਦੀ ਹੈ। ਉਨ੍ਹਾਂ ਦਾ ਮਕਸਦ ਉਸ ਧਾਰਮਿਕ ਅਸਥਾਨ ਨੂੰ ਵੱਡਾ ਅਤੇ ਸੋਹਣਾ ਬਣਾਉਣਾ ਹੁੰਦਾ ਹੈ। ਇਹ ਸੇਵਾਦਾਰ ਅਮੀਰ ਸ਼ਰਧਾਲੂਆਂ ਨੂੰ ਦੇਖ ਕੇ ਉਸ ਧਾਰਮਿਕ ਅਸਥਾਨ ਨਾਲ ਸੰਬੰਧਿਤ ਬਾਬੇ/ਪੀਰ ਦਾ ਹੁਕਮ ਕਹਿ ਕੇ ਸਮਾਨ ਦਾ ਚੜ੍ਹਾਵਾ ਜਿਵੇਂ ਕਿ ਲੋਹਾ, ਕੂਲਰ, ਫਰਿੱਜ ਆਦਿ ਦੀ ਮੰਗ ਕਰਦੇ ਹਨ ਅਤੇ ਲੋਕ ਸਹਿਜ ਸੁਭਾਅ ਉਨ੍ਹਾਂ ਦੀ ਮੰਗ ਪੂਰੀ ਕਰ ਦਿੰਦੇ ਹਨ।

### ਪੂਜਾ ਸਮੱਗਰੀ:

ਪੂਜਾ ਸਮੱਗਰੀ ਦੀ ਜੇਕਰ ਗੱਲ ਕਰੀਏ ਤਾਂ ਇਸ ਵਿਚ ਕਾਫ਼ੀ ਵਿਲੱਖਣਤਾਵਾਂ ਮੌਜੂਦ ਹਨ ਪਰ ਸਮੇਂ ਦੇ ਬਦਲਣ ਨਾਲ ਪੂਜਾ ਸਮੱਗਰੀ ਵਿਚ ਵੀ ਪਰਿਵਰਤਨ ਆਉਣੇ ਲਾਜ਼ਮ ਹਨ। ਪੂਜਾ ਸਮੱਗਰੀ ਵਿਚ ਅੱਜਕੱਲ ਸਭ ਤੋਂ ਵੱਧ ਭਰਪੂਰਤਾ ਬਣੀਆਂ ਬਣਾਈਆਂ ਵਸਤਾਂ ਦੀ ਹੈ। ਆਮ

ਸਮੱਗਰੀ ਵਿਚ ਅਸੀਂ ਧੂਫ਼, ਦੀਵਾ-ਬੱਤੀ, ਪ੍ਰਸ਼ਾਦ ਨੂੰ ਗਿਣਦੇ ਹਾਂ। ਧੂਫ਼ ਪਹਿਲਾਂ ਘਰ ਬਣਾਈ ਜਾਂਦੀ ਸੀ ਪਰ ਅੱਜ-ਕਲ੍ਹ ਲੋਕ ਬਾਜ਼ਾਰੀ ਧੂਫ਼ ਖਰੀਦਣ ਨੂੰ ਹੀ ਪਹਿਲ ਦਿੰਦੇ ਹਨ। ਘਰਾਂ ਵਿਚ ਰੂੰ ਲਿਆ ਕੇ ਬੱਤੀਆਂ ਆਪ ਵੱਟੀਆਂ ਜਾਂਦੀਆਂ ਸਨ ਪਰ ਹੁਣ ਬੱਤੀਆਂ ਦੀਆਂ ਕਈ ਕਿਸਮਾਂ ਬਾਜ਼ਾਰ ਵਿਚ ਉਪਲੱਬਧ ਹਨ ਅਤੇ ਲੋਕ ਉਹੀ ਖ਼ਰੀਦਦੇ ਹਨ। ਆਮ ਲੋਕ ਪਹਿਲਾਂ ਪੀਰਾਂ-ਫ਼ਕੀਰਾਂ ਅਤੇ ਸ਼ਹੀਦਾਂ ਦੇ ਅਸਥਾਨ ਉੱਤੇ ਉਦੇ ਦਾ ਚਿਰਾਗ਼ ਬਾਲਣਾ ਜ਼ਰੂਰੀ ਸਮਝਦੇ ਸੀ ਜੋ ਕਿ ਦੇਸੀ ਘਿਉ ਦਾ ਹੁੰਦਾ ਸੀ। ਆਮ ਮੱਥੇ ਟੇਕਣ ਲਈ ਮਿੱਟੀ ਦੇ ਦੀਵਿਆਂ ਵਿਚ ਸਰ੍ਹੋਂ ਦਾ ਤੇਲ ਪਾ ਲਿਆ ਜਾਂਦਾ ਸੀ ਪਰ ਹੁਣ ਲੋਕੀਂ ਸਧਾਰਣ ਘੁਮਿਆਰ ਦੀ ਬਜਾਏ ਮੰਡੀ 'ਚੋਂ ਵੱਖਰੇ-ਵੱਖਰੇ ਡਿਜ਼ਾਈਨਾਂ ਵਾਲੇ ਦੀਵੇ ਖਰੀਦਣ ਵਿਚ ਦਿਲਚਸਪੀ ਰੱਖਦੇ ਹਨ। ਦੀਵਿਆਂ ਨਾਲੋਂ ਵੀ ਵੱਧ ਕੇ ਮੋਮਬੱਤੀਆਂ ਖਰੀਦੇ ਦੇ ਹਨ। ਇਸ ਤੋਂ ਬਿਨਾ ਹੁਣ ਜ਼ਿਆਦਾ ਝੁਕਾਅ ਬਿਜਲੀ ਨਾਲ ਚੱਲਣ ਵਾਲੇ ਰੌਸ਼ਨੀ ਦੇ ਯੰਤਰਾਂ ਵੱਲ ਹੋ ਗਿਆ ਹੈ। ਦੀਵੇ ਦੀ ਥਾਂ ਵੀ ਇਹ ਬਿਜਲਈ ਯੰਤਰ ਛੇਤੀ ਹੀ ਪੂਰ ਦੇਣਗੇ।

**ਧਾਰਮਿਕ ਪ੍ਰਸ਼ਾਦ:**

ਪ੍ਰਸ਼ਾਦ ਦੇ ਰੂਪ ਵਿਚ ਜਾਂ ਸੁੱਖ ਦੇ ਪੂਰਾ ਹੋਣ ਦੇ ਇਵਜ਼ ਵਜੋਂ ਪਹਿਲਾਂ ਗੁੜ, ਸ਼ੱਕਰ, ਘਿਉ, ਲੱਡੂ ਆਦਿ ਚੜ੍ਹਾਵੇ ਦੇ ਮੁੱਖ ਅੰਗ ਸਨ। ਇਹ ਆਮ ਘਰਾਂ ਵਿਚ ਆਸਾਨੀ ਨਾਲ ਉਪਲੱਬਧ ਸਨ ਪਰ ਹੁਣ ਘਰ ਦੇ ਵਿਚ ਉਪਲੱਬਧ ਚੀਜ਼ਾਂ ਦੇ ਨਾਲ-ਨਾਲ ਅਸੀਂ ਕਈ ਵਾਰ ਔਖੇ ਹੋ ਕੇ ਮਹਿੰਗੀਆਂ ਵਸਤਾਂ ਖ਼ਰੀਦਦੇ ਹਾਂ। ਇਸ ਤਰ੍ਹਾਂ ਦੇ ਚੜ੍ਹਾਵੇ ਦੇ ਪਿੱਛੇ ਅੰਨੀ ਸ਼ਰਧਾ ਅਤੇ ਰਿਸ਼ਵਤ ਦਾ ਸੰਕਲਪ ਵੀ ਆਪਣਾ ਸਿਰ ਚੁੱਕਣ ਲੱਗਾ ਹੈ ਪਰ ਹੁਣ ਇਨ੍ਹਾਂ ਦੇ ਨਾਲ-ਨਾਲ ਹੋਰ ਮਠਿਆਈਆਂ ਨੇ ਵੀ ਆਪਣੀ ਥਾਂ ਬਣਾ ਲਈ ਹੈ। ਹੁਣ ਲੋਕ ਆਪਣੇ ਵਿੱਤ ਮੁਤਾਬਿਕ ਅਤੇ ਕਈ ਵਾਰ ਤਾਂ ਵਿਤੋਂ ਬਾਹਰੇ ਹੋ ਕੇ ਮਹਿੰਗੀਆਂ ਮਠਿਆਈਆਂ ਦਾ ਚੜ੍ਹਾਵਾਂ ਚੜ੍ਹਾਉਂਦੇ ਹਨ। ਆਮ ਪ੍ਰਸ਼ਾਦ ਵਿਚ ਹੁਣ ਅਸੀਂ ਮਿਠਾਈਆਂ, ਬਾਜ਼ਾਰੀ ਚੂਰਮੇ ਨੂੰ ਹੀ ਰੱਖਣ ਵਿਚ ਤਰਜੀਹ ਦਿੰਦੇ ਹਨ। ਇਸ ਦੇ ਨਾਲ- ਨਾਲ ਲੋਕ ਦਿਖਾਵੇ ਦਾ ਪ੍ਰਚਲਨ ਵੀ ਕਾਫ਼ੀ ਵੱਧਿਆ ਹੈ। ਪਹਿਲਾਂ ਲੋਕ ਆਪਣੇ ਮਨ ਦੀ ਸ਼ਾਂਤੀ ਅਤੇ ਇੱਛਾ ਪੂਰਤੀ ਤਹਿਤ, ਜੋ ਆਸਾਨੀ ਨਾਲ ਉਪਲੱਬਧ ਹੁੰਦਾ ਸੀ ਉਸ ਦਾ ਚੜ੍ਹਾਵਾ ਚੜ੍ਹਾਉਂਦੇ ਸੀ ਪਰ ਹੁਣ ਇਹ ਜ਼ਿਆਦਾ ਦਿਖਾਵੇ ਦਾ ਰੂਪ ਵੀ ਅਖ਼ਤਿਆਰ ਕਰ ਰਿਹਾ ਹੈ। ਪੰਜਾਬ ਤੋਂ ਬਾਹਰ ਵੀ ਪ੍ਰਸ਼ਾਦ ਦੇ ਰੂਪ ਵਿਚ ਨਵੇ ਉਤਪਾਦਾਂ ਨੇ ਆਪਣੀ ਥਾਂ ਬਣਾਈ ਹੈ। ਜਿਸ ਤਰ੍ਹਾਂ ਸਵਾਮੀਨਰਾਇਣ ਮੰਦਿਰ (ਅਹਿਮਦਾਬਾਦ) ਵਿਖੇ ਵੱਖ-ਵੱਖ ਤਰ੍ਹਾਂ ਦੀਆਂ ਚਾਕਲੇਟਾਂ ਦਾ ਪ੍ਰਸ਼ਾਦ ਚੜ੍ਹਦਾ ਹੈ ਅਤੇ ਇੰਦੌਰ ਸਥਿਤ ਸਵਾਮੀਨਰਾਇਣ ਦੇ ਮੰਦਿਰ ਵਿਚ ਹਿਡੋਲਾ ਉਤਸਵ ਸਮੇਂ ਭਗਵਾਨ ਦਾ ਚਾਕਲੇਟ ਨਾਲ ਸ਼ਿੰਗਾਰ ਕੀਤਾ ਜਾਂਦਾ ਹੈ ਅਤੇ ਟੀਸ਼ਰਟ-ਪੈਂਟ ਪਹਿਨਾਈ ਜਾਂਦੀ ਹੈ।

**ਨਸ਼ਿਆਂ ਦੀ ਵਿਕਰੀ ਅਤੇ ਬਲੈਕ:**

ਅੱਜ ਕੱਲ੍ਹ ਪੰਜਾਬ ਵਿਚ ਸਭ ਤੋਂ ਵੱਧ ਨਸ਼ਿਆਂ ਦਾ ਰੁਝਾਨ ਹੈ। ਵੱਡੇ ਪੱਧਰ 'ਤੇ ਪੰਜਾਬ ਨਸ਼ਿਆਂ ਦੀ ਮਾਰ ਹੇਠ ਆ ਰਿਹਾ ਹੈ। ਅਫ਼ੀਮ ਦੇ ਸੰਬੰਧ ਵਿਚ ਇਹ ਬੜੀ ਰੌਚਕ ਗੱਲ ਹੈ ਕਿ 'ਅਫ਼ੀਮ ਦੀ ਤਸਕਰੀ ਕਰਨ ਵਾਲੇ ਵਿਅਕਤੀ ਗੁਰਦੁਆਰਾ 'ਚੋਰਮਾਰ ਸਾਹਿਬ' ਚੋਰਮਾਰ ਖੇੜਾ (ਸਿਰਸਾ) ਵਿਖੇ ਚੋਰੀ-ਛਿਪੇ ਅਫ਼ੀਮ ਚੜ੍ਹਾਉਂਦੇ ਹਨ।' ਨਸ਼ਾ-ਤਸਕਰੀ ਕਰਨ ਵਾਲੇ ਆਪਣਾ ਹਿੱਸਾ ਕਿਸੇ ਨਾ ਕਿਸੇ ਦੇਵੀ-ਦੇਵਤੇ ਨੂੰ ਜ਼ਰੂਰ ਅਰਪਿਤ ਕਰਦੇ ਹਨ ਤਾਂ ਜੋ ਉਨ੍ਹਾਂ ਦਾ ਕਾਰੋਬਾਰ

ਨਿਰਵਿਘਨ ਚੱਲਦਾ ਰਹੇ। ਮਾਲਵੇ ਏਰੀਏ ਵਿਚ ਦੇਸੀ ਸ਼ਰਾਬ ਕੱਢਣ ਵਾਲੇ ਅਤੇ ਸ਼ਰਾਬ ਦੇ ਠੇਕਿਆਂ ਦਾ ਠੇਕਾ ਲੈਣ ਵਾਲੇ ਆਪਣੇ ਕਾਰੋਬਾਰ ਨਾਲ ਸੰਬੰਧਿਤ ਇੱਛਾਵਾਂ ਤਹਿਤ ਕਾਲੀ ਮਾਤਾ ਦੇ ਮੰਦਿਰ ਜ਼ਰੂਰ ਸ਼ਰਾਬ ਚੜ੍ਹਾਉਂਦੇ ਹਨ। ਇਸ ਦੇ ਪਿੱਛੇ ਆਪਣੇ ਕਾਰੋਬਾਰ ਨੂੰ ਨਿਰਵਿਘਨ ਨੇਪਰੇ ਚਾੜ੍ਹਨ ਦੀ ਪ੍ਰਬਲ ਇੱਛਾ ਸਾਕਾਰ ਹੁੰਦੀ ਪ੍ਰਤੀਤ ਹੁੰਦੀ ਹੈ। ਜ਼ਿਆਦਾਤਰ ਔਰਤਾਂ ਦੇ ਸ਼ਰਾਬ ਚੜ੍ਹਾਉਣ ਦਾ ਕਾਰਨ ਉਨ੍ਹਾਂ ਦੇ ਪਤੀ ਜਾਂ ਪੁੱਤ ਦਾ ਸ਼ਰਾਬੀ ਹੋਣਾ ਹੈ। ਔਰਤਾਂ ਉਨ੍ਹਾਂ ਦੀ ਸ਼ਰਾਬ ਛੁਡਵਾਉਣ ਲਈ ਕਾਲੀ ਮਾਤਾ ਦੇ ਮੰਦਿਰ 'ਚ ਸ਼ਰਾਬ ਦੀ ਭੇਟਾ ਕਰਦੀਆਂ ਹਨ। ਸ਼ਰਾਬ ਦਾ ਚੜ੍ਹਾਵਾ ਹਰ ਤਬਕੇ ਵਿਸ਼ੇਸ਼ ਲਈ ਵੱਖਰਾ ਹੈ। ਅੱਜ ਕੱਲ੍ਹ ਦੇਸੀ ਸ਼ਰਾਬ 'ਤੇ ਪਾਬੰਦੀ ਹੋਣ ਕਾਰਨ ਇਹ ਚੋਰੀ-ਛੁਪੇ ਚੜ੍ਹਾਈ ਜਾਂਦੀ ਹੈ। ਇਸ ਤੋਂ ਬਿਨਾ ਆਮ ਲੋਕ ਸਸਤੀ ਅੰਗਰੇਜ਼ੀ ਸ਼ਰਾਬ(ਸੰਤਰਾ-ਮਾਲਟਾ) ਆਦਿ ਚੜ੍ਹਾਉਂਦੇ ਹਨ। ਆਰਥਿਕ ਪੱਖੋਂ ਸੰਪੰਨ ਲੋਕ ਮਹਿੰਗੀ ਮਿਲਣ ਵਾਲੀ ਅੰਗਰੇਜ਼ੀ ਸ਼ਰਾਬ ਚੜ੍ਹਾਉਂਦੇ ਹਨ।

ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਅੱਜ ਸਮੇਂ ਦੇ ਬਦਲਣ ਨਾਲ ਅਤੇ ਵਿਸ਼ਵੀਕਰਨ ਦੇ ਵਰਤਾਰੇ ਨਾਲ ਜੋ ਇੱਛਾਵਾਂ ਅਤੇ ਚਾਹਤਾਂ ਪੈਦਾ ਹੋ ਰਹੀਆਂ ਹਨ ਉਨ੍ਹਾਂ ਨੂੰ ਲੋਕ ਧਰਮ ਆਪਣੇ ਵਿਚ ਥਾਂ ਦੇ ਰਿਹਾ ਹੈ ਪਰ ਇਸ ਦੀ ਗਤੀ ਬੜੀ ਧੀਮੀ ਹੈ। ਹੈ। ਲੋਕ ਧਰਮ ਦਾ ਸਰੂਪ ਬਹੁਤ ਪ੍ਰਾਚੀਨ ਹੈ ਪਰ ਇਹ ਸਮੇਂ ਦੇ ਨਾਲ-ਨਾਲ ਬਦਲ ਰਿਹਾ ਹੈ। ਇਸ ਤੋਂ ਬਿਨਾ ਆਰਥਿਕ ਹਾਲਤ ਦਾ ਪ੍ਰਭਾਵ ਚੜ੍ਹਾਵੇ 'ਤੇ ਸਾਫ਼ ਦ੍ਰਿਸ਼ਟੀਗੋਚਰ ਹੁੰਦਾ ਹੈ। ਲੋਕ ਆਪਣੀ ਸਮਰੱਥਾ ਮੁਤਾਬਿਕ ਚੜ੍ਹਾਵੇ ਦੀ ਚੋਣ ਕਰਦੇ ਹਨ। ਇਸ ਲਈ ਕਈ ਵਾਰ ਕੋਈ ਤਬਦੀਲੀ ਬਹੁਤ ਛੇਤੀ ਆਮ ਲੋਕਾਂ ਦੇ ਕਾਰ-ਵਿਹਾਰ ਦਾ ਹਿੱਸਾ ਬਣ ਜਾਂਦੀ ਹੈ ਅਤੇ ਕਈ ਵਾਰ ਇਹ ਖਾਸ ਤਬਕਿਆਂ ਤੱਕ ਹੀ ਸੀਮਿਤ ਰਹਿੰਦੀ ਅਜਿਹਾ ਹੋਣ ਦੀ ਸੂਰਤ ਵਿਚ ਲੋਕ ਧਰਮ ਖੜੋਤ ਦਾ ਸ਼ਿਕਾਰ ਨਹੀਂ ਹੁੰਦਾ। ਇਸ ਦੇ ਪੈਰੋਕਾਰਾਂ ਨੂੰ ਜੋ ਅਤੇ ਜਿਸ ਤਰ੍ਹਾਂ ਚਾਹੀਦਾ ਹੁੰਦਾ ਹੈ ਲੋਕ ਧਰਮ ਉਸ ਦੀ ਪੂਰਤੀ ਸੁਤੇ-ਸਿੱਧ ਬਿਨਾਂ ਕਿਸੇ ਉਚੇਚ ਤੋਂ ਕਰ ਸਕਣ ਦੇ ਸਮਰੱਥ ਹੈ। ਨਵੇਂ ਵਰਤਾਰੇ ਦਾ ਪ੍ਰਭਾਵ ਲੋਕ ਧਰਮ 'ਤੇ ਪੈਣਾ ਵੀ ਸੁਭਾਵਿਕ ਹੈ ਅਤੇ ਉਸ ਅਨੁਸਾਰ ਉਹ ਆਪਣੇ ਵਿਚ ਤਬਦੀਲੀ ਵੀ ਕਰ ਲੈਂਦਾ ਹੈ। ਲੋਕ ਧਰਮ ਵਿਚ ਪਦਾਰਥਕ ਸਮੱਗਰੀ ਦੀ ਆਪਣੀ ਨਿਵੇਕਲੀ ਥਾਂ ਹੈ ਪਰ ਸਮੇਂ ਸਮੇਂ 'ਤੇ ਹੋ ਰਹੇ ਪਰਿਵਰਤਨਾਂ ਦਾ ਪ੍ਰਭਾਵ ਸਵਰੂਪ ਇਸ ਦਾ ਬਦਲਣਾ ਸੁਭਾਵਿਕ ਹੈ।

ਪੁਸਤਕ ਸੂਚੀ:

1. ਸਰ ਜੇਮਜ਼ ਜਾਰਜ ਫਰੇਜ਼ਰ, ਸੁਨਹਿਰੀ ਟਾਹਣੀ (ਪੰਜਾਬੀ ਅਨੁਵਾਦ: ਕੇ.ਐਲ. ਗਰਗ), ਨਵਯੁੱਗ ਪਬਲਿਸ਼ਰਜ਼, ਨਵੀਂ ਦਿੱਲੀ, 2018
2. ਜਸਵਿੰਦਰ ਸਿੰਘ (ਡਾ.), ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਗ੍ਰੇਸ਼ੀਅਸ ਬੁੱਕਸ, ਪਟਿਆਲਾ, 2012
3. ਨਾਹਰ ਸਿੰਘ (ਡਾ.), ਮਾਂ ਸੁਹਾਗਣ ਸ਼ਗਨ ਕਰੇ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2001
4. ਗੁਰਲਾਲ ਸਿੰਘ, ਲੋਕ ਧਰਮ ਵਿਚ ਚੜ੍ਹਾਵੇ ਦੇ ਵਰਤਾਰੇ ਦਾ ਸਭਿਆਚਾਰਕ ਅਧਿਐਨ (ਅਣਪ੍ਰਕਾਸ਼ਿਤ), 2018

# ਸੋਸ਼ਲ ਡਿਸਟੈਂਸਿੰਗ

## *ਮੂਲ : ਭਾਵਨਾ ਸ਼ੇਖਰ*

## ਅਨੁਵਾਦ : ਪ੍ਰੋ. ਨਵ ਸੰਗੀਤ

*(ਮੂਲ ਤੌਰ ਤੇ ਹਿਮਾਚਲ ਪ੍ਰਦੇਸ਼ ਨਾਲ ਸੰਬੰਧਿਤ ਭਾਵਨਾ ਸ਼ੇਖਰ ਦਿੱਲੀ ਵਿਚ ਜਨਮੀ। ਲੇਡੀ ਸ੍ਰੀ ਰਾਮ ਕਾਲਜ, ਦਿੱਲੀ ਯੂਨੀਵਰਸਿਟੀ ਤੋਂ ਪੋਸਟਗ੍ਰੈਜੁਏਟ (ਹਿੰਦੀ ਤੇ ਸੰਸਕ੍ਰਿਤ), ਐਮ. ਫਿਲ, ਪੀਐਚ. ਡੀ ਦੀ ਵਿਦਿਆ। ਪਿਛਲੇ ਉੱਨੀ ਵਰ੍ਹਿਆਂ ਤੋਂ ਅਧਿਆਪਨ ਦੇ ਨਾਲ-ਨਾਲ ਆਕਾਸ਼ਵਾਣੀ ਤੇ ਦੂਰਦਰਸ਼ਨ ਦੇ ਸੰਚਾਲਕ ਅਤੇ ਮਾਹਰ ਵਜੋਂ ਵਿਖਿਆਤ। ਰੇਡੀਓ ਫੀਚਰ, ਵਾਰਤਾਵਾਂ, ਨਾਟਕ, ਸਮੀਖਿਆ, ਬਾਲ ਗੀਤ, ਕਵਿਤਾ ਤੇ ਕਹਾਣੀ ਵਿੱਚ ਵਿਸ਼ੇਸ਼ ਰੁਚੀ। ਪਟਨਾ ਦੇ ਏ. ਐੱਨ. ਕਾਲਜ ਵਿਚ ਅਧਿਆਪਨ)।*

ਰੋਜ਼ ਵਾਂਗ ਦਰਵਾਜ਼ੇ ਦੀ ਘੰਟੀ ਵੱਜੀ। ਸੁਕੇਸ਼ ਬਾਬੂ ਨੇ ਦਰਵਾਜ਼ਾ ਖੋਲ੍ਹਿਆ। ਸਾਹਮਣੇ ਦਿਲੀਪ ਖੜ੍ਹਾ ਸੀ, ਦੁੱਧ ਦੀਆਂ ਥੈਲੀਆਂ ਹੱਥ ਵਿਚ ਲਈ। ਥੈਲੀਆਂ ਨੂੰ ਸਿੰਕ ਵਿਚ ਧੋਂਦਿਆਂ ਬੋਲਿਆ, ''ਸਾਹਿਬ, ਘੋਸ਼ ਬਾਬੂ ਸਾਫ਼ ਹੋ ਗਏ।''

''ਕੀ? ਕਦੋਂ? ਕਿਵੇਂ?''

''ਪੂਰਾ ਤਾਂ ਪਤਾ ਨਹੀਂ, ਗਾਰਡ ਨੇ ਦੱਸਿਆ ਸੀ ਕਿ ਅੱਜ ਸਵੇਰੇ ਗੁਜ਼ਰ ਗਏ।''

''ਜਾਹ, ਜਾ ਕੇ ਪਤਾ ਕਰ ਕਿਵੇਂ ਹੋਇਆ'', ਸੁਕੇਸ਼ ਬਾਬੂ ਦੀ ਆਵਾਜ਼ ਕੰਬਣ ਲੱਗੀ। ਸਾਹ ਛਾਤੀ ਵਿਚ ਢੋਲ ਵਾਂਗੂੰ ਗੂੰਜਣ ਲੱਗਾ। ਚਿਹਰੇ ਤੇ ਬੇਚੈਨੀ ਸਾਫ਼ ਝਲਕ ਰਹੀ ਸੀ।

''ਕੀ ਹੋਇਆ?'' ਅੱਧੀ-ਅਧੂਰੀ ਗੱਲ ਸੁਣ ਕੇ ਸੁਜਾਤਾ ਨੇ ਰਸੋਈ 'ਚੋਂ ਆਉਂਦਿਆਂ ਪੁੱਛਿਆ।

''ਵੇਖ ਨਾ, ਕੀ ਕਹਿ ਰਿਹੈ ਦਿਲੀਪ... ਕਹਿੰਦਾ ਹੈ ਘੋਸ਼ ਬਾਬੂ ਗੁਜ਼ਰ ਗਏ'', ਸੁਰੇਸ਼ ਬਾਬੂ ਦੇ ਚਿਹਰੇ 'ਤੇ ਪ੍ਰੇਸ਼ਾਨੀ ਨਜ਼ਰ ਆ ਰਹੀ ਸੀ।

ਸੁਜਾਤਾ ਦਾ ਮੂੰਹ ਅੱਡਿਆ ਰਹਿ ਗਿਆ ਪਰ ਉਹਨੇ ਪਤੀ ਦੀ ਚਿੰਤਾ ਵਧੇਰੇ ਕੀਤੀ। ਕਿਤੇ ਬਲੱਡ ਪ੍ਰੈਸ਼ਰ ਹੀ ਨਾ ਵਧ ਜਾਵੇ। ਪਿਛਲੇ ਕੁਝ ਮਹੀਨਿਆਂ ਤੋਂ ਛੋਟੀ-ਛੋਟੀ ਗੱਲ 'ਤੇ ਖ਼ਫ਼ਾ ਹੋ ਜਾਂਦੇ ਹਨ।

*ਮੂਲ : ਭਾਵਨਾ ਸ਼ੇਖਰ*
*ਅਨੁਵਾਦ : ਪ੍ਰੋ. ਨਵ ਸੰਗੀਤ ਸਿੰਘ, ਪੋਸਟਗ੍ਰੈਜੁਏਟ ਪੰਜਾਬੀ ਵਿਭਾਗ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ - 151312 (ਬਠਿੰਡਾ)*
*ਫੋਨ : 9417692015*

"ਅੱਛਾ, ਆ ਜਾਓ, ਟੇਬਲ ਤੇ ਨਾਸ਼ਤਾ ਲਾ ਦਿੱਤਾ ਹੈ।"

"ਅਜੇ ਠਹਿਰ ਜਾ, ਜ਼ਰਾ ਦਿਲੀਪ ਨੂੰ ਆ ਜਾਣ ਦੇ। ਅਜਿਹਾ ਕੀ ਹੋਇਆ ਘੋਸ਼ ਨੂੰ... ਇਉਂ ਕਿਵੇਂ..." ਬੁੜਬੁੜ ਕਰਦੇ ਬਾਲਕੋਨੀ ਵਿਚ ਗਏ ਅਤੇ ਬਿਨਾ ਕਾਰਨ ਪੌਦਿਆਂ ਨੂੰ ਪਾਣੀ ਪਾਉਣ ਲੱਗ ਪਏ।

"ਸੁਣੋ ਜੀ, ਸਵੇਰੇ ਹੀ ਤਾਂ ਤੁਸੀਂ ਪਾਣੀ ਪਾਇਆ ਹੈ। ਫਿਰ ਦੁਬਾਰਾ ਕਿਉਂ?"

"ਹਾਂ... ਹਾਂ, ਭੁੱਲ ਗਿਆ ਸਾਂ।" ਉਹ ਸਹਿਜ ਹੋਣ ਦੀ ਕੋਸ਼ਿਸ਼ ਕਰਨ ਲੱਗੇ। ਸੋਫ਼ੇ 'ਤੇ ਆ ਕੇ ਬਹਿ ਗਏ। ਮਨ ਦੇ ਨਾਲ-ਨਾਲ ਉਨ੍ਹਾਂ ਦੀ ਇਕ ਲੱਤ ਲਗਾਤਾਰ ਕੰਬ ਰਹੀ ਸੀ। ਸੁਜਾਤਾ ਨੇੜੇ ਆ ਕੇ ਬਹਿ ਗਈ ਅਤੇ ਹਿੱਲਦੇ ਹੋਏ ਗੋਡੇ 'ਤੇ ਹੱਥ ਦਾ ਦਬਾਅ ਪਾ ਕੇ ਬੋਲੀ, "ਮੈਨੂੰ ਤਾਂ ਲੱਗਦਾ ਹੈ, ਕਿਸੇ ਨੇ ਐਵੇਂ ਹੀ ਅਫਵਾਹ ਉਡਾ ਦਿੱਤੀ ਹੈ। ਕਈ ਦਿਨਾਂ ਤੋਂ ਸੈਰ ਕਰਦੇ ਨਹੀਂ ਦਿੱਸੇ ਹੋਣੇ, ਬਸ ਲੱਗ ਪਏ ਲੋਕੀਂ ਅੰਦਾਜ਼ੇ ਲਾਉਣ... ਟੀਵੀ ਚੈਨਲਾਂ ਵਾਂਗ ਝੂਠ ਫੈਲਾਉਣ ਵਿਚ ਸਾਰੇ ਇੱਕ-ਦੂਜੇ ਤੋਂ ਵੱਧ ਹਨ।"

ਪਰ ਸੁਕੇਸ਼ ਬਾਬੂ ਦੇ ਪੀਲੇ ਪਏ ਚਿਹਰੇ 'ਤੇ ਬੇਫ਼ਕਿਰੀ ਦਾ ਕੋਈ ਰੰਗ ਨਹੀਂ ਚੜ੍ਹਿਆ।

ਛੇਤੀ ਹੀ ਦਿਲੀਪ ਮੁੜ ਆਇਆ। ਸੁਕੇਸ਼ ਬਾਬੂ ਉਸ ਵੱਲ ਵਧੇ।

"ਹਾਂ, ਕੀ ਪਤਾ ਲੱਗਿਆ ਦਿਲੀਪ? ਛੇਤੀ ਦੱਸ !"

"ਸਾਹਿਬ! ਪੰਦਰਾਂ ਦਿਨ ਪਹਿਲਾਂ ਘੋਸ਼ ਬਾਬੂ ਨੂੰ ਥੋੜ੍ਹਾ ਜਿਹਾ ਬੁਖ਼ਾਰ ਅਤੇ ਸਰਦੀ-ਖਾਂਸੀ ਹੋਈ ਸੀ। ਘਰ ਵਿੱਚ ਵੀ ਖ਼ੁਦ ਨੂੰ ਕੁਆਰੰਟੀਨ ਕੀਤਾ ਹੋਇਆ ਸੀ।"

ਪਰ ਮੇਰੇ ਨਾਲ਼ ਤਾਂ ਪਿਛਲੇ ਐਤਵਾਰ ਫੋਨ 'ਤੇ ਗੱਲ ਹੋਈ ਹੈ, ਕੁਝ ਦੱਸਿਆ ਨਹੀਂ ਉਹਨੇ।"

"ਸਾਹਿਬ, ਸੁਣਿਐ ਚਾਰ ਦਿਨ ਪਹਿਲਾਂ ਤਬੀਅਤ ਜ਼ਿਆਦਾ ਵਿਗੜ ਗਈ ਅਤੇ ਇਕ ਨਰਸਿੰਗ ਹੋਮ ਵਿਚ ਦਾਖ਼ਲ ਹੋ ਗਏ ਪਰ ਅੱਜ ਸਵੇਰੇ..." ਦਿਲੀਪ ਨੇ ਗੱਲ ਅਧੂਰੀ ਛੱਡ ਦਿੱਤੀ।

"ਸ਼ਿਵ... ਸ਼ਿਵ..." ਕਹਿੰਦਿਆਂ ਸੁਕੇਸ਼ ਬਾਬੂ ਦੇ ਹੱਥ ਆਕਾਸ਼ ਵੱਲ ਉੱਠ ਗਏ।

"ਕੀ ਕੋਰੋਨਾ ਸੀ?" ਸੁਜਾਤਾ ਨੇ ਅਚਾਨਕ ਪੁੱਛਿਆ। "ਅੱਜ ਕੱਲ੍ਹ ਥੋੜ੍ਹੀ ਜਿਹੀ ਸਰਦੀ-ਖਾਂਸੀ, ਬੁਖ਼ਾਰ ਹੋਇਆ, ਛਿੱਕ ਆਈ ਜਾਂ ਸਰੀਰ ਵਿੱਚ ਦਰਦ ਹੋਇਆ ਕਿ ਬਸ ਇੱਕੋ ਹੀ ਸ਼ੱਕ ਹੁੰਦਾ ਹੈ।"

"ਮੇਮ ਸਾਹਿਬ! ਪਤਾ ਨ੍ਹੀਂ, ਕੋਈ ਕੁਝ ਦਸਦਾ ਥੋੜ੍ਹੋ ਹੈ !"

"ਪਰ ਇਸ ਵਿੱਚ ਲੁਕਾਉਣ ਵਾਲੀ ਕਿਹੜੀ ਗੱਲ ਹੈ? ਸਾਰੀ ਦੁਨੀਆ ਵਿਚ ਅੱਗ ਲੱਗੀ ਹੋਈ ਹੈ ਇਸ ਮਰ ਜਾਣੇ ਕੋਰੋਨਾ ਕਰਕੇ... ਨਾ ਬੱਚਾ ਵੇਖਦੀ ਹੈ, ਨਾ ਬੁੱਢਾ, ਨਾ ਅਮੀਰ, ਨਾ ਗ਼ਰੀਬ, ਨਾ ਝੌਂਪੜੀ, ਨਾ ਮਹਿਲ... ਕਦੋਂ, ਕੀਹਨੂੰ ਸੱਦਾ ਆ ਜਾਏ, ਕੀ ਪਤਾ ! ਹੱਸਦੇ-ਖੇਡਦੇ, ਹੱਟੇ -ਕੱਟੇ ਗੱਭਰੂ ਜਵਾਨਾਂ ਨੂੰ ਵੀ ਨਹੀਂ ਛੱਡਦੀ।" ਚਿੰਤਾ ਅਤੇ ਨਿਰਾਸ਼ਾ ਵਾਲੇ ਸ਼ਬਦ ਸੁਕੇਸ਼ ਬਾਬੂ ਨੂੰ ਪੀੜਤ ਕਰਨ ਲੱਗੇ।

"...ਤਾਂ ਹੋਰ ਕੀ ਸਮਾਚਾਰ ਹੈ?" ਉਹ ਦਿਲੀਪ ਦਾ ਮੂੰਹ ਵੇਖਣ ਲੱਗੇ।

"ਬਾਰਾਂ ਵਜੇ ਤੱਕ ਲਾਸ਼ ਆਵੇਗੀ, ਉਸ ਪਿੱਛੋਂ ਸ਼ਮਸ਼ਾਨਘਾਟ ਲੈ ਜਾਣਗੇ।" ਕਹਿ ਕੇ

ਦਿਲੀਪ ਜਾਣ ਲਈ ਉੱਠ ਖੜ੍ਹਾ ਹੋਇਆ।

"ਦਿਲੀਪ ਤੂੰ ਹੇਠਾਂ ਹੀ ਰਹੀਂ... ਦੱਸ ਦੇਵੀਂ", ਸੁਜਾਤਾ ਨੇ ਕਿਹਾ।

"ਮੈਂ ਜਾਂਦਾ ਹਾਂ, ਘੋਸ਼ ਦੇ ਘਰੇ", ਪੈਰਾਂ ਵਿੱਚ ਚੱਪਲ ਪਾਉਂਦਿਆਂ ਸੁਕੇਸ਼ ਬਾਬੂ ਬੋਲੇ।

"ਪਰ ਹੁਣੇ ਜਾਣ ਦਾ ਕੀ ਫ਼ਾਇਦਾ? ਘਰੇ ਤਾਂ ਕੋਈ ਨ੍ਹੀਂ ਹੋਣਾ।"

"ਸਾਹਿਬ, ਮੇਮ ਸਾਹਿਬ ਠੀਕ ਕਹਿ ਰਹੇ ਨੇ, ਹੁਣ ਘਰ ਵਿੱਚ ਕੋਈ ਨਹੀਂ ਹੈ", ਦਿਲੀਪ ਨੇ ਸੁਜਾਤਾ ਦੀ ਗੱਲ ਦੀ ਪ੍ਰੋੜ੍ਹਤਾ ਕੀਤੀ।

"ਠੀਕ ਹੈ, ਤੂੰ ਜਾਹ।"

ਸੁਜਾਤਾ ਦੇ ਜ਼ੋਰ ਦੇਣ 'ਤੇ ਅਣਮੰਨੇ ਮਨ ਨਾਲ ਸੁਕੇਸ਼ ਬਾਬੂ ਨਾਸ਼ਤੇ ਦੀ ਮੇਜ਼ 'ਤੇ ਆ ਕੇ ਬਹਿ ਗਏ ਪਰ ਪਹਿਲੀ ਹੀ ਬੁਰਕੀ ਗਲ਼ ਵਿੱਚ ਅੜ ਗਈ। ਪਲੇਟ ਛੱਡ ਕੇ ਉੱਠ ਖੜ੍ਹੇ ਹੋਏ।

"ਮੇਰਾ ਖਾਣ ਨੂੰ ਚਿੱਤ ਨਹੀਂ ਕਰਦਾ।"

"ਇਉਂ ਕਿਵੇਂ... ਅਜੇ ਤੁਸੀਂ ਦਵਾਈ ਵੀ ਲੈਣੀ ਹੈ। ਭੁੱਖੇ ਢਿੱਡ ਕਿਵੇਂ ਲਵੋਗੇ ਦਵਾਈ?"

"ਠੀਕ ਹੈ, ਮੇਰੇ ਲਈ ਅੱਧਾ ਗਲਾਸ ਸੱਤੂ ਬਣਾ ਦੇ।"

ਅੰਦਰ ਜਾ ਕੇ ਸੁਕੇਸ਼ ਬਾਬੂ ਆਰਾਮ ਕੁਰਸੀ 'ਤੇ ਲੇਟ ਗਏ।

ਹਰ ਰੋਜ਼ ਨਾਸ਼ਤੇ ਪਿੱਛੋਂ ਝਪਕੀ ਲੈਣ ਦੀ ਆਦਤ ਹੈ ਪਰ ਅੱਜ ਪਲਕਾਂ ਨਹੀਂ ਝਪਕ ਰਹੀਆਂ। ਸਾਹਮਣੇ ਖਾਲੀ ਕੰਧ 'ਤੇ ਇੱਕਟਕ ਵੇਖਣ ਲੱਗੇ। ਅੱਜ ਕੰਧ 'ਤੇ ਕੋਈ ਤਸਵੀਰ ਨਹੀਂ ਲੱਭ ਸਕੇ। ਹੁਣ ਤੋਂ ਪਹਿਲਾਂ ਅਕਸਰ ਬੈਠੇ-ਬੈਠੇ ਬੱਚਿਆਂ ਵਾਂਗ ਖ਼ੁਸ਼ੀ ਨਾਲ ਚੀਕ ਉਠਦੇ ਸਨ-

'ਸੁਜਾਤਾ ਛੇਤੀ ਆ! ਵੇਖ ਕੰਧ 'ਤੇ ਇਹ ਕਿੰਨਾ ਸੋਹਣਾ ਮੋਰ ਦਿਸ ਰਿਹਾ ਹੈ...' ਕਦੇ ਉਨ੍ਹਾਂ ਨੂੰ ਬੱਦਲ ਦਿਸਦਾ, ਕਦੇ ਕਲਗੀ ਵਾਲਾ ਬੈਂਗਣ, ਗਾਂਧੀ ਜੀ ਦਾ ਚਰਖਾ ਤੇ ਕਦੇ ਨੱਚਦੀ ਹੋਈ ਔਰਤ ਤੇ ਕਦੇ ਗੁਬਾਰੇ ਉਡਾਉਂਦਾ ਮੁੰਡਾ।

ਸੁਜਾਤਾ ਉਨ੍ਹਾਂ ਦੇ ਇਸ ਅਨੋਖੇ ਸ਼ੌਕ 'ਤੇ ਹੱਸ ਪੈਂਦੀ ਅਤੇ ਮਖ਼ੌਲਾਂ ਉਡਾਉਂਦੀ- ਪਤਾ ਨਹੀਂ ਕਿੱਥੋਂ ਇਹ ਅਜੀਬ ਸ਼ੌਕ ਪਾਲ ਲਿਆ ਹੈ! ਉਹ ਹੱਸ ਕੇ ਬਚਪਨ ਵਿੱਚ ਪੜ੍ਹੀ ਕਹਾਣੀ ਦਾ ਹਵਾਲਾ ਦਿੰਦੇ ਪਰ ਅੱਜ ਉਨ੍ਹਾਂ ਦੀ ਕਲਪਨਾ ਪਤਾ ਨਹੀਂ ਕਿੱਥੇ ਗੁਆਚ ਗਈ ਹੈ।

"ਕੀ ਸੋਚ ਰਹੇ ਹੋ?" ਨਰਮ ਆਵਾਜ਼ ਵਿੱਚ ਸੁਜਾਤਾ ਨੇ ਪੁੱਛਿਆ।

"ਕੁਝ ਨਹੀਂ। ਕੋਰੋਨਾ ਨੇ ਤਾਂ ਦਿਮਾਗ਼ ਸੁੰਨ ਕਰ ਦਿੱਤਾ ਹੈ। ਪਰਸੋਂ ਤੋਂ ਤਿਵਾੜੀ ਵੀ ਹੌਸਪਿਟਲਾਈਜ਼ਡ ਹੈ।"

"ਕੌਣ, ਸਾਡੀ ਸੁਸਾਇਟੀ ਦੇ ਪ੍ਰੈਜ਼ੀਡੈਂਟ?"

"ਹਾਂ।"

"ਕੀ ਉਨ੍ਹਾਂ ਨੂੰ ਵੀ ਕੋਰੋਨਾ...?"

"ਨਹੀਂ ਨਹੀਂ, ਉਨ੍ਹਾਂ ਨੂੰ ਡਾਇਰੀਆ ਹੋਇਆ ਹੈ... ਡੀਹਾਈਡਰੇਸ਼ਨ..."

"ਸ਼ੁਕਰ ਹੈ", ਸੁਜਾਤਾ ਨੇ ਇੱਕ ਲੰਮਾ ਸਾਹ ਲਿਆ।

"ਅੱਛਾ ਸੁਣ, ਬਾਰਾਂ ਵਜੇ ਘੋਸ਼ ਦੀ ਲਾਸ਼ ਆਵੇਗੀ। ਮੈਨੂੰ ਹੇਠਾਂ ਜਾਣਾ ਚਾਹੀਦਾ ਹੈ ਨਾ!" ਸਾਰੀ ਜ਼ਿੰਦਗੀ ਆਪ ਫ਼ੈਸਲਾ ਲੈਣ ਵਾਲੇ, ਪਤਨੀ ਦੀ ਹਰ ਸਲਾਹ ਨੂੰ ਮੁੱਢੋਂ ਹੀ ਰੱਦ ਕਰਨ ਵਾਲੇ ਸੁਕੇਸ਼ ਬਾਬੂ ਅਣਜਾਣ ਬੱਚੇ ਵਾਂਗ ਮੂੰਹ ਬਣਾਈ ਸੁਜਾਤਾ ਵੱਲ ਵੇਖ ਰਹੇ ਸਨ।

"ਕੀ ਕਰਾਂ? ਮੈਨੂੰ ਹੇਠਾਂ ਜਾਣਾ ਚਾਹੀਦਾ ਹੈ ਕਿ ਨਹੀਂ?" ਉਨ੍ਹਾਂ ਨੇ ਪ੍ਰਸ਼ਨ ਨੂੰ ਦੁਹਰਾਇਆ।

"ਬਿਲਕੁਲ, ਤੁਹਾਨੂੰ ਜਾਣਾ ਹੀ ਚਾਹੀਦਾ ਹੈ, ਤੁਹਾਡੀ ਕਿੰਨੀ ਦੋਸਤੀ ਸੀ, ਘੰਟਿਆਂ-ਬੱਧੀ ਫੋਨ 'ਤੇ ਗੱਲਾਂ ਕਰਦੇ ਰਹਿੰਦੇ ਸੀ, ਕੈਂਪਸ ਵਿੱਚ ਇਕੱਠੇ ਸੈਰ ਕਰਦੇ ਸੀ..."

"ਕਿੰਨਾ ਮਸਤ ਬੰਦਾ ਸੀ ਘੋਸ਼ ! ਜਿੱਥੇ ਬਹਿੰਦਾ, ਫੁਲਝੜੀਆਂ ਛੱਡਦਾ, ਡਾਇਬਿਟੀਜ਼ ਸੀ, ਪਰ ਪੱਠਾ ਮਿਠਾਈ ਖਾਣ ਤੋਂ ਬਾਜ਼ ਨਹੀਂ ਆਉਂਦਾ ਸੀ, ਜਦੋਂ ਵੀ ਨਾਨ-ਵੈੱਜ ਗੱਲ ਕਰਨੀ ਹੁੰਦੀ, ਮੈਨੂੰ ਫੋਨ ਕਰਦਾ। ਇਕ ਨੰਬਰ ਦਾ ਮਖੌਲੀਆ ਅਤੇ ਜ਼ਿੰਦਾਦਿਲ ਸੀ... ਪਰ ਧੋਖੇਬਾਜ਼ ਸਾਲ਼ਾ...ਝੱਟ ਹੱਥ ਛੁਡਾ ਕੇ ਚਲਾ ਗਿਆ।"

ਸੁਕੇਸ਼ ਦੇ ਚਿਹਰੇ 'ਤੇ ਪਲ ਭਰ ਲਈ ਆਈ ਖ਼ੁਸ਼ੀ ਦੀ ਚਮਕ ਬੁਝ ਗਈ।

ਇਕ ਲੰਮਾ ਸਾਹ ਖਿੱਚ ਕੇ ਬੋਲੇ, "ਬੜੀ ਰੜਕੇਗੀ ਉਹਦੀ ਕਮੀ..."

"ਇਸੇ ਲਈ ਤਾਂ ਕਹਿੰਦੀ ਹਾਂ ਆਪਣਾ ਧਿਆਨ ਰੱਖਿਆ ਕਰੋ, ਜਦੋਂ ਵੇਖੋ ਅੱਜਕੱਲ੍ਹ ਵੀ ਸੈਰ ਕਰਨ ਲਈ ਹੇਠਾਂ ਉਤਰਨ ਦੀ ਜ਼ਿਦ ਕਰਦੇ ਹੋ।" ਸੁਜਾਤਾ ਨੂੰ ਝਿੜਕਣ ਦਾ ਮੌਕਾ ਮਿਲ ਗਿਆ।

"ਅੱਛਾ, ਮੇਰੇ ਸੈਰ ਕਰਨ ਤੇ ਇੰਨਾ ਰੌਲਾ... ਅਤੇ ਜੋ ਹੁਣੇ ਮੈਨੂੰ ਕਹਿ ਰਹੀ ਹੈਂ ਕਿ ਮੈਂ ਹੇਠਾਂ ਚਲਾ ਜਾਵਾਂ... ਫਿਰ ਮੈਨੂੰ ਕੁਝ ਨਹੀਂ ਹੋਵੇਗਾ?" ਸੁਕੇਸ਼ ਬਾਬੂ ਦੀ ਦੁਬਿਧਾ ਖਿਝ ਵਿੱਚ ਬਦਲ ਗਈ। ਨਾ ਚਾਹੁੰਦਿਆਂ ਵੀ ਉਲਟਾ ਪਤਨੀ 'ਤੇ ਹੀ ਵਰ੍ਹ ਪਏ।

"ਅਹਿ ਲਓ! ਮੇਰੇ 'ਤੇ ਹੀ ਟੁੱਟ ਪਏ, ਤੁਹਾਨੂੰ ਸਮਝ ਨਹੀਂ ਆਉਂਦਾ। ਹੁਣ ਤਾਂ ਸੋਗ ਦਾ ਮਾਮਲਾ ਹੈ, ਕਿਵੇਂ ਕਹਾਂ ਕਿ ਨਾ ਜਾਓ... ਹਾਂ,ਪਰ ਖ਼ਿਆਲ ਰੱਖਣਾ, ਮਾਸਕ ਲਾ ਕੇ ਜਾਇਓ, ਗਲੱਵਜ਼ ਵੀ ਪਹਿਨ ਲੈਣੇ। ਤੁਹਾਨੂੰ ਤਾਂ ਵਧੇਰੇ ਸਾਵਧਾਨੀ ਵਰਤਣੀ ਚਾਹੀਦੀ ਹੈ। ਭੁੱਲਿਓ ਨਾ, ਹਮੇਸ਼ਾ ਬਲੱਡ ਪ੍ਰੈਸ਼ਰ ਹਾਈ ਰਹਿੰਦਾ ਹੈ।"

ਸੁਜਾਤਾ ਇੱਕੋ ਸਾਹ ਵਿੱਚ ਗਰਮ ਹੋ ਕੇ ਨਰਮ ਹੋ ਗਈ। ਜਾਣਦੀ ਹੈ ਪਤੀ ਦੀ ਝੁੰਜਲਾਹਟ, ਵਿਚਾਰੇ ਕੁਝ ਫ਼ੈਸਲਾ ਨਹੀਂ ਕਰ ਸਕਦੇ। ਮਨ ਦੋਸਤ ਦੀ ਰੂਹ ਵੱਲ ਧੱਕਦਾ ਹੈ, ਦਿਮਾਗ਼ ਤਨ ਨੂੰ ਦੋ ਗਜ਼ ਪਿੱਛੇ ਖਿੱਚਦਾ ਹੈ।

"ਤਾਂ ਫਿਰ ਛੱਡ ਪਰ੍ਹਾਂ, ਮੈਂ ਨਹੀਂ ਜਾਂਦਾ, ਉੱਥੇ ਭੀੜ ਹੋਵੇਗੀ... ਸੋਸ਼ਲ ਡਿਸਟੈਂਸਿੰਗ ਨਹੀਂ ਰਹਿ ਸਕੇਗੀ।" ਉਨ੍ਹਾਂ ਦੇ ਚਿਹਰੇ 'ਤੇ ਅਸੁਰੱਖਿਆ ਦਾ ਡਰ ਭਾਰੂ ਸੀ।

"ਤਾਂ ਹੁਣ ਜ਼ਰਾ ਸਾਵਧਾਨ ਰਹਿਣਾ, ਦੂਰੀ ਬਣਾ ਕੇ ਰੱਖੋਗੇ ਤਾਂ ਕੁਝ ਨਹੀਂ ਹੋਵੇਗਾ।" ਸੁਜਾਤਾ ਨੇ ਕੁਝ ਹੌਸਲਾ ਉਨ੍ਹਾਂ ਦੇ ਸੁੱਕਦੇ- ਮੁਰਝਾਉਂਦੇ ਵਿਸ਼ਵਾਸ ਨੂੰ ਦਿੱਤਾ।

"ਕਰਨਾ ਕੀ ਹੈ, ਬਸ ਦੂਰੋਂ ਘੋਸ਼ ਬਾਬੂ ਦੇ ਦਰਸ਼ਨ ਕਰ ਕੇ ਮੁੜ ਆਉਣਾ।" ਸੁਜਾਤਾ ਜਾਣਦੀ ਸੀ ਕਿ ਦੋਸਤ ਨੂੰ ਵੇਖੇ ਬਿਨਾ ਪਤੀ ਦੀਆਂ ਆਉਣ ਵਾਲੀਆਂ ਕਿੰਨੀਆਂ ਹੀ ਰਾਤਾਂ

ਉਨੀਂਦਰੀਆਂ ਬੀਤਣਗੀਆਂ।

"ਨਹੀਂ... ਨਹੀਂ, ਮੈਂ ਸੋਚਦਾ ਹਾਂ, ਮੇਰਾ ਨਾ ਜਾਣਾ ਹੀ ਠੀਕ ਰਹੇਗਾ...।"

ਸੁਕੇਸ਼ ਬਾਬੂ ਫੈਸਲਾਕੁਨ ਆਵਾਜ਼ ਵਿੱਚ ਬੋਲੇ। ਉਨ੍ਹਾਂ ਦੇ ਮੱਥੇ 'ਤੇ ਮੁੜ੍ਹਕੇ ਦੀਆਂ ਬੂੰਦਾਂ ਚਮਕਣ ਲੱਗੀਆਂ। ਮਨ ਵਿਚ ਉਲਝਣ ਦਾ ਜਵਾਰਭਾਟਾ ਉੱਛਲ ਰਿਹਾ ਸੀ। ਉਸੇ ਦੇ ਕੁਝ ਛਿੱਟੇ ਮੱਥੇ 'ਤੇ ਛੋਟੀਆਂ-ਛੋਟੀਆਂ ਬੂੰਦਾਂ ਬਣ ਕੇ ਉਭਰ ਆਏ ਸਨ। ਚਿਹਰੇ 'ਤੇ ਚਿੰਤਾ ਦੇ ਬੱਦਲ ਘਿਰ ਆਏ।

"ਕਿਤੇ ਮੈਨੂੰ ਕੁਝ ਹੋ ਗਿਆ ਤਾਂ... ਬੱਚੇ ਵੀ ਹਜ਼ਾਰਾਂ ਮੀਲ ਦੂਰ ਨੇ... ਨਹੀਂ, ਨਹੀਂ... ਮੇਰਾ ਨਾ ਜਾਣਾ ਹੀ ਠੀਕ ਹੈ।"

"ਠੀਕ ਹੈ, ਜਿਵੇਂ ਤੁਹਾਡੀ ਮਰਜ਼ੀ !" ਸੁਜਾਤਾ ਕੋਈ ਦਬਾਅ ਨਹੀਂ ਪਾਉਣਾ ਚਾਹੁੰਦੀ ਸੀ। ਮਨ ਵਿੱਚ ਪਤੀ ਦੀ ਉਮਰ ਅਤੇ ਬਲੱਡ ਪ੍ਰੈਸ਼ਰ ਨੂੰ ਲੈ ਕੇ ਚਿਤਾਵਨੀ ਦੀ ਘੰਟੀ ਵੱਜ ਰਹੀ ਸੀ।

ਪੌਣੇ ਬਾਰਾਂ ਵਜੇ ਹੀ ਕੁਰਸੀ ਡਾਹ ਕੇ ਸੁਕੇਸ਼ ਬਾਬੂ ਆਪਣੀ ਬਾਲਕੋਨੀ ਵਿੱਚ ਬਹਿ ਗਏ ਅਤੇ ਟਿਕਟਿਕੀ ਲਾ ਕੇ ਹੇਠਾਂ ਆਉਂਦੀਆਂ-ਜਾਂਦੀਆਂ ਇੱਕਾ-ਦੁੱਕਾ ਗੱਡੀਆਂ ਨੂੰ ਵੇਖਣ ਲੱਗੇ।

'ਕੋਈ ਨਾ ਕੋਈ ਐਂਬੂਲੈਂਸ ਹੀ ਆਵੇਗੀ ਡੈੱਡ-ਬੌਡੀ ਲੈ ਕੇ...' ਆਪਣੇ ਆਪ ਨਾਲ ਗੱਲਾਂ ਕਰਦਿਆਂ ਬੇਚੈਨ ਨਜ਼ਰਾਂ ਸੁਸਾਇਟੀ ਦੇ ਦਰਵਾਜ਼ੇ 'ਤੇ ਟਿਕ ਗਈਆਂ।

"ਚੱਲੋ ਨਾ ਅੰਦਰ! ਕਿਉਂ ਗਰਮੀ ਵਿਚ ਬੈਠੇ ਹੋ?"

"ਹੁਣ ਮੈਂ ਇੱਥੇ ਵੀ ਨਾ ਬੈਠਾਂ? ਘੋਸ਼ ਮੇਰਾ ਦੋਸਤ ਸੀ। ਤੂੰ ਕੀ ਚਾਹੁੰਦੀ ਏਂ...ਪੱਥਰ ਬਣ ਜਾਵਾਂ?..." ਉਨ੍ਹਾਂ ਦੀ ਆਵਾਜ਼ ਵਿੱਚ ਡੂੰਘੀ ਤੜਪ ਵੇਖ ਕੇ ਸੁਜਾਤਾ ਡਰ ਗਈ। ਸੁਕੇਸ਼ ਬਾਬੂ ਦੀਆਂ ਅੱਖਾਂ ਮੱਚ ਰਹੀਆਂ ਸਨ।

"ਤੁਸੀਂ ਸ਼ਾਂਤ ਹੋ ਜਾਓ... ਮੇਰਾ ਮਤਲਬ ਸੀ ਇੱਥੇ ਬੜੀ ਗਰਮੀ ਹੈ, ਐਂਬੂਲੈਂਸ ਆਵੇਗੀ ਤਾਂ ਅੰਦਰ ਆਵਾਜ਼ ਸੁਣ ਜਾਵੇਗੀ... ਫਿਰ ਮੈਂ ਦਲੀਪ ਨੂੰ ਕਿਹਾ ਹੈ ਨਾ, ਖ਼ਬਰ ਦੇਣ ਲਈ...।"

"ਬਸ, ਮੈਂ ਠੀਕ ਹਾਂ, ਤੂੰ ਜਾਹ।" ਰੁੱਖੀ ਆਵਾਜ਼ ਵਿੱਚ ਸੁਕੇਸ਼ ਬਾਬੂ ਬੋਲੇ। ਸੁਜਾਤਾ ਜਾਣ ਦੀ ਥਾਂ ਇਕ ਕੁਰਸੀ ਖਿੱਚ ਕੇ ਉਨ੍ਹਾਂ ਦੇ ਕੋਲ ਹੀ ਬਹਿ ਗਈ।

"ਉਫ਼! ਕੋਰੋਨਾ ਨੇ ਤਾਂ ਦੁਨੀਆ ਹੀ ਲੁੱਟ ਲਈ ਹੈ... ਆਪਣੇ ਵੀ ਪਰਾਏ ਹੋ ਗਏ ਨੇ ! ਵੇਖੋ, ਹੇਠਾਂ ਕੋਈ ਵਿਖਾਈ ਨਹੀਂ ਦੇ ਰਿਹਾ। ਸੁਸਾਇਟੀ ਦੇ ਲੋਕਾਂ ਨੂੰ ਕੀ ਪਤਾ ਨਹੀਂ ਹੈ?" ਕੈਂਪਸ ਦਾ ਸੁੰਨਾਪਣ ਉਨ੍ਹਾਂ ਨੂੰ ਬੋਝਲ ਲੱਗ ਰਿਹਾ ਸੀ।

"ਪਤਾ ਨ੍ਹੀਂ ਕਿਵੇਂ ਹੋਵੇਗਾ ਪਰ ਅਜਿਹੇ ਵੇਲੇ ਸਾਰੇ ਮੌਕੇ 'ਤੇ ਹੀ ਆਉਣਗੇ", ਸੁਜਾਤਾ ਨੇ ਦਲੀਲ ਦਿੱਤੀ।

ਕਰੀਬ ਸਾਢੇ ਬਾਰਾਂ ਵਜੇ ਐਂਬੂਲੈਂਸ ਆਈ ਪਰ ਨਾ ਦਰਵਾਜ਼ਾ ਖੁੱਲ੍ਹਿਆ, ਨਾ ਡੈੱਡ-ਬੌਡੀ ਲਾਹੀ ਗਈ। ਉਦੋਂ ਹੀ ਡਰਾਈਵਰ ਗੱਡੀ ਤੋਂ ਉਤਰਿਆ ਅਤੇ ਪਾਰਕਿੰਗ ਵਿਚ ਜਾ ਕੇ ਕਿਸੇ ਨਾਲ ਗੱਲਾਂ ਕਰਨ ਲੱਗਿਆ। ਸੁਕੇਸ਼ ਅਤੇ ਸੁਜਾਤਾ ਬੇਚੈਨੀ ਨਾਲ ਵੇਂਹਦੇ ਰਹਿ ਗਏ। ਦਸ ਮਿੰਟਾਂ ਪਿੱਛੋਂ ਡਰਾਈਵਰ ਆਇਆ ਅਤੇ ਉਸ ਨੇ ਐਂਬੂਲੈਂਸ ਬੈਕ ਕਰਕੇ ਮੋੜੀ। ਪਾਰਕਿੰਗ 'ਚੋਂ ਇਕ ਹੋਰ ਗੱਡੀ ਨਿਕਲੀ, ਜਿਸ ਵਿੱਚ ਘੋਸ਼ ਬਾਬੂ ਦਾ ਭਤੀਜਾ ਅਤੇ ਸਾਲ਼ਾ ਦੋ ਹੋਰ ਬੰਦਿਆਂ ਨਾਲ ਬੈਠੇ ਸਨ।

ਐਂਬੂਲੈਂਸ ਦੇ ਪਿੱਛੇ-ਪਿੱਛੇ ਇਹ ਗੱਡੀ ਵੀ ਸੋਸਾਇਟੀ ਦੇ ਮੁੱਖ ਗੇਟ ਵੱਲ ਵਧ ਗਈ। ਪ੍ਰਸ਼ਾਸਨ ਨੇ ਸਸਕਾਰ ਲਈ ਸਿਰਫ਼ ਪੰਜ ਜਣਿਆਂ ਦੀ ਗਿਣਤੀ ਨਿਸ਼ਚਿਤ ਕੀਤੀ ਹੈ, ਜਿਸ ਦੀ ਉਲੰਘਣਾ ਦੰਡਯੋਗ ਅਪਰਾਧ ਹੈ।

ਬਾਲਕੋਨੀ ਵਿੱਚ ਬੈਠੇ ਦੰਪਤੀ ਹੈਰਾਨ ਸਨ। ਸੋਸਾਇਟੀ ਦਾ ਇੱਕ ਵੀ ਬੰਦਾ ਘੋਸ਼ ਬਾਬੂ ਨੂੰ ਵਿਦਾ ਕਰਨ ਨਹੀਂ ਆਇਆ। ਬਹਿਰਹਾਲ, ਅੱਧਾ ਦਰਜਨ ਕੁੱਤੇ ਸਵੇਰ ਤੋਂ ਕੈਂਪਸ ਦੇ ਵਿਚਕਾਰ ਬਣੇ ਮੈਦਾਨ ਵਿੱਚ ਚਾਰੇ ਪਾਸੇ ਬੌਖਲਾਏ ਜਿਹੇ ਘੁੰਮ ਰਹੇ ਹਨ। ਇੱਕ-ਇੱਕ ਕਰਕੇ ਸੜਕ ਦੇ ਇਨ੍ਹਾਂ ਆਵਾਰਾ ਕੁੱਤਿਆਂ ਨੂੰ ਘੋਸ਼ ਬਾਬੂ ਆਪਣੀ ਖਾਲੀ ਪਏ ਦੂਜੇ ਫਲੈਟ ਵਿਚ ਪਨਾਹ ਦਿੰਦੇ ਰਹੇ। ਉਨ੍ਹਾਂ ਨੇ ਇੱਕ ਸਟਾਫ਼-ਮੈਂਬਰ ਨੂੰ ਖਾਸ ਤੌਰ 'ਤੇ ਇਨ੍ਹਾਂ ਦੀ ਦੇਖਭਾਲ, ਖਾਣ-ਪੀਣ ਅਤੇ ਸਵੇਰੇ-ਸਵੇਰੇ ਘੁੰਮਾਉਣ ਲਈ ਮੁਕੱਰਰ ਕੀਤਾ ਗਿਆ ਹੈ। ਕਈ ਵਾਰ ਇਹ ਕੁੱਤੇ ਜਾ ਕੇ ਕਿਸੇ ਦੀ ਪਾਰਕਿੰਗ ਵਿਚ ਗੰਦਗੀ ਫੈਲਾ ਦਿੰਦੇ ਹਨ 'ਤੇ ਕਦੇ ਇੱਕ ਟੰਗ ਚੁੱਕ ਕੇ ਪਿਸ਼ਾਬ ਕਰ ਦਿੰਦੇ ਹਨ। ਰਾਤ ਨੂੰ ਇਨ੍ਹਾਂ ਦੇ ਕੋਰਸ ਵਿੱਚ ਭੌਂਕਣ ਤੇ ਵੀ ਕਈ ਲੋਕ ਗਾਲ੍ਹਾਂ ਕੱਢਦੇ ਰਹੇ ਹਨ। ਹਰ ਰੋਜ਼ ਕੋਈ ਨਾ ਕੋਈ ਗੁਆਂਢੀ ਘੋਸ਼ ਬਾਬੂ ਦੇ ਚਹੇਤਿਆਂ ਨੂੰ ਲੈ ਕੇ ਉਨ੍ਹਾਂ ਨਾਲ ਬਹਿਸ ਕਰਦਾ ਪਰ ਘੋਸ਼ ਬਾਬੂ ਇੱਕ ਕੰਨ ਤੋਂ ਸੁਣ ਕੇ ਦੂਜੇ ਤੋਂ ਕੱਢ ਦਿੰਦੇ। ਇਸ ਦੌਰਾਨ ਬਾਦਸਤੂਰ ਇੱਕ ਮੁਸਕਰਾਹਟ ਉਨ੍ਹਾਂ ਦੇ ਚਿਹਰੇ 'ਤੇ ਚਿਪਕੀ ਰਹਿੰਦੀ।

ਕਹਿੰਦੇ ਹਨ, ਜਾਨਵਰ ਬਿਪਤਾ ਨੂੰ ਇਨਸਾਨਾਂ ਨੂੰ ਵੀ ਜਲਦੀ ਸੁੰਘ ਲੈਂਦਾ ਹੈ। ਸ਼ਾਇਦ ਇਨ੍ਹਾਂ ਬੇਜ਼ਬਾਨਾਂ ਨੇ ਵੀ ਆਪਣੇ ਪਾਲਣਹਾਰ ਨਾਲ ਵਾਪਰੀ ਘਟਨਾ ਨੂੰ ਭਾਂਪ ਲਿਆ ਹੈ।

ਐਂਬੂਲੈਂਸ ਦੇ ਸੋਸਾਇਟੀ ਤੋਂ ਨਿਕਲਦਿਆਂ ਹੀ ਸੁਕੇਸ਼ ਬਾਬੂ ਡੁਸਕਣ ਲੱਗੇ। ਆਪਣੇ ਦੋਸਤ ਦੀ ਜੁਦਾਈ ਅਤੇ ਆਪਣੀ ਮਜਬੂਰੀ 'ਤੇ। ਅੱਜ ਲੱਗ ਰਿਹਾ ਹੈ ਮਨ ਦੇ ਨਾਲ-ਨਾਲ ਤਨ ਦੀਆਂ ਨਜ਼ਦੀਕੀਆਂ ਕਿੰਨੀਆਂ ਜ਼ਰੂਰੀ ਹਨ। ਡਿੱਗਦੇ ਦਾ ਹੱਥ ਫੜ ਲੈਣਾ, ਮੌਜ-ਮਸਤੀ ਦੀਆਂ ਗਲਵੱਕੜੀਆਂ, ਟੁੱਟਦੇ ਹੌਸਲਿਆਂ ਵਿੱਚ ਮੋਢੇ 'ਤੇ ਉਮੀਦ ਭਰਿਆ ਨਿੱਘਾ ਹੱਥ। ਕਿੰਨਾ ਜ਼ਰੂਰੀ ਹੈ ਇਹ ਸਭ-ਕੁਝ! ਪਰ... ਪਰ...

''ਸਭ ਛੁੱਟ ਰਿਹਾ ਹੈ ਸੁਜਾਤਾ, ਦੁਨੀਆ ਬਦਲ ਗਈ ਹੈ... ਕੀ-ਕੀ ਹੋਣ ਵਾਲਾ ਹੈ!'' ਉਨ੍ਹਾਂ ਦਾ ਡੁਸਕਣਾ ਤੇ ਰੋਣਾ ਸੁਜਾਤਾ ਨੂੰ ਡਰਾ ਰਿਹਾ ਸੀ।

''ਆਪਣੇ ਆਪ ਨੂੰ ਸੰਭਾਲੋ। ਤਬੀਅਤ ਖ਼ਰਾਬ ਹੋ ਜਾਵੇਗੀ।'' ਉਹਨੇ ਪਤੀ ਦੇ ਮੋਢੇ 'ਤੇ ਹੱਥ ਰੱਖ ਕੇ ਹੌਲੀ ਜਿਹੀ ਦਬਾਇਆ।

''ਹਾਏ, ਮੈਂ ਕਿੰਨਾ ਸੁਆਰਥੀ ਹੋ ਗਿਆ ਹਾਂ'', ਸਵੈ-ਘਿਰਣਾ ਨਾਲ ਉਨ੍ਹਾਂ ਦਾ ਮਨ ਸੜ ਰਿਹਾ ਸੀ।

ਉਹ ਨਹੀਂ ਜਾਣਦੇ ਸਨ ਕਿ ਉਨ੍ਹਾਂ ਵਾਂਗ ਕਿੰਨੀਆਂ ਹੀ ਬਾਲਕੋਨੀਆਂ ਅਤੇ ਖਿੜਕੀਆਂ ਦੇ ਝਰੋਖਿਆਂ 'ਚੋਂ ਲੋਕੀਂ ਸੀਖਾਂ ਵਿੱਚ ਬੰਦ ਪੰਛੀ ਵਾਂਗ ਲਟਕੇ ਸਨ ਅਤੇ ਸਿੱਲ੍ਹੀਆਂ ਅੱਖਾਂ ਨਾਲ ਘੋਸ਼ ਬਾਬੂ ਨੂੰ ਵਿਦਾ ਕਰ ਰਹੇ ਸਨ।

ਸੋਸਾਇਟੀ 'ਚੋਂ ਨਿਕਲੀ ਐਂਬੂਲੈਂਸ ਦੇ ਪਿੱਛੇ ਦੌੜ ਕੇ ਗਏ ਕੁੱਤੇ ਅਜੇ ਵੀ ਮੁੱਖ ਗੇਟ 'ਤੇ ਖੜ੍ਹੇ ਹਨ। ਉਨ੍ਹਾਂ ਦਾ ਇਕੱਠਿਆਂ ਭੌਂਕਣਾ ਹਾਹਾਕਾਰ ਮਚਾ ਰਿਹਾ ਹੈ ਪਰ ਅੱਜ ਕੋਈ ਉਨ੍ਹਾਂ ਨੂੰ ਰੋਕ ਨਹੀਂ ਰਿਹਾ, ਭਜਾ ਨਹੀਂ ਰਿਹਾ...।

# ਆਸਟ੍ਰੇਲੀਆ ਦੀ ਪੰਜਾਬੀ ਕਵਿਤਾ : ਆਰੰਭ ਵਿਕਾਸ ਤੇ ਸਰੋਕਾਰ

*ਗਗਨਦੀਪ ਸਿੰਘ*

ਇਹ ਆਮ ਹੀ ਦੇਖਣ ਵਿੱਚ ਆਉਂਦਾ ਹੈ ਕਿ ਜਦੋਂ ਪੰਜਾਬੀਆਂ ਦੇ ਪਰਵਾਸ ਦੀ ਗੱਲ ਕੀਤੀ ਜਾਂਦੀ ਹੈ ਤਾਂ ਪੰਜਾਬੀਆਂ ਦੇ ਪਹਿਲੇ - ਪਹਿਲੇ ਪਰਵਾਸ ਸਬੰਧੀ ਬਰਤਾਨੀਆਂ, ਅਮਰੀਕਾ ਅਤੇ ਕੈਨੇਡਾ ਤੋਂ ਹੀ ਗੱਲ ਸ਼ੁਰੂ ਕੀਤੀ ਜਾਂਦੀ ਹੈ ਪਰ ਪੰਜਾਬੀਆਂ ਦੇ ਪਰਵਾਸ ਦੇ ਇਤਿਹਾਸ ਨੂੰ ਰਤਾ ਗਹੁ ਨਾਲ ਦੇਖਿਆ ਜਾਵੇ ਤਾਂ ਪੰਜਾਬੀਆਂ ਦਾ ਪਰਵਾਸ ਅਸਟ੍ਰੇਲੀਆ ਵੱਲ ਪਰਵਾਸ ਬਰਤਾਨੀਆਂ, ਅਮਰੀਕਾ ਅਤੇ ਕੈਨੇਡਾ ਦੇ ਪਰਸਪਰ ਹੀ ਸ਼ੁਰੂ ਹੋ ਜਾਂਦਾ ਹੈ। ਅੱਜ ਪੰਜਾਬੀ ਲੋਕ ਪੂਰੇ ਵਿਸ਼ਵ ਵਿਚ ਫੈਲੇ ਹੋਏ ਹਨ। ਪੰਜਾਬੀਆਂ ਦੇ ਪਰਵਾਸ ਧਾਰਨ ਪਿੱਛੇ ਵੱਖ - ਵੱਖ ਪਰਸਥਿਤੀਆਂ ਕਾਰਜਸ਼ੀਲ ਰਹੀਆਂ ਹਨ ਇਹਨਾਂ ਪਰਸਥਿਤੀਆਂ ਬਦੌਲਤ ਵੱਡੀ ਗਿਣਤੀ ਵਿਚ ਪੰਜਾਬੀਆਂ ਨੇ ਪਰਵਾਸ ਕੀਤਾ ਅਤੇ ਮੇਜ਼ਬਾਨ ਮੁਲਕਾਂ ਵਿਚ ਆਪਣਾ ਪੱਕਾ ਟਿਕਾਣਾ ਵੀ ਬਣਾ ਲਿਆ ਹੈ। ਅੱਜ ਇਕ ਵੱਡੀ ਗਿਣਤੀ ਪੰਜਾਬੀਆਂ ਦੀ ਅਸਟ੍ਰੇਲੀਆਂ ਵਿਚ ਵਸ ਰਹੀ ਹੈ ਜਿਸ ਬਦੌਲਤ ਉੱਥੇ ਪੰਜਾਬੀ ਸਾਹਿਤ ਸਿਰਜਣਾ ਵੀ ਗਿਣਾਤਮਿਕ ਅਤੇ ਗੁਣਾਂਤਮਕ ਦੋਹਾਂ ਰੂਪਾਂ ਵਿਚ ਹੀ ਸਾਹਮਣੇ ਆ ਰਹੀ ਹੈ। ਅੱਜ ਪੰਜਾਬੀ ਅਸਟ੍ਰੇਲੀਆ ਦੇ ਕੁਝ ਹਿੱਸਿਆਂ ਵਿਚ ਦੂਜੀ ਭਾਸ਼ਾ ਵਜੋਂ ਆਪਣੀ ਹੋਂਦ ਰੱਖਦੀ ਹੈ।

ਪੰਜਾਬੀਆਂ ਦਾ ਅਸਟ੍ਰੇਲੀਆ ਵੱਲ ਪਰਵਾਸ ਬੇਸ਼ੱਕ ਹੋਰਨਾਂ ਵਿਕਸਿਤ ਮੁਲਕਾਂ ਦੇ ਨਾਲ ਹੀ ਸ਼ੁਰੂ ਹੋ ਜਾਂਦਾ ਹੈ ਪਰ ਜਿਵੇਂ ਕਿ ਪਹਿਲਾਂ ਚਰਚਾ ਕਰ ਆਏ ਹਾਂ ਕਿ ਬਰਤਾਨੀਆਂ, ਕੈਨੇਡਾ ਅਤੇ ਅਮਰੀਕਾ ਵਿਚ ਪੰਜਾਬੀ ਸਾਹਿਤ ਦਾ ਆਗ਼ਾਜ ਗ਼ਦਰ ਕਾਵਿ ਨਾਲ ਹੋ ਜਾਂਦਾ ਹੈ ਪਰ ਅਸਟ੍ਰੇਲੀਆ ਦੇ ਪੰਜਾਬੀ ਸਾਹਿਤ ਵਿਚ ਇਸ ਤਰ੍ਹਾਂ ਦਾ ਕੋਈ ਹਵਾਲਾ ਅਜੇ ਤੱਕ ਸਾਡੇ ਸਾਹਮਣੇ ਨਹੀਂ ਆਇਆ ਹੈ। ਹਾਂ, ਇਹ ਜ਼ਰੂਰ ਹੈ ਕਿ ਅਸਟ੍ਰੇਲੀਆ ਦੇ ਮੁੱਢਲੇ ਪੰਜਾਬੀ ਸਾਹਿਤਕਾਰ ਪਹਿਲਾਂ ਭਾਰਤੀ ਪੰਜਾਬ ਵਿਚ ਵੀ ਆਪਣੀ ਸਾਹਿਤਕ ਹਾਜ਼ਰੀ ਲਗਵਾ ਚੁੱਕੇ ਸਨ। ਮੌਜੂਦਾ ਸਮੇ ਲਗਭਗ ਦੋ ਦਰਜਨ ਦੇ ਕਰੀਬ ਪੰਜਾਬੀ ਸਾਹਿਤਕਾਰ ਅਸਟ੍ਰੇਲੀਆ ਵਿੱਚ ਪੰਜਾਬੀ ਸਾਹਿਤ ਦੀ ਸੇਵਾ ਵਿੱਚ ਸਰਗਰਮ ਹਨ। ਇੰਡੋਜ਼ ਪੰਜਾਬੀ ਸਾਹਿਤ ਸਭਾ ਬ੍ਰਿਸਬੇਨ ਰਜਿ. 2017-18 ਅਸਟ੍ਰੇਲੀਆ ਦੀ ਪੰਜਾਬੀ

*ਪਿੰਡ ਸੰਧੂ ਖੁਰਦ, ਡਾਕ ਘੰਡਾ ਬੰਨਾ*
*ਤਹਿ ਫੂਲ, ਜਿਲ੍ਹਾ ਬਠਿੰਡਾ*
*ਪਿੰਨ ਕੋਡ 151106*
*ਮੋ. 7888512802*

ਸਾਹਿਤ ਸਰਗਰਮੀਆਂ ਦਾ ਹੱਬ ਬਣੀ ਹੋਈ ਹੈ ਜਿਸ ਦੇ ਮੌਜੂਦਾ ਪ੍ਰਧਾਨ ਜਰਨੈਲ ਸਿੰਘ ਬਾਸੀ ਹਨ।

ਅਸਟ੍ਰੇਲੀਆ ਵਿੱਚ ਪੰਜਾਬੀਆਂ ਦਾ ਪਰਵਾਸ ਸ਼ੁਰੂ ਤਾਂ ਬੇਸ਼ੱਕ ਬਰਤਾਨੀਆ, ਕੈਨੈਡਾ ਅਤੇ ਅਮਰੀਕਾ ਦਾ ਪਰਸਪਰ ਹੀ ਸ਼ੁਰੂ ਹੋ ਜਾਂਦਾ ਹੈ ਪਰ ਅਸਟ੍ਰੇਲੀਆ ਦੀ ਧਰਤੀ ਉਪਰ ਪੰਜਾਬੀਆਂ ਦੀ ਭਰਵੀਂ ਆਮਦ 21ਵੀਂ ਸਦੀ ਦੇ ਸ਼ੁਰੂਆਤੀ ਦੌਰ ਵਿਚ ਹੀ ਹੁੰਦੀ ਹੈ। ਸੋ ਇਸੇ ਲਈ ਹੀ ਪੰਜਾਬੀ ਸਾਹਿਤ ਸਿਰਜਣਾ ਦਾ ਪੱਖ ਵੀ ਰਤਾ ਪਛੜ ਕੇ ਹੀ ਸਾਹਮਣੇ ਆਉਂਦਾ ਹੈ। ਸ਼ਾਇਦ ਇਸੇ ਲਈ ਹੀ ਅਸਟ੍ਰੇਲੀਆ ਦੇ ਪਰਵਾਸ ਅਤੇ ਪਰਵਾਸੀ ਸਾਹਿਤ ਵੱਲ ਕੋਈ ਵੀ ਧਿਆਨ ਨਹੀਂ ਗਿਆ। ਇਹ ਹੁਣ ਤੱਕ ਪੰਜਾਬੀ ਸਾਹਿਤ ਜਗਤ ਦੇ ਵਿਦਵਾਨਾਂ ਦੀਆਂ ਅੱਖਾਂ ਤੋਂ ਪਰੋਖੇ ਹੀ ਰਿਹਾ ਹੈ। ਇਹ ਨਹੀਂ ਕਿ ਇੱਥੇ ਪੰਜਾਬੀ ਸਾਹਿਤ ਸਿਰਜਣਾ ਹੋਈ ਹੀ ਨਹੀਂ। ਅਸਟ੍ਰੇਲੀਆ ਦੀ ਧਰਤੀ 'ਤੇ ਪਹੁੰਚਣ ਵਾਲੇ ਪਹਿਲੇ ਪੰਜਾਬੀ ਸਾਹਿਤਕਾਰਾਂ ਵਿਚੋਂ ਗਿਆਨੀ ਸੰਤੋਖ ਸਿੰਘ ਦੀ ਨਾਮ ਵਿਸ਼ੇਸ਼ ਤੌਰ 'ਤੇ ਉੱਭਰ ਕਿ ਸਾਹਮਣੇ ਆਉਂਦਾ ਹੈ। ਸਾਹਿਤ ਸਿਰਜਣਾ ਨਾਲ ਉਹ ਪੰਜਾਬ ਰਹਿੰਦਿਆਂ ਹੀ ਜੁੜ ਜਾਂਦੇ ਹਨ। ਉਹ ਮੂਲ ਰੂਪ ਵਿਚ ਇਕ ਨਿਬੰਧਕਾਰ ਹਨ। ਉਹਨਾਂ ਦੇ 8 ਨਿਬੰਧ ਸੰਗ੍ਰਹਿ ਪ੍ਰਾਪਤ ਹੁੰਦੇ ਹਨ। ਇੱਥੇ ਸਾਡਾ ਮੂਲ ਮਨੋਰਥ ਅਸਟ੍ਰੇਲੀਆ ਦੀ ਪੰਜਾਬੀ ਕਵਿਤਾ ਨਾਲ ਹੀ ਹੈ ਸੋ ਅਸੀਂ ਇੱਥੇ ਕੇਵਲ ਕਵਿਤਾ ਦਾ ਹੀ ਜ਼ਿਕਰ ਕਰ ਰਹੇ ਹਾਂ। ਪਰਵਾਸੀ ਪੰਜਾਬੀ ਕਵਿਤਾ ਦੇ ਵਿਚ ਕਈ ਨਾਮ ਹਨ ਜੋ ਹੋਰਨਾਂ ਦੇਸ਼ਾਂ ਦੀ ਪਰਵਾਸੀ ਪੰਜਾਬੀ ਕਵਿਤਾ ਦੇ ਬਰਾਬਰ ਉੱਭਰ ਕਿ ਸਾਹਮਣੇ ਆ ਰਹੇ ਹਨ। ਜਿੰਨ੍ਹਾਂ ਸਬੰਧੀ ਜੁਟਾਈ ਗਈ ਜਾਣਕਾਰੀ ਨੂੰ ਅੱਗੇ ਮੁਹੱਈਆ ਕਰਵਾਇਆ ਜਾ ਰਿਹਾ ਹੈ।

ਅਜੀਤ ਰਾਹੀ ਬਹੁ-ਵਿਧਾਈ ਅਸਟ੍ਰੇਲੀਅਨ ਪੰਜਾਬੀ ਸਾਹਿਤਕਾਰ ਹਨ। ਉਹ ਪੰਜਾਬ ਰਹਿੰਦਿਆਂ ਹੀ ਸਾਹਿਤ ਸਿਰਜਣਾ ਨਾਲ ਜੁੜੇ ਹੋਏ ਹਨ। 1961 ਤੋਂ 1963 ਤੱਕ ਉਹ ਨਵਾਂ ਜ਼ਮਾਨਾ ਦੇ ਸੰਪਾਦਕ ਵੀ ਰਹੇ। ਉਹਨਾਂ ਨੇ ਨਾਵਲ (7), ਵਾਰਤਕ (5), ਸਵੈ-ਜੀਵਨੀ ਅਤੇ ਕਹਾਣੀ ਰਚਨਾ ਦੇ ਨਾਲ - ਨਾਲ ਕਵਿਤਾ ਉਪਰ ਵੀ ਕਲਮ ਅਜ਼ਮਾਈ ਕੀਤੀ ਹੈ। ਹੁਣ ਤੱਕ ਉਹਨਾਂ ਦੇ ਸਿਲੇਹਾਰ (1965), ਅੱਜ ਦਾ ਗੌਤਮ (1982), ਤਵੀ ਤੋਂ ਤਲਵਾਰ ਤੱਕ (1987), ਅਸੀਂ ਤੇ ਸੋਚਿਆ ਨਹੀਂ ਸੀ (1989), ਇਹ ਵੀ ਦਿਨ ਆਉਣੇ ਸੀ (1990), ਮੁਕਤਾ ਅੱਖਰ (1990) ਅਤੇ ਮੈਂ ਪਰਤ ਆਵਾਂਗਾ (2005) ਤੱਕ 7 ਕਾਵਿ ਸੰਗ੍ਰਹਿ ਛਪ ਚੁੱਕੇ ਹਨ। ਉਹ ਆਪਣੀ ਸਮੁੱਚੀ ਕਵਿਤਾ ਨੂੰ ਸਤਰੰਗੀ ਨਾਂ ਹੇਠ ਵੀ ਸੰਕਲਿਤ ਕਰਦੇ ਹਨ। ਅਜੀਤ ਰਾਹੀ ਦੀ ਕਾਵਿ ਪੁਸਤਕ ਮੈਂ ਪਰਤ ਆਵਾਂਗਾ ਵਿਚੋਂ ਉਸ ਦਾ ਜੋ ਹੇਰਵਾ ਜਾਂ ਭੂ ਹੇਰਵਾ ਉੱਭਰਵੇਂ ਰੂਪ ਵਿਚ ਸਾਹਵੇਂ ਆਉਂਦਾ ਹੈ ਉਸ ਅਨੁਸਾਰ ਉਸ ਦੀ ਇਹ ਕਾਵਿ ਪੁਸਤਕ ਵਿਰਲਾਪ ਅਤੇ ਸੰਤਾਪ ਦੀ ਲਖਾਇਕ ਹੈ। ਗੁਰਬਚਨ ਦਾ ਕਥਨ ਕਿ ਹੁਣ ਵੀ ਕਵਿਤਾ ਉਹ ਕਾਵਿ ਹੈ ਜਿਸ ਵਿਚ ਪਰਵਾਸ ਸਮੁੱਚੀ ਹਯਾਤੀ ਵਿਚ ਵਾਪਰਨ ਵਾਲੀ ਘਟਨਾ ਵਾਂਗ ਹੈ। ਉਸਦੇ ਇਸ ਕਾਵਿ ਸੰਗ੍ਰਹਿ ਉਪਰ ਢੁੱਕਦਾ ਪ੍ਰਤੀਤ ਹੁੰਦਾ ਹੈ ਜਿੱਥੇ ਅਜੀਤ ਰਾਹੀ ਮੇਜ਼ਬਾਨ ਮੁਲਕ ਵਿਚ ਪਰਵਾਸੀ ਦੇ ਸੁਆਗਤ ਵਜੋਂ ਲਿਖਦੇ ਹਨ:-

ਤੁਸੀਂ ਇਸ ਦੇਸ਼ ਵਿਚ
ਨਵੇਂ ਆਏ ਹੋ ਜੀ ਆਇਆ

ਤੁਹਾਨੂੰ ਸੁਪਨਾ ਜ਼ਰੂਰ ਆਵੇਗਾ
ਪਿੱਛੇ ਰਹੇ ਪਿੰਡ ਦਾ। (ਅਜੀਤ ਰਾਹੀ)

ਇਸ ਹਵਾਲੇ ਮੁਜ਼ਬ ਪਰਵਾਸੀ ਲਈ ਪਰਵਾਸ ਕੇਵਲ ਬੇਗਾਨਗੀ ਦਾ ਹੀ ਸ੍ਰੋਤ ਨਹੀਂ ਬਲਕਿ ਮਨੁੱਖੀ ਸਾਹਸ ਲਈ ਇਕ ਚੁਣੌਤੀ ਵਜੋਂ ਵੀ ਦਰਪੇਸ਼ ਆਉਂਦਾ ਹੈ। ਇਉਂ ਇਹ ਹਵਾਲਾ ਬੇਗਾਨਗੀ ਦੇ ਨਾਲ ਹੀ ਨਾਲ ਚੁਣੌਤੀ ਦੇ ਵੀ ਸਨਮੁਖ ਕਰਦਾ ਹੈ।

ਅਮਰਜੀਤ ਟਾਂਡਾ ਚਰਚਿਤ ਪੰਜਾਬੀ ਕਵੀ, ਸਮਾਜ ਸੇਵਕ ਅਤੇ ਕੀਟ ਵਿਗਿਆਨੀ ਹਨ। ਟਾਂਡਾ ਅਸਟ੍ਰੇਲੀਆ ਦੇ ਸਿਡਨੀ ਵਸਦਾ ਉਹ ਸਾਹਿਤਕਾਰ ਹੈ ਜਿਸ ਨੇ ਕਵਿਤਾ ਦੇ ਨਾਲ - ਨਾਲ ਗਲਪ ਵਿਚ ਵੀ ਹਾਜ਼ਰੀ ਲਗਵਾਈ ਹੈ। ਉਹਨਾਂ ਦਾ ਇਕ ਕਾਵਿ ਸੰਗ੍ਰਹਿ (ਥਕੇ ਹੂਏ) ਹਿੰਦੀ ਵਿਚ ਵੀ ਪ੍ਰਕਾਸ਼ਿਤ ਹੁੰਦਾ ਹੈ। ਉਹਨਾਂ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਪੰਜਾਬੀ ਸਾਹਿਤ ਲਈ ਵਿਦੇਸ਼ ਵਿਚ ਦਿੱਤਾ ਜਾਂਦਾ ਸਨਮਾਨ ਵੀ ਹਾਸ਼ਿਲ ਹੈ। ਪੰਜਾਬੀ ਸਾਹਿਤ ਵਿਚ ਉਸਦਾ ਪ੍ਰਵੇਸ਼ ਪੰਜਾਬ ਰਹਿੰਦਿਆਂ ਹੀ ਹੋ ਜਾਂਦਾ ਹੈ। ਉਹ ਹਵਾਵਾਂ ਦੇ ਰੁਖ਼ (1978), ਲਿਖਤੁਮ ਨੀਲੀ ਬੰਸਰੀ (1998), ਕੋਰੇ ਕਾਗਜ਼ ਤੇ ਨੀਲੇ ਦਸਤਖ਼ਤ (ਮਿਤੀ ਹੀਣ), ਦੀਵਾ ਸਫ਼ਿਆਂ ਦਾ (2002), ਸੁਲਗਦੇ ਹਰਫ਼ (2007), ਕਵਿਤਾਂਜਲੀ (2018) ਅਤੇ ਸ਼ਬਦਾਂਮਣੀ (2018) ਤੱਕ 7 ਕਾਵਿ ਸੰਗ੍ਰਹਿ ਅਤੇ ਤਿੰਨ ਨਾਵਲ ਪ੍ਰਕਾਸ਼ਿਤ ਹੁੰਦੇ ਹਨ। ਉਪਰੋਕਤ ਕਾਵਿ ਸੰਗ੍ਰਹਿ ਉਸਦੀ ਕਾਵਿ ਪ੍ਰਾਪਤੀ ਹਨ ਅਤੇ ਉਸਦੀ ਕਾਵਿ ਚੇਤਨਾ ਉਸਦੇ ਅਨੁਭਵ, ਸੰਵੇਦਨਾ ਅਤੇ ਅਸਤਿਤਵੀ ਪ੍ਰਾਪਤੀ ਵਜੋਂ ਪੇਸ਼ ਹੁੰਦੀ ਹੈ। ਉਹ ਸੁਹਜਵਾਦੀ ਅਤੇ ਸੰਵੇਦਨਾਤਮਿਕ ਦ੍ਰਿਸ਼ਟੀ ਨੂੰ ਪ੍ਰਣਾਇਆ ਹੋਇਆ ਹੈ। ਜਿਸ ਵਿਚੋਂ ਉਸਦਾ ਜੋ ਵਿਅਕਤੀਤਵ ਉੱਭਰ ਕਿ ਸਾਹਮਣੇ ਆਉਂਦਾ ਹੈ ਉਸ ਅਨੁਸਾਰ ਉਹ ਵਿੱਥਾਂ ਦੀ ਬਜਾਏ ਸੁਮੇਲਤਾ ਨੂੰ ਸਿਰਜਦਾ ਪ੍ਰਤੀਤ ਹੁੰਦਾ ਹੈ। ਉਹ ਮੂਲ ਰੂਪ ਵਿਚ ਸਿੱਧੇ/ਅਸਿੱਧੇ ਰੂਪ ਵਿਚ ਆਪਣੀ ਲੋਕਾਈ ਅਤੇ ਆਪਣੇ ਵਿਰਸੇ ਨੂੰ ਮੁਖ਼ਾਤਿਬ ਰਹਿੰਦਾ ਹੈ। ਇਉਂ ਉਸਦਾ ਉੱਭਰਵਾਂ ਸਰੋਕਾਰ ਦੇਸ਼ ਪਿਆਰ ਹੈ ਜਿਸ ਨੂੰ ਉਹ ਵਿਭਿੰਨ ਮਸਲਿਆ ਰਾਹੀਂ ਪੇਸ਼ ਕਰਦਾ ਹੈ। ਇੱਥੇ ਸਾਡੇ ਹਵਾਲੇ ਅਨੁਸਾਰ ਉਸਦਾ ਇਹ ਦੇਸ਼ ਪਿਆਰ ਦੇਸ਼ ਵੰਡ ਦੇ ਦਰਦ ਵਿਚੋਂ ਉੱਭਰਦਾ ਹੈ। ਦੇਸ਼ ਵੰਡ ਦਾ ਦੁਖਾਂਤ ਦੋਵੇਂ ਪੰਜਾਬਾਂ ਲਈ ਇਕ ਸ੍ਰਾਪ ਵਾਂਗ ਹੈ ਜੋ ਇਕ ਇਤਿਹਾਸਕ ਜ਼ਖ਼ਮ ਵਜੋਂ ਅੱਜ ਵੀ ਤਾਜਾ ਹੈ। ਲੋਕ ਆਦਰਸ਼ਾਂ ਨੂੰ ਛੱਡ ਇਕ ਦੂਜੇ ਦੇ ਦੁਸ਼ਮਣ ਬਣ ਬੈਠੇ ਅਤੇ ਕਤਲੇਆਮ ਹੋਇਆ। ਇਹ ਇਕ ਅਜਿਹਾ ਸਮਾਂ ਸੀ ਜਿਸ ਨੂੰ ਚਿਤਵਦਿਆਂ ਅੱਜ ਵੀ ਰੂਹ ਕੰਬ ਜਾਂਦੀ ਹੈ। ਉਸਦਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਗਾਈ ਜੋਤ ਵਿਚ ਅਟੁੱਟ ਵਿਸ਼ਵਾਸ਼ ਹੈ। ਇਸੇ ਲਈ ਉਹ ਸਿੱਖ ਆਦਰਸ਼ਵਾਦ ਦਾ ਕਾਇਲ ਹੈ। ਉਹ ਪੰਜਾਬ ਦੇ ਇਹਨਾਂ ਹਲਾਤਾਂ ਨੂੰ ਮੁਖ਼ਾਤਬਿ ਲਿਖਦਾ ਹੈ:-

ਜੇ ਨਨਕਾਣੇ ਜਾਂਦੇ ਦੀ ਕੋਈ ਪੈੜ ਤੱਕ ਲੈਂਦਾ
ਰਾਗਾਂ ਨਾਲ ਤ੍ਰੰਗਿਤ ਹੋਣੀਆਂ ਸੀ ਪੌਣਾਂ - ਅੱਜ
ਦਰਿਆਵਾਂ ਦੀਆਂ ਲਹਿਰਾਂ 'ਤੇ ਕਹਿਰਾਂ ਦਾ ਹੁਸਨ ਹੋਣਾ ਸੀ-
ਬਾਹਾਂ 'ਚ ਗਲਵੱਕੜੀਆਂ ਜਨਮਦੀਆਂ
ਹਿੱਕ 'ਚ ਇਕ ਦੂਜੇ ਲਈ ਸੱਜਰੀਆਂ ਸੱਧਰਾਂ ਫੁੱਟਦੀਆਂ।
(ਅਮਰਜੀਤ ਟਾਂਡਾ)

ਪਰਵਾਸ ਦੀ ਚੇਤਨਾ ਰਾਹੀਂ ਦੇਸ਼ ਪਿਆਰ ਦਾ ਇਹ ਜ਼ਜ਼ਬਾ ਹੋਰ ਵੀ ਤੀਬਰ ਰੂਪ ਇਖਤਿਆਰ ਕਰਦਾ ਹੈ। ਜਿਸ ਪਿੱਛੇ ਪਰਵਾਸੀ ਨਾਲ ਹੁੰਦੇ ਵਿਤਕਰੇ ਜਾਂ ਖਾਸ਼ ਤੌਰ ਉਪਰ ਅਸਟ੍ਰੇਲੀਆਂ ਵਿਚ ਭਾਰਤੀਆਂ ਨਾਲ ਵਾਪਰੀਆਂ ਘਟਨਾਵਾਂ ਪਰਵਾਸੀ ਕਵੀ ਮਨ ਨੂੰ ਹੋਰ ਵੀ ਵਧੇਰੇ ਵਿਚਲਿਤ ਕਰਦੀਆਂ ਹਨ। ਜਿਸ ਬਦੌਲਤ ਉਸਦਾ ਰੁਖ ਅਤੀਤ ਵੱਲ ਮੁੜਦਾ ਹੈ ਅਤੇ ਉਹ ਪੰਜਾਬੀ ਰਹਿਤਲ ਨਾਲ ਚੇਤਨ ਸੰਵਾਦ ਰਚਾਉਂਣ ਲੱਗਦਾ ਹੈ। ਉਸ ਦੇ ਇਸ ਸੰਵਾਦ ਵਿਚੋਂ ਉਸਦੀਆਂ ਸਿਮਰਤੀਆਂ ਸਹਿਜੇ ਹੀ ਅਗਲੇਰੀਆਂ ਪੰਕਤੀਆਂ ਅਨੁਸਾਰ ਪੇਸ਼ ਹੋਈਆਂ ਦੇਖੀਆਂ ਜਾ ਸਕਦੀਆਂ ਹਨ:-

ਸਤਲੁਜ ਝਨਾ ਪਾਣੀ ਓਥੇ
ਦਾਦੀ ਦੀ ਕਹਾਣੀ ਓਥੇ
ਰਾਜਾ ਤੇ ਇਕ ਰਾਣੀ ਓਥੇ
ਸੁਪਨੇ ਮੇਰੇ ਹਾਣੀ ਓਥੇ
ਮਾਏ ਨੀ ਮੇਰਾ ਬਚਪਨ ਲੱਭਦੇ। (ਅਮਰਜੀਤ ਟਾਂਡਾ)

ਇਉਂ ਉਹ ਆਪਣੀ ਕਾਵਿ ਚੇਤਨਾ ਇਤਿਹਾਸ ਵਿਚੋਂ ਗ੍ਰਹਿਣ ਕਰਦਾ ਹੈ ਅਤੇ ਪੰਜਾਬੀ ਸਭਿਆਚਾਰ ਅਤੇ ਰਹਿਤਲ ਦੇ ਪ੍ਰਸੰਗਾ ਰਾਹੀਂ ਉਸਨੂੰ ਰੂਪਮਾਨ ਕਰਦਾ ਦ੍ਰਿਸ਼ਟੀਗੋਚਰ ਹੁੰਦਾ ਹੈ। ਉਸਦੇ ਵਿਲੱਖਣ ਅਨੁਭਵ ਉਸ ਨੂੰ ਇਕ ਗੌਲਣਯੋਗ ਪਰਵਾਸੀ ਸ਼ਾਇਰ ਵਜੋਂ ਸਥਾਪਿਤ ਕਰਦੇ ਹਨ।

ਸਰਬਜੀਤ ਸੋਹੀ 21ਵੀਂ ਸਦੀ ਦੀ ਪ੍ਰਗਤੀਵਾਦੀ ਪੰਜਾਬੀ ਕਵਿਤਾ ਦਾ ਚਰਚਿਤ ਪਰਵਾਸੀ ਪੰਜਾਬੀ ਸ਼ਾਇਰ ਹੈ। ਉਹ ਅਸਟ੍ਰੇਲੀਆ ਦੀ ਪੰਜਾਬੀ ਕਵਿਤਾ ਨੂੰ ਨਵੀਆਂ ਦਿਸ਼ਾਵਾਂ ਪ੍ਰਦਾਨ ਕਰਦਾ ਹੈ। ਉਸਦੀ ਕਵਿਤਾ ਆਪਣੇ ਵਿਲੱਖਣ ਕਾਵਿ ਮੁਹਾਵਰੇ ਅਤੇ ਵੇਗਮਈ ਸ਼ੈਲੀ ਕਾਰਨ ਪੰਜਾਬੀ ਸਾਹਿਤ ਜਗਤ ਵਿਚ ਬਹੁਤ ਹਰਮਨ ਪਿਆਰੀ ਹੋ ਰਹੀ ਹੈ। ਉਹ ਸ਼ਬਦਾਂ ਦੀ ਪਰਵਾਜ਼ (2017), ਪੰਜਾਂ ਪਾਣੀਆਂ ਦੇ ਗੀਤ ( 2017) ਅਤੇ ਜਗਦੇ ਹਰਫ਼ਾਂ ਦੀ ਡਾਰ (2018) ਤਿੰਨ ਕਾਵਿ ਪੁਸਤਕਾਂ ਦੀ ਸੰਪਾਦਨਾ ਤੋਂ ਇਲਾਵਾ ਸੂਰਜ ਆਵੇਗਾ ਕੱਲ ਵੀ (2016), ਤਰਕਸ਼ ਵਿਚਲੇ ਹਰਫ਼ (2017), ਲਹੂ ਵਿਚ ਮੌਲਦੇ ਗੀਤ (2019) ਨਾਮਕ ਤਿੰਨ ਮੌਲਿਕ ਕਾਵਿ ਸੰਗ੍ਰਹਿ ਪੰਜਾਬੀ ਸਾਹਿਤ ਜਗਤ ਦੀ ਝੋਲੀ ਪਾਉਂਦਾ ਹੈ। ਪੰਜਾਬੀ ਸਾਹਿਤ ਦੇ ਅਕਾਦਮਿਕ ਹਲਕਿਆਂ ਵਿਚ ਉਸਦੀ ਕਵਿਤਾ ਦਾ ਕਾਫੀ ਅਧਿਐਨ ਵਿਸ਼ਲੇਸ਼ਣ ਹੋ ਰਿਹਾ ਹੈ।

ਇਹਨਾਂ ਤੋਂ ਇਲਾਵਾ ਮਨਜੀਤ ਬੋਪਾਰਾਏ ਦਾ ਮੁੱਠੀ ਭਰ ਸਵਾਹ, ਹਰਕੀ ਵਿਰਕ ਦੀ ਤਿਤਲੀਆਂ ਦੀ ਵੇਦਨਾ, ਹਰਮਨਦੀਪ ਗਿੱਲ ਦੀ ਨਵੀਂ ਦੁਨੀਆਂ ਦੇ ਬਸ਼ਿੰਦਿਓ ਅਤੇ ਸੰਨਦ ਰਹੋ ਯਾਰੋ, ਡਾ. ਦਵਿੰਦਰ ਜੀਤਲਾ ਦੀ ਸੋਚਾਂ ਦਾ ਸਿਲਸਿਲਾ, ਅਮਨ ਭੰਗੂ ਦੀ ਅੱਖਰਾਂ ਦੇ ਸਿਰਨਾਵੇ ਂ, ਰਮਨਪ੍ਰੀਤ ਕੌਰ ਰਸ਼ਨੂਰ ਦੀ ਮੈਂ ਮੁਖਾਤਿਬ, ਹਰਦੀਪ ਭੰਗੂ ਦੀ ਪੀੜਾਂ ਦੇ ਪਰਛਾਵੇਂ ਅਤੇ ਦਰਦਾਂ ਦੇ ਦਰਿਆ, ਸ਼ੰਮੀ ਜਲੰਧਰੀ ਦੀ ਵਤਨੋਂ ਦੂਰ ਅਤੇ ਗ਼ਮਾਂ ਦਾ ਸਫ਼ਰ, ਮਾਸਟਰ ਦਰਸ਼ਨ ਸਿੰਘ ਦੀ ਖ਼ੂਨਆਬ ਆਦਿ ਕਾਵਿ ਸੰਗ੍ਰਹਿ ਪ੍ਰਾਪਤ ਹੁੰਦੇ ਹਨ। ਇਸ ਤੋਂ ਇਲਾਵਾ ਪ੍ਰੀਤ ਸੈਣੀ ਦੁਆਰਾ ਆਪਣਾ ਮੂਲ ਪਛਾਣ, ਸਰਘੀ ਦੇ ਫੁੱਲ, ਚਾਨਣ ਰੰਗੇ ਖੰਭ, ਸੁਪਨਿਆਂ ਦੀ ਪਰਵਾਜ਼ ਅਤੇ ਹਰਫ਼ ਨਾਦ ਕਾਵਿ

ਸੰਗ੍ਰਹਿ ਸੰਪਾਦਿਤ ਕੀਤੇ ਜਾਂਦੇ ਹਨ। ਇਹਨਾਂ ਦੇ ਨਾਲ – ਨਾਲ ਰਵਿੰਦਰ ਨਾਗਰਾ, ਦਲਵੀਰ ਹਲਵਾਰਵੀ, ਪ੍ਰੀਤ ਸਰਾਂ, ਰੂਪ ਸੇਖੋਂ, ਹਰਜੀਤ ਸੰਧੂ, ਪ੍ਰੀਤ ਗਿੱਲ ਅਤੇ ਰੀਤਿਕਾ ਅਹੀਰ, ਸਾਵਨਦੀਪ ਆਰਫ਼ ਆਦਿ ਪੰਜਾਬੀ ਦੇ ਸਰਗਰਮ ਅਸਟ੍ਰੇਲੀਆਈ ਪੰਜਾਬੀ ਸ਼ਾਇਰ/ਸ਼ਾਇਰਾਵਾਂ ਹਨ। ਇਹਨਾਂ ਸਭ ਦੀ ਕਾਵਿਕ ਹਾਜ਼ਰੀ ਅਸੀਂ ਅਕਸਰ ਅਖ਼ਬਾਰਾਂ, ਮੈਗਜ਼ੀਨਾਂ ਅਤੇ ਰਸਾਲਿਆਂ ਆਦਿ ਵਿਚ ਦੇਖਦੇ ਰਹਿੰਦੇ ਹਾਂ ਅਤੇ ਸਰਬਜੀਤ ਸੋਹੀ ਦੁਆਰਾ ਸੰਪਾਦਿਤ ਕਾਵਿ ਸੰਗ੍ਰਹਿ ਸ਼ਬਦਾਂ ਦੀ ਪਰਵਾਜ਼ ਅੰਤਰਗਤ ਇਹਨਾਂ ਦੀ ਸ਼ਾਇਰੀ ਦਾ ਸੰਕਲਨ ਵੀ ਦੇਖਿਆ ਜਾ ਸਕਦਾ ਹੈ।

ਕੁਲਜੀਤ ਕੌਰ ਗ਼ਜ਼ਲ ਅਸਟ੍ਰੇਲੀਆ ਦੀਆਂ ਪੰਜਾਬੀ ਸਾਹਿਤਕ ਸਰਗਰਮੀਆਂ ਦਾ ਚਰਚਿਤ ਨਾਮ ਹੈ। ਉਹਨਾਂ ਦੇ ਤਿੰਨ ਕਾਵਿ ਸੰਗ੍ਰਹਿ ਪ੍ਰਾਪਤ ਹੁੰਦੇ ਹਨ। ਤ੍ਰੇਲ ਜਿਹੇ ਮੋਤੀ, ਰਾਗ ਮੁਹੱਬਤ, ਇਹ ਪਰਿੰਦੇ ਸਿਆਸਤ ਨਹੀਂ ਜਾਣਦੇ ਉਸਦੀ ਪ੍ਰਾਪਤ ਕਵਿਤਾ ਹੈ। ਉਸਦੇ ਇਹ ਕਾਵਿ ਸੰਗ੍ਰਹਿ ਪੰਜਾਬ ਰਹਿੰਦਿਆਂ ਹੀ ਪ੍ਰਕਾਸ਼ਿਤ ਹੁੰਦੇ ਹਨ। ਮੌਜੂਦਾ ਸਮੇਂ ਅਸਟ੍ਰੇਲੀਆ ਦੀ ਨਾਰੀ ਕਵਿਤਾ ਦਾ ਉਹ ਉੱਭਰਵਾਂ ਨਾਮ ਹੈ।

ਕਵਿਤਾ ਦੇ ਨਾਲ – ਨਾਲ ਗ਼ਜ਼ਲ ਵੀ ਅਸਟ੍ਰੇਲੀਆ ਦੇ ਪੰਜਾਬੀ ਸਿਹਿਤ ਵਿਚ ਬਰਾਬਰ ਲਿਖੀ ਜਾ ਰਹੀ ਹੈ। ਰੁਪਿੰਦਰ ਸੋਜ਼ ਦਾ ਗ਼ਜ਼ਲ ਸੰਗ੍ਰਹਿ ਸੰਨਾਟਾ ਬੋਲਦਾ, ਜਸਵੰਤ ਵਾਗਲਾ ਦੇ ਹਾਦਸਿਆਂ ਦੇ ਜੰਗਲ ਅਤੇ ਝਾਂਜਰ, ਸੁਰਿੰਦਰ ਸਿਦਕ ਦੀ ਰੂਹ ਦੀ ਗਾਨੀ ਅਤੇ ਕੁਝ ਨਾ ਕਹਿ ਪ੍ਰਕਾਸ਼ਿਤ ਹੁੰਦੇ ਹਨ।

ਇੰਡੋਜ਼ ਪੰਜਾਬੀ ਸਾਹਿਤ ਸਭਾ ਅਸਟ੍ਰੇਲੀਆ ਦੀਆਂ ਪੰਜਾਬੀ ਸਾਹਿਤਕ ਸਰਗਰਮੀਆਂ ਦਾ ਕੇਂਦਰ ਬਣੀ ਹੋਈ ਹੈ। ਜਿਸ ਦੇ ਮੌਜੂਦਾ ਪ੍ਰਧਾਨ ਜਰਨੈਲ ਸਿੰਘ ਬਾਸੀ, ਸੀਨੀਅਰ ਮੀਤ ਪ੍ਰਧਾਨ ਮਨਜੀਤ ਸਿੰਘ ਬੋਪਾਰਾਏ ਅਤੇ ਮੀਤ ਪ੍ਰਧਾਨ ਆਤਮਾ ਸਿੰਘ ਹੇਅਰ ਹਨ। ਪੰਜਾਬੀ ਸਾਹਿਤਕ ਫੋਰਮ ਸਿਡਨੀ ਅਸਟ੍ਰੇਲੀਆ ਦੀ ਇਕ ਹੋਰ ਸਾਹਿਤਕ ਜੱਥੇਬੰਦੀ ਹੈ ਜਿਸਦੇ ਮੌਜੂਦਾ ਪ੍ਰਧਾਨ ਡਾ. ਦਵਿੰਦਰ ਜੀਤਲਾ ਹਨ।

ਇਉਂ ਇਹਨਾਂ ਉਪਰੋਕਤ ਸਾਹਿਤਕਾਰਾਂ ਦੇ ਯਤਨਾਂ ਸਦਕਾ ਅਸਟ੍ਰੇਲੀਆ ਦਾ ਪੰਜਾਬੀ ਸਾਹਿਤ ਬਰਤਾਨੀਆ, ਕੈਨੇਡਾ ਅਤੇ ਅਮਰੀਕਾ ਦੇ ਪੰਜਾਬੀ ਸਾਹਿਤ ਦੀ ਹਰੀ ਤਰ੍ਹਾਂ ਪੰਜਾਬੀ ਸਾਹਿਤ ਦੀ ਮੂਲਧਾਰਾ ਵਿਚ ਸ਼ੁਮਾਰ ਹੁੰਦਾ ਹੈ ਅਤੇ ਪੰਜਾਬੀ ਸਾਹਿਤ ਜਗਤ ਦੇ ਅਲੋਚਕਾਂ ਦਾ ਧਿਆਨ ਆਪਣੇ ਵੱਲ ਆਕ੍ਰਿਸ਼ਤ ਕਰਦਾ ਹੈ। ਵਿਚਾਰ ਅਧੀਨ ਵਿਸ਼ੇ ਨੂੰ ਲਏ ਜਾਣ ਦਾ ਕਾਰਨ ਅਸਟ੍ਰੇਲੀਆ ਦੀ ਪੰਜਾਬੀ ਕਵਿਤਾ ਸਬੰਧੀ ਕੋਈ ਵੀ ਵਿਸ਼ੇਸ਼ ਖੋਜ ਕਾਰਜ ਦਾ ਨਾ ਹੋਇਆਂ ਹੋਣਾ ਹੈ।

ਬੇਸ਼ੱਕ ਅਸਟ੍ਰੇਲੀਆ ਲਈ ਪੰਜਾਬੀਆਂ ਦਾ ਪਰਵਾਸ ਕੈਨੇਡਾ, ਅਮਰੀਕਾ ਅਤੇ ਬਰਤਾਨੀਆਂ ਦੇ ਪਰਸਪਰ ਹੀ ਸ਼ੁਰੂ ਹੋ ਜਾਂਦਾ ਹੈ ਪਰ ਸਾਹਿਤ ਸਿਰਜਣਾ ਦਾ ਆਗ਼ਾਜ਼ ਥੋੜ੍ਹਾ ਪਛੜ ਕਿ ਉਦੋਂ ਹੁੰਦਾ ਹੈ ਜਦੋਂ ਸ਼ੋਸ਼ਲ ਮੀਡੀਆ ਅਤੇ ਸੰਚਾਰ ਸਾਧਨਾਂ ਦੀ ਬੇਸ਼ੁਮਾਰ ਤਰੱਕੀ ਭੂਗੋਲਿਕ ਹੱਦ – ਬੰਦੀਆਂ ਨੂੰ ਫਿੱਕੇ ਕਰਦਿਆਂ ਪਰਵਾਸੀਆਂ ਦੀਆਂ ਮਾਨਸਿਕ ਉਲਝਣਾਵਾਂ, ਬੇਗਾਨਗੀ, ਭੂ – ਹੇਰਵਾ ਅਤੇ ਪੀੜ੍ਹੀ ਪਾੜਾ ਆਦਿ ਨੂੰ ਥੋੜ੍ਹੀ ਰਾਹਤ ਦੇਣ ਲੱਗਦੀ ਹੈ। ਅਸਟ੍ਰੇਲੀਆ ਦੀ ਪੰਜਾਬੀ ਕਵਿਤਾ ਭਰਵੇਂ ਰੂਪ ਵਿਚ ਤਾਂ ਇੱਕਵੀਂ ਸਦੀ ਵਿਚ ਹੀ ਆਪਣੇ ਨਕਸ਼ ਤਲਾਸ਼ਣ ਲੱਗਦੀ ਹੈ ਜਿੱਥੇ ਇਸ ਦਾ ਆਗ਼ਾਜ਼ ਅਜੀਤ ਰਾਹੀ ਅਸਟ੍ਰੇਲੀਆ ਪਰਵਾਸ ਦੇ ਆਪਣੇ ਮੁੱਢਲੇ ਸਮਿਆਂ ਵਿਚ ਕਰਦਾ ਹੈ ਤਾਂ ਉਹ ਵੀ ਹੋਰਨਾਂ ਦੇਸ਼ਾਂ ਦੀ ਪਰਵਾਸੀ ਪੰਜਾਬੀ ਕਵਿਤਾ ਵਾਂਗ ਘਰਵਾਸ ਤੋਂ ਪਰਵਾਸ ਵਿਚਲੇ

ਤਣਾਓ ਵਿਚ ਘਿਰਿਆ ਨਜ਼ਰ ਆਉਂਦਾ ਹੈ। ਹਾਂਲਾਕਿ ਪੰਜਾਬ ਰਹਿੰਦਿਆਂ ਉਸਦੀ ਪ੍ਰਾਪਤ ਸ਼ਾਇਰੀ ਵਿਚੋਂ ਪੰਜਾਬ ਦਾ ਦੁਖਾਂਤ ਅਤੇ ਨਕਸਲਬਾੜੀ ਲਹਿਰ ਦੇ ਪ੍ਰਭਾਵ ਭਰਵੇਂ ਰੂਪ ਵਿਚ ਉਜਾਗਰ ਹੁੰਦੇ ਹਨ। ਪਰਵਾਸ ਦੇ ਸਮੇਂ ਦੌਰਾਨ ਉਸਦੀ ਕਵਿਤਾ ਪਰਵਾਸੀ ਅਨੁਭਵ ਅਤੇ ਆਪਣੇ ਮੂਲ ਦੇਸ਼ ਦੇ ਪਿਆਰ ਵਿਚਾਲੇ ਜੋ ਖਾਈ ਪੈਂਦੀ ਹੈ, ਓਸੇ ਦੁਆਲੇ ਹੀ ਨਿਰੂਪਤ ਹੁੰਦੀ ਭਾਸਦੀ ਹੈ। ਉਸਦੀ ਕਵਿਤਾ ਤੁਲਨਾਤਮਿਕਤਾ ਦੀ ਦ੍ਰਿਸ਼ਟੀ ਨੂੰ ਆਤਮਸਾਤ ਕਰਦੀ ਸਿਮਰਤੀਆਂ ਵਿਚ ਪੁਰਾਤਨ ਪੰਜਾਬ ਅਤੇ ਸੰਚਾਰ ਸਾਧਨਾਂ ਦੀ ਤੇਜ਼ੀ ਕਾਰਨ ਪਰਿਵਰਤਿਤ ਪੰਜਾਬ ਦੀ ਪਰਵਾਸ ਦੇ ਸੰਦਰਭਾਂ ਵਿਚ ਤੁਲਨਾ ਕਰਦਿਆਂ ਸੁਪਨ ਸੰਸਾਰ ਅਤੇ ਵਰਤਮਾਨ ਯਥਾਰਥ ਵਿਚਲੇ ਤਣਾਓ ਨੂੰ ਰੂਪਾਂਤ੍ਰਿਤ ਕਰਦੀ ਹੈ। ਜਦੋਂ ਪੰਜਾਬ ਦੇ ਦੁਖਾਂਤ ਦੀ ਪੇਸ਼ਕਾਰੀ ਦੀ ਗੱਲ ਆਉਂਦੀ ਹੈ ਤਾਂ ਉਸਦੀ ਕਵਿਤਾ ਕੇਵਲ ਪਰਵਾਸੀ ਪੰਜਾਬੀ ਕਵਿਤਾ ਵਿਚ ਹੀ ਨਹੀਂ ਬਲਕਿ ਮੂਲਧਾਰਾ ਦੀ ਪੰਜਾਬੀ ਕਵਿਤਾ ਵਿਚ ਮੋਹਰੀ ਕਤਾਰ ਵਿਚ ਸ਼ੁਮਾਰ ਹੁੰਦੀ ਹੈ। ਪੰਜਾਬ ਦੁਖਾਂਤ ਦੇ ਪ੍ਰਭਾਵ ਨੂੰ ਜ਼ਾਹਿਰ ਕਰਦੀਆਂ ਉਸਦੀਆਂ ਇਹਨਾਂ ਕਾਵਿ ਪੰਕਤੀਆਂ ਰਾਹੀਂ ਗੁਜ਼ਰਿਆ ਜਾ ਸਕਦਾ ਹੈ:-

ਅਸੀਂ ਤੇ ਕਦੇ ਸੋਚਿਆ ਹੀ ਨਹੀਂ ਸੀ
ਕਿ ਸਾਡੀਆਂ ਪੁਸ਼ਤਾਂ ਦੇ ਪਿੰਡਿਆਂ ਨੂੰ
ਨੰਗੇ ਮੌਸਮ ਹੰਢਾਉਣੇ ਪੈਣਗੇ ਏਦਾਂ
ਤੇ ਸਾਡੇ ਬੱਚਿਆਂ ਦੇ ਸਕੂਲ ਦੇ ਬਸਤੇ
ਕਿਤਾਬਾਂ ਲਈ ਕੇਰਨਗੇ ਅੱਥਰੂ
ਤੇ ਉਹਨਾਂ ਦੀਆਂ ਡਿਗਰੀਆਂ ਦੇ ਮੂੰਹ 'ਤੇ
ਬੇਰੁਜਗਾਰੀ ਦੇ ਪੈਣਗੇ ਥੱਪੜ

(ਅਜੀਤ ਰਾਹੀਂ, ਅਸੀਂ ਤੇ ਸੋਚਿਆ ਹੀ ਨਹੀਂ ਸੀ, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1989, ਪੰਨਾ ਨੰ. 6)

ਇਉਂ ਉਸਦੀ ਕਵਿਤਾ ਭੂਤਕਾਲ ਨੂੰ ਅਵਚੇਤਨ ਵਿਚ ਰੱਖ ਪੰਜਾਬ ਦੁਖਾਂਤ ਦੌਰਾਨ ਵਰਤੇ ਪਰਿਵਰਤਨਾਂ ਨੂੰ ਰੁਪਮਾਨ ਕਰਦੀ ਪਰਵਾਸ ਨੂੰ ਆਖਰੀ ਹਥਿਆਰ ਵਜੋਂ ਚੁਣੇ ਜਾਣ ਨੂੰ //ਬੇਰੁਜਗਾਰੀ ਦੇ ਪੈਣਗੇ ਥੱਪੜ// ਰਾਹੀਂ ਡੀਕੋਡ ਕਰਦੀ ਹੈ। ਪੰਜਾਬੀ ਪਰਵਾਸ ਮੂਲ ਰੂਪ ਵਿਚ ਆਰਥਿਕ - ਸਭਿਆਚਾਰਕ ਵਰਤਾਰਾ ਹੈ ਜਿਸ ਨੇ ਸਾਡੀ ਸਭਿਆਚਾਰਕ ਬਣਤਰ/ਬੁਣਤਰ ਨੂੰ ਗਹਿਰੇ ਰੂਪ ਵਿਚ ਪ੍ਰਭਾਵਿਤ ਕੀਤਾ ਹੈ। ਹਰ ਦੇਸ਼ ਦੀ ਪਰਵਾਸੀ ਪੰਜਾਬੀ ਕਵਿਤਾ ਨਿਵੇਕਲੇ ਅਤੇ ਵਿਕੋਲਿਤਰੇ ਸਰੋਕਾਰਾਂ ਨੂੰ ਪੇਸ਼ ਕਰਦੀ ਹੈ ਅਜੀਤ ਰਾਹੀ ਜਦੋਂ ਪਰਵਾਸ ਦੇ ਸੰਤਾਪ ਨੂੰ ਭੋਗਦਾ ਟੁੱਟਦਾ ਹੈ ਤਾਂ ਅਜਿਹੇ ਪਰਵਾਸੀ ਦੀ ਤਸਵੀਰ ਚਿਤਰਦਾ ਹੈ ਜਿਸ ਵਿਚ ਉਹ ਆਤਮਿਕ - ਮਾਨਸਿਕ ਖਲਾਅ ਦੀਆਂ ਅਖੰਡ ਪ੍ਰਵਿਰਤੀਆਂ ਨੂੰ ਭੋਗਣ ਲਈ ਮਜ਼ਬੂਰ ਨਜ਼ਰ ਆਉਂਦਾ ਹੈ। ਅਸਟ੍ਰੇਲੀਆ ਦੀ ਪਰਵਾਸੀ ਪੰਜਾਬੀ ਕਵਿਤਾ ਜਿੰਨ੍ਹਾਂ ਅੰਤਰ ਸਭਿਆਚਾਰਕ ਸੰਦਰਭਾਂ ਦੀ ਉਪਜ ਹੈ ਉਸ ਪ੍ਰਤੀ ਵਧੇਰੇ ਕਵਿਤਾ ਵਿਚੋਂ ਨਕਾਰਾਤਮਕ ਸੁਰ ਵਾਲਾ ਹੁੰਘਾਰਾ ਹੀ ਉੱਭਰਦਾ ਹੈ। ਸੁਪਨ ਸੰਸਾਰ ਦਾ ਭੰਜਨ ਜਿਸ ਮਾਨਸਿਕ ਕਲੇਸ਼ ਨੂੰ ਜਨਮਦਾ ਹੈ ਉਸਦਾ ਵੇਰਵਾ ਅਜੀਤ ਰਾਹੀਂ 'ਮੈਂ ਪਰਤ ਆਵਾਂਗਾ' ਤਹਿਤ ਇਸ ਪ੍ਰਕਾਰ ਦਿੰਦਾ ਹੈ ਕਿ ਉਸਦੀ ਵਾਪਿਸ ਪਰਤਣ ਦੀ ਰੀਝ 'ਪਰਵਾਸ' ਦੇ ਸੰਪੂਰਨ ਦੁਖਾਂਤ ਨੂੰ

ਆਪਣੇ ਕਲਾਵੇ ਵਿਚ ਲੈਂਦੀ ਹੈ:-

ਮੈਂ ਤੇ ਘਰੋਂ
ਧੁੱਪ ਦੀ ਛਾਵੇਂ ਸੁਪਨੇ ਢੂੰਡਣ ਤੁਰਿਆ ਸੀ
ਪਰ ਛਿੱਲੜਾਂ ਦੇ ਹਨ੍ਹੇਰੇ ਵਿਚ
ਵਾਪਸੀ ਦਾ ਰਾਹ ਭੁੱਲ ਗਿਆ ਹਾਂ
ਮੈਂ ਤੇ ਇਸ ਯੁੱਗ ਦਾ ਅਭਿਮੰਨਿਊ ਹਾਂ
ਜਿਸ ਨੇ ਸ਼ਾਇਦ
ਮਾਂ ਦੇ ਗਰਭ ਵਿਚ
ਇਸ ਚੱਕਰਵਿਊ ਦੇ ਪ੍ਰਵੇਸ਼ ਤੱਕ ਦੀ ਕਥਾ ਹੀ ਸੁਣੀ ਸੀ
ਪਰ ਵਾਪਸੀ ਦਾ ਰਸਤਾ ਨਹੀਂ ਸੀ ਸੁਣਿਆ
ਐ ਮੇਰੇ ਦੇਸ਼
ਮੈਂ ਪਰਤ ਆਵਾਂਗਾ।

(ਅਜੀਤ ਰਾਹੀ, ਮੈਂ ਪਰਤ ਆਵਾਂਗਾ, ਕੁਕਨੁਸ ਪ੍ਰਕਾਸ਼ਨ, ਜਲੰਧਰ, 2005)

ਇਉਂ ਆਰਥਿਕ ਸਪੰਨਤਾ ਦੀ ਬਦੌਲਤ ਪਦਾਰਥਕ ਚਕਾ ਚੌਂਧ ਬੇਸ਼ੱਕ ਪਰਵਾਸੀ ਨੂੰ ਮੇਜ਼ਬਾਨ ਮੁਲਕ ਵਿਚਲੇ ਪ੍ਰਬੰਧ ਦੇ ਇਕ ਮੋਹਰੇ ਵਿਚ ਤਬਦੀਲ ਕਰ ਦਿੰਦੀ ਹੈ ਪਰ ਉਸਦੇ ਚੇਤਨ, ਅਵਚੇਤਨ ਵਿਚ ਪਿਆ ਜਨਮ ਭੋਇ ਦਾ ਪਿਆਰ ਵਾਪਸੀ ਲਈ ਪ੍ਰੇਰਦਾ ਰਹਿੰਦਾ ਹੈ। ਇਉਂ ਉਸਦੀ ਕਵਿਤਾ ਪੰਜਾਬ ਵਿਚ ਮੁਕੀਮ ਬੇਰੁਜ਼ਗਾਰੀ ਦੇ ਉਸ ਦੁਖਦ ਅਹਿਸਾਸ ਨੂੰ ਪੇਸ਼ ਕਰਦੀ ਹੈ ਜਿਸ ਬਦੌਲਤ ਪਰਵਾਸ ਦਾ ਵਰਤਾਰਾ ਹੋਰ ਵੀ ਵਧੇਰੇ ਜ਼ੋਰ ਫੜ੍ਹਦਾ ਹੈ।

ਬੇਸ਼ੱਕ ਪਰਵਾਸ ਸਹੇੜਣ ਦੇ ਕਾਰਕ ਤਾਂ ਮੁੱਢਲੇ ਅਸਟ੍ਰੇਲੀਆਈ ਪੰਜਾਬੀ ਸ਼ਾਇਰ ਵੀ ਦਰਜ ਕਰਦੇ ਹਨ ਪਰ ਉਹਨਾਂ ਆਪਣੀ ਕਵਿਤਾ ਵਿਚ ਪੰਜਾਬ ਨੂੰ ਹਮੇਸ਼ਾ ਮੋਹਰੀ ਰੱਖਿਆ ਹੈ। ਕਹਿਣ ਦਾ ਭਾਵ ਇਹ ਕਿ ਉਹਨਾਂ ਦੀ ਕਵਿਤਾ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਭਾਰੂ ਸੁਰ ਦੇਖਣ ਨੂੰ ਮਿਲਦੀ ਹੈ। ਹਰ ਹਾਲ ਪੁਰਾਤਣ ਪੰਜਾਬ ਦੀਆਂ ਯਾਦਾਂ, ਅਜੋਕੇ ਪੰਜਾਬ ਦੀਆਂ ਮੌਜੂਦਾ ਸਥਿਤੀਆਂ ਆਦਿ ਨੂੰ ਉਹ ਹਮੇਸ਼ਾ ਦ੍ਰਿਸ਼ ਮਾਨ ਕਰਨ ਵਿਚ ਅਗਰਸਰ ਰਹੇ ਹਨ। ਅਸਟ੍ਰੇਲੀਆਈ ਪੰਜਾਬੀ ਸ਼ਾਇਰੀ ਦੇ ਸਰੋਕਾਰਾਂ ਅੰਤਰਗਤ ਪੰਜਾਬ ਚੇਤਨਾ ਅਹਿਮ ਰੂਪ ਵਿਚ ਉਜਾਗਰ ਹੁੰਦੀ ਹੈ ਜਿਸ ਤਹਿਤ ਉਹ ਪੰਜਾਬ ਦੇ ਧਰਾਤਲ ਨੂੰ ਬਿਆਨਦੇ ਦ੍ਰਿਸ਼ਟੀਗੋਚਰ ਹੁੰਦੇ ਹਨ। ਪੰਜਾਬ ਦੀ ਰਾਜਨੀਤੀ ਉਪਰ ਕਟਾਖ਼ਸ ਇਸ ਕਵਿਤਾ ਦਾ ਪ੍ਰਮੁੱਖ ਸਰੋਕਾਰ ਬਣ ਉੱਭਰਦਾ ਹੈ। ਉਦਹਾਰਨ ਵਜੋਂ ਅਸਟ੍ਰੇਲੀਆਈ ਪੰਜਾਬੀ ਸ਼ਾਇਰੀ ਦੀਆਂ ਇਹਨਾਂ ਪੰਕਤੀਆਂ ਰਾਹੀਂ ਗੁਜਰਿਆ ਜਾ ਸਕਦਾ ਹੈ:-

ਇਹ ਕੁੱਤੀ ਚੋਰ ਦੋਵੇਂ ਸ਼ਾਮ ਪਈ ਤੇ ਇਕ ਹੋ ਜਾਂਦੇ
ਸੁਬ੍ਹਾ ਤੱਕ ਸੁੱਤਿਆਂ ਲੋਕਾਂ ਦੇ ਖੀਸੇ ਫੋਲ੍ਹ ਜਾਂਦੇ ਨੇ।

(ਕੁਲਜੀਤ ਕੌਰ ਗ਼ਜ਼ਲ, ਇਹ ਪਰਿੰਦੇ ਸਿਆਸਤ ਨਹੀਂ ਜਾਣਦੇ)

ਜੁਮਲਿਆਂ ਨੂੰ ਤਲੀ ਤੇ ਧਰ ਕੇ
ਕਿਹੜਾ ਪੇਟ ਭਰਦੇ ਨੇ
ਕਿੰਨਾ ਕੁ ਚਿਰ ਕੋਈ ਰੱਖ ਸਕਦਾ ਹੈ
ਬੱਚੇ ਨੂੰ ਖਿਡੌਣਿਆਂ ਦੇ ਲਾਰਿਆਂ ਤੇ
ਭਾਸ਼ਣ ਏਨੇ ਬੇਸ਼ਰਮ ਹੋ ਗਏ ਨੇ
ਕਿ ਮਰਦੇ ਨਹੀਂ ਸਦੀਆਂ ਦੇ ਹੱਥੋਂ।

(ਅਮਰਜੀਤ ਟਾਂਡਾ, ਕਵਿਤਾਂਜਲੀ)

ਸੌਂ ਜਾਂਦੇ ਏਥੇ ਫ਼ਰੇਬੀ , ਚੈਨ ਦੀ ਨੀਂਦਰੇ,
ਉੱਸਲਵੱਟੇ ਲੈਂਦੀ ਰਹਿ ਜਾਂਦੀ ਸ਼ਰਾਫ਼ਤ ਕਦੇ।

(ਰੁਪਿੰਦਰ ਸੋਜ਼, ਸੰਨਾਟਾ ਬੋਲਦਾ)

ਜਿਸ ਤਰ੍ਹਾਂ ਸ਼ਾਇਰ ਅਜੀਤ ਰਾਹੀਂ ਦੀ ਕਵਿਤਾ ਵਿਚ ਪਰਵਾਸ ਚੇਤਨਾਂ ਦੇ ਦੰਭਾਂ ਦੇ ਨਾਲ - ਨਾਲ ਪੰਜਾਬ ਦੇ ਦੁਖਾਂਤ ਦਾ ਦਰਦ ਝਲਕਦਾ ਹੈ ਅਸਟ੍ਰੇਲੀਆਈ ਪੰਜਾਬੀ ਸ਼ਾਇਰੀ ਵਿਚ ਸ਼ਾਇਰ ਅਮਰਜੀਤ ਟਾਂਡਾ ਓਸੇ ਪੰਜਾਬ ਦੁਖਾਂਤ ਨੂੰ ਅਗਾਂਹ ਤੋਰਦਾ ਹੈ। ਜਿਸ ਅੰਤਰਗਤ ਉਹ 84 ਦੇ ਕਤਲੇਆਮ ਸਬੰਧੀ ਕਵਿਤਾ ਰਚਦਾ ਨਜ਼ਰ ਆਉਂਦਾ ਹੈ। ਉਸਦੀ ਕਵਿਤਾ ਵਿਚ ਮਜ਼ਲੂਮਾਂ, ਮਾਸੂਮਾਂ, ਸਿੱਖ ਨੌਜਵਾਨਾਂ ਦੇ ਕਤਲੇਆਮ ਅਤੇ ਔਰਤਾਂ ਦੇ ਬੇਪੱਤੀ ਬਾਰੇ ਉਹ ਮਾਰਮਿਕ ਵੇਰਵੇ ਉਲੀਕਦਾ ਹੈ:-

ਓਦਣ ਦੀਆਂ ਮਾਵਾਂ ਨਹੀਂ ਸੁੱਤੀਆਂ
ਜਿੰਨ੍ਹਾਂ ਦੇ ਪੁੱਤ ਘਰੋਂ ਕਾਲਜ ਨੂੰ ਗਏ ਨਾ ਪਰਤੇ
ਕੀ ਦਿਆਂ ਦਿਲਾਸਾ ਉਹਨਾਂ ਨੂੰ।

(ਅਮਰਜੀਤ ਟਾਂਡਾ, ਸ਼ਬਦਾਂਮਣੀ)

ਉਸਦੀ ਕਵਿਤਾ ਦੀ ਸ਼ੁਰੂਆਤ ਪਾਸ ਦੇ ਬਰਾਬਰ ਹੁੰਦੀ ਹੈ ਜਿੱਥੇ ਉਹ ਪੰਜਾਬ ਚੇਤਨਾਂ ਦੇ ਸਰੋਕਾਰਾਂ ਨੂੰ ਮੁਖਾਤਿਬ ਹੁੰਦਾ ਹੈ ਓਥੇ ਉਹ ਨਾਲ ਹੀ ਨਾਲ ਪਾਸ਼ ਨੂੰ ਸਿਮਰਤੀਆਂ ਵਿਚ ਰੱਖ ਪਾਸ਼ ਬਾਰੇ ਲਿਖਦਿਆਂ ਪੰਜਾਬ ਦੇ ਮੌਜੂਦਾ ਹਾਲਾਤ ਨੂੰ ਸਹਿਜੇ ਹੀ ਬਿਆਨ ਕਰ ਜਾਂਦਾ ਹੈ। ਉਹ ਹਾਲਾਤ ਨੂੰ ਜਿਉਂ ਦੇ ਤਿਉਂ ਹੀ ਤਸੱਵਰ ਕਰਦਾ ਹੈ। ਉਹ ਲਿਖਦਾ ਹੈ ਕਿ ਜਿਸ ਤਰ੍ਹਾਂ ਉਹ (ਪਾਸ਼) ਹਾਲਾਤ ਨਾਲ ਦਸਤਪੰਜਾ ਲੈਂਦਾ ਸੀ ਅੱਜ ਉਸਦੇ ਹਾਣ ਦਾ ਕੋਈ ਨਹੀਂ ਹੈ। ਅਜਿਹੇ ਸੰਦਰਭਾਂ ਦੀ ਪੇਸ਼ਕਾਰੀ ਹਿਤ ਉਹ ਲਿਖਦਾ ਹੈ:-

ਹਾਂ ਬਹੁਤ ਹਨੇਰਾ ਰਿਹਾ ਆਪਣੇ ਸਮਿਆਂ ਵਿਚ
ਤੇ ਅੱਜ ਨਿਤ ਪਵਿਤਰ ਹਰਫ਼ ਤਖ਼ਤ ਦੇ ਪੌੜੇ
ਬਣ ਬਣ ਜੀ ਰਹੇ ਹਨ

ਪਾਪ ਦੀਆਂ ਜੰਞਾਂ ਕਈ ਆ ਚੁੱਕੀਆਂ ਹਨ
ਪਰ ਤੇਰੇ ਵਾਂਗ ਜੰਞ ਮੂਹਰੇ
ਸੀਨਾ ਤਾਣ ਕਿ ਖੜ੍ਹਨ ਵਾਲਾ ਕੋਈ ਨਹੀਂ ਦਿਸਦਾ।

ਕੈਨੇਡਾ, ਅਮਰੀਕਾ ਅਤੇ ਬਰਤਾਨਵੀਂ ਪਰਵਾਸੀ ਪੰਜਾਬੀ ਕਵਿਤਾ ਦਾ ਇਕ ਦੌਰ ਭੂ - ਹੇਰਵਾ, ਬੇਗਾਨਗੀ, ਅਤੇ ਪੀੜ੍ਹੀ - ਪਾੜਾ ਦੀਆਂ ਸਮੱਸਿਆਵਾਂ ਤੱਕ ਹੀ ਰਿਹਾ ਹੈ ਪਰ ਇੱਥੇ ਅਸਟ੍ਰੇਲੀਆਈ ਪੰਜਾਬੀ ਸ਼ਾਇਰੀ ਇੱਥੋਂ ਇਕ ਵਿੱਥ ਥਾਪ ਕੇ ਚੱਲਦੀ ਹੈ ਜਿਸ ਵਿਚ ਪਰਵਾਸ ਸਹੇੜਣ ਦੇ ਵੇਰਵੇ ਤਾਂ ਦਰਜ ਹਨ ਪਰ ਸੰਚਾਰ ਸਾਧਨਾਂ ਦੀ ਤਰੱਕੀ ਬਦੌਲਤ ਵਿਸ਼ਵ ਦੇ ਇਕ ਪਿੰਡ ਬਣ ਜਾਣ ਸਦਕਾ ਬਦਲ ਰਹੇ ਮਾਹੌਲ ਵਿਚ ਪਰਵਾਸ ਦਾ ਦਰਦ ਵੀ ਘਟਦਾ ਨਜ਼ਰ ਆਉਂਦਾ ਹੈ ਜਿਸ ਫਲਸਰੂਪ ਅਸਟ੍ਰੇਲੀਆਈ ਪੰਜਾਬੀ ਸ਼ਾਇਰੀ ਪਰਵਾਸ ਦੇ ਦਰਦਾ ਤੋਂ ਪਾਰ ਪੰਜਾਬ ਦੀ ਰਾਜਨੀਤੀ ਪ੍ਰਤੀ ਚੇਤੰਨ ਨਜ਼ਰ ਆਉਂਦੀ ਹੈ। ਅਜਿਹੀ ਚੇਤਨਾ ਨੂੰ ਇਹਨਾਂ ਕਾਵਿ ਟੁਕੜੀਆਂ ਰਾਹੀਂ ਅਭੀਵਿਅਕਤ ਹੋਇਆ ਦੇਖਿਆ ਜਾ ਸਕਦਾ ਹੈ।

ਕੁੱਲੀਆਂ ਵਿਚ ਕਿਉਂ ਨਹੀਂ ਦਿਖਦਾ ਹਨ੍ਹੇਰਾ
ਧਨਾਡਾਂ ਦੇ ਘਰੀਂ ਜਾਂਦੇ ਸੂਰਜ ਨੂੰ
ਨੰਗ ਤਨ ਠਰਦੇ ਕਿਉਂ ਨਹੀਂ ਨਜ਼ਰੀਂ ਪੈਂਦੇ
ਏਡੀ ਵੱਡੀ ਤਾਰਿਆਂ ਜੜੀ ਅੰਬਰੀ ਰਜਾਈ ਨੂੰ।

(ਅਮਰਜੀਤ ਟਾਂਡਾ)

ਚਲਾਕ ਮਛੇਰੇ

ਧਰਮ ਦੀ ਕੁੰਡੀ ਤੇ
ਅਕਸਰ ਗੰਡੋਏ ਪਰੋਕੇ
ਸਿਆਸਤ ਦੇ ਮੁਸ਼ਕਦੇ ਟੋਬਿਆਂ ਚੋਂ
ਸੱਤਾ ਦੀਆਂ ਮੱਛਲੀਆਂ ਫੜਦੇ ਰਹੇ
ਤੇ ਗੰਡੋਏ ਕਦੀ ......
ਮਛੇਰਿਆਂ ਤੋਂ ਆਕੀ ਨਾ ਹੋਏ।

(ਸਰਬਜੀਤ ਸੋਹੀ, ਸੂਰਜ ਆਵੇਗਾ ਕੱਲ੍ਹ ਵੀ, ਪੰਨਾ ਨੰ. 77)

ਪਰਵਾਸੀ ਦੀਆਂ ਸਿਮਰਤੀਆਂ ਦਾ ਕੇਂਦਰੀ ਧੁਰਾ ਉਸਦਾ ਦੇਸ਼, ਉਸਦੇ ਲੋਕ ਅਤੇ ਉਸਦਾ ਘਰ ਹੁੰਦਾ ਹੈ। ਗਾਇਤਰੀ ਗੋਪੀਨਾਥ ਘਰ ਨੂੰ ਪਰਵਾਸੀ ਅਵਚੇਤਨ ਦੇ ਕੌਮੀ ਪ੍ਰਤੀਕ ਦੇ ਤੌਰ ਤੇ ਪ੍ਰਗਟਾਉਂਦੇ ਹਨ। ਇਸੇ ਤਰ੍ਹਾਂ ਅਸਟ੍ਰੇਲੀਆ ਦੀ ਪੰਜਾਬੀ ਸ਼ਾਇਰੀ ਆਪਣੀ ਕੌਮ, ਆਪਣੇ ਦੇਸ਼, ਆਪਣੀ ਜਨਮ ਭੋਇ ਪੰਜਾਬੀ ਰਹਿਤਲ ਨੂੰ ਹੀ ਕੇਂਦਰੀ ਧੁਰਾ ਬਣਾ ਕਿ ਚੱਲਦੀ ਦ੍ਰਿਸ਼ਟੀਗੋਚਰ ਹੁੰਦੀ ਹੈ। ਅਸਟ੍ਰੇਲੀਅਨ ਸ਼ਾਇਰ/ਸ਼ਾਇਰਾਵਾਂ ਦੀਆਂ ਸਿਮਰਤੀਆਂ ਵਿਚ ਪੰਜਾਬ ਉਹਨਾਂ ਦੀਆਂ ਲਿਖਤਾਂ ਰਾਹੀਂ ਥਾਂ - ਪੁਰ - ਥਾਂ ਉਜਾਗਰ ਹੋਇਆ ਮਿਲ ਜਾਂਦਾ ਹੈ। ਮਸਲਨ:-

ਬਹੁਤ ਜ਼ਰੂਰੀ ਹੈ
ਇਹਨਾਂ ਸਰੋਤਿਆਂ ਦਾ ਰਹਿਣਾ
ਜਗਮਗਾਉਂਦਿਆਂ ਦੀ ਖ਼ੈਰ ਲਈ ਵੀ
ਬਹੁਤ ਜ਼ਰੂਰੀ ਹੈ
ਜਿਵੇਂ ਮਾਨਵੀ ਜੀਵਨ ਲਈ
ਧਰਤੀ ਤੇ ਹਵਾ ਅਤੇ ਪਾਣੀ ਦਾ ਹੋਣਾ। (ਸਰਬਜੀਤ ਸੋਹੀ)

ਅਸੀਂ ਜਿੱਥੇ ਵੀ ਹਾਂ
ਤੁਹਾਡੇ ਤੋਂ ਦੂਰ ਨਹੀਂ
ਜਿਸ ਮਿੱਟੀ ਵਿਚ ਜੰਮੇ ਹਾਂ
ਉਹਦੀ ਮਹਿਕ ਅਜੇ ਵੀ ਸਾਹਾਵਾਂ ਵਿਚ ਹੈ
ਤੁਹਾਡੀ ਖੈਰ
ਸਾਡੀਆਂ ਦੁਆਵਾਂ ਵਿਚ ਹੈ। (ਓਹੀ)

ਇਸੇ ਤਰ੍ਹਾਂ ਅਸਟ੍ਰੇਲੀਆ ਦੇ ਹੁਣਵੇਂ ਦੌਰ ਦੀ ਕਵਿਤਾ ਨੂੰ ਦੇਖਦੇ ਹਾਂ ਤਾਂ ਉਸ ਵਿਚ ਵੀ ਅਜਿਹੇ ਵੇਰਵੇ ਆਮ ਮਿਲ ਜਾਂਦੇ ਹਨ ਜਿਸ ਵਿਚ ਪੰਜਾਬ ਲਈ ਤਾਂਘ ਝਲਕਦੀ ਸਪੱਸ਼ਟ ਨਜ਼ਰੀਂ ਪੈ ਜਾਂਦੀ ਹੈ, ਜਿਸ ਦੀ ਹਾਜ਼ਰੀ ਦੋ ਮੌਲਿਕ ਕਾਵਿ ਪੁਸਤਕਾਂ ਦੇ ਰੂਪ ਵਿਚ ਦੇਖੀ ਜਾ ਸਕਦੀ ਹੈ। ਇਸ ਤੋਂ ਇਲਾਵਾ ਸਰਬਜੀਤ ਸੋਹੀ ਦੁਆਰਾ ਸੰਪਾਦਿਤ ਕਾਵਿ ਸੰਗ੍ਰਹਿ ਸ਼ਬਦਾਂ ਦੀ ਪਰਵਾਜ਼ ਅੰਤਰਗਤ ਉਸਦੇ ਅਜਿਹੇ ਭਾਵਾਂ ਦੀ ਤਰਜਮਾਨੀ ਨੂੰ ਦੇਖਿਆ ਜਾ ਸਕਦਾ ਹੈ। ਉਪਰ ਦਿੱਤੇ ਗਏ ਕਾਵਿ ਨਮੂਨਿਆਂ ਦੀ ਤਰ੍ਹਾਂ ਸ਼ਾਇਰ ਹਰਮਨ ਗਿੱਲ ਪਰਵਾਸੀ ਹੋਣ ਦੇ ਬਾਵਜੂਦ ਵੀ ਪੰਜਾਬ ਦੇ ਧਰਾਤਲ ਨਾਲ ਜੁੜਿਆ ਦਿਖਾਈ ਦਿੰਦਾ ਹੈ। ਮਸਲਨ, ਉਸਦੀ ਕਵਿਤਾ ਦੀਆਂ ਸਤਰਾਂ ਹਨ:-

ਜ਼ਿੰਦਗੀ
ਅਸੀਂ ਤੇਰੇ......
ਅਰਥ ਨਹੀਂ ਗੁਆਚਣ ਦੇਵਾਂਗੇ
ਅਸੀਂ ਜੋਤੇ ਵਾਲੇ ਬਲਦ ਦੀਆਂ
ਟੱਲੀਆਂ ਵਿਚੋਂ ਸੰਗੀਤ ਕੱਢਣ ਵਾਲੇ ਹਾਂ
ਅਸੀਂ ਟੋਕਿਆਂ, ਛੈਣੀਆਂ ਤੇ ਹਥੌੜਿਆਂ ਦੇ
ਖੜਕੇ ਵਿਚੋਂ ਧੁਨਾਂ ਖਿਆਲ ਸਕਦੇ ਹਾਂ।

(ਹਰਮਨ ਗਿੱਲ, ਕਵਿਤਾ- ਜ਼ਿੰਦਗੀ ਦੇ ਅਰਥ)

ਸੋ, ਉਪਰੋਕਤ ਅਸਟ੍ਰੇਲੀਆਈ ਪੰਜਾਬੀ ਸ਼ਾਇਰ/ਸ਼ਾਇਰਾਵਾਂ ਦੀ ਸ਼ਾਇਰੀ ਜਦੋਂ ਕੈਨੇਡਾ, ਅਮਰੀਕਾ ਅਤੇ ਬਰਤਾਨਵੀ ਪੰਜਾਬੀ ਸ਼ਾਇਰੀ ਨਾਲੋਂ ਆਪਣੀ ਵਿੱਥ ਨੂੰ ਸਪੱਸ਼ਟ ਕਰਦਿਆਂ ਪਰਵਾਸ

ਨੂੰ ਮਾਨਵੀ ਪ੍ਰਕਿਰਤੀ, ਲੋੜਾਂ ਅਤੇਤ ਅਕਾਂਖਿਆਵਾਂ ਦਾ ਪਰਤੌ ਬਣਾ ਪੇਸ਼ ਕਰਦੀ ਹੈ। ਇਹ ਪਰਵਾਸ ਨੂੰ ਗਤੀਸ਼ੀਲ ਵਰਤਾਰਾ ਤਾਂ ਬਣਾਉਂਦੀ ਹੀ ਹੈ ਨਾਲ ਹੀ ਨਾਲ ਚਿੰਤਨਸ਼ੀਲ ਵੀ ਬਣਾਉਂਦੀ ਹੈ ਜਿਸ ਰਾਹੀਂ ਪਰਵਾਸੀ ਉਪਰੋਕਤ ਪਰਵਾਸੀ ਸ਼ਾਇਰ ਆਪਣੇ ਦੇਸ਼ ਦੇ ਹਾਲਾਤ ਨੂੰ ਮੱਦ - ਏ - ਨਜ਼ਰ ਰੱਖਦੇ ਹੋਏ ਪਰਵਾਸ ਸਹੇੜਣ ਦੇ ਮਾਰਮਿਕ ਵੇਰਵੇ ਦਰਜ ਕਰਦੇ ਹਨ ਜਿਸ ਵਿਚ ਸ਼ਾਇਰ ਅਜੀਤ ਰਾਹੀ ਅਤੇ ਅਮਰਜੀਤ ਟਾਂਡਾ ਦੀ ਕਵਿਤਾ ਮਹੱਤਵਪੂਰਨ ਵੇਰਵੇ ਪ੍ਰਦਾਨ ਕਰਦੀ ਹੈ। ਇਸ ਤੋਂ ਇਲਾਵਾ ਉਹਨਾਂ ਦੀ ਕਵਿਤਾ ਪੰਜਾਬ ਦੇ ਦੁਖਾਂਤ ਨੂੰ ਵੀ ਰੂਪਾਂਤ੍ਰਿਤ ਕਰਦੀ ਜਿਸ ਤਹਿਤ ਉਹ 84 ਦੇ ਦੌਰ ਨੂੰ ਚਿੰਤਨ ਦਾ ਵਿਸ਼ਾ ਬਣਾਉਂਦੇ ਦ੍ਰਿਸ਼ਟੀਗੋਚਰ ਹੁੰਦੇ ਹਨ। ਇਹਨਾਂ ਤੋਂ ਅਗਾਂਹ ਕੁਲਜੀਤ ਕੌਰ ਗ਼ਜ਼ਲ , ਸਰਬਜੀਤ ਸੋਹੀ ਅਤੇ ਰੁਪਿੰਦਰ ਸੋਜ਼ ਦੇਸ਼ ਦੀ ਵਿਗੜੀ ਹੋਈ ਰਾਜਨੀਤਿਕ ਸਥਿਤੀ ਨੂੰ ਆਪਣੇ ਕਾਵਿ ਸਰੋਕਾਰਾਂ ਵਜੋਂ ਵਿਅਕਤ ਕਰਦੇ ਹਨ। ਇਸ ਸ਼ਾਇਰੀ ਦੀ ਇਕ ਹੋਰ ਸੁਰ ਜੋ ਉੱਭਰਦੀ ਹੈ ਉਸ ਅਨੁਸਾਰ ਪਰਵਾਸ ਨਿਰੀ ਪੁਰੀ ਮਜ਼ਬੂਰੀ ਨਹੀਂ ਰਹਿ ਜਾਂਦਾ ਬਲਕਿ ਪੰਜਾਬੀਆਂ ਦੀ ਸੋਚੀ ਸਮਝੀ ਚੋਣ ਵਜੋਂ ਪੇਸ਼ ਹੁੰਦਾ ਹੈ ਜਿਸ ਦਾ ਇਕ ਸਿਰਾ ਬੇਸ਼ੱਕ ਪੀੜਾਂ ਨਾਲ ਜੁੜਿਆ ਤਾਂ ਜੁੜਿਆ ਹੈ ਪਰ ਉਸਦਾ ਦੂਸਰਾ ਸਿਰਾ ਸਾਕਾਰਾਤਮਕਤਾ ਨਾਲ ਜੁੜਦਾ ਦਿਖਾਈ ਦਿੰਦਾ ਹੈ ਜਿੱਥੇ ਉਹ ਆਪਣੀ ਮੂਲ ਸਭਿਆਚਾਰਕ ਪਛਾਣ ਨੂੰ ਬਰਕਾਰਾਰ ਰੱਖਦੇ ਹੋਏ ਪ੍ਰਾਪਤ ਹੁੰਦੇ ਹਨ। ਸ਼ਾਇਰ ਅਮਰਜੀਤ ਟਾਂਡਾ, ਸਰਬਜੀਤ ਸੋਹੀ, ਹਰਮਨ ਗਿੱਲ ਪ੍ਰੀਤ ਸਰਾਂ ਦੀ ਕਵਿਤਾ ਵਿਚੋਂ ਪੰਜਾਬ ਲਈ ਤਾਂਘ ਸਪੱਸ਼ਟ ਦਿਖਾਈ ਦਿੰਦੀ ਹੈ। ਇਉਂ ਇਸਦਾ ਇਕ ਧਰਾਤਲ ਪੰਜਾਬ ਨਾਲ ਗਹਿਰੇ ਰੂਪ ਵਿਚ ਜੁੜਿਆ ਹੋਇਆ ਪ੍ਰਾਪਤ ਹੁੰਦਾ ਹੈ। ਅਸਟ੍ਰੇਲੀਆ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿਚ ਕੁਝ ਲਿਖਣਾ ਤੇ ਸਾਹਿਤਕ ਸਰਗਰਮੀਆਂ ਵੀ ਕਰਦੇ ਜਾਣਾ ਆਪਣੇ ਆਪ ਵਿਚ ਲਾਸਾਨੀ ਕਾਰਜ ਹੈ। ਇਹ ਕਵਿਤਾ ਪੰਜਾਬ ਦੀ ਧਰਤੀ ਤੋਂ ਹਜ਼ਾਰਾਂ ਮੀਲ ਦੂਰ ਇਕ ਅਲੱਗ ਤਰ੍ਹਾਂ ਦੇ ਮਾਹੌਲ ਵਾਲੇ ਵਾਤਾਵਰਨ ਵਿਚ ਪੰਜਾਬੀ ਮਾਂ ਬੋਲੀ ਦਾ ਮਹਿਲ ਉਸਾਰਨ ਲਈ ਨੀਂਹ ਦਾ ਕਾਰਜ ਕਰ ਰਹੀ ਹੈ।

# ਗੁਲ ਚੌਹਾਨ ਦੀ ਕਵਿਤਾ ਦਾ ਈਕੋ ਆਲੋਚਨਾਤਮਕ ਅਧਿਐਨ

*ਹਰਮੇਲ ਸਿੰਘ*

ਸਾਹਿਤ ਅਤੇ ਵਾਤਾਵਰਨ ਦੇ ਆਪਸੀ ਸੰਬੰਧਾਂ ਦੇ ਅਧਿਐਨ ਨੂੰ ਈਕੋ-ਆਲੋਚਨਾ ਕਿਹਾ ਜਾਂਦਾ ਹੈ। ਇਸ ਵਿੱਚ ਮਨੁੱਖ ਦੇ ਆਪਣੇ ਸਮਾਜਿਕ ਅਤੇ ਕੁਦਰਤੀ ਆਲੇ ਦੁਆਲੇ ਨਾਲ ਸੰਬੰਧਾਂ ਦਾ ਅਧਿਐਨ ਕੀਤਾ ਜਾਂਦਾ ਹੈ। ਅਮਰੀਕਾ ਵਿੱਚ ਇਸ ਨੂੰ ਈਕੋ-ਕ੍ਰਿਟੀਸਿਜ਼ਮ ਅਤੇ ਯੂਰਪ ਵਿੱਚ ਇਸ ਨੂੰ ਗਰੀਨ ਸਟੱਡੀਜ਼ ਕਿਹਾ ਜਾਂਦਾ ਹੈ।1 ਇਸ ਲੇਖ ਵਿੱਚ ਅਸੀਂ ਈਕੋ-ਆਲੋਚਨਾ ਮੱਦ ਦੀ ਵਰਤੋਂ ਕਰਾਂਗੇ। ਪੰਜਾਬੀ ਕਵਿਤਾ ਵਿਚ ਅੰਬਰੀਸ਼, ਵਰਿੰਦਰ ਪਰਿਹਾਰ, ਸੁਖਪਾਲ ਅਤੇ ਪਰਮਜੀਤ ਸੋਹਲ ਸੁਚੇਤ ਰੂਪ ਵਿਚ ਈਕੋ-ਕਵਿਤਾ ਦੀ ਰਚਨਾ ਕਰ ਰਹੇ ਹਨ। ਗੁਲ ਚੌਹਾਨ ਦੀ 'ਹਰੇ ਰੰਗ ਦੀ ਕਵਿਤਾ' ਕਾਵਿ-ਪੁਸਤਕ ਵਿਚ ਵਿੱਚ ਬੜੇ ਸੂਖ਼ਮ ਰੂਪ ਵਿੱਚ ਮਨੁੱਖ ਦੇ ਕੁਦਰਤੀ ਸੁਭਾਅ, ਔਰਤ-ਮਰਦ ਦੇ ਕੁਦਰਤੀ ਸੰਬੰਧਾਂ ਦੀ ਪੇਸ਼ਕਾਰੀ ਹੋਈ ਹੈ। ਇਸ ਕਵਿਤਾ ਵਿੱਚ ਮਨੁੱਖ-ਕੇਂਦਰਤਾ ਦੀ ਬਜਾਏ ਈਕੋ-ਕੇਂਦਰਤਾ ਨੂੰ ਸਥਾਪਤ ਕੀਤਾ ਗਿਆ ਹੈ। ਇਸ ਕਵਿਤਾ ਵਿੱਚ ਆਧੁਨਿਕ ਮਨੁੱਖ ਦੀ ਕੁਦਰਤੀ ਸੱਭਿਆਚਾਰਕ ਸਾਂਝੀ ਸਪੇਸ ਦੇ ਖਤਮ ਹੋਣ ਦੇ ਦਰਦ ਨੂੰ ਪੇਸ਼ ਕੀਤਾ ਗਿਆ ਹੈ। ਇਸ ਸਪੇਸ ਨੂੰ ਮੁੜ ਤਲਾਸ਼ਣ ਦਾ ਯਤਨ ਕੀਤਾ ਗਿਆ ਹੈ। ਗੁਲ ਚੌਹਾਨ ਦੀ ਕਵਿਤਾ ਵਿੱਚ ਕੁਦਰਤ ਅਤੇ ਸਭਿਆਚਾਰ ਦੀਆਂ ਸਮੱਸਿਆਵਾਂ ਨੂੰ ਜਟਿਲ ਅਤੇ ਸੂਖ਼ਮ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਇਸ ਵਿੱਚ ਮਨੁੱਖ ਦੀ ਖ਼ੁੱਸ ਰਹੀ ਮਾਨਸਿਕ ਸਮਾਜਿਕ ਅਤੇ ਪ੍ਰਕਿਰਤਕ ਸਪੇਸ ਨੂੰ ਮੁੜ ਬਹਾਲ ਕਰਨ ਦੇ ਸੂਖ਼ਮ ਸੰਕੇਤ ਮਿਲਦੇ ਹਨ ।

ਗੁਲ ਚੌਹਾਨ ਦੀ ਕਵਿਤਾ ਵਿੱਚ ਔਰਤ ਦੀ ਕਈ ਪੱਖਾਂ ਤੋਂ ਬੜੀ ਸੂਖ਼ਮ ਪੇਸ਼ਕਾਰੀ ਹੋਈ ਹੈ। ਉਸ ਦੀ ਕਵਿਤਾ ਵਿੱਚ ਬਾਲੜੀਆਂ ਦੀਆਂ ਜਵਾਨ ਹੁੰਦੀਆਂ ਸੱਧਰਾਂ ਦਾ ਸਫ਼ਰ ਵੀ ਪੇਸ਼ ਕੀਤਾ ਗਿਆ ਹੈ;ਉਸ ਦੀ ਕਵਿਤਾ ਵਿੱਚ ਔਰਤ ਪ੍ਰੇਮਕਾ ਦੇ ਰੂਪ ਵਿੱਚ ਵੀ ਪੇਸ਼ ਹੋਈ ਹੈ। ਉਸ ਦੀ ਕਵਿਤਾ ਵਿੱਚ ਔਰਤ ਸਮਾਜਿਕ ਰੂਪ ਵਿੱਚ ਘੜੀ ਗਈ ਪਤਨੀ ਦੇ ਰੂਪ ਵਿੱਚ ਵੀ ਪੇਸ਼ ਹੋਈ ਹੈ। ਵਿਆਹ ਬਾਹਰੇ ਨਾਜਾਇਜ਼ ਮੰਨੇ ਜਾਂਦੇ ਰਿਸ਼ਤਿਆਂ ਵਾਲੀ ਔਰਤ ਵੀ ਪੇਸ਼ ਹੋਈ ਹੈ। ਉਸ ਦੀ ਕਵਿਤਾ ਵਿਚ

*ਅਸਿਸਟੈਂਟ ਪ੍ਰੋਫ਼ੈਸਰ, USOL ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।*
*ਫੋਨ : 9876225201*

ਘੁਮੱਕੜੀ ਕਿਸਮ ਦੀ ਆਜ਼ਾਦ ਔਰਤ ਦੀ ਵੀ ਪੇਸ਼ਕਾਰੀ ਹੋਈ ਹੈ।ਬਾਲ ਮਨ ਵਿੱਚ ਕੁਦਰਤੀ ਨਿਰਛਲਤਾ ਹੁੰਦੀ ਹੈ ਵਿਆਹ ਦੀ ਸੰਸਥਾ ਵਿੱਚ ਬੱਝਣ ਤੋਂ ਪਹਿਲਾਂ ਰੋਮਾਂਟਿਕ ਇਸ਼ਕ ਵਿੱਚ ਰੱਤੀ ਔਰਤ ਦਾ ਵੀ ਕੁਦਰਤੀ ਸੁਭਾਅ ਹੁੰਦਾ ਹੈ ਪਰ ਜੋ ਔਰਤ ਸਮਾਜਿਕ ਮਰਿਯਾਦਾ ਵਿਚ ਬੱਝ ਜਾਂਦੀ ਹੈ ਉਸ ਦਾ ਕੁਦਰਤੀ ਸੁਭਾਅ ਖ਼ਤਮ ਹੋ ਜਾਂਦਾ ਹੈ।ਗੁਲ ਚੌਹਾਨ ਦੀ ਕਵਿਤਾ ਵਿਚ ਪਤਨੀ ਦੇ ਰੂਪ ਵਿੱਚ ਪੇਸ਼ ਹੋਈ ਔਰਤ ਦੀ ਪੇਸ਼ਕਾਰੀ ਕੁਝ ਨਾਂਹ ਪੱਖੀ ਜਾਪਦੀ ਹੈ ਇਹ ਔਰਤ ਪਿੱਤਰੀ ਸੱਤਾ ਦੇ ਜਾਲ ਵਿੱਚ ਫਸ ਕੇ ਉਸ ਦੀ ਭਾਸ਼ਾ ਰਾਹੀਂ ਪਤੀ ਨੂੰ ਹੋਰਨਾਂ ਪਤੀਆਂ ਵਰਗਾ ਪਤੀ ਬਣਾਉਣ ਦੀ ਕੋਸ਼ਿਸ਼ ਕਰਦੀ ਹੈ। ਇਸ ਰਿਸ਼ਤੇ ਵਿੱਚੋਂ ਕੁਦਰਤੀ ਖਿੱਚ ਸਮਾਪਤ ਹੋ ਜਾਂਦੀ ਹੈ।ਗੁਲ ਚੌਹਾਨ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਵਿੱਚ ਇਸ ਰਿਸ਼ਤੇ ਦੇ ਝੂਠ ਦੀ ਬੁਨਿਆਦ ਉਪਰ ਖੜ੍ਹਾ ਹੋਣ ਦੀ ਨਿਸ਼ਾਨਦੇਹੀ ਕੀਤੀ ਗਈ ਹੈ:

ਮੈਂ ਬੋਲਦਾ ਹਾਂ ਝੂਠ ਖ਼ੁਸ਼ੀ ਲਈ ਉਸਦੀ ।<br>
ਕਿ ਉਸ ਨੂੰ ਆਦਤ ਹੀ ਨਹੀਂ ਸੱਚ ਦੀ<br>
ਸੱਚ ਨਾਲ ਝਗੜਨ ਲੱਗਦੀ ਹੈ__2

'ਇਕ ਠਹਿਰੀ ਹੋਈ ਗੱਲ','ਘਾਟੇ ਦਾ ਸੌਦਾ', 'ਅਵਗੁਣਹਾਰੀਂ ਅਤੇ ਚੋਰ','ਸੁੱਖੋ ਦੀ ਜ਼ਨਾਨੀ', 'ਕਵੀ ਦੀ ਜ਼ਨਾਨੀ' ਆਦਿ ਕਵਿਤਾਵਾਂ ਵਿੱਚ ਸਮਾਜਿਕ ਸੰਸਥਾਵਾਂ ਵਿੱਚ ਘੜੀ ਗਈ ਔਰਤ ਦੇ ਸੁਭਾਅ ਦੀ ਪੇਸ਼ਕਾਰੀ ਕੀਤੀ ਗਈ ਹੈ। ਇਨ੍ਹਾਂ ਕਵਿਤਾਵਾਂ ਵਿੱਚ ਇਸ ਗੱਲ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਕਿ ਔਰਤ ਵੀ ਵਿਆਹ ਦੀ ਸਮਾਜਿਕ ਸੰਸਥਾ ਵਿਚ ਬੱਝ ਕੇ ਪਤੀ ਨੂੰ ਗੁਲਾਮੀ ਦਾ ਸ਼ਿਕਾਰ ਬਣਾਉਂਦੀ ਹੈ। ਵਿਆਹ ਦੀ ਸੰਸਥਾ ਔਰਤ ਦੇ ਪ੍ਰਕਿਰਤਕ ਸੁਭਾਅ ਨੂੰ ਮਾਰ ਦਿੰਦੀ ਹੈ।ਸੁੱਖੋ ਦੀ ਜ਼ਨਾਨੀ ਕਵਿਤਾ ਵਿੱਚ ਇਸ ਨੂੰ ਦੇਖਿਆ ਜਾ ਸਕਦਾ ਹੈ:

ਤੇ ਹੁਣ ..ਜਿਹੜੀ ਜ਼ਨਾਨੀ ਹੈ ਘਰ ਵਿੱਚ<br>
ਕੋਈ ਸਬੰਧ ਨਹੀਂ ਉਸ ਦਾ<br>
ਪੌੜੀਆਂ, ਪੇੜਾਂ, ਪੀਂਘਾਂ, ਸਾਈਕਲ ਦੇ ਡੰਡੇ ਨਾਲ।3

ਵਿਆਹ ਦੀ ਸੰਸਥਾ ਵਿੱਚ ਬੱਝੀਆਂ ਔਰਤਾਂ ਦੇ ਉਲਟ ਉਹ ਸਮਾਜਿਕ ਨੇਮਾਂ ਅਨੁਸਾਰ ਫਾਲਤੂ, ਆਵਾਰਾ ਮੰਨੀਆਂ ਜਾਂਦੀਆਂ ਔਰਤਾਂ ਦਾ ਰੁਮਾਂਟਿਕ ਵਰਨਣ ਕਰਦਾ ਹੈ।ਇਹ ਔਰਤਾਂ ਆਪਣੇ ਕੁਦਰਤੀ ਸੁਭਾਅ ਨੂੰ ਬਰਕਰਾਰ ਰੱਖਦੀਆਂ ਹੋਈਆਂ, ਘੁਮੱਕੜੀ ਜੀਵਨ ਜਿਉਂਦੀਆਂ ਹਨ ਅਤੇ ਵਿਆਹ ਦੀ ਸੰਸਥਾ ਦੁਆਰਾ ਸਥਾਪਤ ਕੀਤੀ ਘਰ ਦੀ ਵਲਗਣ ਨੂੰ ਉਲੰਘ ਜਾਂਦੀਆਂ ਹਨ। ਇਹ ਆਪਣੀ ਜ਼ਿੰਦਗੀ ਆਪ ਘੜਦੀਆਂ ਹਨ। ਇਹ ਮਰਦ ਨੂੰ ਵੀ ਘਰ ਦੀ ਕੈਦ ਵਿੱਚ ਨਹੀਂ ਰੱਖਦੀਆਂ। ਇਨ੍ਹਾਂ ਵਿੱਚ ਜੰਗਲੀ ਸੁਭਾਅ ਵਾਲੀ ਕੁਦਰਤੀ ਚੰਚਲਤਾ ਹੁੰਦੀ ਹੈ। 'ਚੰਗੀਆਂ ਚੀਜ਼ਾਂ' ਅਤੇ 'ਹਵਾਦਾਰ ਜ਼ਨਾਨੀ' ਕਵਿਤਾਵਾਂ ਵਿਚ ਅਜਿਹੀ ਔਰਤ ਦੀ ਪੇਸ਼ਕਾਰੀ ਹੋਈ ਹੈ:

ਜਿਵੇਂ ਫੁੱਲ ਦਾ ਆਪਣਾ ਰੰਗ ਅਤੇ ਸੁਗੰਧ, ਭਾਰ ਨਹੀਂ ਹੁੰਦਾ।<br>
ਨਿਰਵਿਕਾਰ ਉਪਸਥਿਤੀ ਹੁੰਦੀ ਹੈ ਕੇਵਲ<br>
ਹਵਾਦਾਰ ਜ਼ਨਾਨੀ ਦੀ।

ਬਹੁਤ ਉਚਾਈ ਤੇ ਹੁੰਦੀ ਹੈ
ਸੋਚ ਸਕਦਾ ਹੈ ਪਰ ਹਰ ਕੋਈ ਨਹੀਂ ਪਾ ਸਕਦਾ ਘਰ ।

---

ਤੁਹਾਡੇ ਛੋਟੇ ਪਨ ਲਈ ਇੱਕੋ ਸਮੇਂ ਚੈਲੇਂਜ
ਅਤੇ
ਖ਼ਤਰਾ ਹੁੰਦੀ ਹੈ ਹਵਾਦਾਰ ਜ਼ਨਾਨੀ ।4

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਗੁਲ ਚੌਹਾਨ ਦੀ ਕਵਿਤਾ ਵਿੱਚ ਔਰਤ ਮਰਦ ਵੱਲੋਂ ਪੀੜਤ ਨਹੀਂ ਹੈ। ਸਗੋਂ ਔਰਤ ਅਤੇ ਮਰਦ ਦੋਵੇਂ ਸਮਾਜਿਕ ਸੰਸਥਾ ਘਰ ਵਿਚ ਬੱਝ ਕੇ ਪੀੜਤ ਮਹਿਸੂਸ ਕਰਦੇ ਹਨ। ਉਹ ਦੋਵੇਂ ਆਪਣਾ ਕੁਦਰਤੀ ਸੁਭਾਅ ਗਵਾ ਲੈਂਦੇ ਹਨ। ਇਸ ਕੁਦਰਤੀ ਸੁਭਾਅ ਨੂੰ ਪ੍ਰਾਪਤ ਕਰਨ ਲਈ ਉਹ ਵਿਆਹ ਦੀ ਸੰਸਥਾ ਤੋਂ ਬਾਹਰਲੇ ਸਬੰਧਾਂ ਵੱਲ ਅਤੇ ਪ੍ਰਕਿਰਤੀ ਵੱਲ ਅਹੁਲਦੇ ਹਨ। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਸਮਾਜਿਕ ਸੰਸਥਾਵਾਂ ਦੀ ਘਾੜਤ ਵਿਚ ਮਨੁੱਖ ਦੀ ਮਨੁੱਖਤਾ ਅਤੇ ਕੁਦਰਤੀ ਸੁਭਾਅ ਖੁਰਨ ਲੱਗਦਾ ਹੈ। ਇਸ ਦੀ ਤਲਾਸ਼ ਲਈ ਉਹ ਇਨ੍ਹਾਂ ਸੰਸਥਾਵਾਂ ਤੋਂ ਬਾਹਰੀ ਅਤੇ ਪ੍ਰਕਿਰਤਕ ਸਥਿਤੀਆਂ ਵਾਲੇ ਰਿਸ਼ਤਿਆਂ ਵੱਲ ਮੁੜਦਾ ਹੈ। ਮਰਦ ਔਰਤ ਦੀ ਦਵੈਤ ਨਹੀਂ ਸਥਾਪਤ ਕਰਦਾ ਸਗੋਂ ਉਨ੍ਹਾਂ ਸਥਿਤੀਆਂ ਵੱਲ ਇਸ਼ਾਰਾ ਕਰਦਾ ਹੈ ਜੋ ਮਨੁੱਖ ਦੀ ਕੁਦਰਤ ਬਾਹਰੀ ਘਾੜਤ ਕੱਢਦੇ ਹਨ। ਇਨ੍ਹਾਂ ਘਾੜਤਾਂ ਦਾ ਸ਼ਿਕਾਰ ਚਾਹੇ ਮਰਦ ਹੋਵੇ ਚਾਹੇ ਔਰਤ ਉਹ ਆਪਣਾ ਕੁਦਰਤੀ ਸੁਭਾਅ ਗਵਾ ਬੈਠਦਾ ਹੈ।

ਅੰਗਰੇਜ਼ਾਂ ਦੇ ਬਸਤੀਵਾਦੀ ਰਾਜ ਆਉਣ ਨਾਲ ਪੰਜਾਬ ਵਿੱਚੋਂ ਚਰਵਾਹਾ ਜੀਵਨ ਖ਼ਤਮ ਹੋਣਾ ਸ਼ੁਰੂ ਹੁੰਦਾ ਹੈ। ਪੰਜਾਬ ਦੇ ਮਾਲਵਾ ਖੇਤਰ ਵਿੱਚ ਤਾਂ ਹਰੀ ਕ੍ਰਾਂਤੀ ਤੋਂ ਬਾਅਦ ਤਕ ਵੀ ਸ਼ਿਕਾਰੀ ਅਤੇ ਚਰਵਾਹਾ ਜੀਵਨ ਮਿਲਦਾ ਸੀ। ਨੀਲਾਦ੍ਰੀ ਭੱਟਾਚਾਰੀਆ ਨੇ ਆਪਣੇ ਇੱਕ ਨਿਬੰਧ ਵਿੱਚ ਲਿਖਿਆ ਹੈ ਕਿ ਅਠਾਰਾਂ ਸੌ ਨੱਬੇ ਤਕ ਅਣਵੰਡੇ ਪੰਜਾਬ ਦੇ ਸਿਰਸਾ ਜ਼ਿਲ੍ਹੇ ਵਿਚ ਨੱਬੇ ਫ਼ੀਸਦ ਲੋਕ ਚਰਵਾਹੇ ਸਨ। ਸਿਰਫ਼ ਦਸ ਪ੍ਰਤੀਸ਼ਤ ਲੋਕ ਹੀ ਆਬਾਦ ਹੋ ਕੇ ਖੇਤੀ ਕਰਨ ਲੱਗੇ ਸਨ।5 ਪੰਜਾਬ ਵਿੱਚ ਆਈ ਹਰੀ ਕ੍ਰਾਂਤੀ ਪਿੱਛੋਂ ਤਾਂ ਜੀਵਨ ਬਿਲਕੁਲ ਮਕਾਨਕੀ ਬਣ ਗਿਆ ਮਨੁੱਖ ਦੀ ਪ੍ਰਕਿਰਤਕ ਅਤੇ ਸੱਭਿਆਚਾਰਕ ਸਾਂਝੀ ਸਪੇਸ ਲਗਪਗ ਖ਼ਤਮ ਹੋ ਗਈ। ਇਸ ਪਿੱਛੋਂ ਪੰਜਾਬ ਵਿੱਚ ਸ਼ਹਿਰੀਕਰਨ ਅਤੇ ਆਧੁਨਿਕੀਕਰਨ ਹੋਣਾ ਸ਼ੁਰੂ ਹੁੰਦਾ ਹੈ। ਇਸ ਸਥਿਤੀ ਵਿੱਚ ਔਰਤ ਨੌਕਰੀ ਅਤੇ ਘਰ ਸਾਂਭਣ ਦੀ ਦੁਵੱਲੀ ਮਾਰ ਚਲਦੀ ਹੈ। ਉਸ ਦੀ ਜ਼ਿੰਦਗੀ ਵਿੱਚੋਂ ਵਿਹਲ ਖ਼ਤਮ ਹੋ ਜਾਂਦੀ ਹੈ। ਉਹ ਘਰ ਪਰਿਵਾਰ ਅਤੇ ਨੌਕਰੀ ਵਿੱਚ ਉਲਝ ਕੇ ਗੀਤਾਂ ਤੋਂ ਸੱਖਣੀ ਹੋ ਜਾਂਦੀ ਹੈ। ਆਧੁਨਿਕ ਮਨੁੱਖ ਦੇ ਇਸ ਦੁਖਾਂਤ ਨੂੰ ਉਹ ਆਪਣੀ ਕਵਿਤਾ ਵਿੱਚ ਪੇਸ਼ ਕਰਦਾ ਹੈ :

ਇੰਨਾ ਫਾਲਤੂ ਸਮਾਂ ਕਿੱਥੇ ਹੈ ਹੁਣ ਜਮਾਲੋ ਕੋਲ,
ਕਿ ਤੂਤਕ ਤੂਤੀਆਂ ਸੁਣ,
ਦੌੜੀ ਚਲੀ ਆਏ, ਤੂਤਾਂ ਵਾਲੇ ਹਰੇ ਖੂਹ ਵੱਲ।
ਗੱਲਾਂ ਨਾਲੋਂ ਜ਼ਰੂਰੀ ਬਹੁਤ ਸਾਰੇ ਕੰਮ ਨੇ ਜਮਾਲੋ ਨੂੰ ।

ਗੀਤ ਵਰਗਾ ਕੀ ਬਾਕੀ ਹੈ ।
ਡੁੱਬ ਕੇ ਮਰ ਗਿਆ ਤੂਤਾਂ ਵਾਲਾ ਖੂਹ ਕਿਸ ਸਾਲ
ਪਤਾ ਹੀ ਨਾ ਲੱਗਾ ਜਮਾਲੋ ਨੂੰ 6

ਆਧੁਨਿਕਤਾ ਤੋਂ ਪਹਿਲਾਂ ਪੰਜਾਬੀ ਸਮਾਜ ਵਿੱਚ ਔਰਤ ਕਈ ਤਰੀਕਿਆਂ ਨਾਲ ਆਪਣੀ ਕੁਦਰਤੀ ਹੋਂਦ ਦਾ ਪ੍ਰਗਟਾਵਾ ਕਰਦੀ ਸੀ। ਉਸ ਦੇ ਕੰਮ ਭਾਈਚਾਰੇ ਵਿੱਚ ਨੇਪਰੇ ਚੜ੍ਹਦੇ ਸਨ। ਉਹ ਤ੍ਰਿੰਝਣਾਂ ਵਿੱਚ ਕੱਤਦੀ ਆਪਣੇ ਦੁੱਖ ਸੁੱਖ ਸਾਂਝੇ ਕਰਦੀ ਸੀ। ਕੰਮ ਦੇ ਨਾਲ ਨਾਲ ਉਹ ਆਪਣੇ ਵਲਵਲਿਆਂ ਦਾ ਪ੍ਰਗਟਾਵਾ ਕਰਦੀ ਰਹਿੰਦੀ ਸੀ। ਉਹ ਨਹਿਰਾਂ, ਸੂਇਆਂ, ਕੱਸੀਆਂ ਵਿੱਚ ਨਹਾ ਲੈਂਦੀਆਂ ਸਨ। ਇਸ ਤਰ੍ਹਾਂ ਦੇ ਪੇਂਡੂ ਮਾਹੌਲ ਨੂੰ ਉਹ ਆਪਣੀ ਇੱਕ ਕਵਿਤਾ ਵਿੱਚ ਪੇਸ਼ ਕਰਦਾ ਹੈ। ਇਸ ਵਿੱਚ ਪੇਂਡੂ ਜੀਵਨ ਅਤੇ ਔਰਤ ਦੀ ਖੁੱਲ੍ਹ ਦਾ ਰੋਮਾਂਟਿਕ ਆ ਪ੍ਰਗਟ ਹੁੰਦਾ ਹੈ:

ਮਰ ਚੁੱਕੀ ਹੈ ਦਾਦੀ, ਨਹਿਰ ਵੀ।
ਪਿੰਡ ਵੀ ਵੇਚ ਵੱਟ, ਖਾਧਾ ਗਿਆ ਕਦੋਂ ਦਾ।
ਪਰ ਮੈਨੂੰ ਅੱਜ ਵੀ ਠੰਢ ਪਾ ਦਿੰਦਾ ਹੈ,
ਗਰਮੀਆਂ ਦੀਆਂ ਛੁੱਟੀਆਂ ਵਿੱਚ, ਉਹ ਦਾਦੀ ਨਾਲ ਨਹਾਉਣਾ। 7

ਹਰੀ ਕ੍ਰਾਂਤੀ ਪਿੱਛੋਂ ਪੰਜਾਬ ਦੇ ਪਿੰਡ ਅਤੇ ਸ਼ਹਿਰ ਬਹੁਤ ਬਦਲ ਚੁੱਕੇ ਹਨ। ਮੱਧ ਵਰਗ ਸ਼ਹਿਰਾਂ ਵਿੱਚ ਆ ਗਿਆ ਹੈ। ਸ਼ਹਿਰ ਵਿਚ ਉਹ ਭਾਈਚਾਰੇ ਅਤੇ ਕੁਦਰਤ ਨਾਲੋਂ ਟੁੱਟਣ ਕਾਰਨ ਇਕੱਲਤਾ ਭੋਗ ਰਿਹਾ ਹੈ। ਸ਼ਹਿਰ ਵਿੱਚ ਆ ਕੇ ਬਾਹਰੀ ਜੰਗਲ ਜਾਂ ਪ੍ਰਕਿਰਤਕ ਮਾਹੌਲ ਤਾਂ ਖ਼ਤਮ ਹੋ ਗਿਆ ਹੈ ਪਰ ਜੰਗਲ ਸਾਡੇ ਅਵਚੇਤਨ ਵਿੱਚ ਪਿਆ ਹੈ। ਮਨੁੱਖ ਸ਼ਹਿਰਾਂ ਵਿਚ ਰਹਿੰਦੇ ਹੋਏ ਵੀ ਪੇਂਡੂ ਜੀਵਨ ਅਤੇ ਕੁਦਰਤ ਵੱਲ ਖਿੱਚੇ ਜਾਂਦੇ ਹਨ। ਇਸ ਦਾ ਕਾਰਨ ਹੈ ਕਿ ਸਾਡੇ ਅਵਚੇ ਤਨ ਦੀ ਘਾੜਤ ਕੁਦਰਤ ਵਿੱਚ ਰਹਿੰਦੇ ਸਮੇਂ ਹੀ ਘੜੀ ਗਈ ਸੀ। ਸਾਡੇ ਅਵਚੇਤਨ ਵਿੱਚ ਸ਼ਹਿਰੀ ਸਮਾਜ ਸੱਭਿਆਚਾਰ ਤੋਂ ਬਾਗ਼ੀ ਹੋਣ ਦੇ ਤੱਥ ਪਏ ਹਨ। ਇਸ ਕੁਦਰਤੀ ਸੁਭਾਅ ਨੂੰ ਪ੍ਰਗਟ ਕਰਦਾ ਹੋਇਆ ਇੱਕ ਕਵਿਤਾ ਵਿੱਚ ਕਵੀ ਸੂਰਜ ਨੂੰ ਹੈਲੋ ਕਹਿੰਦਾ ਹੈ। ਉਸ ਨਾਲ ਮਟਰ ਗਸ਼ਤੀ 'ਤੇ ਨਿਕਲਦਾ ਹੈ। ਉਹ ਗੁਲਮੋਹਰ ਦੇ ਰੁੱਖ ਨੂੰ ਆਪਣੇ ਨਾਲ ਰੁੱਸ ਗਿਆ ਹੋਇਆ ਮਹਿਸੂਸ ਕਰਦਾ ਹੈ। ਸ਼ਹਿਰੀ ਮਨੁੱਖ ਪਤਨੀ, ਪਿਤਾ, ਪੁੱਤਰ, ਸਮਾਜਿਕ ਅਤੇ ਰਾਜਸੀ ਸੰਸਥਾਵਾਂ ਨਾਲ ਲਗਾਤਾਰ ਤਣਾਓ ਦੇ ਰਿਸ਼ਤੇ ਵਿੱਚ ਹੈ। ਗੁਲ ਚੌਹਾਨ ਦੀ ਕਵਿਤਾ ਵਿੱਚ ਇਨ੍ਹਾਂ ਸੰਸਥਾਵਾਂ ਤੋਂ ਮੁਕਤ ਹੋਣ ਦਾ ਪ੍ਰਵਚਨ ਸਿਰਜਿਆ ਹੋਇਆ ਹੈ। ਇਸ ਲਈ ਕਵੀ ਨੂੰ ਸਹੀ ਸਮਾਂ ਅਤੇ ਸਥਾਨ ਕੁਦਰਤੀ ਮਾਹੌਲ ਵਿੱਚ ਅਤੇ ਘੁਮੱਕੜ ਲੋਕਾਂ ਨਾਲ ਬਿਤਾਉਣ ਸਮੇਂ ਮਹਿਸੂਸ ਹੁੰਦਾ ਹੈ। ਅਜਿਹੇ ਸਮੇਂ ਸਥਾਨ 'ਤੇ ਹੀ ਉਹ ਸਮਾਜਿਕ ਘਾੜਤਾਂ ਤੋਂ ਪਾਰ ਕੁਦਰਤੀ ਜੀਵਨ ਜਾਚ ਸਿੱਖਦਾ ਹੈ। ਸਮੁੰਦਰ ਉਸ ਨੂੰ ਵਿਸ਼ਾਲਤਾ ਪ੍ਰਦਾਨ ਕਰਦਾ ਹੈ। ਹਾਸੇ ਨਾਲ ਉਸ ਦੀਆਂ ਜੇਬਾਂ ਭਰ ਦਿੰਦਾ ਹੈ। ਪਹਾੜ ਉਸ ਨੂੰ ਜ਼ਿੰਦਗੀ ਦਾ ਰਸਤਾ ਦਿਖਾਉਂਦਾ ਹੈ। ਉਹ ਕੁਦਰਤੀ ਮਾਹੌਲ ਵਿੱਚ, ਕੁਦਰਤ ਨੂੰ ਪ੍ਰਣਾਏ ਲੋਕਾਂ ਵਿੱਚ ਵਿਚਰ ਕੇ ਚੰਗਾ ਮਹਿਸੂਸ ਕਰਦਾ ਹੈ :

ਕਿੰਨੀ ਵਾਰ ਮੈਂ ਰਿਹਾ ਠੀਕ ਸਮੇਂ, ਠੀਕ ਥਾਂ।
ਜਿਨ੍ਹਾਂ ਤੋਂ ਬਾਅਦ ਮੈਂ ਮਰ ਗਿਆ ਉਮਰ ਭਰ ਲਈ।
ਬਦਕਿਸਮਤੀ, ਹਾਰ, ਦੁੱਖ, ਉਦਾਸੀ ਲਈ।
ਊਣਤਾਈਆਂ ਕੋਲ ਮੇਰਾ ਫੋਨ ਨੰਬਰ ਹੀ ਨਾ....8

ਗੁਲ ਚੌਹਾਨ ਦੀ ਕਵਿਤਾ ਕੁਦਰਤ ਅਤੇ ਸੱਭਿਆਚਾਰ ਦੀ ਦਵੈਤ ਨੂੰ ਮੇਟਣ ਦਾ ਯਤਨ ਕਰਦੀ ਹੈ ਇਸ ਵਿੱਚ ਪੱਛਮੀ ਤਰਕ ਉਪਰ ਉਸਰੀ ਆਧੁਨਿਕਤਾ ਅਨੁਸਾਰ ਜੀਵਨ ਜਿਉਂ ਰਹੇ ਮਨੁੱਖ ਦੇ ਸੰਤਾਪ ਨੂੰ ਪੇਸ਼ ਕੀਤਾ ਗਿਆ ਹੈ।ਜੋ ਮਨੁੱਖ ਦੀ ਕੁਦਰਤ ਅਤੇ ਕੁਦਰਤੀ ਰਿਸ਼ਤਿਆਂ ਤੋਂ ਅਲਹਿਦਗੀ ਕਾਰਨ ਪੈਦਾ ਹੁੰਦਾ ਹੈ। ਗੁਲ ਚੌਹਾਨ ਦੀ ਕਵਿਤਾ ਵਿੱਚ ਮਨੁੱਖ ਦੇ ਸਰੀਰਕ - ਮਾਨਸਿਕ ਸੰਸਾਰ, ਸਮਾਜਿਕ ਸੱਭਿਆਚਾਰਕ ਜੀਵਨ ਅਤੇ ਕੁਦਰਤੀ ਸੰਸਾਰ ਦੇ ਸਬੰਧਾਂ ਦੇ ਤਣਾਓ ਨੂੰ ਉਸ ਦੀ ਪੂਰੀ ਜਟਿਲਤਾ ਸਹਿਤ ਪੇਸ਼ ਕੀਤਾ ਗਿਆ ਹੈ। ਇਸ ਸੰਬੰਧ ਵਿਚ 'ਹੀਰਾ' ਕਵਿਤਾ ਨੂੰ ਦੇਖਿਆ ਜਾ ਸਕਦਾ ਹੈ। ਇਸ ਕਵਿਤਾ ਵਿੱਚ ਇੱਕ ਪਾਸੇ ਵਾਤਾਵਰਨ ਦੇ ਪ੍ਰਦੂਸ਼ਿਤ ਹੋਣ ਦੀ ਗੱਲ ਹੈ। ਜਿਸ ਨੂੰ ਠੀਕ ਕਰਨ ਲਈ ਮਨੁੱਖ ਹਾਸੋਹੀਣੇ ਹੱਲ ਪੇਸ਼ ਕਰ ਰਿਹਾ ਹੈ। ਹਵਾ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਸ਼ਹਿਰਾਂ ਵਿੱਚ ਆਡ ਈਵਨ ਨੰਬਰ ਦੇ ਵਾਹਨ ਚਲਾਉਣ ਦੀ ਗੱਲ ਕੀਤੀ ਜਾਂਦੀ ਹੈ। ਧਰਤੀ ਅਤੇ ਪਾਣੀ ਦੇ ਪਲੀਤ ਹੋਣ ਬਾਰੇ ਵੀ ਮਨੁੱਖ ਗੰਭੀਰ ਨਹੀਂ ਹੈ। ਸਾਡੀ ਸੱਭਿਆਚਾਰਕ ਟੈਕਸਟ ਵਿਚ ਇਨ੍ਹਾਂ ਕੁਦਰਤੀ ਤੱਤਾਂ ਨੂੰ ਮਾਤਾ ਪਿਤਾ ਅਤੇ ਗੁਰੂ ਕਿਹਾ ਗਿਆ ਹੈ ਪਰ ਆਧੁਨਿਕ ਸਮੇਂ ਵਿੱਚ ਇਹ ਕੁਦਰਤੀ ਤੱਤ ਹੀ ਪਲੀਤ ਨਹੀਂ ਹੋਏ ਸਗੋਂ ਮਾਤਾ ਪਿਤਾ ਅਤੇ ਗੁਰੂ ਦਾ ਪੱਧਰ ਵੀ ਨੀਵਾਂ ਹੋਇਆ ਹੈ। ਕੁਦਰਤੀ ਤੱਤਾਂ ਦੇ ਨਾਲ ਹੀ ਮਨੁੱਖਾਂ ਅਤੇ ਜਾਨਵਰਾਂ ਦੇ ਰਿਸ਼ਤਿਆਂ ਵਿੱਚ ਵੀ ਨਿਘਾਰ ਆਇਆ ਹੈ। ਭਾਰਤੀ ਸੰਸਕ੍ਰਿਤੀ ਵਿੱਚ ਗਊਆਂ ਦੀ ਉਪਯੋਗਤਾ ਕਾਰਨ ਉਨ੍ਹਾਂ ਨਾਲ ਬਹੁਤ ਨੇੜਲਾ ਰਿਸ਼ਤਾ ਰਿਹਾ ਹੈ ਪਰ ਅੱਜ-ਕੱਲ੍ਹ ਗਊ ਰੱਖਿਆ ਦੇ ਨਾਮ 'ਤੇ ਹੋ ਰਹੀ ਹਿੰਸਾ ਦਾ ਜਾਨਵਰਾਂ ਦੇ ਹੱਕਾਂ ਨਾਲ ਕੋਈ ਸਬੰਧ ਨਹੀਂ। ਇਸੇ ਕਵਿਤਾ ਦੇ ਅਗਲੇ ਭਾਗ ਵਿੱਚ ਜਾਨ ਜੋਖ਼ਮ ਵਿੱਚ ਪਾ ਕੇ ਪਰਵਾਸ ਕਰਨ ਦੀ ਸਮੱਸਿਆ ਦਾ ਜ਼ਿਕਰ ਹੈ। ਇਸ ਸਮੱਸਿਆ ਬਾਰੇ ਕਿਸੇ ਹੱਲ ਦੀ ਥਾਂ ਕੋਹਿਨੂਰ ਹੀਰੇ ਦੀ ਇਤਿਹਾਸਕ ਯਾਦ ਅਤੇ ਉਸ ਨੂੰ ਮੋੜ ਲਿਆਉਣ ਦਾ ਪ੍ਰਵਚਨ ਖੜ੍ਹਾ ਕਰ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਵਾਤਾਵਰਨ ਅਤੇ ਸੱਭਿਆਚਾਰਕ ਸਮੱਸਿਆਵਾਂ ਦੇ ਹੱਲ ਦੀ ਥਾਂ ਉਨ੍ਹਾਂ ਬਾਰੇ ਇਤਿਹਾਸਕ ਯਾਦ ਦੇ ਆਧਾਰ 'ਤੇ ਉਸਾਰਿਆ ਮਨ ਘੜੰਤ ਪ੍ਰਵਚਨ ਖੜ੍ਹਾ ਕਰ ਦਿੱਤਾ ਜਾਂਦਾ ਹੈ ਜਿਸ ਦਾ ਸਮੱਸਿਆ ਨਾਲ ਕੋਈ ਬੁਨਿਆਦੀ ਸਰੋਕਾਰ ਨਹੀਂ ਜੁੜਦਾ। ਇਹ ਕਵਿਤਾ ਮਨੁੱਖ ਦੀ ਕੁਦਰਤੀ ਅਤੇ ਸੱਭਿਆਚਾਰਕ ਸਪੇਸ ਨੂੰ ਉਸ ਦੀ ਪੂਰੀ ਜਟਿੱਲਤਾ ਸਹਿਤ ਪੇਸ਼ ਕਰਦੀ ਹੈ।ਮਨੁੱਖ ਲਕੀਰੀ ਸਮੇਂ ਸਪੇਸ ਵਿੱਚ ਨਹੀਂ ਵਿਚਰਦਾ ਸਗੋਂ ਜਟਿਲ ਸਪੇਸ ਵਿੱਚ ਵਿਚਰਦਾ ਹੈ। ਉਸ ਦੀ ਸਪੇਸ ਅਤੇ ਸਮੇਂ ਦੀ ਧਾਰਨਾ ਬਹੁਪੱਖੀ ਹੈ ਜੋ ਮਨੁੱਖ ਦੇ ਕੁਦਰਤੀ ਤੱਤਾਂ, ਸਥਾਨਕ ਭੂਗੋਲ, ਜੀਵਾਂ, ਧਰਤੀ, ਇਤਿਹਾਸ ਅਤੇ ਲੰਮੇ ਕਾਲ ਵਿਚ ਫੈਲੇ ਪ੍ਰਵਚਨਾਂ, ਪ੍ਰਵਚਨਾਂ ਦੀ ਸਾਰਥਿਕਤਾ ਤੇ ਨਿਰਾਰਥਕਤਾ ਅਤੇ ਸਵਾਲਾਂ ਨਾਲ ਜੁੜਿਆ ਹੋਇਆ ਹੈ।

ਹਰੇ ਰੰਗ ਦੀ ਕਵਿਤਾ ਕਾਵਿ ਸੰਗ੍ਰਹਿ ਵਿੱਚ ਬਹੁਤ ਸਾਰੀਆਂ ਕਵਿਤਾਵਾਂ ਕਵੀ ਦੀ ਆਪਣੀ ਨਿੱਜੀ ਸਪੇਸ ਨੂੰ ਬਾਹਰੀ ਦਖ਼ਲ ਤੋਂ ਬਚਾਉਣ ਦਾ ਸੰਘਰਸ਼ ਹਨ। ਉਸ ਦੀ ਨਿੱਜੀ ਸਪੇਸ ਵਿੱਚ ਉਸਦਾ ਮਨ, ਸਰੀਰ, ਘਰ ਅਤੇ ਕੁਦਰਤੀ ਆਲਾ ਦੁਆਲਾ ਵੀ ਸ਼ਾਮਲ ਹੈ। ਜਿਸ

ਸਪੇਸ ਵਿਚ ਉਹ ਵਿਚਰਦਾ ਹੈ ਉਸ ਦਾ ਦੂਜਿਆਂ ਨਾਲ ਜੁੜੇ ਹੋਣ ਦੀ ਉਸ ਨੂੰ ਕੋਈ ਸਮੱਸਿਆ ਨਹੀਂ ਹੈ ਪਰ ਦੂਜਿਆਂ ਨਾਲ ਇੱਕ ਨਿਸ਼ਚਿਤ ਨੇੜਤਾ ਤੋਂ ਵੱਧ, ਦੂਜਿਆਂ ਦੇ ਦਖ਼ਲ ਨੂੰ ਉਹ ਬਰਦਾਸ਼ਤ ਨਹੀਂ ਕਰਦਾ। ਇਹ ਹੀ ਅਸਲ ਕੁਦਰਤੀ ਹੋਂਦ ਹੈ। ਅਸੀਂ ਦੂਜਿਆਂ ਨਾਲ ਰਹਿੰਦੇ ਹੋਣ ਦੇ ਬਾਵਜੂਦ ਵੀ ਉਨ੍ਹਾਂ ਵਿੱਚ ਆਪਣੀ ਹੋਂਦ ਨੂੰ ਮਰਜ ਨਹੀਂ ਕਰ ਸਕਦੇ। ਨਾ ਹੀ ਉਨ੍ਹਾਂ ਤੋਂ ਪੂਰਨ ਰੂਪ ਵਿੱਚ ਦੂਰੀ ਬਣਾ ਸਕਦੇ ਹਾਂ। ਇਹ ਸਾਡੇ ਚੌਗਿਰਦੇ ਨਾਲ ਸੰਤੁਲਿਤ ਸੰਬੰਧ ਹਨ। ਜਦੋਂ ਇਹ ਸੰਤੁਲਨ ਵਿਗੜਦਾ ਹੈ ਤਾਂ ਸਾਡੇ ਰਿਸ਼ਤੇ ਸਮੱਸਿਆਕਾਰੀ ਹੋ ਜਾਂਦੇ ਹਨ। ਗੁਲ ਚੌਹਾਨ ਦੀ ਕਵਿਤਾ ਵਿਚ ਪਤੀ ਹੋਰਨਾਂ ਪਤੀਆਂ ਵਰਗਾ ਪਤੀ ਨਹੀਂ ਬਣਨਾ ਚਾਹੁੰਦਾ। ਉਹ ਪਤਨੀ ਨਾਲ ਸਾਵੇਂ ਸਬੰਧ ਚਾਹੁੰਦਾ ਹੈ। ਪਤੀ ਪਤਨੀ ਨਾਲ ਰਿਸ਼ਤੇ ਕਾਰਨ ਆਪਣੀ ਨਿੱਜੀ ਸਪੇਸ ਨਹੀਂ ਛੱਡਣਾ ਚਾਹੁੰਦਾ। ਇਹ ਹੀ ਗੱਲ ਉਸ ਦੀ ਆਪਣੇ ਦੋਸਤਾਂ ਨਾਲ ਸੰਬੰਧਾਂ ਵਾਲੀਆਂ ਕਵਿਤਾਵਾਂ ਵਿੱਚੋਂ ਵੀ ਜ਼ਾਹਰ ਹੁੰਦੀ ਹੈ। ਉਸ ਨੂੰ ਪੈਂਤੀ ਚਾਲੀ ਸਾਲਾਂ ਬਾਅਦ ਮਿਲੀ ਦੋਸਤ ਦਾ ਘਰ ਆਉਣਾ ਲਗਭਗ ਚੰਗਾ ਲੱਗਦਾ ਹੈ। ਸੁਬ੍ਹਾ ਸੁਬ੍ਹਾ ਉਸਦਾ ਚਲੇ ਜਾਣਾ ਵੀ ਲਗਪਗ ਚੰਗਾ ਲੱਗਦਾ ਹੈ। ਉਹ ਸਾਥ ਅਤੇ ਇਕੱਲਤਾ ਨੂੰ ਇੱਕੋ ਜਿੰਨੀ ਤਰਜੀਹ ਦਿੰਦਾ ਹੈ।ਸਾਥ ਵੀ ਜ਼ਰੂਰੀ ਹੈ ਇਕੱਲਤਾ ਵੀ ਜ਼ਰੂਰੀ ਹੈ। ਅਸਲ ਵਿੱਚ ਸਾਥ ਅਤੇ ਇਕੱਲਤਾ ਦਾ ਸੰਤੁਲਨ ਬਹੁਤ ਜ਼ਰੂਰੀ ਹੈ। ਪਤਨੀ ਅਤੇ ਦੋਸਤਾਂ ਤੋਂ ਇਲਾਵਾ ਮੀਡੀਆ ਦੇ ਸ਼ੋਰ ਨੇ ਵੀ ਸਾਡੀ ਮਾਨਸਿਕ ਸਪੇਸ ਉੱਪਰ ਕਬਜ਼ਾ ਕੀਤਾ ਹੋਇਆ ਹੈ।ਉਹ ਮੀਡੀਆ ਦੇ ਸਾਡੀ ਸਪੇਸ ਵਿੱਚ ਹਿੰਸਕ ਦਖ਼ਲ ਤੋਂ ਪ੍ਰੇਸ਼ਾਨ ਹੋ ਜਾਂਦਾ ਹੈ :

-ਰੱਬਾ ਦੋਵੇਂ ਕੰਨ ਮੇਰੇ ਵਾਪਸ ਲੈ ਲੈ
ਡਿਲੀਟ ਕਰਦੇ ਆਪਣੀ ਇਹ ਐਪ
ਮੇਰੇ ਜਿਸਮ ਦੇ ਮੋਬਾਇਲ ਚੋਂ ੭

ਐਤਵਾਰ ਪੁੱਤਰ ਦੇ ਘਰ ਕਵਿਤਾ ਵਿਚ ਉਹ ਊਟ ਪਟਾਂਗ ਸੰਗੀਤ ਨੂੰ ਦੋ ਦਿਨ ਸਹਿਣ ਕਰਨ ਦੀ ਗੱਲ ਕਰਦਾ ਹੈ ਬਹੁਤ ਸਾਰੀਆਂ ਕਵਿਤਾਵਾਂ ਵਿੱਚ ਉਹ ਪਿਤਾ ਜੀ ਦੇ ਪੁਲਸੀਆ ਸੁਭਾਅ ਕਾਰਨ ਆਪਣੀ ਸਪੇਸ 'ਤੇ ਹੋਏ ਨਾਜਾਇਜ਼ ਕਬਜ਼ੇ ਦਾ ਬਿਆਨ ਕਰਦਾ ਹੈ ਪਰ ਉਸ ਦਾ ਬਿਆਨ ਬਲੈਕ ਐਂਡ ਵਾਈਟ ਨਹੀਂ ਪਿਤਾ ਜੀ ਦੀ ਭਾਵੁਕਤਾ ਨੂੰ ਵੀ ਬਿਆਨ ਕਰਦਾ ਹੈ।

ਮਨੁੱਖ ਦਾ ਅਵਚੇਤਨ ਸਮਾਜਿਕ ਜੀਵਨ ਤੋਂ ਪਹਿਲਾਂ ਦੇ ਕੁਦਰਤੀ ਮਾਹੌਲ ਵਿੱਚ ਘੜਿਆ ਹੋਇਆ ਹੈ। ਉਸ ਦੀਆਂ ਖਾਣ ਪੀਣ ਤੋਂ ਲੈ ਕੇ ਸੈਕਸ ਤਕ ਕਈ ਕੁਦਰਤੀ ਪ੍ਰਵਿਰਤੀਆਂ ਸਮਾਜਿਕ ਸੱਭਿਆਚਾਰਕ ਨੇਮਾਂ ਨਾਲ ਟਕਰਾਓ ਵਿਚ ਹਨ। ਉਸ ਨੂੰ ਕੁਦਰਤੀ ਮਾਹੌਲ ਅਤੇ ਕੁਦਰਤ ਨਾਲ ਜੁੜੇ ਮਨੁੱਖ ਚੰਗੇ ਲੱਗਦੇ ਹਨ। ਉਸ ਨੂੰ ਘਰ ਤੋਂ ਬਾਹਰ ਜਾਣਾ ਵੀ ਅਤੇ ਘਰ ਵਾਪਸ ਆਉਣਾ ਵੀ ਯਾਤਰਾ ਜਾਪਦਾ ਹੈ। ਉਹ ਸਮਾਜ ਤੋਂ ਭਾਂਜਵਾਦੀ ਨਹੀਂ। ਸਗੋਂ ਕੁਦਰਤ-ਕਲਚਰ ਦੀ ਸਾਂਝੀ ਧਾਰਨਾ ਨੂੰ ਸਥਾਪਤ ਕਰ ਰਿਹਾ ਹੈ। ਜਿਸ ਵਿੱਚ ਮਨੁੱਖ ਸਮਾਜਿਕ ਹੁੰਦਾ ਹੋਇਆ ਵੀ ਆਪਣੇ ਕੁਦਰਤੀ ਸੁਭਾਅ ਅਨੁਸਾਰ ਜਿਉਂ ਸਕਦਾ ਹੋਵੇ। ਉਹ ਬੁਢਾਪੇ ਵਿੱਚ ਮਨੁੱਖ ਦੁਆਰਾ ਆਪਣੇ ਬੱਚਿਆਂ ਵੱਲੋਂ ਸਵੀਕਾਰੇ ਜਾਣ ਦੀ ਇੱਛਾ ਵੀ ਰੱਖਦਾ ਹੈ।

ਮਨੁੱਖ ਸਿਰਫ਼ ਸਮਾਜਿਕ ਹੋਂਦ ਹੀ ਨਹੀਂ ਰੱਖਦਾ ਸਗੋਂ ਉਸ ਦੀ ਜੈਵਿਕ ਅਤੇ ਪ੍ਰਕਿਰਤਕ ਹੋਂਦ ਵੀ ਹੈ। ਗੁਲ ਚੌਹਾਨ ਦੀ ਕਵਿਤਾ ਵਿਚ ਪਰਿਵਾਰ, ਸਮਾਜਿਕ ਸੰਸਥਾਵਾਂ, ਰਾਜਸੀ ਸੰਸਥਾਵਾਂ

ਅਤੇ ਧਾਰਮਿਕ ਪ੍ਰਵਚਨਾਂ ਦੀ ਹਿੰਸਾ ਦਾ ਪ੍ਰਤੀਰੋਧ ਹੈ। ਮਨੁੱਖ ਦੇ ਪ੍ਰਕਿਰਤਕ ਸੁਭਾਅ ਅਤੇ ਸਮਾਜਿਕ ਸੰਸਥਾਵਾਂ ਵਿਚਕਾਰ ਨਿਰੰਤਰ ਟਕਰਾਅ ਹੈ। ਇਸ ਟਕਰਾਅ ਵਿੱਚੋਂ ਹੀ ਉਹ ਆਪਣੇ ਫ਼ਲਸਫ਼ੇ ਦੀ ਤਲਾਸ਼ ਕਰਦਾ ਹੈ।ਉਹ ਬਣੇ ਬਣਾਏ ਰਸਤੇ ਜਾਂ ਵਿਚਾਰਧਾਰਾ ਉਪਰ ਨਹੀਂ ਚੱਲਦਾ। ਉਸ ਦੀਆਂ ਕੁਝ ਕਵਿਤਾਵਾਂ ਤੋਂ ਵਿੱਚੋਂ ਉਸ ਦੇ ਆਪਣੇ ਰਸਤੇ ਆਪ ਤਲਾਸ਼ਣ ਦੇ ਫਲਸਫੇ ਦਾ ਪਤਾ ਵੀ ਲੱਗਦਾ ਹੈ। 'ਚੰਗੀਆਂ ਚੀਜ਼ਾਂ' ਨਾਮ ਦੀ ਕਵਿਤਾ ਵਿੱਚ ਉਹ ਸਮੁੰਦਰ, ਪਹਾੜਾਂ ਅਤੇ ਚਾਨਣੀ ਰਾਤ ਦਾ ਸੁਹਜਮਈ ਵਰਣਨ ਕਰਦਾ ਹੈ। ਇਹ ਕੁਦਰਤੀ ਦ੍ਰਿਸ਼ ਉਸ ਨੂੰ ਚੰਗੇ ਲੱਗਦੇ ਹਨ। ਇਸ ਕਵਿਤਾ ਵਿਚ ਹੀ ਜਰਮਨ ਕੁੜੀ ਜੋ ਹਰਮਨ ਹੈੱਸ ਦਾ ਨਾਵਲ ਸਿਧਾਰਥ ਪੜ੍ਹ ਰਹੀ ਹੈ। ਉਸ ਨੂੰ ਚੰਗੀ ਲੱਗਦੀ ਹੈ। ਉਸ ਕੁੜੀ ਨਾਲੋਂ ਵਿਛੜਨ ਤੇ ਉਹ ਗੌਤਮ ਨਹੀਂ ਸਿਧਾਰਥ ਬਣਿਆ ਮਹਿਸੂਸ ਕਰਦਾ ਹੈ। ਇਸ ਕਾਵਿ ਸੰਗ੍ਰਹਿ ਦੀਆਂ ਪਿਤਾ, ਪਤਨੀ, ਪੁੱਤਰ ਅਤੇ ਦੋਸਤਾਂ ਨਾਲ ਸਬੰਧਤ ਕਵਿਤਾਵਾਂ ਵਿਚ ਉਹ ਸਿਧਾਰਥ ਵਾਂਗ ਹੀ ਮਨੁੱਖੀ ਰਿਸ਼ਤਿਆਂ ਵਿੱਚ ਖ਼ਾਸ ਤਰ੍ਹਾਂ ਦੀ ਨਿਰਲੇਪਤਾ ਨੂੰ ਪੇਸ਼ ਕਰਦਾ ਹੈ। ਉਹ ਸਿਧਾਰਥ ਵਾਂਗ ਹੀ ਗੌਤਮ ਬੁੱਧ ਤੋਂ ਪ੍ਰਭਾਵਿਤ ਹੋਣ ਦੇ ਬਾਵਜੂਦ ਆਪਣੇ ਰਸਤੇ ਆਪ ਤਲਾਸ਼ਣਾ ਚਾਹੁੰਦਾ ਹੈ। ਇਸ ਸੰਬੰਧ ਵਿਚ ਉਸ ਦੀ ਕਵਿਤਾ ਸਫ਼ਰ ਬਿਗਾਨੀ ਕਾਰ ਦਾ ਬਹੁਤ ਮਹੱਤਵ ਹੈ। ਉਸ ਨੂੰ ਪਿਛਲੀ ਸੀਟ 'ਤੇ ਬੈਠਣਾ ਸਰਬ ਜਨਕ ਸਵਾਰੀ ਵਾਂਗ ਸਿਮਟ ਜਾਣਾ ਜਾਪਦਾ ਹੈ। ਉਸ ਨੂੰ ਕਾਰ ਦੀ ਅਗਲੀ ਸੀਟ 'ਤੇ ਬੈਠ ਕੇ ਸਫ਼ਰ ਕਰਨਾ ਚੰਗਾ ਲੱਗਦਾ ਹੈ।ਚਾਹੇ ਸਾਡੇ ਜੀਵਨ ਦੀ ਗੱਡੀ ਦਾ ਸਟੇਰਿੰਗ ਐਕਸੀਲੇਟਰ ਜਾਂ ਬ੍ਰੇਕ ਸਾਡੇ ਕੋਲ ਨਹੀਂ ਹੁੰਦੇ ਪਰ ਫਿਰ ਵੀ ਇਸ ਦੇ ਚੰਗੇ ਮਾੜੇ ਜੋਖਮ ਭਰੇ ਅਨੁਭਵਾਂ ਨੂੰ ਮਹਿਸੂਸ ਕਰਨਾ ਨੂੰ ਅਗਲੀ ਸੀਟ 'ਤੇ ਬੈਠ ਕੇ ਸਫ਼ਰ ਕਰਦੇ ਹੀ ਅਨੁਭਵ ਕੀਤਾ ਜਾ ਸਕਦਾ ਹੈ। ਇਹ ਕਿਸੇ ਦੇ ਦੱਸੇ ਹੋਏ ਰਸਤੇ 'ਤੇ ਚੱਲਣਾ ਨਹੀਂ। ਸਗੋਂ ਨਵੇਂ ਰਸਤਿਆਂ ਦੀ ਤਲਾਸ਼ ਅਤੇ ਉਨ੍ਹਾਂ ਦੇ ਜੋਖਮ ਖੁਸ਼ੀ ਅਤੇ ਆਨੰਦ ਨੂੰ ਅਨੁਭਵ ਕਰਨਾ ਹੈ। ਯਾਨੀ ਕਿ ਪਿਤਾ ਜੀ ਨਾਮੀ ਕਵਿਤਾ ਵਿੱਚ ਵੀ ਉਹ ਸਮਾਜਿਕ ਰਿਸ਼ਤਿਆਂ ਤੋਂ ਨਿਰਲੇਪ ਹੋਣ ਦੀ ਗੱਲ ਕਰਦਾ ਹੈ। ਸਮਾਜਿਕ ਰਿਸ਼ਤਿਆਂ ਤੋਂ ਨਿਰਲੇਪ ਰਹਿ ਕੇ ਸੁਤੰਤਰ ਰੂਪ ਵਿੱਚ ਜ਼ਿੰਦਗੀ ਜਿਊਣ ਅਤੇ ਦੂਜਿਆਂ ਨੂੰ ਸੁਤੰਤਰ ਰੂਪ ਵਿੱਚ ਜ਼ਿੰਦਗੀ ਜਿਉਣ ਦੇਣ ਦਾ ਫਲਸਫਾ ਗੁਲ ਚੌਹਾਨ ਦੀ ਕਵਿਤਾ ਦਾ ਕੇਂਦਰੀ ਨੁਕਤਾ ਹੈ। ਇਹ ਭਾਂਜਵਾਦ ਨਹੀਂ ਸਗੋਂ ਪਰਿਵਾਰਕ ਸਮਾਜਿਕ ਰਿਸ਼ਤਿਆਂ ਤੋਂ ਨਿਰਲੇਪ ਹੋ ਕੇ ਆਪਣੇ ਕੁਦਰਤੀ ਸੁਭਾਅ ਅਨੁਸਾਰ ਜੀਣ ਦੀ ਫਿਲਾਸਫੀ ਹੈ। ਗੁਲ ਚੌਹਾਨ ਦੀ ਕਵਿਤਾ ਵਿਚ ਮਨੁੱਖ ਦੇ ਕੁਦਰਤੀ ਸੁਭਾਅ ਨੂੰ ਅਤੇ ਕੁਦਰਤੀ ਆਲੇ ਦੁਆਲੇ ਨੂੰ ਕੇਂਦਰ ਵਿਚ ਰੱਖਿਆ ਗਿਆ ਹੈ। ਇਹ ਕਵਿਤਾ ਆਧੁਨਿਕ ਮਨੁੱਖ ਦੁਆਰਾ ਸਿਰਜੇ ਸਮਾਜ ਸੱਭਿਆਚਾਰ ਦੀ ਕੇਂਦਰਤਾ ਤੋਂ ਮੁਕਤ ਹੋਣ ਦਾ ਫ਼ਲਸਫ਼ਾ ਪੇਸ਼ ਕਰਦੀ ਹੈ।ਆਧੁਨਿਕ ਖਪਤਵਾਦੀ ਸੱਭਿਆਚਾਰ ਮਨੁੱਖ ਨੂੰ ਕੇਂਦਰੀ ਹੋਂਦ ਵਜੋਂ ਸਵੀਕਾਰ ਕਰਦਾ ਹੈ। ਇਹ ਮਨੁੱਖ ਧਰਤੀ ਦੇ ਸਾਰੇ ਵਸੀਲਿਆਂ ਨੂੰ ਆਪਣੀ ਲੋੜ ਤੋਂ ਅਗਾਂਹ ਜਾ ਕੇ ਲਾਲਚ ਲਈ ਵਰਤ ਕੇ ਬਰਬਾਦ ਕਰ ਰਿਹਾ ਹੈ। ਇਸ ਗੱਲ ਦਾ ਸੰਕੇਤ ਟਾਈਟਲ ਕਵਰ ਉੱਪਰ ਛਪੀ ਤਸਵੀਰ ਤੋਂ ਲੱਗਦਾ ਹੈ।ਇਸ ਤਸਵੀਰ ਵਿੱਚ ਭੂਰੀ ਧਰਤੀ ਰੰਗੀ ਸਪੇਸ ਵੱਡ ਅਕਾਰੀ ਮਨੁੱਖ ਦੇ ਮੈਟਾਫਰ ਨੇ ਢੱਕੀ ਹੋਈ ਹੈ। ਜਿਸ ਦਾ ਸਿਰ ਅਤੇ ਪੈਰ ਗ਼ਾਇਬ ਹਨ। ਇਸ ਬਿਨਾ ਸਿਰ ਪੈਰ ਦੇ ਮਨੁੱਖ ਕੇਂਦਰਿਤ ਵਿਕਾਸ ਨੇ ਸਮੁੱਚੀ ਪ੍ਰਕਿਰਤੀ ਨੂੰ ਹਾਸ਼ੀਏ ਵੱਲ ਧੱਕ ਦਿੱਤਾ ਹੈ। ਹਰੇ ਰੰਗ ਦੀ ਕਵਿਤਾ ਇਸ ਖ਼ੁੱਸੀ ਸਪੇਸ ਦੀ ਤਲਾਸ਼ ਕਰਦੀ ਹੈ। ਆਧੁਨਿਕ ਮਨੁੱਖ ਅਤੇ ਉਸ ਦਾ ਸਿਰਜਿਆ ਪ੍ਰਵਚਨ ਸਾਰੀ ਜੈਵਿਕ ਹੋਂਦ ਲਈ ਖ਼ਤਰਾ ਬਣਿਆ ਹੋਇਆ ਹੈ। ਇਸ ਵਿੱਚ ਮਨੁੱਖ ਦੇ ਕੁਦਰਤੀ ਅਤੇ ਜੈਵਿਕ ਸੁਭਾਅ ਨੂੰ ਵੀ ਖਤਰਾ ਹੈ।

ਗੁਲ ਚੌਹਾਨ ਦੀ ਕਵਿਤਾ ਮਨੁੱਖ ਦੇ ਕੁਦਰਤੀ ਸੁਭਾਅ ਅਤੇ ਆਲੇ ਦੁਆਲੇ ਨਾਲ ਉਸ ਦੀ ਸਜੀਵ ਅੰਤਰਕਿਰਿਆ ਨੂੰ ਤਲਾਸ਼ਣ ਦੀ ਕੋਸ਼ਿਸ਼ ਕਰਦੀ ਹੈ।

**ਹਵਾਲੇ** :


1. Cheryll Glotfelty & Harold Fromm,(edi) ***The Ecocriticism Reader***, The University of Georgia,Athens,1996 p.xvii
2. ਗੁਲ ਚੌਹਾਨ, ਹਰੇ ਰੰਗ ਦੀ ਕਵਿਤਾ ,ਚੇਤਨਾ ਪ੍ਰਕਾਸ਼ਨ, ਲੁਧਿਆਣਾ, 2020, ਪੰਨਾ 53
3. ਉਹੀ ਪੰਨਾ,55
4. ਉਹੀ ਪੰਨਾ,58
5. Neeladri Bhatacharya ,Pastoralists in Colonial world ' in David Arnold &Ramachandra Guha (edi) ***Nature culture & imperialism***, oxford university press,New Delhi 1995 p.58
6. ਗੁਲ ਚੌਹਾਨ, ਹਰੇ ਰੰਗ ਦੀ ਕਵਿਤਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2020 ,ਪੰਨਾ 91
7. ਉਹੀ ,ਪੰਨਾ 77
8. ਉਹੀ ,ਪੰਨਾ 85
9. ਉਹੀ ਪੰਨਾ 36

# ਝਨਾਂ ਦੀ ਰਾਤ ਦਾ ਕਾਵਿ-ਅਵਚੇਤਨ

*ਡਾ. ਹਰਵਿੰਦਰ ਸਿੰਘ*

ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਕਾਵਿ ਦੀਆਂ ਵੱਖੋ-ਵੱਖਰੀਆਂ ਪ੍ਰਵਿਰਤੀਆਂ (ਰਹੱਸਵਾਦ, ਰਾਸ਼ਟਰਵਾਦ, ਰੁਮਾਂਸਵਾਦ, ਪ੍ਰਗਤੀਵਾਦ, ਪ੍ਰਯੋਗਵਾਦ, ਜੁਝਾਰਵਾਦ, ਸੁਹਜਵਾਦ, ਮਨੋਵਿਗਿਆਨ) ਆਦਿ ਵੇਖੀਆਂ ਜਾ ਸਕਦੀਆਂ ਹਨ। ਇਨ੍ਹਾਂ ਕਾਵਿ ਪ੍ਰਵਿਰਤੀਆਂ ਦੇ ਕਾਫ਼ਲੇ ਵਿਚ ਵੱਖੋ-ਵੱਖਰੀਆਂ ਕਾਵਿ-ਸੁਰਾਂ ਪੈਦਾ ਹੁੰਦੀਆਂ ਹਨ। ਹਰਿੰਦਰ ਸਿੰਘ ਮਹਿਬੂਬ ਵੀਹਵੀਂ ਸਦੀ ਦੀ ਸਮੁੱਚੀ ਕਵਿਤਾ 'ਚੋਂ ਇਕ ਨਿਵੇਕਲਾ ਸ਼ਾਇਰ ਹੈ ਜੋ ਪਰਾਭੌਤਿਕ ਵਰਤਾਰਿਆਂ ਨੂੰ ਕਾਵਿ-ਜੋਤ ਰਾਹੀਂ ਰੁਸ਼ਨਾਉਂਦਾ ਹੈ। ਉਸ ਦਾ ਵੱਡ-ਆਕਾਰ ਕਾਵਿ-ਗ੍ਰੰਥ 'ਝਨਾਂ ਦੀ ਰਾਤ' (1990) 'ਚ ਪ੍ਰਕਾਸ਼ਤ ਹੁੰਦਾ ਹੈ। ਇਸ ਕਾਵਿ-ਸੰਗ੍ਰਹਿ ਵਿਚ ਸੱਤ ਕਾਵਿ-ਪੁਸਤਕਾਂ (ਵਣ-ਵੈਰਾਗ, ਰੁੱਤਾਂ ਦੇ ਭੇਦ ਭਰੇ ਖ਼ਤ, ਪਿਆਰੇ ਦਾ ਦੇਸ, ਆਖ਼ਰੀ ਸ਼ਾਮ, ਝਨਾਂ ਦੀ ਰਾਤ, ਕੁਰਲਾਂਦੇ ਕਾਫ਼ਲੇ ਅਤੇ ਸ਼ਹੀਦ ਦੀ ਅਰਦਾਸ) ਸੰਮਲਿਤ ਹਨ। ਹੱਥਲੇ ਲੇਖ ਦਾ ਮਨੋਰਥ ਇਸ ਵੱਡ-ਆਕਾਰੀ ਸੰਗ੍ਰਹਿ ਦੀ ਪੰਜਵੀਂ ਪੁਸਤਕ 'ਝਨਾਂ ਦੀ ਰਾਤ' ਦਾ ਪ੍ਰਵਚਨ ਵਿਸ਼ਲੇਸ਼ਣ ਪਹੁੰਚ-ਵਿਧੀ ਰਾਹੀਂ ਅਧਿਐਨ ਕਰਨਾ ਹੈ। ਮਹਿਬੂਬ ਦੇ ਕਾਵਿ-ਪ੍ਰਵਚਨ ਦੀ ਤਲਾਸ਼ ਕਰਦਿਆਂ ਉਸ ਦੀ ਕਵਿਤਾ ਦੇ ਸਮੁੱਚ ਰੂਪ, ਸੰਦਰਭਗਤ, ਸਰੋਕਾਰ, ਅਨੁਭਵੀ ਸਰੋਤ ਅਤੇ ਸਮਕਾਲੀ ਗਿਆਨ-ਸ਼ਾਸਤਰੀ ਪ੍ਰਬੰਧ ਅਧੀਨ ਇਸ ਕਾਵਿ-ਪੁਸਤਕ ਦੀ ਅਹਿਮੀਅਤ ਨੂੰ ਧਿਆਨ 'ਚ ਰੱਖਿਆ ਜਾਏਗਾ। 'ਝਨਾਂ ਦੀ ਰਾਤ' ਕਾਵਿ-ਸੰਗ੍ਰਹਿ ਦੀ ਲੰਮੀ-ਚੌੜੀ ਭੂਮਿਕਾ, ਵਿਸ਼ਵ ਸਭਿਅਤਾਵਾਂ ਦੇ ਇਤਿਹਾਸ ਪ੍ਰਫੁੱਲਿਤ ਹੋਏ ਸਾਹਿਤ ਦੀ ਰੂਹ ਨੂੰ ਕਾਵਿ-ਸ਼ਾਸਤਰੀ ਨਜ਼ਰੀਏ ਤੋਂ ਪੇਸ਼ ਕੀਤਾ ਗਿਆ ਹੈ। ਮਹਿਬੂਬ ਦਾ ਇਹ ਝੁਕਾਅ ਪੱਛਮੀ ਸਾਹਿਤ ਦੇ ਪ੍ਰਸੰਗ ਵਿਚ ਪੰਜਾਬੀ ਚਿੰਤਨ ਦੀ ਉੜਾਨ ਨੂੰ ਪੇਸ਼ ਕਰਨਾ ਕਿਹਾ ਜਾ ਸਕਦਾ ਹੈ। ਇਸ ਸੰਗ੍ਰਹਿ ਦਾ ਗਿਆਨਾਤਮਕ ਆਧਾਰ ਪੰਜਾਬੀ ਕਾਵਿ ਦੇ ਸਥਾਪਤ 'ਮੁੱਲਾਂ' ਅਤੇ ਪ੍ਰਚੱਲਿਤ ਰੁਝਾਨਾਂ, ਮੁਹਾਵਰਿਆਂ ਤੋਂ 'ਪਾਰ' ਜਾਂਦਾ ਹੈ।

*ਅਸਿਸਟੈਂਟ ਪ੍ਰੋਫ਼ੈਸਰ, ਮਾਤਾ ਸੁੰਦਰੀ ਕਾਲਜ ਫਾਰ ਵੂਮੈਨ, ਦਿੱਲੀ ਯੂਨੀਵਰਸਿਟੀ, ਦਿੱਲੀ।*
*ਫ਼ੋਨ : 9811929614*

ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਹਰਿੰਦਰ ਸਿੰਘ ਮਹਿਬੂਬ ਦੀ ਕਵਿਤਾ ਨੂੰ ਗੁਰਮਤਿ ਅਨੁਭਵ ਅਤੇ ਸਿੱਖ ਇਤਿਹਾਸ

ਦੀ ਚੇਤਨਾ ਨਾਲ ਜੋੜ ਕੇ ਸਮਝਿਆ ਗਿਆ ਹੈ। ਸਿੱਖ ਚਿੰਤਨ ਨੂੰ ਆਧੁਨਿਕ ਸਮਿਆਂ ਦੇ ਅਨੁਭਵੀ ਪਾਸਾਰ ਨਾਲ ਜੋੜਨ ਵਾਲੇ ਕਵੀ ਵਜੋਂ ਵੀ ਸਮਝਿਆ ਜਾਂਦਾ ਹੈ। ਮਹਿਬੂਬ ਦੇ ਕਾਵਿ ਚਿੰਤਨ ਦਾ ਨਮੂਨਾ ਇਕ ਵੱਖਰੀ ਜਟਿਲਤਾ ਅਤੇ ਗਿਆਨ ਦੀ ਮਹਾਨ ਹੋਂਦ ਦੀ ਪਰੰਪਰਾ ਨੂੰ ਆਧਾਰ ਬਣਾਉਂਦਾ ਹੈ। ਉਸ ਦੀ ਪਰਾਭੌਤਿਕ ਚੇਤਨਾ ਨਾਲ ਲਬਰੇਜ਼ ਕਾਵਿ ਸਰੋਤ ਦਾ ਸੰਚਾਰ ਪੱਖ ਤੋਂ ਸੰਕਟ ਵੀ ਸਪੱਸ਼ਟ ਹੋ ਜਾਂਦਾ ਹੈ। ਉਸ ਦਾ ਕਾਵਿ ਚਿੰਤਨ ਸਮਕਾਲੀ ਸਮੱਸਿਆਵਾਂ, ਰੰਗ-ਨਸਲ, ਜਾਤ-ਭੇਦ ਅਤੇ ਇਤਿਹਾਸ ਦੇ ਜ਼ਖ਼ਮਾਂ ਨੂੰ ਕਾਵਿ-ਬੱਧ ਹੀ ਨਹੀਂ ਕਰਦੀ ਸਗੋਂ ਮਨੁੱਖੀ ਮਨ ਦੇ ਆਲੇ-ਦੁਆਲੇ ਸਿਰਜੇ ਤਣਾਉ-ਟਕਰਾਅ, ਸੁਰਤਿ ਦੇ ਖਿੰਡਾਓ ਬਿੰਦੂ ਅਤੇ ਮਨ ਦੀ ਵਿਸਮਾਦੀ ਅਵਸਥਾ ਨਾਲ ਅਣਵੇਖੇ ਪਲਾਂ-ਛਿਣਾਂ ਦੀ ਸ਼ਬਦਾਂ ਰਾਹੀਂ ਆਭਾ ਸਿਰਜਦਾ ਹੈ। ਮਹਿਬੂਬ ਦਾ ਕਾਵਿ-ਪ੍ਰਵਚਨ ਗਿਆਨ ਮੰਡਲ ਵਿਚ ਵਿਚਰਦੀ ਉੱਚੀ ਸੁਰਤਿ ਨੂੰ 'ਸਮੂਹ ਵਿਅਕਤੀ' ਦੇ ਅਨੁਭਵ 'ਚੋਂ ਸਿਰਜਦਾ ਹੈ। ਇਸ ਉੱਚੀ ਸੁਰਤਿ ਨੂੰ ਉਹ ਗਿਆਨ ਦੇ ਮਹਿਮਾ ਮੰਡਲ ਰਾਹੀਂ ਮਨੁੱਖ ਦੀ ਸਮੁੱਚਤਾ ਦੇ ਅਨੁਪਾਤ ਨੂੰ ਅਨੁਭਵ ਰਾਹੀਂ ਇਕ ਵਿਸਥਾਰ ਦੇਣਾ ਲੋਚਦਾ ਹੈ। ਉਸ ਦਾ ਇਹ ਕਾਵਿ-ਅਨੁਭਵ ਖੰਡਿਤ ਚੇਤਨਾ ਨੂੰ, ਸਿਰਜਣਾਤਮਕਤਾ ਦੇ ਅਜਿਹੇ ਨੇਮ ਵਿਚ ਬੰਨ੍ਹਣਾ ਚਾਹੁੰਦਾ ਹੈ ਜਿਸ ਵਿਚ ਮਨੁੱਖੀ ਹੋਂਦ ਅਤੇ ਉਸ ਦੇ ਅਨੁਭਵ ਦੇ ਸਗਲੇ ਦੀਦਾਰ ਹੋ ਸਕਣ। ਇਥੇ ਇਹ ਗੱਲ ਜ਼ਿਕਰਯੋਗ ਹੈ ਕਿ ਆਧੁਨਿਕ ਸਾਹਿਤ ਵਿਚ ਵਧੇਰੇ ਕਰ ਕੇ ਆਦਰਸ਼ ਅਤੇ ਤਰਕਵਾਦੀ ਚੇਤਨਾ ਨੂੰ ਪ੍ਰਣਾਏ ਸਾਹਿਤ ਦੀ 'ਚੜ੍ਹਤ' ਦੇਖੀ ਜਾ ਸਕਦੀ ਹੈ। ਜਦੋਂ ਕਿਸੇ ਖ਼ਾਸ ਵਿਸ਼ੇ, ਅਨੁਭਵ, ਆਦਰਸ਼ਕ ਨਾਲ ਮਨੁੱਖੀ ਮਾਨਸਿਕਤਾ ਨੱਥੀ ਹੋ ਕੇ ਸਿਰਜਣਾ ਦੇ ਰਾਹ ਤੁਰਦੀ ਹੈ ਤਾਂ ਉਸ ਤੋਂ ਕਈ ਅਜਿਹੇ ਪਲ-ਛਿਣ ਅਤੇ ਵਿਸਮਾਦੀ ਲੈਅ ਛਾਂਗੀ ਜਾਂਦੀ ਹੈ, ਜਿਸ ਕਰ ਕੇ ਸੰਬੰਧਿਤ ਵਿਸ਼ਾ ਜਾਂ ਆਦਰਸ਼ ਖੰਡਿਤ ਹੋ ਜਾਂਦਾ ਹੈ ਤੇ ਇਨ੍ਹਾਂ ਪ੍ਰਚੱਲਿਤ ਵਰਤਾਰਿਆਂ ਦੀ ਧੂੜ ਵਿਚ ਬਹੁਤ ਅਜਿਹਾ ਕੁਝ ਖੁੱਸ ਜਾਂਦਾ ਰਿਹਾ ਹੈ, ਜਿੱਥੋਂ ਮਨੁੱਖ ਦੇ ਅਨੁਭਵ ਊਰਜਿਤ ਹੁੰਦੇ ਰਹੇ ਹਨ। ਮਿਸਾਲ ਵਜੋਂ ਧਰਮਾਂ ਦੀ ਗਿਆਨ ਚੇਤਨਾ ਅਤੇ ਸਾਧਨਾਂ ਨੂੰ ਪਰਾਭੌਤਿਕ ਜਾਂ 'ਬੀਤੇ ਦੀਆਂ ਬਾਤਾਂ ਕਹਿ ਕੇ ਰੱਦ ਕਰ ਦੇਣਾ' ਵੀ ਪੂਰਬੀ ਗਿਆਨ ਚਿੰਤਨ ਨਾਲ ਨਿਆਂ ਨਹੀਂ ਕਿਹਾ ਜਾ ਸਕਦਾ। ਪੂਰਬ ਦੀ ਧਰਮ, ਗਿਆਨ, ਸਾਧਨਾ ਨੇ , ਜਗਤ ਦੇ ਸਥੂਲ ਵਰਤਾਰਿਆਂ ਦੀ ਥਾਹ ਪਾਉਣ ਹਿੱਤ ਦੈਵੀ ਸੰਸਾਰ ਦੀ ਅਖੰਡ ਜੋਤ ਨੂੰ, ਇਕਾਗਰਤਾ ਦੇ ਨੇਮ ਵਿਚ ਬੰਨ੍ਹ ਕੇ, ਚਿੰਤਨੀ ਵਸੀਲੇ ਪੈਦਾ ਕਰ ਕੇ ਮਨੁੱਖੀ ਮਾਨਸਿਕਤਾ ਦੇ ਅਨੁਪਾਤ ਨੂੰ ਸਿਰਜਣ ਦਾ ਲੰਮਾ ਯਤਨ ਕੀਤਾ। ਸੁਆਲ ਇਹ ਹੈ ਕਿ ਅਜੋਕੇ ਦੌਰ ਵਿਚ ਦੈਵੀ ਹੋਂਦ 'ਚ ਯਕੀਨ ਰੱਖਣ ਵਾਲੇ ਸੰਵੇਦਨਸ਼ੀਲ ਮਨੁੱਖ ਨੂੰ ਅਜਿਹਾ ਬਹੁਤ ਕੁਝ ਖੁੱਸਿਆ ਪ੍ਰਤੀਤ ਹੋ ਰਿਹਾ ਹੈ, ਜੋ ਉਸ ਲਈ ਅਹਿਮ ਅਤੇ ਗੌਰਵ ਭਰਪੂਰ ਸੀ। ਉਹ ਇਸ ਖੁੱਸ ਚੁੱਕੇ ਗਿਆਨ ਦੇ ਕੁੰਭ ਨੂੰ ਮੁੜ ਸਿਰਜਣ ਲਈ ਸਿਮਰਨ-ਸਮਾਧੀਆਂ ਵਿਚ ਆਪਣੀ ਸੁਰਤਿ ਨੂੰ ਇਕਾਗਰ ਕਰਦਾ ਹੈ। ਉਨ੍ਹਾਂ ਸਿਧਾਂਤਾਂ ਨੂੰ ਮੁੜ ਅਨੁਭਵੀ ਪ੍ਰਕਿਰਿਆ 'ਚ ਢਾਲਦਾ ਹੈ ਅਤੇ ਉਸ ਦੇ ਅੰਦਰੂਨੀ ਜਗਤ ਵਿਚ ਕਈ ਅਜਿਹੇ ਸੰਸੇ, ਹੌਲ ਕਾਰਜਸ਼ੀਲ ਹਨ, ਜਿਹੜੇ ਅਨੁਭਵ ਰਾਹੀਂ ਕਾਲ (time), ਮੌਤ ਦੀ ਚੇ ਤਨਾ, ਗੁੰਮਨਾਮੀ ਤੋਂ ਸ਼ਹਾਦਤ ਤੱਕ, ਅਗੰਮੀ ਮਿਲਾਪ ਦੇ ਵਿਛੋੜੇ ਰਾਹੀਂ ਲੋਪ ਹੋਈ ਸੰਵੇਦਨਾ ਨੂੰ ਜਗਾਉਣਾ ਚਾਹੁੰਦੇ ਹਨ। ਪ੍ਰਮਾਣਿਕਤਾ ਲਈ ਇਥੇ ਮਹਿਬੂਬ ਦੇ ਸਵੈ-ਕਥਨ ਦਾ ਅਧਿਐਨ ਕੀਤਾ ਜਾ ਸਕਦਾ ਹੈ :

''ਸਮੇਂ ਅਤੇ ਸਥਾਨ 'ਤੇ ਸਰਦਾਰੀ ਕਰ ਰਹੇ ਮੌਤ ਦੇ ਕਹਿਰ ਦੀਆਂ ਅਣਗਿਣਤ ਸ਼ਕਲਾਂ ਨੂੰ ਪੂਰੀ ਤਰ੍ਹਾਂ ਪਛਾਣ ਕੇ, ਉਨ੍ਹਾਂ ਦੀ ਰਫ਼ਤਾਰ ਦਾ ਅਨੁਭਵ ਕਰਨ ਪਿੱਛੋਂ ਉਮੀਦ ਦੇ ਉਸ ਗੀਤ

ਨੂੰ ਗਾਉਂਦੀ ਹੈ, ਜਿਸ ਵਿਚ ਹੀਰ ਨੇ ਜ਼ਰੂਰ ਆਉਣਾ ਹੈ, ਜਦੋਂ ਕੁਦਰਤ ਦੇ ਮੌਲਿਕ ਨਜ਼ਾਰੇ ਮੁੜ ਅਸਲੀ ਅਨੁਪਾਤ ਹਾਸਿਲ ਕਰ ਲੈਣਗੇ। ਜਦੋਂ ਅਤਿ ਪ੍ਰਾਚੀਨ ਸੁਤੰਤਰ ਧੁੱਪ ਖ਼ੁਦ ਹਨ੍ਹੇਰੇ ਘਰ ਤੱਕ ਆਏਗੀ ਅਤੇ ਇਨਸਾਨੀ ਜ਼ਮੀਰ ਅਤੇ ਅਨੁਭਵ ਨੂੰ ਸਦੀਆਂ ਦੇ ਅਗਿਆਨ ਕਾਰਨ ਕਰੂਪ ਹੋਈਆਂ ਤਹਿਜ਼ੀਬਾਂ ਦੇ ਕਿੱਸੇ ਸੁਣਾਏਗੀ।"[1]

ਹਰਿੰਦਰ ਸਿੰਘ ਮਹਿਬੂਬ ਦੇ ਸੰਗ੍ਰਹਿ 'ਝਨਾਂ ਦੀ ਰਾਤ' ਦਾ ਪ੍ਰਵਚਨ ਤਲਾਸ਼ਦਿਆਂ ਉਪਰੋਕਤ ਕਥਨ ਨੂੰ ਖੰਡ-ਖੰਡ ਕਰ ਕੇ ਪੜ੍ਹਿਆ ਜਾ ਸਕਦਾ ਹੈ ਕਿਉਂਕਿ ਇਸ ਪੜ੍ਹਤ ਰਾਹੀਂ ਉਸ ਦੇ ਕਾਵਿ-ਸਿਧਾਂਤ ਅਤੇ ਪ੍ਰਵਚਨ ਦੀ ਉਸਾਰੀ ਦੇ ਨੇਮ ਨੂੰ ਸਮਝਿਆ ਜਾ ਸਕਦਾ ਹੈ। ਇਸ ਕਥਨ ਵਿਚ ਸ਼ਾਇਰ ਦਾ ਅਨੁਭਵ ਇਸ ਤੱਥ ਨੂੰ ਸਵੀਕਾਰਦਾ ਹੈ ਕਿ ਦੁਨੀਆ ਦਾ ਜ਼ਰ੍ਹਾ-ਜ਼ਰ੍ਹਾ ਨਾਸ਼ਮਾਨ ਅਤੇ ਮੌਤ ਦੇ ਸਾਏ ਤੋਂ ਵਿਛੁੰਨਿਆ ਨਹੀਂ ਹੈ। ਉਹ ਮੌਤ ਦੇ ਅਨੁਭਵ ਨੂੰ ਪਛਾਣ ਕੇ, ਮੁੜ ਕਿਸੇ ਨਵੇਂ ਅਨੁਭਵ ਅਤੇ ਸ਼ੁੱਧ ਹੋਣ ਦੀ ਚੇਤਨਾ ਨਾਲ ਬੱਝਿਆ ਪ੍ਰਤੀਤ ਹੁੰਦਾ ਹੈ। ਇਸ ਕਥਨ 'ਚੋਂ ਦੂਜਾ ਨੁਕਤਾ ਇਹ ਉੱਭਰਦਾ ਹੈ ਕਿ ਕਿਸੇ ਬਾਹਰਲੇ ਦਬਾਅ (ਅਪਹੁਦਰੇ ਸਮਾਜਕ, ਰਾਜਨੀਤਕ, ਆਰਥਿਕ ਅਤੇ ਸਭਿਆਚਾਰਕ ਤਾਣੇ-ਬਾਣੇ) ਕਾਰਨ ਕੁਦਰਤ ਦੇ ਮੌਲਿਕ ਨਜ਼ਾਰੇ ਅਸੰਤੁਲਨ ਹੋ ਕੇ ਗ਼ੈਬ ਦੇ ਨੇਮ ਵਿਚ ਬੱਝ ਗਏ ਹਨ। ਇਸ ਕਰ ਕੇ ਮਨੁੱਖ ਦੀ ਸੰਵੇਦਨਾ ਸੁਤੰਤਰਤਾ ਦੇ ਨਾਂ 'ਤੇ ਅਸੁਤੰਤਰ ਹੋ ਗਈ ਹੈ। ਇਸ ਕਥਨ ਦੀ ਤੀਜੀ ਕੜੀ ਮਨੁੱਖ ਆਪਣੇ ਅਨੁਭਵ ਅਤੇ ਗਿਆਨ ਰਾਹੀਂ ਅਸੰਤੁਲਨ ਹੋਏ ਵਰਤਾਰਿਆਂ ਨੂੰ ਸਿਰਜਣਾਤਮਕਤਾ ਦੇ ਨੇਮ ਵਿਚ ਬੰਨ੍ਹ ਕੇ 'ਅਗਿਆਨ ਕਾਰਨ' ਕਰੂਪ ਹੋਈਆਂ ਸੱਭਿਅਤਾਵਾਂ ਦੀ ਨਿਸ਼ਾਨਦੇਹੀ ਕਰਦਾ ਹੈ। ਸੋ, ਇਉਂ ਮਹਿਬੂਬ ਦਾ ਉਪਰੋਕਤ ਕਥਨ ਧਰਤੀ ਦੀਆਂ ਮੌਲਿਕਤਾਵਾਂ 'ਚੋਂ ਖਾਰਿਜ ਕੀਤੀਆਂ ਗਈਆਂ ਅਸੀਮ ਸੰਭਾਵਨਾਵਾਂ ਨੂੰ ਇਕ ਅਨੁਪਾਤ ਵਿਚ ਰੱਖਣ ਦੇ ਆਹਰੇ ਲੱਗਾ ਹੋਇਆ ਹੈ। ਹਾਲਾਂਕਿ ਉਸ ਦਾ ਸੋਚ-ਪ੍ਰਬੰਧ ਅਮੂਰਤਾ ਅਤੇ ਆਤਮ-ਪਰਕਤਾ ਦੇ ਵਧੀਕ ਨੇੜੇ ਜਾਪਦਾ ਹੈ। 'ਝਨਾਂ ਦੀ ਰਾਤ' ਵਿਚ ਨਿੱਕੀਆਂ-ਲੰਮੀਆਂ ਵੀਹ ਕੁ ਨਜ਼ਮਾਂ ਸ਼ਾਮਿਲ ਕੀਤੀਆਂ ਗਈਆਂ ਹਨ। ਉਹ ਇਨ੍ਹਾਂ ਨਜ਼ਮਾਂ ਨੂੰ 'ਬੇਲਿਆਂ ਦੀ ਕਨਸੋਅ' ਦੇ ਉਪਨਾਮ ਹੇਠ ਸੰਗ੍ਰਹਿਤ ਕਰਦਾ ਹੈ। ਇਥੇ 'ਝਨਾਂ ਦੀ ਰਾਤ' ਦੇ ਪ੍ਰਤੀਕ ਮੰਡਲ ਨੂੰ ਡੀਕੋਡ ਕਰਨਾ ਵੀ ਜ਼ਰੂਰੀ ਹੈ। ਲੁਗਾਤੀ ਮਾਅਨਿਆਂ ਵਿਚ 'ਝਨਾਂ' ਇਕ ਦਰਿਆ ਦਾ ਨਾਂ ਹੈ, ਜਿਸ ਨੂੰ ਚਿਨਾਬ ਵੀ ਆਖਿਆ ਜਾਂਦਾ ਹੈ। ਦੂਜੇ ਪਾਸੇ ਇਹ ਦਰਿਆ ਦੇ ਕੰਢੇ ਪੰਜਾਬ ਦੀ ਸਭਿਅਤਾ ਦੇ ਉਹ ਮੌਲਿਕ ਸੁਪਨੇ ਜਵਾਨ ਹੋਏ, ਜੋ ਆਪਣੀ ਸੁਤੰਤਰ ਅਤੇ ਨਿਰਪੱਖ ਹੋਂਦ ਲਈ ਸਥਾਪਤ ਨਿਜ਼ਾਮ ਦੇ ਗ਼ਲਬੇ ਨੂੰ ਤੋੜਦੇ ਹੋਏ, ਮੌਤ ਨੂੰ ਗਲੇ ਲਗਾਉਂਦੇ ਹਨ। ਸਮਾਂ ਪਾ ਕੇ ਉਨ੍ਹਾਂ ਦੀ ਇਹ ਅਣਆਈ ਮੌਤ ਸ਼ਹਾਦਤ ਅਤੇ ਰੁਮਾਂਸ ਦਾ ਕੇਂਦਰੀ ਇਤਿਹਾਸ ਸਿਰਜਦੀ ਹੈ ਤੇ ਪੰਜਾਬ ਦੀ ਗਿਆਨ ਚਿੰਤਨੀ ਪਰੰਪਰਾ ਇਨ੍ਹਾਂ ਸੁਪਨਿਆਂ ਨੂੰ ਆਪੋ-ਆਪਣੀ ਪ੍ਰਤਿਭਾ ਰਾਹੀਂ ਗ਼ੈਬੀ-ਅਲਗ਼ੈਬੀ, ਜ਼ਾਹਰੀ-ਬਾਤਨੀ, ਹਕੀਕੀ-ਮਜਾਜ਼ੀ ਰਾਹੀਂ ਪਰਿਭਾਸ਼ਿਤ ਕਰਦੀ ਹੈ। ਸੋ, 'ਝਨਾਂ ਦੀ ਰਾਤ' ਦਾ ਕੇਂਦਰੀ ਚਿਹਨ ਪੰਜਾਬੀ ਦੀ ਕਿੱਸਾਗੋਈ ਪਰੰਪਰਾ ਨੂੰ ਚਿਹਨਤ ਕਰਦਾ ਹੈ। ਮਹਿਬੂਬ ਦਾ ਕਾਵਿ-ਪ੍ਰਵਚਨ ਬੇਲਿਆਂ, ਕੰਢਿਆਂ 'ਚ ਜੋਬਨ ਹੋਈ ਪ੍ਰੀਤ ਦੇ ਉਨ੍ਹਾਂ ਪਲਾਂ-ਛਿਣਾਂ, ਤਣਾਵਾਂ-ਟਕਰਾਵਾਂ ਨੂੰ ਸਿਰਜਦਾ ਹੈ, ਜਿਹੜੇ ਪੰਜਾਬੀ ਮਨੁੱਖ ਦੇ ਸੰਪੂਰਨ ਹੋਣ ਦੀ ਸੁਰਤਿ-ਬਿਰਤੀ ਦੇ ਲਖਾਇਕ ਸਨ। ਇਥੇ ਇਸ ਗੱਲ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਕਿ ਪੰਜਾਬ ਦੀ ਕਿੱਸਾਗੋਈ ਪਰੰਪਰਾ ਵਿਚ ਇਨ੍ਹਾਂ ਕਾਵਿ-ਨਾਇਕਾਂ ਦੀ ਸੰਪੂਰਨ ਬਿੰਬਕਾਰੀ ਦਾ ਦੀਦਾਰ ਨਹੀਂ ਹੁੰਦਾ। ਇਹ ਖੰਡਿਤ ਬਿੰਬਕਾਰੀ ਇਨ੍ਹਾਂ ਕਾਵਿ-ਨਾਇਕਾਂ ਦੇ ਅੰਦੂਰਨੀ ਰਹੱਸਾਂ, ਖਿੱਚਾਂ-ਪਿਆਰਾਂ ਦੇ ਇਕਪਾਸੜ ਵੇਰਵੇ ਨੂੰ ਸਿਰਜਦੀ ਹੈ। ਜਿਸ ਵਿਚ ਕਾਵਿ-ਨਾਇਕ

ਦੀ ਬਿਰਤੀ, ਮਹਿਬੂਬ ਦੀ ਪ੍ਰਾਪਤੀ ਜਾਂ ਕਿੱਸਾਕਾਰ ਦੀ ਮਿਥੀ ਚੇਤਨਾ ਦੇ ਕੇਂਦਰ ਦੁਆਲੇ ਉੱਸਰਦੀ ਪ੍ਰਤੀਤ ਹੁੰਦੀ ਹੈ। ਹਾਲਾਂਕਿ ਕਿੱਸਾਗੋਈ ਪਰੰਪਰਾ ਨੂੰ ਪੰਜਾਬ ਦੀ ਸਾਹਿਤਕ ਪਰੰਪਰਾ ਵਿਚ 'ਸੁਨਹਿਰੀ ਕਾਲ' ਵੀ ਕਿਹਾ ਗਿਆ ਹੈ। ਪਰੰਤੂ ਪੰਜਾਬੀ ਦੇ ਪੋਟਿਆਂ 'ਤੇ ਗਿਣੇ ਜਾਣ ਵਾਲੇ ਕਿੱਸਿਆਂ ਨੂੰ ਛੱਡ ਕੇ, ਬਾਕੀ ਕਿੱਸਿਆਂ ਬਾਰੇ ਇਹ ਗੱਲ ਕਹੀ ਜਾ ਸਕਦੀ ਹੈ ਕਿ ਕਿੱਸਿਆਂ ਦੀ ਅੰਦਰੂਨੀ ਸੰਰਚਨਾ ਵਿਚ ਵਿਲੱਖਣ ਕਿਸਮ ਦੇ ਅਨੁਭਵ ਅਤੇ ਸੰਪੂਰਨ ਮਨੁੱਖ ਦੀ ਮੌਲਿਕ ਪਛਾਣ ਖੁੰਝ ਜਾਂਦੀ ਹੈ। ਪਰੰਤੂ ਕਿੱਸਾਕਾਰੀ ਦਾ ਬਹੁਤਾ ਜ਼ੋਰ ਘਟਨਾ ਨੂੰ ਪੂਰਨ 'ਤੇ ਲੱਗਿਆ ਰਿਹਾ। ਇਨ੍ਹਾਂ ਕਿੱਸਿਆਂ ਵਿਚ ਘਟਨਾਵਾਂ ਦੀ ਸਿਖ਼ਰ ਅਤੇ ਚੁੱਪ ਦੇ ਉਨ੍ਹਾਂ ਪਲਾਂ-ਛਿਣਾਂ, ਜਜ਼ਬਿਆਂ ਨੂੰ ਚਿਤਰਿਆ ਹੀ ਨਹੀਂ ਗਿਆ, ਜਿਨ੍ਹਾਂ ਦੀ ਮੌਜੂਦਗੀ ਕਰ ਕੇ ਇਹ ਪ੍ਰੀਤ ਕਥਾਵਾਂ ਮਹਾਨ ਹੋਣ ਦੀ ਵਿੱਥ 'ਤੇ ਖਲੋਅ ਜਾਂਦੀਆਂ ਹਨ। ਮਹਾਨ ਸਾਹਿਤ ਹੋਣ ਦੀ ਇਕ ਇਕਹਿਰੀ ਪਰਤ ਇਹ ਵੀ ਮੰਨੀ ਜਾਂਦੀ ਹੈ ਕਿ ਸਾਹਿਤ ਸਿਰਜਣਾ ਦਾ ਕਾਰਜ ਦਿਖਦੇ ਨੂੰ ਦਿਖਾਉਣਾ ਜਾਂ ਟਿਸਦੇ ਨੂੰ ਪੁਨਰ ਪਰਿਭਾਸ਼ਿਤ ਕਰਨਾ ਹੀ ਹੁੰਦਾ, ਪਰੰਤੂ ਅਣਦਿੱਸਦੀਆਂ ਪਰਤਾਂ ਦੇ ਓਹਲੇ ਵਾਪਰਦੇ ਵਰਤਾਰਿਆਂ ਦੇ ਪਲਾਂ-ਛਿਣਾਂ, ਚੁੱਪਾਂ ਜਾਂ ਭੌਤਿਕਤਾ ਦੁਆਲੇ ਮਹਿਸੂਸ ਕੀਤੇ ਜਾ ਰਹੇ ਪਰਾਭੌਤਿਕ ਵਰਤਾਰਿਆਂ ਨੂੰ ਉਜਾਗਰ ਕਰਨਾ ਵੀ ਤਾਂ ਹੋ ਸਕਦਾ ਹੈ। ਹਾਲਾਂਕਿ ਪਰਾਭੌਤਿਕਤਾ ਨੂੰ ਸਾਹਿਤ ਦੀ ਮਿਆਦ 'ਮਿਥਣਾ' ਅਜੋਕੇ ਸਮਿਆਂ ਦੇ ਸਾਹਿਤ-ਸਿਧਾਂਤਾਂ ਵਿਚ ਵਿਵਾਦਮਈ ਪਹਿਲੂ ਹੈ। ਜਦਕਿ ਪੱਛਮੀ ਗਿਆਨ ਚਿੰਤਨ ਦੀ ਪਰੰਪਰਾ ਪਰਾਭੌਤਿਕਤਾ ਦੀ 'ਹਾਜ਼ਰੀ' ਨੂੰ 'ਗ਼ੈਰ-ਹਾਜ਼ਰ' (absence) ਕਹਿ ਕੇ ਰੱਦ ਕਰ ਚੁੱਕੀ ਹੈ। ਮਹਿਬੂਬ ਦੇ ਕਾਵਿ ਪ੍ਰਵਚਨ ਦਾ ਕੇਂਦਰੀ ਸੂਤਰ ਸਥਾਨਕ ਸਭਿਅਤਾ ਦੀ ਸਮੂਹਿਕ ਚੇਤਨਾ 'ਚੋਂ ਗ਼ੈਰ-ਹਾਜ਼ਰ ਸਭਿਅਤਾ ਦੇ ਤਣਾਵਾਂ ਨੂੰ ਸਿਰਜਦਾ ਹੈ। ਉਸ ਦੇ ਅਨੁਭਵ ਦਾ ਪ੍ਰੇਰਣਾ-ਸਰੋਤ ਗਿਆਨ-ਸ਼ਾਸਤਰੀ ਪਰੰਪਰਾਵਾਂ ਦੇ ਗਹਿਰੇ ਚਿੰਤਨ 'ਚੋਂ ਆਪਣੀ ਹੋਂਦ ਧਾਰਨ ਕਰਦਾ ਹੈ। ਉਹ ਮਜ਼ਹਬੀ ਗਿਆਨ ਸ਼ਾਸਤਰੀ ਪਰੰਪਰੀ ਧਾਰਨਾਵਾਂ ਦੇ ਤੁਲਨਾਤਮਕ ਅਧਿਐਨ 'ਚੋਂ ਸਮੂਹਿਕ ਚੇਤਨਾ ਨੂੰ ਜਗਾਉਂਦਾ ਹੈ। ਜਿਹੜੀ ਇਨਸਾਨੀ ਜਜ਼ਬਿਆਂ ਦੀ ਸਿਖ਼ਰ ਵਿਸ਼ਵੀ ਵਰਤਾਰਿਆਂ ਦੇ ਹਾਣ ਦੀ ਹੋ ਕੇ ਲਕੀਰਾਂ ਅਤੇ ਭੇਦਾਂ ਤੋਂ ਉਤਾਂਹ ਉੱਠ ਕੇ, ਮਨੁੱਖੀ ਸ਼ਖ਼ਸੀਅਤ ਦੇ ਵਿਸਥਾਰਮਈ ਪਾਸਾਰਾਂ ਨੂੰ ਸਿਰਜ ਸਕੇ। ਉਹ ਇਸਲਾਮ, ਯਹੂਦੀ, ਇਸਾਈਅਤ ਅਤੇ ਭਾਰਤੀ ਦਰਸ਼ਨ ਦੇ ਸਮਾਨੰਤ ਸਿੱਖ ਮੱਤ ਦੀ ਗਿਆਨ ਸ਼ਾਸਤਰੀ ਪਰੰਪਰਾ ਨੂੰ ਚਿੱਤਰਦਾ ਹੋਇਆ 'ਮਾਹੀ' ਦੇ ਬਿੰਬ ਰਾਹੀਂ ਸੰਪੂਰਨ ਅਤੇ 'ਮਰਦ-ਏ-ਕਾਮਿਲ' ਦੀ ਉਸਾਰੀ ਕਰਦਾ ਹੈ :

''ਕਵੀ ਨੂੰ ਇਸ ਪੁਸਤਕ ਵਿਚ ਇਕ ਪਾਸੇ ਸਮੂਹਿਕ ਮਜ਼ਹਬਾਂ ਦੀ ਚੇਤਨਾ ਦੇ ਖੰਡਿਤ ਹੋਏ ਰੂਪ ਉਨ੍ਹਾਂ ਦੂਰੀਆਂ ਤੱਕ ਨਜ਼ਰ ਆ ਰਹੇ ਹਨ, ਜਿਨ੍ਹਾਂ ਦੂਰੀਆਂ ਨੂੰ ਇਨ੍ਹਾਂ ਮਜ਼ਹਬਾਂ ਦੀ ਪਹਿਲ ਤਾਜ਼ਗੀ ਨੇ ਕਦੀ ਆਪਣੇ-ਆਪਣੇ ਦੌਰ ਵਿਚ ਆਬਾਦ ਕੀਤਾ ਸੀ। ਇਸਲਾਮ, ਸਿੱਖ ਮੱਤ, ਨਵੀਂ ਅਤੇ ਪੁਰਾਣੀ ਅੰਜ਼ੀਲ ਅਤੇ ਭਾਰਤੀ ਦਰਸ਼ਨ ਵਿਚ ਕਵੀ ਨੂੰ ਇਕ ਸਮੂਹਿਕ ਪਤਨ ਨਜ਼ਰ ਆ ਰਿਹਾ ਹੈ। ਇਸ ਦੇ ਮਾਰੂ ਪ੍ਰਭਾਵਾਂ ਦੀ ਨਿਰਾਕਾਰ ਹਸਤੀ ਦੇ ਪਾਸਾਰ ਨੂੰ ਕਵੀ ਨੇ ਵਿਸ਼ਵ ਦੇ ਸੰਦਰਭ ਵਿਚ ਅਤਿ ਵਿਸ਼ਾਲ ਸੂਖ਼ਮ ਅਤੇ ਫੈਲਵੇਂ ਰੂਪ ਵਿਚ ਚਿਤਰਿਆ ਹੈ।''[2]

ਮਹਿਬੂਬ ਦੇ ਕਾਵਿ-ਪ੍ਰਵਚਨ ਵਿਚ 'ਕਾਲ' (time) ਦੇ ਵੱਖ-ਵੱਖ ਪ੍ਰਭਾਵਾਂ ਨੂੰ ਚਿਤਰਿਆ ਹੈ। ਉਸ ਦੀ ਕਾਵਿ-ਚੇਤਨਾ ਦਾ ਇਕ ਵਿਲੱਖਣ ਸੁਮੇਲ ਇਹ ਵੀ ਹੈ ਕਿ ਸਮੁੱਚੇ ਪ੍ਰਕਿਰਤਕ ਵਰਤਾਰਿਆਂ ਨੂੰ ਕਿਤੇ ਕਾਲ ਤੋਂ ਵਿਛੁੰਨੇ ਹੋਏ ਪ੍ਰਤੀਤ ਨਹੀਂ ਕਰਦਾ ਅਤੇ ਕਿਤੇ ਉਸ ਦੀ ਚੇਤਨਾ ਦੇ ਪ੍ਰਭਾਵ 'ਚੋਂ 'ਹੜ੍ਹ ਸਮਿਆਂ ਦਾ' ਦਾ ਪਲਾਂ-ਛਿਣਾਂ ਵਿਚ ਗੁੰਮ ਹੋਇਆ ਪ੍ਰਤੀਤ ਹੁੰਦਾ ਹੈ। ਅਜਿਹੇ

ਕਾਵਿ-ਪ੍ਰਭਾਵ ਨੂੰ ਕਵੀ ਦੇ ਚੇਤਨ-ਅਚੇਤਨਤਾ ਦੀ ਧੁੱਪ-ਛਾਂ ਹੀ ਆਖ ਸਕਦੇ ਹਾਂ। ਇਉਂ ਉਹ ਬਹੁਤੀ ਵਾਰ ਅਜਿਹੇ ਹੌਲਨਾਕ ਦ੍ਰਿਸ਼ਾਂ ਦੀ ਉਸਾਰੀ ਕਰਦਾ ਹੈ, ਜਿਸ ਰਾਹੀਂ ਕਾਇਨਾਤ ਦੇ ਸਮੁੱਚੇ ਵਰਤਾਰੇ ਡੋਲਦੇ ਅਤੇ ਬੇਅਨੁਪਾਤ ਨਜ਼ਰ ਆਉਂਦੇ ਹਨ। ਉਹ ਰਾਤ, ਹਨ੍ਹੇਰੇ ਦੇ ਚਿਹਨ ਰਾਹੀਂ 'ਸਮਾਂ' ਅਤੇ 'ਸਪੇਸ' (time & space) ਦੇ ਅਜਿਹੇ ਅਰਥ ਦੀ ਅਦ੍ਰਿਸ਼ਟਤਾ ਨੂੰ ਚਿਤਰਦਾ ਹੈ, ਜਿਸ ਵਿਚੋਂ ਮਨੁੱਖੀ ਮਾਨਸਿਕਤਾ ਹਨ੍ਹੇਰੇ ਦੇ ਮਹਾਂਪਾਸਾਰ 'ਚੋਂ ਅਧੂਰੀ, ਅਪਹੁੰਚ ਉਤੇਜਨਾ ਨੂੰ ਲੱਭ ਕੇ, ਸਥੂਲ ਅਤੇ ਮਿਲਾਪ ਦੇ ਵਿਸਮਾਦ ਨੂੰ ਸਿਰਜਣਾ ਚਾਹੁੰਦਾ ਹੈ। ਉਹ ਇਸ ਬੇਓੜਕ ਉਡੀਕ ਦੇ ਕਹਿਰ ਨੂੰ ਪੇਸ਼ ਕਰ ਕੇ ਪੁਰਾਤਨਤਾ ਦੀ ਸ਼ੁੱਧ ਚੇਤਨਾ ਦੁਆਲੇ ਪਰਿਕਰਮਾ ਕਰਦਾ ਹੈ।

ਮਹਿਬੂਬ ਦੇ ਕਾਵਿ-ਪ੍ਰਵਚਨ ਵਿਚ 'ਕਾਲ' ਅਤੇ 'ਕਾਫ਼ਲਾਂ' ਦੋ ਪ੍ਰਮੁੱਖ ਅਤੇ ਪ੍ਰਬਲ ਚਿਹਨ ਹਨ। ਵਿਸ਼ਵ ਦੇ ਸਨਾਤਨੀ ਗਿਆਨ ਦੇ ਅਧਿਐਨ 'ਚੋਂ ਸਿਰਜੇ ਅਨੁਭਵ ਰਾਹੀਂ, ਸਿੱਖ ਫ਼ਲਸਫ਼ੇ ਦੀ ਉਡਾਨ ਨੂੰ ਪੇਸ਼ ਕਰਦਾ ਹੈ। ਇਸ ਦੇ ਕਾਵਿ ਵਿਚਲੇ ਕਾਫ਼ਲੇ ਦਾ ਚਿਹਨ ਦੁਵੱਲੇ ਰੂਪ 'ਚ ਸਾਹਮਣੇ ਆਉਂਦਾ ਹੈ। ਪਹਿਲਾਂ, ਕਾਫ਼ਲੇ ਦਾ ਚਿਹਨ ਸਿੱਖ ਚਿੰਤਨ ਦੀ ਉਸ ਅਖੰਡ ਜੋਤ ਨੂੰ ਸਿਰਜਦਾ ਹੈ, ਜਿਸ ਦੇ ਅਨੁਭਵੀ ਪ੍ਰਕਾਸ਼ ਰਾਹੀਂ ਪੰਜਾਬ ਦੀ ਸਿੱਖ ਚਿੰਤਨ ਪਰੰਪਰਾ ਦਾ ਮੁੱਢ ਬੱਝਾ। ਪਰੰਤੂ ਉਸ ਦੇ ਖੰਡਿਤ ਹੋ ਜਾਣ ਦੀ ਸੁਰਤੀ-ਬਿਰਤੀ ਵਿਚ 1947 ਈ. ਦੀ ਵੰਡ ਦੇ ਨਾਲ ਪੁਨਰ ਰੂਪ 'ਚ ਸਾਹਮਣੇ ਆਉਂਦੀ ਹੈ। ਉਸ ਦੇ ਕਾਵਿ-ਅਵਚੇਤਨ ਵਿਚ ਗਿਆਨ ਦੇ ਕਾਫ਼ਲੇ ਦੀ ਖੰਡਿਤ ਬਿਰਤੀ ਦਾ ਝੋਰਾ, ਹੌਲ ਲਰਜ਼ ਰਿਹਾ ਹੈ। ਜਿਸ ਨੂੰ ਉਹ 'ਉਡੀਕ' ਦੇ ਚਿਹਨ ਰਾਹੀਂ ਪ੍ਰਗਟਾਉਂਦਾ ਹੈ। ਉਸ ਦੀ ਇਸ ਪ੍ਰਗਟਾਅ-ਵਿਧੀ ਅਤੇ ਰੂਪ-ਵਿਧਾ ਕਾਰਨ ਉਡੀਕ ਦਾ ਪ੍ਰਵਚਨ ਸਮੁੱਚ ਰੂਪ 'ਚ ਸਾਹਮਣੇ ਨਹੀਂ ਆਉਂਦਾ। ਉਸ ਦੀ ਇਹ ਰਲਗੱਡ ਚੇਤਨਾ ਕਾਵਿ-ਸੰਕਟ ਨੂੰ ਸਿਰਜ ਬੈਠਦੀ ਹੈ। ਰੂਪ ਅਤੇ ਵਸਤੂ ਦੀ ਦਵੰਦਾਤਮਕ ਚੇਤਨਾ ਦੀਆਂ ਕਈ ਉਦਾਹਰਨਾਂ ਮਹਿਬੂਬ ਕਾਵਿ 'ਚੋਂ ਤਲਾਸ਼ੀਆਂ ਜਾ ਸਕਦੀਆਂ ਹਨ। ਰੂਪ ਅਤੇ ਕਾਵਿ-ਵਿਧਾ ਦੇ ਪੱਖ ਤੋਂ ਇਥੇ ਇਹ ਜਾਣਨਾ ਜ਼ਰੂਰੀ ਹੈ ਕਿ ਵਿਸ਼ਾ ਅਤੇ ਖ਼ਿਆਲ ਦੀ ਤਾਜ਼ਗੀ ਵਿਧਾ ਦਾ ਸ਼ਿਕਾਰ ਹੋ ਜਾਂਦੀ ਹੈ। ਖ਼ਿਆਲ ਨੂੰ ਏਕਤਾ ਦੀ ਸੂਤਰਤਾ ਵਿਚ ਬੰਨ੍ਹਣ ਦੀ ਥਾਵੇਂ, ਉਹ ਹਰੇਕ ਕਾਵਿ-ਬੰਦ ਵਿਚ ਉਹ ਖੰਡਿਤ ਰੂਪ ਨੂੰ ਸਿਰਜਦੀ ਹੈ। ਇਸ ਕਰ ਕੇ ਉਸ ਦਾ ਕਾਵਿ-ਪ੍ਰਵਚਨ ਵਿਸ਼ੇ ਅਤੇ ਏਕਤਾ ਦੇ ਸੂਤਰ ਵਿਚ ਬੱਝਿਆ ਹੋਣ ਦੀ ਥਾਵੇਂ ਪ੍ਰਗਟਾਅ ਪੱਖ ਤੋਂ ਫ਼ਲਸਫ਼ੇ ਦੀ ਸ਼ੁੱਧ ਚੇਤਨਾ ਦੇ ਸੰਚਾਰ ਤੋਂ ਜਾਂਦਾ ਹੈ। ਇਥੇ ਉਸ ਦੀ ਉਡੀਕ ਦੇ ਚਿਹਨਾਂ ਦੀਆਂ ਕਾਵਿ-ਟੁਕੜੀਆਂ ਦਾ ਅਧਿਐਨ ਕੀਤਾ ਜਾ ਸਕਦਾ ਹੈ :

''ਇਕ ਦਿਨ ਹੋਰ ਲਵੇਗੀ ਮੇਂਹਦੀ
ਲੰਮੀ ਨਦੀ ਜੋ ਵਗਦੀ
ਇਕ ਦਿਨ ਫਜ਼ਰ 'ਚ ਬਲ ਉੱਡਣਗੇ
ਦੀਵੇ ਵਿਛੜੇ ਸਾਵਾਂ ਦੇ...
ਇਕ ਦਿਨ ਸੰਵ ਮਜ਼ਾਰਾਂ ਦੀ ਵਿਚ
ਕੂਕੇਗਾ ਕੋਈ ਕਤਰਾ
ਇਕ ਦਿਨ ਜਿਉਣ ਜੋਗੀਏ ਤੈਂ ਬਿਨ
ਮਿਲਣਗੇ ਯਾਰ ਗਰਾਵਾਂ ਦੇ

ਨਨਕਾਣਾ ਕੁਰਲਾ ਉੱਠੇਗਾ
ਇਕ ਦਿਨ ਭਰਿਆ ਮੇਲਾ
ਅੱਧੀ ਰਾਤ ਨੂੰ ਦਰ 'ਤੇ ਵਹਿਣੇ
ਦੁਖੜੇ ਮੁੜ ਸਭਰਾਵਾਂ ਦੇ
ਹਾਲ-ਹਵਾਲ ਪੁੱਛਣੇ ਰੋ ਕੇ
ਮੇਲੇ ਵਿਚ ਜਲਾਦਾਂ
ਧੂੜ ਕਾਫ਼ਲੇ ਦੀ ਵਿਚ ਰੁਲਸਣ
ਅੱਥਰੂ ਦੂਰ ਸਜ਼ਾਵਾਂ ਦੇ।"[3]

ਉਪਰੋਕਤ ਕਾਵਿ-ਬੰਦਾਂ ਵਿਚ ਮਹਿਬੂਬ ਦੀ ਕਾਵਿ-ਚੇਤਨਾ ਨਨਕਾਣੇ ਦੇ ਵਿਛੋੜੇ ਦੀ ਪੜ੍ਹੀ ਅਤੇ ਟੁੱਟੇ ਹੋਏ ਸਿੱਖ ਰਾਜ ਦੀ ਵਿਥਿਆ ਇਕੋ ਸੂਤਰ ਵਿਚ ਪੇਸ਼ ਹੋ ਜਾਂਦੀ ਹੈ। ਹਾਲਾਂਕਿ ਉਡੀਕ ਇਸ ਸਮੁੱਚੀ ਕਵਿਤਾ ਅਤੇ ਕਾਵਿ-ਨਾਇਕ ਦਾ ਕੇਂਦਰੀ ਚਿਹਨ ਹੈ ਪਰ ਉਡੀਕ 'ਚ ਪਰੁੰਨੀ ਚੇਤਨਾ ਨਨਕਾਣੇ ਦੇ ਇਤਿਹਾਸਕ ਦ੍ਰਿਸ਼ਟਾਅ ਅਤੇ ਸਭਰਾਵਾਂ ਦੀ ਜਗੀਰੂ ਦ੍ਰਿਸ਼ੀਟੀ ਨੂੰ ਰਲਗੱਡ ਕਰ ਦਿੰਦਾ ਹੈ ਕਿਉਂਕਿ ਨਨਕਾਣੇ ਦਾ ਚਿਹਨ ਸਰਬਤ ਦਾ ਭਲਾ ਅਤੇ ਨਾਨਕੀ ਮਾਡਲ, ਗਿਆਨ ਪਰੰਪਰਾ ਦੀ ਮੁੱਖ ਚੇਤਨਾ ਦੀ ਪਰਵਾਜ਼ ਨੂੰ ਸਿਰਜਦਾ ਹੈ, ਉਥੇ ਸਭਰਾਵਾਂ (ਮਹਾਰਾਜਾ ਰਣਜੀਤ ਸਿੰਘ + ਫਰੰਗੀਆਂ ਦੀ ਲੜਾਈ ਦਾ ਇਕ ਸਥਾਨ) ਜਗੀਰਦਾਰੀ ਪ੍ਰਬੰਧ ਅਤੇ ਪੂੰਜੀ ਸਾਮਰਾਜ ਦੀ ਆਪਸੀ ਖਹਿਬਾਜ਼ੀ ਅਤੇ ਟੁੱਟ-ਭੱਜ ਦਾ ਚਿਹਨ ਹੈ। ਰਣਜੀਤ ਸਿੰਘ ਦਾ ਸਿੱਖ ਰਾਜ, ਗੁਰੂ ਨਾਨਕ ਦੇ ਪਰਮ ਮਾਡਲ 'ਤੇ ਨਹੀਂ ਉਸਰਿਆ ਹੋਇਆ, ਸਗੋਂ ਉਹ ਧੌਂਸ, ਹੈਂਕੜੀ ਤੇ ਵਿਸਥਾਰਮਈ ਰੁਚੀਆਂ ਤੇ ਸਿੱਖ ਭੇਸ 'ਚ ਬਣਿਆ 'ਰਾਜ' ਹੈ। ਮਹਿਬੂਬ ਦਾ ਕਾਵਿ-ਸੰਕਟ ਇਹ ਹੈ ਕਿ ਉਹ ਜੁੜਨਾ ਤਾਂ ਨਾਨਕ ਦੇ ਪਰਮ ਮਾਡਲ ਰਾਹੀਂ ਸ਼ੁੱਧ ਗਿਆਨ ਪਰੰਪਰਾ ਨਾਲ ਚਾਹੁੰਦਾ ਹੈ ਪਰੰਤੂ ਇਸ ਮਾਡਲ ਦੁਆਲੇ ਉੱਸਰੀ ਜਗੀਰੂ ਭਰਮ ਚੇਤਨਾ (ਸਿੱਖ ਭੇਸ) ਦੇ ਦੰਭ ਦੇ ਮੋਹ 'ਚ ਉਲਝ ਜਾਂਦਾ ਹੈ। ਹਾਲਾਂਕਿ ਇਹ ਸਵੀਕਾਰੀ ਜਾ ਸਕਦੀ ਕਿ 'ਝਨਾਂ ਦੀ ਰਾਤ' ਦੇ ਸਮੁੱਚੇ ਸੰਗ੍ਰਹਿ ਵਿਚ ਮਹਾਂਪੰਜਾਬ ਦੇ ਤਿੜਕਣ-ਟੁੱਟਣ ਦੀ ਚੀਸ, ਪੰਜਾਬੀਅਤ ਦੇ (ਸਿੱਖੀ ਵਾਲੀ ਪੰਜਾਬੀਅਤ) ਖੇਰੂੰ-ਖੇਰੂੰ ਹੋ ਜਾਣ ਦੀ ਪੀੜ ਆਰ-ਪਾਰ ਫੈਲੀ ਹੋਈ ਹੈ।

ਮਹਿਬੂਬ ਕਾਵਿ ਦੇ ਪ੍ਰਵਚਨ ਵਿਚ ਪੰਜਾਬ ਦੀ ਵੰਡ ਦਾ ਗਹਿਰਾ ਜ਼ਖ਼ਮ ਦੇਖਿਆ ਜਾ ਸਕਦਾ ਹੈ। ਉਹ ਇਸ ਬਟਵਾਰੇ ਨੂੰ ਰੁਦਨ, ਵਿਰਲਾਪ ਜਾਂ ਭਾਵੁਕੀ ਵੇਗ ਤੋਂ ਦੇਖਣ ਦੀ ਬਜਾਏ, ਇਸ ਧਰਤੀ 'ਚੋਂ ਪੈਦਾ ਹੋਏ ਗਿਆਨ ਚਿੰਤਨ ਨੂੰ ਸਿਮਰਨ ਲੱਗ ਜਾਂਦਾ ਹੈ। ਹਾਲਾਂਕਿ ਉਹ ਇਸ ਚਿੰਤਨ ਨੂੰ ਸਭਿਆਚਾਰਕ ਅਵਚੇਤਨ ਰਾਹੀਂ ਸਿਮਰਦਿਆਂ ਉਸ ਦੇ ਅਚੇਤ ਮਨ 'ਤੇ ਪਏ ਰੋਹੀਆਂ ਵਿਚ ਘੁੰਮਦੇ ਕਾਫਲੇ, ਵੀਰਾਨ ਮਸਜ਼ਿਦਾਂ, 'ਯਾਰਾਂ ਬਿਨਾ ਦੁਆਵਾਂ ਨੂੰ ਬੇਆਸੀਆਂ' ਕਰ ਕੇ ਚਿਤਰਦਾ ਹੈ। ਉਹ ਇਸ ਸਮੁੱਚੀ ਪੀੜ੍ਹ ਦਾ ਚਿਹਨੀਕਰਨ ਕਰ ਕੇ ਪੰਜਾਬ ਦੀ ਸਾਂਝੀ ਸਭਿਆਚਾਰਕ ਰਹਿਤਲ ਅਤੇ ਇਸ ਧਰਤੀ 'ਤੇ ਇਸਲਾਮ, ਬੁੱਧ, ਸੂਫ਼ੀ ਅਤੇ ਗੁਰਮਤਿ ਪਰੰਪਰਾ ਦਾ ਚਿੰਤਨ-ਮਨਨ ਕਰਨ ਲੱਗ ਜਾਂਦਾ ਹੈ। ਇਥੇ ਉਹ ਚਿੰਤਨ ਰਾਹੀਂ ਪਰੰਪਰਾ ਦੇ ਸੰਕਲਪਾਂ ਦੀ ਵਿਆਖਿਆ ਜਾਂ ਪ੍ਰਚੱਲਿਤ ਵਰਤਾਰਿਆਂ ਨੂੰ ਸਿਧਾਂਤਬੱਧ ਨਹੀਂ ਕਰਦਾ ਸਗੋਂ ਇਨ੍ਹਾਂ ਵਰਤਾਰਿਆਂ ਵਿਚ ਚੱਲ ਰਹੀ

ਪਰਾਭੌਤਿਕਤਾ ਨੂੰ ਸਿਰਜ ਕੇ, ਅਲਬੇਲੇ ਖ਼ਿਆਲਾਂ ਦਾ ਰਹੱਸ ਸਿਰਜਦਾ ਹੈ। ਅਜਿਹੇ ਕਾਵਿ ਦੀ ਸੰਚਾਰ ਦੇ ਪੱਧਰ 'ਤੇ ਸਮੱਸਿਆ ਤਾਂ ਵਾਪਰਦੀ ਹੈ। ਉਸ ਦੀ ਪ੍ਰਗੀਤਕ ਲੈਅ ਅਤੇ ਨਵੀਨ ਬਿੰਬਕਾਰੀ ਦੇ ਅਰਥਾਂ ਦੀ ਇਕਪਾਸੜ ਤੇ ਇਕਹਿਰੀ ਪਰਤ ਨਹੀਂ ਬਣਾਈ ਜਾ ਸਕਦੀ। ਉਹ ਆਪਣੀ ਕਵਿਤਾ ਇਕ ਵੀਰਾਨ ਮਸਜ਼ਿਦ ਨੂੰ ਵੇਖ ਕੇ ਪੰਜਾਬ ਦੀ ਸੂਫ਼ੀਆਨਾ, ਇਸਲਾਮੀ, ਸਿੱਖ ਪਰੰਪਰਾ ਅਤੇ ਸਰਵਸਾਂਝੀਵਾਲਤਾ ਨੂੰ ਸਿਰਜ ਲੈਂਦਾ ਹੈ। ਆਧੁਨਿਕ ਪੰਜਾਬੀ ਕਵਿਤਾ ਵਿਚ ਵੀ ਬਟਵਾਰੇ ਨਾਲ ਸੰਬੰਧਿਤ ਕਾਵਿ-ਚਿੰਤਨ ਸਾਹਮਣੇ ਆਇਆ। ਪਰੰਤੂ ਉਹ ਰੁਦਨ, ਵੇਗ਼ ਤੇ ਉਦਾਸੀ ਦੇ ਭਾਵਮੁੱਖ ਤੋਂ ਅਗਾਂਹ ਨਹੀਂ ਜਾ ਸਕਿਆ। ਮਹਿਬੂਬ ਇਸ ਚਿੰਤਾ ਨੂੰ ਵਿਸ਼ਵ ਦੇ ਸਮੁੱਚੇ ਅਸੰਤੁਲਨ ਸੰਬੰਧਾਂ ਨੂੰ ਕਾਵਿ-ਆਧਾਰ ਬਣਾ ਲੈਂਦਾ ਹੈ। ਕਿਉਂਕਿ ਇਹ ਬੇਗਾਨਗੀ ਅਤੇ ਵੀਰਾਨਗੀ ਦਾ ਮੰਜ਼ਰ ਮਹਿਜ਼ ਪੰਜਾਬ ਵਿਚ ਹੀ ਨਹੀਂ ਵਾਪਰਿਆ, ਸਗੋਂ ਰਾਜਨੀਤੀ ਅਤੇ ਧਾੜਵੀਆਂ ਕੌਮਾਂ ਵੱਲੋਂ ਇਕ ਦੂਜੇ ਨੂੰ ਮਿੱਧ-ਮਸਲ ਕੇ ਆਪਣੀ ਵਿਰਾਸਤ ਦੀ ਈਨ ਮੰਨਵਾਈ ਜਾਂਦੀ ਰਹੀ ਹੈ। ਅਜਿਹਿਆਂ ਸਮਿਆਂ ਵਿਚ ਵੀਰਾਨ ਹੋਈਆਂ ਸਭਿਅਤਾਵਾਂ ਵਿਚੋਂ ਬੀਤੇ ਦੀਆਂ ਚਿੰਤਨੀ-ਸੁਰਾਂ ਅਤੇ ਗੂੰਜਾਂ ਨੂੰ ਸੁਣਨਾ ਅਤੇ ਉਨ੍ਹਾਂ ਬਾਰੇ ਚਿੰਤਨ-ਮਨਨ ਕਰਨਾ, ਧਰਤੀ ਦੇ ਅਜਿਹੇ ਦਾਨਿਸ਼ਮੰਦ ਮਨੁੱਖ ਦੀ ਵੇਦਨਾ ਦਾ ਪ੍ਰਗਟਾਵਾ ਕਰਨਾ ਹੀ ਹੁੰਦਾ ਹੈ।

''ਵਗੀ ਵਾਹ ਤੇ ਕਬਰਾਂ, ਰੁੰਨੀਆਂ ਵੋ।
ਕਿੰਝ ਦਰਦ ਛੁਪਾਉਣ ਵਿਛੁੰਨੀਆਂ ਵੋ।
ਸੋਹਣਾ ਸ਼ਹੁ ਸਲਵਾੜਾਂ ਦੇ ਵਿਚ ਰੁਲਿਆ
ਜਿੰਦ ਬੈਠ ਪੱਤਣ 'ਤੇ ਭੁੰਨੀਆਂ ਵੋ।
ਕੋਈ ਪੈੜ ਰੇਤ ਤੋਂ ਡੂੰਘੀ ਹੈ
ਅਸਾਂ ਨਜ਼ਰਾਂ ਥਲਾਂ ਵਿਚ ਗੁੰਨ੍ਹੀਆਂ ਵੋ।
ਕੋਈ ਸਬਰ ਫਕੀਰਾਂ ਵਿਚ ਵੱਸਦਾ
ਅੱਕ ਪੀਣ ਹਵਾਵਾਂ ਸੁੰਨੀਆਂ ਵੋ..."[4]

ਪੰਜਾਬ ਦੀ ਲੋਕਧਾਰਾਈ ਪਰੰਪਰਾ ਵਿਚ 'ਸੱਦ' ਦੀ ਅਹਿਮੀਅਤ ਵਧੇਰੇ ਰਹੀ ਹੈ। ਪੰਜਾਬ ਦੇ ਲੋਕ ਕਾਵਿ ਵਿਚ ਮਾਹੀ ਨੂੰ ਸੱਦਾਂ ਦੇ ਕੇ ਆਪਣੇ ਹਾਲ-ਹਵਾਲ ਅਤੇ ਮਨੁੱਖੀ ਸੰਵੇਦਨਾ ਨੂੰ ਜ਼ੁਬਾਨ ਦੇਣ ਦੀ ਪਰੰਪਰਾ ਵੀ ਪ੍ਰਚੱਲਿਤ ਰਹੀ ਹੈ। ਜੇਕਰ ਅਸੀਂ 'ਸੱਦ' ਦੇ ਚਿਹਨ ਨੂੰ ਸਮਝੀਏ ਤਾਂ ਇਸ ਦਾ ਭਾਵ-ਬੋਧ ਇਹ ਲਿਆ ਜਾਂਦਾ ਹੈ ਕਿ ਕਿਸੇ ਖ਼ਾਸ-ਵਿਸ਼ੇਸ਼ ਪ੍ਰਸਥਿਤੀਆਂ, ਸੰਕਟਾਂ ਵੇਲੇ ਆਪਣੇ ਪਿਆਰੇ ਨੂੰ ਇਸ ਉਡੀਕ ਵਿਚ ਆਵਾਜ਼ਾਂ ਲਗਾਉਣੀਆਂ 'ਤੇ ਉਹ ਮਾਹੀ ਮਨੁੱਖ ਦੀ ਪੀੜ ਹਰਨ ਦੇ ਯੋਗ ਹੈ। ਪੰਜਾਬ ਦੀ ਲੋਕ ਪਰੰਪਰਾ ਵਿਚ ਆਪਣੇ ਨਾਇਕ ਨੂੰ ਸੱਦਾਂ ਦੇਣੀਆਂ, 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ', 'ਬਾਬਾ ਤੇਰਾ ਵਤਨ ਵੀਰਾਨ ਹੋ ਗਿਆ', (ਪ੍ਰੋ. ਪੂਰਨ ਸਿੰਘ) 'ਅੱਜ ਆਖਾਂ ਵਾਰਸ ਸ਼ਾਹ ਨੂੰ', (ਅੰਮ੍ਰਿਤਾ ਪ੍ਰੀਤਮ) ਆਦਿ ਨੂੰ ਵੇਖਿਆ ਜਾ ਸਕਦਾ ਹੈ। ਦਰਅਸਲ ਮਾਹੀ ਦੇ ਰੂਪ ਵਿਚ ਆਪਣੇ ਨਾਇਕ ਨੂੰ ਸੰਕਟਕਾਲੀਨ ਸਥਿਤੀਆਂ ਵਿਚ ਵਧੇਰੇ ਯਾਦ ਕੀਤਾ ਜਾਂਦਾ ਹੈ। ਇਸ ਪ੍ਰਸੰਗ ਵਿਚ ਹਰਿੰਦਰ ਮਹਿਬੂਬ ਦੀ ਕਵਿਤਾ ਵਿਚ ਮਾਹੀ ਦੇ ਚਿਹਨ ਨੂੰ ਗੁਰੂ ਗੋਬਿੰਦ ਸਿੰਘ ਦੇ ਨਾਇਕ ਰਾਹੀਂ ਸਮਝਿਆ ਜਾ ਸਕਦਾ ਹੈ ਕਿਉਂਕਿ ਗੁਰੂ ਸਾਹਿਬ ਭਗਤੀ

ਅਤੇ ਸ਼ਕਤੀ, ਕਲਮ ਅਤੇ ਕਟਰ ਦੇ ਧਨੀ ਵਜੋਂ ਜਾਣੇ ਜਾਂਦੇ ਹਨ।

ਹਰਿੰਦਰ ਸਿੰਘ ਮਹਿਬੂਬ ਮਾਹੀ ਦੇ ਲੋਕਧਾਰਾਈ ਬਿੰਬ ਨੂੰ ਸਾਈਂ ਤੀਕ ਫੈਲਾਅ ਦਿੰਦਾ ਹੈ। ਉਸ ਦੀ ਇਹ ਕਾਵਿ-ਚੇਤਨਾ ਮਾਹੀ ਜਾਂ ਸਾਈਂ ਦੇ ਧਰਾਤਲੀ ਵੇਰਵੇ ਤੱਕ ਨਹੀਂ ਰਹਿੰਦੀ ਸਗੋਂ ਉਹ ਵੈਰਾਗੀ ਭਾਲ ਵਿਚ ਟਕਰਾਉਂਦੇ ਆਦਰਸ਼ਾਂ ਅਤੇ ਸਾਈਂ ਦੇ ਦੁਵੱਲੜੇ ਦੇਸਾਂ ਵਿਚ, ਕਾਲ ਦੀ ਚੇਤਨਾ ਨੂੰ ਸਿਰਜਣ ਲਈ ਯਤਨਸ਼ੀਲ ਹੁੰਦਾ ਹੈ। ਉਸ ਦਾ ਕਾਵਿ-ਅਵਚੇਤਨ ਪੰਜਾਬ ਦੀ ਸਮੁੱਚੀ ਪਰੰਪਰਾ, ਇਸਲਾਮੀ ਪਰੰਪਰਾ ਨੂੰ 'ਬੇਲਿਆਂ ਦਾ ਮਾਹੀ ਦੇ ਸੁਪਨੇ' ਦੀ ਕਵਿਤਾ ਰਾਹੀਂ ਜ਼ਿਕਰਯੋਗ ਉਲੇਖ ਕਰਦਾ ਹੈ :

"ਲਰਜ਼ ਮਾਹੀ ਦੇ ਹੁਕਮ ਦੀ
ਬਲੀ ਦਾ ਜ਼ੋਰ ਨਾਂਹ
ਰੂਹਾਂ 'ਚ ਮਹਿੰਦੀ ਛੁਪੀਆਂ
ਅੱਗੇ ਤੋਰ ਨਾਂਹ
ਪੁਲਸਰਾਤ ਦੇ ਪਾਣੀ ਮਿਲਣਗੇ
ਪਾਣੀ ਸ਼ੋਰ ਨਾਂਹ।"[5]
ਕਾਲ ਦੇ ਅੱਥਰੇ ਵਹਿਣ ਜਦ, ਆਵਣ ਹੁਕਮਿ ਦਰ੍ਹੇ
ਨਿੱਕੀ ਜਿੰਦ ਜੋ ਰੱਬ ਦੀ, ਉਸ ਤੋਂ ਕਾਲ ਡਰੇ।"[6]

ਉਸ ਦੇ ਕਾਵਿ ਅਵਚੇਤਨ ਵਿਚ ਮਨੁੱਖ ਦੀ ਬੇਨਿਆਜ਼ ਹਸਤੀ ਅਤੇ ਅਸਤਿੱਤਵੀ ਸੰਕਟ ਦਾ ਚਿਹਨ ਵਾਰ-ਵਾਰ ਨਜ਼ਰ ਆਉਂਦਾ ਹੈ। ਉਸ ਦੀਆਂ ਕਵਿਤਾਵਾਂ 'ਛੱਲਦਾ ਜੋਬਨ', 'ਬਿਆਸ ਦੇ ਕੰਢਿਆਂ 'ਤੇ ਪੱਤਝੜ ਦੀ ਇਕ ਸ਼ਾਮ', 'ਅੰਬਾਂ ਦੇ ਬਾਗਾਂ ਵਿਚ ਪੱਤਝੜ ਦੀ ਇਕ ਦੁਪਹਿਰ', 'ਸੁੱਕੇ ਸਤਲੁਜ ਨੂੰ ਵੇਖ ਕੇ' ਆਦਿ ਕਵਿਤਾਵਾਂ ਵਿਚ, ਮਨੁੱਖੀ ਭਾਵਨਾਵਾਂ ਦੇ ਬੇਅਨੁਪਾਤ ਨੂੰ ਸ਼ਿੱਦਤ ਨਾਲ ਪੇਸ਼ ਕਰਦਾ ਹੈ। ਭਾਵੇਂ ਇਨ੍ਹਾਂ ਕਵਿਤਾਵਾਂ ਦੇ ਕਾਵਿ-ਸੰਦਰਭ ਵੱਖੋ-ਵੱਖਰੇ ਹਨ। ਪਰੰਤੂ ਸੋਚ-ਪ੍ਰਬੰਧ ਇਕੋ ਤਰ੍ਹਾਂ ਦੇ ਅਨੁਭਵਾਂ ਦੇ ਪ੍ਰਕਾਸ਼ ਨੂੰ ਸਿਰਜਦਾ ਹੈ। ਦਰਿਆਵਾਂ ਦਾ ਸੁੱਕ ਜਾਣਾ, ਜੋਬਨ ਦਾ ਛਲ ਜਾਣਾ, ਮਨ ਦਾ ਪਰਦੇਸੀ ਹੋ ਜਾਣਾ, ਪੱਤਝੜ ਦੀ ਆਮਦ ਆਦਿ ਇਹ ਸਾਰੇ ਚਿਹਨ ਕਾਲ ਦੀ ਭਿਅੰਕਰਤਾ ਦੇ ਕਹਿਰ ਨੂੰ ਸਿਰਜਦੇ ਹਨ। ਮਹਿਬੂਬ ਦਾ ਕਾਵਿ-ਸੁਆਲ ਇਹ ਹੈ :-

ਕਿਸ ਨੇ ਭਰਿਆਂ ਸਤਲੁਜਾਂ ਦਾ ਨੀਰ ਸੁਕਾਇਆ... ?
ਜੁਆਬ :-
ਮਨ ਪਰਦੇਸੀ ਦੇ ਥੀਐ
ਸਭ ਦੇਸ ਪਰਾਇਆ।[7]

ਉਹ ਇਸ ਸੁਆਲ-ਜੁਆਬ ਦੀ ਦਾਰਸ਼ਨਿਕਤਾ ਨੂੰ ਉਭਾਰਦਾ ਹੈ। ਜਦੋਂ ਉਹ ਪਾਣੀਆਂ ਦੇ ਸੁੱਕਣ ਦਾ ਸਿਲਸਿਲਾ, ਮਨ ਦੇ ਪ੍ਰਦੇਸੀ ਹੋਣ ਨਾਲ ਜੋੜਦਾ ਹੈ ਤਾਂ ਇਹ ਚਿਹਨ ਮਹਿਜ਼ ਹਿਜਰਤ ਤੱਕ ਸੀਮਿਤ ਨਹੀਂ, ਸਗੋਂ ਉਹ ਮਨੁੱਖ ਦੀ ਉਪਰਾਮਤਾ ਵੱਲ ਵੀ ਇਸ਼ਾਰਾ ਕਰਦਾ ਹੈ। ਉਸ ਦੇ ਕਾਵਿ-ਪ੍ਰਵਚਨ ਵਿਚ ਇਤਿਹਾਸ ਦੇ ਉਸ ਗਹਿਰੇ ਜ਼ਖ਼ਮ ਦਾ ਨਿਸ਼ਾਨ ਅਜੇ ਬਾਕੀ ਹੈ,

ਜਿਹੜਾ ਗੁਰੂ ਗੋਬਿੰਦ ਸਿੰਘ ਦੇ ਕਿਲ੍ਹਾ ਖ਼ਾਲੀ ਕਰਨ ਵੇਲੇ ਮਣਾਂ-ਮੂੰਹੀਂ ਸਾਹਿਤ ਸਰਸਾ ਨਦੀ ਵਿਚ ਰੁੜ੍ਹ ਗਿਆ ਸੀ। ਇਸ ਕਾਵਿ-ਚੀਸ ਵਿਚ ਸਾਹਿਤ ਵਿਚੋਂ ਨਿਚੁੱੜੀ ਰੱਤ ਅੱਜ ਵੀ ਪੁਰੇ ਦੀ ਹਵਾ ਵਾਂਗ ਵੱਗਦੀ ਮਹਿਸੂਸ ਹੁੰਦੀ ਹੈ। ਉਸ ਹੜ੍ਹ ਗਏ ਸਾਹਿਤ ਦਾ ਚਿਹਨ ਮਾਨਵੀ ਸੰਵੇਦਨਾ, ਪੀੜ੍ਹ ਨੂੰ ਪਰਿਭਾਸ਼ਤ ਕਰਦਾ ਹੈ। ਮਹਿਬੂਬ ਦਾ ਅਵੱਸ਼ ਵਿਸ਼ਵਾਸ ਹੈ ਕਿ ਇਹ ਸਾਹਿਤ ਮਾਨਵੀ-ਕਲਿਆਣ ਲਈ ਚਾਨਣ ਮੁਨਾਰਾ ਸੀ। ਉਸ ਹੜ੍ਹ ਗਏ ਸਾਹਿਤ ਦੇ ਸਰਾਪ ਵਜੋਂ ਧਰਤੀ ਦੇ ਪਾਣੀਆਂ ਨੂੰ ਸਰਾਪ ਨੇ ਡੰਗਿਆ ਹੈ। ਮਿਸਾਲ ਵਜੋਂ ਉਸ ਦੀਆਂ ਕਾਵਿ-ਪੰਕਤੀਆਂ ਦਾ ਅਧਿਐਨ ਕੀਤਾ ਜਾ ਸਕਦਾ ਹੈ :

"ਸਰਸਾ ਕੰਢਿਓਂ ਉੜਦੀ ਰੱਤ ਪੁਰੇ 'ਚੋਂ ਕੋਈ
ਉੱਡੀ ਧੂੜ ਜੋ ਸਰਵਰਾਂ ਤੋਂ ਨਾਲ ਹੈ ਹੋਈ
ਕੰਬਦੇ ਵਣਾਂ ਤੇ ਛਾਲਿਆਂ ਦੀ ਚੀਸ ਖਲੋਈ
ਕੰਧੀਂ ਸੁੱਕੇ ਸਰ੍ਹਾਂ ਦੀ ਥਲ ਤਕੀਆ ਲਾਇਆ
ਕਿਸ ਨੇ ਭਰਿਆ ਸਤਲੁਜਾਂ ਦਾ ਨੀਰ ਸੁਕਾਇਆ।"[8]

ਇਉਂ ਮਹਿਬੂਬ ਦਾ ਕਾਵਿ-ਪ੍ਰਵਚਨ ਜੀਵਨ ਦੇ ਪ੍ਰੇਰਣਾਮਈ ਸ੍ਰੋਤਾਂ ਧਰਮ, ਚਿੰਤਨ, ਸੁੰਦਰਤਾ, ਕੁਦਰਤ ਦੇ ਹੁਸੀਨ ਨਜ਼ਾਰੇ ਆਦਿ ਨੂੰ ਵੇਖ ਕੇ ਵਿਸਮਾਦਿਤ ਹੋਣ ਦੀ ਥਾਵੇਂ, ਭਵਿੱਖ ਦੀ ਗੋਦ ਵਿਚ ਵਾਪਰਨ ਵਾਲੇ ਨਾਸ਼ਮਾਨੀ ਵਰਤਾਰਿਆਂ 'ਤੇ ਕੇਂਦਰਿਤ ਹੋ ਜਾਂਦਾ ਹੈ। ਇਉਂ ਕਵੀ ਦੁਆਰਾ ਸਿਰਜੇ ਹੌਲਨਾਕ ਵੇਰਵੇ ਸ਼ਾਇਰ ਦੇ ਅਵਚੇਤਨ ਵਿਚ ਗਹਿਰੀ ਤਰ੍ਹਾਂ ਖੁੱਭੀਆਂ ਹੋਈਆਂ ਮੌਤ ਦੇ ਭੈਅ ਦੀਆਂ ਛਿੱਲਤਰਾਂ ਦੇ ਪ੍ਰਸੰਗ ਨੂੰ ਉਭਾਰਦੀਆਂ ਹਨ। ਅਜਿਹੇ ਕਰਦਿਆਂ ਕਵੀ ਪ੍ਰਕਿਰਤੀ ਦੇ ਹੁਸੀਨ ਨਜ਼ਾਰਿਆਂ 'ਚੋਂ ਹੁਸਨ ਤਲਾਸ਼ਣ ਦੀ ਬਜਾਏ ਸਵੈ-ਸਿਰਜੇ ਡਰ ਅਤੇ ਚਿੰਤਾ ਦਾ ਸ਼ਿਕਾਰ ਹੋ ਜਾਂਦਾ ਹੈ। ਉਹ ਗਿਆਨ ਚਿੰਤਨ ਦੇ ਅਨੁਭਵੀ ਫੈਲਾਅ ਨੂੰ ਸਿਰਜਣ ਦੀ ਥਾਵੇਂ, ਸਿਆਹ ਵੇਲਿਆਂ ਦੌਰਾਨ ਵਾਪਰਨ ਵਾਲੇ ਸੰਕਟ ਨੂੰ ਸਿਰਜ ਲੈਂਦਾ ਹੈ ਤੇ ਇਸ ਸਿਰਜੇ ਮਾਹੌਲ ਦੀ ਮਾਨਸਿਕਤਾ ਵਿਚ ਗੂੜ੍ਹੀਆਂ ਛਾਵਾਂ, ਸਿਖ਼ਰ ਦੁਪਹਿਰਾਂ (ਸੁੱਕ ਅਤੇ ਜੋਬਨ ਦਾ ਚਿਹਨ) ਦਾ ਚਿਹਨ ਵੀ ਉਦਰੇਵੇਂ ਵਿਚ ਤਬਦੀਲ ਹੋ ਜਾਂਦਾ ਹੈ। ਇਉਂ ਉਹ ਬਹੁਤ ਹੀ ਸੂਖ਼ਮ ਅਤੇ ਤੀਬਰ ਅਨੁਭਵ ਨੂੰ ਸਰੀਰਕ ਇਕਾਈਆਂ ਦੀ ਹੋਂਦ ਅਤੇ ਖ਼ਾਤਮੇ ਵੱਲ ਇਸ਼ਾਰਾ ਕਰ ਦਿੰਦਾ ਹੈ। ਕਾਲ ਅਤੇ ਮੌਤ ਦੇ ਸੰਦਰਭ ਵਿਚ ਇਹ ਚੇਤਨਾ ਇਕ ਖ਼ਾਸ ਤਰ੍ਹਾਂ ਦੇ ਸਥਾਨ ਤੋਂ ਉਪਜੀ ਵੇਦਨਾ ਨੂੰ ਸਿੱਧ ਕਰਦੀ ਹੈ :

"ਮਨੁੱਖੀ ਅਨੁਭਵ ਮੌਤ ਨੂੰ ਸਰੀਰਕ ਪੱਧਰ ਉੱਤੇ ਸਥੂਲ ਅਤੇ ਅਮਲੀ ਧਰਾਤਲ ਉੱਤੇ ਵਿਚਰਦੇ ਦੇਖਦਾ ਹੈ ਤਾਂ ਮੌਤ ਦਾ ਸੰਕਲਪ ਉਸ ਦੇ ਸਾਹਮਣੇ ਅਜਿਹੀ ਗਤੀ ਦੇ ਰੂਪ 'ਚ ਪ੍ਰਗਟ ਹੁੰਦਾ ਹੈ। ਇਸ ਗਤੀ ਦੀ ਕਲਪਨਾ ਮਨੁੱਖ ਸਥਾਨ ਦੀਆਂ ਵਿਸ਼ੇਸ਼ ਲੰਬਾਈਆਂ ਵਿਚ ਕਰਦਾ ਹੈ। ਸਥਾਨ ਵਿਚ ਵਟਿਆ ਕਾਲ ਦਾ ਇਹ ਰੂਪ ਮਨੁੱਖ ਦੇ ਪਹਿਲੇ ਪੜਾਅ ਦਾ ਮੌਤ ਦਾ ਅਨੁਭਵ ਹੈ।"[9]

ਹਰਿੰਦਰ ਸਿੰਘ ਮਹਿਬੂਬ ਆਪਣੇ ਕਾਵਿ ਪ੍ਰਵਚਨ ਵਿਚ ਕੁਦਰਤ ਦੀ ਨਾਸ਼ਮਾਨਤਾ ਵਿਚੋਂ ਸਥਾਨੀਕ੍ਰਿਤ ਕਰਦਾ ਹੋਇਆ ਮੌਤ ਦੀ ਚੇਤਨਾ ਦੇ ਪਹਿਲੇ ਪੜਾਅ ਨੂੰ ਸਿਰਜ ਲੈਂਦਾ ਹੈ। ਉਹ ਇਸ ਮੌਤ ਦੇ ਅਨੁਭਵੀ ਪ੍ਰਕਾਸ਼ ਨੂੰ ਆਸਰੇ ਵਜੋਂ ਆਪਣੀ ਮਾਨਸਿਕਤਾ ਦੇ ਚੌਦਾਂ ਤੱਤਾਂ ਨੂੰ ਯਾਦ ਕਰਨ ਲੱਗਦਾ ਹੈ। ਮਿਸਾਲ ਵਜੋਂ :

"ਚੌਦਾਂ ਤਬਕਾਂ ਹੌਲ ਹੈ ਪੈਂਦਾ
ਵਣ ਤ੍ਰਿਣ ਦੀ ਚੁੱਪ ਡੋਲੇ
ਭਾਰ ਗਗਨ ਦੇ ਕੂੰਭਲ ਦੇ ਸਿਰ
ਸੁੱਟ ਪਟਕਾਏ ਲੇਖਾਂ
ਮੈਂ ਬੁਮਲਾਂ ਦੇ ਹੜ੍ਹ ਤੋਂ ਮੰਗਾਂ
ਕੋਈ ਧਰਵਾਸ ਉਧਾਰਾ
ਵੇਦ, ਕੁਰਾਨ, ਗ੍ਰੰਥ ਤੋਂ ਪੁੱਛਦਾਂ
ਜਿਹੜੇ ਮੁੜੇ ਨਾ ਭੇਖਾਂ।"[10]

"ਭਾਰੀ ਚਰਖ ਟੁੱਟਣ ਦੇ ਪਿੱਛੋਂ
ਗੋਰਾਂ ਦਾ ਪਰਛਾਵਾਂ
ਰੁਲੀਆਂ ਧੂੜਾਂ 'ਤੇ ਵੀ ਵਗਣ
ਇਕਰਾਰਾਂ ਦੀਆਂ ਵਾਵਾਂ।"[11]

ਉਪਰੋਕਤ ਅਧਿਐਨ ਤੋਂ ਬਾਅਦ ਇਹ ਸੁਆਲ ਪੈਦਾ ਹੁੰਦਾ ਹੈ ਕਿ ਮਹਿਬੂਬ ਕਾਵਿ ਦੇ ਪ੍ਰਵਚਨ ਦਾ ਉਦਰੇਵਾਂ, ਝੋਰੇ, ਸੰਸੇ ਬਿਨਾਹ ਕਵਿਤਾ ਵਿਚਲੀਆਂ ਵਾਰ-ਵਾਰ ਅਰਦਾਸਾਂ, ਜੋਦੜੀਆਂ, ਕਾਫਲਾ ਦੀਆਂ ਤਾਂਘਾਂ ਤੇ ਟਿਕੀ ਹੋਈ ਜਾਪਦੀ ਹੈ। ਉਸ ਦੇ ਕਾਵਿ-ਅਵਚੇਤਨ ਵਿਚ ਖੁੱਸ ਚੁੱਕਿਆ ਗੌਰਵ, ਵਿਰਾਸਤ ਪ੍ਰਤੀ ਉਦਰੇਵਾਂ ਫਰੀਜ਼ ਹੋ ਜਾਣ ਦੀ ਸਥਿਤੀ ਤੱਕ ਪਹੁੰਚਿਆ ਹੋਇਆ ਹੈ। ਇਸ ਖੁੱਸੇ ਹੋਏ ਵਰਤਾਰੇ ਵਿਚ, ਉਹ ਸੰਸਾਰ ਦੀਆਂ ਵੱਖ-ਵੱਖ ਗਿਆਨ ਪਰਿਪਾਟੀਆਂ ਤੋਂ ਥੰਮੀਆਂ ਲੈ ਕੇ ਆਪਣੀ ਇਕਸੁਰਤਾ ਦੇ ਮੰਡਲ ਵਿਸ਼ਾਲ ਅਤੇ ਤਰਲ ਬਣਾਉਂਦਾ ਹੈ। ਉਹ ਸੰਸਾਰ ਦੇ ਬਾਹਰਲੇ ਜ਼ਬਤ ਅਤੇ ਗਿਆਨ ਨੂੰ ਤਿਆਗ ਕੇ, ਅੰਦਰਲੀ ਚੇਤਨਾ ਨੂੰ ਤਰਲ ਬਣਾਉਂਦਾ ਹੈ। ਉਹ ਇਸ ਫੈਲੀ ਹੋਈ ਤਰਲ ਚੇਤਨਾ ਨੂੰ ਸਮਾਜਿਕ ਸੰਘਰਸ਼ ਅਤੇ ਅਨੁਭਵ ਦੇ ਸੰਘਰਸ਼ 'ਚੋਂ ਆਪਸੀ ਤਾਲ ਬਿਠਾਉਣ ਲਈ ਕੌਮੀਅਤ ਦੇ ਜਜ਼ਬੇ ਨੂੰ ਉਭਾਰਦਾ ਹੈ। ਉਸ ਦੇ ਕਾਵਿ ਵਿਚ ਵਾਰ-ਵਾਰ 'ਕੌਮ ਦੀਆਂ ਤਕਦੀਰਾਂ' ਦੀ ਜੁੰਬਿਸ਼ ਪਾਰੇ ਵਾਂਗ ਲਰਜ਼ਦੀ ਹੈ। ਉਹ ਕੌਮ ਦੇ ਸੁਪਨੇ ਨੂੰ ਦੈਵੀ ਅਨੁਭਵ ਦੇ ਸਗਲੇ ਫੈਲਾਅ, ਦਵੰਦ, ਸਵੈ-ਵਿਰੋਧੀ ਪਾਸਾਰਾਂ 'ਤੇ ਕੇਂਦ੍ਰਿਤ ਕਰੀ ਰੱਖਦਾ ਹੈ ਪਰ ਕੌਮਾਂ ਦੀ ਤਕਦੀਰ ਦੇ ਅੰਤ ਦੀ ਦਿਸ਼ਾ ਅਤੇ ਦਸ਼ਾ ਨੂੰ ਕਿਸੇ ਬਾਹਰੀ ਦਬਾਅ ਜਾਂ ਨੇਮ ਤੋਂ ਮੁਕਤ ਕਰ ਕੇ 'ਕਾਲ ਅਤੇ ਅਕਾਲ' ਦੇ ਸਿਆਹਪੋਸ਼ ਅਸਾਰਿਆਂ 'ਤੇ ਟੇਕ ਰੱਖਦਾ ਹੈ। ਉਸ ਦੇ ਕਾਵਿ ਵਿਚਲੀ ਚਿੰਤਾ ਸਪੱਸ਼ਟ ਹੋ ਜਾਂਦੀ ਹੈ ਕਿ 'ਕਾਲ ਅੰਤਰੀਵ ਵਿਚਰਨ ਵਾਲੀ ਅਵਸਥਾ ਹੈ' ਪਰੰਤੂ ਨਾਲ ਹੀ ਉਸ ਦਾ ਕਾਵਿ-ਵਿਸ਼ਵਾਸ ਹੈ ਕਿ ਦੈਵੀ ਅਰਦਾਸ ਦੀ ਦਿਵਮੁੱਖਤਾ ਅਤੇ ਅਕਾਲ ਦੀ ਇਕਾਗਰਤਾ 'ਚੋਂ ਕੌਮ ਦੀ ਹੋਂਦ ਨੇ ਘੜਿਆ ਜਾਣਾ ਹੈ ਤੇ ਅਰਦਾਸਾਂ ਦੇ 'ਮੇਘ' ਕੌਮ ਦੀਆਂ ਤਕਦੀਰਾਂ 'ਤੇ ਵਰ੍ਹਦੇ ਹਨ। ਮਿਸਾਲ ਵਜੋਂ :

"ਥਲ ਵਿਚ ਕੌਮਾਂ ਘੁੰਮੀਆਂ
ਲਸ਼ਕਰ ਕਰਨ ਗੁਮਾਣ

ਕਾਲ ਦੇ ਆਦਿ ਤੇ ਅੰਤ ਵਿਚ
ਕਿਸ ਥਾਂ ਡਿੱਗੇ ਵਾਣ
ਮੈਂ ਪੁੱਛਿਆ "ਬਿਨ ਵਣਾਂ ਦੇ"[12]

ਪੌਣਾਂ ਸਿੱਕ ਸਿੱਕ ਜਾਣ
ਕਬਰੀਂ ਚੜ੍ਹਦੀ ਵੇਖਦੇ
ਕੌਮਾਂ ਦੇ ਸੁਲਤਾਨ ?"
ਸਾਈਂ ਦੱਸਦਾ 'ਜਾਗਿਆ
ਮੁੜ ਨਾ ਪਹਿਲਾਂ ਬੋਲ
ਆਦਮ ਦਾ ਦੇਹੋਂ ਬੀਤਿਆ
ਦਿਲ ਦੀਆਂ ਸੂਹੀਆਂ ਫੋਲ।[13]
"ਅਣਦਿਸ ਕਾਲ ਹੈ ਵੇਖਦਾ
ਮਾਣਸ ਬੇ-ਦਰੇਗ
ਰਮਜ਼ਾਂ ਨਾਲ ਵਰਾਂਮਦਾ
ਅਰਦਾਸਾਂ ਦੇ ਮੇਘ।[14]

ਇਉਂ ਉਪਰੋਕਤ ਸਤਰਾਂ ਵਿਚ ਮਹਿਬੂਬ ਦਾ ਕਾਵਿ-ਪ੍ਰਵਚਨ ਬੰਦੇ ਦੁਆਰਾ ਸਥਾਪਤ ਕੀਤੀ ਧਿੰਗੋਜ਼ੋਰੀ ਪ੍ਰਭੂਸੱਤਾ ਨੂੰ ਪ੍ਰਸ਼ਨਚਿੰਨ੍ਹਤ ਕਰ ਦਿੰਦਾ ਹੈ। ਉਹ ਦੈਵੀ ਅਨੁਭਵ ਦੇ ਪ੍ਰਕਾਸ਼ ਅਤੇ ਗਿਆਨ ਦੀ ਰੌਸ਼ਨੀ ਹੇਠ ਪਸਰਨ ਵਾਲੇ ਹਲੀਮੀ ਰਾਜ ਨੂੰ ਪਰਮ ਮਾਡਲ ਵਜੋਂ ਪੇਸ਼ ਕਰਦਾ ਹੈ ਕਿਉਂਕਿ ਸਮਾਜ ਦੇ ਪ੍ਰਚੱਲਿਤ ਮਾਡਲਾਂ ਰਾਹੀਂ ਸਥਾਪਤ ਚਿੰਤਨ ਅਤੇ ਪ੍ਰਭੂਸੱਤਾ ਨੇ ਮਨੁੱਖ ਦੀ ਮਾਨਸਿਕਤਾ ਨੂੰ ਇਕਸੁਰਤਾ ਅਤੇ ਇਕਸਾਰਤਾ ਦੀ ਨੇਮ ਵਿਚ ਬੰਨ੍ਹਣ ਦੀ ਥਾਂ, ਉਸ ਦੀ ਖੰਡਿਤ ਬਿਰਤੀ ਦੇ ਚੁਣਵੇਂ ਤੇ ਰੋਹਲੇ ਭਾਵ ਨੂੰ ਪ੍ਰਚੰਡ ਕਰ ਕੇ ਰਾਜ ਦੀ ਸਥਾਪਤੀ ਲਈ ਉਕਸਾਹਟ ਪੈਦਾ ਕੀਤੀ। ਅਜਿਹੀ ਬਿਰਤੀ ਅਧੀਨ ਮਨੁੱਖੀ ਮਾਨਸਿਕਤਾ ਵਿਸ਼ਵ ਅਤੇ ਮਨੁੱਖ ਦੀ ਅਖੰਡ ਚੇਤਨਾ ਤੋਂ ਟੁੱਟ ਕੇ ਆਪੋ-ਆਪਣੀਆਂ ਹੱਦਾਂ-ਸਰਹੱਦਾਂ ਤੇ ਕੌਮੀਅਤ ਦੇ ਆਧਾਰਾਂ ਤੱਕ ਹੀ ਸੀਮਿਤ ਹੋ ਕੇ ਰਹਿ ਗਈ। ਬਹੁਤੀ ਵਾਰ ਮਨੁੱਖੀ ਦੇਹ ਦੀ ਚੀਸ ਦੇ ਫੈਲਾਅ ਨੂੰ ਭਵਿੱਖੀ ਮਾਡਲ ਦੇ ਕੇ ਸਮਾਜਿਕ ਸੰਘਰਸ਼ ਲਈ ਪ੍ਰੇਰਿਤ ਕਰਦੀ ਰਹੀ। ਪਰੰਤੂ ਉਥੇ ਸੰਕਟ ਇਹ ਵਾਪਰਦਾ ਹੈ ਕਿ ਦਾਬੇ ਵਾਲੀ ਧਿਰ ਰਾਜ ਦੀ ਹਉਂ ਕੇਂਦ੍ਰਿਤਾ ਨੂੰ ਸਥਾਪਤ ਕਰ ਲੈਂਦੀ ਹੈ ਅਤੇ ਕਾਲ ਦੇ ਵਾਪਰੇ ਇਸ ਛਿਣਾਂ ਨੂੰ ਮਹਿਬੂਬ ਇਸ ਤਰ੍ਹਾਂ ਪੇਸ਼ ਕਰਦਾ ਹੈ :-

"ਕਾਲ ਦੇ ਹੜ੍ਹ ਵਿਚ ਅਸਾਂ ਦੀ ਕਿਸੇ ਸਾਰ ਨਾ ਲੀਤੀ
ਰਾਹ ਰਹੀ ਮੇਰੀ ਉਡੀਕਦੀ ਕੋਈ ਸਾਖ ਨਿਮਾਣੀ
ਉਦੋਂ ਅੰਬਰ ਨਾਲ ਮੈਂ ਸਾਂ ਬੁੱਢਾ ਹੋਇਆ

ਕਬਰੀਂ ਕੌਮਾਂ ਦੇਖਦੀ ਜਦ ਪੌਣ ਪੁਰਾਣੀ।"[15]

''ਮੰਦੇ ਕੰਮੀਂ ਦਿਲਾਂ ਵਿਚ
ਸੈ ਉਲਝਣ ਪੋਸਣ
ਸੁਪਨੇ ਕੌਮ ਨੂੰ ਛੱਡ ਕੇ
ਤੁਰ ਜਾਣ ਅਗੇਰੇ।"[16]

''ਅਣਦਿੱਸ ਥਲ ਵਿਚ ... ਭਰ ਕੇ
ਕੌਮਾਂ ਦੇ ਸਿਰਨਾਵੇਂ
ਹੂਰ ਦੇ ਅੰਗਾਂ 'ਤੇ ਪੈਂਦੇ
ਸਦੀਆਂ ਦੇ ਪਰਛਾਵੇਂ।"[17]

ਹਰਿੰਦਰ ਸਿੰਘ ਮਹਿਬੂਬ ਦੇ ਕਾਵਿ-ਪ੍ਰਵਚਨ ਦਾ ਅਗਲਾ ਪ੍ਰਮੁੱਖ ਪਾਸਾਰ 'ਕਾਲ' ਨਾਲ ਸੰਬੰਧਤ ਹੈ। ਮਹਿਬੂਬ ਦੇ ਕਾਵਿ-ਪ੍ਰਵਚਨ ਵਿਚ 'ਕਾਲ' ਨੂੰ ਇਕਹਿਰੇ ਅਰਥਾਂ ਜਾਂ ਮੌਤ ਦੀ ਚੇਤਨਾ ਤੱਕ ਸੀਮਿਤ ਕਰ ਕੇ ਨਹੀਂ ਸਮਝਿਆ ਜਾ ਸਕਦਾ। ਮਹਿਬੂਬ ਦੇ ਕਾਵਿ-ਪ੍ਰਵਚਨ ਵਿਚ ਕਾਲ ਸੰਬੰਧੀ ਚਰਚਾ ਕਰਨ ਤੋਂ ਪਹਿਲਾਂ 'ਕਾਲ' ਦੇ ਸਿਧਾਂਤਕ ਪਰਿਪੇਖ ਤੋਂ ਸੰਖੇਪ ਵਿਚ ਜਾਣੂ ਹੋਣਾ ਜ਼ਰੂਰੀ ਹੈ। ਸੰਸਾਰ ਦੀਆਂ ਗਿਆਨ ਤੇ ਚਿੰਤਨੀ ਪਰੰਪਰਾਵਾਂ ਵਿਚ ਕਾਲ ਸੰਬੰਧੀ ਵੱਖੋ-ਵੱਖਰੇ ਸੰਵਾਦ ਸਾਹਮਣੇ ਆਉਂਦੇ ਹਨ ਕਿਉਂਕਿ 'ਕਾਲ' ਨੂੰ ਜਿੱਥੇ ਮਨੁੱਖੀ ਅਸਤਿੱਤਵ ਨਾਲ ਜੋੜ ਕੇ ਇਸ ਦੀਆਂ ਸੰਭਾਵਨਾਵਾਂ ਨੂੰ ਦਾਰਸ਼ਨਿਕ ਪਰਿਪੇਖਾਂ ਰਾਹੀਂ ਸਮਝਦੇ ਰਹੇ ਹਨ, ਉਥੇ ਕਾਲ ਨੂੰ ਮਨੁੱਖ ਦੀਆਂ ਹੱਦਬੰਦੀਆਂ ਅਤੇ ਪੇਸ਼ੀਨਗੋਈਆਂ ਤੋਂ ਪਾਰ ਜਾ ਕੇ ਵੀ ਇਸ ਦੇ ਕਈ ਅਧਿਐਨ ਸਾਹਮਣੇ ਆਉਂਦੇ ਹਨ। ਭਰਥਰੀ ਹਰੀ 'ਕਾਲ' ਨੂੰ ਪਰਾਭੌਤਿਕ ਵਰਤਾਰੇ ਵਜੋਂ ਚਿਤਵਦਾ ਹੈ। ਦੂਜੇ ਪਾਸੇ ਮਨੁੱਖੀ ਹੋਂਦ ਦੀ ਸੀਮਾ, ਮੌਤ ਨੂੰ ਕਾਲ ਦੇ ਨਾਲ ਵੀ ਜੋੜਿਆ ਜਾਂਦਾ ਹੈ। ਜਿੱਥੇ ਕਾਲ (ਸਮੇਂ ਦੀ ਵਰਗ ਵੰਡ) ਰਾਹੀਂ ਆਪਣੇ ਗਿਆਨ ਚਿੰਤਨ ਨੂੰ ਹੋਂਦ ਬੱਧ ਕੀਤਾ, ਉਥੇ ਅਕਾਲ ਮਨੁੱਖ ਦੀਆਂ ਅਸੀਮਤਾਈਆਂ ਤੋਂ 'ਪਾਰ' ਮੰਨ ਲਿਆ ਗਿਆ। ਪਰੰਤੂ ਕਾਲ ਦੀ ਤੀਜੀ ਧਾਰਨਾ 'ਮਹਾਕਾਲ' ਨੂੰ ਵੀ ਮੰਨਿਆ ਗਿਆ ਹੈ। ਇਥੇ ਮਹਾਕਾਲ ਦਾ ਭਾਵ ''ਕਾਲ ਦਾ ਵੀ ਕਾਲ ਕਰਨ ਵਾਲਾ, ਉਹ ਲੰਮਾ ਸਮਾਂ ਜਿਸ ਦਾ ਅਸੀਂ ਅੰਤ ਨਹੀਂ ਜਾਣ ਸਕਦੇ, ਸਮੇਂ ਨੂੰ ਹੀ ਕਰਤਾ-ਹਰਤਾ ਮੰਨਣ ਵਾਲਿਆਂ ਦੇ ਮੱਤ ਅਨੁਸਾਰ ਅਨੰਤ ਰੂਪ ਕਾਲ ਤੋਂ ਹੈ।"[18] ਇਹ ਉਪਰੋਕਤ ਵਿਚਾਰ ਭਾਰਤੀ ਦਰਸ਼ਨ ਪਰੰਪਰਾ ਦੇ ਸੰਦਰਭ ਵਿਚ ਵਾਚੇ ਜਾ ਸਕਦੇ ਹਨ। ਪੱਛਮੀ ਦਾਰਸ਼ਨਿਕ ਪਰੰਪਰਾ ਵਿਚ ਸਮੇਂ (time) ਨੂੰ ਮਨੁੱਖੀ ਅਸਤਿੱਤਵ ਦੇ ਨਾਲ-ਨਾਲ ਪਦਾਰਥ (mattor) ਨਾਲ ਵੀ ਜੋੜਨ ਦੀ ਪਰੰਪਰਾ ਰਹੀ ਹੈ। ਜਰਮਨ ਚਿੰਤਕ ਹਾਇਡਿਗਰ ਆਪਣੀ ਪੁਸਤਕ 'Being and time' 'ਚ ਹੋਂਦ/ਅਸਤਿੱਤਵ ਅਤੇ ਕਾਲ ਦੀ ਵਿਆਖਿਆ ਕਰਦਾ ਹੋਇਆ ਕਲਾਕ੍ਰਿਤੀ, ਮਨੁੱਖੀ ਅਸਤਿੱਤਵ ਅਤੇ ਸੌਂਦਰਯ-ਰੂਪ ਨੂੰ ਕਾਲ ਨਾਲ ਜੋੜਦਾ ਹੀ ਨਹੀਂ, ਸਗੋਂ ਉਸ ਵੱਲੋਂ ਨਿਸਚਤ ਮੰਨਦਾ ਹੈ।"[19] ਪੱਛਮੀ ਦਾਰਸ਼ਨਿਕ ਪਰੰਪਰਾ ਵਿਚ ਇਸ ਤੋਂ ਅਗਾਂਹ ਦਾ ਸੰਵਾਦ ਸਮੇਂ ਅਤੇ ਇਤਿਹਾਸ ਨੂੰ ਵੀ ਆਪਣੇ ਕਲਾਵੇ ਵਿਚ ਲੈ ਲੈਂਦਾ ਹੈ। ਭਾਰਤੀ ਪਰੰਪਰਾ ਵਿਚ ਸਮੇਂ ਤੋਂ ਇਤਿਹਾਸ ਬਾਰੇ ਗੱਲ ਇਸ ਲਈ ਨਹੀਂ ਕੀਤੀ ਜਾ ਸਕਦੀ, ਕਿਉਂਕਿ ਇਤਿਹਾਸ ਲੇਖਨ ਦੀ ਪਰੰਪਰਾ ਚਿਰਾਂ ਬਾਅਦ ਸਾਹਮਣੇ ਆਉਂਦੀ ਹੈ।

ਉਪਰੋਕਤ ਚਰਚਾ ਦਾ ਸੰਖੇਪ ਵਿਸਥਾਰ ਮਹਿਬੂਬ ਦੇ ਕਾਵਿ-ਪ੍ਰਵਚਨ ਵਿਚ ਕਾਲ ਦੇ ਬਹੁਪੱਖੀ ਪਸਾਰਾਂ ਨੂੰ ਧਿਆਨ 'ਚ ਰੱਖਦਿਆਂ ਹੋਇਆਂ ਸਿਰਜਿਆ ਗਿਆ ਹੈ। ਮਹਿਬੂਬ ਕਾਵਿ ਵਿਚ ਕਾਲ ਦੀ ਚੇਤਨਾ ਮਨੁੱਖੀ ਅਸਤਿੱਤਵ ਦੇ ਪ੍ਰਸੰਗ ਵਿਚ ਅਕਾਲ ਦੀ ਚੇਤਨਾ ਮਨੁੱਖੀ ਸੀਮਾਵਾਂ ਤੋਂ ਪਾਰ, ਅਨੁਭਵੀ ਪ੍ਰਕਾਸ਼ ਦੇ ਸੰਦਰਭ ਵਿਚ ਅਤੇ ਮਹਾਕਾਲ ਦੀ ਧਾਰਨਾ ਕਾਲ-ਅਕਾਲ ਦੀਆਂ ਅਗਲੇਰੇ ਪਲਾਂ-ਛਿਣਾਂ ਨੂੰ ਇਸਲਾਮੀ ਅਤੇ ਸਿੱਖ-ਦਰਸ਼ਨ ਦੇ ਪਰਿਪੇਖ ਵਿਚ ਰੱਖ ਕੇ ਵਖਿਆਉਂਦਾ ਹੈ। ਕਾਲ ਦੇ ਸੰਦਰਭ ਵਿਚ ਮਹਿਬੂਬ 'ਨਦੀ ਦੇ ਪੱਤਣ ਖੁਰ ਜਾਣ' ਦੇ ਪ੍ਰਤੀਕ ਮੰਡਲ ਰਾਹੀਂ ਹਸ਼ਰਾਂ ਦੇ ਰਾਹ ਖੋਲ੍ਹਦਾ ਹੈ। ਹਸਰ ਦਾ ਪ੍ਰਤੀਕ ਇਸਲਾਮੀ ਚਿੰਤਨ ਅਨੁਸਾਰ ਮੌਤ ਤੋਂ ਬਾਅਦ ਅਮਲਾਂ ਦੇ ਨਿਬੇੜੇ ਤੋਂ ਮੰਨਿਆ ਜਾਂਦਾ ਹੈ :

"ਨਦੀ ਦੇ ਪੱਤਣ ਖੁਰ ਖੁਰ ਜਾਂਦੇ
ਦਰ ਹਸ਼ਰਾਂ ਨੇ ਖੋਲ੍ਹੇ
ਦੇਸ ਮਾਹੀ ਦਾ ਰਿਹਾ ਨਾ ਸਾਡਾ
ਰਾਹ ਸਦੀਆਂ ਦੇ ਰੋਲੇ
ਕੁਝ ਨਾ ਪੁੱਛੇ ਕੁਝ ਨਾ ਦੱਸੇ
ਹਰ ਕੋਈ ਹੋਇਆ ਬੇਗਾਨਾ
ਨਜ਼ਰਾਂ ਵਾਲਾ ਕਿਤੇ ਅਜੇ ਵੀ
ਪੰਡ ਅਮਲਾਂ ਦੀ ਖੋਲ੍ਹੇ।"[20]
"ਜੰਮ ਕੰਦਰਾਂ ਦੇ ਵਿਚ ਸਿੰਧ ਕੋਈ
ਸਭ ਕਾਲ ਰਗਾਂ ਵਿਚ ਬਿੰਦ ਕੋਈ।"[21]

ਪਹਿਲੀ ਕਾਵਿ-ਤੁਕ ਵਿਚ ਗੁਰੂ ਨਾਨਕ ਦੀਆਂ ਸਤਰਾਂ "ਸੰਯੋਗ ਵਿਯੋਗ ਦੋਵੇ ਕਾਰ ਚਲਾਵੈ ਲੇਖੈ ਆਵੈ ਭਾਗ" ਕਾਰਜਸ਼ੀਲ ਹਨ ਅਤੇ ਗੁਰੂ ਸਾਹਿਬ ਦੇ ਵੇਈ ਨਦੀ ਵਿਚਲੇ ਪ੍ਰਵੇਸ਼ ਕਰਨ ਅਤੇ ਗਿਆਨ ਪ੍ਰਾਪਤੀ ਦੇ ਸੁਨੇਹੇ ਦੀ ਸਾਖੀ ਵੀ ਮਹਿਬੂਬ ਕਾਵਿ ਦੀਆਂ ਸਤਰਾਂ ਵਿਚ ਅਨੁਭਵ ਵਜੋਂ ਕਾਰਜਸ਼ੀਲ ਹੈ। ਉਸ ਦੀ ਇਹ ਕਾਵਿ ਚੇਤਨਾ ਵਿਚ ਮਨੁੱਖ ਦੇ ਕਰਮ ਰਾਹੀਂ ਪੱਤਣਾਂ ਤੀਕ ਅੱਪੜਨ ਅਤੇ ਕਰਮਾਂ ਦੇ ਲੇਖੇ-ਜੋਖੇ ਰਾਹੀਂ ਕਿਆਮਤ ਤੀਕ ਪਹੁੰਚ ਕੇ ਮੁੜ ਜੀਵਨ-ਜਾਗਣ ਦੀ ਲੋਚਾ ਪਲਮ ਰਹੀ ਹੈ। ਇਸੇ ਕਾਲ ਦੀ ਚੇਤਨਾ ਦੇ ਅਨੁਭਵੀ ਪਸਾਰਾਂ ਨੂੰ ਫੈਲਾਉਂਦਾ ਹੋਇਆ ਹਰਿੰਦਰ ਸਿੰਘ ਮਹਿਬੂਬ ਦ੍ਰਿਸ਼ਾਵਲੀ ਸਿਰਜਣ ਵੱਲ ਰੁਚਿਤ ਹੋ ਜਾਂਦਾ ਹੈ। ਮਿਸਾਲ ਵਜੋਂ :

"ਵੜਿਆ ਥਲਾਂ ਦੇ ਵਿਚ ਮੈਂ
ਦਾਮਨ ਕਾਲ ਦਾ ਚੁੰਮ
ਹੋਸ਼ਾਂ ਦੇ ਵੱਲ ਆਈਆਂ
ਕੋਟ ਇਕੱਲਾ ਘੁੰਮ
ਇਕੋ ਪਲ ਵਿਚ ਹੋਇਆ

ਹੜ੍ਹ ਸਮਿਆਂ ਦਾ ਘੁੰਮ
ਐਪਰ ਧੂੜੀਂ ਖੜਗਦੇ
ਸੈ ਘੋੜਾਂ ਦੇ ਸੁੰਮ।"[22]
ਗਠੜੀ ਚੁੱਕ ਗੁਨਾਹ ਦੀ,
ਰੇਤਾ ਸੀਨਿਓਂ ਵਾਅ।
ਪੀਲੇ ਪੱਤਰ ਨਾਲ ਲੈ
ਉੱਠੀ ਕੋਈ ਬਲਾ।[23]
''ਪਰਦੇ ਹੇਠ ਗੁਨਾਹ ਨੇ
ਪੱਤਝੜ ਪਾਰੋਂ ਦੇਖ,
ਦੇਖੇ ਤੱਤੀ ਵਾਹ ਵਿਚ
*ਕਬਰਾਂ ਪੁੱਟਦੇ ਸੇਕ।"*[24]

ਇਉਂ ਮਹਿਬੂਬ ਉਪਰੋਕਤ 'ਕਾਲ' ਦੀ ਰੌਸ਼ਨੀ ਦੇ ਸੰਦਰਭ ਵਿਚ ਸਮੇਂ ਨੂੰ ਹੌਲ ਅਤੇ ਭਿਅੰਕਰ ਸਿਆਹ ਵਰਤਾਰਿਆ ਨੂੰ ਚਿਤਰਦਾ ਹੈ। ਦਰਅਸਲ ਅਜਿਹੀ ਕਾਵਿ-ਚੇਤਨਾ ਕਾਲ (ਮੌਤ) ਦੇ ਸਮਰੂਪ ਪ੍ਰਭਾਵਾਂ, ਡਰ, ਇਕੱਲਤਾ, ਵਿਯੋਗ, ਆਦਿ ਦੇ ਸੰਬੰਧ ਵਿਚ ਇਨ੍ਹਾਂ ਪ੍ਰਕਿਰਤਕ ਵਰਤਾਰਿਆਂ ਨੂੰ ਚਿਤਰਦਾ ਹੈ। ਜਦੋਂ ਅਜੋਕੀ ਦਰਸ਼ਨਧਾਰਾ ਕਾਲ ਨੂੰ ਇਤਿਹਾਸ ਦੇ ਪ੍ਰਸੰਗ ਵਿਚ ਰੱਖ ਕੇ ਵਾਚਦੀ ਹੈ ਤਾਂ ਇਸ ਦੇ ਕਈ ਸੰਦਰਭ ਮਹਿਬੂਬ ਕਾਵਿ 'ਚੋਂ ਵੇਖੇ ਜਾ ਸਕਦੇ ਹਨ ਕਿਉਂਕਿ ਮਹਿਬੂਬ ਕਾਵਿ ਨੂੰ ਭਾਵੁਕੀ ਪੱਧਰ 'ਤੇ ਸਿਰਜਣ ਵਾਲਾ ਸ਼ਾਇਰ ਨਹੀਂ, ਸਗੋਂ ਉਸ ਕੋਲ ਸੰਸਾਰ ਦੇ ਸਨਾਤਨੀ ਸਾਹਿਤ ਦੇ ਅਧਿਐਨ ਦਾ ਗੰਭੀਰ ਸਰਮਾਇਆ ਹੈ। ਉਸ ਦਾ ਦੂਜਾ ਪ੍ਰਭਾਵ ਜ਼ਖ਼ਮੀ ਹੋਏ ਪੰਜਾਬ ਦੇ ਅਤੇ ਇਤਿਹਾਸ ਦੇ ਧ੍ਰੋਹ ਨੂੰ, ਉਹ ਆਪਣੇ ਕਾਵਿ ਵਿਚ ਥਾਂ-ਪੁਰ ਥਾਂ ਰਮਜ਼ੀਆਂ ਇਸ਼ਾਰੇ ਕਰਦਾ ਹੈ। ਇਥੇ ਉਹ 'ਜ਼ਖ਼ਮੀ ਕਾਲ' ਦੇ ਪ੍ਰਤੀਕ ਮੰਡਲ ਨੂੰ ਇਤਿਹਾਸ ਦੇ ਅਰਥਾਂ ਵਿਚ ਵਾਚਿਆ ਜਾ ਸਕਦਾ ਹੈ :

''ਜੋਬਨ ਫਿਰ ਫਕੀਰ ਬਣ
ਤੁਰਦਾ ਨਦੀਆਂ ਨਾਲ
ਬਾਗਾਂ ਛਾਵੇਂ ਬੈਠਦਾ
ਚਿਰ ਤੋਂ ਜ਼ਖ਼ਮੀ ਕਾਲ...
ਸੁਲਤਾਨਾ ਦੇ ਜ਼ੋਰ ਵਿਚ
ਕੁਝ ਲਈ ਜਾਣਾਂ ਖੋਹ
ਕੁਝ ਤਾਂ ਕਹਿਰ ਨੂੰ ਸੱਦਦੇ
ਕੁਝ ਤਾਂ ਪੈਂਦੇ ਰੋ।"[25]

ਇਸ ਤਰ੍ਹਾਂ ਮਹਿਬੂਬ ਕਾਵਿ ਦਾ ਪ੍ਰਵਚਨ 'ਅਕਾਲ' ਦੀ ਚੇਤਨਾ ਦੇ ਉਨ੍ਹਾਂ ਪਸਾਰਾਂ ਨੂੰ ਵੀ

ਸਿਰਜਦਾ ਹੈ, ਜਿਹੜੇ ਮਨੁੱਖੀ ਪਰਿਕਲਪਨਾ ਤੋਂ ਪਾਰ ਦੇ ਸੰਕਲਪਾਂ ਨੂੰ ਸਿਰਜਦੇ ਹਨ। ਇਹ ਸੰਕਲਪ 'ਯਮ-ਯਮ ਦੇ ਪਾਣੀ' (ਇਸਲਾਮੀ ਸੰਕਲਪ) ਵੀ ਅਕਾਲ ਦੇ ਕਹਿਰ ਤੋਂ ਬਚ ਨਹੀਂ ਸਕਦੇ :

''ਟੱਪ-ਅੰਬਰ ਕਾਲ ਨੂੰ ਚੱਲ ਪੈਣਾ
ਤ੍ਰਿਣ-ਤ੍ਰਿਣ 'ਤੇ ਹਸ਼ਰਾਂ ਬਲ਼ ਪੈਣਾ
ਹਰ ਕਿਸੇ ਨੂੰ ਲੰਘਣਾ ਥਲ ਪੈਣਾ
ਨਾ ਡਾਚੀ ਬਿਰਖ ਫ਼ਕੀਰ ਕੋਈ
ਨਾ ਖਾਬ ਨੇ ਯਮ-ਯਮ ਲਹਿਰਾਂ ਦੇ
ਖੰਭ ਤਪਦੇ ਸਿਖ਼ਰ ਦੁਪਹਿਰਾਂ ਦੇ।''[26]

ਕਾਲ-ਅਕਾਲ ਦੀ ਸੰਵਾਦਕ ਸਥਿਤੀ ਤੋਂ ਬਾਅਦ 'ਮਹਾਕਾਲ' ਦੀ ਚੇਤਨਾ ਨੂੰ ਦਾਰਸ਼ਨਿਕ ਧਰਾਤਲ ਵਿਚ ਦੈਵੀ ਅਤੇ ਅਦਿਸ ਵਰਤਾਰਿਆਂ ਨਾਲ ਜੋੜਿਆ ਗਿਆ ਹੈ। ਭਾਰਤੀ ਦਰਸ਼ਨ ਪਰੰਪਰਾ ਵਿਚ 'ਮਹਾਕਾਲ' ਨੂੰ ਕਿਸੇ ਇਕ ਅਰਥ ਵਿਚ ਆਦਿ ਦੇ ਇਕਹਿਰੇ ਅਰਥਾਂ ਵਿਚ ਨਹੀਂ ਸਮਝਿਆ ਜਾ ਸਕਦਾ। (ਸਗੋਂ ਮਹਾਕਾਲ ਨੂੰ ਤਾਂਡਵ, ਸਮੇਂ ਤੋਂ ਪਰ੍ਹੇ ਸਮਾਂ, ਕਾਲ ਨੂੰ ਖਾ ਜਾਣ ਵਾਲਾ ਕਾਲ ਆਦਿ ਦੇ ਅਰਥਾਂ 'ਚ ਵੀ ਵਿਖਾਇਆ ਗਿਆ) ਭਾਰਤੀ ਦਰਸ਼ਨ ਵਿਚ 'ਮਹਾਕਾਲ' ਸੰਬੰਧੀ 'ਸਤਿਅਮੰ, ਸ਼ਿਵਮੰ, ਸੁਦਰਮੰ' ਦੀ ਚਿਹਨਕੀ ਲੜੀ ਵੀ ਕਾਰਜਸ਼ੀਲ ਹੈ। ਸੋ, ਇਹ ਬਹੁਪੱਖੀ, ਵੰਨ-ਸੁਵੰਨਤਾ ਦੇ ਅਨਿਸਚਿਤਤਾ ਦੀ ਧਾਰਨੀ ਹੈ। ਇਸ ਦਾ ਅਗਲਾ ਪਾਸਾਰ ਇਹ ਵੀ ਹੈ ਕਿ ਕਾਲ ਤੋਂ ਬਚਾਉਣ ਵਾਲੀ ਅਕਾਲ ਚੇਤਨਾ ਵੀ ਮਹਾਕਾਲ ਦੀ ਅਧੀਨਗੀ ਕਬੂਲ ਕਰਦੀ ਹੈ। ਜਿਸ ਨੂੰ ਸਿੱਖ ਦਰਸ਼ਨ ਧਾਰਾ ਵਿਚ ਇਉਂ ਬਿਆਨ ਕੀਤਾ ਹੈ :

ਜਪ ਗੋਵਿੰਦ ਗੋਪਾਲ ਲਾਲ।
ਰਾਮ ਨਾਮ ਸਿਮਰ
ਫਿਰ ਨਾ ਖਾਈ ਮਹਾਕਾਲ। (ਰਾਮਕਲੀ ਮਹਲਾ 5, ਪੰਨਾ )
ਨ ਮਹਾਕਾਲ ਰਖਵਾਰ ਹਮਾਰੋ।।
ਮਹਾਲੋਹ ਮੈਂ ਕਿੰਕਰ ਥਾਰੋ।। (ਚੌਪਈ ਸਾਹਿਬ)
ਮਹਾਕਾਲ ਕਾਲਿਕਾ ਆਰਾਧੀ।। (ਦਸਮ ਗ੍ਰੰਥ)

ਇਹ ਵਿਸ਼ਵੀ ਵਰਤਾਰੇ ਨਾਲ ਜੁੜਿਆ ਹੋਇਆ ਮਹਾਕਾਲ ਦੀ ਚੇਤਨਾ ਨੂੰ ਇਸਲਾਮੀ ਦਰਸ਼ਨ ਵਿਚ 'ਦਹਿਰ' ਕਿਹਾ ਜਾਂਦਾ ਹੈ। ਇਸ ਦਹਿਰ ਦਾ ਇਕ ਸਤਰੀ ਭਾਵ 'ਅੱਲਾ ਹੀ ਦਹਿਰ ਹੈ' ਭਾਵ ਅੱਲਾਹ ਹੀ ਕਾਲ-ਮਹਾਕਾਲ ਹੈ :

"Abu Huraira reported God" massanger saying,
"Let none of revile fate (ad-dahr), for God in ad-dahr."[27]

ਇਸ ਤਰ੍ਹਾਂ ਹਰਿੰਦਰ ਮਹਿਬੂਬ ਦਾ ਕਾਵਿ-ਪ੍ਰਵਚਨ ਇਸਲਾਮੀ ਚਿੰਤਨ ਦੇ ਗਹਿਰੇ ਅਧਿਐਨ 'ਚੋਂ ਕਸ਼ੀਦੇ ਅਨੁਭਵ ਨੂੰ ਕਾਵਿਬੱਧ ਕਰਦਾ ਹੈ :

"ਅੱਖ ਮੁਨਕਰ ਘੜੇ ਨਕੀਰਾਂ ਦੀ
ਜਿੰਦ ਜਾਨ ਫੜੇ ਪਈ ਤੀਰਾਂ ਦੀ
ਜੰਡ ਹੇਠ ਚੁੱਪ ਤਕਦੀਰਾਂ ਦੀ
ਕਦੇ ਬਿਰਖ ਦੀ ਛਾਂ ਵੀ ਛੱਡ ਜਾਂਦੀ
ਮੁੱਕ ਜਾਂਦੇ ਪੈਂਦੇ ਦਹਿਰਾਂ ਦੇ।"[28]

ਮਹਿਬੂਬ ਕਾਵਿ-ਪ੍ਰਵਚਨ ਦੇ ਸਮੁੱਚ ਵਿਚ ਇਹ ਚੇਤਨਾ ਸੁਰ ਭਾਰੂ ਹੈ ਕਿ ਵਿਸ਼ਵ ਦੇ ਸਮੁੱਚੇ ਵਰਤਾਰੇ ਆਪਣੇ ਅਨੁਪਾਤ ਤੋਂ ਥਿੜ੍ਹਕੇ ਹੋਏ ਹਨ। ਉਸ ਦਾ ਕਾਵਿ-ਵਿਸ਼ਵਾਸ 'ਕੁਦਰਤ ਦੇ ਮੌਲਿਕ ਨਜ਼ਾਰੇ ਮੁੜ ਅਸਲੀ ਅਨੁਪਾਤ ਹਾਸਿਲ ਕਰ ਲੈਣਗੇ' 'ਤੇ ਟਿਕਿਆ ਹੋਇਆ ਹੈ। ਇਥੇ ਉਸ ਦੀ ਸਿਧਾਂਤਕ ਪਹੁੰਚ ਸਮੁੱਚੇ ਵਰਤਾਰੇ ਨੂੰ ਸੰਤੁਲਨ/ਅਨੁਪਾਤ ਵਿਚ ਬੰਨ੍ਹਣ ਲਈ ਮਹਾਕਾਲ ਦੇ ਕ੍ਰਿਸ਼ਮਈ ਵਰਤਾਰੇ ਨਾਲ ਬੱਝੀ ਹੋਈ ਹੈ। ਉਹ ਮਹਾਕਾਲ ਦੌਰਾਨ ਵਾਪਰਨ ਵਾਲੇ ਹੌਲਨਾਕ ਵਰਤਾਰਿਆਂ, ਸਿਆਹ ਅਨੁਭਵਾਂ ਨੂੰ ਚਿਤਰਦਾ ਹੈ। ਉਸ ਦੀ ਕਵਿਤਾ 'ਮਨ ਪ੍ਰਦੇਸੀ ਜੇ ਥੀਐ' ਵਿਚ ਮਹਾਕਾਲ ਦੇ ਕਹਿਰ, ਅਣਗਣਿਤ ਸ਼ਕਲਾਂ ਅਤੇ ਉਸ ਦੀ ਅਨੁਭਵੀ ਰਫ਼ਤਾਰ ਨੂੰ ਵਿਰਾਟ ਰੂਪ 'ਚ ਪੇਸ਼ ਕੀਤਾ ਹੈ। ਇਸ ਕਵਿਤਾ ਵਿਚ ਰੱਤ ਰੰਗੀਆਂ, ਤੇਗ਼ਾਂ ਉੱਡਦੀਆਂ, ਜਲ-ਥਲ ਕੁਰਲਾਉਂਦੇ, ਭੈਅ ਪਰਵਾਜ਼ਾਂ, ਖੰਡਰਾਂ 'ਚ ਖਿਲ੍ਹਰੇ ਨਾਗਾਂ ਦੇ ਫਨ, ਲੱਖ ਵਰ੍ਹਿਆਂ ਦੀਆਂ ਹੂੰਗਰਾਂ, ਅੱਗ-ਪਰਲੈ ਦੇ ਅੱਖਰ, ਗੋਰਾਂ ਹੇਠ ਛੋਡ ਕੇ ਵੱਡ ਪੀਰ ਪਿਆਸੇ, ਅੱਗ ਦੇ ਫੁੱਲ, ਭੈਅ ਦੇ ਘੁੰਮਦੇ ਚੱਕ, ਅੱਗ ਦਾ ਸਾਲੂ ਸਿਰ 'ਤੇ ਲੈਂਦੀਆਂ ਨਾਰਾਂ ਆਦਿ ਹੌਲਨਾਕ ਵਰਤਾਰਿਆਂ ਦੇ ਚਿਹਨ ਮਹਾਕਾਲ ਦੇ ਦ੍ਰਿਸ਼ ਨੂੰ ਪੇਸ਼ ਕਰਦੇ ਹਨ ਪਰ ਇਥੇ ਇਹ ਨੁਕਤਾ ਵੀ ਵਿਚਾਰਯੋਗ ਹੈ ਕਿ ਮਹਿਬੂਬ ਕਾਵਿ ਅਸੰਤੁਲਨ ਅਤੇ ਵਿਗੜੇ ਅਨੁਪਾਤ ਦੀ ਚੇਤਨਾ ਦੇ ਕਿਹੜੇ ਕਾਰਨ ਹਨ ? ਮਹਿਬੂਬ ਨੂੰ ਇਹ ਕਿਉਂ ਮਹਿਸੂਸ ਹੁੰਦਾ ਹੈ ਕਿ ਮਹਾਕਾਲ ਅਵੱਸ਼ ਵਾਪਰੇਗਾ... ? ਸ਼ਾਇਦ ਕਿਤੇ ਨਾ ਕਿਤੇ ਉਸ ਦੇ ਕਾਵਿ-ਅਵਚੇਤਨ ਵਿਚ ਪੰਜਾਬ ਦੀ ਵੰਡ ਲੀਰੋ-ਲੀਰ ਹੋਈ ਕੌਮਾਂ ਦੀ ਤਕਦੀਰ ਤੇ ਉਸ ਤੋਂ ਵੀ ਵਧੀਕ ਪੰਜਾਬ ਦੀ ਸਾਂਝੀ ਰਹਿਤਲ 'ਚੋਂ ਨਾਨਕ ਦੀ ਧਰਤੀ ਦੀ ਬੇਹੁਰਮਤੀ ਦੀ ਪੀੜ ਵਧੇਰੇ ਕਸਕਪੂਰਨ ਹੈ। ਇਸੇ ਕਰ ਕੇ ਉਸ ਦਾ ਕਾਵਿ ਅਨੁਭਵ ਮਹਾਕਾਲ ਦੇ ਤ੍ਰਾਸਦਿਕ ਵਰਤਾਰੇ ਦੀ ਹੌਲਨਾਕ ਚੇਤਨਾ ਨੂੰ ਸੰਸਾਰ ਦੀਆਂ ਤਹਿਜ਼ੀਬਾਂ ਵਿਚ ਵਾਪਰੇ ਅਣਮਨੁੱਖੀ ਘਾਣਾਂ ਵੱਲ ਇਸ਼ਾਰਾ ਕਰਦਾ ਹੋਇਆ, ਗਿਆਨ ਚਿੰਤਨ ਰਾਹੀਂ ਮਨੁੱਖ ਨੂੰ ਉੱਚੀ ਸੁਰਤਿ ਅਤੇ ਬਿਰਤੀ 'ਤੇ ਸਿਰਜਣ ਦੀ ਅਰਜੋਈ ਕਰਦਾ ਹੈ। ਇਸ ਲੰਮੀ ਕਵਿਤਾ 'ਚ ਉਸ ਦਾ ਕਾਵਿ ਪ੍ਰਵਚਨ ਵੱਖੋ-ਵੱਖਰੇ ਉਤਰਾਅ ਚੜ੍ਹਾਅ ਨੂੰ ਪੇਸ਼ ਕਰਦਾ ਹੈ :-

"ਮਹਾਕਾਲ ਸੈ ਸਾਗਰਾਂ
ਸਾਹਵੇਂ ਤਿਰਹਾਇਆ।
ਮਨ ਪਰਦੇਸੀ ਜੇ ਥੀਐ
ਸਭ ਦੇਸ ਪਰਾਇਆ।

ਕਿਸ ਕਤਰੇ ਦੀ ਤਲਬ ਵਿਚ

ਜਲ ਥਲ ਕੁਰਲਾਇਆ ?
ਮਹਾਕਾਲ ਸੈ ਸਾਗਰਾਂ...।"[29]

"ਸੂਰਜ ਗਗਨਾਂ ਬੰਨ੍ਹ ਕੇ
ਬੇਨਜ਼ਰ ਤਪਾਇਆ।
ਮਹਾਕਾਲ ਸੈ ਸਾਗਰਾਂ...।"[30]

ਹਰਿੰਦਰ ਸਿੰਘ ਮਹਿਬੂਬ ਦੇ ਕਾਵਿ ਪ੍ਰਵਚਨ ਦੀ ਤਲਾਸ਼ ਕਰਦਿਆਂ ਉਸ ਦੀ ਕਵਿਤਾ ਦੇ ਅਧਿਐਨ 'ਚੋਂ ਮੌਤ ਦੀ ਚੇਤਨਾ ਦੇ ਸਿਆਹ ਪਰਛਾਵਿਆਂ ਦੇ ਕਈ ਪਾਸਾਰ ਸਾਹਮਣੇ ਆਉਂਦੇ ਹਨ। ਇਹ ਸਿਆਹ ਪਰਛਾਵੇਂ ਕਿਤੇ ਦਾਰਸ਼ਨਿਕ ਪਰੰਪਰਾ 'ਚੋਂ ਆਪਣੀ ਹੋਂਦ ਧਾਰਨ ਕਰਦੇ ਹਨ ਅਤੇ ਕਿਤੇ ਇਹ ਮਨੁੱਖੀ ਅਸਤਿੱਤਵ ਦੇ ਆਖ਼ਰੀ ਪਲਾਂ-ਛਿਣਾਂ ਵਿਚ ਵਾਪਰਨ ਵਾਲੇ ਡਰ, ਭੈਅ, ਮੌਤ ਦਾ ਅਨੁਭਵ, ਮੌਤ ਵੇਲੇ ਅਧਿਆਤਮ ਨੂੰ ਜਗਾਉਣਾ ਤੇ ਇਸੇ ਮੌਤ ਨੂੰ ਸ਼ਹਾਦਤ ਵਿਚ ਰੂਪਾਂਤਰਣ ਕਰ ਕੇ ਜ਼ਿੰਦਗੀ ਨੂੰ ਦੈਵੀ ਆਵੇਸ਼ਾਂ ਅਧੀਨ ਪੁਨਰਜੀਵਿਤ ਕਰ ਲੈਣਾ ਆਦਿ ਪ੍ਰਮੁੱਖ ਸਰੂਪ ਹਨ। ਕਾਲ ਦੀ ਚੇਤਨਾ ਦੇ ਅਜਿਹੇ ਪਾਸਾਰ ਪੰਜਾਬੀ ਕਵਿਤਾ 'ਚੋਂ ਮੂਲੋਂ ਹੀ ਨਵੀਨ ਹਨ। ਮੌਤ ਦੇ ਕਹਿਰ ਦੀ ਸਰਦਾਰੀ ਦਾ ਚਿਹਨ 'ਬਾਜ਼' ਵਾਰ-ਵਾਰ ਮਹਿਬੂਬ ਦੀ ਕਵਿਤਾ ਵਿਚ ਆਉਂਦਾ ਹੈ। ਇਸਲਾਮੀ ਮਿਥ ਵਿਚ ਬਾਜ਼ ਦੇ ਅਰਥ ਵੱਖਰੇ ਹਨ :

ਪੰਜਾਬੀ ਕਾਵਿ ਪਰੰਪਰਾ ਵਿਚ ਫਰੀਦ ਸਾਹਿਬ ਦੇ ਸਲੋਕਾਂ ਵਿਚ ਬਾਜ਼ ਦਾ ਚਿਹਨ 'ਅਚਨਚੇਤਤਾ' 'ਅਸਥਿਰਤਾ' 'ਕੇਲ ਕੇਂਦੇ ਹੰਝ ਨੋ ਅਚਿੰਤੇ ਬਾਜ਼ ਪਏ' ਮੰਨਿਆ ਗਿਆ ਹੈ। ਮਹਿਬੂਬ ਕਾਵਿ ਇਸ ਪ੍ਰਭਾਵ ਨੂੰ ਕਬੂਲਦਾ ਹੈ। ਇਉਂ ਉਹ 'ਮੌਤ ਅਤੇ ਥਲਾਂ ਦੇ ਰਾਹ' ਕਵਿਤਾ ਵਿਚ ਮੌਤ ਨੂੰ ਆਪਣੇ ਗਿਆਨ ਦੇ ਘੇਰਿਆਂ 'ਚੋਂ ਤਲਾਸ਼ ਕੇ ਇਸਲਾਮੀ ਮਿੱਥ ਨਾਲ ਜੋੜ ਲੈਂਦਾ ਹੈ। ਉਸ ਦਾ ਕਾਵਿ ਅਵਚੇਤਨ ਮਨੁੱਖੀ ਅਸਤਿੱਤਵ ਦੇ ਆਖ਼ਰੀ ਪਲਾਂ ਦੀ ਉਸ ਚੇਤਨਾ ਨੂੰ ਕਾਵਿ-ਬੱਧ ਕਰਦਾ ਹੈ, ਜਿਹੜੀ ਮਨੁੱਖ ਦੇ ਮਨ ਵਿਚ ਸਥਾਨਕਤਾ ਤੇ ਪੌਣ-ਪਾਣੀ ਭੂਗੋਲਿਕਤਾ ਵੱਸਦੀ ਹੈ। ਪਰ ਉਹ ਇਸ ਤੋਂ ਅਗਾਂਹ ਜਾ ਕੇ, ਮੌਤ ਦੇ ਭੈਅ ਨੂੰ ਕਬੂਲ ਕਰ ਕੇ ਮੌਤ ਤੋਂ ਬਚਣ ਦੇ ਸਾਮੀ ਸਭਿਆਚਾਰ ਦੀ ਮਿਥ ਨਾਲ ਨੱਥੀ ਕਰ ਲੈਂਦਾ ਹੈ। ਦਰਅਸਲ ਇਹ ਮਹਿਬੂਬ ਦੀ ਕਾਵਿ ਚੇਤਨਾ ਦਾ ਅਨੋਖਾ ਦਵੰਦ ਹੈ ਕਿਉਂਕਿ ਉਸ ਦੇ ਸਮੁੱਚੇ ਕਾਵਿ ਵਿਚ ਮਹਾਕਾਲ ਵਰਗੀਆਂ ਘਟਨਾਵਾਂ ਤਾਂ ਵਾਪਰਦੀਆਂ ਹਨ ਪਰ ਉਨ੍ਹਾਂ ਘਟਨਾਵਾਂ ਤੋਂ ਸਵੈ ਨੂੰ ਬਚਾਈ ਰੱਖਣ ਲਈ ਅਤੇ ਮਹਾਕਾਲ ਦੇ ਚਸ਼ਮਦੀਦ ਗਵਾਹ ਬਣਨ ਦੀ ਲਾਲਸਾ ਵੀ ਵੇਖੀ ਜਾ ਸਕਦੀ ਹੈ। ਉਸ ਦੀ ਕਾਵਿ ਚੇਤਨਾ ਸਵੈ ਨੂੰ 'ਨੂਹ' ਦੇ ਸੰਕਲਪ ਨਾਲ ਸੰਬੰਧਤ ਕਰ ਲੈਂਦੀ ਹੈ। ਇਥੇ ਨੂਹ ਉਸ ਬੇੜੇ ਦਾ ਨਾਂ ਹੈ, ਜਿਸ ਨੂੰ ਆਦਮ ਦੀ ਦਸਵੀਂ ਵੰਸ਼ ਦੇ ਬੰਦੇ ਨੇ ਮਹਾਕਾਲ ਤੋਂ ਬਚਣ ਲਈ ਖ਼ੁਦਾ ਦੇ ਹੁਕਮ ਅਧੀਨ ਬੇੜਾ ਬਣਾਇਆ ਸੀ। ਨੂਹ ਨੂੰ ਪੈਗ਼ੰਬਰ ਮੰਨਿਆ ਗਿਆ ਹੈ। ਜਿਸ ਦਾ ਬਾਈਬਲ ਅਤੇ ਕੁਰਾਨ ਵਿਚ ਕਈ ਵਾਰ ਜ਼ਿਕਰ ਆਉਂਦਾ ਹੈ :

"ਇਹ ਆਦਮ ਦੀ ਦਸਵੀਂ ਪੀੜ੍ਹੀ ਦੱਸਿਆ ਗਿਆ ਹੈ। ਜਦ ਇਸ ਦੀ 500 ਵਰ੍ਹੇ ਦੀ ਉਮਰ ਹੋਈ ਤਦ ਇਸ ਦੇ ਘਰ ਤਿੰਨ ਬੇਟੇ (ਸਾਮ, ਹਾਮ ਤੇ ਯਾਫ਼ਸ) ਪੈਦਾ ਹੋਏ। ਉਸ

ਸਮੇਂ ਸੰਸਾਰ ਵਿਚ ਘੋਰ ਪਾਪ ਹੋ ਰਹੇ ਸਨ। ਖ਼ੁਦਾ ਨੇ ਸਾਰੀ ਪ੍ਰਿਥਵੀ ਗਰਕ ਕਰ ਦੇਣੀ ਚਾਹੀ ਪਰ ਨੂਹਪੁਰ ਕ੍ਰਿਪਾ ਕਰ ਕੇ ਹੁਕਮ ਦਿੱਤਾ ਕਿ ਉਹ ਆਪਣੇ ਪਰਿਵਾਰ ਅਤੇ ਪ੍ਰਿਥਵੀ ਦੇ ਹਰੇਕ ਜੀਵ ਦਾ ਜੋੜਾ ਲੈ ਕੇ ਕਿਸ਼ਤੀ ਵਿਚ ਪ੍ਰਵੇਸ਼ ਕਰੇ ਅਰ ਜੋ ਉਸ ਦੀ ਕਿਸ਼ਤੀ ਵਿਚ ਹੋਣਗੇ ਉਹ ਪ੍ਰਲੈ ਤੋਂ ਬਚ ਜਾਣਗੇ। ਨੂਹ ਖ਼ੁਦਾ ਦੇ ਹੁਕਮ ਅਨੁਸਾਰ ਤਿੰਨ ਸੌ ਹੱਥ ਦੀ ਲੰਮੀ, 50 ਹੱਥ ਦੀ ਚੌੜੀ ਅਤੇ 30 ਹੱਥ ਉੱਚੀ ਬੇੜੀ ਬਣਾਈ। ਉਸ ਵਿਚ ਖ਼ੁਰਾਕ ਦਾ ਸਮਾਨ ਰੱਖ ਕੇ ਅਤੇ ਆਪਣੇ ਕੁਟੰਬ ਅਰ ਹਰ ਨਸਲ ਦਾ ਜੀਵ ਜੋੜਾ ਲੈ ਕੇ ਪ੍ਰਵੇਸ਼ ਹੋ ਗਿਆ ਅਰ ਰਾਲ ਨਾਲ ਕਿਸ਼ਤੀ ਦਾ ਮੂੰਹ ਬੰਦ ਕਰ ਦਿੱਤਾ। ਜਦ ਇਹ ਕਾਰਜ ਹੋ ਲਿਆ ਤਾਂ 40 ਦਿਨ ਮੂਸਲਧਾਰ ਵਰਖਾ ਨਾਲ ਸਾਰੀ ਪ੍ਰਿਥਵੀ ਜਲ ਵਿਚ ਡੋਬੀ ਗਈ ਅਰ ਪਹਾੜਾਂ ਦੀ ਚੋਟੀ ਤੋਂ 15 ਹੱਥ ਪਾਣੀ ਉੱਚਾ ਚੜ੍ਹ ਗਿਆ। 12 ਮਹੀਨੇ ਪਿੱਛੋਂ ਜ਼ਮੀਨ ਦਾ ਪਾਣੀ ਖੁਸ਼ਕ ਹੋਇਆ ਤਾਂ ਨੂਹ ਸਭ ਜੀਵਾਂ ਸਮੇਤ ਕਿਸ਼ਤੀ ਤੋਂ ਬਾਹਰ ਆਇਆ ਅਰ ਜੋ ਜੀਵ ਉਸ ਨਾਲ ਕਿਸ਼ਤੀ ਵਿਚ ਰਹੇ ਸਨ ਉਨ੍ਹਾਂ ਦੀ ਨਸਲ ਸੰਸਾਰ ਵਿਚ ਫੈਲੀ। ਨੂਹ ਦੀ ਸਾਰੀ ਉਮਰ 900 ਵਰ੍ਹੇ ਦੇ ਸੀ।" [30]

ਉਪਰੋਕਤ ਸਾਖੀ ਦੇ ਅਧਿਐਨ ਤੋਂ ਬਾਅਦ ਮਹਿਬੂਬ ਦੀਆਂ ਕਾਵਿ-ਸਤਰਾਂ 'ਚੋਂ ਲੰਘਣਾ ਜ਼ਰੂਰੀ ਹੈ। ਮਹਿਬੂਬ ਦੇ ਕਾਵਿ-ਅਵਚੇਤਨ ਵਿਚ ਦਰਅਸਲ ਕਿਤੇ ਨਾ ਕਿਤੇ ਨੂਹ ਦੇ ਬੇੜੇ ਦੇ ਸਵਾਰ ਮਨੁੱਖਾਂ 'ਚੋਂ ਸ਼ਾਮਿਲ ਹੋਣ ਦੀ ਕਾਲਪਨਿਕ ਭਾਵਨਾ ਲਰਜ਼ ਰਹੀ ਹੈ :

"ਫੇਰ ਮੇਰੀ ਜਾਨ 'ਤੇ ਲਰਜ਼ੇ
ਨੂਹ ਵੇਲ੍ਹੇ ਦੇ ਪਾਣੀ।
ਕੋਟ ਵਾਰ ਹਫ਼ ਜਿੰਦ ਗਗਨਾਂ ਦੀ
ਮੰਝਧਾਰੀ ਕੁਮਲਾਣੀ।
ਨੂਹ ਦਾ ਬੇੜਾ ਤੋੜ ਕੇ ਗਰਜੇ
ਅੰਬਰੋਂ ਬੁਰੇ ਅੰਧਾਰੀ
ਦਿਲ ਮੈਂਡੇ ਤੋਂ ਝੱਲ ਨਾ ਹੋਈ
ਸਮਿਆਂ ਦੀ ਕਿਲਕਾਰੀ।"[32]
"ਜ਼ਮੀਂ ਦੇ ਦੇਖ ਲਏ ਮੈਂ ਪੈਂਡੇ
ਜੋ ਨਾ ਮੌਤ ਵੰਞਾਣੈ
ਅੱਜ ਤਾਂ ਜ਼ਾਮਨ ਬਣ ਜਾਵਣਗੇ
ਧਰ ਦੇ ਬੋਲ ਅੰਞਾਣੇ।"[33]

ਮਹਿਬੂਬ ਕਾਵਿ ਵਿਚ ਮੌਤ ਦੀ ਚੇਤਨਾ ਦਾ ਅਗਲਾ ਪਾਸਾਰ ਸ਼ਹਾਦਤ ਵਿਚ ਰੂਪਾਂਤਰਣ ਹੁੰਦਾ ਹੈ। ਉਹ ਪੰਜਾਬੀ ਕਿੱਸਿਆਂ ਦੇ ਨਾਇਕ-ਨਾਇਕਾਵਾਂ (ਹੀਰ, ਰਾਂਝਾ, ਸੱਸੀ-ਪਨੂੰ, ਮਿਰਜ਼ਾ-ਸਾਹਿਬਾਂ, ਸੋਹਣੀ ਮਹੀਂਵਾਲ) ਦੇ ਬਿੰਬ ਨੂੰ ਝਨਾਂ ਦੇ ਕੰਢਿਆਂ ਅਤੇ ਬੇਲ੍ਹਿਆਂ ਦੀ ਕਨਸੋਅ ਦੇ ਨਾਲ ਜੋੜ ਕੇ, ਉਨ੍ਹਾਂ ਦੀ ਜ਼ਿੰਦਗੀ ਦੇ ਆਖੀਰੀ ਪਲਾਂ-ਛਿਣਾਂ 'ਚ ਵਾਪਰਨ ਵਾਲੇ ਖ਼ਿਆਲਾਂ ਨੂੰ ਵਿਸ਼ਵ ਦੇ ਸਮੁੱਚੇ ਵਰਤਾਰਿਆਂ ਨਾਲ ਜੋੜ ਕੇ, ਸ਼ਹਾਦਤ ਵਿਚ ਰੂਪਾਂਤਰਣ ਕਰ ਦਿੰਦਾ ਹੈ। ਇੱਥੇ ਮਹਿਬੂਬ

ਆਪਣੇ ਕਾਵਿ ਵਿਚ ਉਨ੍ਹਾਂ ਦੀ ਜੀਵਨ ਕਹਾਣੀ ਜਾਂ ਪਰੰਪਰਕ ਘਟਨਾਵਾਂ ਨੂੰ ਬਿਆਨ ਨਹੀਂ ਦਿੰਦਾ ਸਗੋਂ ਉਹ ਇਨ੍ਹਾਂ ਪ੍ਰੀਤ ਕਥਾਵਾਂ ਦੀ ਕਾਵਿ-ਨਾਇਕਾਂ ਨੂੰ ਕਿਸੇ ਖ਼ਾਸ ਮਿਲਣ ਬਿੰਦੂਆਂ 'ਤੇ ਇਕੱਠਾ ਕਰ ਕੇ, ਆਪਣੀ ਕਾਲਪਨਿਕ ਪੁੱਠ ਦੇ ਨਾਲ ਅਧਿਆਤਮਕ ਰੰਗਣ ਦੇ ਦਿੰਦਾ ਹੈ ਤੇ ਇਹ ਅਧਿਆਤਮ ਕਿਸੇ ਕੁੰਭ ਦਾ ਸਿਮਰਨ ਨਹੀਂ ਸਿਰਜਦਾ ਸਗੋਂ ਉਹ ਇਨ੍ਹਾਂ ਨਾਇਕਾਵਾਂ ਨੂੰ ਸੰਸਾਰ ਦੇ ਅਮਰ ਪਾਤਰ ਜਿਹੜੇ ਮਹਾਕਾਲ ਦੇ ਪਰਛਾਵੇਂ ਤੋਂ ਵੀ ਉਤਾਂਹ ਵਿਚਰ ਰਹੇ ਹਨ, ਸਥਾਪਤ ਕਰ ਦਿੰਦਾ ਹੈ। ਉਹ ਮੌਤ ਦੇ ਰੁਦਨ, ਵਿਰਲਾਪ ਜਾਂ ਦੁਖਾਂਤਕ ਸਥਿਤੀ ਨੂੰ ਚਿਤਰਨ ਦੀ ਥਾਵੇਂ ਮੌਤ ਦੇ ਗਜ਼ਬ ਨਜ਼ਾਰਿਆਂ ਦੇ ਹੁਸਨ ਨੂੰ ਪੇਸ਼ ਕਰ ਕੇ ਇਨ੍ਹਾਂ ਨਾਇਕਾਂ ਨੂੰ 'ਹੁਮਾ' ਦੇ ਪ੍ਰਤੀਕ ਮੰਡਲ ਨਾਲ ਜੋੜ ਲੈਂਦਾ ਹੈ। ਇਥੇ ਹੁਮਾ ਤੋਂ ਭਾਵ ਇਕ ਅਜਿਹੇ ਪੰਛੀ ਤੋਂ ਹੈ, ਜਿਸ ਬਾਰੇ ਮਿਥ ਜਾਂ ਵਿਚਾਰ ਬਣਿਆ ਹੋਇਆ ਹੈ ਕਿ ਹੁਮਾ ਇਕ ਪ੍ਰਸਿੱਧ ਖ਼ਿਆਲੀ ਪੰਛੀ ਹੈ, ਜਿਸ ਨੂੰ ਸ਼ੁਭ ਮੰਨਿਆ ਜਾਂਦਾ ਹੈ। ਜਿਹੜਾ ਵੀ ਇਸ ਪੰਛੀ ਦੇ ਪਰਛਾਵੇਂ ਹੇਠ ਆ ਜਾਵੇ ਉਹ ਭਾਗਸ਼ਾਲੀ ਬਣ ਜਾਂਦਾ ਹੈ। ਉਸ ਨੂੰ ਕੋਈ ਵੀ ਡਰ, ਭੈਅ ਨਹੀਂ ਸਤਾਉਂਦਾ। ਮਹਿਬੂਬ ਕਿੱਸਿਆਂ ਦੇ ਪਾਤਰਾਂ ਨੂੰ ਹੁਮਾ ਪੰਛੀ ਦੀ ਛਾਂ ਥੱਲੇ ਵੱਸਦੇ ਪ੍ਰਤੀਤ ਕਰਦਾ ਹੈ।

''ਪੱਤਣ ਜ਼ੁਲਫ਼ ਦਾ ਲੰਘਦੇ
ਰੋਜ਼ ਚੱਕ ਉਚੇਰੇ
ਮੋਰਨੀਆਂ ਪੀਰ ਦੇ ਮਿਹਰ ਵੱਲ
ਡਰ ਪਾਵਣ ਫੇਰੇ
ਨੀਂਦ ਹੁਮਾ ਦੀ ਛਾਂ ਚੁੱਕ
ਮੈਂ ਜਾਵਾਂ ਸਾਹਮੇਂ
ਨਜ਼ਰਾਂ ਫੇਰ ਨੂਰਾਨੀਆਂ
ਦਰਿਆਵਾਂ ਸਾਹਮੇਂ।''[34]

ਮਹਿਬੂਬ ਆਪਣੀ ਕਵਿਤਾ 'ਸੋਹਣੀ ਦੀ ਆਖ਼ਰੀ ਰਾਤ'[35], 'ਮਿਰਜ਼ੇ ਦੀ ਨੀਂਦ'[36], ਵਿਚ ਇਨ੍ਹਾਂ ਕਾਵਿ ਨਾਇਕਾ ਦੇ ਉਨ੍ਹਾਂ ਸੁਪਨਿਆਂ ਦੀ ਤਰਜ਼ਮਾਨੀ ਕਰਦਾ ਹੈ, ਜਿਹੜੇ ਇਸ ਜ਼ਹਾਨ ਤੋਂ ਕੂਚ ਕਰਨ ਲੱਗਿਆਂ ਉਨ੍ਹਾਂ ਦੇ ਮਾਨਸਿਕ ਧਰਾਤਲ 'ਤੇ ਵਾਪਰਦੇ ਹਨ। ਉਹ ਇਹ ਖ਼ੁਆਬ ਲੈਂਦਿਆਂ-ਲੈਂਦਿਆਂ ਹੋਣੀ ਨੂੰ ਭੋਗ ਕੇ, ਸ਼ਹਾਦਤ ਵਿਚ ਤਬਦੀਲ ਕਰ ਦਿੰਦੇ ਹਨ। ਇਸ ਤਰ੍ਹਾਂ ਉਹ ਕਿੱਸਿਆਂ ਦੇ ਪਾਤਰਾਂ ਦਾ ਬਿੰਬ ਸਥਾਨਕ ਸੀਮਿਤਾਈਆਂ ਤੋਂ ਤੋੜ ਕੇ ਸਮੁੱਚੀ ਕਾਇਨਾਤ ਦੇ ਵਿਭਿੰਨ ਪਾਸਾਰਾਂ ਤੱਕ ਫੈਲਾਅ ਦਿੰਦਾ ਹੈ ਤੇ ਇਨ੍ਹਾਂ ਦੀ ਸ਼ਹਾਦਤ ਅਤੇ ਮੁਕਤੀ ਦੇ ਮਾਡਲ ਲਈ ਉਹ ਆਪਣੇ ਗਿਆਨ ਮੰਡਲ 'ਚੋਂ ਇਸਲਾਮੀ ਮਿਥ ਪਰੰਪਰਾ ਨਾਲ ਜੋੜ ਦਿੰਦਾ ਹੈ। ਉਹ ਇਨ੍ਹਾਂ ਨਾਇਕਾਂ ਦੀ ਦੈਵੀ ਰੁਮਾਂਟਿਕਤਾ ਨੂੰ ਸਿਰਜ ਕੇ, ਪੰਜਾਬੀ ਕਿੱਸਾਗੋਈ ਦੀ ਸੁੰਗੜੀ ਉਡਾਣ ਵੱਲ ਇਸ਼ਾਰਾ ਕਰਦਾ ਹੈ। ਕਿਤੇ-ਕਿਤੇ ਉਸ ਦੇ ਗਿਆਨ ਦਾ ਇਹ ਉਲਾਰੂ ਪੱਖ ਇਨ੍ਹਾਂ ਨਾਇਕਾਂ ਨੂੰ ਗਾਜ਼ੀ (ਧਰਮੀ ਯੋਧੇ) ਵੀ ਬਣਾ ਦਿੰਦਾ ਹੈ :

ਇਉਂ ਉਹ ਮਿਰਜ਼ੇ ਦੇ ਮਨ ਉੱਤੇ ਸਾਹਿਬਾਂ ਦੇ ਪਿਆਰ ਦੀ ਝਲਕ ਨੂੰ ਉਹ 'ਵਜਦ' ਦਾ ਨਾਂ ਦਿੰਦਾ ਹੈ। ਵਜਦ ਆਪਣੇ ਆਪ ਵਿਚ ਸੂਫ਼ੀਆਂ ਦੇ ਹਕੀਕੀ ਇਸ਼ਕ ਦੇ ਜਲੌਅ ਦਾ ਸਿਖ਼ਰ

ਹੈ। ਇਉਂ ਉਹ ਮਿਰਜ਼ੇ ਦੀ ਆਸ਼ਕੀ ਦਾ ਬਿੰਬ ਸੂਫ਼ੀਆਨਾ ਅਤੇ ਯੋਧੇ ਦੇ ਰੂਪ ਵਿਚ ਰੂਪਾਂਤਰਣ ਕਰ ਦਿੰਦਾ ਹੈ ਜਦਕਿ ਪੂਰਬਲੇ ਕਾਵਿ ਵਿਚ ਮਿਰਜ਼ੇ ਦਾ ਮਾਨਸਿਕ ਬਿੰਬ ਜਗੀਰੂ, ਹਉਂਵਾਦੀ ਜੱਟ ਮਾਨਸਿਕਤਾ 'ਤੇ ਟਿਕਿਆ ਹੋਇਆ ਹੈ ਅਤੇ ਸਾਹਿਬਾਂ ਦੇ ਬਿੰਬ ਨੂੰ 'ਚੰਚਲਹਾਰੀਆਂ ਰੰਨਾਂ' ਤੋਂ ਮੁਕਤ ਕਰ ਕੇ ਕਿਸੇ ਫ਼ਕੀਰੀ ਆਲਮ ਵਿਚ ਤਬਦੀਲ ਕਰਦਾ ਹੋਇਆ ਦਰਿਆ ਦੀ ਰੂਹ ਨਾਲ ਤੁਲਨਾਉਂਦਾ ਹੈ। ਇਸ ਤਰ੍ਹਾਂ ਉਹ 'ਬੱਕੀ' ਦੇ ਬਿੰਬ ਨੂੰ ਕਿਸੇ ਅਰਸ਼ਾਂ 'ਤੇ ਵਿਚਰਦੀ ਸ਼ੈਅ ਬਣਾ ਦਿੰਦਾ ਹੈ, ਜਿਸ ਦੇ ਪੌੜ ਦੀ ਧਮਕ ਕੁਲ ਕਾਇਨਾਤ ਦੇ ਅਖੀਰਲੇ ਘਾਟਾਂ ਨੂੰ ਵੀ ਸਰ ਕਰਨ ਵਾਲੀ ਬਲਵਾਨ ਸ਼ਕਤੀ ਵਿਚ ਤਬਦੀਲ ਹੋ ਜਾਂਦੀ ਹੈ :

"ਮੈਂ ਗਾਜ਼ੀ ਸਿਖ਼ਰ ਦੁਪਹਿਰਾ ਦਾ
ਮੇਰੇ ਤੀਰ 'ਤੇ ਕਲਾ ਦੀ ਛਾਂ ਪੈਂਦੀ।"[37]

"ਜੋਬਨ ਦੀ ਜੂਹ ਧਰਤ ਨੇ
ਭੇਤ ਦਿੱਤੇ ਲੱਖ ਖੋਲ੍ਹ
ਸਾਹਿਬਾਂ ਰੂਹ ਦਰਿਆ ਦੀ
ਬੇਲ੍ਹੇ ਹੁੱਲਿਆਂ ਬੋਲ।"[38]

"ਜਿਸ ਡਾਢੇ ਪੌੜ ਦੀ ਧਮਕ ਸੁਣੇ
ਲੰਘ ਆਈ ਘਾਟ ਅਖੀਰਾਂ ਦੇ।"[39]

ਇਉਂ ਹਰਿੰਦਰ ਸਿੰਘ ਮਹਿਬੂਬ ਦਾ ਕਾਵਿ ਪ੍ਰਵਚਨ ਮਨੁੱਖੀ ਅਸਤਿੱਤਵ ਦੇ ਫੈਲਾਅ ਹੋਣ ਨਾਲੋਂ ਇਹ ਸਵੈ ਸਿਰਜੇ ਹੌਲਨਾਕ, ਕਾਲਪਨਿਕ ਅਤੇ ਸਿਆਹ ਵਰਤਾਰਿਆਂ ਦਾ ਮੁਜੱਸਮਾ ਬਣ ਜਾਂਦਾ ਹੈ। ਉਹ ਪੰਜਾਬੀ, ਸਿੱਖ ਚਿੰਤਨ ਅਤੇ ਮਿਥ ਦੇ ਅਨੁਭਵੀ ਪ੍ਰਕਾਸ਼ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਗਿਆਨ ਦੀਆਂ ਨਿਸਚਤ ਇਕਾਈਆਂ ਨਾਲ ਜੁੜ ਕੇ ਕਾਵਿ ਨੂੰ ਸਿਆਹ ਵਰਤਾਰਿਆਂ ਨਾਲ ਕਾਵਿ ਬੱਧ ਕਰਿਆ ਚਲਿਆ ਜਾਂਦਾ ਹੈ। ਉਸ ਦੇ ਕਾਵਿ-ਪ੍ਰਵਚਨ 'ਚੋਂ ਉਭਰਦੇ ਅਧਿਆਤਮਕ ਬਿੰਬ, ਸਿਦਕ, ਅਰਦਾਸ, ਭਰੋਸਾ, ਕੁਦਰਤੀ ਨਜ਼ਾਰਿਆਂ ਦਾ ਹੁਸਨ ਆਦਿ ਨੂੰ ਤਨਾਉ ਅਤੇ ਟਕਰਾਉ ਤੋਂ ਮੁਕਤ ਹੋਣ ਲਈ ਵਰਤਦਾ ਹੈ।

## ਹਵਾਲੇ ਤੇ ਟਿੱਪਣੀਆਂ :


1. ਹਰਿੰਦਰ ਸਿੰਘ ਮਹਿਬੂਬ, 'ਝਨਾਂ ਦੀ ਰਾਤ', ਪੰਨਾ 412.
2. ਗੁਰਤਰਨ ਸਿੰਘ, 'ਆਧੁਨਿਕ ਪੰਜਾਬੀ ਕਵਿਤਾ : ਅਨੁਭਵ ਸੁਰਤੀਆਂ', ਪੰਨਾ 43-44.
3. ਹਰਿੰਦਰ ਸਿੰਘ ਮਹਿਬੂਬ, 'ਝਨਾਂ ਦੀ ਰਾਤ', ਪੰਨਾ 414-15.
4. - ਉਹੀ - ਪੰਨਾ 416-17
5. - ਉਹੀ - ਪੰਨਾ 422
6. - ਉਹੀ - ਪੰਨਾ 494
7. - ਉਹੀ - ਪੰਨਾ 427
8. - ਉਹੀ - ਪੰਨਾ 428-29

9. ਸਤਵੰਤ ਕੌਰ, 'ਪੰਜਾਬੀ ਸੂਫ਼ੀ ਕਾਵਿ ਵਿਚ ਮੌਤ ਦੀ ਚੇਤਨਾ', ਪੰਨਾ 6.
10. ਹਰਿੰਦਰ ਸਿੰਘ ਮਹਿਬੂਬ, 'ਝਨਾਂ ਦੀ ਰਾਤ', ਪੰਨਾ 454-55.
11. - ਉਹੀ - ਪੰਨਾ 457-58
12. - ਉਹੀ - ਪੰਨਾ 495
13. - ਉਹੀ - ਪੰਨਾ 496
14. - ਉਹੀ - ਪੰਨਾ 497
15. - ਉਹੀ - ਪੰਨਾ 501
16. - ਉਹੀ - ਪੰਨਾ 506
17. - ਉਹੀ - ਪੰਨਾ 509
18. ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼', ਪੰਨਾ 934, ਛਾਪ (6), 1999, ਭਾਸ਼ਾ ਵਿਗਿਆਨ।
19. ਡਾ. ਗੁਰਭਗਤ ਸਿੰਘ, 'ਯੱਕ ਦੈਰਿਦਾ', ਪੰਨਾ 19.
20. ਹਰਿੰਦਰ ਸਿੰਘ ਮਹਿਬੂਬ, 'ਝਨਾਂ ਦੀ ਰਾਤ', ਪੰਨਾ 463.
21. - ਉਹੀ - ਪੰਨਾ 461
22. - ਉਹੀ - ਪੰਨਾ 487
23. - ਉਹੀ - ਪੰਨਾ 488
24. - ਉਹੀ - ਪੰਨਾ 489-90
25. - ਉਹੀ - ਪੰਨਾ 498
26. - ਉਹੀ - ਪੰਨਾ 562
27. James Robson, 'Mishkat-Al-Massabin', Page : 996.
28. ਹਰਿੰਦਰ ਸਿੰਘ ਮਹਿਬੂਬ, 'ਝਨਾਂ ਦੀ ਰਾਤ', ਪੰਨਾ 564.
29. - ਉਹੀ - ਪੰਨਾ 443
30. - ਉਹੀ - ਪੰਨਾ 450
31. ਕਾਨ੍ਹ ਸਿੰਘ ਨਾਭਾ, 'ਮਹਾਨ ਕੋਸ਼', ਪੰਨਾ 718.
32. ਹਰਿੰਦਰ ਸਿੰਘ ਮਹਿਬੂਬ, 'ਝਨਾਂ ਦੀ ਰਾਤ', ਪੰਨਾ 482.
33. - ਉਹੀ - ਪੰਨਾ 517
34. - ਉਹੀ - ਪੰਨਾ 529
35. - ਉਹੀ - ਪੰਨਾ 544-45
36. - ਉਹੀ - ਪੰਨਾ 552
37. - ਉਹੀ - ਪੰਨਾ 558
38. - ਉਹੀ - ਪੰਨਾ 559
39. - ਉਹੀ - ਪੰਨਾ 561

# ਐਰਿਕ ਫਰਾਮ ਦੇ ਮਨੋ ਵਿਗਿਆਨਕ ਸਿਧਾਂਤਾਂ ਦੇ ਸਮਾਜਿਕ ਸਰੋਕਾਰ

*ਡਾ. ਜਸਵੰਤ ਸਿੰਘ*

ਐਰਿਕ ਫਰਾਮ ਇੱਕ ਪ੍ਰਸਿੱਧ ਮਾਰਕਸਵਾਦੀ, ਮਨੋਵਿਗਿਆਨੀ, ਸਮਾਜ-ਸ਼ਾਸਤਰੀ, ਚਿੰਤਕ ਅਤੇ ਦਾਰਸ਼ਨਿਕ ਹੋਇਆ ਹੈ। ਐਰਿਕ ਦਾ ਜਨਮ ਸਨਾਤਨੀ ਯਹੂਦੀ ਪਰਿਵਾਰ ਵਿੱਚ 23 ਮਾਰਚ 1900 ਵਿੱਚ ਹੋਇਆ। ਉਸ ਨੇ ਫ਼ਰੈਂਕਫ਼ਰਟ, ਹੇਡਲਬਰਗ ਅਤੇ ਮੁਨਿਕ ਵਿੱਚ ਸਮਾਜ ਵਿਗਿਆਨ ਅਤੇ ਮਨੋਵਿਗਿਆਨ ਵਿੱਚ ਡਿਗਰੀ ਲਈ। ਉਸ ਨੇ ਬਰਲਿਨ ਤੋਂ ਮਨੋਵਿਗਿਆਨ ਦੀ ਸਿੱਖਿਆ ਤੋਂ ਬਾਅਦ 1926 ਵਿੱਚ ਮਨੋਰੋਗ ਕੇਂਦਰ ਖੋਲ੍ਹਿਆ ਤੇ ਅੰਤ ਤੱਕ ਉਸ ਨੂੰ ਚਲਾਇਆ। ਇਹ ਕੰਮ ਕਰਦੇ-ਕਰਦੇ ਉਸ ਨੇ ਫ਼ਰਾਇਡ ਅਤੇ ਮਾਰਕਸ ਦਾ ਅਧਿਐਨ ਵੀ ਸ਼ੁਰੂ ਕੀਤਾ। ਉਸ ਦਾ ਵਿਚਾਰ ਸੀ ਕਿ ਫ਼ਰਾਇਡ ਦੀਆਂ ਮਨੋਵਿਗਿਆਨਕ ਧਾਰਨਾਵਾਂ ਨਾਲ ਮਾਰਕਸਵਾਦ ਦੀ ਮਨੁੱਖ ਸੰਬੰਧੀ ਸਮਝ ਵਿੱਚ ਵਾਧਾ ਹੋ ਸਕਦਾ ਹੈ। ਫਰਾਮ ਦਾ, ਮੈਕਸ ਵੈਬਰ ਦੇ ਭਰਾ, ਅਲਫਰਡ ਵੈਬਰ ਦੇ ਪ੍ਰਭਾਵ ਸਦਕਾ ਸਮਾਜ-ਵਿਗਿਆਨ ਵੱਲ ਝੁਕਾਅ ਵਧਿਆ। ਐਰਿਕ ਅਲਫਰਡ ਵੈਬਰ ਤੋਂ ਕਾਫ਼ੀ ਪ੍ਰਭਾਵਿਤ ਸੀ।

ਐਰਿਕ ਫਰਾਮ 1930 ਵਿੱਚ ਫ਼ਰੈਂਕਫ਼ਰਟ ਸਕੂਲ ਵਿੱਚ ਸ਼ਾਮਿਲ ਹੋਇਆ ਪਰ 1939 ਵਿੱਚ ਆਰਥਿਕ ਕਾਰਨਾਂ ਕਰਕੇ ਉਹ ਫ਼ਰੈਕਫ਼ਰਟ ਸਕੂਲ ਤੋਂ ਅਲੱਗ ਹੋ ਗਿਆ। ਉਸ ਸਮੇਂ ਹੋਰਖੇਮਰ ਫ਼ਰੈਕਫ਼ਰਟ ਸਕੂਲ ਦਾ ਨਿਰਦੇਸ਼ਕ ਸੀ। ਫਿਰ ਨਾਜ਼ੀਆਂ ਦੇ ਸੱਤਾ ਸੰਭਾਲਣ ਤੋਂ ਬਾਅਦ ਉਹ ਅਮਰੀਕਾ ਚਲਾ ਗਿਆ। ਉਥੇ ਅਮਰੀਕਾ ਵਿੱਚ ਉਹ ਮਨੋਵਿਗਿਆਨ ਨਾਲ ਸੰਬੰਧਿਤ ਕਈ ਸੰਸਥਾਵਾਂ ਦਾ ਮੈਂਬਰ ਰਿਹਾ। 1941 ਤੋਂ 49 ਤੱਕ ਉਸ ਨੇ ਵਾਸ਼ਿੰਗਟਨ ਕਾਲਜ ਵਿੱਚ ਅਧਿਆਪਨ ਵੀ ਕੀਤਾ। 1949 ਤੋਂ ਬਾਅਦ ਉਹ ਮੈਕਸੀਕੋ ਸ਼ਹਿਰ ਚਲਾ ਗਿਆ। ਉਸ ਪਿਛੋਂ ਫਰਾਮ ਨੇ ਮਿਸ਼ੀਗਨ ਸਟੇਟ ਯੂਨੀਵਰਸਿਟੀ ਵਿੱਚ 1957-61 ਤੱਕ ਪੜ੍ਹਾਇਆ। ਉੱਥੇ ਕਈ ਸਾਲ ਅਧਿਆਪਨ ਕਰਨ ਪਿਛੋਂ 1965 ਵਿੱਚ ਸੇਵਾ-ਮੁਕਤ ਹੋ ਗਿਆ। 1980 ਵਿੱਚ ਐਰਿਕ ਫਰਾਮ ਦੀ ਮੌਤ ਹੋ ਗਈ।

*Associate Professor*
*GGDSD COLLEGE*
*HARIANA (HOSHIARPUR)*
*Ph. : 9463597057*

ਫਰਾਮ ਨੇ ਆਪਣੇ ਜੀਵਨ ਦੌਰਾਨ ਕਈ ਪ੍ਰਸਿੱਧ ਪੁਸਤਕਾਂ

ਲਿਖੀਆਂ। 'Escape from freedom' ਉਸ ਦੀ ਪਹਿਲੀ ਪੁਸਤਕ ਸੀ ਜੋ ਕਿ 1941 ਵਿੱਚ ਇੰਗਲੈਂਡ ਵਿੱਚ ਛਪੀ।ਇਸ ਪੁਸਤਕ ਨੇ ਉਸ ਨੂੰ ਬੁਹਤ ਪ੍ਰਸਿੱਧ ਕੀਤਾ। ਇਹ ਸਿਆਸੀ-ਮਨੋਵਿਗਿਆਨ ਨਾਲ ਸੰਬੰਧਿਤ ਸੀ। ਇਸ ਪੁਸਤਕ ਵਿੱਚ ਕਈ ਮਹੱਤਵਪੂਰਨ ਵਿਚਾਰਾਂ ਨੂੰ ਪੇਸ਼ ਕੀਤਾ ਗਿਆ। ਫਰਾਮ ਅਨੁਸਾਰ ਸੁਤੰਤਰਤਾ ਦੀ ਇੱਛਾ ਮਨੁੱਖ ਦੀ ਸ਼ਕਤੀਸ਼ਾਲੀ ਇੱਛਾ ਹੈ। 'Man for himself' ਫਰਾਮ ਦੀ ਦੂਸਰੀ ਪੁਸਤਕ ਹੈ ਜੋ 1947 ਵਿੱਚ ਛਪੀ। ਇਸ ਵਿੱਚ ਉਸ ਨੇ ਐਥਿਕਸ ਦਾ ਮਨੋਵਿਗਿਆਨ ਸ਼ਾਮਿਲ ਕੀਤਾ। 'Art of loving' ਫਰਾਮ ਦੀ ਸਭ ਤੋਂ ਪ੍ਰਸਿੱਧ ਪੁਸਤਕ ਮੰਨੀ ਜਾਂਦੀ ਹੈ ਜੋ ਕਿ 1956 ਵਿੱਚ ਛਪੀ।ਫਰਾਮ ਨੇ ਸਮਾਜਿਕ ਵਿਕਾਸ ਵਿੱਚ ਮਨੋਵਿਗਿਆਨ ਅਤੇ ਸਮਾਜਿਕ ਕਾਰਨਾਂ ਦੇ ਮਿਕੈਨਿਜ਼ਮ ਨੂੰ ਸਮਝਣ ਦੀ ਕੋਸ਼ਿਸ਼ ਕੀਤੀ।

ਫਰਾਮ ਅਤੇ ਫਰਾਇਡ ਦੇ ਸੰਕਲਪਾਂ ਵਿੱਚ ਕਾਫ਼ੀ ਮੱਤਭੇਦ ਪਾਏ ਜਾਂਦੇ ਹਨ। ਇਹ ਮੱਤਭੇਦ ਕਈ ਵਿਸ਼ਿਆਂ ਉੱਤੇ ਸਨ ਜਿਵੇਂ-ਈਡੀਪਸ ਕੰਪਲੈਕਸ ਉੱਤੇ, ਲਿਬਿਡੋ ਉੱਤੇ, ਮੌਤ ਦੇ ਸੰਕਲਪ ਉੱਤੇ, ਬਾਲ ਕਾਮੁਕਤਾ ਉੱਤੇ ਆਦਿ। ਐਰਿਕ ਫਰਾਮ ਨੇ ਫ਼ਰਾਇਡ ਦਾ ਬੁਹਤ ਡੂੰਘਾ ਅਧਿਐਨ ਕੀਤਾ ਅਤੇ ਇਹ ਸੰਕਲਪ ਪੇਸ਼ ਕੀਤਾ ਕਿ ਪਹਿਲੇ ਵਿਸ਼ਵ-ਯੁੱਧ ਤੋਂ ਬਾਅਦ ਫ਼ਰਾਇਡ ਦੀਆਂ ਧਾਰਨਾਵਾਂ ਵਿੱਚ ਤਰੁੱਟੀਆਂ ਆਈਆਂ। ਫਿਰ ਵੀ ਉਹ ਫ਼ਰਾਇਡ ਦਾ ਪ੍ਰਸੰਸਕ ਰਿਹਾ ਅਤੇ ਆਧੁਨਿਕ ਇਤਿਹਾਸ ਦੇ ਤਿੰਨ ਵਿਅਕਤੀਆਂ (ਮਾਰਕਸ, ਆਇਨਸਟਾਇਨ) ਵਿੱਚ ਉਸ ਦਾ ਨਾਮ ਸ਼ੁਮਾਰ ਕਰਦਾ ਰਿਹਾ।ਫਰਾਮ ਨੇ ਫਰਾਇਡ ਦਾ ਆਲੋਚਨਾਤਮਕ ਅਧਿਐਨ ਕਰਦੇ ਹੋਏ ਕਈ ਮਹੱਤਵਪੂਰਨ ਸੰਕਲਪ ਪੇਸ਼ ਕੀਤੇ।

ਫ਼ਰਾਇਡ ਪਿਤਾ-ਪੁਰਖੀ ਸਮਾਜ ਵਿੱਚ ਬੱਚਾ ਅਤੇ ਪਿਤਾ ਦੇ ਭਾਰੂ ਰੋਲ ਨੂੰ ਜ਼ਿਆਦਾ ਮਹੱਤਵ ਦਿੰਦਾ ਹੈ।ਫ਼ਰਾਮ ਮੁਤਾਬਿਕ ਇਹ ਦਰੁਸਤ ਨਹੀ। ਫਰਾਮ ਮਾਰਕਸ ਅਤੇ ਏਂਗਲਜ਼ ਦੀਆਂ ਧਾਰਨਾਵਾਂ ਨੂੰ ਅੱਖੋਂ-ਓਹਲੇ ਕਰਦਾ ਹੈ।

ਫਰਾਮ ਦੀ ਮੁੱਖ ਵਿਸ਼ੇਸ਼ਤਾ ਇਹ ਹੈ ਕਿ ਉਹ ਮਾਨਸਿਕ ਸੰਕਲਪਾਂ ਨੂੰ ਇਤਿਹਾਸਕ, ਸਮਾਜਿਕ, ਵਿਗਿਆਨਕ ਅਤੇ ਦਾਰਸ਼ਨਿਕ ਅੰਤਰ-ਦ੍ਰਿਸ਼ਟੀਆਂ ਰਾਹੀਂ ਸਮਝਦਾ ਹੈ ਅਤੇ ਸਮਝਾਉਂਦਾ ਹੈ।ਫਰਾਮ ਅਨੁਸਾਰ ਮਾਨਸਿਕ ਸਿਹਤ ਇੱਕ ਸਿਆਸੀ ਵਰਤਾਰਾ/ਮਸਲਾ ਹੈ।ਉਹ ਮਨੋਵਿਗਿਆਨਕ ਧਾਰਨਾਵਾਂ ਨੂੰ ਮਨੋਵਿਗਿਆਨ ਦੇ ਖੇਤਰ ਤੋਂ ਪਾਰ ਜਾ ਕੇ ਵੀ ਸਥਾਪਿਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਭਾਵੇਂ ਅਡੌਰਨੋ ਵਰਗੇ ਵਿਦਵਾਨ ਮੱਤਭੇਦ ਰੱਖਦੇ ਹੋਏ ਉਸ ਦੀ ਇਸ ਪੁਹੰਚ ਨੂੰ ਗ਼ਲਤ ਸਿੱਧ ਕਰਦੇ ਹੋਏ ਕਹਿੰਦੇ ਹਨ ਕਿ ਫਰਾਮ ਨੇ ਮਨੋਵਿਗਿਆਨ ਨੂੰ ਸਮਾਜ ਵਿਗਿਆਨ ਤੱਕ ਘੱਟਾ ਦਿੱਤਾ ਹੈ।

ਫਰਾਮ ਦਾ ਲੇਖ 'The feelings of importance' ਵਿੱਚ ਉਸ ਨੇ ਮਨੁੱਖ ਦੇ ਭ੍ਰਿਸ਼ਟ ਹੋ ਚੁੱਕੇ ਸੁਹਜ-ਸੁਆਦ ਦੀ ਗੱਲ ਕੀਤੀ ਹੈ। ਲੇਖਕ ਅਨੁਸਾਰ ਮਨੁੱਖ ਵਿੱਚ ਪਹਿਲਾਂ ਤੋਂ ਹੀ ਸੁਣੇ ਜਾ ਰਹੇ ਗੀਤਾਂ/ਤਰਜ਼ਾਂ ਨੂੰ ਮੁੜ ਸੁਣਨ ਦੀ ਚਾਹਤ ਬੁਹਤ ਮਜ਼ਬੂਤ ਹੁੰਦੀ ਹੈ। ਨਵੀਂ ਚੀਜ਼ ਬੇਸ਼ੱਕ ਪ੍ਰਗਤੀਵਾਦੀ ਹੀ ਕਿਉਂ ਨਾ ਹੋਵੇ ਮਨੁੱਖ ਨੂੰ ਛੇਤੀ ਖਿੱਚ ਨਹੀਂ ਪਾਉਂਦੀ।ਸਮਾਜਵਾਦ ਤੋਂ ਬਾਅਦ ਵੀ ਧਰਮ ਹੋਰ ਖੇਤਰਾਂ ਵਾਂਗ ਛੇਤੀ ਖ਼ਤਮ ਨਹੀਂ ਹੋਵੇਗਾ। ਇਸ ਪ੍ਰਕਾਰ ਫ਼ਰਾਮ ਦੀ ਪੁਸਤਕ 'The art of being' ਦੇ ਡੂੰਘੇ ਅਧਿਐਨ ਤੋਂ ਪਤਾ ਚੱਲਦਾ ਹੈ ਕਿ ਉਹ ਬੁੱਧ ਧਰਮ, ਧਿਆਨ ਅਤੇ ਵੇਦਾਂ ਬਾਰੇ ਜਾਣਕਾਰੀ ਰੱਖਦਾ ਸੀ। ਉਹ ਬੁੱਧ ਧਰਮ ਅਤੇ ਵੇਦਾਂ ਦੇ ਮੌਖਿਕ ਰੂਪ

ਵਿੱਚ ਪੀੜ੍ਹੀ-ਦਰ-ਪੀੜ੍ਹੀ ਅੱਗੇ ਜਾਣ ਅਤੇ ਸੁਰੱਖਿਅਤ ਰਹਿਣ (ਲਿਖੇ ਜਾਣ ਤੱਕ) ਦੀ ਗੱਲ ਵੀ ਕਰਦਾ ਹੈ।1

ਇਕ ਪਦਾਰਥਵਾਦੀ ਮਨੋਵਿਗਿਆਨੀ ਹੋਣ ਕਾਰਨ ਉਸ ਨੇ ਆਪਣੀ ਉਪਰੋਕਤ ਪੁਸਤਕ ਵਿੱਚ ਨਿੱਜੀ ਜਾਇਦਾਦ, ਖ਼ਰਚਣ ਦਾ, ਰੱਖਣ ਦਾ, ਆਪਾ-ਪੜਚੋਲ ਦੀ ਵਿਧੀ, ਮਾਲਕੀ ਦਾ ਮਨੋਵਿਗਿਆਨ, ਮਾਲਕੀ ਦਾ ਦਰਸ਼ਨ, ਮਾਲਕੀ ਦਾ ਸਭਿਆਚਾਰ ਆਦਿ ਵਿਸ਼ਿਆਂ ਉਤੇ ਲਿਖਿਆ ਹੈ। ਇਸ ਤੋਂ ਇਲਾਵਾ ਉਸ ਨੇ ਇੱਕ ਕੰਜੂਸ ਦਾ ਮਨੋਵਿਗਿਆਨ ਅਤੇ ਖ਼ਰਚੀਲੇ ਵਿਅਕਤੀ ਦੇ ਮਨੋਵਿਗਿਆਨ ਉੱਤੇ ਵੀ ਦਾਰਸ਼ਨਿਕ ਟਿੱਪਣੀਆਂ ਕੀਤੀਆਂ ਹਨ।2 ਇਸ ਤੋਂ ਇਲਾਵਾ ਫਰਾਮ ਕੰਜੂਸ ਅਤੇ ਖ਼ਰਚੀਲੇ ਵਿਅਕਤੀ ਦੇ ਮਨੋਵਿਗਿਆਨ ਉੱਤੇ ਦਾਰਸ਼ਨਿਕ ਟਿੱਪਣੀ ਕਰਦੇ ਹੋਏ ਮਹੱਤਪੂਰਨ ਸੰਕਲਪ ਪੇਸ਼ ਕਰਦਾ ਹੈ।3

ਨਿੱਜੀ ਜਾਇਦਾਦ ਅਤੇ ਵਿਅਕਤੀ ਦੀ ਪਹਿਚਾਣ ਉੱਤੇ ਟਿੱਪਣੀ ਕਰਦਿਆਂ ਲਿਖਦਾ ਹੈ ਕਿ ਨਿੱਜੀ ਜਾਇਦਾਦ ਵਾਲੇ ਸਮਾਜ ਵਿੱਚ ਵਿਆਕਤੀ ਦੀ ਪਹਿਚਾਣ ਉਸ ਦੀ ਜਾਇਦਾਦ/ ਮਾਲਕੀ ਨਾਲ ਬੱਝੀ ਹੈ ਜਦ ਕਿ ਜਮਾਤ ਰਹਿਤ ਸਮਾਜ ਵਿੱਚ ਉਸ ਦੇ ਅਮਲਾਂ ਨਾਲ।4

ਫਰਾਮ ਕਲਾ ਦੇ ਆਨੰਦ ਬਾਰੇ ਆਪਣਾ ਸੰਕਲਪ ਪੇਸ਼ ਕਰਦਾ ਹੈ ਕਿ ਕਲਾ ਦੇ ਆਨੰਦ ਨੂੰ ਮਾਨਣ ਵਾਲਾ ਵਿਅਕਤੀ ਕਲਾਤਮਕ ਤੌਰ ਉੱਤੇ ਵਿਕਸਤ ਵਿਅਕਤੀ ਹੋਣਾ ਜ਼ਰੂਰੀ ਹੈ। 5 ਐਰਿਕ ਫਰਾਮ ਦੀ ਧਾਰਨਾ ਹੈ ਕਿ (The same society) ਅਕਸਰ ਬੰਦੇ ਦੀਆਂ ਬੁਨਿਆਦੀ ਲੋੜਾਂ ਅਤੇ ਉਸ ਦੇ ਬੁਨਿਆਦੀ ਸੁਭਾਅ ਦੇ ਵਿਰੋਧ, ਵਿਦਰੋਹ ਜਾਂ ਪ੍ਰਤਿਕਰਮ ਕਰਦੇ ਹਨ। ਪੂੰਜਵਾਦੀ ਸਮਾਜ ਬਾਰੇ ਮਾਰਕਸਵਾਦ ਦੀ ਧਾਰਨਾ ਵੀ ਇਹੀ ਹੈ। ਹੜਤਾਲ, ਡਾਕੇ, ਮੁਜ਼ਾਹਰੇ ਆਦਿ ਨਾਲ ਲੋਕਾਈ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਨਹੀ ਹੁੰਦੀਆਂ।

ਐਰਿਕ ਫਰਾਮ ਅਨੁਸਾਰ Individual social illness and Social mental illness ਵਿੱਚ ਅੰਤਰ ਹੈ। ਸਪੀਨੋਜ਼ਾ ਨੇ ਕਿਹਾ ਸੀ ਕਿ ਧਨ ਪ੍ਰਤੀ ਲਾਲਚ ਅਤੇ ਬੇਹੱਦ ਆਸ਼ਾਵਾਦੀ ਹੋਣਾ ਬੰਦੇ ਦੇ ਪਾਗ਼ਲਪਣ ਦੀਆਂ ਨਿਸ਼ਾਨੀਆਂ ਹਨ ਅਤੇ ਇਹ ਗੱਲ ਪੂੰਜੀਵਾਦੀ ਮਨੁੱਖੀ ਮਨੋਵਿਗਿਆਨ ਉੱਤੇ ਪੁਨਰ-ਭਾਂਤ ਲਾਗੂ ਹੁੰਦੀ ਹੈ। ਭਾਵੇਂ ਸਮਾਜਿਕ ਵਾਤਾਵਰਨ ਨੂੰ ਪੇਸ਼ ਕਰਦਿਆਂ ਫ਼ਰਾਮ ਨੇ ਜਮਾਤ ਦੇ ਸੁਆਲ ਨੂੰ ਕਈ ਵਾਰ ਅਣਗੌਲਿਆਂ ਕੀਤਾ ਹੈ। ਫਰਾਮ ਅਨੁਸਾਰ ਪੂੰਜੀਵਾਦੀ ਸਮਾਜ ਵਿੱਚ ਮਨੁੱਖ ਪੈਸੇ ਦੀ ਦੌੜ ਵਿੱਚ ਮਨੁੱਖੀ ਰਿਸ਼ਤੇ,ਅੱਪਣਤ, ਆਪਣੀਆਂ ਸੱਚੀਆਂ ਲੋੜਾਂ ਅਤੇ ਅੰਤ ਆਪਣੀ ਅਸਲ ਹੋਂਦ ਨੂੰ ਭੁੱਲ ਜਾਂਦਾ ਹੈ।

ਮਾਰਕਸ ਅਨੁਸਾਰ ਪੂੰਜੀਵਾਦ ਸਮਾਜ ਵਿੱਚ ਬੰਦੇ ਦਾ ਵਸਤਾਂ ਪ੍ਰਤਿ ਮੋਹ ਅਤੇ ਪੈਸੇ ਦੀ ਦੌੜ ਉਸ ਨੂੰ ਅੰਤਾਂ ਦਾ 'ਗਰੀਬ' ਬਣਾ ਦਿੰਦੀ ਹੈ ਜਿਸ ਵਿੱਚ ਸੱਚ ਅਤੇ ਸੰਵੇਦਨਾ ਦੀ ਅਮੀਰੀ ਦਮ ਤੋੜ ਜਾਂਦੀ ਹੈ।ਫਰਾਮ ਅਨੁਸਾਰ (ਮਾਰਕਸ ਪੰਨਾ-55) ਜਿੰਨਾ ਧਨ ਤੁਹਾਡੇ ਕੋਲ ਹੈ ਓਨਾ ਹੀ ਤੁਸੀਂ ਸਮਾਜ ਨਾਲੋਂ ਕੱਟੇ ਹੋਏ ਹੋ।ਫਰਾਮ ਲਿਖਦਾ ਹੈ ਕਿ ਜਮਾਤੀ ਸਮਾਜ ਵਿੱਚ ਮਨੁੱਖ ਦਾ ਬੁਨਿਆਦੀ ਮਕਸਦ ਇੱਕ ਮਨੁੱਖ ਦੀ ਤਰ੍ਹਾਂ ਜੀਣਾ ਹੁੰਦਾ ਹੈ ਨਾ ਕਿ ਪੂੰਜੀਵਾਦੀ ਸਮਾਜ ਵਿੱਚ ਮਨੁੱਖ ਦੀ ਭੂਮਿਕਾ ਕਮਾਉਣ ਅਤੇ ਖਾਣ ਤੱਕ ਸੀਮਤ ਹੁੰਦੀ ਹੈ।

ਪੂੰਜੀਵਾਦੀ ਸਮਾਜ ਦੇ ਇਤਿਹਾਸ ਦੀਆਂ ਮਨੋਵਿਗਿਆਨ ਦੀਆਂ ਪਰਤਾਂ ਦਾ ਅਧਿਐਨ ਕਰਦਾ ਫਰਾਮ ਦੱਸਦਾ ਹੈ ਕਿ 19ਵੀਂ ਸਦੀ ਦਾ ਪੂੰਜੀਪਤੀ ਪੈਸੇ ਜਮ੍ਹਾਂ ਕਰਕੇ ਖੁਸ਼ ਸੀ।ਉਹ ਸ਼ੋਸ਼ਕ

ਅਤੇ ਵਿਅਕਤੀਵਾਦੀ ਸੀ। ਫਰਾਮ ਨੇ ਪੂੰਜੀਵਾਦੀ ਸਮਾਜ ਪ੍ਰਤੀ ਮਹੱਤਵਪੂਰਨ ਸੰਕਲਪ ਪੇਸ਼ ਕੀਤੇ ਹਨ। ਵੀਹਵੀਂ ਸਦੀ ਵਿੱਚ ਖ਼ਪਤ ਉੱਪਰ ਜ਼ੋਰ ਦਿੱਤਾ ਜਾਣ ਲੱਗਾ। ਉਸ ਸਮੇਂ ਸ਼ਕਤੀਹੀਣਤਾ ਦਾ ਅਹਿਸਾਸ ਹੋਇਆ।ਖ਼ਪਤਕਾਰ ਨਿਸ਼ਕ੍ਰਿਆ ਚੀਜ਼ ਬਣ ਗਿਆ ਹੈ। ਪੂੰਜੀਪਤੀ ਲਈ ਉਹ ਇੱਕ ਨਿਵੇਸ਼ ਹੈ।

ਮਨੁੱਖੀ ਵਿਹਲ ਅਤੇ ਇਤਿਹਾਸ ਦੀ ਗੱਲ ਕਰਦਾ ਫਰਾਮ ਕਹਿੰਦਾ ਹੈ ਕਿ ਮਨੁੱਖ ਕੋਲ ਆਧੁਨਿਕ ਸਮੇਂ ਵਿੱਚ ਵਿਹਲ ਪਹਿਲਾਂ ਨਾਲੋਂ ਦੁਗਣਾ ਹੈ। ਵਿਹਲ ਦੇ ਇੰਨੇ ਸਮੇਂ ਦੀ ਸਾਡੇ ਪੂਰਵਜਾਂ ਨੇ ਕਲਪਨਾ ਵੀ ਨਹੀਂ ਕੀਤੀ ਸੀ ਪਰ ਫਰਾਮ ਅਨੁਸਾਰ ਮਨੁੱਖ ਨੇ ਇਸ ਸਮੇਂ ਦੀ ਠੀਕ ਕਦਰ ਨਹੀਂ ਪਾਈ।

ਕਾਰਲ ਮਾਰਕਸ ਅਤੇ ਫਰੈਡਰਿਕ ਏਂਗਲਜ਼ ਦੀ ਪ੍ਰਸਿੱਧ ਪੁਸਤਕ :- ਕਾਰਲ ਮਾਰਕਸ ਅਤੇ ਏਂਗਲਜ਼ ਪ੍ਰਸਿੱਧ ਪੁਸਤਕ 'ਕਮਿਊਨਿਸਟ ਮੈਨੀਫੈਸਟੋ' ਉੱਤੇ ਟਿੱਪਣੀ ਕਰਦਾ ਲਿਖਦਾ ਹੈ ਕਿ ਮਜ਼ਦੂਰ ਜਮਾਤ ਨੂੰ ਆਪਣੀਆਂ ਜੰਜ਼ੀਰਾਂ ਦੇ ਨਾਲ-ਨਾਲ ਉਹ ਝੂਠੀਆਂ ਲੋੜਾਂ ਅਤੇ ਖਾਹਸ਼ਾਂ ਵੀ ਛੱਡਣੀਆਂ ਪੈਣਗੀਆਂ ਜੋ ਜਮਾਤੀ ਸਮਾਜ ਨੇ ਮਜ਼ਦੂਰਾਂ ਦੇ ਮਨਾਂ ਅੰਦਰ ਭਰੀਆਂ। ਇਸ ਦੇ ਨਾਲ ਨਾਲ ਉਹ ਇਕ ਬਾਰੀਕਬੀਨੀ ਵਾਲਾ ਮਨੋਵਿਗਿਆਨੀ ਸਾਬਤ ਹੁੰਦਾ ਹੈ।

ਫਰਾਮ ਅਤੇ ਵਿਅਕਤਿਤਵ: - ਫਰਾਮ ਅਨੁਸਾਰ ਸਮਾਜਕਤਾ ਮਨੁੱਖ ਦੇ ਵਿਅਕਤਿਤਵ ਦੀ ਉਸਾਰੀ ਵਿੱਚ ਮੁੱਖ ਭੂਮਿਕਾ ਅਦਾ ਕਰਦੀ ਹੈ।ਫਰਾਮ ਸਮਾਜ- ਵਿਗਿਆਨੀ, ਮਾਨਵ-ਵਿਗਿਆਨੀ, ਅਸਤਿਤਵਵਾਦੀ ਪਹੁੰਚ ਵੀ ਰੱਖਦਾ ਹੈ। ਇਸ ਤਰ੍ਹਾਂ ਉਹ ਆਪਣੀ ਪਹੁੰਚ ਵਿੱਚ ਅੰਤਰ-ਅਨੁਸ਼ਾਸਨੀ ਹੈ। ਇਸ ਲਈ ਕਈ ਵਾਰ ਉਸ ਨੂੰ ਸਾਰੇ ਖੇਤਰਾਂ ਵਾਲੇ ਓਨਾ ਮਾਣ-ਸਤਿਕਾਰ ਨਹੀਂ ਦਿੰਦੇ ਜਿਸ ਦੇ ਕਿ ਉਹ ਯੋਗ ਹੈ। ਇਹ ਵੀ ਮੰਨਿਆ ਜਾਂਦਾ ਹੈ ਕਿ 1960 ਵਿੱਚ ਉੱਠੀ ਐਂਟੀ-ਸਾਈਕੈਟਰੀ ਲਹਿਰ ਲਈ ਫਰਾਮ ਦੇ ਸੰਕਲਪਾਂ ਨੇ ਆਧਾਰ ਪ੍ਰਦਾਨ ਕੀਤਾ।6 ਉਹ ਇਕ ਅਜਿਹਾ ਮਨੋਵਿਗਿਆਨੀ ਹੈ ਜਿਹੜਾ ਮਨੁੱਖੀ ਜੀਵਨ ਬਾਰੇ ਮਨੋਵਿਗਿਆਨ ਤੋਂ ਬਾਹਰ ਜਾ ਕੇ ਕੁਝ ਕਹਿਣਾ ਚਾਹੁੰਦਾ ਹੈ ਅਤੇ ਜਿਸ ਨੂੰ ਆਪਣੇ ਖੇਤਰ ਦੀਆਂ ਸੀਮਤਾਂਵਾਂ ਤੋਂ ਪਾਰ ਜਾ ਕੇ ਵੇਖਣ ਦੀ ਰੁਚੀ ਹੈ।7

ਜਿਸ ਤਰ੍ਹਾਂ ਮਾਰਕਸ ਨੇ ਸਾਹਿਤ ਬਾਰੇ ਮੁੱਢਲੀਆਂ ਸਿਧਾਂਤਕ ਗੱਲਾਂ ਕੀਤੀਆਂ ਉਸੇ ਤਰ੍ਹਾਂ ਮਾਰਕਸ ਅਤੇ ਮਾਰਕਸਵਾਦ ਨੇ ਮਨੁੱਖੀ ਮਨੋਵਿਗਿਆਨ ਬਾਰੇ ਵੀ ਪਦਾਰਥੀ ਸਟੈਂਡ ਲੈਂਦਿਆਂ ਦਵੰਦਵਾਦੀ ਵਿਧੀ ਰਾਹੀਂ ਮਨੁੱਖ ਸਬੰਧੀ ਧਾਰਨਾਵਾਂ ਪੇਸ਼ ਕੀਤੀਆਂ ਹਨ ਪਰ ਬਾਅਦ ਵਿੱਚ ਇਹ ਫ਼ਰਾਮ ਵਰਗੇ ਹੀ ਲੋਕ ਸਨ ਜਿਨ੍ਹਾਂ ਨੇ ਪਦਾਰਥੀ ਆਧਾਰ ਉੱਤੇ ਮਾਰਕਸਵਾਦੀ ਦ੍ਰਿਸ਼ਟੀਕੋਣ ਅਨੁਸਾਰ ਮਨੋਵਿਗਿਆਨ ਨੂੰ ਪ੍ਰਫੁਲਤ ਕਰਨ ਦੇ ਸਿਧਾਂਤਕ/ਇਤਿਹਾਸਕ ਖੋਜ-ਕਾਰਜ ਕੀਤੇ। ਫ਼ਰਾਮ ਨੇ 1920 ਵਿੱਚ ਜਰਮਨ ਮਜ਼ਦੂਰ ਲਹਿਰ ਦੀ ਅਸਫ਼ਲਤਾ ਪਿੱਛੋਂ ਨਾਜ਼ੀਵਾਦ ਦੀ ਚੜ੍ਹਤ ਦੇ ਕਾਰਨਾਂ ਨੇ ਮਨੋਵਿਗਿਆਨ ਦ੍ਰਿਸ਼ਟੀਕੋਣ ਨੂੰ ਪੇਸ਼ ਕਰਦਾ ਅਧਿਐਨ ਕੀਤਾ।

ਮਨੁੱਖੀ ਲੋੜਾਂ,ਸਮਾਜਕ ਬੁਰਾਈਆਂ ਅਤੇ ਫਰਾਮ:- ਨਸ਼ੇ, ਖੁਦਕਸ਼ੀਆਂ, ਮਾਨਸਿਕ ਰੋਗ ਆਦਿ ਦੇ ਵੱਧ ਰਹੇ ਰੁਝਾਨ ਬਾਰੇ ਫਰਾਮ ਆਪਣੇ ਸਮੇਂ ਨੂੰ ਮੁੱਖ ਰੱਖਦਾ ਲਿਖਦਾ ਹੈ ਕਿ ਕੀ ਆਧੁਨਿਕ ਸਮਾਜਕ ਪ੍ਰਬੰਧ ਮਨੁੱਖ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਿਆ? ਜਾਂ ਇਹ ਉਸ ਮੁਤਾਬਿਕ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਅਸਲ ਵਿੱਚ ਇਹ ਲੋੜਾਂ ਹੀ ਕੀ ਹਨ?

ਫਰਾਮ ਅਤੇ ਧਰਮ:- ਫਰਾਮ ਦਾ ਧਰਮ ਬਾਰੇ ਦ੍ਰਿਸ਼ਟੀਕੋਣ ਪਰੰਪਰਾਵਾਦੀ ਮਾਰਕਸਵਾਦ

ਤੋਂ ਵੱਖਰਾ ਹੋਣ ਤੋਂ ਭਾਵ ਇਹ ਨਹੀ ਕਿ ਉਹ ਇਕ ਧਾਰਮਿਕ ਵਿਅਕਤੀ ਹੈ ਪਰ ਉਹ ਸਮਾਜਕ ਵਿਕਾਸ ਅਤੇ ਧਰਮ ਦੇ ਸੰਬੰਧਾਂ ਨੂੰ ਹਟ ਕੇ ਵੇਖਦਾ ਹੈ। ਉਸ ਅਨੁਸਾਰ ਸਮਾਜਵਾਦੀ ਸਮਾਜ ਵਿੱਚ ਧਰਮ ਦੇ ਸੰਕਲਪ ਦੇ ਖ਼ਤਮ ਹੋਣ ਦੇ ਵਿਚਾਰ ਜ਼ਿਆਦਾ ਹੀ ਸਰਲ ਹਨ। ਨਾਰਕਸ ਧਰਮ ਖਿਲਾਫ਼ ਡਟ ਕੇ ਲੜਿਆ ਕਿਉਂਕਿ ਧਰਮ ਬੰਦੇ ਦੀਆਂ ਅਸਲ ਲੋੜਾਂ ਨੂੰ ਪੂਰਾ ਨਹੀਂ ਕਰਦਾ।

ਆਪਣੇ ਵੇਲੇ ਦੇ ਅਮਰੀਕੀ ਸਮਾਜ ਦੇ ਮਨੋਵਿਗਿਆਨਕ ਪਹਿਲੂਆਂ ਦਾ ਅਧਿਐਨ ਕਰਦਿਆਂ ਫਰਾਮ ਦੱਸਦਾ ਹੈ ਕਿ ਅਮਰੀਕਾਂ ਦੇ ਹਸਪਤਾਲਾਂ ਵਿੱਚ ਪਏ ਮਰੀਜ਼ਾਂ ਵਿੱਚ ਅੱਧੇ ਦੇ ਕਰੀਬ ਮਾਨਸਿਕ ਰੋਗੀ ਹਨ। ਫਰਾਮ ਸਮਝਦਾ ਹੈ ਕਿ ਬੁਹਤ ਸਾਰੇ ਦੇਸ਼ ਮਾਨਸਿਕ ਰੋਗੀਆਂ ਬਾਰੇ ਅੰਕੜੇ ਵਿਗਿਆਨਕ ਢੰਗ ਨਾਲ ਇਕੱਠੇ ਨਹੀਂ ਕਰਦੇ। ਫਰਾਮ ਅਨੁਸਾਰ ਖੁਦਕੁਸ਼ੀ ਲਈ ਕਈ ਕਾਰਨ ਬਣਦੇ ਹਨ। ਫਰਾਮ ਅਨੁਸਾਰ ਗ਼ਰੀਬ ਦੇਸ਼ਾਂ ਵਿੱਚ ਖੁਦਕੁਸ਼ੀ ਦੀ ਦਰ ਘੱਟ ਹੈ। ਫਰਾਮ ਦਾ ਮੱਤ ਹੈ ਕਿ ਵਿਕਾਸ ਦੇ ਸਿਲਸਿਲੇ ਵਿੱਚ ਮਨੁੱਖ ਨੇ ਆਪਣਾ ਮੌਲਿਕ ਘਰ 'ਕੁਦਰਤ' ਨੂੰ ਗੁਆ ਲਿਆ ਹੈ।

ਪਿਆਰ ਅਤੇ ਫਰਾਮ: ਪਿਆਰ ਇਕ ਮਨੁੱਖੀ ਜਜ਼ਬਾ ਹੈ। ਪਿਆਰ ਹਮੇਸ਼ਾ ਹੀ ਸਾਹਿਤ ਦਾ ਮਨ-ਭਾਉਂਦਾ ਵਿਸ਼ਾ ਰਿਹਾ ਹੈ। ਫਰਾਮ ਅਨੁਸਾਰ ਪ੍ਰੇਮ ਆਪਣੇ ਆਪ ਵਿੱਚੋਂ ਬਾਹਰ ਆਉਣਾ ਹੈ। ਕਿਸੇ ਵਿਅਕਤੀ ਜਾਂ ਚੀਜ਼ ਨਾਲ ਸੰਬੰਧ ਸਥਾਪਿਤ ਕਰਨਾ ਹੈ। ਇਹ ਮਨੁੱਖ ਦੀ ਆਪਣੇ ਭਾਇਚਾਰੇ ਨਾਲ ਸਾਂਝ ਦਾ ਪ੍ਰਤੀਕ ਹੈ। ਪਿਆਰ ਪੈਦਾ ਹੁੰਦਾ ਰਹਿੰਦਾ ਹੈ। ਪਿਆਰ ਸਿਰਜਣਾ ਹੈ। ਫਰਾਮ ਅਨੁਸਾਰ ਪਿਆਰ ਵਿੱਚ ਦੋ ਬੰਦੇ ਇੱਕ ਬਣ ਜਾਂਦੇ ਹਨ ਪਰ ਇਹ 'ਦੋ' ਵੀ ਰਹਿੰਦੇ ਹਨ। ਉਸ ਅਨੁਸਾਰ ਸਵੈ-ਪਿਆਰ ਸਵਾਰਥੀ ਹੋਣ ਤੋਂ ਉਲਟ ਹੁੰਦਾ ਹੈ।

ਫਰਾਮ ਅਤੇ ਇਤਿਹਾਸ:- ਉਹ ਹਿਟਲਰ, ਮੁਸੋਲਿਨੀ ਅਤੇ ਸਟਾਲਿਨ ਨੂੰ ਇਕੋ ਕੋਟੀ ਦੇ ਨੇਤਾ ਮੰਨਦਾ ਹੈ।8 ਉਹ ਸਟਾਲਿਨ ਨੂੰ ਇਕ ਤਾਨਾਸ਼ਾਹ ਮੰਨਦਾ ਹੈ। ਉਹ ਲੈਨਿਨ ਦੀ ਸੂਝ ਨੂੰ Logical ਮੰਨਦਾ ਹੈ।9 ਉਹ ਰੂਸ ਦੇ ਜਾਗੀਰੂ ਸਮਾਜ ਤੋਂ ਸਮਾਜਵਾਦੀ ਸਮਾਜ ਦੇ ਰੂਪਾਂਤਰਨ ਦੇ ਇਤਿਹਾਸਕ ਕਾਰਨਾਂ ਨੂੰ ਵੀ ਲੱਭਦਾ ਹੈ। ਵਿਕਾਸ ਵਿੱਚ ਤੇਜ਼ੀ ਦੇ ਨਾਲ ਹੀਗਲ ਅਨੁਸਾਰ ਅਲਗਾਵ ਵਿੱਚ ਤੇਜ਼ੀ ਆਈ ਹੈ।

ਅਡੋਰਨੋ ਅਤੇ ਫਰਾਮ:- ਅਡੋਰਨੋ ਅਨੁਸਾਰ ਫਰਾਮ ਸੋਧਵਾਦੀ ਮਨੋਵਿਗਿਆਨੀ ਸੀ। ਉਸ ਮੁਤਾਬਿਕ ਫਰਾਮ ਦੀ ਇਹ ਧਾਰਨਾ ਕਿ ਮਨੁੱਖੀ ਆਨੰਦ/ਖੁਸ਼ੀ ਜਾਂ ਖੇੜਾ ਇਸ ਸਮਾਜਕ ਪ੍ਰਬੰਧ ਵਿੱਚ ਰਹਿੰਦਿਆਂ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ.... ਅਡੋਰਨੋ ਅਨੁਸਾਰ ਬੁਹਤ ਹੀ ਪਰੰਪਰਾਵਾਦੀ ਧਾਰਨਾ ਹੈ। ਮਾਰਕੂਜ਼ੇ ਵੀ ਫਰਾਮ ਦੀ ਇਸ ਧਾਰਨਾ ਨਾਲ ਅਸਹਿਮਤ ਹੈ।

ਫਰਾਮ ਅਤੇ ਲੈਨਿਨ:- ਉਸ ਅਨੁਸਾਰ ਰੂਸੀ ਇਨਕਲਾਬੀ ਨੇਤਾ ਲੈਨਿਨ ਦਾ ਮਨੁੱਖ ਵਿੱਚ ਵਿਸ਼ਵਾਸ ਨਹੀਂ ਸੀ। ਉਸ ਅਨੁਸਾਰ ਸਟਾਲਿਨ ਦੇ ਰਾਜ ਵਿੱਚ ਵੀ ਬੰਦੇ ਦੀ ਲੁੱਟ ਪੂੰਜੀਵਾਦੀ ਢੰਗ ਨਾਲ ਹੁੰਦੀ ਰਹੀ ਹੈ। ਉਸ ਅਨੁਸਾਰ ਸਟਾਲਿਨ ਦਾ ਯੁੱਗ ਯੂਰਪੀ ਪੂੰਜੀਵਾਦ ਦੇ ਮੁੱਢਲੇ ਦੌਰ ਨਾਲ ਮੇਲ ਖਾਂਦਾ ਹੈ।10 ਇਸ ਤਰ੍ਹਾਂ ਦੀਆਂ ਵਿਵਾਦਪੂਰਨ ਟਿੱਪਣੀਆਂ ਕਾਰਨ ਕਈ ਵਾਰ ਫਰਾਮ ਦੇ ਮਾਰਕਸਵਾਦੀ ਪੈਂਤੜੇ ਤੋਂ ਥਿੜਕਣ ਜਾਂ ਦੂਰ ਜਾਣ ਦੇ ਜਾਂ ਸਿਧਾਂਤਕ ਤੌਰ ਉੱਤੇ ਇਕ ਗੁਸਤਾਖ਼ ਚਿੰਤਕ ਹੋਣ ਦੇ ਸ਼ੰਕੇ ਖੜੇ ਹੁੰਦੇ ਹਨ। ਰੂਸੀ ਸਮਾਜਵਾਦ ਦੀ ਉਸਾਰੀ ਵਿੱਚ ਲੈਨਿਨ ਦੀ ਦੇਣ ਸੰਸਾਰ ਭਰ ਵਿੱਚ ਸਰਵ-ਪ੍ਰਵਾਨਿਤ ਹੈ।

ਫਰਾਮ ਅਤੇ ਸਮਾਜਵਾਦ:- ਉਹ ਸਮਾਜਵਾਦ ਦੀ ਗੱਲ ਸਟਾਲਿਨ ਦੇ ਸਮਾਜਵਾਦੀ ਪ੍ਰਬੰਧ ਦੇ ਦ੍ਰਿਸ਼ਟੀਕੋਣ ਤੋਂ ਹੀ ਸੰਪੂਰਨ ਸਮਝਣ ਦੀ ਇਤਿਹਾਸਕ ਗ਼ਲਤੀ ਕਰਦਾ ਹੈ11 ਪਰ ਸਿਧਾਂਤਕ ਤੌਰ ਉੱਤੇ ਉਸ ਨੂੰ ਪਤਾ ਹੈ ਕਿ ਮਾਰਕਸ ਦਾ ਬੁਨਿਆਦੀ ਸਰੋਕਾਰ ਮਨੁੱਖ ਨਾਲ ਹੈ। ਫਰਾਮ ਵਿਕਾਸ ਦਾ ਮਾਰਕਸਵਾਦੀ ਉਦੇਸ਼ ਵਿਚਾਰ-ਅਧੀਨ ਲਿਆਉਂਦਾ ਹੈ। ਉਹ ਨਿੱਜੀ ਜਾਇਦਾਦ ਬਾਰੇ ਮਾਰਕਸਵਾਦੀ ਵਿਚਾਰਾਂ ਦੀ ਪ੍ਰੋੜਤਾ ਕਰਦਾ ਹੈ। ਫਰਾਮ ਅਨੁਸਾਰ ਇਤਿਹਾਸਕ ਪਦਾਰਥਵਾਦ ਮਾਰਕਸ ਦਾ ਸ਼ਾਨਦਾਰ ਸਿਧਾਂਤ ਹੈ।ਉਹ ਇਸ ਨੂੰ ਸਮਾਜ ਦੇ ਨੇਮਾਂ ਨੂੰ ਨਿਰਧਾਰਤ ਕਰਨ ਵਾਲਾ ਸਿਧਾਂਤ ਮੰਨਦਾ ਹੈ। ਇਸ ਤੋਂ ਇਲਾਵਾ ਉਹ ਪੈਦਾਵਾਰੀ ਸਾਧਨਾਂ ਦੇ ਸਮਾਜੀਕਰਨ ਦੇ ਸੁਆਲ ਉੱਤੇ ਮਾਰਕਸ ਦੇ ਵਿਚਾਰ (ਸੰਕਲਪ) ਉੱਤੇ ਕਿੰਤੂ-ਪ੍ਰੰਤੂ ਵੀ ਰੱਖਦਾ ਹੈ।ਐਰਿਕ ਫਰਾਮ ਸਮਾਜਵਾਦੀਆਂ ਵਿੱਚ ਮਾਰਕਸ ਦੀਆਂ ਕਈ ਲਿਖਤਾਂ ਸੰਬੰਧੀ ਬਣੀਆਂ ਗ਼ਲਤ ਧਾਰਨਾਵਾਂ ਦੀ ਗੱਲ ਵੀ ਕਰਦਾ ਹੈ।ਇਹ ਮਨੁੱਖ ਸੰਬੰਧੀ ਮਾਰਕਸ ਦੇ ਵਿਚਾਰਾਂ ਦੀ ਸਰਲ ਵਿਆਖਿਆ ਵੀ ਹੈ ਅਤੇ ਵਿਸ਼ਲੇਸ਼ਣ ਵੀ। ਮਾਰਕਸ ਅਨੁਸਾਰ ਸਮਾਜਵਾਦ ਦਾ ਉਦੇਸ਼ ਮਨੁੱਖ ਨੂੰ ਉਸ ਦੀਆਂ ਅਸਲ ਸੱਚੀਆਂ ਲੋੜਾਂ ਤੋਂ ਜਾਣੂ ਅਤੇ ਜਾਗਰੂਕ ਕਰਨਾ ਹੈ। (ਮਨੁੱਖ ਦੀਆਂ ਲੋੜਾਂ: ਮਾਰਕਸਵਾਦੀ Marx's concept of man ਪੰਨਾ 63)

ਫਰਾਮ ਕਲਾ ਦੇ ਸੁਆਲ ਉੱਤੇ: ਫਰਾਮ ਅਨੁਸਾਰ ਸਤਾਰਵੀਂ ਸਦੀ ਦਾ ਗ੍ਰੀਕ ਨਾਟਕੀ ਸਾਹਿਤ ਵਿਸ਼ੇਸ਼ ਸਾਹਿਤ ਲੇਖਕਾਂ ਦੀ ਦੇਣ ਸੀ। ਉਸ ਅਨੁਸਾਰ ਪੂੰਜੀਵਾਦੀ ਸਮਾਜਕ ਵਿਵਸਥਾ ਵਿੱਚ ਕਲਾ ਦਾ ਸਥਾਨ ਆਮ ਵਿਅਕਤੀ ਦੇ ਜੀਵਨ ਵਿੱਚ ਲਾਂਭੇ ਚਲਾ ਜਾਂਦਾ ਹੈ। ਉਹ ਫਿਲਮਾਂ, ਅਪਰਾਧ ਜਗਤ ਨਾਲ ਸੰਬੰਧਿਤ ਟੀਵੀ ਲੜੀਵਾਰ ਨਾਟਕਾਂ ਅਤੇ ਹਾਸ-ਵਿਅੰਗ ਪ੍ਰੋਗਰਾਮਾਂ ਵਿਚਲੇ ਮਾਨਸਿਕ ਅਸਰਾਂ ਨੂੰ ਆਪਣੇ ਅਧਿਐਨ ਦਾ ਕੇਂਦਰ ਬਣਾਉਂਦਾ ਹੈ ।ਸਾਹਿਤ ਨੂੰ ਪੜ੍ਹਨ ਦੇ ਮਨੋਵਿਗਿਆਨ ਉੱਤੇ ਟਿੱਪਣੀ ਕਰਦਾ ਕਹਿੰਦਾ ਹੈ ਪੜ੍ਹਨਾ ਅਸਲ ਵਿੱਚ ਲੇਖਕ ਅਤੇ ਪਾਠਕ ਵਿਚਕਾਰ ਪ੍ਰਵਚਨ ਹੈ। ਸਕੂਲ ਜਾਂ ਕਾਲਜ ਪੱਧਰ ਉੱਤੇ ਕਰਵਾਇਆ ਜਾਂਦਾ ਦਾਰਸ਼ਨਿਕ ਅਧਿਐਨ ਫਰਾਮ ਅਨੁਸਾਰ ਗੰਭੀਰ ਅਤੇ ਆਲੋਚਨਾਤਮਿਕ ਦ੍ਰਿਸ਼ਟੀਕੋਣ ਪੈਦਾ ਕਰਨ ਵਾਲਾ ਨਹੀਂ ਹੁੰਦਾ। ਇਸ ਪੱਖੋਂ ਫਰਾਮ ਦੀ ਇਹ ਦਲੀਲ ਰੋਲਾਂ ਬਾਰਥ ਦੀ Institutional Research/Criticism ਨਾਲ ਮੇਲ ਖਾਂਦੀ ਲੱਗਦੀ ਹੈ।ਫਰਾਮ ਅਨੁਸਾਰ ਉਪਰੋਕਤ ਅਧਿਐਨ ਅਧੂਰਾ ਅਧਿਐਨ ਹੁੰਦਾ ਹੈ। ਇਸ ਅਧਿਐਨ ਦੀ ਸੰਬੰਧਿਤ ਖੇਤਰ ਨੂੰ ਕੋਈ ਖ਼ਾਸ ਮੌਲਿਕ ਦੇਣ ਨਹੀਂ ਹੁੰਦੀ। ਇਸ ਵਿੱਚ ਸੱਚੀ ਆਲੋਚਨਾਤਮਿਕ ਦ੍ਰਿਸ਼ਟੀ ਵੀ ਨਹੀਂ ਹੁੰਦੀ।12

ਮੰਡੀ ਆਰਥਿਕਤਾ ਵਾਲੇ ਸਮਾਜ ਵਿੱਚ ਐਰਿਕ ਅਨੁਸਾਰ ਮਨੁੱਖੀ ਕਿਰਦਾਰ ਬੇਹੱਦ ਪੇਤਲਾ ਹੁੰਦਾ ਹੈ।ਪੈਸੇ ਦੀ ਦੌੜ ਵਿੱਚ ਪਿਆਰ, ਨਫ਼ਰਤ ਦੇ ਅਹਿਸਾਸ ਬੁਹਤ ਹੀ ਥੋੜ੍ਹ-ਚਿਰੀ ਹੁੰਦੇ ਹਨ।ਮਨੁੱਖੀ ਕਿਰਦਾਰ ਦਾ ਅਸਲ ਉਦੇਸ਼ 'ਦੂਜਿਆਂ ਨਾਲ ਮੁਕਾਬਲੋਂ' ਤੱਕ ਸੀਮਤ ਹੋ ਜਾਂਦਾ ਹੈ। ਮਨੁੱਖੀ ਕਿਰਦਾਰ ਨੂੰ ਵਟਾਂਦਰਾ ਮੁੱਲ ਤਹਿ ਕਰਦਾ ਹੈ, ਮਨੁੱਖੀ ਵਿਅਕਤਿਤਵ ਸੇਲ ਉੱਤੇ ਲੱਗਾ ਹੁੰਦਾ ਹੈ।13 ਅਹੁਦਾ ਚਾਹੇ ਕੋਈ ਵੀ ਹੋਵੇ ਬੰਦਾ ਮੰਡੀ ਦੇ ਨਿਯਮਾਂ ਦੀਆਂ ਸ਼ਰਤਾਂ ਤਹਿ ਕਰਦਾ ਹੋਵੇ।14 ਇਸ ਸਮਾਜਕ ਪ੍ਰਬੰਧ ਵਿੱਚ ਉਹੀ ਮਨੁੱਖ ਸਫ਼ਲ ਹੈ ਜੋ ਐਰਿਕ ਅਨੁਸਾਰ "ਮੈਂ ਉਹ ਹਾਂ ਜੋ ਤੁਸੀ ਇੱਛਾ ਰੱਖਦੇ ਹੋ"।15

ਮੰਡੀ ਆਰਥਿਕਤਾ ਵਿੱਚ ਕਾਰਜਕੁਸ਼ਲਤਾ ਹੁੰਦੀ ਹੈ। ਦੌੜ ਹੁੰਦੀ ਹੈ ਪਰ ਡੂੰਘੇ ਲਗਾਵ

ਦੀ ਘਾਟ ਹੁੰਦੀ ਹੈ। ਇਸ ਵਿੱਚ ਕਿਸੇ ਨਾਲ ਨੇੜਤਾ ਤਾਂ ਦੂਰ ਦੀ ਗੱਲ ਆਪਣੇ ਆਪ ਨਾਲ ਵੀ ਨੇੜਤਾ ਨਹੀਂ ਰਹਿੰਦੀ।

ਇਕ ਨਵ-ਮਾਰਕਸਵਾਦੀ ਹੋਣ ਦੇ ਨਾਤੇ ਫਰਾਮ ਲਿਖਦਾ ਹੈ ਕਿ ਪੂੰਜੀਵਾਦ ਦੇ ਤਹਿਸ-ਨਹਿਸ ਹੋਣ ਨੂੰ ਵੀ ਬੁਹਤ ਸਮਾਂ ਲੱਗਦਾ ਹੈ ਤੇ ਮਾਰਕਸ ਨੇ ਸ਼ਾਇਦ ਇਹ ਗੱਲ ਉਸ ਵੇਲੇ ਐਨੀ ਮਹੱਤਤਾ ਨਾਲ ਨਹੀਂ ਦੇਖੀ। 16

ਗਿਆਨ ਦਾ ਖੇਤਰ ਅਵੰਡ ਹੈ। ਖੰਡ-ਖੰਡ ਦਾ ਅਧਿਐਨ ਮਨੁੱਖ ਨੇ ਆਪਣੇ ਸੌਖ ਲਈ ਕੀਤਾ ਹੈ। ਫਰਾਮ ਦੀਆਂ ਲਿਖਤਾਂ ਸਾਨੂੰ ਇਹ ਸਿਖਾਉਂਦੀਆਂ ਹਨ ਕਿ ਮਨੁੱਖੀ ਮਨੋ-ਵਿਗਿਆਨ ਦੇ ਪੂਰੀ ਸਮਝ ਲਈ ਸਾਨੂੰ ਹੋਰ ਗਿਆਨ ਅਨੁਸ਼ਾਸਨਾਂ ਤੋਂ ਵੀ ਮਦਦ ਲੈਣੀ ਪਵੇਗੀ। ਮਨੁੱਖੀ ਵਿਕਾਸ ਨਵੀਆਂ ਮਨੋ-ਸਥਿਤੀਆਂ ਪੈਦਾ ਕਰਦਾ ਹੈ। ਫਰਾਮ ਦੀ ਦੇਣ ਇਸ ਪੱਖੋਂ ਵੀ ਹੈ ਕਿ ਉਸ ਨੇ ਮਾਰਕਸਵਾਦੀ ਦਰਸ਼ਨ ਨੂੰ ਆਧਾਰ ਬਣਾ ਕੇ ਮਨੁੱਖੀ ਮਨ ਦੀਆਂ ਉਹਨਾਂ ਨੁਕਰਾਂ ਉੱਤੇ ਝਾਤ ਪਾਈ ਹੈ ਜਿਹਨਾਂ ਨੂੰ ਮਨੁੱਖ ਦੇ ਬਾਹਰਲਾ ਸਮਾਜ ਰੂਪ ਦਿੰਦਾ ਰਿਹਾ ਹੈ।

ਫਰਾਮ: ਅਲਗਾਵ:- ਫਰਾਮ ਅਨੁਸਾਰ ਅਲਗਾਵ ਦੀਆਂ ਕਈ ਕਿਸਮਾਂ ਹੁੰਦੀਆਂ ਹਨ। ਸਭ ਤੋਂ ਜਿਆਦਾ ਇਹ ਭਾਸ਼ਾ ਦੇ ਖੇਤਰ ਵਿੱਚ ਹੈ। Marx on man 3 ਪੰਨਾ 45

ਭਾਸ਼ਾ ਦਾ ਅਲਗਾਵ: ਭਾਸ਼ਾ ਦਾ ਅਲਗਾਵ, ਅਲਗਾਵ ਦੀ Complexity ਸੰਪੂਰਣ ਦਾ ਅਲਗਾਵ ਹੈ। ਭਾਸ਼ਾ ਮਨੁੱਖ ਦੀ ਬੁਹਮੁੱਲੀ ਪ੍ਰਾਪਤੀ ਹੈ।

ਫਰਾਮ ਨੇ ਮਾਰਕਸ ਦੇ ਅਲਗਾਵ ਦੀ ਭਰਪੂਰ ਵਿਆਖਿਆ ਕੀਤੀ ਹੈ ਅਤੇ ਹਰ ਕਿਸਮ ਦੇ ਅਲਗਾਵ ਨੂੰ ਵਿਆਖਿਆ ਦਿੱਤੀ ਹੈ। ਫਰਾਮ ਦੀ ਸੂਝ ਐਨੀ ਤਿੱਖੀ ਹੈ ਕਿ ਉਹ ਮਾਰਕਸ ਦੇ ਪਹਿਲੇ ਅਤੇ ਬਾਅਦ ਦੀਆਂ ਲਿਖਤਾਂ ਦਾ ਤੁਲਨਾਤਮਕ ਅਧਿਐਨ ਵੀ ਕਰਦਾ ਹੈ। (ਪੰਨਾ-51)

ਫਰਾਮ ਅਨੁਸਾਰ ਨਿੱਜੀ ਜਾਇਦਾਦ ਦੀ ਸੰਸਥਾ ਨੇ ਮਨੁੱਖੀ ਅਲਗਾਵ ਵਿੱਚ ਹੋਰ ਵਾਧਾ ਕੀਤਾ ਹੈ। ਅਲਗਾਵ ਦਾ ਸ਼ਿਕਾਰ ਮਨੁੱਖ ਸਮਝਦਾ ਹੈ ਕਿ ਉਸ ਨੇ ਕੁਦਰਤ ਉੱਤੇ ਵਧੀਕਾਰ ਪ੍ਰਾਪਤ ਕਰ ਲਿਆ ਹੈ। (ਪੰਨਾ-53)

ਅਲਗਾਵ ਦੇ ਸ਼ਿਕਾਰ ਹੋਣ ਕਾਰਨ ਮਨੁੱਖ ਆਪਣੀਆਂ ਅਸਲ ਕਦਰਾਂ-ਕੀਮਤਾਂ ਭੁੱਲ ਜਾਂਦਾ ਹੈ। ਮਾਰਕਸ ਅਨੁਸਾਰ ਕਿਰਤੀ ਜਮਾਤ ਹੀ ਅਲਗਾਵ ਦਾ ਸਭ ਤੋਂ ਵੱਧ ਸ਼ਿਕਾਰ ਹੈ।

ਫਰਾਮ ਅਨੁਸਾਰ ਮਾਰਕਸ ਸਮਾਜਵਾਦ ਨੂੰ ਮਨੁੱਖ ਦੇ ਅਲਗਾਵ ਦੀ ਮੁਕਤੀ ਦਾ ਪਾਸਪੋਰਟ ਮੰਨਦਾ ਹੈ।

ਮੂਰਤੀ ਪੂਜਾ ਅਤੇ ਅਲਗਾਵ: ਅਲਗਾਵ ਵਿੱਚ Misery ਦੀ Feeling ਹੁੰਦੀ ਹੈ।

ਪੂੰਜੀਵਾਦੀ ਸਮਾਜ ਵਿੱਚ ਅਲਗਾਵ ਆਪਣੇ ਸਿਖ਼ਰ ਉੱਤੇ ਹੁੰਦਾ ਹੈ। ਅਲਗਾਵ ਦਾ ਸਭ ਤੋਂ ਵੱਧ ਸ਼ਿਕਾਰ ਕਿਰਤੀ ਜਮਾਤ ਹੁੰਦੀ ਹੈ। ਅਲਗਾਵਵਾਦ ਦੀ ਭਾਵਨਾ ਹੱਥ-ਸ਼ਿਲਪ ਦੇ ਕਿੱਤਿਆਂ ਵਿੱਚ ਬਾਕੀਆਂ ਨਾਲੋਂ ਕਿਤੇ ਜ਼ਿਆਦਾ ਹੁੰਦੀ ਹੈ।

ਮਾਰਕਸ ਅਨੁਸਾਰ ਕਿਰਤ ਨਾਲੋਂ ਕਿਰਤੀ ਦੇ ਟੁੱਟ ਜਾਣ ਤੋਂ ਬਾਅਦ ਉਸ ਦਾ ਸਮਾਜ ਦੇ ਹੋਰ ਮਨੁੱਖਾਂ ਨਾਲੋਂ ਟੁੱਟ ਵੀ ਤਹਿ ਕਰਦਾ ਹੈ ਅਤੇ ਅੰਤ ਉਸ ਦੀ ਮਾਨਸਿਕ ਜ਼ਿੰਦਗੀ ਨਾਲੋਂ ਵੀ ਟੁੱਟ ਜਾਂਦਾ ਹੈ। ਪੰਨਾ-53

ਫਰਾਮ ਮਾਰਕਸ ਦੀ ਵਿਆਖਿਆ ਸੰਬੰਧੀ:- ਐਰਿਕ ਫਰਾਮ ਮਾਰਕਸ ਦੇ ਵਿਆਖਿਆਕਾਰਾਂ ਉੱਤੇ ਵੀ ਕਈ ਇਤਰਾਜ਼ ਉਠਾਉਂਦਾ ਹੈ। ਉਹ ਦੱਸਦਾ ਹੈ ਕਿ ਵੀਹਵੀਂ ਸਦੀ ਤੱਕ 1932 ਤੱਕ ਮਾਰਕਸ ਦੀਆਂ ਕਈ ਮਹੱਤਵਪੂਰਨ ਲਿਖਤਾਂ ਦਾ ਅੰਗਰੇਜ਼ੀ ਅਨੁਵਾਦ ਤੱਕ ਨਹੀਂ ਹੋਇਆਂ ਸੀ ਤੇ ਕਈ ਵਿਦਵਾਨਾਂ ਨੇ ਬਗ਼ੈਰ ਅਧਿਐਨ ਤੋਂ ਹੀ ਮਾਰਕਸ ਸਿਧਾਂਤਕ ਵਿਆਖਿਆ ਕੀਤੀ।

ਫਰਾਮ ਮੰਨਦਾ ਹੈ ਕਿ ਅਮਰੀਕਾ ਵਿੱਚ ਮਾਰਕਸਵਾਦੀ ਮਾਨਵਤਾਵਾਦ (Humanism) ਦਾ ਅਸਲ ਵਿਆਖਿਆਕਾਰ ਮਾਰਕੂਜ਼ੇ ਹੈ ਜਿਸ ਨੇ ਆਪਣੀ ਪੁਸਤਕ Reason and Revolution ਵਿੱਚ ਮਾਰਕਸ ਦੀ ਵਿਆਖਿਆ ਕੀਤੀ।

**ਟਿੱਪਣੀਆਂ**

1. Modern man finds it difficult to understand that a whole literature such as the Vedas, the Buddhist text, the books of the Old Testament, the later Jewish Oral Tradition were transmitted faithfully from generation, for many hundreds of years before they were written down.
   Erich Fromm, *The art of Being*, Lance M. Garmer, London, Constable, 2013, pp-91
2. The miser is not only driven by the passion to save things, but equally by that of saving energy, feelings, thought or anything else that one can "have".
   Ibid, pp-111
3. The miser as well as the waster is inwardly passive and unproductive.
   Ibid, pp-103
4. Property in the form of capital is the extreme form of legal possession- property.
   Ibid, pp-102
5. If you wish to enjoy art you must be an artistically cultivated person; if you wish to influence other people you must be a person who really has a stimulating and encouraging effect upon other.
   Ibid, pp-105
6. Indeed, his notions helped to lay the foundations of the "anti-psychiatry" movement of the 1960s— often with more theoretical substance and depth of reflection than that by which the movement itself was characterized."
   Fromm Erich, *The Sane Socity*, London and New York, 2002, pp-lii
7. A psychologist who wants to say something important about human life, and is willing to study beyond the limits of his discipline in order to get it right.
   Ibid, pp-lii
8. Mussolini, a cowardly braggart, became a symbol for manliness

and courage. Hitler, a maniac of destruction, was praised as the builder of a new Germany. Stalin, a cold-blooded, ambitious schemer, was painted as the loving father of his people. Ibid, pp-230

9. Lenin's policy was not a product of the moment, it was the logical consequence of his political thinking, conceived many years before the outbreak of the Russian revolution. Ibid, pp-231
10. Stalinist system shows similarities with the earlier phase of European Capitalism, characterized by a quick accumulation of capital and by a ruthless exploitation of the workers.
Ibid, pp-233
11. Ibid, pp-239
12. They do not learn to question the philosophers, to talk to them; they do not learn to be aware of the philosophers' own contradictions, of their leaving out certain problems or evading issues;
Erich Fromm, *To Have Or To Be?* London, New Delhi, Bloomsbury Academic, 2013, Pp-31
13. I have called this phenomenon the market character because it based on experiencing oneself as a commodity, and one's value not as "use value" but as "exchange value". The living being becomes a commodity on the "personality market."
Ibid, Pp-127
14. A stockbroker, a salesperson, a secretary, a railroad executive, a college professor, or a hotel manager must each offer a different kind of personality that, regardless of their differences, must fulfill one condition: to be in demand. Ibid, Pp-127
15. I am as you desire me.
Ibid, Pp-127
16. They had pronounced their new teaching at the very height of capitalist development and did not foresee that it would take more than a hundred years for capitalism's decline and the final crisis to begin.
Ibid, pp-136

# ਕਾਵਿ-ਸੰਗ੍ਰਹਿ 'ਚੰਨ ਸੂਰਜ ਦੀ ਵਹਿੰਗੀ' ਵਿਚ ਪੇਸ਼ ਇਤਿਹਾਸਕ ਅਤੇ ਮਿਥਿਹਾਸਕ ਹਵਾਲੇ

*ਗੁਰਵਿੰਦਰ ਸਿੰਘ*

ਪੰਜਾਬੀਆਂ ਦੇ ਮਨਾਂ ਵਿੱਚ ਗ਼ਜ਼ਲਗੋ ਪੱਖੋਂ ਸੁਰਜੀਤ ਪਾਤਰ ਦੀ ਵਿਸ਼ੇਸ਼ ਥਾਂ ਹੈ। ਉਸ ਦੀ ਸੁਖ਼ਨਵਰੀ ਹਮੇਸ਼ਾ ਹੀ ਅਪਣੇ ਵੱਲ ਸਾਹਿਤ ਦੇ ਰਸੀਆਂ ਦਾ ਧਿਆਨ ਖਿੱਚਦੀ ਰਹੀ ਹੈ। ਉਸ ਦੀਆਂ ਰਚਨਾਵਾਂ ਵਿੱਚ ਪੇਸ਼ ਵਿਚਾਰਾਂ ਦੀ ਗਹਿਰਾਈ, ਕਾਵਿਕ ਰਵਾਨਗੀ, ਰਚਨਾਕਾਰੀ ਦੀਆਂ ਨਵੀਨ ਸਿਖ਼ਰਾਂ ਅਤੇ ਸੂਖ਼ਮ ਅਹਿਸਾਸਾਂ ਦਾ ਅਨੁਭਵ ਕਰਵਾਉਂਦੀ ਹੈ। ਸੁਰਜੀਤ ਪਾਤਰ ਦੀ ਕਲਮ ਤੋਂ ਸਿਰਜਿਤ ਰਚਨਾਵਾਂ ਵਿੱਚੋਂ "ਚੰਨ ਸੂਰਜ ਦੀ ਵਹਿੰਗੀ" ਕਾਵਿ ਸੰਗ੍ਰਹਿ ਦਾ ਆਪਣਾ ਇੱਕ ਵਿਸ਼ੇਸ਼ ਮਹੱਤਵ ਹੈ। ਇਸ ਕਾਵਿ ਸੰਗ੍ਰਹਿ ਵਿਚਲੇ ਕੁੱਝ ਗੀਤ ਸੁਰਜੀਤ ਪਾਤਰ ਨੇ ਆਪਣੇ ਰੂਪਾਂਤਰਿਤ ਨਾਟਕਾਂ ਵਿੱਚੋ ਲਏ ਹਨ। ਕੁੱਝ ਰਚਨਾਵਾਂ ਇਤਿਹਾਸਕ ਅਤੇ ਮਿਥਿਹਾਸਕ ਵਿਸ਼ਿਆਂ ਨਾਲ ਸੰਬੰਧਿਤ ਹਨ ਜਿਹਨਾਂ ਦਾ ਆਪਣਾ ਇੱਕ ਵਿਸ਼ੇਸ਼ ਮਹੱਤਵ ਹੈ।

ਇਤਿਹਾਸ, ਮਿਥਿਹਾਸ ਅਤੇ ਸਾਹਿਤ ਵੱਖੋ-ਵੱਖਰੀਆਂ ਪਰ ਅੰਤਰ-ਸੰਬੰਧਿਤ ਸ਼ਾਖਾਵਾਂ ਹਨ।ਇਤਿਹਾਸਕ ਮਿਥਿਹਾਸਕ ਤੱਥਾਂ ਦੀ ਰੁਮਾਂਚਕ ਵਿਧੀ ਰਾਹੀਂ ਪੁਨਰਵਿਆਖਿਆ ਸਾਹਿਤ ਰਾਹੀਂ ਹੀ ਹੋ ਸਕਦੀ ਹੈ। ਇਸ ਲਈ ਵੱਖੋ-ਵੱਖਰੀਆਂ ਸ਼ਖਾਵਾਂ ਹੋਣ ਦੇ ਬਾਵਜੂਦ ਵੀ ਇਤਿਹਾਸ, ਮਿਥਿਹਾਸ ਅਤੇ ਸਾਹਿਤ ਵਿਚ ਗਹਿਰਾ ਸੰਬੰਧ ਹੈ। ਜਿੱਥੇ ਸਾਹਿਤ ਅਨੁਭਵਾਂ ਦਾ ਸੁਹਜਾਤਮਕ ਅਤੇ ਕਲਾਤਮਕ ਪ੍ਰਗਟਾਵਾ ਹੁੰਦਾ ਹੈ। ਉੱਥੇ ਹੀ ਇਤਿਹਾਸ ਬੀਤ ਚੁੱਕੇ ਸਮੇਂ ਦਾ ਇੱਕ ਚਿੱਤਰ ਹੁੰਦਾ ਹੈ ਜੋ ਤੱਥਾਂ ਦੇ ਇਕੱਤਰੀਕਰਨ ਨਾਲ ਚਿਤਰਿਆ ਜਾਂਦਾ ਹੈ ਅਤੇ ਮਿੱਥ ਕਿਸੇ ਦੂਸਰੇ ਸੰਸਾਰ ਵਿਚ ਘਟੀ ਘਟਨਾ ਦਾ ਵਿਖਿਆਨ ਹੁੰਦੀ ਹੈ ਪਰ ਇਸ ਘਟਨਾ ਦਾ ਪਰਛਾਵਾਂ ਇਸ ਸੰਸਾਰ ਵਿਚ ਘਟੀ ਘਟਨਾ ਦੇ ਰੂਪ ਵਿਚ ਪ੍ਰਤੱਖ ਹੁੰਦਾ ਹੈ। ਮਿੱਥ ਸਧਾਰਨ ਜੀਵਨ ਤੋਂ ਉੱਪਰ ਦੀ ਕੋਈ ਸ਼ੈਅ ਹੁੰਦੀ ਹੋਈ ਵੀ ਜੀਵਨ ਨੂੰ ਪ੍ਰਭਾਸ਼ਿਤ ਜ਼ਰੂਰ ਕਰਦੀ ਹੈ। ਇਨਸਾਈਕਲੋਪੀਡੀਆ ਬ੍ਰਿਟੈਨਿਕਾ ਅਨੁਸਾਰ, "ਮਿਥ ਆਮ ਤੌਰ 'ਤੇ ਕਿਸੇ ਅਗਿਆਤ ਖੇਤਰ

*ਸਹਾਇਕ ਪ੍ਰੋਫ਼ੈਸਰ, ਮੁਲਤਾਨੀ ਮੱਲ ਮੋਦੀ ਕਾਲਜ, ਪਟਿਆਲਾ।*
*ਫ਼ੋਨ : 9592131530*

ਦੀਆਂ ਕਹਾਣੀਆਂ ਅਤੇ ਥੋੜ੍ਹੀਆਂ-ਬਹੁਤੀਆਂ ਪਰੰਪਰਾਗਤ ਕਹਾਣੀਆਂ ਹੁੰਦੀਆਂ ਹਨ, ਜੋ ਜ਼ਾਹਰਾ ਰੂਪ ਵਿਚ ਕਿਸੇ ਵਾਸਤਵਿਕ ਘਟਨਾ ਨਾਲ ਸੰਬੰਧਿਤ ਹੁੰਦੀਆਂ ਹਨ ਅਤੇ ਜਿਨ੍ਹਾਂ ਨਾਲ ਕੁਝ ਕਾਰ-ਵਿਹਾਰਾਂ, ਵਿਸ਼ਵਾਸਾਂ, ਸੰਸਥਾਵਾਂ, ਕੁਦਰਤੀ ਵਰਤਾਰਿਆ ਅਤੇ ਵਿਸ਼ੇਸ਼ ਰੂਪ ਵਿਚ ਧਾਰਮਿਕ ਮਰਿਆਦਾਵਾਂ ਅਤੇ ਵਿਸ਼ਵਾਸਾਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ।" ਜਦੋਂ ਇਹ ਇਤਿਹਾਸਕ ਮਿਥਿਹਾਸਕ ਤੱਥ ਕਾਵਿਕ ਤੱਤਾਂ ਵਿਚ ਲਬਰੇਜ਼ ਹੋ ਕੇ ਇੱਕ ਕਲਾਤਮਕ ਅਤੇ ਸੁਹਜਾਤਮਕ ਕਾਵਿ ਰਚਨਾ ਦੇ ਰੂਪ ਵਿਚ ਸਾਹਮਣੇ ਪ੍ਰਗਟ ਹੁੰਦੇ ਹਨ ਤਾਂ ਇਤਿਹਾਸਕ ਮਿਥਿਹਾਸਕ ਕਵਿਤਾ ਹੋਂਦ ਵਿਚ ਆਉਂਦੀ ਹੈ। ਕਵਿਤਾ ਦੀ ਸੰਰਚਨਾ ਦੇ ਵਸਤੂ ਵਿਚ ਇਤਿਹਾਸਕ ਮਿਥਿਹਾਸਕ ਅੰਸ਼ਾਂ ਦੀ ਸੁਮੇਲਤਾ ਨਾਲ ਇਤਿਹਾਸਕ ਮਿਥਿਹਾਸਕ ਕਵਿਤਾ ਦੀ ਸਿਰਜਣਾ ਹੁੰਦੀ ਹੈ।

'ਚੰਨ ਸੂਰਜ ਦੀ ਵਹਿੰਗੀ' ਗੀਤ ਵਿੱਚ ਸੁਰਜੀਤ ਪਾਤਰ ਨੇ ਸਰਵਣ ਦੀ ਮਿੱਥ ਕਥਾ ਨੂੰ ਆਧਾਰ ਬਣਾਇਆ ਹੈ ਅਤੇ ਇਸ ਗੀਤ ਨੂੰ ਆਧੁਨਿਕ ਯੁੱਗ ਦੇ ਪਰਿਪੇਖ ਵਿੱਚ ਪ੍ਰਭਾਸ਼ਿਤ ਕੀਤਾ ਹੈ। ਮਿੱਥ ਕਥਾ ਅਨੁਸਾਰ ਸਰਵਣ ਜਿਸ ਦੇ ਮਾਤਾ ਪਿਤਾ ਨੇਤਰਹੀਣ ਸਨ। ਸਰਵਣ ਆਪਣੇ ਨੇਤਰਹੀਣ ਮਾਪਿਆ ਦੀ ਸੇਵਾ ਕਰਨ ਵਾਲਾ ਆਗਿਆਕਾਰ ਪੁੱਤਰ ਸੀ ਪਰ ਦੁਰਭਾਗਵਸ ਰਾਜਾ ਦਸ਼ਰਥ ਨੇ ਅੰਧੇਰੇ ਵਿੱਚ ਸਰਵਣ ਨੂੰ ਬਣ ਦਾ ਜੀਵ ਸਮਝ ਕੇ ਮਾਰ ਦਿੱਤਾ ਸੀ। ਆਪਣੀ ਇਸ ਗ਼ਲਤੀ ਨੂੰ ਸਵੀਕਾਰਦਿਆਂ ਰਾਜਾ ਦਸ਼ਰਥ ਨੇ ਅਫਸੋਸ ਤੇ ਸਰਵਣ ਦੇ ਅੰਧੂਲੇ ਮਾਪਿਆ ਤੋਂ ਖ਼ਿਮਾ ਵੀ ਮੰਗੀ ਸੀ। ਇਸੇ ਹੀ ਮਿੱਥ ਚੋਂ ਸੁਰਜੀਤ ਪਾਤਰ ਨੇ ਕੁੱਝ ਅੰਸ਼ਾਂ ਨੂੰ ਪ੍ਰਤੀਕਾਤਮਕ ਵਿਧੀ ਰਾਹੀ ਆਪਣੇ ਗੀਤ ਵਿੱਚ ਵਰਤਿਆ ਹੈ।

ਇਸ ਗੀਤ ਵਿੱਚ ਸੁਰਜੀਤ ਪਾਤਰ ਨੇ ਨੇਤਰਹੀਣ ਮਾਪਿਆ ਦੀ ਥਾਂ ਸੂਰਜ ਤੇ ਚੰਨ ਨੂੰ ਅੰਧਲੇ ਹੋਏ ਦਿਖਾਇਆ ਹੈ। ਚੰਨ ਤੇ ਸੂਰਜ ਨੂੰ ਪ੍ਰਤੀਕ ਵਜੋਂ ਚਾਨਣ ਅਤੇ ਗਿਆਨ ਦਾ ਸੋਮਾ ਮੰਨਿਆ ਜਾਂਦਾ ਹੈ। ਸੁਰਜੀਤ ਪਾਤਰ ਆਧੁਨਿਕ ਪਰਿਪੇਖ ਵਿੱਚ ਆਪਣਾ ਇਹ ਨਜ਼ਰੀਆ ਗੀਤ ਰਾਹੀ ਪੇਸ਼ ਕਰਦਾ ਹੈ ਕਿ ਸਮਕਾਲ ਵਿੱਚ ਗਿਆਨ ਪ੍ਰਦਾਨ ਕਰਨ ਵਾਲੇ ਸ੍ਰੋਤ ਖ਼ੁਦ ਹੀ ਅੰਨ੍ਹੇ ਹੋ ਚੁੱਕੇ ਹਨ। ਸਿੱਧੇ ਸ਼ਬਦਾਂ ਵਿੱਚ ਵਿਆਖਿਆ ਕਰਨੀ ਹੋਵੇ, ਆਖ ਸਕਦੇ ਹਾਂ ਕਿ ਸਮਾਜ ਨੂੰ ਸੇਧ ਦੇਣ ਵਾਲੇ ਜਦੋਂ ਖ਼ੁਦ ਹੀ ਆਪਣੇ ਰਾਹਾਂ ਤੋਂ ਭਟਕ ਜਾਣ ਤਾਂ ਹਨੇਰਾ ਹੋਣਾ ਸੁਭਾਵਿਕ ਹੀ ਹੈ। ਮਿਸਾਲ ਦੀ ਤੌਰ 'ਤੇ ਅਸੀਂ ਕਵਿਤਾ ਵਿੱਚ ਵੇਖ ਸਕਦੇ ਹਾਂ

"ਚੰਨ ਤੇ ਸੂਰਜ ਅੰਧਲੇ ਹੋ ਗਏ
ਗੰਗਾ ਦੇ ਜਲ ਗੰਧਲੇ ਹੋ ਗਏ
ਸਾਰੇ ਚਾਨਣ ਧੁੰਦਲੇ ਹੋ ਗਏ
ਬੱਸ ਇਕ ਲੋ ਸਿਵਿਆਂ ਦੀ ਰਹਿ ਗਈ
ਅਹਿ ਲੈ ਚੁੱਕ ਲੈ ਸਰਵਣਾ ਵੇ
ਚੁਕ ਲੈ ਚੰਨ ਸੂਰਜ ਦੀ ਵਹਿੰਗੀ

ਕਵੀ ਆਪਣੇ ਇਸ ਗੀਤ ਰਾਹੀ ਅੱਜ ਦੇ ਸਰਵਣ ਨੂੰ ਨੈਤਿਕ ਕਦਰਾਂ ਕੀਮਤਾਂ 'ਤੇ ਖਰਾ ਉੱਤਰਨ ਲਈ ਪ੍ਰੇਰਿਤ ਕਰਦਾ ਹੈ। ਕਵੀ ਸਿਵਿਆਂ 'ਚ ਨਿੱਤ ਬਲ ਰਹੀ ਇੱਕ ਹੱਕ ਅਤੇ ਸੱਚ ਰੂਪੀ ਆਸ ਦੀ ਲੋਅ ਉਸ ਦੀ ਸੇਵਾ ਸੰਭਾਲ ਕਰਨ ਲਈ ਅੱਜ ਦੇ ਸਰਵਣ ਨੂੰ ਇਸ਼ਾਰਾ ਕਰਕੇ

ਸੁਝਾਅ ਦਿੰਦਾ ਹੈ। ਉੱਥੇ ਹੀ ਅੱਜ ਦੇ ਰਾਜਨੀਤਿਕ ਪ੍ਰਬੰਧ 'ਤੇ ਵੀ ਵਿਅੰਗਮਈ ਚੋਟ ਲਾਉਂਦਾ ਹੈ ਕਿ ਮਿੱਥ ਵਿਚਲਾ ਸ਼ਾਸਕ ਰਾਜਾ ਦਸ਼ਰਥ ਜਿੱਥੇ ਆਪਣੀ ਗ਼ਲਤੀ ਨੂੰ ਮੰਨ ਕੇ ਖ਼ਿਮਾ ਦੀ ਜਾਚਨਾ ਮੰਗਦਾ ਹੈ ਉੱਥੇ ਹੀ ਆਧੁਨਿਕ ਯੁੱਗ ਦਾ ਦਸ਼ਰਥ ਇਤਨਾ ਦਇਆਵਾਨ ਨਹੀਂ ਹੈ ਬਲਕਿ ਉਹ ਤਾਂ ਤੁਹਾਡੇ 'ਤੇ ਕਦੋਂ ਦਾ ਨਿਸ਼ਾਨਾ ਲਗਾ ਕੇ ਬੈਠਾ ਹੈ। ਕਵਿਤਾ ਮੂਲ ਰੂਪ ਵਿੱਚ ਸਮਾਜ ਦੀ ਇਹ ਤ੍ਰਾਸਦੀ ਉਤਪੰਨ ਕਰਦੀ ਹੈ ਕਿ ਅਜੋਕੇ ਸੱਤਾਧਾਰੀ ਦਸ਼ਰਥ ਦੇ ਸਿਰ ਚੜ੍ਹ ਬੋਲ ਰਹੇ ਸੱਤਾ ਦੇ ਨਸ਼ੇ ਨੂੰ ਤੋੜਨ ਵਾਲਾ ਗਿਆਨ ਅੰਧਲਾ ਹੋ ਚੁੱਕਿਆ ਹੈ। ਇਸ ਲਈ ਇਸ ਦੀ ਸੇਵਾ ਸੰਭਾਲ ਕਰਨ ਦੀ ਜ਼ਿੰਮੇਵਾਰੀ ਦਾ ਅਹਿਸਾਸ ਵੀ ਅੱਜ ਦੇ ਸਰਵਣ ਨੂੰ ਕਰਵਾਉਣਾ ਚਾਹੁੰਦਾ ਹੈ। ਜਿੱਥੇ ਸਰਵਣ ਪੁੱਤਰ ਦੀ ਮਿੱਥ ਵਿੱਚ ਮਾਪਿਆ ਦੀ ਸੇਵਾ ਨੂੰ ਹੀ ਅਸਲ ਤੀਰਥ ਦਾ ਦਰਜਾ ਦਿੱਤਾ ਗਿਆ ਹੈ। ਕਵੀ ਅਨੁਸਾਰ ਮਿਹਨਤ ਕਰਕੇ, ਬੱਚਿਆਂ ਦੀਆਂ ਖ਼ੁਸ਼ੀਆਂ ਦਾ ਕਾਰਨ ਬਣ ਕੇ, ਸਮੇਂ ਸਮਾਜ ਦੇ ਹਾਣ ਦਾ ਬਣ ਕੇ ਹੀ ਅੱਜ ਦੇ ਅਸਲ ਤੀਰਥ ਸਥਾਨਾਂ ਦੇ ਦਰਸ਼ਨ ਕੀਤੇ ਜਾ ਸਕਦੇ ਹਨ ਪਰ ਸਮਕਾਲੀ ਯੁੱਗ ਵਿੱਚ ਮਾਨਵਤਾ ਦੀ ਭਲਾਈ ਕਰਨ ਵਾਲੇ, ਮਿਹਨਤ ਮਸ਼ੱਕਤ ਕਰਨ ਵਾਲੇ ਸਰਵਣ ਘੱਟ ਹੀ ਵੇਖਣ ਨੂੰ ਮਿਲਦੇ ਹਨ। ਜਿਸ ਕਾਰਨ ਅਜਿਹੇ ਤੀਰਥਾਂ ਦੀ ਦੀਦ ਨੂੰ ਕਵੀ ਮਹਿੰਗਾ ਦੱਸਦਾ ਹੈ।

ਵਿਸ਼ੇਸ ਤੌਰ 'ਤੇ ਕਵੀ ਆਪਣੀਆਂ ਰਚਨਾਵਾਂ ਵਿੱਚ ਆਲੇ ਦੁਆਲੇ ਤੋਂ ਮਹਿਸੂਸ ਕੀਤੇ ਆਪਣੇ ਨਿੱਜ ਅਨੁਭਵ ਨੂੰ ਬਿਆਨ ਕਰਦਾ ਹੈ ਪਰ ਸੁਰਜੀਤ ਪਾਤਰ ਦੇ ਇਸ ਕਾਵਿ ਸੰਗ੍ਰਹਿ ਵਿਚ ਇਤਿਹਾਸਕ ਅਤੇ ਮਿਥਿਹਾਸਕ ਤ੍ਰਾਸਦੀਆਂ ਨੂੰ ਪੇਸ਼ ਕਰਦਾ ਹੈ।

ਮਿੱਥ ਦੇ ਨਾਲ ਨਾਲ ਸੁਰਜੀਤ ਪਾਤਰ ਨੇ ਆਪਣੇ ਇਸ ਕਾਵਿ ਸੰਗ੍ਰਹਿ ਵਿਚ ਕੁੱਝ ਕਵਿਤਾਵਾਂ ਵਿੱਚ ਇਤਿਹਾਸਕ ਬਿਰਤਾਂਤ ਨੂੰ ਵੀ ਸਿਰਜਿਆ ਹੈ। ਕਿਤੇ ਕਿਤੇ ਕਵਿਤਾਵਾਂ ਵਿੱਚ ਇਤਿਹਾਸਕ ਅੰਸ਼ਾਂ ਨੂੰ ਪ੍ਰਤੀਕ ਵੱਜੋਂ ਵਰਤਿਆ ਹੈ ਕਿਤੇ ਕਿਤੇ ਇਤਿਹਾਸਕ ਘਟਨਾ ਨੂੰ ਸੰਪੂਰਨ ਰੂਪ ਵਿੱਚ ਹੀ ਚਿਤਰਿਆ ਹੈ। ਸੁਰਜੀਤ ਪਾਤਰ ਦੁਆਰਾ ਇਤਿਹਾਸਕ ਮਿਥਿਹਾਸਕ ਹਵਾਲਿਆਂ ਦੀ ਵਰਤੋਂ ਸੰਬੰਧੀ ਡਾ. ਜੋਗਿੰਦਰ ਸਿੰਘ ਕੈਰੋਂ ਲਿਖਦੇ ਹਨ ਕਿ, "ਲੋਕਵਿਸ਼ਵਾਸਾਂ ਦੇ ਨਾਲ-ਨਾਲ ਸੁਰਜੀਤ ਪਾਤਰ ਨੇ ਜਿਹੜੀਆਂ ਦੰਦ-ਕਥਾਵਾਂ ਦੇ ਪਾਤਰ ਜਾਂ ਘਟਨਾਵਾਂ ਨੂੰ ਵਰਤਿਆ ਹੈ ਉਨ੍ਹਾਂ ਵਿਚ ਜ਼ਿਆਦਾ ਪੂਰਨ ਭਗਤ, ਮਿਰਜਾ ਸਾਹਿਬਾਂ ਹਨ ਭਾਵੇਂ ਕਿਧਰੇ ਕਿਧਰੇ ਗੁਰੂ ਸਾਹਿਬਾਂ ਦੇ ਇਤਿਹਾਸਕ ਹਵਾਲਿਆਂ ਦਾ ਜ਼ਿਕਰ ਵੀ ਹੈ ਅਤੇ ਭਾਰਤ ਵਿਚਲੀਆਂ ਮਿੱਥਾਂ ਦੇ ਸੰਕੇਤ ਵੀ ਹਨ"

ਇਤਿਹਾਸਕ ਬਿਰਤਾਂਤ ਨਾਲ ਸੰਬੰਧਿਤ ਅਸੀਂ ਕਾਵਿ ਸੰਗ੍ਰਹਿ ਵਿੱਚ ਦਰਜ ਕਵਿਤਾ ਬੇਦਾਵਾ-੧ ਵੇਖ ਸਕਦੇ ਹਾਂ। ਜਿਸ ਵਿੱਚ ਕਵੀ ਨੇ ਸਿੱਖ ਇਤਿਹਾਸ ਨਾਲ ਸਬੰਧਿਤ ਮਹੱਤਵਪੂਰਨ ਘਟਨਾ ਨੂੰ ਕਾਵਿਕ ਅੰਦਾਜ਼ ਵਿੱਚ ਬਿਆਨ ਕੀਤਾ ਹੈ। ਇਸ ਕਵਿਤਾ ਵਿੱਚ ਉਹਨਾਂ ਚਾਲੀ ਸਿੰਘਾਂ ਦੀ ਮਾਨਸਿਕਤਾ ਨੂੰ ਪੇਸ਼ ਕੀਤਾ ਹੈ ਜੋ ਆਨੰਦਪੁਰ ਸਾਹਿਬ ਦੇ ਔਖੇ ਦਿਨਾਂ ਦੀ ਭੁੱਖ ਤੇਹ ਨਾ ਸਹਾਰਦੇ ਹੋਏ ਚਮਕੌਰ ਸਾਹਿਬ ਦੀ ਲੜਾਈ ਵਿੱਚ ਪਾਸਾ ਵੱਟ ਕੇ ਘਰਾਂ ਨੂੰ ਚਲੇ ਗਏ ਸਨ। ਕਵਿਤਾ ਦੇ ਇਤਿਹਾਸਕ ਬਿਰਤਾਂਤ ਵਿੱਚ ਸੁਰਜੀਤ ਪਾਤਰ ਨੇ ਵਾਰਤਾਲਾਪੀ ਵਿਧੀ ਨੂੰ ਅਪਣਾਇਆ ਹੈ। ਚਾਲੀ ਸਿੰਘਾਂ ਅਤੇ ਗੁਰੂ ਸਾਹਿਬ ਦਰਮਿਆਨ, ਮਾਈ ਭਾਗੋ ਦੀ ਸਿੰਘਾਂ ਨਾਲ ਚੁਸਤ ਵਾਰਤਾਲਾਪ ਕਵਿਤਾ ਵਿੱਚ ਵੱਖਰੀ ਕਿਸਮ ਦਾ ਸੁਹਜ ਭਰਦੀ ਹੈ। ਸਿੰਘਾਂ ਦਾ ਮੈਦਾਨ ਵਿੱਚ ਗੁਰੂ ਸਾਹਿਬ ਦਾ ਸਾਥ ਛੱਡਣਾ, ਮਾਈ ਭਾਗੋ ਦੁਆਰਾ ਸਿੰਘਾਂ ਦੀ ਅਣਖ 'ਤੇ ਸਵਾਲ ਚੁੱਕਣਾ, ਕਵਿਤਾ

ਵਿੱਚ ਵੱਖਰਾ ਆਯਾਮ ਸਿਰਜਦਾ ਹੈ।

"ਮਾਈ ਭਾਗੋ ਕਹਿਣ ਲੱਗੀ, ਖ਼ਤਮ ਹੋ ਗਈ ਜੰਗ ਕੀ ?
ਖ਼ਤਮ ਹੋ ਗਈ ਜਾਂ ਅਸਾਡੀ ਅਣਖ, ਗ਼ੈਰਤ ਸੰਗ ਕੀ ?
ਮੁੱਕ ਗਏ ਨੇ ਖ਼ੂਨ ਵਿਚੋਂ ਸਿਦਕ ਵਾਲੇ ਰੰਗ ਕੀ ?
ਇਹ ਕਹਾਣੀ ਕੀ ਬਣੀ, ਸਾਕਾ ਇਹ ਕੀ ਪ੍ਰਸੰਗ ਕੀ ?"

ਕਵਿਤਾ ਵਿੱਚ ਮਾਈ ਭਾਗੋ ਦਾ ਕਿਰਦਾਰ ਔਰਤ ਦੇ ਸ਼ਕਤੀਸ਼ਾਲੀ ਰੂਪ ਵਜੋਂ ਪ੍ਰਤੀਬਿੰਬਤ ਹੈ ਜੋ ਮਾਨਸਿਕ ਪੱਖੋਂ ਹਾਰੇ ਹੋਏ ਸਿੰਘਾਂ ਵਿੱਚ ਜੋਸ਼ ਤੇ ਉਹਨਾਂ ਦੀ ਸੁੱਤੀ ਹੋਈ ਚੇਤਨਾ ਨੂੰ ਜਗਾਉਣ ਦਾ ਕੰਮ ਤਾਂ ਕਰਦੀ ਹੀ ਹੈ ਨਾਲ ਹੀ ਔਰਤ ਦਾ ਜੰਗ ਦੇ ਮੈਦਾਨ ਵਿੱਚ ਅਗਵਾਈ ਕਰਨ ਦੀ ਸਮਰੱਥਾ ਨੂੰ ਵੀ ਬਿਆਨ ਕੀਤਾ ਹੈ। ਮਾਈ ਭਾਗੋ ਦੇ ਲਫਜ਼ਾਂ ਵਿਚਲੀ ਕਰਾਰੀ ਚੋਟ ਇਸ ਕਦਰ ਉਹਨਾਂ 'ਚਾਲੀ ਬੇਦਾਵੀਏ' ਸਿੰਘਾਂ 'ਤੇ ਪ੍ਰਭਾਵ ਪਾਉਂਦੀ ਹੈ ਕਿ ਗੁਰੂ ਸਾਹਿਬ ਦੇ ਦਿਲ ਅੰਦਰ ਪਹਿਲਾਂ ਵਾਲਾ ਮਾਣ-ਸਤਿਕਾਰ ਹਾਸਲ ਕਰਨ ਲਈ ਉਹ ਸ਼ਿੱਦਤ ਨਾਲ ਖਿਦਰਾਣੇ ਦੀ ਢਾਬ 'ਤੇ ਹੋਈ ਜੰਗ ਵਿੱਚ ਲੜਦੇ-ਲੜਦੇ ਸ਼ਹੀਦੀਆਂ ਪ੍ਰਾਪਤ ਕਰਦੇ ਹਨ। ਬੇਦਾਵੇ 'ਤੇ ਲਿਖੇ ਸ਼ਬਦਾਂ ਨੂੰ ਹੰਝੂਆਂ ਦੀ ਥਾਂ ਰੱਤ ਨਾਲ ਧੋਣ ਦੀ ਪ੍ਰਕਿਰਿਆ ਗੁਰੂ ਲਈ ਜਾਨ ਨਿਛਾਵਰ ਕਰਨ ਦੀ ਭਾਵਨਾ ਅਤੇ ਕਾਇਰ ਬਣ ਕੇ ਪਛਤਾਵਾ ਕਰਨ ਦੀ ਥਾਂ ਤੇ ਦਲੇਰ ਬਣ ਕੇ ਜੰਗ ਦੇ ਮੈਦਾਨ ਵਿੱਚ ਸ਼ਹੀਦ ਹੋਣ ਦੇ ਨਿਡਰ ਗੁਣ ਨੂੰ ਚਿਹਨਾਤਮਕ ਰੂਪ ਵਿੱਚ ਸਿਰਜਦੀ ਹੈ। ਸੁਰਜੀਤ ਪਾਤਰ ਦੀ ਇਤਿਹਾਸਕ ਬਿਰਤੀ ਬਾਰੇ ਜਸਵਿੰਦਰ ਸਿੰਘ ਲਿਖਦਾ ਹੈ ਕਿ, "ਪਾਤਰ ਸੁਚਾਰੂ ਰਾਜਨੀਤਕ ਚੇਤਨਾ ਅਤੇ ਜ਼ਿੰਮੇਵਾਰ ਇਤਿਹਾਸਕ ਸੋਝੀ ਨਾਲ ਵਰੋਸਾਇਆ ਹੋਇਆ ਸ਼ਾਇਰ ਹੈ। ਇਤਿਹਾਸ ਉਸ ਦੇ ਕਾਵਿ ਵਿਚ ਇਕ ਸ਼ਕਤੀਸ਼ਾਲੀ ਧਾਰਾ ਵਜੋਂ ਪ੍ਰਵਾਹਿਤ ਹੈ। ਇਸ ਵਿਚੋਂ ਪਾਤਰ ਆਪਣੀ ਕਾਵਿ-ਸੋਝੀ ਪੁਸ਼ਟ ਕਰਦਾ ਹੈ।"

"ਚੰਨ ਸੂਰਜ ਦੀ ਵਹਿੰਗੀ" ਕਾਵਿ ਸੰਗ੍ਰਹਿ ਵਿੱਚ ਬੇਦਾਵਾ ਸਿਰਲੇਖ ਅਧੀਨ ਦੋ ਕਵਿਤਾਵਾਂ (ਬੇਦਾਵਾ-੧ ਅਤੇ ਬੇਦਾਵਾ-੨) ਦਰਜ ਹਨ। ਜਿੱਥੇ ਬੇਦਾਵਾ-੧ ਸਿੱਖ ਇਤਿਹਾਸ ਨਾਲ ਸੰਬੰਧਿਤ ਕਾਵਿਕ ਬਿਰਤਾਂਤ ਹੈ। ਉੱਥੇ ਹੀ ਬੇਦਾਵਾ-੨ ਆਧੁਨਿਕ ਯੁੱਗ ਦੀ ਸਥਿਤੀ ਨਾਲ ਸਬੰਧ ਰੱਖਦੀ ਕਾਵਿ ਰਚਨਾ ਹੈ। ਜਿਸ ਵਿੱਚ ਬੇਦਾਵਾ ਸ਼ਬਦ ਨੂੰ ਸੁਰਜੀਤ ਪਾਤਰ ਨੇ ਗਹਿਰੇ ਅਰਥ ਵਿੱਚ ਵਰਤਿਆ ਹੈ। ਇਤਿਹਾਸਕ ਘਟਨਾ ਦਾ ਹਵਾਲਾ ਦੇ ਕੇ ਪਾਤਰ ਬੇਦਾਵਾ-੨ ਕਵਿਤਾ ਨੂੰ ਆਧੁਨਿਕਤਾ ਦੇ ਪਰਿਪੇਖ ਵਿੱਚ ਪੇਸ਼ ਕਰਦਾ ਹੈ।

ਉਹ ਲੋਕ ਤਾਂ ਸੱਚੇ ਸਨ ਜਿਹੜੇ
ਲਿਖਕੇ ਬੇਦਾਵਾ ਦੇ ਗਏ ਸਨ
ਤੇ ਫਿਰ ਸਿਆਹੀ ਦੇ ਹਰਫ਼ਾਂ ਨੂੰ
ਰੱਤ ਆਪਣੀ ਦੇ ਸੰਗ ਧੋ ਗਏ ਸਨ
ਅਸੀਂ ਛੱਡ ਦੁਖੀਆਂ ਨੂੰ ਸਿਸਕਦਿਆਂ
ਨਿੱਤ ਆਪਣੇ ਆਪਣੇ ਘਰ ਜਾਈਏ

ਇਹ ਵੀ ਤਾਂ ਇਕ ਬੇਦਾਵਾ ਹੈ
ਜੋ ਪੈਰਾਂ ਦੇ ਸੰਗ ਲਿਖ ਜਾਈਏ

ਇਤਿਹਾਸ ਵਿੱਚ ਚਾਲੀ ਸਿੰਘ ਆਪਣੀ ਜ਼ਿੰਮੇਵਾਰੀ ਤੋਂ ਮੁਨਕਰ ਹੋ ਬੇਦਾਵਾ ਰੂਪੀ ਪੱਤਰ ਲਿਖ ਕੇ ਗੁਰੂ ਸਾਹਿਬ ਨੂੰ ਮੈਦਾਨ ਵਿੱਚ ਛੱਡ ਕੇ ਚਲੇ ਗਏ ਸਨ ਕਵੀ ਅਨੁਸਾਰ ਉਂਵੇਂ ਹੀ ਆਧੁਨਿਕ ਯੁਗ ਵਿਚ ਵੀ ਇਹ ਬੇਦਾਵਾ ਅਕ੍ਰਿਤਘਣ ਮਨੁੱਖ ਦੁਆਰਾ ਸਾਰੀ ਧਰਤੀ ਤੇ ਲਿਖਿਆ ਜਾ ਰਿਹਾ ਹੈ। ਕਵੀ ਅਨੁਸਾਰ ਅਜੋਕੇ ਮਨੁੱਖ ਦਾ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੁੱਖ ਮੋੜ ਕੇ ਭੱਜਣਾ, ਸਮਕਾਲੀ ਸਮੇਂ ਵਿੱਚ ਕਿਸੇ ਬੇਦਾਵੇ ਤੋਂ ਘੱਟ ਨਹੀਂ ਹੈ। ਬੇਦਾਵਾ-੨ ਦੇ ਕਾਵਿ ਪ੍ਰਸੰਗ ਵਿੱਚ ਕਵੀ ਨੇ ਅਜੋਕੇ ਮਨੁੱਖ ਅੰਦਰ ਕੇਵਲ ਆਪਣੇ ਨਿੱਜੀ ਸੁੱਖਾਂ ਦੀ ਪ੍ਰਾਪਤੀ ਅਧੀਨ ਕੀਤੀ ਜਾ ਰਹੀ ਭੱਜ ਦੌੜ ਦਰਮਿਆਨ ਆਲੇ ਦੁਆਲੇ ਵਿੱਚ ਬਸਰ ਕਰਦੇ ਮਾਨਵੀ ਜੀਵਨ ਦੀ ਤ੍ਰਾਸਦੀ ਨੂੰ ਦੇਖ ਕੇ ਅਣਡਿੱਠ ਕਰਨ ਦੀ ਭਾਰੂ ਬਿਰਤੀ ਨੂੰ ਬਿਆਨ ਕੀਤਾ ਹੈ। ਇਤਿਹਾਸਕ ਤੱਥ ਨੂੰ ਵਾਚਦਿਆਂ ਕਵੀ ਚਾਲੀ ਬੇਦਾਵੀਏ ਸਿੰਘਾਂ ਦਾ ਚਾਲੀ ਮੁਕਤਾ ਅਖਵਾਉਣ ਦੀ ਉਸ ਪ੍ਰਵਿਰਤੀ ਨੂੰ ਪ੍ਰਭਾਸ਼ਿਤ ਕਰਦਾ ਹੈ ਕਿ ਉਹਨਾਂ ਚਾਲੀ ਸਿੰਘਾਂ ਨੇ ਬੇਦਾਵੇ 'ਤੇ ਉੱਕਰੀ ਦਾਗੀ ਸਿਆਹੀ ਨੂੰ ਸ਼ਹੀਦੀਆਂ ਦੇ ਕੇ ਆਪਣੇ ਰੱਤ ਨਾਲ ਧੋ ਦਿੱਤਾ ਸੀ ਪਰ ਕੀ ਅੱਜ ਦਾ ਮਨੁੱਖ ਆਪਣੀਆਂ ਜ਼ਿੰਮੇਵਾਰੀਆਂ ਦੇ ਅਹਿਸਾਸ ਨੂੰ ਸਮਝਣ ਦੀ ਚੇਸ਼ਟਾ ਕਰੇਗਾ ਜਾ ਨਹੀਂ? ਜਾਂ ਇਸੇ ਤਰ੍ਹਾਂ ਹੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਬੇਦਾਵਾ ਲਿਖ ਲਿਖ ਦਿੰਦਾ ਰਹੇਗਾ। ਕਵਿਤਾ ਦੇ ਅੰਤ ਵਿੱਚ ਕਵੀ ਇਥੇ ਸਵਾਲ ਤੇ ਪ੍ਰਸ਼ਨ ਚਿੰਨ ਲਗਾਕੇ ਸਰੋਤਾ ਪਾਠਕ ਸਾਹਮਣੇ ਕਵਿਤਾ ਨੂੰ ਸਮਾਪਤ ਕਰ ਦਿੰਦਾ ਹੈ, ਪੂਰਨ ਰੂਪ ਵਿੱਚ ਇਤਿਹਾਸਕ ਹਵਾਲੇ ਨਾਲ ਆਧੁਨਿਕ ਯੁੱਗ ਦੇ ਮਨੁੱਖ ਦੀ ਲਾਪਰਵਾਹੀ ਬਿਰਤੀ ਨੂੰ ਇਸ ਕਵਿਤਾ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਤੋਂ ਛੁੱਟ ਕਵੀ ਨੇ ਵਸਤੂ ਨੂੰ ਡੂੰਘੇ ਰੂਪ ਵਿੱਚ ਉਭਾਰਨ ਲਈ ਕਵਿਤਾ ਵਿੱਚ ਪੈੜਾਂ ਨੂੰ ਅੱਖਰ, ਰਸਤੇ ਨੂੰ ਵਰਕਿਆਂ ਦੇ ਪ੍ਰਤੀਕ ਵੱਜੋਂ ਵਰਤਦਾ ਹੈ। ਸਮੁੱਚੇ ਰੂਪ ਵਿੱਚ ਵੇਖੀਏ ਪਾਤਰ ਦਾ ਇਹ ਕਾਵਿ ਸੰਗ੍ਰਹਿ ਪ੍ਰਤੀਕ ਨਾਲ ਨੱਕੋ ਨੱਕ ਭਰਿਆ ਜਾਪਦਾ ਹੈ।

ਇਸ ਕਾਵਿ ਸੰਗ੍ਰਹਿ ਵਿਚ ਬੇਦਾਵਾ-੧ ਕਵਿਤਾ ਤੋਂ ਬਿਨਾ 'ਹੋ ਨਾ ਇਉਂ ਦਿਲਗੀਰ ਮੀਆਂ ਮੀਰ ਤੂੰ' ਕਵਿਤਾ ਵੀ ਇਤਿਹਾਸਕ ਬਿਰਤਾਂਤ ਦੀ ਧਾਰਨੀ ਹੈ। ਇਸ ਕਵਿਤਾ ਵਿਚ ਸ਼ਹੀਦਾਂ ਦੇ ਸਰਤਾਜ 'ਗੁਰੂ ਅਰਜਨ ਦੇਵ ਸਾਹਿਬ ਮਹਾਰਾਜ ਜੀ" ਦੇ ਤੱਤੀ ਤਵੀ ਉੱਪਰ ਬੈਠਣ ਦੇ ਘਟਨਾ ਕ੍ਰਮ ਨੂੰ ਬਿਆਨ ਕਰਨ ਦੇ ਨਾਲ-ਨਾਲ ਮੀਆਂ ਮੀਰ ਦੀ ਦਿਲਗੀਰ ਮਾਨਸਿਕਤਾ ਨੂੰ ਪੇਸ਼ ਕੀਤਾ ਗਿਆ ਹੈ। ਉਦਾਹਰਨ ਵਜੋਂ ਅਸੀਂ ਕਵਿਤਾ ਵਿਚ ਵੇਖ ਸਕਦੇ ਹਾਂ;

ਦੇਖ ਨਾ ਤੂੰ ਸਿਰਫ਼ ਇਹ ਤਪਦੀ ਤਵੀ
ਛਲਕਦਾ ਅੰਮ੍ਰਿਤ ਦਾ ਅਹੁ ਸਰਵਰ ਵੀ ਦੇਖ
ਸੀਸ ਪੈਂਦੀ ਰੇਤ ਤਾਂ ਦੇਖੀ ਹੈ ਤੂੰ
ਅਹੁ ਤੂੰ ਰਿਮਝਿਮ ਸ਼ਬਦ ਦੀ ਛਹਿਬਰ ਵੀ ਦੇਖ

ਇਸ ਕਾਵਿ ਸੰਗ੍ਰਹਿ ਵਿਚਲੀਆਂ ਕਵਿਤਾਵਾਂ ਸੂਖ਼ਮ ਅਹਿਸਾਸਾਂ, ਇਤਿਹਾਸਕ ਮਿਥਿਹਾਸਕ ਘਟਨਾਵਾਂ, ਮਾਨਵ ਮੁਖੀ, ਜੀਵਨ ਦੇ ਸੰਘਰਸ਼ੀਲ ਸਮੇਂ ਦੌਰਾਨ ਵਿਅਕਤੀ ਨੂੰ ਮਾਨਸਿਕ ਪੱਖੋਂ ਮਜਬੂਤ ਰਹਿਣ ਵੱਲ ਪ੍ਰੇਰਿਤ ਤਾਂ ਕਰਦੀਆਂ ਹਨ ਉੱਥੈ ਹੀ ਇਹ ਸੰਵੇਦਨਸ਼ੀਲ ਪਾਠਕ ਸਰੋਤੇ ਦੀ ਵੀ ਮੰਗ

ਕਰਦੀਆਂ ਹਨ। ਇਸ ਤੱਥ ਨੂੰ ਸੁਰਜੀਤ ਪਾਤਰ ਖ਼ੁਦ ਵੀ ਸਵੀਕਾਰ ਦਾ ਹੈ;

ਜਿਹੜਾ ਲਫ਼ਜ਼ਾਂ ਦੇ ਸਾਹ ਵੀ ਸੁਣ ਸਕਦਾ

ਐਸੇ ਪਾਠਕ ਨੂੰ ਤਰਸਦੀ ਹੈ ਕਿਤਾਬ

ਕੁੱਝ ਕਵਿਤਾਵਾਂ ਦਾ ਮਿਆਰ ਚਾਹੇ ਉਹ ਵਸਤੂ ਵਜੋਂ ਹੋਵੇ ਜਾਂ ਸ਼ਬਦਾਵਲੀ ਵਜੋਂ ਇਤਨਾ ਸੁਹਿਰਦ ਤੇ ਸੰਵੇਦਨਮਈ ਹੈ ਕਿ ਆਮ ਪਾਠਕ ਆਸਾਨੀ ਨਾਲ ਸਮਝ ਨਹੀਂ ਸਕਦਾ। ਮੂਲ ਰੂਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਜਿਸ ਤਰ੍ਹਾਂ ਸ਼ਿਵ, ਪਾਸ਼ ਦਾ ਸਾਹਿਤ ਦੇ ਜਗਤ ਵਿੱਚ ਆਪਣਾ ਵਿਸ਼ੇਸ਼ ਸਥਾਨ ਹੈ ਉਸੇ ਤਰ੍ਹਾਂ ਹੀ ਸੁਰਜੀਤ ਪਾਤਰ ਦਾ ਵੀ ਸਾਹਿਤ ਜਗਤ ਵਿੱਚ ਆਪਣਾ ਇੱਕ ਵਿਸ਼ੇਸ਼ ਸਥਾਨ ਸਥਾਪਿਤ ਹੋ ਚੁੱਕਾ ਹੈ।

**ਹਵਾਲੇ ਅਤੇ ਟਿੱਪਣੀਆਂ :**


1. "Myth, a story, usually of unknown origin and at least partially traditional, that ostensibly relates actual events to explain some practice, belief, institution, or natural Phenomenon, and that is especially associated with religious rites and beliefs."
2. **The New Encyclopaedia Britannica, Volume 8,** P. 470.
3. ਸੁਰਜੀਤ ਪਾਤਰ, ਚੰਨ ਸੂਰਜ ਦੀ ਵਹਿੰਗੀ, ਲੋਕ ਗੀਤ ਪ੍ਰਕਾਸ਼ਨ, ਮੋਹਾਲੀ, ਸੰਸਕਰਨ ਛੇਵਾਂ, 2021, ਪੰਨਾ 68.

   ਡਾ. ਜੋਗਿੰਦਰ ਸਿੰਘ ਕੈਰੋਂ, 'ਸੁਰਜੀਤ ਪਾਤਰ ਦੀ ਕਵਿਤਾ ਵਿਚ ਲੋਕਧਾਰਾ ਦੀ ਸਮੱਗਰੀ ਦਾ ਪ੍ਰਯੋਗ' ,ਪਾਤਰ ਕਾਵਿ-ਚਿੰਤਨ, (ਸੰਪਾ. ਗੁਰਇਕਬਾਲ ਸਿੰਘ (ਡਾ.) ), ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2006, ਪੰਨਾ 135.
4. ਸੁਰਜੀਤ ਪਾਤਰ, ਚੰਨ ਸੂਰਜ ਦੀ ਵਹਿੰਗੀ, ਲੋਕ ਗੀਤ ਪ੍ਰਕਾਸ਼ਨ, ਮੋਹਾਲੀ, ਸੰਸਕਰਨ ਛੇਵਾਂ, 2021, ਪੰਨਾ 37.
5. ਜਸਵਿੰਦਰ ਸਿੰਘ, ਨਵੀਂ ਪੰਜਾਬੀ ਕਵਿਤਾ ਪਛਾਣ ਚਿੰਨ੍ਹ, ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, ਸੰਸਕਰਨ ਦੂਸਰਾ, 2009, ਪੰਨਾ 95.
6. ਸੁਰਜੀਤ ਪਾਤਰ, ਚੰਨ ਸੂਰਜ ਦੀ ਵਹਿੰਗੀ, ਲੋਕ ਗੀਤ ਪ੍ਰਕਾਸ਼ਨ, ਮੋਹਾਲੀ, ਸੰਸਕਰਨ ਛੇਵਾਂ, 2021,ਪੰਨਾ 40.
7. ਉਹੀ, ਪੰਨਾ 41.
8. ਉਹੀ, ਪੰਨਾ 8.

# ਰਿਸਦੇ ਜ਼ਖ਼ਮਾਂ ਦੀ ਕਹਾਣੀ ਵਿਚਲੀ ਦਲਿਤ ਚੇਤਨਾ

*ਪਰਮਜੀਤ ਕੌਰ*

ਰਿਸਦੇ ਜ਼ਖ਼ਮਾਂ ਦੀ ਕਹਾਣੀ ਨਾਟਕ ਦੇਵਿੰਦਰ ਕੁਮਾਰ ਦਾ ਲਿਖਿਆ ਹੋਇਆ ਹੈ। ਦਵਿੰਦਰ ਕੁਮਾਰ ਪੰਜਾਬੀ ਨਾਟਕ ਦੇ ਖੇਤਰ ਵਿੱਚ ਕਿਸੇ ਜਾਣ ਪਛਾਣ ਦਾ ਮੁਥਾਜ ਨਹੀਂ। ਉਹ ਪੰਜਾਬੀ ਨਾਟਕ ਦੀ ਚੌਥੀ ਪੀੜ੍ਹੀ ਦਾ ਮਹੱਤਵਪੂਰਨ ਨਾਟਕਕਾਰ ਹੈ ਜਿਸ ਨੇ ਪਿਛਲੇ ਤਿੰਨ ਦਹਾਕਿਆਂ ਵਿਚ ਪੰਜਾਬੀ ਨਾਟਕ ਦੇ ਵਿਕਾਸ ਵਿਚ ਨਿਰੰਤਰ ਯੋਗਦਾਨ ਦਿੱਤਾ ਹੈ। ਉਸ ਨੇ ਆਪਣੇ ਨਾਟਕਾਂ ਵਿੱਚ ਪੀੜਤ ਧਿਰ ਨੂੰ ਅਗਰਭੂਮੀ ਵਿੱਚ ਲਿਆਂਦਾ ਹੈ। ਉਸ ਦਾ ਪਹਿਲਾ ਨਾਟਕ 'ਵਿਹੜਾ ਆਪਣਾ ਧਰਤ ਪਰਾਈ'ਜਿਸ ਵਿੱਚ ਦਲਿਤ ਤੇ ਦਮਿਤ ਕਬੀਲੇ ਦੇ ਲੋਕਾਂ ਦੀ ਦਾਸਤਾਨ ਨੂੰ ਪੇਸ਼ ਕੀਤਾ ਗਿਆ ਹੈ। "ਦਲਦਲ" ਨਾਟਕ ਵਿਚ ਕਿਸਾਨੀ ਦੇ ਸੰਕਟਾਂ ਨੂੰ ਪੇਸ਼ ਕੀਤਾ ਗਿਆ ਹੈ। "ਪਿੰਜਰੇ ਦੇ ਆਰ ਪਾਰ" ਨਾਟਕ ਵਿੱਚ ਉਸ ਨੇ ਨਾਰੀ ਮਨ ਦੀ ਪੀੜ ਅਤੇ ਪਰਵਾਸ ਦੇ ਮਸਲਿਆਂ ਨੂੰ ਪੇਸ਼ ਕੀਤਾ ਹੈ। "ਦਿਨ ਚੜ੍ਹਦੇ ਤ੍ਰਿਕਾਲਾਂ ਢਲੀਆਂ" ਵਿਚ ਉਸ ਨੇ ਰਿਸ਼ਤਿਆਂ ਨੂੰ ਡੂੰਘਾਈ ਨਾਲ ਵਾਚਿਆ ਹੈ ਇਹ ਹੀ ਨਹੀਂ ਉਸ ਨੇ ਕੋਰੋਨਾ ਕਾਲ ਦੌਰਾਨ ਦੇਸ਼ ਦੇ ਵੱਖ ਵੱਖ ਲੋਕਾਂ ਤੇ ਆਈਆਂ ਮੁਸੀਬਤਾਂ ਨੂੰ ਲੈ ਕੇ "ਸੁੰਨੇ ਸਾਂਝਾਂ ਦੀ ਹੂਕ" ਨਾਟਕ ਵੀ ਪੇਸ਼ ਕੀਤਾ। ਉਸ ਦੇ ਨਾਟਕ ਸੱਤਾ ਦੇ ਵਿਰੁੱਧ ਆਵਾਜ਼ ਉਠਾਉਂਦੇ ਹੋਏ ਨਜ਼ਰ ਆਉਂਦੇ ਹਨ। ਇਹੀ ਕਾਰਨ ਹੈ ਕਿ ਉਸ ਨੂੰ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਵੱਲੋਂ ਪੁਰਸਕਾਰ ਵੀ ਮਿਲਿਆ। ਹਥਲਾ ਨਾਟਕ "ਰਿਸਦੇ ਜ਼ਖ਼ਮਾਂ ਦੀ ਕਹਾਣੀ" ਵਿੱਚ ਦਲਿਤ ਸਰੋਕਾਰਾਂ ਦੇ ਕਈ ਪਸਾਰ ਖੋਲ੍ਹਣ ਦਾ ਉਸ ਨੇ ਯਤਨ ਕੀਤਾ ਹੈ। ਦਲਿਤ ਸ਼ਬਦ ਹਜ਼ਾਰਾਂ ਸਾਲਾਂ ਤੱਕ ਅਛੂਤ ਸਮਝੀਆਂ ਜਾਣ ਵਾਲੀ ਉਨ੍ਹਾਂ ਜਾਤੀਆਂ ਲਈ ਪ੍ਰਯੋਗ ਹੁੰਦਾ ਹੈ ਜੋ ਹਿੰਦੂ ਸਮਾਜ ਵਿੱਚ ਸਭ ਤੋਂ ਹੇਠਲੇ ਦਰਜੇ ਤੇ ਸਥਿਤ ਹੈ। ਸੰਵਿਧਾਨ ਵਿੱਚ ਇਨ੍ਹਾਂ ਨੂੰ ਅਨੁਸੂਚਿਤ ਜਾਤੀ ਕਿਹਾ ਗਿਆ ਹੈ।

ਭਾਈ ਕਾਹਨ ਸਿੰਘ ਨਾਭਾ ਕ੍ਰਿਤ ਮਹਾਨ ਕੋਸ਼ ਵਿੱਚ ਦਲਿਤ ਸ਼ਬਦ ਤੋਂ ਭਾਵ ਹੀਨ ਜਾਤੀ ਵਾਲਾ ਹੈ ਜੋ ਉੱਚੀ ਜਾਤੀ ਦੇ ਪੈਰਾਂ ਹੇਠਾਂ ਦਲਿਆ ਹੋਇਆ ਅਛੂਤ ਸਮਝਿਆ ਜਾਂਦਾ ਹੈ। ਭਾਸ਼ਾ ਵਿਭਾਗ ਪੰਜਾਬ

*paramjitkaurphd@gmail.com*

ਦੇ ਪੰਜਾਬੀ ਕੋਸ਼ ਵਿੱਚ ਦਲਿਤ ਪਛੜਿਆ ਹੋਇਆ ਵਰਗ ਹੈ।

ਦਵਿੰਦਰ ਕੁਮਾਰ ਨੇ ਆਪਣੇ ਨਾਟਕ ਵਿੱਚ ਸਮਾਜ ਦੇ ਪੀੜਤ ਦਲਿਤ ਭਾਈਚਾਰੇ ਦੀ ਕਹਾਣੀ ਨੂੰ ਪੇਸ਼ ਕੀਤਾ ਹੈ ਜੋ ਸਦੀਆਂ ਤੋਂ ਨਪੀੜਿਆ ਜਾ ਰਿਹਾ ਹੈ। ਉਸ ਨੇ ਆਪਣੇ ਨਾਟਕ ਵਿੱਚ ਮੰਨੂੰ ਵੱਲੋਂ ਹਿੰਦੂਆਂ ਦੀ ਪੇਸ਼ਿਆਂ ਦੇ ਆਧਾਰ ਤੇ ਕੀਤੀ ਗਈ ਸ਼੍ਰੇਣੀ ਵੰਡ ਦੀ ਗੱਲ ਵੀ ਕੀਤੀ ਹੈ। ਇਨ੍ਹਾਂ ਨੂੰ ਚਾਰ ਵਰਗਾਂ ਵਿਚ ਵੰਡਿਆ ਗਿਆ ਹੈ ਬ੍ਰਾਹਮਣ, ਖੱਤਰੀ, ਵੈਸ਼ ਅਤੇ ਸ਼ੂਦਰ। ਦਲਿਤ ਵਰਗ ਦੇ ਲੋਕ ਸ਼ੂਦਰਾਂ ਵਿੱਚ ਆਉਂਦੇ ਹਨ ਇਨ੍ਹਾਂ ਲਈ ਕਰਨ ਯੋਗ ਕੰਮਾਂ ਅਤੇ ਨਾ ਕਰਨ ਯੋਗ ਕੰਮਾਂ ਲਈ ਸਜ਼ਾ ਵੀ ਮੁਕਰਰ ਹੈ। ਇਹ ਸਜ਼ਾ ਆਰਥਿਕ ਤੇ ਸਰੀਰਕ ਦੋਹਾਂ ਤਰ੍ਹਾਂ ਦੀ ਹੁੰਦੀ ਸੀ। ਦਲਿਤ ਵਰਗ ਨੂੰ ਸਦੀਆਂ ਤਕ ਦਬਾਇਆ ਗਿਆ ਹੈ। ਉਨ੍ਹਾਂ ਦੇ ਮਨੋਬਲ ਨੂੰ ਵੀ ਡਗਮਗਾਇਆ ਗਿਆ। ਉਨ੍ਹਾਂ ਦੇ ਮਾਨਸਿਕ ਸੱਟ ਮਾਰੀ ਗਈ। ਬ੍ਰਾਹਮਣਾਂ ਦਾ ਕੰਮ ਸ਼ਾਸਤਰ ਅਧਿਐਨ, ਪੂਜਾ ਪਾਠ ਕਰਨਾ ਅਤੇ ਯੱਗ ਕਰਨਾ ਹੁੰਦਾ ਸੀ। ਕਸ਼ਤਰੀ ਲੜਾਈ ਅਤੇ ਰਾਜਭਾਗ ਦੇ ਕੰਮਾਂ ਦੀ ਦੇਖ ਰੇਖ ਕਰਦਾ ਸੀ। ਵੈਸ਼ਾਂ ਦਾ ਕੰਮ ਖੇਤੀਬਾੜੀ ਵਪਾਰ ਕਰਨਾ ਹੁੰਦਾ ਸੀ। ਸ਼ੂਦਰ ਇਨ੍ਹਾਂ ਸਾਰਿਆਂ ਪ੍ਰਤੀ ਸੇਵਾਦਾਰੀ ਦਾ ਕੰਮ ਕਰਦਾ ਸੀ। ਮਨੂੰ ਨੇ ਇਹ ਵਰਨ ਕਰਮ ਦੀ ਥਾਂ ਜਨਮ ਆਧਾਰਤ ਬਣਾ ਦਿੱਤੀ। ਇਨ੍ਹਾਂ ਚਾਰ ਵਰਨਾਂ ਤੋਂ ਹਟ ਕੇ ਇਕ ਪੰਚਮ ਵਰਨ ਵੀ ਬਣਾ ਦਿੱਤਾ। ਇਸ ਵਰਗ ਵਿੱਚ ਉਨ੍ਹਾਂ ਲੋਕਾਂ ਨੂੰ ਰੱਖਿਆ ਗਿਆ ਜਿਨ੍ਹਾਂ ਨੂੰ ਮਨੂੰ ਨੇ ਮਨੁੱਖ ਹੋਣਾ ਹੀ ਨਹੀਂ ਮੰਨਿਆ। ਇਸ ਤਰ੍ਹਾਂ ਸਮਾਜਿਕ ਵਿਵਸਥਾ ਵਿਚ ਬ੍ਰਾਹਮਣਾਂ ਨੂੰ ਸਰਵੋਤਮ ਦਰਜਾ ਦਿੱਤਾ ਗਿਆ ਹੈ। ਬ੍ਰਾਹਮਣਾਂ ਨੇ ਸਮਾਜਿਕ ਅਤੇ ਧਾਰਮਿਕ ਕਰਮ ਕਾਂਡਾਂ ਦਾ ਸਹਾਰਾ ਲੈ ਕੇ ਆਪਣੇ ਆਪ ਨੂੰ ਸਰਵਉੱਤਮ ਮੰਨਣਾ ਸ਼ੁਰੂ ਕਰ ਦਿੱਤਾ। ਭਾਰਤੀ ਸਮਾਜ ਵਿਚ ਬ੍ਰਾਹਮਣ ਵਰਗੀ ਉੱਚ ਸ਼੍ਰੇਣੀ ਜਾਤ ਨੇ ਨੀਵੀਂ ਜਮਾਤ ਨਾਲ ਹਮੇਸ਼ਾਂ ਤੋਂ ਬਦਸਲੂਕੀ ਕੀਤੀ ਹੈ। ਭਾਰਤੀ ਸਮਾਜ ਨੇ ਜਾਤ ਪਾਤ ਵੰਡ ਕਰਕੇ ਦਲਿਤਾਂ ਨੂੰ ਹਮੇਸ਼ਾ ਲਤਾੜਿਆ ਤੇ ਅਪਮਾਨਿਤ ਕੀਤਾ ਹੈ। ਇਸ ਵੰਡ ਦੇ ਕਾਰਨ ਆਰਥਿਕ ਹੀ ਸਨ। ਉੱਚ ਜਾਤੀ ਬ੍ਰਾਹਮਣ ਭੋਗ ਰਹਿਤ ਤੇ ਵੈਰਾਗਮਈ ਜੀਵਨ ਗੁਜ਼ਾਰਦੇ ਸਨ। ਉਨ੍ਹਾਂ ਦੀ ਸ਼ਾਨੋ ਸ਼ੌਕਤ ਤੇ ਅਯਾਸ਼ੀ ਦੇ ਅਨੇਕਾਂ ਸਬੂਤ ਇਸ ਨਾਟਕ ਵਿੱਚੋਂ ਸਾਨੂੰ ਮਿਲਦੇ ਹਨ। ਨਾਟਕਕਾਰ ਨਾਟਕ ਵਿਚ ਦਲਿਤ ਔਰਤ ਤੇ ਹੋ ਰਹੇ ਸਰੀਰਕ ਸ਼ੋਸ਼ਣ ਨੂੰ ਬੜੀ ਪ੍ਰਮੁੱਖਤਾ ਨਾਲ ਪੇਸ਼ ਕਰਦਾ ਹੈ। ਨਾਟਕ ਵਿਚਲੀ ਔਰਤ ਪਾਤਰ ਦਾ ਗੁਨਾਹ ਸਿਰਫ਼ ਇੰਨਾ ਹੀ ਹੈ ਕਿ ਉਹ ਨੀਵੀਂ ਜਾਤ ਵਿੱਚ ਪੈਦਾ ਹੋਈ ਇਸ ਲਈ ਉੱਚੀ ਜਾਤ ਦਾ ਬ੍ਰਾਹਮਣ ਉਸ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦਾ ਹੈ :

ਪੂਨਮ (ਔਰਤ ਦੇ ਰੂਪ ਵਿਚ) ਛੋੜ ਦੋ ਮੁਝੇ, ਮੈਂ ਆਪ ਕੀ ਮਿੰਨਤ ਕਰਤੀ ਹੂੰ। ਪ੍ਰਕਾਸ਼ (ਬ੍ਰਾਹਮਣ ਦੇ ਰੂਪ ਵਿਚ) ਕੈਸੇ ਛੋੜ ਦੂੰ ? ਆਜ ਮੈਂ ਬਹੁਤ ਪਿਆਸਾ ਹੂੰ ਔਰ ਮੁਝੇ ਅਪਨੀ ਪਿਆਸ ਤੇਰੀ ਜਿਸਮ ਸੇ ਬੁਝਾਨੀ ਹੈ। (ਔਰਤ ਬਚਣ ਦਾ ਯਤਨ ਕਰਦੀ ਹੋਈ ਸ਼ੋਰ ਮਚਾ ਰਹੀ ਹੈ) ਅਰੇ ਪਗਲੀ ਕਯੋਂ ਸ਼ੋਰ ਮਚਾ ਰਹੀ ਹੋ ? ਯਹ ਤੋ ਤੇਰੇ ਊਪਰ ਭਗਵਾਨ ਦੀ ਕਿਰਪਾ ਹੋ ਗਈ, ਤੁਝੇ ਤੌਂ ਇਸ ਪਰ ਗਰਵ ਕਰਨਾ ਚਾਹੀਏ। ਆਜ ਏਕ ਬ੍ਰਾਹਮਣ ਕਾ ਦਿਲ ਤੇਰੇ ਪੇ ਆ ਗਯਾ। ਯਹ ਕਯਾ ਕਮ ਖੁਸ਼ੀ ਕੀ ਬਾਤ ਹੈ ?

ਬ੍ਰਾਹਮਣ ਲੋਕ ਦਲਿਤ ਵਰਗ ਦੇ ਲੋਕਾਂ ਦੇ ਛੂਹ ਜਾਣ ਤੇ ਆਪਣੇ ਆਪ ਨੂੰ ਭਿਟ ਗਿਆ ਮਹਿਸੂਸ ਕਰਦੇ ਹਨ ਪ੍ਰੰਤੂ ਦਲਿਤ ਔਰਤ ਨਾਲ ਸਬੰਧ ਬਣਾਉਣ ਵਿੱਚ ਭਿਟ ਮਹਿਸੂਸ

ਨਹੀਂ ਕਰਦੇ। ਨਾਟਕਕਾਰ ਨੇ ਇਸ ਦੂਹਰੀ ਮਾਨਸਿਕਤਾ ਨੂੰ ਬਿਆਨ ਕੀਤਾ ਹੈ। ਦਲਿਤ ਵਰਗ ਨੂੰ ਸਾਡੇ ਸਮਾਜ ਵਿੱਚ ਇੱਕ ਵਸਤੂ ਦੇ ਸਾਮਾਨ ਹੀ ਸਮਝਿਆ ਜਾਂਦਾ ਸੀ। ਨਾ ਸਿਰਫ਼ ਆਰਥਿਕ, ਸਮਾਜਿਕ ਸਗੋਂ ਵਿੱਦਿਅਕ ਅਦਾਰਿਆਂ ਤੋਂ ਵੀ ਦਲਿਤਾਂ ਨੂੰ ਵਾਂਝੇ ਰੱਖਿਆ ਗਿਆ। ਉਹ ਉੱਚੀ ਜਾਤੀ ਦੇ ਬੱਚਿਆਂ ਨਾਲ ਸਕੂਲ ਵਿਚ ਪੜ੍ਹ ਨਹੀਂ ਸਕਦੇ ਸਨ। ਨਾਟਕਕਾਰ ਨੇ ਡਾ. ਭੀਮ ਰਾਓ ਅੰਬੇ ਦਕਰ ਜੋ ਦਲਿਤਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਹਨ ਦੀ ਕਹਾਣੀ ਨੂੰ ਬਿਆਨ ਕੀਤਾ ਹੈ। ਨਾਟਕ ਵਿੱਚ ਦਿਖਾਇਆ ਗਿਆ ਹੈ ਕਿ ਜਦੋਂ ਬੀ. ਆਰ ਅੰਬੇਦਕਰ ਬਾਲ ਅਵਸਥਾ ਵਿੱਚ ਪੜ੍ਹਨ ਦੀ ਜ਼ਿੱਦ ਕਰਦੇ ਹਨ ਤਾਂ ਉਨ੍ਹਾਂ ਦੀ ਮਾਤਾ ਸਕੂਲ ਦੇ ਅਧਿਆਪਕ ਕੋਲ ਜਾਂਦੀ ਹੈ ਪ੍ਰੰਤੂ ਅਧਿਆਪਕ ਪੜ੍ਹਾਉਣ ਤੋਂ ਪਹਿਲਾਂ ਸ਼ਰਤ ਰੱਖਦਾ ਹੈ। ਉਹ ਕਹਿੰਦਾ ਹੈ ਕਿ ਸਕੂਲ ਵਿਚ ਸ਼ੂਦਰ ਵਿਦਿਆਰਥੀ ਉੱਚ ਜਾਤ ਦੇ ਵਿਦਿਆਰਥੀਆਂ ਨਾਲ ਬੈਠ ਕੇ ਸਿੱਖਿਆ ਗ੍ਰਹਿਣ ਨਹੀਂ ਕਰ ਸਕਦਾ ਜੇਕਰ ਉਸ ਨੂੰ ਸਿੱਖਿਆ ਪ੍ਰਾਪਤ ਕਰਨੀ ਹੈ ਤਾਂ ਉਸ ਨੂੰ ਉੱਚ ਜਾਤੀ ਦੇ ਵਿਦਿਆਰਥੀਆਂ ਦੇ ਉਤਾਰੇ ਜੁੱਤਿਆਂ ਤੇ ਬੈਠਣਾ ਪਏਗਾ। ਉਸ ਨੂੰ ਖਾਣਾ ਵੀ ਕੰਧ ਵੱਲ ਮੂੰਹ ਕਰ ਕੇ ਖਾਣਾ ਪਏਗਾ ਤੇ ਉਹ ਸਕੂਲ ਦੇ ਪਾਣੀ ਨੂੰ ਹੱਥ ਨਹੀਂ ਲਾਵਾਂਗੇ। ਬਾਬਾ ਸਾਹਿਬ ਦੀ ਮਾਂ ਨੂੰ ਇਹ ਸਾਰੀਆਂ ਸ਼ਰਤਾਂ ਮਨਜ਼ੂਰ ਸਨ।

ਨਾਟਕਕਾਰ ਨੇ ਇਹ ਦਰਦਨਾਕ ਕਹਾਣੀ ਨੂੰ ਬਾਖੂਬੀ ਚਿਤਰਿਆ ਹੈ ਪੂਨਮ (ਸੂਤਰਧਾਰ ਦੇ ਰੂਪ ਵਿਚ) ਦਰਸ਼ਕੋ ! ਏਹ ਹਾਲਤ ਤੁਸੀਂ ਦੇਖੀ ? ਇਨ੍ਹਾਂ ਹਾਲਾਤਾਂ ਵਿੱਚ ਬਾਬਾ ਸਾਹੇਬ ਨੇ ਪੜ੍ਹਾਈ ਕੀਤੀ। (ਕਿਤਾਬ ਪੜ੍ਹਦੀ ਹੈ) ਸ਼ੂਦਰ ਕੋਈ ਸੰਪਤੀ ਇਕੱਠੀ ਨਹੀਂ ਕਰ ਸਕਦਾ ਤੇ ਬ੍ਰਾਹਮਣ ਕਿਸੇ ਵੀ ਵੇਲੇ ਉਸ ਦੀ ਸੰਪਤੀ ਤੇ ਕਬਜ਼ਾ ਕਰ ਸਕਦਾ ਹੈ।

ਭਾਰਤ ਵਿਚ ਸਦੀਆਂ ਤਕ ਜਾਤ ਆਧਾਰਿਤ ਭੇਦ ਭਾਵ ਕਾਇਮ ਰਿਹਾ ਹੈ। ਇਸ ਜਾਤ ਆਧਾਰਿਤ ਵਿਤਕਰੇ ਖ਼ਿਲਾਫ਼ ਸਮੇਂ ਸਮੇਂ ਤੇ ਕਈ ਸਮਾਜਿਕ ਰਾਜਨੀਤਿਕ ਅਤੇ ਧਾਰਮਿਕ ਰਹਿਬਰਾਂ ਨੇ ਆਵਾਜ਼ ਉਠਾਈ ਹੈ। ਇਨ੍ਹਾਂ ਵਿਚੋਂ ਨਾਟਕ ਦਾ ਪਾਤਰ ਬਿਸ਼ਨਾ ਰਾਮ ਜੋ ਆਪਣੇ ਪਿਤਾ ਨਾਲ ਹੋਈ ਵਧੀਕੀ ਦਾ ਬਦਲਾ ਲੈਣਾ ਚਾਹੁੰਦਾ ਸੀ। ਆਪਣੇ ਪਿਤਾ ਨਾਲ ਹੋਈ ਜ਼ਲਾਲਤ ਦਾ ਉਸ ਦੇ ਮਨ ਤੇ ਗਹਿਰਾ ਅਸਰ ਹੋਇਆ। ਉਸ ਦੇ ਪਿਤਾ ਭਾਗ ਰਾਮ ਜੋ ਬ੍ਰਾਹਮਣ ਦੀ ਲੜਕੀ ਦੀ ਬਰਾਤ ਵਿਚ ਆਪਣੇ ਸਾਥੀਆਂ ਸਮੇਤ ਜੂਠੇ ਪਕੌੜੇ ਖਾਣ ਲਈ ਟੈਂਟ ਵਿੱਚ ਘੁਸ ਗਿਆ। ਬਰਾਤੀਆਂ ਨੇ ਭਾਗ ਰਾਮ ਨੂੰ ਫੜ ਕੇ ਪੀਲ-ਪਾਵੇ ਨਾਲ ਬੰਨ੍ਹ ਦਿੱਤਾ। ਭਾਗ ਰਾਮ ਦਾ ਦੋਸ਼ ਸਿਰਫ਼ ਏਨਾ ਹੀ ਸੀ ਕਿ ਉਹ ਸ਼ੂਦਰ ਜਾਤੀ ਨਾਲ ਸਬੰਧ ਰੱਖਦਾ ਸੀ ਜਿਸ ਕਰਕੇ ਬ੍ਰਾਹਮਣਾਂ ਨੇ ਉਸ ਨੂੰ ਸਜ਼ਾ ਦਿੱਤੀ। ਆਪਣੇ ਪਿਤਾ ਨਾਲ ਹੋਈ ਬੇਇੱਜ਼ਤੀ ਦਾ ਬਦਲਾ ਲੈਣ ਲਈ ਉਹ ਇੰਗਲੈਂਡ ਚਲਾ ਗਿਆ ਤੇ ਉਥੇ ਉਸ ਨੇ ਖ਼ੂਬ ਪੈਸਾ ਕਮਾਇਆ ਅਤੇ ਵਾਪਸ ਪਿੰਡ ਆ ਕੇ ਜ਼ਮੀਨ ਖਰੀਦੀ ਤੇ ਆਪਣੇ ਭਾਈਚਾਰੇ ਦਾ ਸਮਾਜ ਵਿਚ ਵੱਕਾਰ ਵੀ ਬਣਾਇਆ।

ਨਾਟਕਕਾਰ ਨੇ ਦਲਿਤਾਂ ਵਿੱਚ ਆਈ ਸਮਾਜਿਕ, ਆਰਥਿਕ, ਸੱਭਿਆਚਾਰਕ ਚੇਤਨਾ ਨੂੰ ਵੀ ਦਰਸਾਇਆ ਹੈ। ਇਸ ਚੇਤਨਾ ਅਧੀਨ ਉਹ ਆਪਣੇ ਆਪ ਨਾਲ ਹੁੰਦੇ ਅਨਿਆਂ ਸੰਬੰਧੀ ਜਾਗਰੂਕ ਹੁੰਦੇ ਹਨ ਚਾਹੇ ਉਹ ਵਿੱਦਿਅਕ ਅਦਾਰੇ ਹੀ ਕਿਉਂ ਨਾ ਹੋਣ। ਨਾਟਕ ਵਿਚਲੇ ਪਾਤਰ ਬਿਸ਼ਨ ਰਾਮ ਦੇ ਬੇਟੇ ਪ੍ਰਕਾਸ਼ ਤੇ ਉਸ ਦੀ ਨੂੰਹ ਪੂਨਮ ਇੰਗਲੈਂਡ ਵਿੱਚ ਲੰਦਨ ਸਕੂਲ ਆਫ ਇਕਨੌਮਿਕਸ ਐਂਡ ਲਾਅ ਯੂਨੀਵਰਸਿਟੀ ਤੋਂ ਪੀਐੱਚ. ਡੀ ਹਾਸਿਲ ਕਰਦੇ ਹਨ। ਇੱਥੇ ਰਹਿ ਕੇ ਉਹ ਬੀ. ਆਰ

ਅੰਬੇਡਕਰ ਦੀਆਂ ਪੁਸਤਕਾਂ ਨੂੰ ਪੜ੍ਹਦੇ ਹੋਏ ਉਸ ਦੀ ਵਿਚਾਰਧਾਰਾ ਤੇ ਚਲਦੇ ਹਨ। ਪ੍ਰਕਾਸ਼ : ਪੂਨਮ ਨੇ ਤਾਂ ਉਨ੍ਹਾਂ ਦੀਆਂ ਲਗਪਗ ਸਾਰੀਆਂ ਕਿਤਾਬਾਂ ਤੇ ਹੋਰ ਲਿਖਤਾਂ ਪੜ੍ਹੀਆਂ ਹਨ। ਅਸੀਂ ਦੋਵਾਂ ਨੇ ਬਾਬਾ ਸਾਹਿਬ ਦੇ ਕਰਮਾਂ ਤੇ ਵਿਚਾਰਾਂ ਨੂੰ ਆਪਣੇ ਜੀਵਨ ਦਾ ਆਧਾਰ ਬਣਾਉਣ ਦੀ ਕੋਸ਼ਿਸ਼ ਕੀਤੀ ਹੈ।

ਨਾਟਕਕਾਰ ਨੇ ਨਾਟਕ ਵਿਚ ਪਿਸ ਰਹੇ ਦਲਿਤ ਵਰਗ ਨੂੰ ਸਿੱਖਿਆ ਰਾਹੀਂ ਚੇਤਨ ਹੁੰਦੇ ਹੋਏ ਦਿਖਾਇਆ ਹੈ। ਨਾਟਕ ਦੀ ਪਾਤਰ ਪੂਨਮ ਦਾ ਮੰਨਣਾ ਹੈ ਕਿ ਕਿਤਾਬਾਂ ਨੂੰ ਪੜ੍ਹ ਕੇ ਦਲਿਤ ਚੇਤਨਾ ਪਰਿਪੱਕ ਹੋਵੇਗੀ। ਜੇਕਰ ਦਲਿਤ ਚੇਤਨਾ ਹੋਵੇਗੀ ਤਾਂ ਹੀ ਉਹ ਜ਼ੁਲਮ ਪ੍ਰਤੀ ਆਵਾਜ਼ ਉਠਾ ਸਕਦੇ ਹਨ। ਪੂਨਮ : ਦਲਿਤ ਨੂੰ ਆਪਣੀ ਗੱਲ ਸੁਣਾਉਣ ਲਈ ਆਪਣੀ ਕੌਮ ਦੇ ਲੋਕ ਵੀ ਤਿਆਰ ਕਰਨੇ ਪੈਣੇ ਆ ਜੋ ਉਸ ਦੀ ਗੱਲ ਨੂੰ ਸੁਣਨ, ਕੇਵਲ ਸੁਣਨ ਹੀ ਨਾ ਬਲਕਿ ਗਹੁ ਨਾਲ ਸੁਣਨ। ਉਨ੍ਹਾਂ ਅੰਦਰ ਸੁਣਨ ਦੀ ਇੱਛਾ ਪੈਦਾ ਹੋਵੇ। ਇਸ ਕੰਮ ਲਈ ਕੋਈ ਰਾਜਨੀਤਿਕ ਤੇ ਸੱਭਿਆਚਾਰਕ ਤੰਤਰ ਖੜ੍ਹਾ ਕਰਨਾ ਲਾਜ਼ਮੀ ਹੁੰਦਾ ਹੈ। ਸੋ ਕਿਤਾਬਾਂ ਨੂੰ ਪੜ੍ਹ ਕੇ ਨੌਜਵਾਨਾਂ ਦੀ ਦਲਿਤ ਚੇਤਨਾ ਪਰਿਪੱਕ ਤੇ ਪ੍ਰਚੰਡ ਹੋਊਗੀ, ਇਸ ਵਿੱਚ ਕੋਈ ਸ਼ੱਕ ਨਹੀਂ, ਚੇਤਨਾ ਤੋਂ ਚਿੰਤਨ ਵੀ ਪੈਦਾ ਹੋਊਗਾ, ਇਸ ਚਿੰਤਨ ਚੋਂ ਜੋ ਆਵਾਜ਼ ਉੱਠੇਗੀ ਉਸ ਆਵਾਜ਼ ਨੂੰ ਹੁੰਗਾਰਾ ਦੇਣ ਵਾਲੇ ਉਹ ਲੋਕ ਤਾਂ ਹੋਣ ਜਿਨ੍ਹਾਂ ਦੀ ਗੱਲ ਕੀਤੀ ਜਾਣੀ ਹੈ। ਫੇਰ ਹੀ ਕ੍ਰਾਂਤੀ ਦੀ ਸੰਭਾਵਨਾ ਹੁੰਦੀ ਆ। ਇਹ ਕਿਤਾਬੀ ਚਿੰਤਨ ਨੇ ਹੀ ਲੋਕ ਚਿੰਤਨ ਵਿੱਚ ਬਦਲਣਾ ਹੁੰਦਾ। ਇਹ ਕੰਮ ਲਾਇਬਰੇਰੀ ਕਰ ਸਕਦੀ ਹੈ। ਮੈਂ ਤਾਂ ਚਾਹੁੰਦੀ ਸੀ ਕਿ ਲਾਇਬਰੇਰੀ ਬਣਾਈ ਜਾਣੀ ਚਾਹੀਦੀ ਆ।

ਇਸ ਤਰ੍ਹਾਂ ਨਾਟਕਕਾਰ ਦਰਸਾਉਂਦਾ ਹੈ ਜਿਸ ਸਿੱਖਿਆ ਕਾਰਨ ਦਲਿਤ ਕੁਛ ਵਰਨਾ ਤੱਕ ਸੀਮਿਤ ਸੀ ਅੱਜ ਉਹ ਆਪਣੇ ਹੱਕਾਂ ਤੇ ਅਧਿਕਾਰਾਂ ਪ੍ਰਤੀ ਚੰਗੀ ਤਰ੍ਹਾਂ ਸੁਚੇਤ ਹੋ ਗਿਆ ਹੈ। ਨਾਟਕਕਾਰ ਨੇ ਇਹ ਵੀ ਦਰਸਾਇਆ ਹੈ ਕਿ ਕਈ ਵਾਰੀ ਆਰਥਿਕ ਸਥਿਤੀਆਂ ਅਜਿਹੀਆਂ ਹੋ ਜਾਂਦੀਆਂ ਹਨ ਕਿ ਉੱਚੀ ਜਾਤੀ ਵਾਲਿਆਂ ਨੂੰ ਨੀਵਾਂ ਹੋਣ ਲਈ ਮਜਬੂਰ ਹੋਣਾ ਪੈਂਦਾ ਹੈ। ਨਾਟਕ ਵਿਚਲੀ ਪਾਤਰ ਲਹਿਣਾ ਸਿੰਘ ਦੀ ਨੂੰਹ ਜੋ ਕਿ ਇਕ ਜੱਟ ਘਰਾਣੇ ਨਾਲ ਸਬੰਧ ਰੱਖਦੀ ਹੈ ਆਪਣੀ ਆਰਥਿਕ ਸਥਿਤੀ ਕਾਰਨ ਦਲਿਤ ਬਿਸ਼ਨਾ ਰਾਮ ਕੋਲ ਮੈਰਿਜ ਪੈਲੇਸ ਵਿੱਚ ਰਿਆਇਤ ਕਰਨ ਦੀ ਬੇਨਤੀ ਕਰਦੀ ਹੈ ਪਰੰਤੂ ਬਿਸ਼ਨਾ ਰਾਮ ਆਪਣੇ ਪਿਛੋਕੜ ਨੂੰ ਯਾਦ ਕਰਦੇ ਹੋਏ ਮੈਰਿਜ ਪੈਲੇਸ ਵਿੱਚ ਰਿਆਇਤ ਨਹੀਂ ਕਰਦਾ ਕਿਉਂਕਿ ਬਿਸ਼ਨਾ ਰਾਮ ਨੂੰ ਅਜੇ ਤੱਕ ਯਾਦ ਹੈ ਲਹਿਣਾ ਸਿੰਘ ਦੇ ਬਾਪ ਪਿਸ਼ੌਰਾ ਸਿੰਘ ਨੇ ਗ਼ਰੀਬਾਂ ਦੀ ਕਦੇ ਸਤਿ ਸ੍ਰੀ ਆਕਾਲ ਤੱਕ ਦਾ ਜੁਆਬ ਨਹੀਂ ਦਿੱਤਾ। ਬਿਸ਼ਨਾ ਰਾਮ ਦੇ ਇਸ ਸਵਾਲ ਦਾ ਜਵਾਬ ਹਰਬੰਸ ਕੌਰ ਇਸ ਤਰ੍ਹਾਂ ਦਿੰਦੀ ਹੈ :

ਪੂਨਮ (ਹਰਬੰਸ ਕੌਰ ਦੇ ਰੂਪ ਵਿੱਚ) ਕਾਹਦੀ ਘੋੜੀ ? ਮੈਂ ਤਾਂ ਜਦ ਦੀ ਵਿਆਹੀ ਆਈ ਆਂ ਮੈਂ ਤਾਂ ਭੁੱਖਮਰੀ ਦੇਖੀ ਆ। ਅਸੀਂ ਤਾਂ ਨਾਂ ਦੇ ਜੱਟ ਆਂ। ਦੋ ਢਾਈ ਕਿੱਲਿਆਂ ਦੀ ਖੇਤੀ ਚੋਂ ਕੀ ਨਿਕਲਦਾ ? ਘਰ ਦਾ ਖਰਚ ਵੀ ਨਹੀਂ ਨਿਕਲਦਾ। ਚੌਧਰੀ ਸਾਹਬ ਤੁਸੀਂ ਤਾਂ ਸਾਰੀ ਉਮਰ ਵਲੈਤ ਵਿੱਚ ਰਹੇ ਹੋ, ਤੁਹਾਨੂੰ ਸਾਡੇ ਟੱਬਰ ਦੀ ਹਾਲਤ ਦਾ ਪਤਾ ਨੀ ਤੰਗੀਆਂ ਤੁਰਸ਼ੀਆਂ ਝੱਲ ਕੇ ਕੁੜੀ ਨੂੰ ਐਮ.ਏ. ਤਕ ਪੜ੍ਹਾ ਦਿੱਤਾ। ਸਾਡਾ ਤਾਂ ਐਨੇ ਨਾਲ ਈ ਲੱਕ ਟੁੱਟ ਗਿਆ। ਹੁਣ ਉਹਦੇ ਹੱਥ ਪੀਲੇ ਕਰ ਕੇ ਆਪਣੀ ਜ਼ਿੰਮੇਵਾਰੀ ਤੋਂ ਸੁਰਖਰੂ ਹੋਈਏ। ਚੌਧਰੀ ਸਾਹਬ, ਤੁਸੀਂ ਕਿਰਪਾ ਕਰੋ ਸਾਡੇ ਗ਼ਰੀਬਾਂ ਤੇ ਮਿਹਰਬਾਨੀ ਕਰ ਦਿਉ। ਰਐਤ ਕਰੋ ਕੁਛ।

ਲਹਿਣਾ ਸਿੰਘ ਹਮੇਸ਼ਾ ਜਾਤੀ ਹਉਮੈ ਵਿੱਚ ਜਿਊਣ ਵਾਲਾ ਵਿਅਕਤੀ ਸੀ। ਉਹ ਹਉਮੈ ਕਾਰਨ ਆਪਣੀ ਪੋਤੀ ਦਾ ਵਿਆਹ ਦਲਿਤ ਬਲਜੀਤ ਸਿੰਘ ਨਾਲ ਨਹੀਂ ਹੋਣ ਦੇਣਾ ਚਾਹੁੰਦਾ। ਬਲਜੀਤ ਵੀ ਹਰਜੀਤ ਨੂੰ ਇਸ ਜਾਤੀ ਸਿਸਟਮ ਨੂੰ ਸਮਝਣ ਲਈ ਕਹਿੰਦਾ ਹੈ ਪ੍ਰੰਤੂ ਉਹ ਸਮਝਦੀ ਨਹੀਂ। ਸਦੀਆਂ ਤੋਂ ਹੀ ਬ੍ਰਾਹਮਣਵਾਦ ਤੇ ਪੂੰਜੀਵਾਦ ਵਿੱਚ ਦਲਿਤ ਪਿਸ ਰਿਹਾ ਹੈ। ਹਮੇਸ਼ਾਂ ਉੱਚ ਵਰਗ ਵੱਲੋਂ ਇਨ੍ਹਾਂ ਦਾ ਸ਼ੋਸ਼ਣ ਕੀਤਾ ਜਾਂਦਾ ਰਿਹਾ ਹੈ। ਇਹ ਲੋਕ ਨਾ ਕਿਸੇ ਮੰਦਰ ਵਿੱਚ ਜਾ ਸਕਦੇ ਹਨ ਨਾ ਸਾਂਝੇ ਤਲਾਬਾਂ ਵਿੱਚੋਂ ਪਾਣੀ ਭਰ ਸਕਦੇ ਹਨ ਇੱਥੋਂ ਤੱਕ ਕਿ ਇਹ ਮੁਰਦੇ ਦਾ ਦਾਹ ਸੰਸਕਾਰ ਵੀ ਦੂਜੇ ਦੇ ਸਿਵਿਆਂ ਵਿੱਚ ਨਹੀਂ ਕਰ ਸਕਦੇ। ਇਹੋ ਜਿਹੀ ਸਥਿਤੀ ਨਾਟਕ ਵਿਚਲੇ ਪਾਤਰ ਸੋਮਪਾਲ ਨਾਲ ਹੁੰਦੀ ਹੈ। ਸੋਮਪਾਲ ਦੇ ਪਿਤਾ ਦੀ ਮੌਤ ਹੋ ਜਾਂਦੀ ਹੈ। ਦਲਿਤ ਵਰਗ ਦੇ ਸਿਵਿਆਂ ਵਿੱਚ ਪਾਣੀ ਭਰ ਜਾਂਦਾ ਹੈ ਜਿਸ ਕਾਰਨ ਉਹ ਪਿੰਡ ਦੇ ਦੂਜੇ ਸਿਵੇ ਵਿੱਚ ਅਰਥੀ ਨੂੰ ਲੈ ਜਾਂਦਾ ਹੈ ਪਰੰਤੂ ਲਹਿਣਾ ਸਿੰਘ ਉਸ ਦੇ ਪਿਤਾ ਦਾ ਦਾਹ ਸਸਕਾਰ ਨਹੀਂ ਕਰਨ ਦਿੰਦਾ। ਉਸ ਦਾ ਮੰਨਣਾ ਹੈ ਕਿ ਦਲਿਤਾਂ ਦੇ ਮੁਰਦੇ ਦਾ ਦਾਹ ਸਸਕਾਰ ਕਰਨ ਨਾਲ ਸਾਡਾ ਸਿਵਾ ਅਛੂਤ ਹੋ ਜਾਵੇਗਾ। ਸੋਮਪਾਲ ਆਪਣੇ ਪਿਤਾ ਦੀ ਅਰਥੀ ਐਂਬੂਲੈਂਸ ਮੰਗਵਾ ਕੇ ਸ਼ਹਿਰ ਭੇਜ ਦਿੰਦਾ ਹੈ। ਪਿੰਡ ਦਾ ਸਰਪੰਚ ਵੀ ਵੋਟਾਂ ਕਾਰਨ ਦਲਿਤਾਂ ਦੇ ਸਿਵੇ ਸੁਧਾਰਨ ਦੀ ਗੱਲ ਕਰਦਾ ਹੈ। ਉਹ ਝੂਠੇ ਵਾਅਦੇ ਕਰਦਾ ਹੈ ਪ੍ਰੰਤੂ ਉਨ੍ਹਾਂ ਨੂੰ ਪੂਰਾ ਨਹੀਂ ਕਰਦਾ। ਨਾਟਕਕਾਰ ਨੇ ਇਹ ਦਿਖਾਇਆ ਹੈ ਕਿ ਇਹ ਜਾਤੀਗਤ ਵੰਡੀਆਂ ਮਨੁੱਖ ਵੱਲੋਂ ਹੀ ਸਿਰਜੀਆਂ ਗਈਆਂ ਹਨ ਤੇ ਇਹ ਮਨੁੱਖ ਤੇ ਹੀ ਭਾਰੂ ਹੋ ਜਾਂਦੀਆਂ ਹਨ।

ਪੂਨਮ (ਸੂਤਰਧਾਰ ਦੇ ਰੂਪ ਵਿੱਚ) ਜਿਸ ਤਰ੍ਹਾਂ ਸੋਮਪਾਲ ਦੇ ਬਾਪ ਦਾ ਦਾਹ ਸਸਕਾਰ ਕਰਨ ਤੋਂ ਰੋਕਣ ਤੋਂ ਸਾਰੇ ਪਿੰਡ ਵਿਚ ਬਹੁਤ ਤਣਾਅ ਸੀ, ਇਹੀ ਤਣਾਉ ਉਨ੍ਹਾਂ ਦੀ ਅੰਤਿਮ ਅਰਦਾਸ ਵਿਚ ਵੀ ਦਿਖਾਈ ਦਿੰਦਾ ਸੀ। ਦੂਜੇ ਪਾਸੇ ਲਹਿਣਾ ਸਿੰਘ ਹਰਜੀਤ ਵੱਲੋਂ ਬਲਜੀਤ ਨਾਲ ਹੀ ਵਿਆਹ ਕਰਵਾਉਣ ਦੀ ਜਿੱਦ ਮੂਹਰੇ ਬੇਵੱਸ ਹੋ ਚੁੱਕਾ ਸੀ। ਲਹਿਣਾ ਸਿੰਘ ਨੇ ਸਮੇਂ ਦੇ ਵੇਗ ਨੂੰ ਸਵੀਕਾਰ ਕਰਨ ਦੀ ਥਾਂ ਉਸ ਨਾਲ ਟਕਰਾਉਣ ਦਾ ਫ਼ੈਸਲਾ ਕੀਤਾ। ਇਸ ਦਾ ਨਤੀਜਾ ਇਹ ਹੋਇਆ ਕਿ ਉਸ ਸਮੇਂ ਦੇ ਵੇਗ ਮੂਹਰੇ ਟਿਕ ਨਹੀਂ ਸਕਿਆ। ਆਪਣੀ ਪੋਤੀ ਹਰਜੀਤ ਦੇ ਵਿਆਹ ਤੋਂ ਇੱਕ ਦਿਨ ਪਹਿਲਾਂ ਉਸ ਨੇ ਖੁਦਕੁਸ਼ੀ ਕਰ ਲਈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਨਾਟਕਕਾਰ ਦੇਵਿੰਦਰ ਕੁਮਾਰ ਨੇ ਨਾਟਕ ਦੀਆਂ ਬਹੁਤ ਸਾਰੀਆਂ ਪਰਤਾਂ ਖੋਲ੍ਹੀਆਂ ਹਨ ਭਾਵੇਂ ਉਹ ਸਵਰਨ ਜਾਤੀ ਨਾਲ ਸਬੰਧ ਰੱਖਣ ਵਾਲਾ ਨਾਟਕਕਾਰ ਹੈ ਪਰੰਤੂ ਫਿਰ ਵੀ ਉਸ ਨੇ ਦਲਿਤ ਸਰੋਕਾਰਾਂ ਨੂੰ ਜਿੰਨੀ ਸ਼ਿੱਦਤ ਨਾਲ ਚਿਤਰਿਆ ਹੈ ਉਹ ਸ਼ਾਇਦ ਹੀ ਕੋਈ ਲੇਖਕ ਅਜਿਹਾ ਕਰ ਸਕੇ।

# ਫ਼ਜ਼ਲ ਸ਼ਾਹ ਦੁਆਰਾ ਰਚਿਤ ਸੋਹਣੀ ਦਾ ਥੀਮਿਕ ਵਿਸ਼ਲੇਸ਼ਣ

*ਪੂਜਾ ਦੁਆ*

'ਸੋਹਣੀ ਫ਼ਜ਼ਲ ਸ਼ਾਹ' ਸੋਹਣੀ ਕਿੱਸਾ ਧਾਰਾ ਦਾ ਸਭ ਤੋਂ ਵੱਧ ਲੋਕਪ੍ਰਿਅ ਕਿੱਸਾ ਹੈ। 'ਵਾਰਿਸ ਸ਼ਾਹ' ਵਾਂਗ ਫ਼ਜ਼ਲ ਸ਼ਾਹ ਵੀ ਕਿੱਸੇ ਦਾ ਆਰੰਭ ਅੱਲ੍ਹਾ ਦੀ ਸਿਫ਼ਤ ਨਾਲ ਕਰਦਾ ਹੈ, ਜਿਸ ਨੇ ਇਸ਼ਕ ਰਾਹੀਂ ਸਾਰਾ ਸੰਸਾਰ ਪੈਦਾ ਕੀਤਾ।

ਇਸ਼ਕ ਫ਼ਜ਼ਲ ਸ਼ਾਹ ਦੁਆਰਾ ਰਚਿਤ 'ਸੋਹਣੀ' ਦੇ ਕਿੱਸੇ ਦਾ ਕੇਂਦਰੀ ਥੀਮ ਹੈ, ਜੋ ਅਮਰ ਸਦੀਵੀ ਮੁੱਲਾਂ ਉੱਤੇ ਆਧਾਰਿਤ ਹੋਣ ਕਰ ਕੇ ਕਾਲ-ਪਾਸਾਰ ਦੀਆਂ ਹੱਦਾਂ ਲਕੀਰਾਂ ਨੂੰ ਉਲੰਘਦਾ ਹੋਇਆ। ਸਰਬ ਕਲਾ ਵਿਚ ਆਪਣੀ ਮਹੱਤਵਸ਼ੀਲਤਾ, ਬਰਕਰਾਰ ਰੱਖਣ ਦੇ ਸਮਰੱਥ ਹੈ।

ਫ਼ਜ਼ਲ ਸ਼ਾਹ ਨੇ ਆਪਣੀ ਰਚਨਾ 'ਸੋਹਣੀ' ਵਿਚ ਸੋਹਣੀ ਦੀ ਸੁੰਦਰਤਾ ਦੀ ਅਲੋਕਾਰਤਾ ਕਸ਼ਿਸ਼ ਅਤੇ ਪ੍ਰਭਾਵ ਨੂੰ ਬੜੇ ਕਲਾਤਮਕ ਢੰਗ ਨਾਲ ਪੇਸ਼ ਕੀਤਾ ਹੈ। ਸੋਹਣੀ ਦੀ ਅਦਭੁਤ ਸੁੰਦਰਤਾ ਦਾ ਪ੍ਰਭਾਵ ਏਨਾ ਜਾਦੂਮਈ ਹੈ ਕਿ ਕੋਈ ਵੀ ਉਸ ਵੱਲ ਵੇਖਦਾ ਹੈ ਆਪਣੀ ਹੋਸ਼ ਗਵਾ ਬਹਿੰਦਾ ਹੈ। ਹੋਰ ਤਾਂ ਹੋਰ ਜਦੋਂ ਸੋਹਣੀ ਹਾਰ ਸ਼ਿੰਗਾਰ ਕਰਕੇ ਨਿਕਲਦੀ ਹੈ ਤਾਂ ਮਨੁੱਖ ਤਾਂ ਕੀ ਪੰਛੀ ਵੀ ਉਸ ਦੀ ਸੁੰਦਰਤਾ ਨੂੰ ਵੇਖ ਕੇ ਦੀਵਾਨੇ ਹੋ ਜਾਂਦੇ ਹਨ।

ਸੋਹਣੀ ਦੀ ਸੁੰਦਰਤਾ ਦਾ ਵਰਣਨ ਕਰਦੇ ਸਮੇਂ ਕਵੀ ਨੇ ਉਸਦੀਆਂ ਅੱਖਾਂ ਨੂੰ ਕਟਾਰ ਦੇ ਤੇਜ਼ ਧਾਰ ਨਾਲ ਉਪਮਾਇਆ ਹੈ ਅਤੇ ਸ਼ਿੰਗਾਰ ਰਸ ਦੀ ਵਰਤੋਂ ਕੀਤੀ। ਸੋਹਣੀ ਤਾਂ ਸੋਹਣੀ ਹੀ ਹੈ ਪਰ ਜਦੋਂ ਕਵੀ ਉਸ ਦੀ ਸਹੇਲੀਆਂ ਦੇ ਹੁਸਨ ਦੀ ਤਾਰੀਫ਼ ਕਰਦਾ ਹੈ ਤਾਂ ਉਹ ਸੋਹਣੀ ਤੋਂ ਘੱਟ ਨਹੀਂ ਲੱਗਦੀਆਂ। ਸੋਹਣੀ ਨੂੰ ਉਸ ਦੀਆਂ ਸਹੇਲੀਆਂ ਦੀ ਸਿਰਤਾਜ ਬਣਾ ਦਿੱਤਾ ਹੈ। ਹਾਫ਼ਿਜ਼ ਤੇ ਵਾਰਿਸ ਵਾਂਗ ਫ਼ਜ਼ਲ ਸ਼ਾਹ ਵੀ ਸੋਹਣੀ ਦੀ ਸਰੀਰਕ ਸੁੰਦਰਤਾ ਦੇ ਵਰਣਨ ਤੋਂ ਸੰਕੋਚ ਨਹੀਂ ਕਰਦਾ।

ਸੋਹਣੇ ਦੰਦ ਆਹੇ ਦਾਣੇ ਮੋਤੀਆਂ ਦੇ
ਸੋਹਣੇ ਤੋਰ ਰਖੇ ਪਾਲ ਪਲ ਮੀਆਂ।
ਸੀਨੇ ਸਾਫ਼ ਤੇ ਸੇਉ ਵਲਾਇਤੀ ਸਨ,

*ਗੈਸਟ ਲੈਕਚਰਾਰ, ਸ੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਦਿੱਲੀ ਯੂਨੀਵਰਸਿਟੀ, ਦਿੱਲੀ*

ਜ਼ੁਲਫ਼ਾਂ ਨਾਗ ਆਹੇ ਰਖਵਾਲ ਮੀਆਂ।
ਨੀਮ ਖ਼ੂਬ ਆਹੇ ਦੋਵੇਂ ਨੈਣ ਉਸਦੇ,
ਸੋਹਣਾ ਮੁਖ ਮਹਿਤਾਬ ਮਿਸਾਲ ਮੀਆਂ।

ਪਰੰਤੂ ਉਸ ਦੀ ਸੁੰਦਰਤਾ ਤੇ ਏਨੇ ਵਿਸਤ੍ਰਿਤ ਅਧਿਐਨ ਦੇ ਉਲਟ ਮਹੀਂਵਾਲ ਦੀ ਸੁੰਦਰਤਾ ਦਾ ਵਰਣਨ ਕਿੱਸੇ ਵਿਚ ਸੰਕੇਤ ਮਾਤਰ ਹੀ ਕੀਤਾ ਹੈ।

ਦਾਈ ਵੇਖ ਕੇ ਹੁਸਨ ਖਿਆਲ ਕੀਤਾ
ਸ਼ਾਇਦ ਫੇਰ ਯੂਸਫ਼ ਨਮੂਦਾਰ ਹੋਇਆ।

ਮਹੀਂਵਾਲ ਨੂੰ 'ਯੂਸਫ਼' ਕਹਿਣਾ, ਉਸ ਦੀ ਅਦਭੁੱਤ ਸੁੰਦਰਤਾ ਦਾ ਪ੍ਰਮਾਣ ਹੈ। ਪਰ ਜਿਵੇ ਂ ਕਿ ਬਾਕੀ ਕਿੱਸਾ ਕਵੀਆਂ ਨੇ ਨਾਇਕ ਨਾਲੋਂ ਨਾਇਕਾ ਦੀ ਸੁੰਦਰਤਾ ਵੱਲ ਵਧੇਰੇ ਧਿਆਨ ਦਿੱਤਾ ਹੈ, ਫ਼ਜ਼ਲ ਸ਼ਾਹ ਵੀ ਇਸੇ ਵਿਚਾਰ ਦਾ ਧਾਰਨੀ ਹੈ।

ਇਸ਼ਕ ਦੇ ਕਿੱਸਿਆਂ ਵਿਚ ਮੋਰਚੇਬੰਦੀ ਜਾਂ ਕਠਿਨ ਇਮਤਿਹਾਨ ਔਰਤਾਂ ਦੇ ਦਰਪੇਸ਼ ਵਧੇਰੇ ਆਇਆ ਹੈ ਅਤੇ ਉਹ ਸੰਕਟਮਈ ਸਥਿਤੀਆਂ ਵਿਚ ਮਰਦਾਂ ਨਾਲੋਂ ਜ਼ਿਆਦਾ ਦ੍ਰਿੜ੍ਹ ਅਤੇ ਅਣਚਾਹੀਆਂ ਸਥਿਤੀਆਂ ਦਾ ਮੁਕਾਬਲਾ ਕਰਦੀਆਂ ਹਨ। ਪ੍ਰਮਾਣ ਵਜੋਂ ਸੁਹਾਗਰਾਤ ਤੇ ਸੋਹਣੀ ਆਪਣੇ ਪਤੀ ਨਾਲ ਹੱਥੋਪਾਈ ਕਰਦੀ ਹੈ, ਪਰਮਾਤਮਾ ਅੱਗੇ ਦੁਆ ਕਰਦੀ ਹੈ ਕਿ ਉਸ ਦਾ ਪਤੀ ਅਮਾਨਤ ਵਿਚ ਖਿਆਨਤ ਨਾ ਕਰ ਸਕੇ। ਫ਼ਜ਼ਲ ਸ਼ਾਹ ਅਨੁਸਾਰ :

ਆਈ ਕਹਿਰ ਕਲੂਰ ਦੀ ਰਾਤ ਯਾਰੋ,
ਦੋਵੇਂ ਪਲੰਘ ਤੇ ਚਾ ਸਵਣ ਮੀਆਂ।
ਲੱਗਾ ਦਸਤ ਦਰਾਜ਼ ਕਰੀਬ ਕਰਨੇ,
ਦਿੱਤੀ ਸੋਹਣੀ ਪੇਸ਼ ਨਾ ਜਾਣ ਮੀਆਂ।
ਹੱਥੋਂ ਕਾਰ ਕੀਤੀ ਖ਼ੂਬ ਸੋਹਣੀ ਨੇ,
ਦਿੱਤੀ ਹੋਸ਼ ਭੁਲਾ ਜਹਾਨ ਮੀਆਂ।
ਦੋਵੇਂ ਹੱਥ ਉਠਾਇ ਦੁਆ ਮੰਗੀ,
ਮਹੀਂਵਾਲ ਦਾ ਰੱਖ 'ਅਮਾਨ' ਮੀਆਂ।

ਫ਼ਜ਼ਲ ਸ਼ਾਹ ਦੀ ਵਿਚਾਰਾਧੀਨ ਰਚਨਾ 'ਸੋਹਣੀ' ਦੇ ਰਚਨਾ ਪਾਠ ਥਾਣੀ ਲੰਘਦਿਆਂ ਹੋਇਆਂ ਇਸ ਦੀ ਥੀਮਕ ਇਕਾਈ ਦੀਆਂ ਅੰਦਰਲੀਆਂ ਪਰਤਾਂ ਫਰੋਲਦਿਆਂ ਹੋਇਆਂ ਇਹ ਗੱਲ ਸਹਿਜੇ ਹੀ ਸਾਹਮਣੇ ਆਉਂਦੀ ਹੈ ਕਿ ਫ਼ਜ਼ਲ ਸ਼ਾਹ ਨੇ ਆਪਣੇ ਕਿੱਸੇ ਵਿਚ ਪਿਆਰ ਅਤੇ ਮੌਤ ਨਾਲ ਜੁੜੀਆਂ ਕਥਾਨਕ ਰੂੜ੍ਹੀਆਂ ਦਾ ਆਪਣੀ ਰਚਨਾ ਵਿਚ ਕਲਾਤਮਕ ਅੰਦਾਜ਼ ਵਿਚ ਪ੍ਰਯੋਗ ਕੀਤਾ ਹੈ।

ਵਿਚਾਰਾਧੀਨ ਕਿੱਸੇ ਦੀ ਥੀਮਿਕ ਇਕਾਈ ਬਾਰੇ ਚਰਚਾ ਕਰਦਿਆਂ ਹੋਇਆਂ ਇਹ ਸਪੱਸ਼ਟ ਕਰਨਾ ਵੀ ਲਾਜ਼ਮੀ ਹੈ ਕਿ ਇਹ ਜ਼ਰੂਰੀ ਨਹੀਂ ਕਿ ਥੀਮਿਕ ਇਕਾਈ ਦਾ ਸੰਬੰਧ ਕਿਸੇ ਇਕ ਰਚਨਾ

ਵਿਸ਼ੇਸ਼ ਨਾਲ ਹੋਵੇ। ਥੀਮਿਕ ਇਕਾਈ ਇਕ ਤੋਂ ਵਧੀਕ ਕਿਰਤਾਂ ਵਿਚ ਵੀ ਉਪਲਬਧ ਹੋ ਸਕਦੀ ਹੈ। ਕਿੱਸੇ ਵਿਚ ਪੇਸ਼ ਕੀਤੀ ਗਈ ਕਥਾ ਕਾਲ ਕ੍ਰਮ ਦੇ ਕਾਰਜ ਕਾਰਨ ਦੀ ਨਿਆਂਇਕ ਲੜੀ ਵਿਚ ਪਰੁੱਚੇ ਮੋਟਿਫ਼ਾਂ ਦਾ ਜੋੜ ਮੇਲ ਮੋਟਿਫ਼ ਨਾਲ ਉਸਾਰਦਾ ਹੈ। ਕਥਾਨਕ, ਮੂਲ ਰਚਨਾ ਵਿਚ ਵਿਸ਼ੇਸ਼ ਗਠਨ ਵਿਚ ਪਰੁੱਚੇ ਮੋਟਿਫ਼ਾਂ ਦਾ ਸਮੂਹ ਹੁੰਦਾ ਹੈ। ਕਥਾਨਕ ਦਾ ਸੋਹਜਾਤਮਕ ਕਾਰਜ ਮੋਟਿਫ਼ਾਂ ਦੇ ਵਿਲੱਖਣ ਸੰਗਠਨ ਉਤੇ ਪਾਠਕ ਦਾ ਧਿਆਨ ਵਧੇਰੇ ਸਮੇਂ ਲਈ ਕੇਂਦਰਿਤ ਕਰਨਾ ਹੈ। ਰੂਸੀ ਰੂਪਵਾਦੀਆਂ ਨੇ ਇਸੇ ਨੂੰ ਹੀ ਅਜਨਬੀਕਰਣ ਕਿਹਾ ਹੈ।

ਵਿਚਾਰਾਧੀਨ ਕਿੱਸੇ ਦੀਆਂ ਅੰਦਰੂਨੀ ਪਰਤਾਂ ਨੂੰ ਫਰੋਲਦਿਆਂ ਹੋਇਆਂ ਇਸ ਕਿੱਸੇ ਦੇ ਬਿਰਤਾਂਤ ਵਿਚ ਮੌਜੂਦ ਬੱਝੇ ਮੋਟਿਫ਼ ਪਾਠਕ ਦੀ ਦ੍ਰਿਸ਼ਟੀ ਦਾ ਕੇਂਦਰ ਬਿੰਦੂ ਬਣਦੇ ਹਨ। ਜਿੱਥੇ ਖੁੱਲ੍ਹੇ ਮੋਟਿਫ਼ ਕਥਾਨਕ ਵਿਚੋਂ ਖਾਰਜ ਹੋ ਸਕਦੇ ਹਨ ਉਥੇ ਬੱਝੇ ਮੋਟਿਫ਼ ਕਥਾਨਕ ਵਿਚੋਂ ਕਿਸੇ ਵੀ ਪ੍ਰਕਾਰ ਖਾਰਜ ਨਹੀਂ ਹੋ ਸਕਦੇ। ਫ਼ਜ਼ਲ ਸ਼ਾਹ ਦੇ ਇਸ ਕਿੱਸੇ ਵਿਚ ਘੜਾ ਦਰਿਆ ਪੱਟ ਦਾ ਮਾਸ ਖੁਆਣਾ, ਮੱਝਾਂ ਚਾਰਨਾ, ਫ਼ਕੀਰ ਬਣਨਾ, ਸੋਹਣੀ ਦਾ ਕਿਤੇ ਹੋਰ ਵਿਆਹ, ਨਨਾਣ ਦੀ ਭੂਮਿਕਾ ਤੇ ਸੌਦਾਗਰੀ ਦਾ ਰੁਤਬਾ, ਬੱਝੇ ਮੋਟਿਫ਼ ਹਨ। ਜਿਹੜੇ ਕਥਾਨਕ ਦੀ ਸੰਰਚਨਾ ਦਾ ਅਟੁੱਟ ਹਿੱਸਾ ਹਨ।

ਵੰਝੀ ਹਾਥ ਝਨਾਉਂ ਅੰਧੇਰ ਚੜੀ
ਉਸ ਰਾਤ ਸੀ ਐਡ ਉਛਾਲ ਹੋਈ।
ਕੱਚਾ ਘੜਾ ਗੁਦਾਜ਼ ਹੋ ਗਿਆ ਸਾਰਾ,
ਵਾਹਾਨ ਭਿੱਜ ਗਈ ਮੰਦੇ ਹਾਲ ਹੋਈ।

ਕੱਚੇ ਘੜੇ ਦਾ ਮੋਟਿਫ਼ ਇਸ ਰਚਨਾ ਪਾਠ ਵਿਚ ਇਸ ਲਈ ਆਪਣੀ ਮਹੱਤਵਸ਼ੀਲਤਾ ਨੂੰ ਕਾਇਮ ਰੱਖ ਸਕਿਆ ਹੈ ਕਿਉਂਕਿ ਘੁਮਿਆਰ ਦੀ ਧੀ ਹੋਣ ਦੇ ਨਾਤੇ ਸੋਹਣੀ ਨੂੰ ਕੱਚੇ ਘੜੇ ਦੀ ਮਦਦ ਨਾਲ ਝਨਾਂ ਵਿਚ ਠਿੱਲਣ ਦਾ ਭਲੀ ਪ੍ਰਕਾਰ ਪਤਾ ਸੀ ਕਿ ਇਸ ਘੜੇ ਦੇ ਸਹਾਰੇ ਉਹ ਦਰਿਆ ਪਾਰ ਨਹੀਂ ਕਰ ਸਕਦੀ ਸੀ। ਇਸ ਲਈ ਉਸ ਦੀ ਹੋਣੀ ਨਿਸਚਿਤ ਸੀ ਜਿਸ ਤੋਂ ਉਹ ਪੂਰੀ ਤਰ੍ਹਾਂ ਬਾਖ਼ਬਰ ਸੀ।

ਜਾਨ ਤਲੀ ਉੱਤੇ ਧਰ ਕੇ ਮਹਿਬੂਬ ਕੋਲ ਪਹੁੰਚਣ ਦੀ ਭਾਵਨਾ ਹੀ ਉਸ ਨੂੰ ਇਹ ਕਦਮ ਚੁੱਕਣ ਦੇ ਲਈ ਮਜਬੂਰ ਕਰਦੀ ਹੈ।

ਪਿਆਰ ਵਿਚ ਰੋਕਾਂ ਪਾਉਣ ਵਾਲੇ ਦੋਖੀ ਹਰ ਸਮੇਂ ਵਿਚ ਰਹੇ ਹਨ। ਵਿਚਾਰਾਧੀਨ ਕਿੱਸੇ ਵਿਚ ਸੋਹਣੀ ਵੀ ਆਪਣੀ ਨਨਾਣ ਦੇ ਕਾਰਨ ਕੱਚੇ ਘੜੇ ਤੇ ਠਿੱਲ ਕੇ ਮਾਰੀ ਜਾਂਦੀ ਹੈ।

ਪੰਜਾਬੀ ਕਿੱਸਾਕਾਰਾਂ ਵਿਚੋਂ ਫ਼ਜ਼ਲ ਸ਼ਾਹ ਨੇ ਸੰਗੀਤ ਰਾਹੀਂ ਦੁਖਾਂਤ ਨੂੰ ਵਧੇਰੇ ਸੋਜ਼ ਭਰਪੂਰ ਬਣਾ ਦਿੱਤਾ ਹੈ। ਸੋਹਣੀ ਦੇ ਅੰਤਲੇ ਸਮੇਂ ਕੀਤੇ ਵਿਰਲਾਪ ਦਾ ਵਰਣਨ ਪਾਠਕ ਜਾਂ ਸਰੋਤੇ ਦੇ ਸੁੱਤੇ ਦਰਦਾਂ ਨੂੰ ਜਗਾ ਦਿੰਦਾ ਹੈ। ਇਸ ਕਿੱਸੇ ਵਿਚ ਸਭ ਤੋਂ ਤੀਬਰ ਕਰੁਣਾ ਰਸ ਦਾ ਪ੍ਰਗਟਾਵਾ ਸੋਹਣੀ ਦੇ ਮਰਨ ਵੇਲੇ ਦਾ ਬਿਆਨ ਦਰਦ ਵਿਲਕਣੀ ਦੀਆਂ ਸਿਖ਼ਰੀ ਹੱਦਾਂ ਛੋਂਹਦਾ ਹੈ। ਅਰਜ਼ੋਈਆਂ ਕਰਦੀ ਹੋਈ ਸੋਹਣੀ ਡੁੱਬ ਜਾਂਦੀ ਹੈ। ਉਹ ਸਰੀਰ ਦੇ ਕੱਚੇ ਘੜੇ ਨੂੰ ਝਨਾਂ ਦੇ ਇਸ਼ਕ ਦੇ ਪਾਣੀਆਂ ਵਿਚ ਖੋਰ ਕੇ ਮੌਤ ਦਾ ਕਾਲਾ ਸਮੁੰਦਰ ਤਰ ਜਾਂਦੀ ਹੈ ਅਤੇ ਅਮਰ ਕਰਨ ਵਾਲਾ ਮੌਤ ਦਾ ਅੰਮ੍ਰਿਤ ਪਿਆਲਾ ਪੀ ਜਾਂਦੀ ਹੈ। ਜਿਥੇ ਦੁਪਹਿਰ ਥਲਾਂ ਵਿਚ ਸੜਦੀ ਹੈ, ਉਥੇ ਸੋਹਣੀ

ਅੱਧੀ ਰਾਤੀ ਜਲ ਵਿਚ ਗ਼ਰਕ ਹੁੰਦੀ ਹੈ।

ਦੂਜੇ ਪਾਸੇ ਮਹੀਂਵਾਲ ਵੀ ਸੋਹਣੀ ਨੂੰ ਮਿਲਣ ਲਈ ਬੇਕਰਾਰ ਹੋ ਰਿਹਾ ਸੀ ਕਿ ਅਚਾਨਕ ਰੂਹ ਉਸ ਨੂੰ ਮੌਤ ਦੀ ਖ਼ਬਰ ਦਿੰਦੀ ਹੈ। ਮਹੀਂਵਾਲ ਉਸ ਦੇ ਵਿਯੋਗ ਵਿਚ ਤੜਪਦਾ ਹੈ ਤੇ ਉਸ ਦੇ ਮਿਲਣ ਲਈ ਵਿਆਕੁਲ ਹੋ ਜਾਂਦਾ ਹੈ। ਉਧਰ ਪਾਣੀ ਦੀ ਵਿਰੋਧਤਾ ਦੇ ਬਾਵਜੂਦ ਵੀ ਸੋਹਣੀ ਦੀ ਲਾਸ਼ ਮਹੀਂਵਾਲ ਵੱਲ ਰਵਾਨਾ ਹੋ ਜਾਂਦੀ ਹੈ। ਇਸ ਪ੍ਰਕ੍ਰਿਆ ਨੂੰ ਫ਼ਜ਼ਲ ਸ਼ਾਹ ਰੱਬੀ ਹੁਕਮ ਕਰਾਰ ਦਿੰਦਾ ਹੈ। ਮਹੀਂਵਾਲ ਦੇ ਨਜ਼ਦੀਕ ਪਹੁੰਚ ਕੇ ਸੋਹਣੀ ਦਾ ਬੁੱਤ ਦੋਵੇਂ ਹੱਥ ਪਸਾਰ ਕੇ ਉਸ ਨੂੰ ਮਿਲਣ ਲਈ ਸੱਦਾ ਦਿੰਦਾ ਹੈ। ਮਹੀਂਵਾਲ ਝਨਾਂ ਵਿਚ ਛਾਲ ਮਾਰ ਦਿੰਦਾ ਹੈ। ਤੇ ਦੋਵੇਂ ਪ੍ਰੇਮੀ ਗਲੇ ਮਿਲਦੇ ਹਨ।

ਆਸ਼ਕਾਂ ਦੀ ਮੌਤ ਤੋਂ ਬਾਅਦ ਰੂਹਾਂ ਦਾ ਇਹ ਮਿਲਾਪ ਜਿਥੇ ਇਸ਼ਕ ਦੇ ਪ੍ਰਵਾਨਗੀ ਦਾ ਸੂਚਕ ਹੈ ਉਥੇ ਆਸ਼ਕਾਂ ਦੇ ਸਮਾਜਿਕ ਤੌਰ 'ਤੇ ਹਾਰਨ ਦੇ ਬਾਵਜੂਦ ਵੀ ਨੈਤਿਕ ਤੌਰ 'ਤੇ ਜਿੱਤ ਦਾ ਸੂਚਕ ਹੈ। ਫ਼ਜ਼ਲ ਸ਼ਾਹ ਅਨੁਸਾਰ ਆਸ਼ਕ ਜਾਣ ਬੁੱਝ ਕੇ ਇਕ ਪਿੱਛੇ ਆਪਣੀ ਜਾਨ ਕੁਰਬਾਨ ਕਰ ਦਿੰਦੇ ਹਨ ਕਿਉਂਕਿ ਜਾਨ ਦਿੱਤਿਆਂ ਬਗ਼ੈਰ ਮਿਲਾਪ ਅਸੰਭਵ ਹੈ:

ਪਿੱਛੇ ਇਸ਼ਕ ਜਾਨੀ ਦਿੱਤੀ ਜਾਨ ਜਾਨੀ,<br>
ਰੱਖ ਮਿਦਦ ਯਕੀਨ ਈਮਾਨ ਬੇਲੀ<br>
ਬਿਜਲੀ ਆਹ ਫਿਰਾਕ ਦੇ ਨਾਲ ਮਾਰੇ,<br>
ਪਹੁੰਚੀ ਖਬਰ ਜ਼ਮੀਨ ਅਸਮਾਨ ਬੇਲੀ।<br>
ਜਾਨ ਦਿੱਤਿਆਂ ਬਾਝ ਨਾ ਯਾਰ ਮਿਲਦਾ।

ਕੱਚੇ ਘੜੇ ਦਾ ਮੋਟਿਫ਼ ਇਸ ਰਚਨਾ ਪਾਠ ਵਿਚ ਇਸ ਲਈ ਆਪਣੀ ਮਹੱਤਵਸ਼ੀਲਤਾ ਨੂੰ ਕਾਇਮ ਰੱਖ ਸਕਿਆ ਹੈ ਕਿਉਂਕਿ ਘੁਮਿਆਰ ਦੀ ਧੀ ਹੋਣ ਦੇ ਨਾਤੇ ਸੋਹਣੀ ਨੂੰ ਕੱਚੇ ਘੜੇ ਦੀ ਮਦਦ ਨਾਲ ਝਨਾਂ ਵਿਚ ਠਿੱਲਣ ਦਾ ਭਲੀ ਪ੍ਰਕਾਰ ਪਤਾ ਸੀ ਕਿ ਇਸ ਘੜੇ ਦੇ ਸਹਾਰੇ ਉਹ ਦਰਿਆ ਪਾਰ ਨਹੀਂ ਕਰ ਸਕਦੀ ਸੀ। ਇਸ ਲਈ ਉਸ ਦੀ ਹੋਣੀ ਨਿਸ਼ਚਿਤ ਸੀ। ਜਾਨ ਤਲੀ ਉੱਤੇ ਧਰ ਕੇ ਆਪਣੇ ਮਹਿਬੂਬ ਕੋਲ ਪਹੁੰਚਣ ਦੀ ਭਾਵਨਾ ਹੀ ਉਸ ਨੂੰ ਇਹ ਕਦਮ ਚੁੱਕਣ ਦੇ ਲਈ ਮਜਬੂਰ ਕਰਦੀ ਹੈ। ਦੂਜੇ ਪਾਸੇ ਕਬਾਬ ਬਣਾਉਣ ਲਈ ਮੱਛੀ ਨਾ ਮਿਲਣ ਤੇ ਮਹੀਂਵਾਲ ਤੇ ਮਹੀਂਵਾਲ ਵੱਲੋਂ ਆਪਣੇ ਪੱਟ ਦਾ ਮਾਸ ਚੀਰ ਕੇ ਕਬਾਬ ਤਿਆਰ ਕਰਕੇ ਸੋਹਣੀ ਨੂੰ ਖੁਆਉਣਾ ਮਹੀਂਵਾਲ ਦੇ ਮਨ ਵਿਚ ਸੋਹਣੀ ਪ੍ਰਤੀ ਡੂੰਘੀ ਪਿਆਰ ਭਾਵਨਾ ਦਾ ਪ੍ਰਤੀਕ ਹੈ।

ਸੋਹਣੀ ਦੇ ਇਸ਼ਕ ਦਾ ਪੱਟਿਆ ਉਹ ਉਸ ਦੇ ਘਰ ਵਿਚ ਕੂੜਾ ਵੀ ਸਾਫ਼ ਕਰਦਾ ਹੈ ਤੇ ਮੱਝੀਆਂ ਵੀ ਚਾਰਦਾ ਹੈ ਅਤੇ ਫ਼ਕੀਰ ਵੀ ਬਣਦਾ ਹੈ।

ਵਿਚਾਰਾਧੀਨ ਕਿੱਸੇ ਵਿਚ ਪ੍ਰਸਤੁਤ ਮੋਟਿਫ਼ਾਂ ਦਾ ਸਥਿਤੀ ਦੇ ਸੰਦਰਭ ਵਿਚ ਅਧਿਐਨ ਕੀਤਿਆਂ ਇਸ ਰਚਨਾ ਦੀ ਥੀਮਿਕ ਵਿਲੱਖਣਤਾ ਹੋਰ ਜ਼ਿਆਦਾ ਪ੍ਰਕਾਸ਼ਤਾਨ ਹੁੰਦੀ ਹੈ। ਮਹੀਂਵਾਲ ਉਰਫ਼ ਇੱਜ਼ਤ ਬੇਗ ਸੋਹਣੀ ਅਤੇ ਨਨਾਣ ਦਾ ਕਿਸੇ ਵਿਸ਼ੇਸ਼ ਕਾਲ ਬਿੰਦੂ ਉੱਤੇ ਕਾਇਮ ਹੋਇਆ ਅੰਤਰ ਸੰਬੰਧ ਇਸ ਕਿਸਮ ਦਾ ਹੈ ਕਿ ਮੋਟਿਫ਼ ਗਤੀਸ਼ੀਲਤਾ ਅਖ਼ਤਿਆਰ ਕਰ ਲੈਂਦੇ ਹਨ। ਇਹ ਮੋਟਿਫ਼ ਇਸ ਲਈ ਹਨ ਕਿਉਂਕਿ ਇਹ ਸਥਿਤੀ ਪਰਿਵਰਤਨ ਵਿਚ ਸਹਾਇਕ ਸਿੱਧ ਹੁੰਦੇ ਹਨ।

ਫ਼ਜ਼ਲ ਸ਼ਾਹ ਦੁਆਰਾ ਰਚਿਤ 'ਸੋਹਣੀ' ਕਿੱਸੇ ਵਿਚ ਵਧੇਰੇ ਕਰਕੇ ਫੌਰੀ ਵਿਗੋਪਨ ਅਤੇ ਵਿਲੰਬਿਤ ਵਿਗੋਪਨ ਦੀਆਂ ਜੁਗਤਾਂ ਨੂੰ ਵਰਤਿਆ ਗਿਆ। ਮਿਸਾਲ ਦੇ ਤੌਰ 'ਤੇ ਵਿਚਾਰਾਧੀਨ ਕਿੱਸੇ ਵਿਚ ਗੁਜਰਾਤ ਸ਼ਹਿਰ ਵਿਚ ਝਨਾਂ ਦੇ ਕੰਢੇ ਤੁੱਲਾ ਨਾਂ ਦਾ ਘੁੰਮਿਆਰ ਰਹਿੰਦਾ ਸੀ ਜੋ ਆਪਣੇ ਕੰਮ ਵਿਚ ਬਹੁਤ ਸਿਆਣਾ ਸੀ। ਉਸ ਦੀ ਸੋਹਣੀ ਨਾਂ ਦੀ ਇਕ ਧੀ ਸੀ ਜਿਸ ਨੂੰ ਬੜਿਆਂ ਲਾਡਾਂ ਨਾਲ ਪਾਲਿਆ ਗਿਆ ਸੀ। ਬਿਰਤਾਂਤਕ ਵੇਰਵੇ ਅਨੁਸਾਰ ਇਹ ਆਪਣੇ ਨਾਂ ਵਰਗੀ ਹੀ ਸੋਹਣੀ ਸੀ।

ਦੂਜੇ ਬਿਰਤਾਂਤਕ ਵੇਰਵੇ ਅਨੁਸਾਰ ਬਲਖ ਬੁਖ਼ਾਰੇ ਦੇ ਇਕ ਅਮੀਰ ਦੇ ਘਰ ਕਿਸੇ ਫ਼ਕੀਰ ਦੀ ਮਿਹਰ ਸਦਕਾ ਹੀ ਹੋਣਹਾਰ ਅਤੇ ਖ਼ੂਬਸੂਰਤ ਲੜਕਾ ਪੈਦਾ ਹੋਇਆ ਜਿਸ ਬਾਰੇ ਫ਼ਕੀਰ ਨੇ ਇਹ ਪੇਸ਼ੀਨਗੋਈ ਕੀਤੀ ਸੀ ਕਿ ਲੜਕਾ ਆਪਣੇ ਮਾਂ-ਬਾਪ ਕੋਲ ਥੋੜ੍ਹਾ ਚਿਰ ਹੀ ਰਹੇਗਾ। ਇਸ ਪੇਸ਼ੀਨਗੋਈ ਦਾ ਜ਼ਿਕਰ ਕਰਦਿਆਂ ਹੋਇਆਂ ਕਿੱਸਾਕਾਰ ਨੇ ਫੌਰੀ ਵਿਗੋਪਨ ਦੀ ਜੁਗਤ ਵਰਤੀ ਹੈ ਕਿਉਂਕਿ ਆਰੰਭਕ ਭੂਮਿਕਾ ਵਿਚ ਹੀ ਇਸ ਖ਼ੂਬਸੂਰਤ ਨਾਇਕ ਦੀ ਹੋਣੀ ਨੂੰ ਨਿਸ਼ਚਿਤ ਕਰ ਦਿੱਤਾ ਗਿਆ ਹੈ।

ਮੁਗਲ ਨੇਗ ਸਾਇਤ ਰੁਜੂ ਆਣ ਹੋਇਆ,
ਆਈ ਫੁਲ ਮਕਸੂਦ ਦੀ ਬਾਸ ਮੀਆਂ।
ਦੁਆ ਹੱਥ ਉਠਾਇ ਮੰਗੀ,
ਜਾਹ ਕੰਮ ਹੋਏ ਤੇਰੇ ਰਾਸ ਮੀਆਂ।
ਸੁੱਕੀ ਵੇਲ ਤੇਰੀ ਰੱਬ ਹਰੀ ਕਰਸੀ,
ਜਾਹ ਜੀਉ ਤੇ ਰੱਖ ਧਰਵਾਸ ਮੀਆਂ।
ਤੈਨੂੰ ਰੱਬ ਫ਼ਰਜ਼ੰਦ ਦਿਲਬੰਦ ਦੇਸੀ,
ਨਾਲ ਫ਼ਜ਼ਲ ਪੁਚਾਵਸੀ ਆਮ ਮੀਆਂ।
ਐਪਰ ਸਿਖਿਆ ਵਿਚ ਤਕਦੀਰ ਏਵੇ,
ਥੋੜੇ ਰੋਜ਼ ਰਹਿਸੀ ਪਾਸ ਮੀਆਂ।
ਫ਼ਜ਼ਲ ਸ਼ਾਹ ਪਰ ਚੌਧਵੇਂ ਸਾਲ ਦੇ ਨੂੰ,
ਕਰਸੀ ਇਸ਼ਕ ਕਮਾਲ ਉਦਾਸ ਮੀਆਂ।

ਇਸ ਖ਼ੂਬਸੂਰਤ ਲੜਕੇ ਦਾ ਨਾਂ ਇੱਜ਼ਤ ਬੇਗ ਰੱਖਿਆ ਗਿਆ। ਇੱਜ਼ਤ ਬੇਗ ਨੇ ਹਰ ਤਰ੍ਹਾਂ ਦੀ ਵਿਦਿਆ ਹਾਸਿਲ ਕੀਤੀ ਅਤੇ ਵੱਡੇ ਹੋ ਕੇ ਦੁਨੀਆ ਵੇਖਣ ਦੀ ਜ਼ਿੱਦ ਕੀਤੀ। ਇਸ ਜ਼ਿੱਦ ਅੱਗੇ ਮਾਂ-ਬਾਪ ਨੂੰ ਝੁਕਣਾ ਪਿਆ। ਜਦੋਂ ਇੱਜ਼ਤ ਬੇਗ ਘੁੰਮਦਾ ਘੁਮਾਂਦਾ ਗੁਜਰਾਤ ਪਹੁੰਚਿਆ। ਤਾਂ ਤੁਲੇ ਘੁਮਿਆਰ ਦੀ ਤਾਰੀਫ਼ ਸੁਣ ਕੇ ਆਪਣੇ ਇਕ ਗ਼ੁਲਾਮ ਨੂੰ ਉਸ ਕੋਲੋਂ ਪਿਆਲੇ ਲਿਆਉਣ ਲਈ ਭੇਜਿਆ। ਗ਼ੁਲਾਮ ਨੇ ਇੱਜ਼ਤ ਬੇਗ ਅੱਗੇ ਤੁੱਲੇ ਦੀ ਧੀ ਦੀ ਖ਼ੂਬ ਪ੍ਰਸੰਸਾ ਕੀਤੀ। ਇੱਜ਼ਤ

ਬੇਗ ਸੋਹਣੀ ਨੂੰ ਵੇਖਣ ਸਾਰ ਹੀ ਆਪਣੇ ਹੋਸ਼ ਗੁਆ ਬੈਠਾ ਅਤੇ ਸਦਾ ਲਈ ਉਸ ਦਾ ਹੋ ਬੈਠਾ। ਉਹ ਭਾਂਡੇ ਖ਼ਰੀਦਣ ਦੇ ਬਹਾਨੇ ਰੋਜ਼ ਉੱਥੇ ਜਾਣ ਲੱਗਾ। ਜਦੋਂ ਗਿਆ ਤਾਂ ਉਸ

ਨੇ ਭਾਂਡਿਆਂ ਦੀ ਇਕ ਦੁਕਾਨ ਖੋਲ੍ਹ ਲਈ। ਤੁੱਲੇ ਕੋਲੋਂ ਮਹਿੰਗੇ ਮੁੱਲ ਲਿਆ ਕੇ ਸਸਤੇ ਵੇਚਣ ਲੱਗ ਪਿਆ। ਜਦੋਂ ਸਾਰੀ ਦੌਲਤ ਖ਼ਤਮ ਹੋ ਗਈ ਅਤੇ ਸੰਗੀ ਸਾਥੀ ਵੀ ਸਾਥ ਛੱਡ ਗਏ ਤਾਂ ਇੱਜ਼ਤ ਬੇਗ ਤੁੱਲੇ ਘੁਮਿਆਰ ਕੋਲ ਨੌਕਰ ਹੋ ਗਿਆ। ਪਹਿਲਾਂ ਉਸ ਨੂੰ ਕੂੜਾ ਸਾਫ਼ ਕਰਨ ਦਾ ਕੰਮ ਦਿੱਤਾ ਗਿਆ ਪਰ ਫਿਰ ਉਸ ਦੇ ਕੰਮ ਤੋਂ ਖੁਸ਼ ਹੋ ਕੇ ਉਸ ਨੂੰ ਮੱਝੀਆਂ ਚਾਰਨ ਦਾ ਕੰਮ ਸੌਂਪਿਆ ਗਿਆ।

ਇਕ ਦਿਨ ਮੌਕਾ ਵੇਖ ਕੇ ਇੱਜ਼ਤ ਬੇਗ ਨੇ ਆਪਣੇ ਪਿਆਰ ਦਾ ਇਜ਼ਹਾਰ ਸੋਹਣੀ ਅੱਗੇ ਕੀਤਾ ਤਾਂ ਸੋਹਣੀ ਵੀ ਉਸ ਦੇ ਪਿਆਰ ਵਿਚ ਦੀਵਾਨੀ ਹੋ ਗਈ।

ਇਸ ਬਿਰਤਾਂਤਕ ਵੇਰਵੇ ਵਲ ਵੀ ਸੰਕੇਤ ਕਰਨ ਫ਼ਜ਼ਲ ਸ਼ਾਹ ਨੇ ਹੇਠਲੀਆਂ ਪੰਕਤੀਆਂ ਵਿਚ ਫੌਰੀ ਵਿਗੋਪਨ ਦੀ ਜੁਗਤ ਨੂੰ ਇਸਤੇਮਾਲ ਕੀਤਾ ਹੈ ਜਿਸ ਦੇ ਫਲਸਰੂਪ ਪਾਠਕ ਨੂੰ ਇਸ ਸਮਝ ਆਉਂਦੀ ਹੈ ਕਿ ਬਲਖ ਬੁਖ਼ਾਰੇ ਵਿਚ ਹੀ ਜੰਮਿਆ ਪਲਿਆ ਇੱਜ਼ਤ ਬੇਗ ਐਵੇਂ ਅਚਾਨਕ ਹੀ ਗੁਜਰਾਤ ਵਿਚ ਨਹੀਂ ਆ ਪਹੁੰਚਿਆ ਸਗੋਂ ਸੋਹਣੀ ਇੰਨੀ ਅੰਤਾਂ ਦੀ ਖ਼ੂਬਸੂਰਤ ਸੀ ਕਿ ਉਸ ਦੇ ਲਈ ਬਲਖ਼ ਬੁਖ਼ਾਰੇ ਦੇ ਬਾਂਕੇ ਹਸੀਨ ਨੌਜਵਾਨ ਤੋਂ ਬਿਨਾਂ ਹੋਰ ਕਿਸੇ ਨੂੰ ਉਸ ਦੇ ਕਾਬਿਲ ਨਹੀਂ ਸਮਝਿਆ ਜਾ ਸਕਦਾ ਸੀ।

ਨਾਂਵੇਂ ਵਰ੍ਹੇ ਸੀ ਹੁਸਨ ਨੇ ਚਮਕ ਮਾਰੀ,  
ਹੂਹਾਂ ਜਨਤੀ ਦੇਖ ਸ਼ਰਮਾਣ ਮੀਆਂ।  
ਇਕੋ ਹਾਣ ਪਿਸਤਾ ਪਠਾਣ ਦੋਵੇਂ,  
ਬੈੜੇ ਪਕੜ ਕੇ ਤੀਰ ਕਮਾਨ ਮੀਆਂ।  
ਮਿਰਗ ਦੇਖ ਕੇ, ਅੱਖੀਆਂ ਸੋਹਣੀਆਂ ਨੂੰ,  
ਫਿਰਨ ਜੰਗਲਾਂ ਵਿਚ ਪੈਰਾਨ ਮੀਆਂ।  
ਫ਼ਜ਼ਲਸ਼ਾਹ ਤੇ ਥਾਲ ਸਿਆਹ ਹਬਸ਼ੀ,  
ਮੋਇਆ ਚੰਨ ਦਾ ਸੀ ਨਿਗ੍ਹਾਬਾਨ ਮੀਆਂ।

ਇਹ ਗੱਲ ਤਾਂ ਸਪੱਸ਼ਟ ਹੈ ਕਿ ਇਸ ਰਚਨਾ ਦਾ ਪ੍ਰਮੁੱਖ ਵਿਸ਼ਾ ਇਸ਼ਕ ਦੇ ਪਵਿੱਤਰ ਜਜ਼ਬੇ ਦਾ ਇਜ਼ਹਾਰ ਕਰਨਾ ਹੈ। ਇੱਜ਼ਤ ਨੂੰ ਖ਼ੁਦਾਈ ਵਸਤ ਮੰਨ ਕੇ ਇੱਜ਼ਤ ਬੇਗ ਤੇ ਸੋਹਣੀ ਦੇ ਸੰਸਾਰਿਕ ਪਿਆਰ ਨੂੰ ਰੂਹਾਨੀਅਤ ਦਾ ਦਰਜਾ ਦਿੱਤਾ ਗਿਆ ਹੈ ਪਰ ਇਸ ਵਿਸ਼ੇ ਦੇ ਵਿਗੋਪਨ ਦੇ ਪ੍ਰਸੰਗ ਵਿਚ ਫੌਰੀ ਵਿਗੋਪਨ ਦੀਆਂ ਇਹ ਮਿਸਾਲਾਂ ਕਾਫ਼ੀ ਮਾਅਨੇਖ਼ੇਜ਼ ਪ੍ਰਤੀਤ ਹੁੰਦੀਆਂ ਹਨ। ਵਿਲੰਬਿਤ ਵਿਗੋਪਨ ਅਤੇ ਸਥਾਨਾਂਤਰ ਵਿਗੋਪਨ ਦਾ ਸੰਬੰਧ ਕਵੀ ਦੀ ਮਾਨਸਿਕਤਾ ਨਾਲ ਹੀ ਹੁੰਦਾ ਹੈ। ਅਤੇ ਇਸ ਦੀਆਂ ਜੜ੍ਹਾਂ ਸਾਡੇ ਸਾਂਸਕ੍ਰਿਤਕ ਪਾਸਾਰ ਵਿਚ ਪਈਆਂ ਹੁੰਦੀਆਂ ਹਨ ਜਿਵੇਂ ਕਿ ਪਹਿਲਾਂ ਹੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ 'ਹੀਰ ਰਾਂਝਾ', 'ਸੱਸੀ ਪੁੰਨੂ' ਤੇ 'ਸੋਹਣੀ ਮਹੀਂਵਾਲ' ਦੇ ਕਿੱਸੇ ਵਿਚ ਆਏ ਕੁਝ ਬਿਰਤਾਂਤਕ ਵੇਰਵੇ ਪੂਰੀ ਤਰ੍ਹਾਂ ਇਕ ਦੂਜੇ ਨਾਲ ਮੇਲ ਖਾਂਦੇ ਹਨ। ਪਰ ਅਜਿਹੀ ਸਥਿਤੀ ਦੀ ਸਮਝ ਪਾਠਕ ਨੂੰ ਟੋਟਿਆਂ ਵਿਚ ਆਉਂਦੀ ਹੈ ਕਿ ਇਨ੍ਹਾਂ ਸਾਰੀਆਂ ਕਥਾਵਾਂ ਦੀਆਂ ਕਥਾਨਕ ਰੂੜ੍ਹੀਆਂ ਦੀ ਸਮਾਨਤਾ ਅਤੇ ਸਮਸੁਰਤਾ ਦੇ ਕੀ ਕਾਰਨ ਹਨ ? ਕਿਸੇ ਵੀ ਥੀਮ ਦੀ ਪੇਸ਼ਕਾਰੀ ਵਿਚ ਮੌਟਿਫ਼ਾਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ। ਮੌਟਿਫ਼ਾਂ ਦੀ ਪੇਸ਼ਕਾਰੀ ਜੁਗਤਾਂ ਰਾਹੀਂ

ਕੀਤੀ ਜਾਂਦੀ ਹੈ।

ਮੋਟਿਫ਼ ਅਤੇ ਜੁਗਤਾਂ ਵਿਚਲਾ ਸੰਬੰਧ ਮੋਟੀਵੇਸ਼ਨ ਕਹਿਲਾਉਂਦਾ ਹੈ, ਜੋ ਜੁਗਤਾਂ ਦਾ ਪ੍ਰੇਰਕ ਹੁੰਦਾ ਹੈ। ਪ੍ਰੇਰਕਾਂ ਦਾ ਬਿਰਤਾਂਤ ਦੇ ਪ੍ਰਸੰਗ ਵਿਚ ਪਛਾਣਯੋਗ ਹੋਣਾ ਲਾਜ਼ਮੀ ਹੈ। ਪ੍ਰੇਰਕਾਂ ਦੀਆਂ ਤਿੰਨ ਕਿਸਮਾਂ ਹੁੰਦੀਆਂ ਹਨ:

- ਰਚਨਾ ਪ੍ਰੇਰਕ
- ਯਥਾਰਥਕ ਪ੍ਰੇਰਕ
- ਕਲਾ ਪ੍ਰੇਰਕ

ਰਚਨਾ ਪ੍ਰੇਰਕ ਰਚਨਾਤਮਕ ਲੋੜ ਦੀ ਪੂਰਤੀ ਲਈ ਵਰਤੇ ਜਾਂਦੇ ਹਨ। ਯਥਾਰਥ ਪ੍ਰੇਰਕ ਵਾਸਤਵਿਕਤਾ ਦਾ ਝਾਉਲਾ ਦੇਣ ਲਈ ਪ੍ਰਯੋਗ ਵਿਚ ਲਿਆਏ ਜਾਂਦੇ ਹਨ ਅਤੇ ਕਲਾ ਪ੍ਰੇਰਕ ਵਾਸਤਵਿਕਤਾ ਨੂੰ ਕਲਾਤਮਕਤਾ ਵਿਚ ਰੂਪਾਂਤਰਿਤ ਕਰਦੇ ਹਨ।

ਕਬੀਲਦਾਰੀ ਸਮਾਜ ਵਿਚ ਸਮਾਜਿਕ ਰੁਤਬਾ ਦੇਖ ਕੇ ਹੀ ਵਿਆਹ ਕੀਤਾ ਜਾਂਦਾ ਸੀ ਇਸ ਲਈ ਸੋਹਣੀ ਦਾ ਵਿਆਹ ਇੱਜ਼ਤ ਬੇਗ ਨਾਲ ਨਹੀਂ ਹੋ ਸਕਦਾ ਸੀ। ਇੱਜ਼ਤ ਬੇਗ ਜੋ ਕਿ ਸੋਹਣੀ ਦੇ ਪਿਉ ਤੁੱਲੇ ਘੁਮਿਆਰ ਦੇ ਘਰ ਮੱਝੀਆਂ ਚਾਰਨ ਦਾ ਕੰਮ ਕਰਦਾ ਸੀ, ਬਾਅਦ ਵਿਚ ਇੱਜ਼ਤ ਬੇਗ ਤੋਂ ਮਹੀਂਵਾਲ ਬਣ ਗਿਆ। ਜਦ ਉਸ ਨੇ ਆਪਣੇ ਪਿਆਰ ਦਾ ਇਜ਼ਹਾਰ ਸੋਹਣੀ ਅੱਗੇ ਕੀਤਾ ਤਾਂ ਦੋਹਾਂ ਵਿਚ ਇਸ਼ਕ ਸ਼ੁਰੂ ਹੋ ਗਿਆ ਅਤੇ ਦੋਹਾਂ ਦੇ ਇਸ਼ਕ ਦੀ ਚਰਚਾ ਹੋਣ ਲੱਗ ਪਈ। ਸੋਹਣੀ ਉਸ ਦੇ ਇਸ਼ਕ ਵਿਚ ਆਪਣੇ ਹੋਸ਼-ਹਵਾਸ ਗਵਾ ਬੈਠਦੀ ਹੈ। ਉਨ੍ਹਾਂ ਵਿਚ ਪਿਆਰ ਏਨਾ ਵੱਧ ਜਾਂਦਾ ਹੈ ਕਿ ਉਹ ਵੇਖਣ ਨੂੰ ਤਾਂ ਦੋ ਨਜ਼ਰ ਆਉਂਦੇ ਹਨ ਪਰ ਅਸਲ ਵਿਚ ਉਨ੍ਹਾਂ ਦੀ ਜਿੰਦ ਜਾਨ ਇਕ ਹੋ ਜਾਂਦੀ ਹੈ ਤੇ ਫ਼ਜ਼ਲ ਸ਼ਾਹ ਸੱਚੇ ਇਸ਼ਕ ਨੂੰ ਖ਼ੁਦਾ ਦਾ ਨੂਰ ਦੱਸਦਾ :

ਦੋਵੇਂ ਇਸ਼ਕ ਦੇ ਵਿਚ ਗੁਦਾਜ਼ ਗੋਏ<br>
ਸੱਚਾ ਇਸ਼ਕ ਜੇ ਨੂਰ ਖੁਦਾ ਮੀਆਂ।<br>
ਬਾਝ ਫਿਰਿਆਂ ਨਾ ਆਰਾਮ ਆਵੇ,<br>
ਦੋਹਾਂ ਬੇਲੀਆਂ ਨੂੰ ਚੈਨ ਨਾ ਮੀਆਂ।<br>
ਜ਼ਾਹਰ ਦੋ ਦਿਸਣ ਬਾਤਨ ਜਾਣ ਇਕੋ,<br>
ਐਸਾ ਪਿਆਰ ਨਿਹੁੰ ਪਾਇਆ ਨਾ ਮੀਆਂ।

ਸੋਹਣੀ ਮਹੀਂਵਾਲ ਦੇ ਇਸ਼ਕ ਦਾ ਭੇਦ ਖੁੱਲ੍ਹਦਾ ਹੈ ਤੇ ਸੋਹਣੀ ਦੀ ਮਾਂ ਉਸ ਨੂੰ ਇਸ਼ਕ ਕਰਨ ਨੂੰ ਵਰਜਦੀ ਹੈ। ਲੋਕਾਂ ਦੇ ਮਿਹਣਿਆਂ ਤੋਂ ਦੁਖੀ ਹੋ ਕੇ ਸੋਹਣੀ ਨੂੰ ਉਸ ਦੀ ਮਾਂ ਬਹੁਤ ਸਮਝਾਉਂਦੀ ਹੈ ਪਰ ਇਸ ਦਾ ਸੋਹਣੀ 'ਤੇ ਕੋਈ ਅਸਰ ਨਹੀਂ ਹੁੰਦਾ ਕਿਉਂਕਿ ਮਹੀਂਵਾਲ ਤਾਂ ਉਸ ਦੇ ਲਈ ਖੁਦਾ ਸੀ। ਕਿੱਸਾਕਾਰ ਅਨੁਸਾਰ ਇਸ਼ਕ ਖੱਜਲ ਖੁਆਰੀ ਨਾਲ ਹੋਰ ਵਧਦਾ ਹੈ :

ਦੋਵੇਂ ਇਸ਼ਕ ਦੇ ਵਿਚ ਗੁਦਾਜ਼ ਗੋਏ,<br>
ਸੱਚੇ ਇਸ਼ਕ ਜੇ ਨੂਰ ਖੁਦਾ ਮੀਆਂ।

ਬਾਝ ਫਿਰਿਆ ਨਾ ਆਰਾਮ ਆਵੇ,
ਦੋਹਾਂ ਬੇਲੀਆਂ ਨੂੰ ਚੈਨ ਨਾ ਮੀਆਂ।
ਜ਼ਾਹਰ ਦੋ ਦਿਸਣ ਬਾਤਨ ਜਾਣ ਇਕੋ,
ਐਸਾ ਪਿਆਰ ਨਿਹੁੰ ਪਾਇਆ ਲਾ ਮੀਆਂ।

ਸੋਹਣੀ ਮਹੀਂਵਾਲ ਦੇ ਇਸ਼ਕ ਦਾ ਭੇਦ ਖੁੱਲਦਾ ਹੈ ਤੇ ਸੋਹਣੀ ਦੀ ਮਾਂ ਉਸ ਨੂੰ ਇਸ਼ਕ ਕਰਨ ਤੋਂ ਵਰਜਦੀ ਹੈ ਲੋਕਾਂ ਦੇ ਮਿਹਣਿਆਂ ਤੋਂ ਦੁਖੀ ਹੋ ਕੇ ਸੋਹਣੀ ਨੂੰ ਉਸ ਦੀ ਮਾਂ ਬਹੁਤ ਸਮਝਾਉਂਦੀ ਹੈ ਪਰ ਇਸ ਦਾ ਸੋਹਣੀ ਤੇ ਕੋਈ ਅਸਰ ਨਹੀਂ ਹੁੰਦਾ ਕਿਉਂਕਿ ਮਹੀਂਵਾਲ ਤਾਂ ਉਸ ਦੇ ਲਹੀ ਖੁਦਾ ਸੀ। ਕਿੱਸਾਕਾਰ ਅਨੁਸਾਰ ਇਸ਼ਕ ਖੱਜਲ ਖੁਆਰੀ ਨਾਲ ਹੋਰ ਵੱਧਦਾ ਹੈ :

ਐਪਰ ਇਸ਼ਕ ਰਚਿਆ ਲੂੰ ਲੂੰ ਸੋਹਣੀ ਦੇ,
ਜਾਤਾ ਯਾਰ ਨੂੰ ਖ਼ੁਦਾ ਮੀਆਂ।
ਜਿਸ ਤੋਂ ਜਾਨ ਈਮਾਨ ਕੁਰਬਾਨ ਕੀਤਾ,
ਕੇਹਾ ਉਸ ਥੀ ਫੇਰ ਫਿਰਾ ਮੀਆਂ।
ਫ਼ਜ਼ਲਸ਼ਾਹ ਜੋ ਇਸ਼ਕ ਖੁਆਰ ਕੀਤੇ,
ਹੱਥ ਹੋਂਵਦੇ ਦੂਣ ਸਵਾ ਮੀਆਂ।

ਕਿੱਸਿਆਂ ਵਿਚ ਪੇਸ਼ ਕੀਤਾ ਗਿਆ ਪਿਆਰ ਬੜਾ ਅਲੌਕਿਕ, ਵਿਚਿੱਤਰ ਤੇ ਰੋਮਾਂਟਿਕ ਹੁੰਦਾ ਹੈ ਅਤੇ ਪ੍ਰੇਮ ਖ਼ਾਤਰ ਕੀਤੀਆਂ ਗਈਆਂ ਆਦਰਸ਼ਕ ਕੁਰਬਾਨੀਆਂ ਉਨ੍ਹਾਂ ਨੂੰ ਵਧੇਰੇ ਪ੍ਰਸਿੱਧ, ਹਰਮਨ ਪਿਆਰਾ ਤੇ ਸਤਿਕਾਰਯੋਗ ਬਣਾਉਂਦੀਆਂ ਹਨ। ਪ੍ਰੇਮ ਖ਼ਾਤਰ ਕੁਰਬਾਨੀ ਕਰਨ ਵਾਲੇ ਸੰਸਾਰ ਵਿਚ ਵਿਰਲੇ ਜੀਵ ਹੁੰਦੇ ਹਨ, ਇਸ ਲਈ ਉਨ੍ਹਾਂ ਦਾ ਆਪਾ ਸਾਧਾਰਣ ਤੋਂ ਕੁਝ ਵਧੇਰੇ ਅਲੌਕਿਕ ਹੁੰਦੀਆਂ ਹਨ। ਵਿਚਾਰਾਧੀਨ ਕਿੱਸੇ ਵਿਚ ਮੰਛੀ ਦਾ ਮਾਸ ਨਾ ਮਿਲਣ ਤੇ ਮਹੀਂਵਾਲ ਆਪਣੇ ਪੱਟ ਦਾ ਮਾਸ ਭੁੰਨ ਕੇ ਸੋਹਣੀ ਨੂੰ ਖਾਣ ਲਈ ਹਾਜ਼ਰ ਕਰਦਾ ਹੈ।

ਅਸਲੀਅਤ ਜਾਣਨ ਤੋਂ ਪਿੱਛੋਂ ਉਹ ਮਹੀਂਵਾਲ ਤੋਂ ਕੁਰਬਾਨ ਹੋ ਜਾਂਦੀ ਹੈ ਤਾਂ ਉਸ ਨੂੰ ਕਹਿੰਦੀ ਹੈ ਕਿ ਉਹ ਦਰਿਆ ਪਾਰ ਕਰਕੇ ਉਸ ਨੂੰ ਮਿਲਣ ਆਇਆ ਕਰੇਗੀ :

ਪੱਟ ਚੀਰ ਸਾਈਆਂ ਮੈਨੂੰ ਪੱਨਿਓ ਈ,
ਪੱਟ ਪੱਟ ਤੇ ਸਟਿਓ ਯਾਰ ਜਾਨੀ।
ਛੇਤੀ ਪੱਟ ਤੇ ਪੱਟੀਆਂ ਬੰਨ੍ਹਾ ਯਾਰਾ,
ਤੈਥੋਂ ਘੋਲ ਘੁੱਤੀ ਸੁੱਟੀ ਵਾਰ ਜਾਨੀ।
ਬੱਸ ਸੱਜਣਾਂ ਦੀ ਤੈਥੋਂ ਹੱਦ ਹੋਈ,
ਜਾਹ ਬੈਠ ਹੁਣ ਨਾਲ ਕਟਾਰ ਜਾਨੀ।
ਜਿਤ ਜਿਤ ਮਿਲਸਾਂ ਨਿੱਤ ਯਾਰ ਮੈਨੂੰ,
ਤੁਸਾ ਆਵਣਾ ਨਹੀਂ ਉਰਾਰ ਜਾਨੀ।

ਅੰਤ ਵਿਚ ਅਸੀਂ ਇਸ ਸਿੱਟੇ ਤੇ ਪੁੱਜਦੇ ਹਾਂ ਕਿ ਸੋਹਣੀ ਮਹੀਂਵਾਲ ਦੇ ਇਸ ਕਿੱਸੇ ਦਾ ਇਸ਼ਕ ਕੇਂਦਰੀ ਥੀਮ ਹੈ। ਇਸ਼ਕ ਹੀ ਜੱਗ ਰਚਨਾ ਦਾ ਮੂਲ ਦਰਸਾਇਆ, ਇਸ਼ਕ ਦੀ ਪ੍ਰਕ੍ਰਿਤੀ ਜ਼ਾਲਮ ਹੈ। ਇਹ ਜਿਸ ਨੂੰ ਲੱਗ ਜਾਂਦਾ ਹੈ, ਉਸ ਨੂੰ ਤਬਾਹ ਕਰ ਦਿੰਦਾ ਹੈ। ਇਸ ਦਾ ਪ੍ਰਮਾਣ ਮੌਤ ਹੈ। ਸੋਹਣੀ ਮਹੀਂਵਾਲ ਵਿਚ ਪਹਿਲੀ ਨਜ਼ਰ ਦਾ ਪਿਆਰ ਹੁੰਦਾ ਹੈ। ਆਸ਼ਕ ਤੇ ਮਾਸ਼ੂਕ ਚੋਰੀ ਦਾ ਪਿਆਰ ਕਰਦੇ ਹਨ। ਜਦ ਇਹ ਨਸ਼ਰ ਹੁੰਦਾ ਹੈ ਤਾਂ ਸਮਾਜ ਇਸ ਦਾ ਵਿਰੋਧ ਕਰਦਾ ਹੈ ਪਰ ਪ੍ਰੇਮੀ ਆਪਣੇ ਇਸ਼ਕ ਵਿਚ ਪਰਿਪੱਕ ਰਹਿੰਦੇ ਹਨ।

ਸੋਹਣੀ ਵਿਆਹੀ ਜਾਣ ਤੇ ਵੀ ਡੋਲਦੀ ਨਹੀਂ। ਉਹ ਮੌਤ ਕਬੂਲ ਕਰ ਲੈਂਦੀ ਹੈ ਪਰ ਇਸ਼ਕ ਨੂੰ ਲੀਕ ਨਹੀਂ ਲੱਗਣ ਦਿੰਦੀ। ਮਹੀਂਵਾਲ ਵੀ ਸੋਹਣੀ ਦੇ ਵਿਯੋਗ ਵਿਚ ਜਾਨ ਦੇ ਦਿੰਦਾ ਹੈ। ਦੋਵਾਂ ਦਾ ਮਿਲਾਪ ਮਰਨ ਉਪਰੰਤ ਹੁੰਦਾ ਹੈ।

ਇਸ ਤਰ੍ਹਾਂ ਇਸ਼ਕ ਇਕ ਪਵਿੱਤਰ ਰਿਸ਼ਤਾ ਹੈ ਜਿਸ ਵਿਚ ਰੂਹਾਂ ਦਾ ਮਿਲਾਪ ਹੀ ਸੰਭਵ ਹੈ। ਇੰਝ ਇਸ਼ਕ ਤੇ ਮੌਤ ਦਾ ਗੂੜ੍ਹਾ ਸੰਬੰਧ ਹੈ। ਇਸ਼ਕ ਦਾ ਅੰਤ ਮੌਤ ਹੈ।

**ਪੁਸਤਕ ਸੂਚੀ :**

1. ਅਨੰਦ, ਤਰਲੋਕ ਸਿੰਘ (ਸੰਪਾ.), ਸੋਹਣੀ, ਪੰਨਾ 42
2. ਅਨੰਦ, ਤਰੋਲਕ ਸਿੰਘ (ਸੰਪਾ.), ਕਾਵਿ ਸਮੀਖਿਆ, ਕਾਂਗ ਕੁਲਬੀਰ ਸਿੰਘ (ਡਾ.), ਹੀਰ ਵਾਰਿਸ, ਆਰਸੀ ਪਬਲਿਸ਼ਰਜ਼, ਦਿੱਲੀ, 2004
3. ਸੁਖਜੀਤ ਕੌਰ, ਹਾਸ਼ਮ ਦੀ ਪੰਜਾਬੀ ਕਿੱਸਾ ਕਾਵਿ ਨੂੰ ਦੇਣ, ਅਮਰਜੀਤ ਸਾਹਿਤ ਪ੍ਰਕਾਸ਼ਨ, ਪਟਿਆਲਾ, 2004
4. ਸੈਨੀ ਪ੍ਰੀਤਮ, ਸੱਯਦ ਫ਼ਜ਼ਲ ਸ਼ਾਹ : ਜੀਵਨ ਤੇ ਰਚਨਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984

# ਅੰਬਾਲਾ ਦੀ ਪੰਜਾਬੀ ਭਾਸ਼ਾ ਦਾ ਧੁਨੀ ਵਿਗਿਆਨਕ ਅਧਿਐਨ

*ਸੁਨੀਲ*

ਹਰਿਆਣਾ ਵਿਚ ਬਹੁਤ ਸਾਰੀਆਂ ਲੋਕ ਬੋਲੀਆਂ, ਬੋਲੀਆਂ ਜਾਂਦੀਆਂ ਹਨ। ਉਦਾਹਰਨ ਵਜੋਂ ਬਾਂਗਰੂ, ਅਹੀਰਵਾਟੀ, ਮੇਵਾਤੀ, ਹਿੰਦੁਸਤਾਨੀ ਤੇ ਬਾਗੜੀ ਆਦਿ। ਇਨ੍ਹਾਂ ਬੋਲੀਆਂ ਦਾ ਕੋਈ ਲਿਖਤੀ ਵਿਧਾਨ ਨਹੀਂ ਹੈ। ਹਰਿਆਣਾ ਪ੍ਰਾਂਤ ਦੀ ਇਨ੍ਹਾਂ ਬੋਲੀਆਂ ਕਾਰਨ ਹੀ ਵਿਲੱਖਣ ਪਛਾਣ ਹੈ। ਦਰਅਸਲ ਖੜ੍ਹੀ ਬੋਲੀ ਦਾ ਇਹ ਇਲਾਕਾ 1966 ਤੋਂ ਪਹਿਲਾਂ ਪੈਪਸੂ ਪੰਜਾਬ ਦਾ ਅਭਿੰਨ ਅੰਗ ਸੀ ਪਰ ਅਜ਼ਾਦੀ ਤੋਂ ਬਾਅਦ ਜਦ ਨਵੇਂ ਸਿਰੇ ਤੋਂ ਰਾਜਾਂ ਦੀਆਂ ਹੱਦਬੰਦੀਆਂ ਤੈਅ ਹੋਣ ਲੱਗੀਆਂ ਤਾਂ ਧਰਮ ਤੇ ਭਾਸ਼ਾ ਦੇ ਅਧਾਰ ਉਪਰ ਵੱਖ-ਵੱਖ ਸੂਬਿਆਂ ਵਿਚ ਅੰਦੋਲਨਾਂ ਦੀਆਂ ਲਹਿਰਾਂ ਚਲ ਪਈਆਂ, ਜਿਸ ਕਾਰਨ ਬਹੁਤ ਸਾਰੇ ਨਵੇਂ ਸੂਬੇ ਹੋਂਦ ਵਿਚ ਆਏ। ਇਸੇ ਤਹਿਤ ਹੀ 1 ਨਵੰਬਰ 1966 ਨੂੰ ਰਾਜਨੀਤਕ ਤੌਰ 'ਤੇ ਹਰਿਆਣਾ ਸੂਬਾ ਹੋਂਦ ਵਿਚ ਆਇਆ। ਰਾਜਨੀਤਕ ਤੌਰ 'ਤੇ ਬੇਸ਼ਕ ਇਹ ਖਿੱਤਾ ਵੱਖਰਾ ਵਜੂਦ ਧਾਰਨ ਕਰ ਗਿਆ ਪਰ ਇੱਥੇ ਵਸਦੇ ਲੋਕ ਆਪੋ-ਆਪਣੀ ਥਾਂ ਹੀ ਰਹੇ। ਇਸ ਤਰ੍ਹਾਂ ਹਰਿਆਣਵੀ ਬੋਲਦਾ ਬਹੁਤ ਸਾਰਾ ਹਿੱਸਾ ਪੰਜਾਬ ਅੰਦਰ ਚਲਾ ਗਿਆ ਅਤੇ ਸੰਘਣੀ ਪੰਜਾਬੀ ਬੋਲਦੀ ਅਬਾਦੀ ਵਾਲਾ ਇਲਾਕਾ ਹਰਿਆਣਾ ਪ੍ਰਾਂਤ ਦਾ ਹਿੱਸਾ ਬਣ ਗਿਆ। ਇਸ ਤਰ੍ਹਾਂ ਲੋਕ, ਭਾਸ਼ਾ, ਸਮਾਜ ਤੇ ਸਭਿਆਚਰਕ ਤੌਰ 'ਤੇ ਵੰਡੇ ਗਏ। ਰਾਜਨੀਤਕ ਵੰਡ ਦਾ ਇਹ ਦਰਦ ਲੋਕਾਂ ਦੇ ਮਨਾਂ ਵਿਚ ਕਿਤੇ ਨਾ ਕਿਤੇ ਹਾਲੇ ਵੀ ਰੜਕਦਾ ਹੈ। ਹਰਿਆਣੇ ਦੇ ਹਿੱਸੇ ਵੱਡੀ ਗਿਣਤੀ ਵਿਚ ਪੰਜਾਬੀ ਬੋਲਦਾ ਇਲਾਕਾ ਆ ਗਿਆ। ਅੰਬਾਲਾ, ਕੈਥਲ, ਫਤਿਹਾਬਾਦ, ਸਿਰਸਾ ਅਤੇ ਕੁਰੂਕਸ਼ੇਤਰ ਜ਼ਿਲ੍ਹੇ ਦੇ ਕਾਫ਼ੀ ਵੱਡੇ ਹਿੱਸੇ ਵਿਚ ਪੰਜਾਬੀ ਲੋਕ ਵਸੇ ਹੋਏ ਹਨ। ਇੱਥੇ ਵਸਦੇ ਲੋਕਾਂ ਦੀ ਮਾਤ ਭਾਸ਼ਾ ਪੰਜਾਬੀ ਹੈ ਅਤੇ ਇਹ ਲੋਕ ਮਲਵਈ, ਪੁਆਧੀ ਜਾਂ ਫਿਰ 1947 ਵੇਲੇ ਪੱਛਮੀ ਪੰਜਾਬ ਵਿਚੋਂ ਆ ਕੇ ਹਰਿਆਣੇ ਵਿਚ ਵਸੇ ਲੋਕ ਉੱਧਰ ਦੀਆਂ ਉਪਭਾਸ਼ਾਵਾਂ ਬੋਲਦੇ ਹਨ। ਇਸ ਦੀ ਉਦਾਹਰਨ ਸਿਰਸਾ ਜ਼ਿਲ੍ਹੇ ਵਿਚ ਨਾਮਧਾਰੀਆਂ ਦੇ ਵਸੇ ਇਕ ਪਿੰਡ ਦੇ ਰੂਪ ਵਿਚ ਦੇਖੀ ਜਾ ਸਕਦੀ ਹੈ। ਇਹ ਪੂਰਾ ਪਿੰਡ ਨਾਮਧਾਰੀ ਭਾਈਚਾਰੇ ਦਾ ਹੈ ਅਤੇ ਇਹ ਲੋਕ ਪੱਛਮੀ

*ਖੋਜਾਰਥੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।*

ਪੰਜਾਬ ਵਾਲੀ ਪੰਜਾਬੀ ਬੋਲਦੇ ਹਨ।

ਇਸ ਦ੍ਰਿਸ਼ਟੀ ਤੋਂ ਸਮੁੱਚੇ ਹਰਿਆਣਾ ਪ੍ਰਾਂਤ ਦਾ ਭਾਸ਼ਾਈ ਸਰਵੇਖਣ ਕਰਨ ਦੀ ਲੋੜ ਹੈ ਪਰ ਅਸੀਂ ਆਪਣੇ ਲੇਖ ਵਿਚ ਹਰਿਆਣੇ ਦੇ ਜ਼ਿਲ੍ਹੇ ਅੰਬਾਲੇ ਦੇ ਦੋ ਪਿੰਡਾਂ ਅਮੀਪੁਰ ਅਤੇ ਨਨਿਉਲਾ ਦੀ ਧੁਨੀਆਂ ਦਾ ਅਧਿਐਨ ਕੀਤਾ ਹੈ। ਭੂਗੋਲਿਕ ਤੌਰ 'ਤੇ ਅੰਬਾਲਾ ਜ਼ਿਲ੍ਹੇ ਦਾ ਬਹੁਤ ਵੱਡਾ ਹਿੱਸਾ ਪੰਜਾਬ ਦੇ ਨਾਲ ਲੱਗਦਾ ਹੈ। ਇਸ ਜ਼ਿਲ੍ਹੇ ਵਿਚ ਬਹੁ-ਗਿਣਤੀ ਪੰਜਾਬੀ ਲੋਕਾਂ ਦੀ ਹੀ ਹੈ। ਪਿੰਡਾਂ ਦੇ ਪਿੰਡ ਪੰਜਾਬੀ ਵਸੋਂ ਵਾਲੇ ਹਨ। ਇਨ੍ਹਾਂ ਪਿੰਡਾਂ ਵਿਚ ਵਸਦੇ ਲੋਕਾਂ ਦੀ ਮਾਤ ਭਾਸ਼ਾ ਵੀ ਪੰਜਾਬੀ ਹੀ ਹੈ ਪਰ ਇਸ ਪੰਜਾਬੀ ਦਾ ਆਪਣਾ ਇਕ ਨਿਵੇਕਲਾ ਰੰਗ ਹੈ। ਹੁਣ ਅਸੀਂ ਇਨ੍ਹਾਂ ਪਿੰਡਾਂ ਦਾ ਧੁਨੀਆਤਮਿਕ ਪੱਖ ਦੇਖਦੇ ਹਾਂ।

## ਧੁਨੀ ਵਿਉਂਤ

ਧੁਨੀ ਵਿਉਂਤ ਵਿਚ ਕਿਸੇ ਵੀ ਭਾਸ਼ਾ ਵਿਸ਼ੇਸ਼ ਦੀਆਂ ਭਾਸ਼ਾਈ ਧੁਨੀਆਂ ਦਾ ਵਿਸ਼ਲੇਸ਼ਣ ਅਤੇ ਵਰਤੋਂ ਵਰਤਾਰੇ ਨਾਲ ਸੰਬੰਧਤ ਪੈਟਰਨਾਂ ਦੀ ਨਿਸ਼ਾਨਦੇਹੀ ਕੀਤੀ ਜਾਂਦੀ ਹੈ। ਧੁਨੀ ਵਿਗਿਆਨ, ਜਿਥੇ ਧੁਨੀ ਦੀ ਸੰਰਚਨਾ, ਅਰਥਾਤ ਧੁਨੀ ਉਚਾਰਨ, ਧੁਨੀ ਸੰਚਾਰਨ ਅਤੇ ਧੁਨੀ ਸ੍ਰਵਣ ਨਾਲ ਸੰਬੰਧਤ ਹੁੰਦਾ ਹੈ, ਉੱਥੇ ਧੁਨੀ ਵਿਉਂਤ ਉਚਰਿਤ ਧੁਨੀਆਂ ਦੇ ਵਰਤੋਂ ਵਿਹਾਰ ਦੇ ਨੇਮ, ਸਹਿ ਧੁਨੀ ਵਿਚਰਨ, ਧੁਨੀਮਕ ਵਿਰੋਧਾਂ ਅਤੇ ਸੰਬੰਧਾਂ ਦੇ ਅਧਿਐਨ ਨਾਲ ਸੰਬੰਧਤ ਹੁੰਦਾ ਹੈ। ਇਸ ਤਰ੍ਹਾਂ ਧੁਨੀ ਵਿਉਂਤ ਦਾ ਮੁੱਖ ਮਨੋਰਥ ਕਿਸੇ ਵਿਸ਼ੇਸ਼ ਭਾਸ਼ਾ ਦੇ ਧੁਨੀ ਪ੍ਰਬੰਧ ਦੀਆਂ ਉਨ੍ਹਾਂ ਵਿਸ਼ੇਸ਼ਤਾਵਾਂ ਅਤੇ ਵੱਖਰਤਾਵਾਂ ਨੂੰ ਪਛਾਨਣਾ ਹੁੰਦਾ ਹੈ ਜਿਨ੍ਹਾਂ ਵੱਖਰਤਾਵਾਂ ਜਾਂ ਵਿਲੱਖਣਤਾਵਾਂ ਨੂੰ ਸੰਬੰਧਤ ਭਾਸ਼ਾਈ ਬੁਲਾਰਾ ਆਪਣੀ ਅੰਤਰੀਵ ਭਾਸ਼ਾ ਯੋਗਤਾ ਦਾ ਹਿੱਸਾ ਬਣਾਉਂਦਾ ਹੈ। ਇਸ ਦ੍ਰਿਸ਼ਟੀ ਤੋਂ ਕਿਸੇ ਵੀ ਭਾਸ਼ਾ ਦੀਆਂ ਧੁਨੀਆਂ ਨੂੰ ਦੋ ਭਾਗਾਂ ਵਿਚ ਵੰਡਿਆ ਜਾਂਦਾ ਹੈ;

ੳ. ਖੰਡੀ ਧੁਨੀਆਂ

ਅ. ਅਖੰਡੀ ਧੁਨੀਆਂ

ੳ. ਖੰਡੀ ਧੁਨੀਆਂ:- ਉਨ੍ਹਾਂ ਭਾਸ਼ਾਈ ਧੁਨੀਆਂ ਨੂੰ ਕਿਹਾ ਜਾਂਦਾ ਹੈ, ਜਿਹੜੀਆਂ ਸ਼ਬਦ ਵਿਚ ਸੁਤੰਤਰ ਤੌਰ 'ਤੇ ਵਿਚਰਨ ਦੇ ਸਮਰੱਥ ਹੁੰਦੀਆਂ ਹਨ। ਇਨ੍ਹਾਂ ਨੂੰ ਭਾਸ਼ਾਈ ਬੋਲਾਂ ਵਿਚ ਵੱਖਰਾ ਕਰਕੇ ਨਿਖੇੜਿਆ ਜਾ ਸਕਦਾ ਹੈ। ਇਨ੍ਹਾਂ ਨੂੰ ਅੱਗੋਂ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ: ਸਵਰ ਅਤੇ ਵਿਅੰਜਨ

ਸਵਰ: ਸਵਰ ਉਨ੍ਹਾਂ ਧੁਨੀਆਂ ਨੂੰ ਕਹਿੰਦੇ ਹਨ ਜੋ ਬਿਨਾ ਕਿਸੇ ਹੋਰ ਧੁਨੀਆਂ ਦੀ ਸਹਾਇਤਾ ਦੇ ਉਚਾਰੀਆਂ ਜਾ ਸਕਦੀਆਂ ਹਨ। ਇਨ੍ਹਾਂ ਦੇ ਉਚਾਰਨ ਵਿਚ ਸਾਹ ਛੱਡਦੇ ਸਮੇਂ ਕੋਈ ਰੋਕ ਨਹੀਂ ਪੈਂਦੀ। ਇਸ ਖਿੱਤੇ ਦੀ ਉਪਭਾਸ਼ਾ ਦੀਆਂ ਸਵਰ ਧੁਨੀਆਂ ਨੂੰ ਪੰਜਾਬੀ ਦੀਆਂ ਧੁਨੀਆਂ ਵਾਂਗ ਤਿੰਨਾਂ ਸਥਿਤੀਆਂ ਵਿਚ ਹੀ ਵਰਤਿਆ ਜਾਂਦਾ ਹੈ। ਹੇਠਾਂ ਅਸੀਂ ਇਸ ਖੇਤਰ ਦੀ ਉਪਭਾਸ਼ਾ ਦੀਆਂ ਸਵਰ ਧੁਨੀਆਂ ਦੀ ਵਰਤੋਂ ਵਿਉਂਤ ਨੂੰ ਦੇਖਾਂਗੇ;

**ਸ਼ਬਦ ਦੀਆਂ ਵੱਖ-ਵੱਖ ਸਥਿਤੀਆਂ ਵਿਚ ਸਵਰਾਂ ਦੀ ਵਰਤੋਂ**

| ਸਵਰ | ਅਰੰਭਕ ਸਥਿਤੀ | ਵਿਚਕਾਰਲੀ ਸਥਿਤੀ | ਅੰਤਲੀ ਸਥਿਤੀ |
|---|---|---|---|
| ਉ | ਉਥੈ (ਉਥੇ) | ਕੁਮਾਰ (ਕੁਮਹਾਰ) | —— |

| | | | |
|---|---|---|---|
| ਊ | ਊਂ (ਉਂਜ) | ਫੂਕਣਾ (ਸਾੜਨਾ) | ਸਰਕਾਰੂ (ਸਰਕਾਰੀ) |
| ਓ | ਓ (ਉਹ) | ਛੋਕਰੀ (ਕੁੜੀ) | ਲਯੋ (ਲਓ) |
| ਅ | ਅਬ (ਹੁਣ) | ਪੜਣਾ (ਪੈਣਾ) | —— |
| ਆ | ਆਜ (ਅੱਜ) | ਪਾਣੀ (ਪਾਉਣੀ) | ਗਯਾ (ਗਿਆ) |
| ਐ | ਐ (ਆ) | ਮੈਂਸ (ਮੱਝ) | ਪਰਕੈ (ਇਕ ਸਾਲ ਪਹਿਲਾਂ) |
| ਔ | ਔ (ਉਹ) | ਚੌਤੀਸ (ਚੌਤੀ) | ਸਮੌ (ਮੌਸਮ) |
| ਏ | ਏਕ (ਇਕ) | ਲੇਹੈਂਗੇ (ਲੈਣਗੇ) | ਨੁਏ (ਇਸ ਤਰ੍ਹਾਂ) |
| ਇ | ਇਨੁੰ (ਇਸ ਨੂੰ) | ਕਿਸੀ (ਕਿਸੇ) | —— |
| ਈ | ਈਬ (ਹੁਣ) | ਮਰੀਕ (ਅਮਰੀਕ) | ਤੜਕੀ (ਸਵੇਰ) |

ਉਪਰੋਕਤ ਸਾਰਨੀ ਵਿਚ ਸਵਰ ਧੁਨੀਆਂ ਦਾ ਸ਼ਬਦ ਦੀ ਵੱਖਰੀ-ਵੱਖਰੀ ਸਥਿਤੀ ਵਿਚ ਵਿਚਰਨ ਸੰਬੰਧੀ ਵਰਣਨ ਕੀਤਾ ਗਿਆ ਹੈ। ਇਸ ਇਲਾਕੇ ਦੀ ਉਪਭਾਸ਼ਾ ਦੀ ਸ਼ਬਦ ਬਣਤਰ ਵਿਚ ਸਵਰਾਂ ਦੀ ਵਰਤੋਂ ਦੂਹਰੀ ਅਤੇ ਤੀਹਰੀ ਵੀ ਮਿਲਦੀ ਹੈ ਜਿਸ ਨੂੰ ਸਵਰ ਸੰਯੋਗ ਕਿਹਾ ਜਾਂਦਾ ਹੈ। ਸਵਰ ਸੰਯੋਗ ਵਿਚ ਦੋ ਜਾਂ ਦੋ ਤੋਂ ਵੱਧ ਸਵਰ ਬਿਨਾਂ ਕਿਸੇ ਵਿਅੰਜਨ ਦੀ ਸਹਾਇਤਾ ਦੇ ਇਕੱਠੇ ਵਿਚਰਦੇ ਹਨ ਅਤੇ ਪਹਿਲੇ ਸਵਰ ਦੇ ਉਚਾਰਨ ਸਥਾਨ ਤੋਂ ਜੀਭ ਸਿੱਧੀ ਦੂਜੇ ਸਵਰ ਦੇ ਉਚਾਰਨ ਸਥਾਨ 'ਤੇ ਪੁੱਜ ਜਾਂਦੀ ਹੈ। ਇਸ ਤਰ੍ਹਾਂ ਪੰਜਾਬੀ ਵਿਚ ਇਨ੍ਹਾਂ ਨੂੰ ਦੋਸੰਧੀ ਅਤੇ ਤ੍ਰੈਸੰਧੀ ਸਵਰ ਕਿਹਾ ਜਾਂਦਾ ਹੈ। ਇਸ ਇਲਾਕੇ ਦੀ ਉਪਭਾਸ਼ਾ ਵਿਚ ਸਵਰ ਸੰਯੋਗ ਹੇਠ ਲਿਖੇ ਅਨੁਸਾਰ ਹਨ :-

**ਦੂਹਰਾ ਸਵਰ ਸੰਯੋਗ :**

ਨਿਊ - ਨ + ਇ + ਊ (ਇ + ਊ)

ਦੀਆ - ਦ + ਈ + ਆ (ਈ + ਆ)

ਰਿਆ - ਰ + ਇ + ਆ (ਇ + ਆ)

ਪੈਲੇਈ - ਪ + ਐ + ਲ + ਏ + ਈ (ਏ + ਈ)

**ਤੀਹਰਾ ਸਵਰ ਸੰਯੋਗ:**

ਦਵਾਈਓ - ਦ + ਵ + ਆ + ਈ + ਓ (ਆ + ਈ + ਓ)

ਕਮਾਈਓ - ਕ + ਮ + ਆ + ਈ + ਓ (ਆ + ਈ + ਓ)

**ਵਿਅੰਜਨ**

ਜਿਨ੍ਹਾਂ ਧੁਨੀਆਂ ਦੇ ਉਚਾਰਨ ਵੇਲੇ ਫੇਫੜਿਆਂ ਵਿਚੋਂ ਆਉਂਦੀ ਹਵਾ ਮੂੰਹ ਪੋਲ ਵਿਚ ਕਿਸੇ ਨਾ ਕਿਸੇ ਸਥਾਨ 'ਤੇ ਰੁਕੇ, ਉਨ੍ਹਾਂ ਨੂੰ ਵਿਅੰਜਨ ਕਿਹਾ ਜਾਂਦਾ ਹੈ। ਇਸ ਅਧਾਰ 'ਤੇ ਵਿਅੰਜਨ ਧੁਨੀਆਂ ਦਾ ਦੋ ਭਾਗਾਂ ਵਿਚ ਵਰਗੀਕਰਨ ਕੀਤਾ ਜਾਂਦਾ ਹੈ;

## ਉਚਾਰਨ ਸਥਾਨ ਦੇ ਆਧਾਰ 'ਤੇ ਵਿਅੰਜਨਾਂ ਦਾ ਵਰਗੀਕਰਨ

ਵਿਅੰਜਨਾਂ ਦੇ ਉਚਾਰਨ ਵੇਲੇ ਹਵਾ ਨੂੰ ਜਿਸ ਥਾਂ ਰੋਕਿਆ ਜਾਂਦਾ ਹੈ ਉਸ ਨੂੰ ਉਚਾਰਨ ਸਥਾਨ ਕਿਹਾ ਜਾਂਦਾ ਹੈ। ਇਸ ਤਰ੍ਹਾਂ ਧੁਨੀਆਂ ਦੇ ਉਚਾਰਨ ਲਈ ਮੂੰਹ ਵਿਚਲੇ ਉਚਾਰਨ ਅੰਗ ਸਹਾਈ ਹੁੰਦੇ ਹਨ। ਇਨ੍ਹਾਂ ਦੇ ਅਧਾਰ 'ਤੇ ਹੀ ਇਨ੍ਹਾਂ ਨੂੰ ਕੰਠੀ, ਤਾਲਵੀ, ਉਲਟ ਜੀਭੀ, ਦੰਤੀ, ਹੋਂਠੀ, ਸੁਰਯੰਤਰੀ ਆਦਿ ਨਾਂ ਦਿੱਤੇ ਗਏ ਹਨ।

## ਉਚਾਰਨ ਵਿਧੀ ਦੇ ਅਧਾਰ 'ਤੇ ਵਿਅੰਜਨਾਂ ਦਾ ਵਰਗੀਕਰਨ

ਇਸ ਵਿਧੀ ਵਿਚ ਇਹ ਦੇਖਿਆ ਜਾਂਦਾ ਹੈ ਕਿ ਧੁਨੀ ਉਚਾਰਨ ਵੇਲੇ ਸਾਹ ਦੀ ਹਵਾ ਬਾਹਰ ਕਿਸ ਤਰ੍ਹਾਂ ਨਿਕਲਦੀ ਹੈ। ਉਚਾਰਨ ਵੇਲੇ ਸਾਹ ਦੀ ਹਵਾ ਘੱਟ ਮਾਤਰਾ ਵਿਚ ਬਾਹਰ ਨਿਕਲਦੀ ਹੈ ਜਾਂ ਵੱਧ ਮਾਤਰਾ ਵਿਚ। ਇਸ ਸਾਹ ਦੀ ਮਾਤਰਾ ਦੇ ਅਧਾਰ 'ਤੇ ਇਨ੍ਹਾਂ ਵਿਅੰਜਨ ਧੁਨੀਆਂ ਨੂੰ ਹੇਠ ਲਿਖੇ ਵਰਗਾਂ ਵਿਚ ਵੰਡਿਆ ਜਾਂਦਾ ਹੈ: ਡੱਕਵੇਂ, ਨਾਸਕੀ, ਪਾਸੇਦਾਰ, ਕੰਬਵਾਂ, ਫਟਕਵਾਂ, ਖਹਿਵੇਂ ਅਤੇ ਸਰਕਵੇਂ ਵਿਅੰਜਨ।

ਉਪਰੋਕਤ ਵਿਧੀਆਂ ਦੇ ਅਧਾਰ 'ਤੇ ਅਸੀਂ ਇਨ੍ਹਾਂ ਧੁਨੀਆਂ ਦੀ ਸ਼ਬਦ ਦੀਆਂ ਸਥਿਤੀਆਂ ਵਿਚ ਵਰਤੋਂ ਕਰਾਂਗੇ- ਵੱਖ-ਵੱਖ ਸਥਿਤੀਆਂ ਵਿਚ ਵਿਅੰਜਨ ਧੁਨੀਆਂ ਦੀ ਵਰਤੋਂ:

| ਵਿਅੰਜਨ | ਮੁੱਢਲੀ ਸਥਿਤੀ | ਵਿਚਕਾਰਲੀ ਸਥਿਤੀ | ਅੰਤਲੀ ਸਥਿਤੀ |
|---|---|---|---|
| ਕ | ਕਚਰਾ (ਖਰਬੂਜਾ) | ਬੱਕਰਾ | ਪਬਲਕ (ਪਬਲਿਕ) |
| ਖ | ਖਰਾਕ (ਖ਼ੁਰਾਕ) | ਬਖਾਰ (ਬੁਖ਼ਾਰ) | ਕੱਖ (ਘਾਹ) |
| ਗ | ਗੈਂ (ਗਊ) | ਤਗੜੀ (ਤਕੜੀ) | ਯੱਗ (ਜੱਗ) |
| ਚ | ਚਲਾਂ (ਚਲਦਾ) | ਬਚੋਲਾ (ਵਿਚੋਲਾ) | ਖੀਚ (ਖਿੱਚ) |
| ਛ | ਛੋਕਰਾ (ਮੁੰਡਾ) | ਬਛੜੂ (ਵੱਛਾ) | ਕੁਛ (ਕੁਝ) |
| ਜ | ਜਹਾਂ (ਜਿੱਥੇ) | ਬਜਾਰ (ਬਾਜ਼ਾਰ) | ਬੀਜ (ਬੀ) |
| ਟ | ਟੈਮ (ਟਾਈਮ) | ਬਟਾ (ਵਟਾ) | ਬਾਟ (ਵੱਟਾ) |
| ਠ | ਠਾ (ਚੱਕ) | ਗਠੜੀ (ਪੰਡ) | ਗੱਠ (ਗੰਢ) |
| ਡ | ਡਲ਼ਾ (ਵੱਟਾ) | ਗੇਡਣਾ (ਧੱਕਣਾ) | ਢੀਡ (ਗਿੱਡ) |
| ਤ | ਤੀ (ਸੀ) | ਜਿਤਨਾ (ਜਿੰਨਾ) | ਭੀਤ (ਕੰਧ) |
| ਥ | ਥਾਨੂੰ (ਤੈਨੂੰ) | ਬਥੇਰਾ (ਬਹੁਤਾ) | ਕਿੱਥੈ (ਕਿੱਥੇ) |
| ਦ | ਦੇਗਾ (ਦੇਵੇਗਾ) | ਕਦਕਾ (ਕਦੋਂ ਦਾ) | ਬੰਦ (ਬੰਨ) |
| ਪ | ਪੈ (ਪਾ) | ਬਪਾਰ (ਵਿਉਪਾਰ) | ਸਾਂਪ (ਸੱਪ) |
| ਫ | ਫੇਰ (ਫਿਰ) | ਸਫੇਦ (ਚਿੱਟਾ) | ਸਾਫ (ਸਾਫ਼) |
| ਬ | ਬਾਤ (ਗੱਲ) | ਅੰਬਾਲਾ (ਅੰਬਾਲਾ) | ਅਬ (ਹੁਣ) |

| | | | |
|---|---|---|---|
| ਣ | ੩੩ | ਉਣੰਜਾ (ਉਣੰਜਾ) | ਬਹਣ (ਭੈਣ) |
| ਨ | ਨੀਮ (ਨਿੰਮ) | ਬਿਨੋਦ (ਵਿਨੋਦ) | ਕੰਨੀ (ਪਾਸੇ) |
| ਮ | ਮਰੀਕ (ਅਮਰੀਕ) | ਜਮੀਨ (ਜ਼ਮੀਨ) | ਕਾਮ (ਕੰਮ) |
| ਲ | ਲਾਜ (ਇਲਾਜ) | ਫਲਾਣਾ (ਫਲਾਂ) | ਤਲੈ (ਹੇਠਾਂ) |
| ਲ਼ | ੩੩ | ਬਲ਼ਦ (ਬੈਲ) | ਡੋਲ਼ (ਵੱਟ) |
| ਰ | ਰਾਤ | ਗੇਰਣਾ (ਸੁਟਣਾ) | ਲੰਬਰ (ਨੰਬਰ) |
| ੜ | ੩੩ | ਤੜਕੀ (ਸਵੇਰੇ) | ਬਾੜਾ (ਬਾਗਲ) |
| ਸ | ਸਾਂਸ (ਸਾਹ) | ਦੁੱਸਰਾ (ਦੂਜਾ) | ਘਾਸ (ਘਾਹ) |
| ਹ | ਹਮ (ਅਸੀਂ) | ਲੋਹਾਰ | ਜਾਹਾਂ (ਚੱਲਿਆਂ) |
| ਯ | ਯਾਦ | ਗਯਾਨ (ਗਿਆਨ) | ਬਯਾਂ (ਸੂਣਾ) |
| ਵ | ਵਹਾਂ (ਉੱਥੇ) | ਦਵਾਈ | ਪਛਵਾ (ਪੱਛੋ) |

ਉਪਰੋਕਤ ਵੇਰਵੇ ਦੇ ਅਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਇਸ ਖੇਤਰ ਦੀ ਉਪਭਾਸ਼ਾ ਵਿਚ ਨਾਦੀ ਮਹਾਪ੍ਰਾਣ ਧੁਨੀਆਂ /ਘ, ਝ, ਢ, ਧ, ਭ/ ਅਤੇ /ਹ/ ਦਾ ਪ੍ਰਯੋਗ ਲਿਖਣ ਵਿਚ ਤਾਂ ਭਾਵੇਂ ਪੂਰਨ ਤੌਰ 'ਤੇ ਹੁੰਦਾ ਹੈ ਪਰ ਉਚਾਰਨ ਸਮੇਂ ਇਹ ਟਕਸਾਲੀ ਪੰਜਾਬੀ ਦੀ ਤਰ੍ਹਾਂ ਹੀ ਸੁਰ ਵਿਚ ਬਦਲ ਜਾਂਦੇ ਹਨ। ਇਹ ਕੁਝ ਸਥਿਤੀਆਂ ਵਿਚ ਸੁਰ ਵਿਚ ਤਬਦੀਲ ਹੋ ਜਾਂਦੇ ਹਨ ਤੇ ਕੁਝ ਵਿਚ ਨਹੀਂ ਹੁੰਦੇ। ਇਸ ਖਿੱਤੇ ਦੀ ਉਪਭਾਸ਼ਾ ਵਿਚ 'ਞ' ਅਤੇ 'ਙ' ਦਾ ਪ੍ਰਯੋਗ ਨਾ ਤਾਂ ਲਿਖਤੀ ਰੂਪ ਵਿਚ ਹੀ ਕੀਤਾ ਜਾਂਦਾ ਹੈ ਅਤੇ ਨਾ ਹੀ ਬੋਲਣ ਸਮੇਂ। ਇਨ੍ਹਾਂ ਤੋਂ ਇਲਾਵਾ ਬਾਕੀ ਸਾਰੀਆਂ ਵਿਅੰਜਨ ਧੁਨੀਆਂ ਸ਼ਬਦ ਦੀਆਂ ਤਿੰਨੇ ਸਥਿਤੀਆਂ ਵਿਚ ਵਿਚਰਦੀਆਂ ਹਨ।

### ਵਿਅੰਜਨ ਨੇੜਤਾ

ਕਿਸੇ ਸ਼ਬਦ ਜਾਂ ਉਚਾਰਖੰਡ ਵਿਚ ਜਦੋਂ ਦੋ ਜਾਂ ਦੋ ਤੋਂ ਵੱਧ ਵਿਅੰਜਨ ਜੁੜ ਕੇ ਅਰਥਾਤ ਬਿਨਾਂ ਕਿਸੇ ਸਵਰ ਦੀ ਸਹਾਇਤਾ ਤੋਂ ਉਚਾਰੇ ਜਾਣ ਤਾਂ ਉਸ ਨੂੰ ਵਿਅੰਜਨ ਨੇੜਤਾ ਕਿਹਾ ਜਾਂਦਾ ਹੈ। ਇਸ ਇਲਾਕੇ ਦੀ ਉਪਭਾਸ਼ਾ ਵਿਚ ਵਿਅੰਜਨ ਨੇੜਤਾ ਦੇ ਕੁਝ ਰੂਪ ਸਾਕਾਰ ਹੁੰਦੇ ਹਨ ਜੋ ਹੇਠਾਂ ਦਿੱਤੇ ਗਏ ਹਨ;

ੳ. ਦੁੱਤ ਵਿਅੰਜਨ

ਅ. ਵਿਅੰਜਨ ਗੁੱਛੇ

ੲ. ਵਿਅੰਜਨ ਸੰਯੋਗ

### ਦੁੱਤ ਵਿਅੰਜਨ

ਜਦੋਂ ਕਿਸੇ ਸ਼ਬਦ ਜਾਂ ਉਚਾਰਖੰਡ ਵਿਚ ਇਕੋ ਵਿਅੰਜਨ ਧੁਨੀ ਦਾ ਉਚਾਰਨ ਦੂਹਰਾ ਕੇ ਜਾਂ ਲਮਕਾ ਕੇ ਕੀਤਾ ਜਾਵੇ ਤਾਂ ਉਸ ਨੂੰ ਦੁੱਤ ਵਿਅੰਜਨ ਕਿਹਾ ਜਾਂਦਾ ਹੈ। ਇਸ ਖੇਤਰ ਦੀ ਉਪਭਾਸ਼ਾ ਵਿਚ ਦੁੱਤ ਵਿਅੰਜਨਾਂ ਦੀ ਵਰਤੋਂ ਦੀਆਂ ਉਦਾਹਰਨਾਂ ਹੇਠ ਦਿਤੀਆਂ ਗਈਆਂ ਹਨ:-

ਕੱਟੜਾ- ਕ + ਅ + ਟ + ਟ + ੜ + ਆ (ਟ + ਟ)

ਉਦੱਣ- ਉ + ਦ + ਦ + ਣ (ਦ + ਦ)

ਕਿੱਡਾ- ਕ + ਇ + ਡ + ਡ + ਆ (ਡ +ਡ)

**ਵਿਅੰਜਨ ਗੁੱਛੇ**

ਸ਼ਬਦਾਂ ਦੀ ਰਚਨਾ ਵਿਚ ਜਦੋਂ ਦੋ ਜਾਂ ਦੋ ਤੋਂ ਵੱਧ ਵਿਅੰਜਨ ਬਿਨਾ ਕਿਸੇ ਸਵਰ ਦੀ ਸਹਾਇਤਾ ਦੇ ਉਚਾਰੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਵਿਅੰਜਨ ਗੁੱਛੇ ਕਿਹਾ ਜਾਂਦਾ ਹੈ। ਇਸ ਇਲਾਕੇ ਦੀ ਉਪਭਾਸ਼ਾ ਵਿਚ ਵਿਅੰਜਨ ਗੁੱਛਿਆਂ ਦੀਆਂ ਕੁਝ ਉਦਾਹਰਨਾਂ ਇਸ ਤਰ੍ਹਾਂ ਹਨ;

ਹਲ਼ਟ- ਹ + ਅ + ਲ਼ +ਟ (ਲ਼ + ਟ)

ਝੂਲਸ- ਝ + ਊ + ਲ + ਟ (ਲ + ਟ)

ਗਰਦ- ਗ + ਅ + ਰ + ਦ (ਰ +ਦ)

**ਵਿਅੰਜਨ ਸੰਯੋਗ**

ਵਿਅੰਜਨ ਸੰਯੋਗ ਵਿਚ ਵੀ ਦੋ ਵਿਅੰਜਨ ਬਿਨਾ ਸਵਰਾਂ ਦੀ ਸਹਾਇਤਾ ਤੋਂ ਉਚਾਰੇ ਜਾਂਦੇ ਹਨ ਪਰ ਇਨ੍ਹਾਂ ਵਿਚ ਇੰਨੀ ਵੱਖਰਤਾ ਹੈ ਕਿ ਇਹ ਭਾਵੰਸ਼ ਦੀਆਂ ਹੱਦਾਂ 'ਤੇ ਹੀ ਸਾਕਾਰ ਹੁੰਦੇ ਹਨ। ਇਸ ਵਿਚ ਪਹਿਲੇ ਭਾਵੰਸ਼ ਦਾ ਅਖੀਰਲਾ ਵਿਅੰਜਨ ਅਤੇ ਦੂਜੇ ਭਾਵੰਸ਼ ਦਾ ਪਹਿਲਾ ਵਿਅੰਜਨ ਬਿਨਾ ਕਿਸੇ ਸਵਰ ਦੀ ਸਹਾਇਤਾ ਦੇ ਸ਼ਬਦ ਦੀ ਰਚਨਾ ਕਰਦੇ ਹਨ। ਇਸ ਤਰ੍ਹਾਂ ਇਸ ਨੂੰ ਵਿਅੰਜਨ ਸੰਯੋਗ ਕਿਹਾ ਜਾਂਦਾ ਹੈ। ਇਸ ਇਲਾਕੇ ਦੀ ਉਪਭਾਸ਼ਾ ਵਰਤੇ ਜਾਂਦੇ ਵਿਅੰਜਨ ਸੰਯੋਗ ਦੀ ਉਦਾਹਰਨ :

ਚੀਖ + ਦਾ - ਚ + ਈ + ਖ + ਦ + ਆ (ਖ + ਦ)

ਬੀਚ + ਮਾ - ਬ + ਈ + ਚ + ਮ + ਆ (ਚ +ਮ)

ਛੋੜ + ਕਾ - ਛ + ਓ + ੜ + ਕ + ਆ (ੜ +ਕ)

**ਅਖੰਡੀ ਧੁਨੀਆਂ**

ਅਖੰਡੀ ਧੁਨੀਆਂ ਉਹ ਧੁਨੀਆਂ ਹੁੰਦੀਆਂ ਹਨ ਜੋ ਸ਼ਬਦ ਵਿਚ ਸੁਤੰਤਰ ਤੌਰ 'ਤੇ ਨਹੀਂ ਵਿਚਰ ਸਕਦੀਆਂ ਅਤੇ ਉਹ ਆਪਣਾ ਕਾਰਜ ਖੰਡੀ ਧੁਨੀਆਂ ਨਾਲ ਰਲ ਕੇ ਹੀ ਸਾਕਾਰ ਕਰਦੀਆਂ ਹਨ। ਇਨ੍ਹਾਂ ਧੁਨੀਆਂ ਦਾ ਖੰਡੀ ਧੁਨੀਆਂ ਵਾਂਗ ਖੰਡ-ਖੰਡ ਕਰ ਕੇ ਵਿਸ਼ਲੇਸ਼ਣ ਨਹੀਂ ਕੀਤਾ ਜਾ ਸਕਦਾ।

**ਸੁਰ**

ਕਿਸੇ ਵੀ ਭਾਸ਼ਾ ਦੀਆਂ ਧੁਨੀਆਂ ਦੇ ਉਚਾਰਨ ਸਮੇਂ ਸੁਰ ਮੁੱਖ ਭੂਮਿਕਾ ਅਦਾ ਕਰਦੀ ਹੈ। ਸੁਰ ਦਾ ਸੰਬੰਧ ਸਾਡੀ ਪਿੱਚ ਨਾਲ ਹੁੰਦਾ ਹੈ ਇਸ ਲਈ ਸੁਰ ਤੰਦਾਂ ਦੀ ਕੰਬਾਹਟ ਨੂੰ ਪਿੱਚ ਕਿਹਾ ਜਾਂਦਾ ਹੈ। ਜਦੋਂ ਅਸੀਂ ਸ਼ਬਦਾਂ ਦਾ ਉਚਾਰਨ ਕਰਦੇ ਹਾਂ ਤਾਂ ਸੁਰ ਤੰਦਾਂ ਦੀ ਕੰਬਾਹਟ ਇਕੋ ਸਥਿਤੀ ਵਿਚ ਨਹੀਂ ਰਹਿੰਦੀ, ਇਹ ਘੱਟਦੀ-ਵੱਧਦੀ ਰਹਿੰਦੀ ਹੈ। ਇਹ ਸੁਰ ਇਸ ਇਲਾਕੇ ਦੀ

ਉਪਭਾਸ਼ਾ ਵਿਚ ਸਘੋਸ਼ ਮਹਾਪ੍ਰਾਣ ਧੁਨੀਆਂ /ਘ, ਝ, ਢ, ਧ, ਭ/ ਅਤੇ ਸੁਰਯੰਤਰੀ ਧੁਨੀ /ਹ/ ਦੀ ਅਲੋਪਤਾ ਨਾਲ ਪੈਦਾ ਹੁੰਦੀ ਹੈ। ਮੇਰੇ ਲੇਖ ਵਿਚ ਇਸ ਤਰ੍ਹਾਂ ਦੇ ਨਮੂਨੇ ਸਾਹਮਣੇ ਆਏ ਹਨ ਜਿਨਾਂ ਵਿਚ ਬੁਲਾਰਿਆਂ ਨੇ ਕਈ ਸ਼ਬਦਾਂ ਵਿਚ ਸੁਰ ਨੂੰ ਸਾਰਥਕਤਾ ਪ੍ਰਦਾਨ ਕੀਤੀ ਹੈ ਅਤੇ ਕਈ ਵਾਰ ਉਹ ਸੁਰ ਨੂੰ ਬਿਨਾ ਉਚਾਰੇ ਹੀ ਸ਼ਬਦਾਂ ਦਾ ਉਚਾਰਨ ਕਰਦੇ ਨਜ਼ਰ ਆਏ ਹਨ। ਹੇਠਾਂ ਸੁਰ ਸਹਿਤ ਅਤੇ ਸੁਰ ਰਹਿਤ ਨਮੂਨੇ ਇਸ ਤਰ੍ਹਾਂ ਹਨ:

| ਸੁਰ ਸਹਿਤ | ਸੁਰ ਰਹਿਤ |
|---|---|
| ਮ੍ਹੀਨਾ | ਮਹੀਨਾ |
| ਭੈਣ | ਬਹਣ |
| ਭਾਬੀ | ਭਾਬੀ |
| ਮ੍ਹਾਰਾ | ਕਹਾਂ |
| ਮ੍ਹਾਨੂੰ | ਵਹਾਂ |
| ਘੱਟ | ਘਾਟ |
| ਧਾਗਾ | ਧਾਰ |
| ਜ੍ਹਾਰ | ਹਜਾਰ |
| ਭੁਖ | ਭਾਰ |

ਇਸ ਖੇਤਰ ਵਿਚ ਬੋਲੀ ਜਾਂਦੀ ਬੋਲੀ ਵਿਚ ਵੀ ਉੱਚੀ ਸੁਰ, ਪੱਧਰੀ ਸੁਰ ਅਤੇ ਨੀਵੀਂ ਸੁਰ ਦੀਆਂ ਉਦਾਹਰਨਾਂ ਦੇਖਣ ਨੂੰ ਮਿਲਦੀਆਂ ਹਨ;

| | | |
|---|---|---|
| ਨੀਵੀਂ ਸੁਰ | ਘਰ (ਕ ਅ ਰ), | ਭਾੜਾ (ਪ ਆ ੜ ਆ) |
| ਪੱਧਰੀ ਸੁਰ | ਪਾ (ਪ ਆ), | ਪਾੜਾ (ਪ ਆ ੜ ਆ) |
| ਉੱਚੀ ਸੁਰ | ਮੱਘ (ਮ ਗ ਗ), | ਪਾੜ੍ਹਾ (ਪ ਆ ੜ ਆ) |

**ਵਾਕ ਸੁਰ**

ਸੁਰ ਦੀ ਤਰ੍ਹਾਂ ਵਾਕ ਸੁਰ ਦਾ ਆਧਾਰ ਵੀ ਪਿੱਚ ਹੀ ਹੈ। ਇਹ ਸੁਰ ਦੀ ਇਕ ਵੱਡੀ ਇਕਾਈ ਹੈ। ਜਦੋਂ ਸੁਰ ਤੰਦਾਂ ਦੀ ਕੰਬਾਹਟ ਸ਼ਬਦਾਂ ਦੀ ਥਾਂ ਵਾਕ ਦੇ ਪੱਧਰ 'ਤੇ ਸਾਰਥਕ ਹੋਵੇ ਤਾਂ ਉਸ ਨੂੰ ਵਾਕ ਸੁਰ ਕਿਹਾ ਜਾਂਦਾ ਹੈ। ਵਾਕ ਸੁਰ ਵਿਚ ਸ਼ਬਦਾਂ ਦੀ ਥਾਂ ਅਤੇ ਬਣਤਰ ਉਹ ਹੀ ਰਹਿੰਦੀ ਹੈ ਪਰ ਅਰਥਾਂ ਵਿਚ ਬਦਲਾਅ ਆ ਜਾਂਦਾ ਹੈ। ਜਿਵੇਂ :

ਬੂੰਦਾਂ ਨੀ ਪੜ੍ਹੀਆਂ।

ਬੂੰਦਾ ਨੀ ਪੜ੍ਹੀਆਂ!

ਬੂੰਦਾਂ ਨੀ ਪੜ੍ਹੀਆਂ?

**ਬਲ**

ਬਲ ਜਾਂ ਦਬਾ ਦਾ ਸੰਬੰਧ ਧੁਨੀ ਵਿਉਂਤ ਦੇ ਪ੍ਰਸੰਗ ਵਿਚ ਉਚਾਰਨ ਨਾਲ ਹੈ। ਇਸ

ਦਾ ਘੇਰਾ ਉਚਾਰਖੰਡ ਹੁੰਦਾ ਹੈ। ਜਦੋਂ ਅਸੀਂ ਧੁਨੀਆਂ ਨੂੰ ਉਚਾਰਦੇ ਹਾਂ ਤਾਂ ਸਾਰੀਆਂ ਧੁਨੀਆਂ ਜਾਂ ਉਚਾਰਖੰਡਾਂ 'ਤੇ ਇਕੋ ਜਿਹਾ ਬਲ ਨਹੀਂ ਦਿੰਦੇ। ਕਿਸੇ ਧੁਨੀ ਉੱਤੇ ਅਸੀਂ ਬਲ ਘੱਟ ਦਿੰਦੇ ਹਾਂ ਅਤੇ ਕਿਸੇ ਧੁਨੀ ਉੱਤੇ ਵੱਧ। ਦੂਜੇ ਸ਼ਬਦਾਂ ਵਿਚ ਜਦੋਂ ਸ਼ਬਦ ਦੇ ਕਿਸੇ ਇਕ ਹਿੱਸੇ ਨੂੰ, ਦੂਜੇ ਹਿੱਸੇ ਨਾਲੋਂ ਵਧੇਰੇ ਜ਼ੋਰ ਪਾ ਕੇ ਬੋਲਦੇ ਹਾਂ, ਤਾਂ ਇਸ ਜ਼ੋਰ ਨਾਲ ਬੋਲੇ ਹਿੱਸੇ ਦੀ ਵਿਸ਼ੇਸ਼ਤਾ ਨੂੰ ਪ੍ਰਗਟ ਕਰਨਾ ਬਲ ਹੈ। ਜਿਵੇਂ : ਡਾੱਕਰ, ਬੱਛੜਾ, ਕੱਟੜਾ, ਦੁੱਸਰਾ, ਜੱਗ

**ਨਾਸਿਕਤਾ**

ਨਾਸਕੀ ਧੁਨੀਆਂ ਦੇ ਉਚਾਰਨ ਵੇਲੇ ਕੋਮਲ ਤਾਲੂ ਹੇਠਾਂ ਵੱਲ ਡਿੱਗ ਜਾਂਦਾ ਹੈ ਜਿਸ ਕਰਕੇ ਮੂੰਹ ਦਾ ਰਸਤਾ ਬੰਦ ਹੋ ਜਾਂਦਾ ਹੈ ਤੇ ਹਵਾ ਨੱਕ ਰਾਹੀਂ ਬਾਹਰ ਨਿਕਲਦੀ ਹੈ। ਇਸ ਤਰ੍ਹਾਂ ਪੈਦਾ ਹੋਈਆਂ ਧੁਨੀਆਂ ਨੂੰ ਨਾਸਕੀ ਧੁਨੀਆਂ ਕਿਹਾ ਜਾਂਦਾ ਹੈ। ਇਸ ਖੇਤਰ ਦੀ ਉਪਭਾਸ਼ਾ ਵਿਚ /ਨ, ਮ, ਣ/ ਧੁਨੀਆਂ ਨਾਸਕੀ ਹਨ ਅਤੇ ਸਾਰੀਆਂ ਸਵਰ ਧੁਨੀਆਂ ਦਾ ਨਾਸਕੀ ਰੂਪ ਵੀ ਮਿਲਦਾ ਹੈ। ਇਸ ਇਲਾਕੇ ਦੀ ਉਪਭਾਸ਼ਾ ਵਿਚ ਨਾਸਿਕਤਾ ਦੀਆਂ ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

ਬੰਦਣਾ, ਫਿਰਾਂ, ਮੈਂਸ, ਗੈਂ, ਗੋਂ, ਕੀਨੂੰ, ਤੋਂ, ਮ੍ਹਾਨੂੰ, ਥਾਨੂੰ।

ਨਿਚੋੜ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਇਸ ਉਪਭਾਸ਼ਾ ਦੇ ਵਿਸ਼ਲੇਸ਼ਣ ਉਪਰੰਤ ਜੋ ਤੱਥ ਸਾਹਮਣੇ ਆਏ ਹਨ ਉਨ੍ਹਾਂ ਦੇ ਆਧਾਰ ਉੱਤੇ ਇਸ ਖੇਤਰੀ ਉਪਭਾਸ਼ਾ ਨੂੰ ਪੁਆਧੀ ਉਪਭਾਸ਼ਾ ਦਾ ਹੀ ਇਕ ਰੂਪ ਕਿਹਾ ਜਾ ਸਕਦਾ ਹੈ ਪਰ ਇਸ ਉਪਰ ਹਰਿਆਣਵੀ ਬੋਲੀਆਂ ਦਾ ਪ੍ਰਭਾਵ ਕਿਤੇ ਨਾ ਕਿਤੇ ਪ੍ਰਤੱਖ ਰੂਪ ਵਿਚ ਦੇਖਿਆ ਜਾ ਸਕਦਾ ਹੈ। ਅਸਲ ਵਿਚ ਇਹ ਉਪਭਾਸ਼ਾ ਪੁਆਧੀ ਅਤੇ ਖੜ੍ਹੀ ਬੋਲੀ ਦਾ ਮਿਸ਼ਰਤ ਰੂਪ ਹੈ। ਪੰਜਾਬੀ ਉਪਭਾਸ਼ਾ ਬੋਲਦੇ ਲੋਕ ਸਮੁੱਚੇ ਹਰਿਆਣੇ ਪ੍ਰਾਂਤ ਵਿਚ ਖਿੰਡੇ ਹੋਏ ਰੂਪ ਵਿਚ ਵਸੇ ਹੋਏ ਹਨ। ਇਸ ਦ੍ਰਿਸ਼ਟੀ ਤੋਂ ਇਹ ਸਮੁੱਚਾ ਪ੍ਰਾਂਤ ਉਪਭਾਸ਼ਾਈ ਸਰਵੇਖਣ ਦੀ ਮੰਗ ਕਰਦਾ ਹੈ ਤਾਂ ਜੋ ਇੱਥੇ ਬੋਲੀਆਂ ਜਾਂਦੀਆਂ ਵੱਖ-ਵੱਖ ਉਪਭਾਸ਼ਾਵਾਂ ਦੇ ਵਿਲੱਖਣ ਸਰੂਪ ਨੂੰ ਪੇਸ਼ ਕੀਤਾ ਜਾ ਸਕੇ।

**ਹਵਾਲੇ**


1. शारदा, डा. साधुराम, 2011, हरियाणा की उपभाषाएं, हरियाणा साहित्य अकादमी, पंचकूला।
2. ਸੰਘਾ, ਸੁਖਵਿੰਦਰ ਸਿੰਘ, 2014, ਪੰਜਾਬੀ ਧੁਨੀ ਵਿਉਂਤ: ਸਿਧਾਂਤ ਅਤੇ ਵਿਹਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
3. ਬਰਾੜ, ਬੂਟਾ ਸਿੰਘ, 2014, ਪੰਜਾਬੀ ਵਿਆਕਰਨ: ਸਿਧਾਂਤ ਅਤੇ ਵਿਹਾਰ, ਚੇਤਨਾ ਪ੍ਰਕਾਸ਼ਨ ਲੁਧਿਆਣਾ।

**https://pa.m.wikipedia.org/wiki/%E0%A8%B8%E0%A8%B5%E0%A8%B0**

**https://punjabipedia.org/topic.aspx?txt=%E0%A8%B5%E0%A8 %BF%0%A8%85%E0%A9%B0%E0%A8%9C%E0% A8%A8**

# ਸਵਰਾਜਬੀਰ ਰਚਿਤ ਨਾਟਕ ਧਰਮ ਗੁਰੂ, ਕ੍ਰਿਸ਼ਨ ਅਤੇ ਮੇਦਨੀ ਦੇ ਸੰਦਰਭ 'ਚ ਨਾਬਰੀ ਤੇ ਵਿਦ੍ਰੋਹ ਦਾ ਪ੍ਰਵਚਨ

*ਸਤੀਸ਼ ਕੁਮਾਰ*

ਸਾਹਿਤਕ ਰਚਨਾਵਾਂ ਨਿਰੋਲ ਸੌਂਦਰਯਾਤਮਕ ਅਨੁਭੂਤੀ ਦਾ ਪ੍ਰਗਟਾ ਹੀ ਨਹੀਂ ਹੁੰਦੀਆਂ ਸਗੋਂ ਮਨੁੱਖੀ ਸਭਿਆਚਾਰ ਦੇ ਵਿਭਿੰਨ ਪਹਿਲੂਆਂ ਦੀ ਤਰਜਮਾਨੀ ਵੀ ਕਰਦੀਆਂ ਹਨ। ਇਸੇ ਤਰ੍ਹਾਂ ਸਾਹਿਤਕ ਰਚਨਾ ਦਾ ਹੁੰਗਾਰਾ ਕਿਸੇ ਨਾ ਕਿਸੇ ਤਰ੍ਹਾਂ ਦੀ ਸੱਤਾ ਸਥਾਪਤੀ ਵਿਰੁੱਧ ਵੀ ਬਣਿਆ ਰਹਿੰਦਾ ਹੈ। ਇਹ ਸੱਤਾ ਸਥਾਪਤੀ ਜਦੋਂ ਮਨੁੱਖੀ ਹੋਂਦ ਤੇ ਜੀਣ-ਥੀਣ ਦੇ ਮਸਲਿਆਂ ਲਈ ਚੁਣੌਤੀ ਬਣਦੀ ਹੈ ਤਾਂ ਮਨੁੱਖ ਇਸ ਸੱਤਾ ਸਥਾਪਤੀ ਵਿਰੁੱਧ ਵਿਰੋਧ ਦਰਜ ਕਰਦਾ ਹੈ, ਇਹ ਵਿਰੋਧ ਅੱਗੇ ਜਾ ਕੇ ਨਾਬਰੀ ਅਤੇ ਵਿਦਰੋਹ ਦੇ ਰੂਪ ਵਜੋਂ ਸਾਕਾਰ ਹੁੰਦਾ ਹੈ। ਇੱਥੇ ਇਸ ਚਰਚਾ ਦਾ ਸੰਬੰਧ ਸਵਰਾਜਬੀਰ ਰਚਿਤ (ਧਰਮ ਗੁਰੂ, ਕ੍ਰਿਸ਼ਨ ਅਤੇ ਮੇ ਦਨੀ) ਨਾਟਕਾਂ ਨਾਲ ਹੈ। ਪਰ ਉਸ ਤੋਂ ਪਹਿਲਾਂ ਨਾਬਰੀ ਅਤੇ ਵਿਦਰੋਹ ਸ਼ਬਦਾਂ ਨੂੰ ਪਰਿਭਾਸ਼ਕ ਪੱਧਰ ਤੇ ਵਾਚਣਾ ਅਹਿਮ ਜਾਪਦਾ ਹੈ। 'ਨਾਬਰੀ' ਸ਼ਬਦ ਦੇ ਵੱਖ-ਵੱਖ ਸ਼ਬਦਕੋਸ਼ੀ ਅਰਥਾਂ ਵਿਚ ਬਗਾਵਤੀ, ਨਾਫ਼ਰਮਾਨੀ, ਅਵੱਗਿਆਕਾਰੀ, ਆਗਿਆ ਮੰਨਣ ਤੋਂ ਇਨਕਾਰੀ, ਹੱਠਧਰਮੀ, ਅੱਥਰਾ, ਅੜਬ ਆਦਿ ਸ਼ਬਦਾਂ ਨੂੰ ਮੰਨਿਆ ਜਾਂਦਾ ਹੈ। ਅਸਲ ਵਿਚ ਨਾਬਰੀ ਮਨੁੱਖ ਦੀ ਮਨ ਮਾਨਸਿਕਤਾ ਵਿਚੋਂ ਉਪਜਿਆ ਅਜਿਹਾ ਪ੍ਰਤੀਕਰਮ ਹੈ ਜੋ ਕਿਸੇ ਦੀ ਅਧੀਨਗੀ, ਹੁਕਮ ਕਬੂਲਣ ਤੋਂ ਇਨਕਾਰੀ ਹੈ। ਇਸ ਸ਼ਬਦ ਨੂੰ ਸਮਾਜ-ਸੱਤਾ ਸਥਾਪਤੀ, ਰੂੜ੍ਹੀਗਤ ਕਦਰਾਂ ਕੀਮਤਾਂ ਦੇ ਉਲਟ ਦਿਸ਼ਾ ਵਿਚ ਚੱਲਣ ਵਾਲੀ ਜ਼ਹਿਨੀਅਤ, ਮਾਨਸਿਕਤਾ ਨਾਲ ਪਰਿਭਾਸ਼ਤ ਕੀਤਾ ਜਾ ਸਕਦਾ ਹੈ। ਨਾਬਰੀ ਦਾ ਮੂਲ ਉਦੇਸ਼ ਆਪਣੇ ਸਵੈ, ਗ਼ੈਰਤ, ਅਣਖ ਨੂੰ ਕਾਇਮ ਰੱਖਣ ਦੇ ਅਰਥਾਂ 'ਚ ਵੀ ਮੰਨਿਆ ਜਾ ਸਕਦਾ ਹੈ। ਪੰਜਾਬੀ ਸਮਾਜ ਸਭਿਆਚਾਰ ਵਿੱਚ ਨਾਬਰ-ਨਾਬਰੀ ਨੂੰ ਹਾਂ-ਵਾਚੀ, ਨਾਇਕਪੁਣੇ ਦੇ ਅਰਥਾਂ ਵਿੱਚ ਕਬੂਲ ਕੀਤਾ ਜਾਂਦਾ ਰਿਹਾ ਹੈ। ਨਾਬਰੀ ਦਾ ਸਰੂਪ ਅਤੇ ਪ੍ਰਤੀਕਰਮ ਬਦਲਦੇ ਹਾਲਾਤਾਂ ਅਨੁਸਾਰ ਪ੍ਰਵਿਰਤਤ ਹੁੰਦਾ ਰਿਹਾ ਹੈ। ਮਨੁੱਖ ਦੀ ਰੁਚੀ, ਸੁਭਾਅ, ਕਬੀਲਾ, ਕਿੱਤਾ, ਸੋਚ ਪ੍ਰਬੰਧ ਆਦਿ ਮਾਨਵੀ ਤੱਤ

*ਖੋਜਾਰਥੀ, ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ।*

ਨਾਬਰੀ ਜਾਂ ਨਾਬਰ ਬਣਨ 'ਚ ਉਸਾਰੂ ਰੋਲ ਅਦਾ ਕਰਦੇ ਹਨ। ਨਾਬਰੀ ਦਾ ਸੁਭਾਅ ਵਿਅਕਤੀਗਤ ਤੋਂ ਲੈ ਕੇ ਕੌਮ ਦੇ ਖਮੀਰ ਜਾਂ ਸਮਾਜਿਕ ਪੱਧਰ ਤੱਕ ਵਿਗਸਦਾ ਹੈ।

ਦੂਜੇ ਪਾਸੇ ਕਿਸੇ ਵਿਅਕਤੀ ਜਾਂ ਵਿਅਕਤੀ ਸਮੂਹ ਦੇ ਦੁਆਰਾ ਕਿਸੇ ਸੱਤਾ, ਵਿਵਸਥਾ, ਪਰੰਪਰਾ ਜਾਂ ਰੂੜੀ ਆਦਿ ਨੂੰ ਅਸਵੀਕਾਰ ਕਰਨ ਜਾਂ ਉਸ ਨੂੰ ਖਤਮ ਕਰਨ ਦੇ ਯਤਨ ਨੂੰ ਵਿਦਰੋਹ ਮੰਨਿਆ ਜਾ ਸਕਦਾ ਹੈ। ਵਿਵਸਥਾ ਆਦਿ ਦਾ ਸੰਬੰਧ ਰਾਜਨੀਤੀ, ਸਮਾਜ, ਨੈਤਿਕਤਾ, ਧਰਮ ਆਦਿ ਕਿਸੇ ਨਾਲ ਵੀ ਹੋ ਸਕਦਾ ਹੈ। ਕੇਵਲ ਰਾਜਨੀਤਿਕ ਸੱਤਾ ਜਾਂ ਵਿਵਸਥਾ ਦਾ ਅਸਵੀਕਾਰ ਵਿਰੋਧ ਅਤੇ ਉਸ ਨੂੰ ਸਮਾਪਤ ਕਰਨ ਲਈ ਕੀਤਾ ਗਿਆ ਯਤਨ ਵਿਦਰੋਹ ਨਹੀਂ ਹੈ। ਇੱਥੇ ਵਿਦਰੋਹ ਨੂੰ ਇਕ ਪ੍ਰਕਾਰ ਵਜੋਂ ਹੀ ਮੰਨਿਆ ਜਾ ਸਕਦਾ ਹੈ। ਵਿਦਰੋਹ ਰਾਜਨੀਤਿਕ ਸੱਤਾਵਾਂ ਜਾਂ ਕਿਸੇ ਵੀ ਵਿਵਸਥਾ ਤੋਂ ਇਲਾਵਾ ਵੀ ਕਿਸੇ ਦੇ ਖਿਲਾਫ਼ ਹੋ ਸਕਦਾ ਹੈ। ਵੱਖ-ਵੱਖ ਵਿਦਰੋਹ ਰੂਪਾਂ ਵਿਚ ਉਨ੍ਹਾਂ ਦੀ ਪ੍ਰਕ੍ਰਿਤੀ, ਸਰੂਪ ਵੀ ਵੱਖ-ਵੱਖ ਹੁੰਦੇ ਹਨ। ਇਹ ਜ਼ਰੂਰੀ ਨਹੀਂ ਹੈ ਕਿ ਹਰ ਵਿਦਰੋਹ ਨੂੰ ਸਫ਼ਲ ਹੀ ਮੰਨਿਆ ਜਾਵੇ ਜਾਂ ਸਫ਼ਲ ਵਿਦਰੋਹ ਹੀ ਅਸਲ ਵਿਦਰੋਹ ਹੈ, ਕਈ ਵਿਦਰੋਹ ਅਸਫ਼ਲ ਵੀ ਹੋ ਸਕਦੇ ਹਨ। ਸਮਾਜਿਕ, ਸਭਿਆਚਾਰਕ, ਰਾਜਨੀਤਿਕ ਅਤੇ ਧਾਰਮਿਕ ਪ੍ਰਸਥਿਤੀਆਂ ਤੋਂ ਬਾਹਰ ਵਿਦਰੋਹ ਦੀ ਇੱਕਲੀ ਵਿਅਕਤੀਗਤ ਪੱਧਰ ਤੇ ਕਲਪਨਾ ਕਰਨਾ ਆਪਣੇ ਆਪ ਵਿਚ ਤਰਕਹੀਣ ਜਾਪਦਾ ਹੈ। ਬਲਕਿ ਇਕ ਵਿਅਕਤੀ ਦਾ ਵਿਦਰੋਹ ਵਿਅਕਤੀਗਤ ਪੱਧਰ ਤੱਕ ਸੀਮਤ ਨਾ ਹੋ ਕੇ ਸਮਾਜਿਕ ਪੱਧਰ ਤੱਕ ਸੰਚਾਰਿਤ ਹੋਣਾ ਹੀ ਅਸਲ ਵਿਦਰੋਹ ਹੈ। ਵਿਦਰੋਹ ਦੀ ਚੇਤਨਾ ਅਨਿਆਂ ਦੀ ਪੱਧਰ ਤੋਂ ਉਗਮਦੀ ਹੈ। ਜਦੋਂ ਮਨੁੱਖ ਆਪਣੀ ਦਾਸਤਾਂ ਦੀ ਮਨੋਵਿਰਤੀ ਨੂੰ ਉਭਾਰਨ ਦਾ ਯਤਨ ਕਰਦਾ ਹੈ ਤਾਂ ਉਸ ਸਮੇਂ ਵਿਦਰੋਹ ਦੀ ਆਧਾਰਸ਼ਿਲਾ ਬਣਨੀ ਸ਼ੁਰੂ ਹੋ ਜਾਂਦੀ ਹੈ। ਇਸ ਸੰਬੰਧੀ ਡਾ. ਕਰਨਜੀਤ ਸਿੰਘ ਲਿਖਦੇ ਹਨ, "ਵਿਦਰੋਹ ਦੀ ਸੁਰ ਪਿੱਛੋਂ ਛਿੜਦੀ ਹੈ ਪਹਿਲਾਂ ਵਿਦ੍ਰੋਹੀ ਮਨੋ-ਸਥਿਤੀ ਪੈਦਾ ਹੁੰਦੀ ਹੈ। ਵਿਦ੍ਰੋਹੀ ਮਨੋ-ਸਥਿਤੀ ਉਦੋਂ ਪੈਦਾ ਹੁੰਦੀ ਹੈ ਜਦੋਂ ਕਿਸੇ ਵਿਅਕਤੀ, ਸਮਾਜ ਜਾਂ ਦੇਸ਼ ਦਾ ਪ੍ਰਤਿਕੂਲ ਸਮਾਜਕ ਪ੍ਰਸਥਿਤੀਆਂ ਵਿਚ ਦਮ ਘੁਟ ਰਿਹਾ ਹੁੰਦਾ ਹੈ।"1 ਵਿਦਰੋਹ ਮਨੁੱਖ ਦੇ ਸੋਚ ਪ੍ਰਬੰਧ ਦੇ ਹਿੰਦਸੇ ਤੋਂ ਪ੍ਰਸਾਰਿਤ ਹੁੰਦਾ ਹੈ। ਇਸ ਤਰ੍ਹਾਂ ਆਪਣੇ ਅਧਿਕਾਰਾਂ ਪ੍ਰਤੀ ਖੜੇ ਹੋਣਾ, ਸੰਘਰਸ਼ੀਲ ਪ੍ਰਵਿਰਤੀ ਅਤੇ ਮੁਕਤੀ-ਕਾਮਨਾਵਾਂ ਵਿਦਰੋਹ ਦੀਆਂ ਬੁਨਿਆਦੀ ਵਿਸ਼ੇਸ਼ਤਾਵਾਂ ਹਨ। ਮਨੁੱਖ ਨੂੰ ਕਿਸੇ ਵੀ ਅਧਿਕਾਰ, ਸੰਘਰਸ਼ੀਲਤਾ ਅਤੇ ਮੁਕਤੀ-ਕਾਮਨਾ ਲਈ ਕਿਸੇ ਨਾ ਕਿਸੇ ਤਰ੍ਹਾਂ ਦੇ ਤੰਤਰ ਜਾਂ ਸੱਤਾ/ਸ਼ਕਤੀ ਵਿਰੁੱਧ ਟੱਕਰ ਲੈਣੀ ਪੈਂਦੀ ਹੈ। ਮਨੁੱਖ ਦੀ ਇਹੀ ਟੱਕਰ ਵਿਅਕਤੀਗਤ ਪੱਧਰ ਤੋਂ ਹੌਲੀ-ਹੌਲੀ ਜਨ-ਵਿਦਰੋਹ ਵਿਚ ਤਬਦੀਲੀ ਹੋ ਜਾਂਦੀ ਹੈ। ਜ਼ਿਕਰਯੋਗ ਹੈ ਕਿ ਅਜਿਹੀ ਤਣਾਪੂਰਨ ਸਥਿਤੀ ਜਿਸ ਵਿਚੋਂ ਕਿਸੇ ਨਵੀਂ ਜੀਵਨ ਜਾਂਚ ਜਾਂ ਸਭਿਆਚਾਰਕ ਕ੍ਰਾਂਤੀ ਨੇ ਜਨਮ ਲੈਣਾ ਹੁੰਦਾ ਹੈ ਉਹ ਇਕ-ਦਮ ਤੋਂ ਹੀ ਪੈਦਾ ਨਹੀਂ ਹੋ ਜਾਂਦੀ। ਉਸ ਸਥਿਤੀ ਪਿੱਛੇ ਰਾਜਨੀਤਕ, ਆਰਥਿਕ, ਸਭਿਆਚਾਰਕ ਉੱਥਲ ਪੁੱਥਲ ਦਾ ਇਕ ਲੰਮਾ-ਚੌੜਾ ਇਤਿਹਾਸ ਹੁੰਦਾ ਹੈ। ਵਿਦਰੋਹ ਦੇ ਆਪੋ ਆਪਣੇ ਪ੍ਰਸੰਗ, ਸੰਦਰਭ ਅਤੇ ਤੱਤਕਾਲੀ ਕਾਰਨ ਹੋ ਸਕਦੇ ਹਨ ਪਰ ਇਸ ਵਿਦਰੋਹ ਦੇ ਕਾਰਨ ਚਿਰਸਥਾਈ ਹੋਣ ਦੀ ਕਿੰਨੀ ਸੰਭਾਵਨਾ ਰੱਖਦੇ ਹਨ ਇਸ ਬਾਰੇ ਕੋਈ ਸੰਦੇਹ ਵੀ ਬਣਾਇਆ ਜਾ ਸਕਦਾ ਹੈ।

ਸਵਰਾਜਬੀਰ ਦੀ ਨਾਟ-ਰਚਨਾ ਦਾ ਹੁੰਗਾਰਾ ਵੀ ਸੱਤਾ ਸਥਾਪਤੀ ਦੇ ਵਿਰੁੱਧ ਨਾਬਰੀ ਅਤੇ ਵਿਦਰੋਹੀ ਸੁਰ ਵਾਲਾ ਹੈ। ਉਸ ਦੀਆਂ ਨਾਟ-ਰਚਨਾਵਾਂ ਸਮਾਜਿਕ, ਆਰਥਿਕ, ਸਭਿਆਚਾਰਕ, ਰਾਜਨੀਤਿਕ ਅਤੇ ਧਾਰਮਿਕ ਹਰ ਸੱਤਾ ਸਥਾਪਤੀ ਵਿਰੁੱਧ ਨਾਬਰੀ ਅਤੇ ਵਿਦਰੋਹੀ ਸੁਰ ਵਾਲਾ

ਰਵੱਈਆ ਅਖਤਿਆਰ ਕਰਦੀਆਂ ਹਨ। ਉਸ ਦਾ 1999 'ਚ ਛਪਿਆ ਪਲੇਠਾ ਨਾਟਕ 'ਧਰਮ ਗੁਰੂ' ਧਾਰਮਿਕ ਸੱਤਾ ਸਥਾਪਤੀ ਦੇ ਸੱਚ ਨੂੰ ਨੰਗਿਆ ਕਰਦਾ ਹੈ। "ਇਹ ਨਾਟਕ ਤ੍ਰਿਸ਼ੰਕੂ ਨਾਮੀ ਮਿੱਥ ਉੱਪਰ ਆਧਾਰਿਤ ਹੈ। ਤ੍ਰਿਸ਼ੰਕੂ ਦੀ ਕਥਾ ਰਮਾਇਣ (ਵਾਲਮੀਕੀ ਰਮਾਇਣ-ਬਾਲ ਕਾਂਡ, ਸਰਗ 57–59), ਸ਼੍ਰੀ ਮਦ ਭਾਗਵਤ (ਨੌਵਾਂ ਸਕੰਦ), ਹਰੀਵੰਸ਼ (ਅਧਿਆਇ 12 ਤੇ 13) ਅਤੇ ਦੇਵੀ ਭਾਗਵਤ ਵਿਚ ਮਿਲਦੀ ਹੈ।"2 ਸਵਰਾਜਬੀਰ ਨੇ ਇਸ ਮਿੱਥ ਨੂੰ 'ਧਰਮ ਗੁਰੂ' ਨਾਟਕ ਅੰਦਰ ਪੁਨਰ-ਪ੍ਰਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਨਾਟਕ ਦਾ ਕਥਾ ਸੰਸਾਰ ਅਯੋਧਿਆ ਦੇ ਰਾਜਾ ਤ੍ਰਿਆਰੁਣ, ਸਤਿਆਵ੍ਰਤ (ਅਯੋਧਿਆ ਦਾ ਯੁਵਰਾਜ) ਵਸਿਸ਼ਠ (ਧਰਮ ਗੁਰੂ), ਸਤਿਆਵ੍ਰਤ ਦੀ ਪ੍ਰੇਮਿਕਾ ਚਿਤ੍ਰਲੇਖਾ, ਰਿਸ਼ੀ ਵਿਸ਼ਵਾਮਿੱਤਰ, ਵਿਸ਼ਵਾਮਿੱਤਰ ਦੀ ਪਤਨੀ ਆਦਿ ਪਾਤਰਾਂ ਦੀ ਆਪਸੀ ਟੱਕਰ ਅਤੇ ਸੰਘਰਸ਼ ਉੱਪਰ ਉਸਰਿਆ ਹੋਇਆ ਹੈ।

"ਸਤਿਆਵ੍ਰਤ ਅਯੋਧਿਆ ਦੇ ਰਾਜੇ ਤ੍ਰਿਆਅਰੁਣ ਦਾ ਪੁੱਤਰ ਸੀ। ਇਕ ਵਾਰ ਜਦ ਇਕ ਬ੍ਰਾਹਮਣ ਦੀ ਧੀ ਦਾ ਵਿਆਹ ਹੋ ਰਿਹਾ ਸੀ ਤਾਂ ਸਤਿਆਵ੍ਰਤ ਵਿਆਹ ਮੰਡਮ ਵਿਚ ਦਾਖਲ ਹੋਇਆ ਤੇ ਲਾੜੀ ਨੂੰ ਉੱਠਾ ਕੇ ਲੈ ਗਿਆ। ਇਸ ਗੱਲ ਤੋਂ ਗੁੱਸੇ ਹੋ ਕੇ ਮਹਾਰਾਜ ਤ੍ਰਿਆਅਰੁਣ ਨੇ ਸਤਿਆਵ੍ਰਤ ਨੂੰ ਅਯੋਧਿਆ ਛੱਡ ਕੇ ਜਾਣ ਦਾ ਆਦੇਸ਼ ਦਿੱਤਾ ਅਤੇ ਸਤਿਆਵ੍ਰਤ ਨਗਰ ਤੋਂ ਬਾਹਰ ਤਥਾਕਥਿਤ ਨੀਵੇਂ ਲੋਕਾਂ (ਦਲਿਤਾਂ ਤੇ ਸ਼ਵ-ਪਾਚਕਾਂ) ਨਾਲ ਰਹਿਣ ਲੱਗਾ। ਪੁਰਾਣਾਂ ਵਿਚ ਇਸ ਗੱਲ ਦਾ ਸਾਫ਼ ਇਸ਼ਾਰਾ ਮਿਲਦਾ ਹੈ ਕਿ ਇਹ ਆਦੇਸ਼ ਅਯੋਧਿਆ ਦੇ ਪ੍ਰੋਹਿਤ ਮਹਾਰਿਸ਼ੀ ਵਸਿਸ਼ਠ ਦੇ ਕਹਿਣ 'ਤੇ ਦਿੱਤਾ ਗਿਆ। ਇਸ ਗੱਲ ਦੇ ਪੂਰੇ ਸੰਕੇਤ ਮਿਲਦੇ ਹਨ ਕਿ ਸਤਿਆਵ੍ਰਤ ਦੇ ਮਨ ਵਿਚ ਵਸਿਸ਼ਠ ਪ੍ਰਤੀ ਬਹੁਤ ਘ੍ਰਿਣਾ ਤੇ ਨਿਰਾਸ਼ਾ ਉਤਪੰਨ ਹੋਈ ਕਿਉਂਕਿ ਉਸ ਨੂੰ ਯਕੀਨ ਸੀ ਕਿ ਪਿਤਾ ਦੇ ਇਸ ਆਦੇਸ਼ ਪਿੱਛੇ ਰਿਸ਼ੀ ਵਸਿਸ਼ਠ ਦਾ ਹੱਥ ਹੈ।"3 ਧਰਮ ਗੁਰੂ ਨਾਟਕ ਦੇ ਇਸ ਪੌਰਾਣਿਕ ਕਥਾ ਦੇ ਥੀਮ ਰਾਹੀਂ ਸਵਰਾਜਬੀਰ ਨੇ ਸੱਤਾ ਸਥਾਪਤੀ ਨੂੰ ਦ੍ਰਿੜ ਕਰਨ ਲਈ ਵਰਤੇ ਜਾਂਦੇ ਤੰਤਰਾਂ ਨੂੰ ਬਾਖੂਬੀ ਉਭਾਰਿਆ ਹੈ। ਧਰਮ ਗੁਰੂ ਵਸਿਸ਼ਠ ਸੱਤਾ ਸਥਾਪਤੀ ਲਈ ਵਰਤੇ ਜਾਂਦੇ ਤੰਤਰਾਂ ਦਾ ਪ੍ਰਤੀਨਿਧ ਹੈ। ਜੋ ਧਰਮ ਦੀਆਂ ਮਰਿਆਦਾਵਾਂ ਅਤੇ ਅਸੂਲਾਂ ਨੂੰ ਬ੍ਰਾਹਮਣਾਂ ਵਲੋਂ ਤਹਿ-ਸ਼ੁਦਾ ਕੀਤੇ ਜਾਣਾ ਮੰਨਦਾ ਹੈ। ਉਸ ਲਈ ਬ੍ਰਾਹਮਣ ਜਾਤੀ ਹੀ ਅਜਿਹੀ ਜਾਤੀ ਹੈ ਜੋ ਧਰਮ ਸੰਬੰਧੀ ਨਿਯਮਾਂ ਉੱਪਰ ਚਿੰਤਨ ਕਰਨ ਨੂੰ ਆਪਣਾ ਅਧਿਕਾਰ ਸਮਝਦੀ ਹੈ। ਜਿਸ ਤਰ੍ਹਾਂ ਨਾਟਕ ਵਿਚ ਵਸਿਸ਼ਠ ਸੱਤਿਆਵ੍ਰਤ ਨੂੰ ਕਹਿੰਦਾ ਹੈ, "ਨਹੀਂ ਰਾਜ ਕੁਮਾਰ...ਇਸ ਸੰਸਾਰ ਵਿਚ ਚੰਗੇ ਜਾਂ ਮੰਦੇ ਕਰਮਾਂ ਦਾ ਨਿਰਣਾ ਬ੍ਰਾਹਮਣ ਧਰਮ-ਗੁਰੂਆਂ ਦੇ ਹੱਥ ਵਿਚ ਹੈ।"4 ਇਹੀ ਕਾਰਨ ਹੈ ਕਿ ਬ੍ਰਾਹਮਣਵਾਦੀ ਵਿਚਾਰਧਾਰਾ ਧਰਮ ਦੀ ਆੜ ਵਿਚ ਮਰਿਆਦਾਵਾਂ ਤੇ ਅਸੂਲਾਂ ਦਾ ਭਰਮ ਸਿਰਜ ਕੇ ਆਪਣੀ ਸੱਤਾ ਸਥਾਪਤੀ ਨੂੰ ਰਾਜਸੀ ਤਾਕਤਾਂ ਤੱਕ ਬਰਕਰਾਰ ਰੱਖਣ ਦਾ ਅਹਿਦ ਸਿਰਜਦੀ ਹੈ। ਪਰ ਸੱਤਿਆਵ੍ਰਤ ਇਸ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਵਿਰੁੱਧ ਨਾਬਰੀ ਵਾਲਾ ਰਵੱਈਆ ਅਖਤਿਆਰ ਕਰਦਾ ਹੈ। ਉਹ ਧਰਮ ਦੀ ਆੜ ਵਿਚ ਫੈਲਾਏ ਮਰਿਆਦਾਵਾਂ ਤੇ ਅਸੂਲਾਂ ਵਰਗੇ ਪ੍ਰਵਚਨ ਦੀ ਅਵੱਗਿਆ ਕਰਦਾ ਹੈ। ਉਹ ਇਸ ਬ੍ਰਾਹਮਣਵਾਦੀ ਵਿਚਾਰਧਾਰਾ ਦੇ ਵਿਰੋਧ ਵਿੱਚ ਬ੍ਰਾਹਮਣ ਕੰਨਿਆ ਨਾਲ ਉਸ ਦੇ ਪਿਤਾ ਦੀ ਮਰਜ਼ੀ ਦੇ ਵਿਰੋਧ ਵਿਚ ਵਿਆਹ ਕਰਦਾ ਹੈ, ਗਾਂ ਦਾ ਮਾਸ ਖਾਂਦਾ ਹੈ, ਮਦਪਾਣ ਕਰਦਾ ਹੈ, ਦਲਿਤਾਂ ਤੇ ਸ਼ੂਦਰਾਂ ਦੀ ਸੰਗਤ ਕਰਦਾ ਹੈ। ਉਹ ਸਥਾਪਤ ਮਰਿਆਦਾ ਤੇ ਪ੍ਰਤੀਮਾਨਾਂ ਨੂੰ ਖਦੇੜਦਾ ਹੋਇਆ ਆਪਣੀ ਇੱਛਾ ਮੁਤਾਬਕ ਜੀਵਨ ਜੀਣ ਨੂੰ ਤਰਜੀਹ ਦਿੰਦਾ ਹੈ। ਇਸ ਤਰ੍ਹਾਂ ਸੱਤਿਆਵ੍ਰਤ ਧਾਰਮਿਕ ਸੱਤਾ ਸਥਾਪਤੀ ਨਾਲ ਟਕਰਾਉਂਦਾ ਹੈ।

ਦੂਜੇ ਪਾਸੇ ਵਿਸ਼ਵਾਮਿੱਤਰ ਵੀ ਵਸਿਸ਼ਠ ਗੁਰੂ ਦੇ ਅਧਿਕਾਰਾਂ ਨੂੰ ਚੁਣੌਤੀ ਦਿੰਦਾ ਹੈ। ਉਹ ਸੱਤਿਆਵ੍ਰਤ ਦੇ ਲੋਕ ਪੱਖੀ ਹੋਣ ਦੀ ਹਮਾਇਤ ਕਰਦਾ ਹੈ। ਉਹ ਗੁਰੂ ਵਸਿਸ਼ਠ ਵਲੋਂ ਸੱਤਿਆਵ੍ਰਤ ਨੂੰ ਦਿੱਤੇ ਸਰਾਪਾਂ ਨੂੰ ਆਪਣੇ ਵਲੋਂ ਵਾਪਸ ਲੈਂਦਾ ਹੈ। ਇਸ ਤਰ੍ਹਾਂ ਸੱਤਿਆਵ੍ਰਤ ਅਤੇ ਵਿਸ਼ਵਾਮਿੱਤਰ ਧਰਮ ਗੁਰੂ ਵਸਿਸ਼ਠ ਦੇ ਵਿਰੁੱਧ ਵਿਦੋਰਹੀ ਧਿਰ ਵਜੋਂ ਉਭਰਦੇ ਹਨ ਅਤੇ ਧਰਮ ਗੁਰੂ ਵਸਿਸ਼ਠ ਵਲੋਂ ਸਿਰਜੇ ਧਰਮ ਦੀ ਪ੍ਰਭੂਸੱਤਾ ਦੇ ਸੰਕਲਪ ਦਾ ਵਿਦਰੋਹ ਕਰਦੇ ਹਨ। ਸਵਰਾਜਬੀਰ ਦਾ ਰਚਨਾ ਵਿਚਲਾ ਨਜ਼ਰੀਆ ਮਿਥਿਹਾਸ ਤੇ ਇਤਿਹਾਸ ਨਾਲ ਉਤਪੋਤ ਹੁੰਦਾ ਹੋਇਆ ਸਮਕਾਲ ਲਈ ਵੀ ਪ੍ਰਸੰਗਿਕ ਹੋ ਨਿਬੜਦਾ ਹੈ ਜਿੱਥੇ ਅੱਜ ਵੀ ਰਾਜਸੀ ਸੱਤਾ ਧਰਮ ਅਧੀਨ ਡਰ ਭੈਅ ਵਰਗੇ ਸੰਕਲਪਾਂ ਨੂੰ ਸਿਰਜ ਕੇ ਆਪਣੀ ਸੱਤਾ ਸਥਾਪਤੀ ਨੂੰ ਬਣਾਈ ਰੱਖਣਾ ਚਾਹੁੰਦੀ ਹੈ। ਇਸ ਤਰ੍ਹਾਂ ਦੇਖਿਆ ਜਾ ਸਕਦਾ ਹੈ ਕਿ ਆਦਿ ਕਾਲ ਤੋਂ ਹੀ ਮਨੁੱਖ ਨੂੰ ਉਸ ਦੀ ਇੱਛਾ ਤੋਂ ਵੰਚਿਤ ਕਰਨ ਵਾਲੀ ਹਰ ਸੱਤਾ ਸਥਾਪਤੀ ਵਿਰੁੱਧ ਨਾਬਰੀ ਅਤੇ ਵਿਦਰੋਹ ਦੀ ਸੁਰ ਭਾਰੂ ਰਹੀ ਹੈ। ਇਹ ਵੀ ਜ਼ਿਕਰਯੋਗ ਹੈ ਕਿ ਹਰ ਦੇਸ-ਕਾਲ ਵਿਚ ਸਥਾਪਤੀ ਤੇ ਗਲਬਾ ਸਿਰਜਣ ਵਾਲੀਆਂ ਧਿਰਾਂ ਵਿਰੁੱਧ ਸੰਘਰਸ਼ੀਲ ਧਿਰਾਂ ਉੱਤਪੰਨ ਹੁੰਦੀਆਂ ਰਹੀਆਂ ਹਨ।

ਸਵਰਾਜਬੀਰ ਦਾ ਦੂਸਰਾ ਨਾਟਕ 'ਕ੍ਰਿਸ਼ਨ' ਇਤਿਹਾਸਕ ਮਿੱਥ ਨੂੰ ਆਧਾਰ ਬਣਾ ਕੇ ਰਚਿਆ ਗਿਆ ਹੈ। ਇਹ ਨਾਟਕ ਭਗਵਾਨ ਕ੍ਰਿਸ਼ਨ ਦੀ ਮਿੱਥ ਉੱਪਰ ਆਧਾਰਿਤ ਹੈ। ਨਾਟਕ ਅੰਦਰ ਲੇਖਕ ਭਗਵਾਨ ਕ੍ਰਿਸ਼ਨ ਦੇ ਕਿਰਦਾਰ ਨੂੰ ਲੈ ਕੇ ਉਸਦੀ ਦੈਵੀ ਮਿੱਥ ਨੂੰ ਭੰਗ ਕਰਦਾ ਹੈ ਅਤੇ ਕ੍ਰਿਸ਼ਨ ਨੂੰ ਮਨੁੱਖੀ ਕਿਰਦਾਰ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਜਿਸ ਰਾਹੀਂ ਕ੍ਰਿਸ਼ਨ ਇਕ ਰਾਜ ਕਰਨ ਵਾਲੀ ਸੱਤਾ ਸਥਾਪਤੀ ਵਜੋਂ ਉਭਰ ਕੇ ਸਾਹਮਣੇ ਆਉਂਦਾ ਹੈ। ਲੇਖਕ ਮਨੁੱਖੀ ਅਵਚੇਤਨ ਵਿੱਚ ਉਸਦੇ ਭਗਵਾਨ ਕ੍ਰਿਸ਼ਨ ਅਤੇ ਇਕ ਆਦਰਸ਼ਕ ਨਾਇਕ ਹੋਣ ਦੇ ਬਿੰਬ ਨੂੰ ਬੇਪਰਦ ਕਰਦਾ ਹੈ। ਸਵਰਾਜਬੀਰ ਨਾਟਕ ਦੇ ਕਥਨਾਕ ਬਾਰੇ ਭੂਮਿਕਾ ਵਿੱਚ ਲਿਖਦਾ ਹੈ ਕਿ, "ਮੇਰੀ ਕਹਾਣੀ ਦਾ ਮੂਲ ਸੂਤਰ ਖਾਂਡਵ ਦਾਹ ਹੈ। ਇਹ ਖਾਂਡਵ ਵਣ ਨੂੰ ਅੱਗ ਲਗਾਉਣ ਦੀ ਕਹਾਣੀ ਹੈ। ਮਹਾਂਭਾਰਤ ਦੇ ਆਦਿ-ਪਰਵ ਵਿੱਚ ਬੜੇ ਵਿਸਥਾਰ ਨਾਲ ਅਤੇ ਸਾਫ਼ ਤੌਰ ਉਤੇ ਦੱਸਿਆ ਗਿਆ ਹੈ ਕਿ ਕਿਵੇਂ ਕ੍ਰਿਸ਼ਨ ਅਤੇ ਅਰਜਨ ਨੇ ਖਾਂਡਵ-ਵਣ ਨੂੰ ਘੇਰਿਆ (ਮਿਥਿਹਾਸਕ ਕਾਰਨ ਕੁਝ ਵੀ ਹੋ ਸਕਦੇ ਹਨ) ਜੰਗਲ ਨੂੰ ਅੱਗ ਲਾਈ ਅਤੇ ਵਣ ਵਾਸੀਆਂ ਨੂੰ ਮਾਰਿਆ। ਅੱਗ ਤੋਂ ਬਚ ਜਾਣ ਵਾਲਿਆਂ ਨੂੰ ਚੁਣ-ਚੁਣ ਕੇ ਮਾਰਿਆ ਗਿਆ। ਮਹਾਂਭਾਰਤ ਦੇ ਵੇਰਵੇ ਤੋਂ ਪਤਾ ਲਗਦਾ ਹੈ ਕਿ ਇਹ ਜੰਗਲ ਵਿੱਚ ਰਹਿਣ ਵਾਲਿਆ ਦਾ ਜਨਸੰਘਾਰ ਸੀ-ਭਿਆਨਕ ਕਤਲੇਆਮ।"5 ਨਾਟਕ ਵਿੱਚ ਸਵਰਾਜਬੀਰ ਨੇ 'ਕ੍ਰਿਸ਼ਨ' ਨੂੰ ਸੱਤਾਧਾਰੀ ਧਿਰ ਦੀ ਸਰਪ੍ਰਸਤੀ ਵਜੋਂ ਅਤੇ ਖਾਂਡਵ ਵਣ ਦੇ ਨਾਇਕ ਜ਼ਰਾ (ਭੀਲ ਨਾਇਕ) ਤੇ ਉਸ ਦੇ ਸਾਥੀਆਂ ਨੂੰ ਹਾਸ਼ੀਅਗ੍ਰਸਤ ਧਿਰ ਵਜੋਂ ਉਭਾਰਨ ਦੀ ਕੋਸ਼ਿਸ਼ ਕੀਤੀ ਹੈ। ਹਾਸ਼ੀਆਗ੍ਰਸਤ ਧਿਰ ਦਾ ਸੱਤਾਧਾਰੀ ਧਿਰ ਵਿਰੁੱਧ ਵਿਦਰੋਹ ਹੈ। ਨਾਟਕ ਵਿਚ ਜ਼ਰਾ ਕ੍ਰਿਸ਼ਨ ਦੀ ਸਥਾਪਤੀ ਵਿਰੁੱਧ ਵਿਦਰੋਹ ਦਾ ਐਲਾਨ ਕਰਦਾ ਹੈ। "ਅੱਗਾਂ ਲਾਉਂਦੇ ਨੇ...... ਏਸ ਲਈ ਕਿ ਉਨ੍ਹਾਂ ਨੂੰ ਧਰਤੀ ਮਿਲੇ! ਧਰਤੀ ਖੇਤ ਲਈ!.........ਧਰਤੀ...ਮਹੱਲ ਬਣਾਉਣ ਲਈ!....... ਤੇ ਤੁਸੀਂ......ਉਨ੍ਹਾਂ ਦੀਆਂ ਗੱਲ੍ਹਾਂ ਤੇ ਵਿਸ਼ਵਾਸ ਕਰਦੇ ਓ! ......ਕ੍ਰਿਸ਼ਨ, ਅਰਜਨ, ਸ੍ਰੀਧਨ, ਮਹਿਦੇਵ.........ਅਸੀਂ ਇਨ੍ਹਾਂ ਸਾਰਿਆਂ ਤੋਂ ਬਦਲਾ ਲੈਣਾ ਏ! ਅਸੀਂ ਲੜਾਂਗੇ! ਅਸੀਂ ਆਪ......ਉੱਠੋ! ਉੱਠੋ! ਵਣਾਂ ਦੇ ਪੁੱਤੋ!........ਉੱਠੋ!......ਉੱਠੋ! ਆਪਣੇ ਜਿਸਮਾਂ ਦੀ ਰਾਖ ਚੋਂ!.......ਉੱਠੋ ਆਪਣੀ ਹਾਰ ਦੀ ਨਮੋਸ਼ੀ ਚੋਂ! ਉੱਠੋ!..........ਮੇਰੇ ਨਾਲ ਆਓ! ਆਓ! ਵਿਸ਼ ਬਣਕੇ ਉਨ੍ਹਾਂ ਦੇ ਪਾਣੀਆਂ 'ਚ ਘੁਲੀਏ! ਉਨ੍ਹਾਂ ਦੇ ਸਾਹਾਂ

'ਚ ਉੱਤਰੀਏ!"6 ਇਸ ਤਰ੍ਹਾਂ ਜ਼ਰਾ ਅਤੇ ਉਸ ਦੇ ਸਾਥੀ ਕ੍ਰਿਸ਼ਨ ਉੱਤੇ ਹਮਲਾ ਕਰਕੇ ਉਸਦੀ ਰਾਜਸੱਤਾ ਦਾ ਖਾਤਮਾ ਕਰਦੇ ਹਨ। ਇੱਥੇ ਸਵਰਾਜਬੀਰ ਸੱਤਾ ਸਥਾਪਤੀ ਵਿਰੁੱਧ ਲਾਮਬੰਦੀ ਨੂੰ ਉਜਾਗਰ ਕਰਦਾ ਹੈ। ਇਹ ਲਾਮਬੰਦੀ ਹਾਸ਼ੀਆਗ੍ਰਸਤ ਤੇ ਦਮਿਤ ਧਿਰਾਂ ਦੀ ਆਵਾਜ਼ ਹੋ ਨਿਬੜਦੀ ਹੈ। ਇਸ ਤਰ੍ਹਾਂ ਸਵਰਾਜਬੀਰ ਜ਼ਬਰ ਅਤੇ ਦਮਨ ਦੇ ਵਿਰੋਧ ਵਿਚ ਸਹਿਮੀਆਂ ਬੈਠੀਆਂ ਧਿਰਾਂ ਨੂੰ ਹਲੂਣਾ ਦਿੰਦਾ ਹੈ।

ਖਾਂਡਵ ਵਣ ਦੇ ਨਾਇਕ ਜ਼ਰਾ (ਭੀਲ) ਦੀ ਲੜਾਈ ਭਾਂਵੇ ਕ੍ਰਿਸ਼ਨ ਵਿਰੁੱਧ ਬਦਲੇ ਦੀ ਭਾਵਨਾ ਦੇ ਰੂਪ ਵਜੋਂ ਸਾਹਮਣੇ ਆਉਂਦੀ ਹੈ,ਪਰ ਇਹ ਲੜਾਈ ਉਸ ਸੱਤਾ ਸਥਾਪਤੀ ਵਿਰੁੱਧ ਇਕ ਵਿਦਰੋਹ ਵਜੋਂ ਸਾਕਾਰ ਹੁੰਦੀ ਹੈ ਜਿਹੜੀ ਸੱਤਾ ਧਰਮ, ਦੈਵੀ ਸ਼ਕਤੀਆਂ ਵਰਗੇ ਸੰਕਲਪਾਂ ਦਾ ਓਟ ਅਸਾਰਾ ਲੈ ਕੇ ਦਮਿਤ ਧਿਰਾਂ ਦੇ ਹੱਕ ਹਕੂਕ ਉੱਪਰ ਡਾਕਾ ਮਾਰਦੀ ਹੈ। ਨਾਟਕ ਦੇ ਅੰਤ ਵਿਚ ਜ਼ਰਾ ਕ੍ਰਿਸ਼ਨ ਨੂੰ ਕਹਿੰਦਾ ਹੈ, "ਕੋਈ ਨਿਰਣਾ ਦੈਵੀ ਨਿਰਣਾ ਨਹੀਂ ਹੁੰਦਾ!....ਹਰ ਨਿਰਣਾ ਮਨੁੱਖੀ ਨਿਰਣਾ ਏ ਆਦਿ ਤੋਂ ਅੰਤ ਤੀਕ"!7 ਇਸ ਤਰ੍ਹਾਂ ਸਵਰਾਜਬੀਰ ਝੂਠ ਦਾ ਪਰਦਾ ਤਾਣੀ ਧਾਰਮਿਕ ਸੱਤਾ ਦੇ ਸੱਚ ਨੂੰ ਬੇਪਰਦ ਕਰਦਾ ਹੋਇਆ ਮਜ਼ਲੂਮਾਂ ਅਤੇ ਦਮਿਤ ਧਿਰਾਂ ਦੀ ਆਵਾਜ਼ ਹੋ ਨਿਬੜਦਾ ਹੈ।

ਮਿੱਥ ਨਾਲ ਸੰਬੰਧਤ ਨਾਟਕਾਂ ਵਿੱਚ ਸਵਰਾਜਬੀਰ ਦਾ ਤੀਸਰਾ ਨਾਟਕ ਮੇਦਨੀ ਹੈ। ਜੋ 2002 ਵਿੱਚ ਪ੍ਰਕਾਸ਼ਿਤ ਰੂਪ ਵਿੱਚ ਸਾਹਮਣੇ ਆਉਂਦਾ ਹੈ। ਇਸ ਨਾਟਕ ਦਾ ਥੀਮ ਵੀ ਮੇਦਨੀ ਦੀ ਮਿੱਥ ਉੱਪਰ ਆਧਾਰਿਤ ਹੈ। ਮੇਦਨੀ ਨੂੰ ਧਰਤੀ ਅਤੇ ਔਰਤ ਦੇ ਨਾਮ ਨਾਲ ਨਿਵਾਜਿਆ ਗਿਆ ਹੈ। ਜਿਸ ਤਰ੍ਹਾਂ ਧਰਤੀ ਵਿੱਚ ਪ੍ਰਕ੍ਰਿਤੀ ਨੂੰ ਸਿਰਜਣ ਦੇ ਗੁਣ ਮੌਜੂਦ ਹਨ। ਉਸ ਤਰ੍ਹਾਂ ਔਰਤ ਵੀ ਪ੍ਰਕਿਰਤਕ ਸਿਰਜਣਸ਼ੀਲ ਗੁਣਾਂ ਦਾ ਹਿੱਸਾ ਹੈ। ਭਾਵ ਦੋਨੋਂ ਹੀ ਪ੍ਰਜਨਨ ਪ੍ਰਕਿਰਿਆ ਦੇ ਰੂਪ ਵਿੱਚ ਸਾਹਮਣੇ ਆਉਂਦੀਆਂ ਹਨ। ਸਦੀਆਂ ਤੋਂ ਚੱਲੀਆਂ ਆ ਰਹੀਆਂ ਦੁਸ਼ਵਾਰੀਆਂ ਕਾਰਨ ਇਨ੍ਹਾਂ ਨੇ ਆਪਣਾ ਸਥਾਨ ਪਰਿਵਰਤਿਤ ਨਹੀਂ ਕੀਤਾ। ਨਾਟਕ ਦੇ ਪਹਿਲੇ ਅੰਕ ਵਿਚ ਔਰਤ ਦਾ ਕਿਰਦਾਰ ਮੇ ਦਨੀ ਦੀ ਮਿੱਥ ਦੀ ਪੇਸ਼ਕਾਰੀ ਕਰਦਾ ਹੈ। "ਪੁਰਾਤਨ ਗ੍ਰੰਥ ਦੱਸਦੇ ਨੇ......ਆਦਿ ਕਾਲ ਦੀ ਗੱਲ ਹੈ, ਜਦੋਂ ਇਹ ਪ੍ਰਿਥਵੀ ਨਹੀਂ ਸੀ ਸਿਰਜੀ ਗਈ......ਸੱਤਾ ਤੇ ਤਾਕਤ ਲਈ ਉਸ ਵੇਲੇ ਹੋਇਆ......ਸ੍ਰਿਸ਼ਟੀ ਦਾ ਪਹਿਲਾ ਮਹਾਂਯੁੱਧ! ਇਕ ਪਾਸੇ ਭਗਵਾਨ ਵਿਸ਼ਨੂੰ ਅਤੇ ਦੂਸਰੇ ਪਾਸੇ ਅਖਾਉਤਾ ਦਾਨਵ ਮਧੁ ਅਤੇ ਕੈਟਭ।......ਲਹੂ ਅਤੇ ਮਿੱਝ ਦੀ ਬਣੀ ਇਸ ਮੇਦਨੀ ਉਤੇ ਮਨੁੱਖ ਆਪਸ ਵਿਚ ਲੜਦੇ ਹਨ......ਜਰ, ਜ਼ੋਰੂ ਤੇ ਜ਼ਮੀਨ ਲਈ। ਤਾਕਤ ਤੇ ਸੱਤਾ ਲਈ......ਮਾਨ, ਗੁਮਾਨ ਤੇ ਸ਼ੁਹਰਤ ਲਈ......ਤੇ ਏਥੇ ਮੈਂ ਤੁਹਾਡੇ ਸਾਹਮਣੇ ਲੈ ਕੇ ਆਈ ਹਾਂ ਇਸ ਮੇਦਨੀ ਉਤੇ ਹੋਏ ਪਸ਼ੂਪੁਣੇ ਦੀ ਇਕ ਹੋਰ ਗਾਥਾ......ਮੇਦਨੀ।"8 ਸਵਰਾਜਬੀਰ ਨੇ ਮੇਦਨੀ ਦੀ ਇਸ ਮਿੱਥ ਰਾਹੀਂ ਔਰਤ ਦੀ ਹੋਣੀ ਦੇ ਸੰਤਾਪ ਨੂੰ ਉਭਾਰਿਆ ਹੈ। ਇਕ ਔਰਤ ਦੀ ਹੋਂਦ ਅਤੇ ਹੋਣੀ ਉੱਪਰ ਆਰਥਿਕ ਪ੍ਰਬੰਧ, ਸਮਾਜਕ ਰੁਤਬੇ ਤੇ ਸਮਾਜ ਵਿਚਲੀਆਂ ਤਾਕਤਾਂ ਕਿਸ ਤਰ੍ਹਾਂ ਆਪਣੀ ਸਥਾਪਤੀ ਸਿਰਜਦੀਆਂ ਹਨ ਉਥੇ ਇਕ ਔਰਤ ਦੇ ਲਈ ਆਪਣੀ ਇੱਛਾ ਮੁਤਾਬਕ ਜੀਣ ਦਾ ਮਸਲਾ ਮਨਫ਼ੀ ਹੋ ਜਾਂਦਾ ਹੈ। ਨਾਟਕ ਦਾ ਘਟਨਾਕ੍ਰਮ ਅਜਿਹੀਆਂ ਪ੍ਰਸਥਿਤੀਆਂ ਵਿਚਲੇ ਤਨਾਉ ਨੂੰ ਮੁਖਾਤਿਬ ਹੁੰਦਾ ਹੈ।

ਨਾਟਕ ਵਿਚਲਾ ਕਥਾਨਕ ਦੋ ਔਰਤਾਂ ਸੁਰਜੀਤ ਕੌਰ ਅਤੇ ਉਸ ਦੀ ਧੀ ਮਨਦੀਪ ਦੀ ਕਹਾਣੀ ਨੂੰ ਬਿਆਨ ਕਰਦਾ ਹੈ। ਸੁਰਜੀਤ ਕੌਰ ਅੰਦਰ ਉੱਚਾ ਸਮਾਜਿਕ ਰੁਤਬਾ ਅਤੇ ਉੱਚੀ ਸ਼ਾਨ ਵਰਗੀਆਂ ਇੱਛਾਵਾਂ ਭਾਰੂ ਹਨ। ਉਹ ਇੱਕ ਵੱਡੀ ਰਾਜਨੀਤਿਕ ਹਸਤੀ ਵਜੋਂ ਆਪਣੇ ਆਪ ਨੂੰ

ਉਭਰਨਾ ਦੇਖਣਾ ਚਾਹੁੰਦੀ ਹੈ। ਉਹ ਆਪਣੀ ਇਸ ਇੱਛਾ ਦੀ ਪੂਰਤੀ ਲਈ ਕੋਈ ਵੀ ਰਸਤਾ ਅਪਨਾਉਣ ਨੂੰ ਤਿਆਰ ਹੈ। ਉਹ ਇੱਕ ਸਧਾਰਨ ਔਰਤ ਦੀ ਤਰ੍ਹਾਂ ਜ਼ਿੰਦਗੀ ਨਹੀਂ ਜੀਣਾਂ ਚਾਹੁੰਦੀ। ਜਦੋਂ ਉਸ ਦਾ ਪਤੀ ਵਿਆਹ ਤੋਂ ਬਾਅਦ ਤਿੰਨ ਸਾਲ ਤੱਕ ਉਸ ਨੂੰ ਲੈਣ ਨਹੀਂ ਆਉਂਦਾ ਤਾਂ ਉਹ ਸੰਤ ਨਿਰਜੰਣ ਸਿੰਘ ਦੇ ਡੇਰੇ ਜਾਣ ਲੱਗਦੀ ਹੈ। ਜਿੱਥੇ ਉਸ ਦੇ ਸੰਤ ਨਿਰਜੰਣ ਸਿੰਘ ਨਾਲ ਹੌਲੀ-ਹੌਲੀ ਸੰਬੰਧ ਬਣ ਜਾਂਦੇ ਹਨ। ਇਨ੍ਹਾਂ ਸੰਬੰਧਾਂ ਸਦਕਾ ਹੀ ਉਹ ਪਹਿਲਾਂ ਪਿੰਡ ਦੀ ਸਰਪੰਚ ਤੇ ਫਿਰ ਬਲਾਕ ਪੱਧਰ ਦੀ ਪ੍ਰਧਾਨ ਬਣਦੀ ਹੈ। ਜਿਸ ਨਾਲ ਉਸ ਦਾ ਸ਼ੋਹਰਤ, ਤਾਕਤ ਅਤੇ ਸਮਾਜਕ ਰੁਤਬਾ ਵੱਧਦਾ ਚੱਲਦਾ ਜਾਂਦਾ ਹੈ। ਸੰਤ ਨਿਰਜੰਣ ਸਿੰਘ ਦੀ ਮੌਤ ਤੋਂ ਬਾਅਦ ਉਹ ਡੇਰੇ ਦੀ ਮੁੱਖੀ ਬਣਦੀ ਹੈ, ਜਿੱਥੇ ਉਸ ਨੂੰ 'ਮਾਤਾ ਸਾਹਿਬ ਜੀ' ਦੇ ਖਿਤਾਬ ਨਾਲ ਨਿਵਾਜਿਆ ਜਾਂਦਾ ਹੈ। ਇਸ ਵੱਧਦੇ ਸਮਾਜਿਕ ਰੁਤਬੇ ਦੇ ਚੱਲਦਿਆਂ ਉਹ ਆਪਣੀ ਧੀ ਮਨਦੀਪ ਦਾ ਵਿਆਹ ਵੀ ਕਿਸੇ ਅਮੀਰ ਘਰਾਣੇ ਦੇ ਮੁੰਡੇ ਨਾਲ ਕਰਨਾ ਚਾਹੁੰਦੀ ਹੈ। ਜਿਸ ਨਾਲ ਉਸ ਦਾ ਸਮਾਜਕ ਰੁਤਬੇ ਨੂੰ ਹੋਰ ਵਾਧਾ ਮਿਲੇ। ਪਰ ਮਨਦੀਪ ਹਰਮੀਤ ਨੂੰ ਪਿਆਰ ਕਰਦੀ ਹੈ ਜੋ ਕਿ ਸਧਾਰਣ ਘਰ ਦਾ ਮੁੰਡਾ ਹੈ। ਜਿਸ ਨਾਲ ਸੁਰਜੀਤ ਕੌਰ ਨੂੰ ਆਪਣੀ ਧੀ ਦਾ ਵਿਆਹ ਹਰਮੀਤ ਨਾਲ ਕਰਨ ਦਾ ਕੋਈ ਲਾਭ ਨਹੀਂ ਹੈ। ਸੁਰਜੀਤ ਕੌਰ ਨੂੰ ਉਸ ਦੇ ਡੇਰੇ ਦੇ ਸਲਾਹਕਾਰ ਇਸ ਸਾਰੀ ਰੁਕਾਵਟ ਨੂੰ ਦੂਰ ਕਰਨ ਦੀ ਸਲਾਹ ਦਿੰਦੇ ਹਨ। ਮਨਦੀਪ ਦੇ ਪੇਟ ਵਿਚ ਪਲ ਰਿਹਾ ਬੱਚਾ ਜੋ ਉਸ ਦੇ ਅਤੇ ਹਰਮੀਤ ਦੇ ਪਿਆਰ ਦੀ ਨਿਸ਼ਾਨੀ ਹੈ। ਸੁਰਜੀਤ ਕੌਰ ਇਸ ਬੱਚੇ ਨੂੰ ਆਪਣੀ ਅਤੇ ਧੀ ਦੀ ਇੱਜ਼ਤ ਲਈ ਦਾਗ ਸਮਝਦੀ ਹੈ। ਉਹ ਆਪਣੀ ਭੈਣ ਬਚਿੰਤ ਕੌਰ ਦੀ ਸਹਾਇਤਾ ਨਾਲ ਮਨਦੀਪ ਨੂੰ ਬੇਹੋਸ਼ੀ ਦਾ ਟੀਕਾ ਲਗਵਾ ਕੇ ਉਸ ਦਾ ਗਰਭਪਾਤ ਕਰਵਾ ਦਿੰਦੀ ਹੈ। ਇਸ ਬੱਚੇ ਦੀ ਸਮੱਸਿਆਂ ਤੋਂ ਨਿਜਾਤ ਪਾਉਣ ਤੋਂ ਬਾਅਦ ਸੁਰਜੀਤ ਮਨਦੀਪ ਨੂੰ ਉੱਚ ਘਰਾਣੇ ਵਿੱਚ ਵਿਆਹ ਕਰਾਉਣ ਲਈ ਮਜ਼ਬੂਰ ਕਰਦੀ ਹੈ। ਹਰਮੀਤ ਤੋਂ ਤੋੜ ਵਿਛੋੜਾ, ਬੱਚੇ ਦੀ ਮੌਤ, ਮਾਂ ਵੱਲੋਂ ਵਿਆਹ ਕਰਨ ਲਈ ਮਜ਼ਬੂਰ ਕਰਨਾ ਆਦਿ ਪ੍ਰਸਥਿਤੀਆਂ ਨੂੰ ਨਾ ਝੇਲਦਿਆਂ ਹੋਇਆ ਅਖੀਰ ਮਨਦੀਪ ਖੁਦਕਸ਼ੀ ਕਰ ਲੈਂਦੀ ਹੈ। ਇਸ ਤਰ੍ਹਾਂ ਨਾਟਕ ਦਾ ਕਥਾਨਕ ਪਿੱਤਰੀ-ਸੱਤਾ ਅਤੇ ਔਰਤ ਦੇ ਦਮਨ ਦੀ ਕਹਾਣੀ ਵਿਚਲਾ ਵਿਰੋਧਾਭਾਸ ਹੋ ਨਿਬੜਦਾ ਹੈ।

ਹਲਾਂਕਿ ਲੇਖਕ ਮਨਦੀਪ ਨੂੰ ਕਤਲ ਕੀਤੇ ਜਾਣਾ ਦੀ ਭਾਲ ਵਿਚ ਵੀ ਨਜ਼ਰ ਆਉਂਦਾ ਹੈ ਪਰ ਅੰਤ ਵਿੱਚ ਮਨਦੀਪ ਇਨ੍ਹਾਂ ਰਾਜਨੀਤਿਕ ਤਾਕਤਾਂ, ਆਰਥਿਕ ਤਾਕਤਾਂ ਅਤੇ ਸਮਾਜ ਵੱਲੋਂ ਖੜ੍ਹੀਆਂ ਕੀਤੀਆਂ ਬੇਬੁਨਿਆਦ ਕਦਰਾਂ-ਕੀਮਤਾਂ (ਸਮਾਜਕ ਰੁਤਬੇ, ਸ਼ੋਹਰਤ) ਦੀ ਸਥਾਪਤੀ ਵਿਰੁੱਧ ਮੌਤ ਦਾ ਫੈਸਲਾ ਲੈਣ ਵਿਚ ਨਾਬਰ ਹੈ। ਇਹ ਰਾਜਨੀਤਿਕ ਤਾਕਤਾਂ, ਆਰਥਿਕ ਤਾਕਤਾਂ ਅਤੇ ਬੇ ਬੁਨਿਆਦੀ ਕਦਰਾਂ-ਕੀਮਤਾਂ ਸੱਤਾ-ਸਥਾਪਤੀ ਦੇ ਰੂਪ ਵਿਚ ਮਨੁੱਖੀ ਆਜ਼ਾਦੀ ਦੀ ਸਪੇਸ ਨੂੰ ਘੇਰਦੀਆਂ ਹਨ। ਜਿਥੇ ਇਸ ਤਰ੍ਹਾਂ ਦੀ ਸਥਾਪਤੀ ਮਨੁੱਖ ਦੇ ਇੱਛਾ ਮੁਤਾਬਕ ਜੀਣ ਦੇ ਮਸਲਿਆਂ ਨੂੰ ਮਨਫ਼ੀ ਕਰ ਦਿੰਦੀ ਹੈ।

ਨਿਰਸੰਦੇਹ ਸਵਰਾਜਬੀਰ ਰਚਿਤ ਮਿੱਥ ਆਧਾਰਿਤ ਨਾਟਕਾਂ ਦੀ ਅਜੋਕੇ ਸਮੇਂ ਲਈ ਵੀ ਵਿਸ਼ੇਸ਼ ਪ੍ਰਸੰਗਿਕਤਾ ਹੈ। ਭਾਰਤੀ ਵਿਵਸਥਾ ਵਿਚ 'ਧਰਮ ਗੁਰੂ' ਵਰਗੀ ਬ੍ਰਾਹਮਣੀ ਸੱਤਾ ਅੱਜ ਵੀ ਪਾਪ-ਪੁੰਨ ਵਰਗੇ ਸੰਕਲਪਾਂ ਦਾ ਭੈਅ ਸਿਰਜ ਕੇ ਆਪਣੀ ਸਥਾਪਤੀ ਨੂੰ ਬਰਕਰਾਰ ਰੱਖਣਾ ਚਾਹੁੰਦੀ ਹੈ। ਭਾਰਤੀ ਲੋਕਾਈ ਅੰਦਰ ਉਸ ਨੇ ਪ੍ਰਚਾਰਤੰਤਰ ਰਾਹੀਂ ਅਜਿਹੇ ਸੰਕਲਪ ਐਨੇ ਜਟਿਲ ਬਣਾ ਦਿੱਤੇ ਹਨ ਕਿ ਇਹ ਲੋਕਾਈ ਹੁਣ ਇਨ੍ਹਾਂ ਨੂੰ ਆਪਣੇ ਤੋਂ ਛੁਟਿਆ ਕੇ ਨਹੀਂ ਦੇਖ ਸਕਦੀ। ਦੂਜੇ ਪਾਸੇ ਉਸ

ਨੇ ਜਾਤਾਂ-ਜਮਾਤਾਂ ਵਿਚਲੇ ਫ਼ਰਕ ਰਾਹੀਂ ਅਜਿਹੀ ਧਾਰਨਾਂ ਨੂੰ ਹੋਰ ਪਕਿਆਈ ਦਿੱਤੀ ਹੈ ਜਿਸ ਰਾਹੀਂ ਉਹ ਆਦਿ ਕਾਲੀਨ ਤੋਂ ਵਰਤਮਾਨ ਤੱਕ ਆਪਣੀ ਸਥਾਪਤੀ ਦੀ ਸੁੱਰਖਿਅਤਾਂ ਨੂੰ ਬਣਾਈ ਰੱਖਣਾ ਚਾਹੁੰਦੀ ਹੈ। ਉਥੇ ਹੀ 'ਕ੍ਰਿਸ਼ਨ' ਵਰਗੀਆਂ ਅਜੋਕੀਆਂ ਰਾਜਨੀਤਿਕ ਧਿਰਾਂ ਧਰਮ ਵਰਗੇ ਸੰਕਲਪਾਂ ਦਾ ਓਟ ਆਸਾਰਾ ਲੈ ਕੇ ਆਪਣੇ ਸਿਆਸੀ ਹਿੱਤਾਂ ਦੀ ਪੂਰਤੀ ਕਰਦੀਆਂ ਹਨ ਇਹੀ ਕਾਰਨ ਹੈ ਕਿ ਮੌਜੂਦਾ ਵਿਵਸਥਾ ਅੰਦਰ ਧਰਮ ਅਤੇ ਸਿਆਸਤ ਦੀ ਗੱਠਜੋੜਤਾ ਨੇ ਪ੍ਰਚਾਰਤੰਤਰ ਰਾਹੀਂ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਬਣਾ ਕੇ ਪੇਸ਼ ਕੀਤਾ ਹੈ। ਰਾਜਨੀਤਕ ਧਿਰਾਂ ਨੇ ਆਪਣੇ ਹੱਕ ਹਕੂਕ ਲਈ ਉੱਠਦੀਆਂ ਸੰਘਰਸ਼ੀਲ ਧਿਰਾਂ ਨੂੰ ਵੱਖਵਾਦੀ, ਦੇਸ਼ਦ੍ਰੋਹੀ, ਮਾਓਵਾਦੀ, ਨਕਸਲਵਾਦੀ, ਅਰਬਨ ਨਕਸਲਵਾਦੀ ਨਾਮਾਂ ਨਾਲ ਨਿਵਾਜਿਆ ਹੈ। ਆਖੀਰ ਮੇਦਨੀ ਦੀ ਮਿੱਥ ਵੀ ਮੌਜੂਦਾ ਸਮਿਆਂ ਦੀ ਬਾਤ ਪਾਉਂਦੀ ਨਜ਼ਰ ਆਉਂਦੀ ਹੈ ਜੋ ਧਾਰਮਿਕਤਾ, ਆਰਥਿਕਤਾ ਅਤੇ ਸਭਿਆਚਾਰਕਤਾ ਸਥਾਪਤੀ ਦੀ ਪਿੱਠ-ਭੂਮੀ ਹੇਠ ਉਸਰੇ ਪਿੱਤਰੀ ਸੱਤਾ ਸੰਬੰਧਾਂ ਨੂੰ ਉਜਾਗਰ ਕਰਦੀ ਹੈ। ਇਸ ਤਰ੍ਹਾਂ ਸਵਰਾਜਬੀਰ ਰਚਿਤ ਮਿੱਥ ਅਧਾਰਿਤ ਨਾਟਕ ਵਰਤਮਾਨ ਦੀ ਬਾਤ ਪਾਉਂਦੇ ਨਜ਼ਰ ਆਉਂਦੇ ਹਨ।

ਸਵਰਾਜਬੀਰ ਰਚਿਤ ਇਨ੍ਹਾਂ ਤਿੰਨ ਨਾਟਕਾਂ ਦਾ ਸੰਖੇਪ ਜਿਹਾ ਵਿਸ਼ਲੇਸ਼ਣ ਕਰਦਿਆਂ ਅਸੀਂ ਕਹਿ ਸਕਦੇ ਹਾਂ ਕਿ ਜਦੋਂ ਕੋਈ ਵੀ ਸੱਤਾ-ਸਥਾਪਤੀ ਮਨੁੱਖ ਦੇ ਹੱਕ ਹਕੂਕ ਤੇ ਜੀਣ-ਥੀਣ ਦੇ ਮਸਲਿਆਂ ਉੱਪਰ ਗਲਬਾ ਸਿਰਜਣ ਦੀ ਕੋਸ਼ਿਸ਼ ਕਰਦੀ ਹੈ ਤਾਂ ਉਸ ਸੱਤਾ-ਸਥਾਪਤੀ ਵਿਰੁੱਧ ਨਾਬਰੀ ਅਤੇ ਵਿਦਰੋਹ ਦਾ ਖੜੇ ਹੋਣਾ ਸੁਭਾਵਕ ਹੈ। ਇਨ੍ਹਾਂ ਨਾਟਕਾਂ ਵਿਚਲੇ ਵੱਖ-ਵੱਖ ਪਾਤਰ ਜਿਵੇਂ 'ਧਰਮ ਗੁਰੂ' ਵਿੱਚ ਸੱਤਿਆਵ੍ਰਤ ਆਪਣੀ ਇੱਛਾ ਮੁਤਾਬਕ ਜੀਣ ਲਈ ਸਥਾਪਤ ਮਰਿਆਦਾਵਾਂ ਅਤੇ ਅਸੂਲਾਂ ਵਿਰੁੱਧ ਨਾਬਰ ਹੈ। 'ਕ੍ਰਿਸ਼ਨ' ਵਿਚ ਜ਼ਰਾ ਤੇ ਖਾਂਡਵ ਵਣ ਦੇ ਵਾਸੀ ਕ੍ਰਿਸ਼ਨ ਦੀ ਸਥਾਪਤੀ ਵਿਰੁੱਧ ਵਿਦਰੋਹ ਕਰਦੇ ਹਨ। 'ਮੇਦਨੀ' ਨਾਟਕ ਵਿਚਲੀ ਪਾਤਰ ਮਨਦੀਪ ਰਾਜਨੀਤਿਕ-ਆਰਥਿਕ ਤਾਕਤਾਂ ਅਤੇ ਬੇਬੁਨਿਆਦ ਕਦਰਾਂ ਕੀਮਤਾਂ ਦੀ ਸੱਤਾ ਸਥਾਪਤੀ ਵਿਰੁੱਧ ਮੌਤ ਦਾ ਫੈਸਲਾ ਲੈਣ ਵਿਚ ਨਾਬਰ ਹੈ। ਇਸ ਤਰ੍ਹਾਂ ਸਵਰਾਜਬੀਰ ਦੇ ਮਿੱਥ ਆਧਾਰਿਤ ਤਿੰਨੋਂ ਨਾਟਕ ਹਰ ਤਰ੍ਹਾਂ ਦੀ ਸੱਤਾ ਸਥਾਪਤੀ ਵਿਰੁੱਧ ਨਾਬਰੀ ਅਤੇ ਵਿਦਰੋਹ ਦਾ ਐਲਾਨਨਾਮਾ ਹੋ ਨਿਬੜਦੇ ਹਨ।

**ਹਵਾਲੇ** :-


1. ਗਰੇਵਾਲ, ਅਮਰਜੀਤ ਸਿੰਘ (ਸੰਪਾ.), ਵਿਸਮਾਦ ਨਾਦ, ਇੰਟਰਨੈਸ਼ਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼, ਲੁਧਿਆਣਾ, 2005, ਪੰਨਾ 408.
2. ਸਵਰਾਜਬੀਰ, ਧਰਮ ਗੁਰੂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2013, ਪੰਨਾ 8.
3. ਸਵਰਾਜਬੀਰ, ਧਰਮ ਗੁਰੂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2013, ਪੰਨਾ 8.
4. ਸਵਰਾਜਬੀਰ, ਧਰਮ ਗੁਰੂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2013, ਪੰਨਾ 22.
5. ਸਵਰਾਜਬੀਰ, ਕ੍ਰਿਸ਼ਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005, ਪੰਨਾ 11.
6. ਸਵਰਾਜਬੀਰ, ਕ੍ਰਿਸ਼ਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005, ਪੰਨਾ 37.
7. ਸਵਰਾਜਬੀਰ, ਕ੍ਰਿਸ਼ਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2005, ਪੰਨਾ 88.
8. ਸਵਰਾਜਬੀਰ, ਮੇਦਨੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2002, ਪੰਨਾ 18.

# ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਭਾਸ਼ਾਈ ਸਰੂਪ

*ਡਾ. ਅਕਵਿੰਦਰ ਕੌਰ ਤਨਵੀ*

*ਅਸਿਸਟੈਂਟ ਪ੍ਰੋਫ਼ੈਸਰ, ਪੰਜਾਬੀ ਕੋਸ਼ਕਾਰੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ*

ਗੁਰੂ ਤੇਗ ਬਹਾਦਰ ਜੀ ਮਹਾਨ ਤਿਆਗੀ, ਦੈਵੀ ਤਪੱਸਵੀ, ਉਦਾਰਚਿੱਤ, ਪਰਉਪਕਾਰੀ, ਦੇਗ ਤੇਗ ਦੇ ਧਨੀ, ਧਰਮ ਦੀ ਚਾਦਰ ਅਤੇ ਮਜ਼ਲੂਮਾਂ ਦੇ ਰਖਿਅਕ ਸਨ। ਆਪ ਦਾ ਜਨਮ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਘਰ ਮਾਤਾ ਨਾਨਕੀ ਦੀ ਕੁਖੋਂ 1 ਅਪ੍ਰੈਲ, 1621 ਈ. ਨੂੰ ਹੋਇਆ। ਸਿੱਖ ਧਰਮ ਵਿਚ ਤਾਂ ਗੁਰੂ ਤੇਗ ਬਹਾਦਰ ਜੀ ਨੂੰ ਮਹੱਤਵਪੂਰਨ ਸ਼ਖ਼ਸੀਅਤ ਦੇ ਤੌਰ 'ਤੇ ਮਾਨਤਾ ਪ੍ਰਾਪਤ ਹੈ ਹੀ, ਪਰ ਭਾਰਤ ਵਰਗੇ ਬਹੁ-ਧਰਮੀ ਅਤੇ ਬਹੁ-ਕੌਮੀ ਦੇਸ਼ ਵਿਚ, ਦੂਜੇ ਧਰਮਾਂ ਦੇ ਲੋਕਾਂ ਦੇ ਮਨਾਂ ਵਿਚ ਵੀ ਬਹੁਤ ਸਤਿਕਾਰ ਦੇ ਧਾਰਨੀ ਹਨ ਕਿਉਂਕਿ ਉਨ੍ਹਾਂ ਨੇ ਦੂਜੇ ਧਰਮ ਦੀ ਹੋਂਦ ਨੂੰ ਕਾਇਮ ਰੱਖਣ ਲਈ ਸ਼ਹਾਦਤ ਦਿੱਤੀ। ਜੋ ਇਤਿਹਾਸ ਵਿਚ ਵਿਲੱਖਣਤਾ ਦੀ ਮਿਸਾਲ ਹੈ। "ਸਿੱਖ ਧਰਮ ਵਿਚ ਸ਼ਹਾਦਤ ਦੀ ਪਰੰਪਰਾ ਨਿਵੇਕਲੀ, ਵਿਲੱਖਣ ਅਤੇ ਰਾਜਸੀ ਅਰਥਾਂ ਵਾਲੀ ਹੈ ਜਿਸ ਨੇ ਮਨੁੱਖੀ ਆਜ਼ਾਦੀ, ਬਰਾਬਰੀ ਅਤੇ ਮਨੁੱਖੀ ਸ਼ਾਨ ਲਈ ਕੁਰਬਾਨੀ ਦੇ ਨਵੇਂ ਸੰਕਲਪ ਨੂੰ ਪੈਦਾ ਕੀਤਾ।"1

ਗੁਰੂ ਤੇਗ ਬਹਾਦਰ ਜੀ ਦੇ ਗੁਰਗੱਦੀ ਸੰਭਾਲਣ ਵੇਲੇ ਉਨ੍ਹਾਂ ਅੱਗੇ ਬਹੁਤ ਵੱਡੀਆਂ ਰਾਜਨੀਤਿਕ ਚੁਣੌਤੀਆਂ ਸਨ। ਉਸ ਸਮੇਂ ਦੀ ਮੁਗਲ ਹਕੂਮਤ ਆਪਣੇ ਜ਼ਾਲਮਾਨਾ ਵਤੀਰੇ ਰਾਹੀਂ ਦੂਜੇ ਧਰਮਾਂ ਦੇ ਲੋਕਾਂ ਨੂੰ ਜਬਰਦਸਤੀ ਮੁਸਲਮਾਨ ਬਣਾ ਰਹੀ ਸੀ। ਪਰ ਸਿੱਖ ਵਿਚਾਰਧਾਰਾ ਅਨੁਸਾਰ ਦੂਸਰੇ ਧਰਮਾਂ ਅਤੇ ਕੌਮਾਂ ਨੂੰ ਬਰਾਬਰਤਾ ਦਾ ਦਰਜਾ ਅਤੇ ਮਾਣ ਦੇਣਾ ਅਤੇ ਹਰ ਵਿਅਕਤੀ ਨੂੰ ਨਿੱਜੀ ਆਜ਼ਾਦੀ ਹਾਸਲ ਹੋਣ ਦਾ ਸੰਕਲਪ ਬਹੁਤ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਸੇ ਸੰਕਲਪ ਦੇ ਧਾਰਨੀ ਹੋਣ ਕਰਕੇ ਗੁਰੂ ਤੇਗ ਬਹਾਦਰ ਜੀ ਨੇ ਗੁਰੂ ਅਰਜਨ ਦੇਵ ਜੀ ਵਾਂਗ ਹੱਕ ਸੱਚ ਉੱਤੇ ਪਹਿਰਾ ਦਿੰਦਿਆਂ ਹਕੂਮਤ ਦੇ ਜਬਰ ਅੱਗੇ ਝੁਕਣ ਨਾਲੋਂ ਸ਼ਹਾਦਤ ਦਾ ਰਾਹ ਚੁਣਿਆ। ਡਾ. ਸਰਬਜੀਤ ਸਿੰਘ ਅਨੁਸਾਰ "ਕੋਈ ਪਰੰਪਰਾ ਸਿਰਫ਼ ਸਿਧਾਂਤ (ਵੀਕਰਗਖ) ਦੀ ਪੱਧਰ ਉਪਰ ਹੀ ਮਹਾਨ ਨਹੀਂ ਹੁੰਦੀ ਸਗੋਂ ਉਸ ਪਰੰਪਰਾ ਦੀਆਂ ਸਿਰਜੀਆਂ ਰਵਾਇਤਾਂ ਅਤੇ ਅਮਲ (ਬਗ਼ਫਵਜਫਕ) ਹੀ ਉਸ ਪਰੰਪਰਾ ਨੂੰ ਪ੍ਰਮਾਣਿਕ ਅਤੇ

ਪ੍ਰਵਾਨਿਤ ਬਣਾਉਂਦੇ ਹਨ। "2

ਗੁਰੂ ਤੇਗ ਬਹਾਦਰ ਜੀ ਬਚਪਨ ਤੋਂ ਹੀ ਸ਼ਾਂਤ ਚਿਤ, ਸਾਧ ਬਿਰਤੀ ਵਾਲੇ, ਤਿਆਗੀ, ਗੰਭੀਰ ਅਤੇ ਨਿਡਰਤਾ ਜਿਹੇ ਗੁਣਾਂ ਦੇ ਧਾਰਨੀ ਸਨ। ਇਸੇ ਤਪ-ਸਾਧਨਾ, ਧਰਮ ਵਿਦਿਆ ਅਤੇ ਸ਼ਸਤਰ ਵਿਦਿਆ ਨੇ ਉਨ੍ਹਾਂ ਨੂੰ ਮਾਨਸਿਕ ਦ੍ਰਿੜ੍ਹਤਾ ਪ੍ਰਦਾਨ ਕੀਤੀ। ਜਿਸ ਸਦਕਾ ਉਹ ਇਨਸਾਨੀਅਤ ਦੇ ਹੱਕ ਵਿਚ ਭੁਗਤਣ ਲਈ ਸ਼ਹਾਦਤ ਦੇਣ ਤੋਂ ਵੀ ਪਿਛੇ ਨਹੀਂ ਹਟੇ।

ਗੁਰੂ ਤੇਗ ਬਹਾਦਰ ਜੀ ਦਾ ਨਾਮ ਲੈਂਦਿਆਂ ਹੀ ਉਨ੍ਹਾਂ ਦੀ ਬਾਣੀ ਦਾ ਵੈਰਾਗਮਈ ਸੰਕਲਪ ਸਾਡੇ ਮਨਾਂ ਵਿਚ ਪੈਦਾ ਹੋ ਜਾਂਦਾ ਹੈ। ਕੁਝ ਵਿਦਵਾਨ ਉਨ੍ਹਾਂ ਦੀ ਬਾਣੀ ਦੇ ਸਰੂਪ ਨੂੰ ਅਧਿਆਤਮਕਤਾ ਤੋਂ ਸੰਸਾਰ ਦੀ ਨਾਸ਼ਮਾਨਤਾ ਅਤੇ ਮੌਤ ਦੇ ਸੰਕਲਪ ਨੂੰ ਬਾਬਾ ਫ਼ਰੀਦ ਦੇ ਸਲੋਕਾਂ ਅਤੇ ਸ਼ਬਦਾਂ ਦੀ ਪ੍ਰਕ੍ਰਿਤੀ ਨਾਲ ਜੋੜਦੇ ਹਨ। ਪਰ ਗੁਰੂ ਜੀ ਦੀ ਬਾਣੀ ਦਾ ਮੁਕਤੀ ਦਾ ਸੰਕਲਪ ਅਧਿਆਤਮਕਤਾ ਵਾਲਾ ਹੀ ਹੈ। ਅਧਿਆਤਮਕਤਾ ਦੇ ਸੰਦਰਭ ਵਿਚ ਸਮਾਜਕ ਅਤੇ ਰਾਜਨੀਤਕ ਸਥਿਤੀਆਂ ਨੂੰ ਸਮਝਣ ਨਾਲ ਮਨੁੱਖ ਦੇ ਅੰਤਰਮਨ ਵਿਚ ਉਹ ਗੁਣ ਅਤੇ ਵਿਚਾਰ ਉਤਪੰਨ ਹੁੰਦੇ ਹਨ ਜੋ ਮਨੁੱਖ ਨੂੰ ਅਮਾਨਵ ਬਣਾਉਣ ਤੋਂ ਵਰਜਦੇ ਹਨ ਅਤੇ ਉਤਮ ਜੀਵਨ-ਜਾਚ ਸਿਖਾਉਣ ਵਿਚ ਸਹਾਈ ਹੁੰਦੇ ਹਨ। "ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਸਲ ਵਿਚ ਸਮਕਾਲੀਨ ਇਤਿਹਾਸਕ ਵੰਗਾਰ ਦੇ ਪ੍ਰਤਿਉਤਰ ਵਿਚ ਪ੍ਰਵਚਨ ਸਿਰਜਦੀ ਹੈ। ਮੁਗਲ ਸਾਮਰਾਜ ਨਾਲ ਸਿੱਖ ਧਰਮ ਦੇ ਵਿਰੋਧ ਦਾ ਆਰੰਭ ਪੰਜਵੇਂ ਗੁਰੂ ਸਾਹਿਬ ਦੀ ਸ਼ਹਾਦਤ ਨਾਲ ਹੋ ਜਾਂਦਾ ਹੈ ਜਿਸ ਦੇ ਫਲਸਰੂਪ ਸਿੱਖ ਪੰਥ ਵਿਚ ਰੂਪਾਂਤਰਣ ਦੀ ਪ੍ਰਕਿਰਿਆ ਆਰੰਭ ਹੋ ਚੁੱਕੀ ਸੀ। ਅਤਿਆਚਾਰ, ਅਨਿਆਂ ਅਤੇ ਤਸ਼ੱਦਦ ਨਾਲ ਟਕਰਾਉਣ ਦਾ ਆਗਾਜ਼ ਸਭ ਤੋਂ ਪਹਿਲਾਂ ਵਿਚਾਰਧਾਰਾ ਦੀ ਧਰਾਤਲ ਉੱਪਰ ਹੁੰਦਾ ਹੈ।"3

ਗੁਰੂ ਤੇਗ ਬਹਾਦਰ ਜੀ ਗੁਰੂ ਨਾਨਕ ਦੇਵ ਜੀ ਤੋਂ ਬਾਦ ਸਭ ਤੋਂ ਵੱਧ ਯਾਤਰਾਵਾਂ ਕਰਨ ਵਾਲੇ ਗੁਰੂ ਹੋਏ ਹਨ। ਜਿਨ੍ਹਾਂ ਦਾ ਮਕਸਦ ਸਿੱਖ ਵਿਚਾਰਧਾਰਾ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਅਤੇ ਮਨੁੱਖਤਾ ਨੂੰ ਸੁਚੱਜੀ ਜੀਵਨ ਜਾਚ ਦਾ ਸੁਨੇਹਾ ਦੇਣਾ ਸੀ। ਇਨ੍ਹਾਂ ਯਾਤਰਾਵਾਂ ਸਦਕਾ ਹੀ ਉਨ੍ਹਾਂ ਨੇ ਸਮਕਾਲੀ ਸਮਾਜ ਦੀਆਂ ਰਾਜਨੀਤਕ, ਆਰਥਿਕ, ਧਾਰਮਿਕ, ਸਮਾਜਿਕ ਹਾਲਤਾਂ ਨੂੰ ਸੂਖਮਤਾ ਨਾਲ ਸਮਝ ਕੇ ਆਪਣੀ ਬਾਣੀ ਰਾਹੀਂ ਲੋਕਾਈ ਨੂੰ ਸੁਚੇਤ ਕਰਨ ਦਾ ਯਤਨ ਕੀਤਾ ਅਤੇ ਸੰਸਾਰ ਦੀ ਨਾਸ਼ਮਾਨਤਾ, ਸੰਸਾਰ ਦੇ ਮਿਥਿਆ ਹੋਣ, ਵੈਰਾਗ ਦੀ ਭਾਵਨਾ ਆਦਿ ਸਚਾਈਆਂ ਤੋਂ ਜਾਣੂ ਕਰਵਾਇਆ ਅਤੇ ਮਨੁੱਖ ਨੂੰ ਦੁਨੀਆਵੀ ਜੀਵਨ ਬਤੀਤ ਕਰਦਿਆਂ ਇਨ੍ਹਾਂ ਸਚਾਈਆਂ ਨੂੰ ਹਮੇਸ਼ਾਂ ਯਾਦ ਰੱਖ ਕੇ, ਪ੍ਰਭੂ ਸਿਮਰਨ ਕਰਦਿਆਂ ਵਧੀਆ ਕਰਮ ਕਰਨ ਦਾ ਉਪਦੇਸ਼ ਦਿੱਤਾ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਪਦਿਆਂ ਜਾਂ ਸ਼ਬਦਾਂ ਅਤੇ ਸਲੋਕਾਂ ਦੇ ਰੂਪ ਵਿਚ ਪ੍ਰਾਪਤ ਹੈ ਅਤੇ ਪਹਿਲੇ ਬਾਣੀਕਾਰਾਂ ਨਾਲ ਵਿਚਾਰਧਾਰਕ ਏਕਤਾ ਹੋਣ ਕਰਕੇ ਹੀ ਗੁਰੂ ਗੋਬਿੰਦ ਸਿੰਘ ਨੇ ਗੁਰੂ ਤੇਗ ਬਹਾਦਰ ਦੀ ਬਾਣੀ ਨੂੰ ਆਦਿ ਗ੍ਰੰਥ ਵਿਚ ਸ਼ਾਮਲ ਕਰਕੇ ਦੇਹਧਾਰੀ ਗੁਰੂ ਪਰੰਪਰਾ ਨੂੰ ਖ਼ਤਮ ਕਰਕੇ ਆਦਿ ਗ੍ਰੰਥ ਨੂੰ 'ਗੁਰੂ' ਦੀ ਉਪਾਧੀ ਦਿੱਤੀ। 'ਸ਼ਬਦ ਗੁਰੂ' ਦੀ ਸਥਾਪਨਾ ਨਾਲ ਗੁਰੂ ਗ੍ਰੰਥ ਸਾਹਿਬ ਇਕ ਜੀਵਨ ਦ੍ਰਿਸ਼ਟੀਕੋਣ ਅਤੇ ਵਿਚਾਰਧਾਰਕ ਸ਼ਸਤਰ ਦੇ ਰੂਪ ਵਿਚ ਸਥਾਪਿਤ ਹੋ ਗਿਆ। ਗੁਰਮਿਤ ਕਾਵਿ ਪਰੰਪਰਾ ਪਾਰ-ਲੌਕਿਕ ਅਤੇ ਲੌਕਿਕ ਜੀਵਨ ਦੇ ਅੰਤਰ ਸੰਬੰਧਾਂ ਅਤੇ ਦੁਨਿਆਵੀ ਜੀਵਨ ਦੇ ਦੁੱਖਾਂ-ਸੁੱਖਾਂ, ਦੁਸ਼ਵਾਰੀਆਂ ਨੂੰ ਕੇਂਦਰ ਵਿਚ ਰੱਖ ਕੇ ਮਨੁੱਖ ਨੂੰ ਸੁਚੱਜਾ ਜੀਵਨ ਜਿਊਣ ਦੀ ਜਾਚ ਸਿਖਾਉਣ ਵਾਲੀ ਉਪਦੇਸ਼ਾਤਮਕ ਵਿਚਾਰਧਾਰਾ ਵਾਲੀ ਅਨੋਖੀ ਪਰੰਪਰਾ ਹੈ। ਗੁਰਮਤਿ ਕਾਵਿ

ਨਾਲ ਸੰਬੰਧਿਤ ਰਚਨਾਕਾਰਾਂ ਨੇ ਬਹੁ-ਪਰਤੀ ਅਤੇ ਬਹੁ-ਦ੍ਰਿਸ਼ਾਵੀ ਵਿਸ਼ੇ ਲੈ ਕੇ ਸਮਕਾਲੀਨ ਸਥਿਤੀਆਂ ਨੂੰ ਪਰੰਪਰਕ ਮਾਨਤਾਵਾਂ, ਮਨੌਤਾਂ ਅਤੇ ਵਿਸ਼ਵਾਸ਼ਾ ਦੇ ਸੰਦਰਭ ਵਿਚ ਸਮਝਣ ਸਮਝਾਉਣ ਯੋਗ ਬਣਾਇਆ ਹੈ ਜੋ ਸਰਬਕਾਲੀ ਪ੍ਰਸੰਗਿਕਤਾ ਦਾ ਧਾਰਨੀ ਬਣਦਾ ਹੈ।

ਗੁਰੂ ਤੇਗ ਬਹਦਾਰ ਜੀ ਦੀ ਬਾਣੀ ਸਮੁੱਚੀ ਗੁਰਬਾਣੀ ਵਾਂਗ ਮੱਧਕਾਲੀਨ ਭਾਰਤ ਅਤੇ ਪੰਜਾਬ ਦੀ ਮਹੱਤਵਪੂਰਨ ਰਚਨਾ ਹੈ। ਜਿਹੜੀ ਅਧਿਆਤਮਕ ਚਿੰਤਨ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਕਾਵਿਕ ਗੁਣਾਂ ਦੀ ਧਾਰਨੀ ਹੈ। ਇਸ ਤੋਂ ਬਿਨ੍ਹਾਂ ਇਹ ਰਾਗਬੱਧ ਰਚਨਾ ਹੋਣ ਕਰਕੇ ਭਾਰਤ ਦੀ ਕਲਾਸੀਕਲ ਸੰਗੀਤ ਪਰੰਪਰਾ ਨਾਲ ਵੀ ਮੇਲ ਖਾਂਦੀ ਹੈ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਮੁਕਤੀ ਦਾ ਸੰਕਲਪ, ਜੀਵ ਦਾ ਸੰਕਲਪ, ਬ੍ਰਹਮ ਦਾ ਸੰਕਲਪ, ਮਾਇਆ ਅਤੇ ਮਨ ਦੇ ਸੰਕਲਪ ਦਾ ਆਧਾਰ ਵਿਕੋਲਿਤਰਾ ਅਤੇ ਨਿਰੋਲ ਗੁਰੂ ਜੀ ਦੇ ਜੀਵਨ ਫਲਸਫੇ ਉਤੇ ਅਧਾਰਿਤ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੋ ਕਾਵਿ-ਰੂਪਾਂ (ਸ਼ਬਦ ਅਤੇ ਸਲੋਕ) ਵਿਚ ਮਿਲਦੀ ਹੈ। ਜੋ 59 ਸ਼ਬਦਾਂ ਅਤੇ 57 ਸ਼ਲੋਕਾਂ ਦੇ ਰੂਪ ਵਿਚ 15 ਰਾਗਾਂ ਵਿਚ ਰਚੀ ਹੋਈ ਮਿਲਦੀ ਹੈ। ਗਉੜੀ ਰਾਗ ਵਿਚ 9 ਸ਼ਬਦ , ਆਸਾ ਰਾਗ ਵਿਚ 1 ਸ਼ਬਦ, ਦੇਵਗੰਧਾਰੀ ਵਿਚ 3 ਸ਼ਬਦ, ਬਿਹਾਗੜਾ ਰਾਗ ਵਿਚ 1 ਸ਼ਬਦ, ਸੋਰਠਿ ਰਾਗ ਵਿਚ 12 ਸ਼ਬਦ, ਧਨਾਸਰੀ ਰਾਗ ਵਿਚ 4 ਸ਼ਬਦ, ਜੈਤਸਰੀ ਰਾਗ ਵਿਚ 3 ਸ਼ਬਦ, ਟੋਡੀ ਰਾਗ ਵਿਚ 1 ਸ਼ਬਦ, ਤਿਲੰਗ ਰਾਗ ਵਿਚ 3 ਸ਼ਬਦ, ਬਿਲਾਵਲ ਰਾਗ ਵਿਚ 3 ਸ਼ਬਦ, ਰਾਮਕਲੀ ਰਾਗ ਵਿਚ 3 ਸ਼ਬਦ, ਮਾਰੂ ਰਾਗ ਵਿਚ 3 ਸ਼ਬਦ, ਬਸੰਤ ਰਾਗ ਵਿਚ 5 ਸ਼ਬਦ, ਸਾਰੰਗ ਰਾਗ ਵਿਚ 4 ਸ਼ਬਦ ਅਤੇ ਜੈਜਾਵੰਤੀ ਰਾਗ ਵਿਚ 4 ਸ਼ਬਦਾਂ ਦੀ ਰਚਨਾ ਹੋਈ ਮਿਲਦੀ ਹੈ। ਜਿਹੜੀ ਉਦੇਸ਼, ਦ੍ਰਿਸ਼ਟੀ ਅਤੇ ਵਿਚਾਰਧਾਰਾ ਪੱਖੋਂ ਪਹਿਲੇ ਗੁਰੂਆਂ ਦੁਆਰਾ ਰਚੀ ਬਾਣੀ ਨਾਲ ਮੇਲ ਖਾਂਦੀ ਹੈ। ਪਰ ਕਿਉਂਕਿ ਭਾਸ਼ਾ ਇਕ ਨਿਰੰਤਰ ਗਤੀਸ਼ੀਲ ਅਤੇ ਵਿਕਾਸਸ਼ੀਲ ਵਰਤਾਰਾ ਹੈ ਇਸ ਲਈ ਹਰ ਸਿਰਜਣਾ ਨਿਵੇਕਲੇ ਭਾਸ਼ਾਈ ਪੱਖ ਦੀ ਧਾਰਨੀ ਹੁੰਦੀ ਹੈ। ਇਸੇ ਤਰ੍ਹਾਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਭਾਸ਼ਾ ਵੀ ਪਹਿਲੇ ਗੁਰੂਆਂ ਦੇ ਮੁਕਾਬਲੇ ਕੁਝ ਵਖਰੇਵੇਂ ਵਾਲੀ ਹੈ।

ਹਰ ਸਿਰਜਣਾ ਕਿਉਂਕਿ ਸਮਕਾਲੀ ਰਾਜਨੀਤਕ, ਸਮਾਜਿਕ, ਆਰਥਿਕ, ਸਭਿਆਚਾਰਕ ਸਥਿਤੀਆਂ, ਪ੍ਰਸਥਿਤੀਆਂ ਵਿਚੋਂ ਪ੍ਰਭਾਵ ਗ੍ਰਹਿਣ ਕਰਦੀ ਹੈ। ਇਸੇ ਕਰਕੇ ਸਮਕਾਲੀ ਮੁਹਾਵਰੇ ਦਾ ਭਾਸ਼ਾ ਉੱਤੇ ਪ੍ਰਭਾਵ ਪੈਣਾ ਵੀ ਸੁਭਾਵਕ ਵਰਤਾਰਾ ਹੁੰਦਾ ਹੈ। ਭਾਸ਼ਾ ਮਨੁੱਖ ਦੇ ਸਮਾਜਿਕ ਅਮਲ ਦੀ ਸਿਰਜਣਾ ਹੁੰਦੀ ਹੈ ਅਤੇ ਮਨੁੱਖ ਆਪਣੇ ਰੋਜ਼ਾਨਾ ਜੀਵਨ ਵਿਚ ਜੋ ਕੁਝ ਸੋਚਦਾ, ਵਿਚਾਰਦਾ, ਗ੍ਰਹਿਣ ਜਾਂ ਅਨੁਭਵ ਕਰਦਾ ਹੈ ਉਸ ਦਾ ਭਾਸ਼ਾ ਰਾਹੀਂ ਹੀ ਪ੍ਰਗਟਾਵਾ ਕਰਦਾ ਹੈ।

ਗੁਰੂ ਤੇਗ ਬਹਾਦਰ ਜੀ ਜਦੋਂ ਪੂਰਬੀ ਪ੍ਰਾਂਤਾਂ ਦੀਆਂ ਯਾਤਰਾਵਾਂ ਕਰ ਰਹੇ ਸਨ ਤਾਂ ਉਸ ਸਮੇਂ ਬ੍ਰਜ ਭਾਸ਼ਾ ਦਾ ਪ੍ਰਚਲਨ ਕਾਫ਼ੀ ਵੱਧ ਗਿਆ ਸੀ। ਗੁਰੂ ਤੇਗ ਬਹਾਦਰ ਜੀ ਦੀਆਂ ਰਚਨਾਵਾਂ ਵੀ ਇਸ ਸਮੇਂ ਰਚੀਆਂ ਹੋਣ ਕਰਕੇ ਬ੍ਰਜ ਦਾ ਪ੍ਰਭਾਵ ਵਧੇਰੇ ਵੇਖਣ ਨੂੰ ਮਿਲਦਾ ਹੈ ਜਿਸ ਵਿਚ ਸੰਧੂਕੜੀ ਦਾ ਰਲੇਵਾਂ ਵੀ ਨਜ਼ਰ ਆਉਂਦਾ ਹੈ। ਗੁਰੂ ਜੀ ਦੀ ਬਾਣੀ ਦੀ ਭਾਸ਼ਾ ਸਰਲ ਅਤੇ ਸਾਦਗੀ ਭਰਪੂਰ ਹੋਣ ਕਰਕੇ ਪਾਠਕਾਂ/ਸਰੋਤਿਆਂ ਨੂੰ ਪੜ੍ਹਨ, ਸੁਣਨ ਅਤੇ ਸਮਝਣ ਵਿਚ ਔਖੀ ਨਹੀਂ ਲਗਦੀ ਕਿਉਂਕਿ ਇਸ ਦਾ ਭਾਸ਼ਾਈ ਸਰੂਪ ਪੰਜਾਬੀ ਰੰਗਤ ਵਾਲਾ ਹੀ ਹੈ। ਡਾ. ਪਰਮਜੀਤ ਸਿੰਘ

ਢੀਂਗਰਾ ਅਨੁਸਾਰ, "ਗੁਰੂ ਤੇਗ ਬਹਾਦਰ ਸਾਹਿਬ ਦੇ ਸਮੇਂ ਤੱਕ ਬ੍ਰਜ ਭਾਸ਼ਾ ਸਾਹਿਤਕ ਮੁਹਾਂਦਰਾ ਧਾਰਨ ਕਰ ਚੁੱਕੀ ਸੀ। ਕਵੀ ਭਾਵੇਂ ਕਿਸੇ ਵੀ ਪ੍ਰਦੇਸ਼ ਦਾ ਹੋਵੇ ਉਹਦੀ ਰਚਨਾ 'ਤੇ ਬ੍ਰਜ ਦਾ ਅਸਰ ਬਖ਼ੂਬੀ ਨਜ਼ਰ ਆ ਜਾਂਦਾ ਸੀ। ਬ੍ਰਜ ਭਾਸ਼ਾ ਸਦੀਆਂ ਤੱਕ ਉੱਤਰ-ਪੱਛਮੀ ਭਾਰਤ, ਜਿਸ ਵਿਚ ਪੰਜਾਬ, ਉੱਤਰ-ਪ੍ਰਦੇਸ਼, ਮੱਧ-ਪ੍ਰਦੇਸ਼ ਦੇ ਕਈ ਇਲਾਕੇ ਸ਼ਾਮਲ ਸਨ, ਦੀ ਸਾਹਿਤਕ ਬੋਲੀ ਰਹੀ ਹੈ।"4

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਭਾਸ਼ਾ ਬਾਰੇ ਡਾ. ਬੂਟਾ ਸਿੰਘ ਬਰਾੜ ਨੇ ਆਪਣੇ ਵਿਚਕਾਰ ਪ੍ਰਗਟਾਉਂਦਿਆਂ ਲਿਖਿਆ ਹੈ, "ਗੁਰੂ ਤੇਗ ਬਹਾਦਰ ਜੀ ਦੀ ਬਾਣੀ ਭਾਵੇਂ ਗੁਰੂ ਗ੍ਰੰਥ ਸਾਹਿਬ ਦੇ ਭਾਸ਼ਾਈ ਸਰੂਪ ਮੁਤਾਬਕ ਹੀ ਆਪਣਾ ਸੰਰਚਨਾਤਮਕ ਸੰਗਠਨ ਉਸਾਰਦੀ ਹੈ, ਪਰ ਫਿਰ ਵੀ ਇਸ ਦਾ ਭਾਸ਼ਾਈ-ਪ੍ਰਯੋਗ ਬਾਣੀ ਦੇ ਸਮੁੱਚੇ ਭਾਸ਼ਾਈ ਸਰੂਪ ਵਰਗਾ ਹੁੰਦਾ ਹੋਇਆ ਵੀ ਵੱਖਰਾ ਤੇ ਵਿਲੱਖਣ ਹੈ। ਜਿਥੇ ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਸਾਧੁਕੜੀ ਰੰਗਤ ਵਾਲੀ ਪੰਜਾਬੀ ਭਾਸ਼ਾ ਵਿਚ ਰਚੀ ਗਈ, ਉਥੇ ਨੌਵੇਂ ਗੁਰੂ ਦੀ ਬਾਣੀ ਬ੍ਰਜ ਪ੍ਰਧਾਨ ਪੰਜਾਬੀ ਭਾਸ਼ਾ ਵਿਚ ਰਚੀ ਗਈ।"5

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਹਿੰਦੀ ਅਤੇ ਸੰਸਕ੍ਰਿਤ ਭਾਸ਼ਾ ਵਿਚੋਂ ਵੀ ਅਨੇਕਾਂ ਸ਼ਬਦ ਤਤਸਮ ਅਤੇ ਤਦਭਵ ਰੂਪ ਵਿਚ ਸ਼ਾਮਿਲ ਕੀਤੇ ਗਏ ਹਨ ਜਿਵੇਂ ਅਉਸਰ, ਦਇਆਲ, ਨਿਰਭੈ, ਮ੍ਰਿਗ, ਸੁਪਨਾ, ਤਜਤ, ਮਿਥਿਆ, ਗ੍ਰਿਹਿ, ਇਨਸਾਨ, ਗਜ, ਸੁਆਮੀ, ਸਰਨਾਗਤ, ਬਰਤ, ਬਹੁ ਆਦਿ।

ਗੁਰੂ ਤੇਗ ਬਹਾਦਰ ਜੀ ਦੀ ਸਾਰੀ ਬਾਣੀ ਸੰਬੋਧਨਯੁਕਤ ਹੈ ਅਤੇ ਇਹੀ ਉਨ੍ਹਾਂ ਦੀ ਬਾਣੀ ਦੀ ਵਿਲੱਖਣਤਾ ਹੈ। ਮਨ ਰੇ, ਰੇ ਮਨ, ਰੇ ਨਰ, ਸਾਧੋ, ਮਾਈ ਆਦਿ ਕੁਝ ਵਿਸ਼ੇਸ਼ ਸੰਬੋਧਨ ਬਾਣੀ ਨੂੰ ਪੜ੍ਹਦਿਆਂ ਸਾਹਮਣੇ ਆਉਂਦੇ ਹਨ। ਇਸੇ ਤਰ੍ਹਾਂ ਗੁਰੂ ਜੀ ਨੇ ਥਾਂ-ਥਾਂ ਦੋ ਵਿਰੋਧਾਭਾਸ ਇਸ ਤਰ੍ਹਾਂ ਸਿਰਜੇ ਹਨ ਕਿ ਉਹ ਸ਼ਬਦ-ਜੁੱਟ ਇਕ ਦੂਜੇ ਦੇ ਵਿਰੋਧੀ ਹੁੰਦੇ ਹੋਏ, ਵਿਰੋਧੀ ਭਾਵ ਸਿਰਜਦੇ ਹੋਏ ਵੀ ਇਕ ਦੂਜੇ ਦੇ ਵਿਰੋਧੀ ਨਹੀਂ, ਸਗੋਂ ਸਮਭਾਵੀ ਅਰਥ ਦਰਸਾਉਂਦੇ ਹਨ। ਜਿਵੇਂ ਉਸਤਤਿ-ਨਿੰਦਾ, ਸੁਖ-ਦੁਖ, ਉਪਜਣਾ-ਬਿਨਸਣਾ, ਮਾਨ-ਅਪਮਾਨ, ਹਰਖ-ਸੋਗ ਆਦਿ।

ਸੁਖੁ-ਦੁਖੁ ਦੋਨੋ ਸਮ ਕਰ ਜਾਨੈ ਅਉਰ ਮਾਨੁ ਅਪਮਾਨਾ।।
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ।।
ਜਨੁ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ।6

ਇਨ੍ਹਾਂ ਵਿਰੋਧੀ ਜੁਟ-ਚਿੰਨ੍ਹਾਂ ਰਾਹੀਂ ਗੁਰੂ ਜੀ ਮਨੁੱਖ ਨੂੰ ਉਪਦੇਸ਼ ਦਿੰਦੇ ਹਨ ਕਿ ਜੇ ਮਨੁੱਖ ਪ੍ਰਮਾਤਮਾ ਦੀ ਰਜ਼ਾ ਵਿਚ ਰਹਿੰਦਿਆਂ ਹਰ ਸਥਿਤੀ ਨੂੰ ਨਿਮਰਤਾ ਨਾਲ ਸਵੀਕਾਰੇਗਾ ਤਾਂ ਹੀ ਮਨੁਮੁਖ ਤੋਂ ਗੁਰਮੁਖ ਬਣ ਕੇ ਜੀਵਨ ਬਤੀਤ ਕਰ ਸਕੇਗਾ, ਕਿਉਂਕਿ ਮਨੁੱਖ ਦੀ ਜ਼ਿੰਦਗੀ ਵਿਚ ਜੋ ਵੀ ਮਾੜਾ-ਚੰਗਾ ਵਾਪਰਦਾ ਹੈ ਉਸ ਕਸ਼ਟਮਈ ਸਥਿਤੀ ਵਿਚੋਂ ਕੱਢਣ ਲਈ ਸਾਰੇ ਸਾਧਨ, ਉਪਾਅ, ਯਤਨ ਉਸ ਪ੍ਰਮਾਤਮਾ ਦੇ ਹੱਥ ਹੀ ਹਨ। ਉਹ ਹੀ ਸਾਰੇ ਕਸ਼ਟਾਂ, ਬੰਧਨਾਂ ਵਿਚੋਂ ਕੱਢਣ ਲਈ ਸਹਾਈ ਹੁੰਦਾ ਹੈ। ਦੁਨਿਆਵੀ ਮੋਹ-ਮਾਇਆ ਦੇ ਬੰਧਨਾਂ ਵਿਚ ਜਕੜੀ, ਪੀੜਤ, ਉਦਾਸ ਮਾਨਸਿਕਤਾ ਨੂੰ ਬਦਲਣ ਲਈ ਗੁਰੂ ਜੀ ਸੰਬੋਧਨੀ ਸ਼ੈਲੀ ਦੀ ਵਰਤੋਂ ਕਰਦੇ ਉਪਦੇਸ਼ ਦਿੰਦੇ ਹਨ।

ਬਲ ਛੁਟਕਿਓ ਬੰਧਨ ਪਰੇ ਕਛੂ ਨ ਹੋਤਿ ਉਪਾਇ
ਕਹੁ ਨਾਨਕ ਅਬ ਓਟ ਹਰਿ ਗਜਿ ਜਿਉ ਹੋਹੁ ਸਹਾਇ।7

ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ।।8

ਗੁਰੂ ਤੇਗ ਬਹਾਦਰ ਨੇ ਆਪਣੀ ਬਾਣੀ ਵਿਚ ਦੁਨਿਆਵੀ ਅਤੇ ਆਮ ਜੀਵਨ ਵਿਚੋਂ ਬਿੰਬ, ਪ੍ਰਤੀਕ, ਅਲੰਕਾਰ ਲੈ ਕੇ ਮਨੁੱਖ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਜੀਵ ਇਸ ਸੰਸਾਰ ਵਿਚ ਦੁਨਿਆਵੀ ਮੋਹ ਮਾਇਆ ਵਿਚ ਫਸ ਕੇ ਉਸ ਪ੍ਰਮਾਤਮਾ ਨੂੰ ਵਿਸਾਰ ਦਿੰਦਾ ਹੈ ਜਿਸ ਨੇ ਉਸ ਨੂੰ ਪੈਦਾ ਕੀਤਾ ਹੈ।

ਮਨੁ ਮਾਇਆ ਮੈ ਰਮਿ ਰਹਿਓ ਨਿਕਸਤ ਨਾਹਿਨ ਮੀਤ।।
ਨਾਨਕ ਮੂਰਤਿ ਚਿਤ੍ਰ ਜਿਉ ਛਾਡਿਤ ਨਾਹਨਿ ਭੀਤਿ।।9

ਇਸ ਸਲੋਕ ਵਿਚ ਗੁਰੂ ਜੀ ਨੇ 'ਮਨ' ਅਤੇ 'ਮਾਇਆ' ਨੂੰ ਦੋ ਸਥੂਲ ਚੀਜ਼ਾਂ ਕੰਧ ਅਤੇ ਚਿੱਤਰ ਦੇ ਅਲੰਕਾਰ ਰਾਹੀਂ ਸਮਝਾਉਣ ਦਾ ਯਤਨ ਕੀਤਾ ਹੈ ਕਿ ਮਾਇਆਧਾਰੀ ਜੀਵ ਦਾ ਮਨ ਮਾਇਆ ਨਾਲ ਇਉਂ ਜਕੜਿਆ ਰਹਿੰਦਾ ਹੈ ਜਿਵੇਂ ਕੰਧ ਉੱਤੇ ਲੱਗੀ ਤਸਵੀਰ ਉਸ ਨਾਲ ਚਿਪਕੀ ਰਹਿੰਦੀ ਹੈ। ਆਮ ਜੀਵਨ ਨਾਲ ਸੰਬੰਧਿਤ ਬਿੰਬ, ਪ੍ਰਤੀਕ ਵਰਤਣ ਨਾਲ ਪੜ੍ਹਨ-ਸੁਣਨ ਵਾਲੇ ਨੂੰ ਬਾਣੀ ਵਿਚਲੀ ਡੂੰਘਾਈ ਸੌਖ ਅਤੇ ਸਪੱਸ਼ਟਤਾ ਨਾਲ ਸਮਝ ਆ ਜਾਂਦੀ ਹੈ।

ਨੌਵੇਂ ਗੁਰੂ ਦੀ ਬਾਣੀ ਵਿਚ ਸਮੁੱਚੀ ਗੁਰਬਾਣੀ ਵਾਂਗ ਨਾਮ ਸਿਮਰਨ ਦਾ ਉਪਦੇਸ਼ਾਤਮਕ ਸੰਦੇਸ਼ ਤਾਂ ਹੈ ਹੀ ਪਰ ਇਸ ਵਿਚ ਸੰਸਾਰ ਦੀ ਨਾਸ਼ਮਾਨਤਾ, ਛਿਣਭੰਗਰਤਾ ਅਤੇ ਥੋੜ੍ਹਚਿਰੀ ਹੋਣ ਬਾਰੇ ਮਨੁੱਖ ਨੂੰ ਸੁਚੇਤ ਕਰਾ ਕੇ ਸੱਚਾ-ਸੁੱਚਾ ਸਦਗੁਣ ਭਰਪੂਰ ਜੀਵਨ ਜਿਊਣ ਦੀ ਪ੍ਰੇਰਨਾ ਦਿੱਤੀ ਗਈ ਹੈ ਕਿ ਮਨੁੱਖ ਨੂੰ ਮੌਤ ਦੇ ਸੰਕਲਪ ਨੂੰ ਯਾਦ ਰੱਖਦਿਆਂ ਪ੍ਰਮਾਤਮਾ ਵਿਚ ਵੀ ਦ੍ਰਿੜ੍ਹ ਵਿਸ਼ਵਾਸ ਰੱਖਣਾ ਚਾਹੀਦਾ ਹੈ ਕਿਉਂਕਿ ਅੰਤ ਵੇਲੇ ਕੋਈ ਵੀ ਸੰਗੀ-ਸਾਥੀ, ਰਿਸ਼ਤੇਦਾਰ ਜਾਂ ਮਾਇਆ ਨੇ ਸਾਥ ਨਹੀਂ ਦੇਣਾ। ਉਸ ਸਮੇਂ ਪ੍ਰਮਾਤਮਾ ਹੀ ਸਹਾਈ ਹੁੰਦਾ ਹੈ। ਪਰ ਫਿਰ ਇਹ ਵੀ ਉਪਦੇਸ਼ ਦਿੰਦੇ ਹਨ ਕਿ ਜੇ ਪਤਾ ਹੈ ਕਿ ਇਹ ਸੰਸਾਰ ਥੋੜਚਿਰਾ ਹੈ, ਕਿਸੇ ਵੀ ਜੀਵ ਨੇ ਸਦਾ ਇਸ ਵਿਚ ਬੈਠੇ ਨਹੀਂ ਰਹਿਣਾ ਤਾਂ ਫਿਰ ਇਸ ਬਾਰੇ ਸੋਚ ਕੇ ਦੁਖੀ ਹੋਣ ਦੀ ਵੀ ਲੋੜ ਨਹੀਂ ਕਿਉਂਕਿ ਮੌਤ ਤੋਂ ਤਾਂ ਕੋਈ ਰਾਜਾ ਜਾਂ ਅਮੀਰ ਵੀ ਨਹੀਂ ਬਚ ਸਕਿਆ। ਮੌਤ ਅਟੱਲ ਸਚਾਈ ਹੈ। ਇਸ ਲਈ ਇਸ ਨੂੰ ਹਮੇਸ਼ਾਂ ਯਾਦ ਰੱਖ ਕੇ ਸਚਿਆਰਾ ਜੀਵਨ ਬਤੀਤ ਕਰਨਾ ਚਾਹੀਦਾ ਹੈ।

ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ।।
ਕਹੁ ਨਾਨਕ ਥਿਰ ਕਿਛੁ ਨਹੀਂ ਸੁਪਨੇ ਜਿਉ ਸੰਸਾਰ।।10

ਚਿੰਤਾ ਤਾ ਕੀ ਕੀਜੀਐ ਜੋ ਅਨਹੋਨੀ ਹੋਇ।।
ਇਹੁ ਮਾਰਗ ਸੰਸਾਰ ਕੋ ਨਾਨਕ ਥਿਰੁ ਨਹੀਂ ਕੋਇ।।11

ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ।।
ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ।।12

ਸੰਗ ਸਖਾ ਸਭ ਤਜਿ ਗਏ ਕੋਊ ਨ ਨਿਬਹਿਓ ਸਾਥਿ
ਕਹੁ ਨਾਨਕ ਇਹ ਬਿਪਤਿ ਮਹਿ ਟੇਕ ਏਕ ਰਘੁਨਾਥਿ।।13

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਮੁੱਖ ਸਰੋਕਾਰ ਭਾਵੇਂ ਗੁਰਮਤਿ ਵਿਸ਼ਵ-ਦ੍ਰਿਸ਼ਟੀ ਅਤੇ ਜੀਵਨ ਜਾਚ ਨਾਲ ਹੀ ਸੰਬੰਧਿਤ ਹਨ। ਪਰ ਇਨ੍ਹਾਂ ਦੀ ਬਾਣੀ ਦੀ ਵਿਲੱਖਣਤਾ ਦਾ ਮੂਲ ਆਧਾਰ ਸੰਸਾਰ ਦੀ ਨਾਸ਼ਮਾਨਤਾ ਅਤੇ ਥੋੜ੍ਹਚਿਰੀ ਜ਼ਿੰਦਗੀ ਦੀ ਅਟੱਲ ਸਚਾਈ ਨੂੰ ਦਰਸਾਉਣ ਵਾਲਾ ਹੈ, ਕਿ ਇਹ ਸੰਸਾਰ ਸਥਿਰ ਨਹੀਂ ਸਗੋਂ ਇਕ ਸੁਪਨੇ ਦੀ ਨਿਆਈ ਹੈ। ਜਿਵੇਂ ਨੀਂਦ ਖੁੱਲ੍ਹਣ ਨਾਲ ਸੁਪਨਾ ਖਤਮ ਹੋ ਜਾਂਦਾ ਹੈ ਉਵੇਂ ਹੀ ਇਹ ਸੰਸਾਰਕ ਪੰਧ ਵੀ ਥੋੜ੍ਹਚਿਰਾ ਹੈ। ਇਕ ਪ੍ਰਮਾਤਮਾ ਦਾ ਨਾਂ ਹੀ ਸੱਚਾ ਹੈ, ਸਥਿਰ ਹੈ, ਸਦੀਵੀ ਹੈ। ਇਸ ਕਰਕੇ ਜੀਵ ਨੂੰ ਪ੍ਰਮਾਤਮਾ ਦੇ ਨਾਂ ਨਾਲ ਜੁੜ ਕੇ ਰਹਿਣਾ ਚਾਹੀਦਾ ਹੈ। ਦੁਨਿਆਵੀ ਮੋਹ ਮਾਇਆ ਤਾਂ ਝੂਠ ਦਾ ਪਸਾਰਾ ਹੈ ਜੋ ਮਾਰੂਥਲ ਦੀ ਰੇਤ ਵਾਂਗ ਝੱਟ ਉੱਡ ਜਾਂਦੀ ਹੈ।

ਜਿਉਂ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ।
ਇਨ ਮੈਂ ਕਛੁ ਸਾਚੋ ਨਹੀਂ ਨਾਨਕ ਬਿਨ ਭਗਵਾਨ ।14

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ।
ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਰੀਤ।।15

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ।
ਕਹਿ ਨਾਨਕ ਥਿਰੁ ਨ ਰਹੇ ਜਿਉ ਬਾਲੂ ਕੀ ਭੀਤਿ।16

ਇਨ੍ਹਾਂ ਸ਼ਲੋਕਾਂ ਵਿਚ ਗੁਰੂ ਜੀ ਨੇ ਸੁਪਨਾ, ਬੁਦਬੁਦਾ ਅਤੇ ਬਾਲੂ ਕੀ ਭੀਤਿ ਸ਼ਬਦਾਂ ਰਾਹੀਂ ਪ੍ਰਤੀਕਾਤਮਕ ਅਰਥ ਦਿੱਤੇ ਹਨ ਕਿ ਇਹ ਸੰਸਾਰ ਬਿਨਸਨਹਾਰ ਹੈ। ਇਸ ਰਾਹੀਂ ਗੁਰੂ ਜੀ ਨੇ ਜਗਤ ਦੀ ਛਿਣਭੰਗਰ ਹੋਂਦ ਦਾ ਭਾਵ ਵਿਅਕਤ ਕੀਤਾ ਹੈ। ਇਹ ਧਾਰਨਾ ਗੁਰਮਤਿ ਜੀਵਨ ਜਾਚ ਦੇ ਮੂਲ ਸਿਧਾਂਤਾਂ ਦਾ ਵਿਰੋਧ ਨਹੀਂ ਕਰਦੀ, ਸਗੋਂ ਉਨ੍ਹਾਂ ਦੀ ਵੱਖਰੇ ਸੰਦਰਭ ਵਿਚ ਪ੍ਰੋੜ੍ਹਤਾ ਕਰਦੀ ਹੈ। ਨਾ ਹੀ ਇਹ ਗ੍ਰਹਿਸਤ ਜੀਵਨ ਤੋਂ ਕਿਨਾਰਾ ਕਰਨ ਦਾ ਉਪਦੇਸ਼ ਦਿੰਦੀ ਹੈ, ਸਗੋਂ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਦਾ ਡੱਟ ਕੇ ਮੁਕਾਬਲਾ ਕਰਨ ਦਾ ਉਪਦੇਸ਼ ਦਿੰਦੀ ਹੈ ਅਤੇ ਸਮਕਾਲੀ ਹਕੂਮਤ ਦੇ ਜ਼ਾਲਮਾਨਾ ਵਤੀਰੇ ਨੂੰ ਵੰਗਾਰਨ ਲਈ ਨੈਤਿਕ ਮਨੋਬਲ ਪੈਦਾ ਕਰਕੇ ਸ਼ਾਨ ਨਾਲ ਜਿਊਣ ਦਾ ਰਾਹ ਦਿਖਾਉਂਦੀ ਹੋਈ ਮਨੁੱਖ ਨੂੰ ਬਿਨ੍ਹਾਂ ਕਿਸੇ ਡਰ ਦੇ ਅਣਖ ਨਾਲ ਜਿਊਣ ਦਾ ਸੰਦੇਸ਼ ਦਿੰਦੀ ਹੈ ਕਿ ਮਨੁੱਖ ਨੂੰ ਨਾ ਹੀ ਕਿਸੇ ਤੋਂ ਡਰਨਾ ਚਾਹੀਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਣਾ ਚਾਹੀਦਾ ਹੈ।

ਭੈ ਕਾਹੂ ਕਉ ਦੇਤਿ ਨਹਿ ਨਹਿ ਭੈ ਮਾਨਤ ਆਨ।
ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ। 17

ਡਾ. ਬੂਟਾ ਸਿੰਘ ਬਰਾੜ ਦੇ ਵਿਚਾਰ ਅਨੁਸਾਰ ''ਇਸ ਬਾਣੀ ਦੇ ਭਾਵ-ਪ੍ਰਬੰਧ ਵਿਚ ਸਮੁੱਚੀ ਗੁਰਬਾਣੀ ਵਾਂਗ ਨਾਮ ਸਿਮਰਨ ਤਾਂ ਹੈ ਪਰ ਇਸ ਦੇ ਸਮਵਿੱਥ ਇਥੇ ਜੀਵਨ ਦੀ ਛਿਣਭੰਗਰਤਾ ਅਤੇ ਸੰਸਾਰਕ ਰਿਸ਼ਤਿਆਂ ਦੀ ਅਸਾਰਥਿਕਤਾ ਆਦਿ ਦਾ ਅਹਿਸਾਸ ਕਰਵਾ ਕੇ ਮਨੁੱਖ ਨੂੰ ਸਦਗੁਣ ਗ੍ਰਹਿਣ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਵੈਰਾਗ ਦੇ ਪੱਖ ਤੋਂ ਇਸ ਬਾਣੀ ਨੂੰ ਗੁਰਬਾਣੀ ਵਿਚ ਨਿਵੇਕਲਾ ਸਥਾਨ ਹਾਸਲ ਹੈ। ਪਰ ਇਸ ਦੇ ਬਾਵਜੂਦ ਇਸ ਬਾਣੀ ਦੀ ਪ੍ਰਮੁੱਖ ਸੁਰ ਭੈ-ਰਹਿਤ ਅਣਖੀਲਾ ਜੀਵਨ ਜਿਊਣ ਦਾ ਸੰਦੇਸ਼ ਦਿੰਦੀ ਹੈ। 18

ਗੁਰੂ ਜੀ ਤੀਰਥਾਂ 'ਤੇ ਜਾਣ, ਵਰਤ ਰੱਖਣ ਅਤੇ ਦਾਨ ਕਰਨ ਦਾ ਅਸਲ ਉਦੇਸ਼ ਮਨ ਨੂੰ ਪਵਿੱਤਰ ਕਰਨਾ ਅਤੇ ਨਿਮਰਤਾ ਤੇ ਹਲੀਮੀ ਨੂੰ ਅਪਣਾਉਣਾ ਦੇ ਸੰਦਰਭ ਵਿਚ ਦਰਸਾਉਂਦੇ ਹਨ। ਪਰ ਕਈ ਮਨੁੱਖ ਇਸ ਕਾਰਨ ਹੰਕਾਰ ਵਿਚ ਆ ਜਾਂਦੇ ਹਨ ਕਿ ਉਨ੍ਹਾਂ ਨੇ ਆਪਣੀ ਮਿਹਨਤ, ਹਿੰਮਤ ਅਤੇ ਚੰਗੇ ਗੁਣ ਧਾਰਨ ਕਰਕੇ ਅਜਿਹੇ ਅਧਿਆਤਮਕ ਰੁਤਬੇ ਨੂੰ ਪ੍ਰਾਪਤ ਕੀਤਾ ਹੈ। ਗੁਰੂ ਸਾਹਿਬ ਨੇ ਅਜਿਹੀ ਫਿਤਰਤ ਵਾਲੇ ਇਨਸਾਨ ਦੀ ਮਨੋਦਸ਼ਾ ਨੂੰ ਉਸ ਹਾਥੀ ਦੇ ਦ੍ਰਿਸ਼ਟਾਂਤ ਰਾਹੀਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ, ਜਿਹੜਾ ਇਸ਼ਨਾਨ ਕਰਨ ਤੋਂ ਬਾਅਦ ਮਿੱਟੀ ਵਿਚ ਲੇਟ ਜਾਂਦਾ ਹੈ ਤੇ ਫਿਰ ਗੰਦਾ ਹੋ ਜਾਂਦਾ ਹੈ। ਉਹੀ ਹਾਲਤ ਅਜਿਹੇ ਮਨੁੱਖ ਦੀ ਹੈ ਜੋ ਅਧਿਆਤਮਕਤਾ ਵਾਲਾ ਜੀਵਨ ਜਿਊ ਕੇ ਵੀ ਹੰਕਾਰੀ ਬਣ ਜਾਣ ਨਾਲ ਮਾੜੇ ਭਾਵਾਂ ਨੂੰ ਮਨ ਵਿਚ ਵਸਾ ਲੈਂਦਾ ਹੈ।

ਤੀਰਥ ਬਰਤ ਅਰੁ ਦਾਨ ਕਰਿ ਮਨ ਮਹਿ ਧਰੈ ਗੁਮਾਨੁ।
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨ।। 19

ਹਾਥੀ ਵਾਂਗ ਹੀ ਕੁੱਤੇ ਦੇ ਪ੍ਰਤੀਕ ਰਾਹੀਂ ਗੁਰੂ ਸਾਹਿਬ ਨੇ ਸਮਝਾਉਣ ਦਾ ਯਤਨ ਕੀਤਾ ਹੈ ਕਿ ਜਿਹੜਾ ਕੁੱਤਾ ਆਪਣੇ ਮਾਲਕ ਪ੍ਰਤੀ ਸਦਾ ਵਫ਼ਾਦਾਰ ਰਹਿੰਦਾ ਹੈ ਅਤੇ ਕਦੇ ਵੀ ਮਾਲਕ ਨੂੰ ਛੱਡ ਕੇ ਨਹੀਂ ਜਾਂਦਾ। ਮਾਲਕ ਵੀ ਉਸ ਨੂੰ ਪਿਆਰ ਅਤੇ ਇਜ਼ਤ ਦਿੰਦਾ ਹੈ। ਪਰ ਦਰ-ਦਰ ਭਟਕਣ ਵਾਲੇ ਅਤੇ ਗਲੀਆਂ ਵਿਚ ਘੁੰਮਣ ਵਾਲੇ ਕੁੱਤੇ ਨੂੰ ਠੋਕਰਾਂ ਤੇ ਦੁਰਕਾਰ ਹੀ ਮਿਲਦੀ ਹੈ। ਇਸ ਲਈ ਜਿਹੜਾ ਮਨੁੱਖ ਇਕ ਮਾਲਕ, ਇਕ ਪ੍ਰਮਾਤਮਾ ਵਿਚ ਵਿਸ਼ਵਾਸ ਨਹੀਂ ਰੱਖਦਾ, ਉਸ ਦੀ ਮਾਲਕ (ਪ੍ਰਮਾਤਮਾ) ਵੀ ਕਦਰ ਨਹੀਂ ਕਰਦਾ।

ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ।
ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ।। 20

ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀਂ ਨਿਤ।।
ਨਾਨਕ ਇਹ ਬਿਧਿ ਹਰਿ ਭਜਉ, ਇਕ ਮਨਿ ਹੁਇ ਇਕ ਚਿਤਿ।। 21

ਇਸੇ ਤਰ੍ਹਾਂ ਜਿਹੜਾ ਮਨੁੱਖ ਦੁਨਿਆਵੀ ਮੋਹ-ਮਾਇਆ ਦੇ ਲਾਲਚ ਵਿਚ ਪੈ ਕੇ ਮਾੜੀਆਂ

ਆਦਤਾਂ ਦਾ ਸ਼ਿਕਾਰ ਹੋ ਜਾਂਦਾ ਹੈ। ਉਸ ਦਾ ਅੜਬ ਮਨ 'ਕੁੱਤੇ ਦੀ ਪੂਛ' ਵਾਂਗ ਕਦੇ ਵੀ ਸੁਧਰਦਾ ਨਹੀਂ। ਗੁਰੂ ਜੀ ਨੇ ਕੁੱਤੇ ਦੀ ਪੂਛ ਦੇ ਪ੍ਰਤੀਕ ਰਾਹੀਂ ਸਮਝਾਇਆ ਹੈ ਕਿ ਜਿਵੇਂ ਕੁੱਤੇ ਦੀ ਪੂਛ ਜਿੰਨਾ ਮਰਜੀ ਯਤਨ ਕਰ ਲਵੋ ਕਦੇ ਸਿੱਧੀ ਨਹੀਂ ਹੁੰਦੀ। ਉਵੇਂ ਹੀ ਮਾੜੇ ਵਿਅਕਤੀ ਉਪਰ ਕਿਸੇ ਉਪਦੇਸ਼ ਦਾ ਕੋਈ ਅਸਰ ਨਹੀਂ ਹੁੰਦਾ।

ਮਦਿ ਮਾਇਆ ਕੈ ਭਇਓ ਬਾਵਰੋ ਹਰਿ ਜਸੁ ਨਹ ਉਚਰੈ।।
ਕਰ ਪਰਪੰਚ ਜਗਤ ਕਉ ਡਹਕੈ ਅਪਨੋ ਉਦਰੁ ਭਰੈ।।
ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ।।22

ਗੁਰੂ ਜੀ ਆਪਣੀ ਬਾਣੀ ਰਾਹੀਂ ਉਪਦੇਸ਼ ਦਿੰਦੇ ਹਨ ਕਿ ਜਿਹੜਾ ਮਨੁੱਖ ਆਪਣੇ ਫ਼ਰਜਾਂ ਅਤੇ ਪ੍ਰਮਾਤਮਾ ਨੂੰ ਭੁਲਾ ਕੇ ਸਿਰਫ਼ ਐਸ਼ਪ੍ਰਸਤੀ, ਖਾਣ-ਪੀਣ ਅਤੇ ਸੌਣ ਵਿਚ ਹੀ ਜ਼ਿੰਦਗੀ ਬਤੀਤ ਕਰ ਦਿੰਦਾ ਹੈ, ਉਹ ਪਸ਼ੂਆਂ ਸਮਾਨ ਹੈ। ਅਜਿਹੇ ਵਿਅਕਤੀ ਦਾ ਕਦੇ ਵੀ ਬੌਧਿਕ ਅਤੇ ਆਤਮਿਕ ਵਿਕਾਸ ਨਹੀਂ ਹੋ ਸਕਦਾ ਅਤੇ ਉਸਦਾ ਅਣਮੁੱਲਾ ਜੀਵਨ ਵਿਅਰਥ ਚਲਾ ਜਾਂਦਾ ਹੈ।

ਸਾਚਿ ਛਾਡਿ ਕੈ ਝੂਠਹਿ ਲਾਗਿਉ ਜਨਮੁ ਅਕਾਰਥੁ ਖੋਇਉ।।
ਕਰਿ ਪਰਪੰਚ ਉਦਰੁ ਨਿਜ ਪੋਖਿਉ ਪਸੂ ਕੀ ਨਿਆਈ ਸੋਇਓ।।23

ਰਤਨ ਨਾਮੁ ਘਟ ਹੀ ਕੇ ਭੀਤਰਿ ਤਾਕੋ ਗਿਆਨੁ ਨਾ ਪਾਇਓ।।
ਜਨ ਨਾਨਕ ਭਗਵੰਤ ਭਜਨ ਬਿਨੁ ਬਿਰਥਾ ਜਨਮੁ ਗਵਾਇਓ।।24

ਜਾਨਵਰਾਂ ਤੋਂ ਇਲਾਵਾ ਗੁਰੂ ਜੀ ਨੇ ਫੁੱਲ, ਰਤਨ ਆਦਿ ਜੋ ਸੁੰਦਰਤਾ ਅਤੇ ਕੀਮਤੀ ਵਸਤਾਂ ਦੇ ਪ੍ਰਤੀਕ ਹਨ, ਵੀ ਆਪਣੀ ਬਾਣੀ ਵਿਚ ਚਿੰਨ੍ਹਾਂ, ਪ੍ਰਤੀਕਾਂ, ਬਿੰਬਾਂ ਵਜੋਂ ਵਰਤੇ ਹਨ। ਜਿਨ੍ਹਾਂ ਨੂੰ ਰਾਮ ਨਾਮ ਨਾਲ ਜੋੜ ਕੇ ਜੀਵਨ ਦੀਆਂ ਖੁਸ਼ੀਆਂ ਅਤੇ ਖੇੜਿਆਂ ਨਾਲ ਭਰਪੂਰਤਾ ਦੇ ਜਜਬੇ ਨੂੰ ਪੇਸ਼ ਕੀਤਾ ਗਿਆ ਹੈ। ਜਿਵੇਂ ਫੁੱਲ ਵਿਚਲੀ ਖੁਸ਼ਬੋ ਨਜ਼ਰ ਨਹੀਂ ਆਉਂਦੀ, ਉਵੇਂ ਹੀ ਨਿਰੰਕਾਰ ਕਣ-ਕਣ ਵਿਚ ਮੌਜੂਦ ਹੋਣ ਦੇ ਬਾਵਜੂਦ ਦਿਖਾਈ ਨਹੀਂ ਦਿੰਦਾ।

ਪੁਹਪ ਮਧਿ ਜਿਉ ਬਾਸੁ ਬਸਤੁ ਹੈ, ਮੁਕਰ ਮਾਹਿ ਜੈਸੇ ਛਾਈ
ਤੈਸੇ ਹੀ ਹਰਿ ਬਸੇ ਨਿਰੰਤਰ ਘਟ ਹੀ ਖੋਜਹੁ ਭਾਈ। 25

ਗੁਰੂ ਜੀ ਨੇ ਜੀਵ ਆਤਮਾ ਤੇ ਪ੍ਰਮਾਤਮਾ ਦੇ ਮੇਲ ਨੂੰ ਪਾਣੀ ਦੇ ਪ੍ਰਤੀਕ ਰਾਹੀਂ ਪਾਣੀ ਦਾ ਪਾਣੀ ਵਿਚ ਸਮਾਉਣ, ਅਭੇਦ ਹੋਣ, ਇਕ ਦੂਜੇ ਵਿਚ ਲੀਨ ਹੋਣ ਨਾਲ ਤੁਲਨਾਇਆ ਹੈ ਕਿ ਜਿਹੜਾ ਮਨੁੱਖ ਪ੍ਰਭੂ ਭਗਤੀ ਅਤੇ ਨਾਮ ਸਿਮਰਨ ਨਾਲ ਜੁੜਦਾ ਹੈ ਉਹ ਪ੍ਰਮਾਤਮਾ ਵਿਚ ਲੀਨ ਹੋ ਕੇ ਉਸਦਾ ਅਨਿੱਖੜ ਅੰਗ ਬਣ ਜਾਂਦਾ ਹੈ ਅਤੇ ਭਗਤੀਹੀਨ ਪ੍ਰਾਣੀ ਦੇ ਹਿਰਦੇ ਨੂੰ ਪੱਥਰ ਨਾਲ ਅਤੇ ਦੁਨਿਆਵੀ ਧੰਨ ਦੌਲਤ ਦੇ ਸੁੱਖਾਂ ਦੀ ਅਸਥਿਰਤਾ ਨੂੰ 'ਰੇਤ ਦੀ ਕੰਧ' ਦੇ ਦ੍ਰਿਸ਼ਟਾਂਤ ਰਾਹੀਂ ਪ੍ਰਗਟਾਇਆ ਹੈ।

ਬਾਰੂ ਭੀਤ ਬਨਾਈ ਰਚਿ ਪਚਿ ਰਹਿਤ ਨਹੀ ਦਿਨ ਚਾਰਿ।
ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ।।26

ਇਸੇ ਤਰ੍ਹਾਂ ਦੁਨਿਆਵੀ ਸੁੱਖਾਂ, ਲਾਲਸਾਵਾਂ, ਖੁਸ਼ੀਆਂ ਨੂੰ ਬੱਦਲਾਂ ਦੀ ਛਾਂ, ਧੂੰਏ ਦਾ ਪਹਾੜ, ਮ੍ਰਿਗ ਤ੍ਰਿਸ਼ਨਾ ਆਦਿ ਪ੍ਰਤੀਕਾਂ ਰਾਹੀਂ ਦਰਸਾਇਆ ਹੈ ਕਿ ਅਜਿਹੇ ਸੁੱਖ ਅੱਖ ਝਪਕਣ ਨਾਲ ਹੀ ਖਤਮ ਹੋ ਜਾਂਦੇ ਹਨ ਜੋ ਜੀਵ ਨੂੰ ਪ੍ਰਮਾਤਮਾ ਦੇ ਨਾਮ ਤੋਂ ਦੂਰ ਰੱਖਦੇ ਹਨ। ਇਹ ਇਕ ਛਲਾਵਾ ਹੀ ਹੁੰਦੇ ਹਨ, ਸੱਚ ਨਹੀਂ ਜੋ ਸਿਰਫ਼ ਭਰਮ ਸਿਰਜਦੇ ਹਨ ਅਤੇ ਜੀਵ ਇਨ੍ਹਾਂ ਵਿਚ ਫਸ ਕੇ ਰਹਿ ਜਾਂਦਾ ਹੈ।

1. ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ
2. ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹ ਜਗ ਦੇਖਿ ਤਾਸਿ ਉਠਿ ਧਾਵੈ,
3. ਇਹ ਜਗਤ ਧੂਏ ਕਾ ਪਹਾਰ
   ਤੈ ਸਾਚਾ ਮਾਨਿਆ ਕਿਹ ਬਿਚਾਰਿ

ਮੌਤ ਦੀ ਭਿਆਨਕਤਾ ਅਤੇ ਅਟੱਲਤਾ ਨੂੰ ਦਰਸਾਉਂਦਿਆਂ ਗੁਰੂ ਜੀ ਨੇ ਉਪਦੇਸ਼ ਦਿੱਤਾ ਹੈ ਕਿ ਮਨੁੱਖ ਨੂੰ ਪ੍ਰਭੂ ਦਾ ਸਿਮਰਨ ਕਰਨਾ ਚਾਹੀਦਾ ਹੈ ਨਹੀਂ ਤਾਂ ਜਦੋਂ ਮੌਤ ਦੇ ਜਮ ਫੜਨ ਆਉਣਗੇ ਉਦੋਂ ਇਸ ਸਚਾਈ ਨੂੰ ਸਮਝਣ ਦਾ ਕੋਈ ਲਾਭ ਨਹੀਂ ਹੋਵੇਗਾ, ਕਿਉਂਕਿ ਮੌਤ ਤੋਂ ਭੱਜਿਆ ਨਹੀਂ ਜਾ ਸਕਦਾ, ਨਾ ਹੀ ਇਸ ਨੂੰ ਟਾਲਿਆ ਜਾ ਸਕਦਾ ਹੈ। ਇਸ ਸਚਾਈ ਨੂੰ ਸਮਾਂ ਰਹਿੰਦਿਆਂ ਹੀ ਜੀਵ ਆਤਮਾ ਨੂੰ ਸਮਝ ਜਾਣਾ ਚਾਹੀਦਾ ਹੈ ਅਤੇ ਪ੍ਰਭੂ ਦੇ ਲੜ ਲੱਗਣਾ ਚਾਹੀਦਾ ਹੈ।

ਪ੍ਰਾਨੀ ਕਛੂ ਨ ਚੇਤਈ ਮਦਿ ਮਾਇਆ ਕੈ ਅੰਧੁ।
ਕਹੁ ਨਾਨਕ ਬਿਨੁ ਹਰਿ ਭਜਨ ਪਰਤ ਤਾਹਿ ਜਮ ਫੰਧ।27

ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿਚ ਮਿਥਿਹਾਸਕ ਵੇਰਵਿਆਂ ਦਾ ਮਿੱਥ ਰੂਪਾਂਤਰਣ ਕਰਕੇ ਨਵੇਂ ਅਰਥਾਂ ਵਿਚ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਵਰਤਿਆ ਹੈ, ਕਿਉਂਕਿ ਜਿਹੜੇ ਮਿਥਿਹਾਸਕ ਵੇਰਵੇ, ਪਾਤਰ, ਵਿਸ਼ਵਾਸ ਸਦੀਆਂ ਤੋਂ ਲੋਕ ਮਾਨਸਿਕਤਾ ਵਿਚ ਵੱਸੇ ਹੁੰਦੇ ਹਨ। ਉਨ੍ਹਾਂ ਦੇ ਸੰਦਰਭ ਵਿਚ ਅਰਥਾਂ ਦੀਆਂ ਨਵੀਆਂ ਸੰਭਾਵਨਾਵਾਂ ਸਿਰਜ ਕੇ ਸਥਿਤੀ ਨੂੰ ਸਮਝਾਉਣਾ ਸਰਲ ਹੁੰਦਾ ਹੈ। ਗੁਰੂ ਜੀ ਨੇ ਵੀ ਆਪਣੀ ਬਾਣੀ ਵਿਚ ਥਾਂ-ਥਾਂ ਅਜਿਹੇ ਮਿਥਿਹਾਸਕ ਪਾਤਰ ਜਿਵੇਂ, ਰਾਮ, ਰਾਵਣ, ਦਰੋਪਤੀ, ਦੁਰਯੋਧਨ, ਭਗਵਾਨ ਕ੍ਰਿਸ਼ਨ, ਆਦਿ ਦੀ ਵਰਤੋਂ ਕੀਤੀ ਹੈ।

ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ।।
ਕਹੁ ਨਾਨਕ ਥਿਰ ਕਿਛੁ ਨਹੀਂ ਸੁਪਨੇ ਜਿਉ ਸੰਸਾਰ।।28

ਗੁਰੂ ਤੇਗ ਬਹਾਦਰ ਜੀ ਸਿਰੜ ਸਿਦਕ ਤੇ ਦ੍ਰਿੜ੍ਹਤਾ ਦੇ ਲਖਾਇਕ ਸਨ। ਇਨ੍ਹਾਂ ਦੀ ਬਾਣੀ ਦਾ ਭਾਸ਼ਾਈ ਸਰੂਪ ਅਮਲੀ ਜੀਵਨ ਨਾਲ ਸੰਬੰਧਿਤ ਸਰੋਕਾਰਾਂ ਨੂੰ ਪੇਸ਼ ਕਰਨ ਵਾਲਾ ਹੈ। ਜਿਸ ਵਿਚ ਸਮਕਾਲੀ ਸਮਾਜ ਦੀ ਰਾਜਨੀਤਕ, ਸਮਾਜਿਕ ਆਰਥਿਕ ਸਥਿਤੀ ਨੂੰ ਬਹੁਤ ਹੀ ਸੰਜਮ ਅਤੇ ਸੂਖਮਤਾ ਨਾਲ ਬਿਆਨਿਆ ਗਿਆ ਹੈ। ਮਨੁੱਖ ਨੂੰ ਸੁਚੱਜੀ ਜੀਵਨ ਜਾਚ ਅਪਣਾਉਣ, ਸੰਸਾਰ ਦੇ ਮਿਥਿਆ ਹੋਣ, ਸੰਸਾਰ ਦੀ ਨਾਸ਼ਮਾਨਤਾ ਅਤੇ ਥੋੜ੍ਹਚਿਰੀ ਹੋਣ ਦਾ ਅਹਿਸਾਸ ਕਰਾ ਕੇ ਸੰਜਮੀ ਅਤੇ ਗੁਰਮੁਖ ਵਾਂਗ ਜੀਵਨ ਜਿਊਣ ਲਈ ਪ੍ਰਮਾਤਮਾ ਦੇ ਨਾਂ ਨਾਲ ਜੁੜਨ ਦਾ ਉਪਦੇਸ਼ ਦਿੱਤਾ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਕਿਤੇ ਵੀ ਰਾਜਨੀਤਿਕ ਅਤਿਆਚਾਰ ਦਾ ਵਿਰੋਧ ਨਹੀਂ ਮਿਲਦਾ, ਸਗੋਂ ਉਹ ਸੱਤਾ 'ਤੇ ਕਾਬਜ ਲੋਕਾਂ ਦੁਆਰਾ ਕੀਤੇ ਅਤਿਆਚਾਰਾਂ, ਤਸ਼ੱਦਦ ਅਤੇ ਧੱਕੇਸ਼ਾਹੀ ਨੂੰ ਸ਼ਾਤਮਈ ਢੰਗ ਨਾਲ ਕਬੂਲਦੇ ਸ਼ਹਾਦਤ ਦਿੰਦੇ ਹਨ। ਉਹ ਆਪਣੀ ਬਾਣੀ ਰਾਹੀਂ ਵੈਰਾਗਮਈ ਭਾਵਾਂ ਦੁਆਰਾ ਨਿਰਭੈ ਵਿਅਕਤੀ ਦੀ ਸਿਰਜਣਾ ਕਰਨੀ ਚਾਹੁੰਦੇ ਹਨ ਅਤੇ ਦੁਨਿਆਵੀ ਉਪਰਾਮਤਾ ਨੂੰ ਪੇਸ਼ ਕਰਨ ਦੇ ਬਾਵਜੂਦ ਮਨੁੱਖ ਨੂੰ ਨਿਰਾਸ਼ਾਵਾਦੀ ਨਹੀਂ ਬਣਾਉਂਦੇ। ਪਛਤਾਵੇ ਰਾਹੀਂ ਮਾੜੇ ਕੰਮ ਤੋਂ ਤੋਬਾ ਕਰਾ ਕੇ ਨੇਕੀ ਦੇ ਰਾਹ ਪਾਉਣ ਦੀ ਪ੍ਰੇਰਨਾ ਦਿੰਦੇ ਹਨ। ਗੁਰੂ ਤੇਗ ਬਹਾਦਰ ਦੀ ਬਾਣੀ ਵਿਚ ਵੈਰਾਗ ਅਤੇ ਨਿਰਭੈਤਾ ਦੋਵੇਂ ਭਾਵਾਂ ਦਾ ਦ੍ਵੰਦਾਤਮਕ ਸੰਬੰਧ ਹੈ ਜਿਸ ਦਾ ਮੂਲ ਉਦੇਸ਼ ਮਨੁੱਖ ਨੂੰ ਨਿਰੰਕਾਰ ਦੇ ਲੜ ਲਾ ਕੇ ਜਬਰ ਦਾ ਟਾਕਰਾ ਕਰਨ ਲਈ ਤਿਆਰ ਕਰਨਾ ਸੀ।

ਸੋ ਗਿਣਤੀ ਪੱਖੋਂ ਭਾਵੇਂ ਗੁਰੂ ਤੇਗ ਬਹਾਦਰ ਜੀ ਨੇ ਬਹੁਤ ਘੱਟ ਬਾਣੀ ਦੀ ਰਚਨਾ ਕੀਤੀ। ਪਰ ਵਿਸ਼ੇ ਅਤੇ ਵਿਚਾਰਧਾਰਾ ਪੱਖੋਂ ਗੁਰੂ ਜੀ ਦੀ ਬਾਣੀ ਗੁਰਮਤਿ ਸਾਹਿਤ ਵਿਚ ਮਹੱਤਵਪੂਰਨ ਗੌਰਵ ਦੀ ਧਾਰਨੀ ਹੈ। ਵਿਚਾਰਧਾਰਕ ਦਾਰਸ਼ਨਿਕਤਾ ਵਿਚੋਂ ਹੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਬਿੰਬ ਵਿਧਾਨ, ਪ੍ਰਤੀਕ, ਅਲੰਕਾਰ, ਭਾਸ਼ਾ ਅਤੇ ਸਮੁੱਚੀ ਕਾਵਿ ਕਲਾ ਇਕ ਵੱਖਰੀ ਅਤੇ ਮੌਲਿਕ ਸ਼ੈਲੀ ਵਜੋਂ ਉਭਰਦੀ ਹੈ ਜੋ ਅਧਿਆਤਮਕ, ਵੈਰਾਗਮਈ, ਨਿਮਰ ਤੇ ਦ੍ਰਿੜ੍ਹਤਾ ਭਰਪੂਰ ਹੈ। ਅਜਿਹੀ ਸਿਰਜਣਾ ਰਾਹੀਂ ਹੀ ਗੁਰੂ ਤੇਗ ਬਹਾਦਰ ਜੀ ਦੀ ਕਾਵਿ ਸ਼ੈਲੀ ਅਤੇ ਜੀਵਨ ਸ਼ੈਲੀ ਇਕਸੁਰ ਹੋਈ ਪ੍ਰਤੀਤ ਹੁੰਦੀ ਹੈ।

**ਹਵਾਲੇ ਅਤੇ ਟਿੱਪਣੀਆਂ :**

1. ਸ੍ਰੀ ਗੁਰੂ ਤੇਗ ਬਹਾਦਰ: ਜੀਵਨ, ਫਲਸਫਾ ਤੇ ਸ਼ਹਾਦਤ (ਸੰਪਾਦਿਤ), ਮੁੱਖ ਸੰਪਾਦਕ ਡਾ. ਮਹਿਲ ਸਿੰਘ, ਪੰਜਾਬੀ ਅਧਿਐਨ ਵਿਭਾਗ, ਖਾਲਸਾ ਕਾਲਜ, ਅੰਮ੍ਰਿਤਸਰ, ਪੰਨਾ-123
2. ਉਹੀ
3. ਜਗਬੀਰ ਸਿੰਘ, ਗੁਰਬਾਣੀ ਵਿਸ਼ਵਦ੍ਰਿਸ਼ਟੀ ਅਤੇ ਵਿਚਾਰਧਾਰਾ, ਵੈੱਲਵਿਸ਼ ਪਰਬਲਿਸ਼ਰਜ, ਦਿੱਲੀ, 1997, ਪੰਨਾ-128
4. ਸ੍ਰੀ ਗੁਰੂ ਤੇਗ ਬਹਾਦਰ: ਜੀਵਨ, ਫਲਸਫਾ ਤੇ ਸ਼ਹਾਦਤ (ਸੰਪਾਦਿਤ), ਮੁੱਖ ਸੰਪਾਦਕ ਡਾ. ਮਹਿਲ ਸਿੰਘ, ਪੰਜਾਬੀ ਅਧਿਐਨ ਵਿਭਾਗ, ਖਾਲਸਾ ਕਾਲਜ, ਅੰਮ੍ਰਿਤਸਰ ਪੰਨਾ 150-151
5. ਉਹੀ, ਪੰਨਾ-160
6. ਗੁਰੂ ਗ੍ਰੰਥ ਸਾਹਿਬ, ਪੰਨਾ- 220
7. ਉਹੀ, ਪੰਨਾ-1429
8. ਉਹੀ
9. ਉਹੀ, ਪੰਨਾ-1428
10. ਉਹੀ, ਪੰਨਾ-1429
11. ਉਹੀ
12. ਉਹੀ
13. ਉਹੀ

14. ਉਹੀ, ਪੰਨਾ-1427
15. ਉਹੀ
16. ਉਹੀ, ਪੰਨਾ-1429
17. ਉਹੀ, ਪੰਨਾ-1427
18. ਸ੍ਰੀ ਗੁਰੂ ਤੇਗ ਬਹਾਦਰ: ਜੀਵਨ, ਫਲਸਫਾ ਤੇ ਸ਼ਹਾਦਤ (ਸੰਪਾਦਿਤ), ਮੁੱਖ ਸੰਪਾਦਕ ਡਾ. ਮਹਿਲ ਸਿੰਘ, ਪੰਜਾਬੀ ਅਧਿਐਨ ਵਿਭਾਗ, ਖਾਲਸਾ ਕਾਲਜ, ਅੰਮ੍ਰਿਤਸਰ, ਪੰਨਾ 164
19. ਗੁਰੂ ਗ੍ਰੰਥ ਸਾਹਿਬ, ਪੰਨਾ-1428
20. ਉਹੀ
21. ਉਹੀ
22. ਉਹੀ, ਪੰਨਾ-536
23. ਉਹੀ, ਪੰਨਾ-633
24. ਉਹੀ, ਪੰਨਾ-703
25. ਉਹੀ, ਪੰਨਾ-684
26. ਉਹੀ, ਪੰਨਾ-633
27. ਉਹੀ, ਪੰਨਾ-1427
28. ਉਹੀ, ਪੰਨਾ-1429

# ਸੰਤਤਰੇਣ ਦਾ ਜੀਵਨ ਅਤੇ ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ

*ਅਮਨਦੀਪ ਸਿੰਘ*

ਬਾਬਾ ਸ੍ਰੀ ਚੰਦ ਜੀ ਆਪਣੇ ਜੀਵਨ ਕਾਲ ਤੱਕ ਨਾਨਕ ਜੋਤਿ ਦੇ ਉਤਰਾਧਿਕਾਰੀ ਗੁਰੂਆਂ ਨਾਲ ਗਹਿਰੀ ਤਰ੍ਹਾਂ ਬਾਵਸਤਾ ਰਹੇ। ਇਹਨਾ ਗਹਿਰੇ ਸੰਬੰਧਾਂ ਅਤੇ ਗੁਰੂ ਘਰ ਦੇ ਸਾਹਿਬਾਨਾਂ ਵੱਲੋ ਗਹਿਰਾ ਸਤਿਕਾਰ ਹੋਣ ਕਰਕੇ ਕਈ ਮਸਲਿਆਂ ਵਿਚ ਬਾਬਾ ਸ੍ਰੀ ਚੰਦ ਜੀ ਦੀ ਰਾਇ ਲਈ ਜਾਂਦੀ ਸੀ। ਗੁਰੂ ਹਰਿ ਗੋਬਿੰਦ ਸਾਹਿਬ ਪੰਚਮ ਗੁਰੂ ਦੀ ਸ਼ਹਾਦਤ ਤੋਂ ਬਾਅਦ ਉਚੇਚੇ ਤੌਰ ਤੇ ਆਪਣੇ ਪੁੱਤਰ ਦੇ ਨਾਲ ਬਾਰਠ ਦਰਸ਼ਨ ਕਰਨ ਗਏ। ਦੋਹਾਂ ਮਹਾਂ-ਪੁਰਖਾਂ ਦੇ ਵਿਚਾਰ ਵਟਾਂਦਰੇ ਤੋਂ ਬਾਅਦ ਬਾਬਾ ਗੁਰਦਿੱਤਾ ਬਾਬਾ ਸ੍ਰੀ ਚੰਦ ਜੀ ਦੀ ਝੋਲੀ ਪਾ ਦਿੱਤਾ। ਬਾਬਾ ਗੁਰਦਿੱਤਾ ਜੀ ਨੇ ਉਦਾਸੀ ਭੇਖ ਅਤੇ ਨਾਨਕ ਮੱਤ ਦੇ ਪ੍ਰਚਾਰ ਲਈ ਚਾਰ ਧੂਣਿਆਂ ਦੀ ਸਥਾਪਨਾ ਕੀਤੀ। ਬਾਬਾ ਗੁਰਦਿੱਤਾ ਜੀ ਵੱਲੋਂ ਸਥਾਪਿਤ ਚਾਰ ਧੂਣਿਆਂ ਨੂੰ ਸਿੱਖ ਮੱਤ ਦੇ ਚਾਰ ਪ੍ਰਚਾਰ ਕੇਂਦਰਾਂ ਵਜੋਂ ਸਮਝਿਆ ਜਾ ਸਕਦਾ ਹੈ।

ਬਾਬਾ ਗੁਰਦਿੱਤਾ ਜੀ ਵੱਲੋਂ ਸਥਾਪਿਤ ਧੂਣਿਆਂ ਵਿੱਚੋਂ ਦੂਜਾ ਧੂਣਾ ਬਾਬਾ ਬਾਲੂ ਹਸਣਾ ਜੀ ਹੈ। ਬਾਲੂ ਹੱਸਣਾ ਜੀ ਬਾਬਾ (ਆਲੂ) ਅਲਮਸਤ ਜੀ ਦੇ ਛੋਟੇ ਭਰਾ ਸਨ। ਆਪਦਾ ਜਨਮ ਸੰਮਤ 1621 ਮਿਤੀ ਮੱਘਰ ਸੁਦੀ ਦਸਮੀ ਨੂੰ ਭਾਈ ਹਰਦੱਤ ਗੌੜ ਬ੍ਰਾਹਮਣ ਦੇ ਘਰ, ਮਾਤਾ ਪ੍ਰਭਾ ਜੀ ਦੇ ਉਦਰ ਤੋਂ ਸ੍ਰੀ ਨਗਰ ਕਸ਼ਮੀਰ ਵਿਚ ਹੋਇਆ। ਮੱਘਰ ਸਦੀ ਇਕਾਦਸ਼ੀ ਸੰਮਤ 1717 ਈਸਵੀਂ ਵਿਚ ਦੇਹ ਤਿਆਗ ਗਏ ਸਨ। 1 ਅੱਗੋ ਉਹਨਾਂ ਦੇ ਪੀੜ੍ਹੀ ਦਰ ਪੀੜ੍ਹੀ ਸੇਵਕ ਜਾਂ ਚੇਲੇ ਬਣਦੇ ਆਏ ਉਹ 'ਬਾਲੂ ਹਸਨੀਏ ਉਦਾਸੀ' ਕਹਾਏ। ਬਾਲੂ ਹਸਣਾ ਧੂਣੇ ਦੇ ਅਹਿਮ ਮੁਰੀਦਾਂ ਵਿਚੋਂ ਸੰਤਰੇਣ ਦਾ ਨਾਉ ਅਹਿਮ ਹੈ। ਸੰਤਰੇਣ ਆਪਣੇ ਸਮੇਂ ਦੇ ਮਹਾਨ ਵਿਦਵਾਨ ਉਦਾਸੀ ਸਾਧੂ, ਅਧਿਆਤਮਕ ਜਿਗਿਆਸੂ ਸਨ। ਮਹਾਤਮਾ ਸੰਤਰੇਣ ਦਾ ਜੀਵਨ ਕਾਲ 18 ਵੀਂ, 19 ਵੀਂ ਸਦੀ ਦੌਰਾਨ ਰਿਹਾ। ਉਹਨਾਂ ਨੇ ਸਿੱਖ ਰਾਜ ਦੇ ਸਮੇਂ ਦੌਰਾਨ ਸਿੱਖ ਮੱਤ ਦੇ ਪ੍ਰਚਾਰ, ਪ੍ਰਸਾਰ, ਸਾਹਿਤ ਸਿਰਜਣਾ ਪੰਜਾਬੀ ਤੋਂ ਇਲਾਵਾ ਹਿੰਦੀ ਵਿਚ ਕਈ ਗ੍ਰੰਥ ਲਿਖੇ। ਆਦਿ ਕਾਲੀਨ ਮੱਧਕਾਲੀਨ ਪ੍ਰਰੰਪਰਾ ਪੰਜਾਬੀ ਕਵੀਆਂ ਦੀ ਇਹ ਵਿਡੰਬਨਾ ਹੈ ਕਿ ਉਹਨਾਂ ਦੇ ਜੀਵਨ ਸਮਾਚਾਰ ਸੰਬੰਧੀ ਕੋਈ ਲੰਮੇ ਚੌੜੇ ਵੇਰਵੇ ਜਾਂ

*ਖੋਜਾਰਥੀ, ਦਿੱਲੀ ਯੂਨੀਵਰਸਿਟੀ, ਦਿੱਲੀ।*
*ਫੋਨ : 9717853393*

ਚਿੱਠੇ ਨਹੀਂ ਮਿਲਦੇ ਇਸਦਾ ਕਾਰਨ ਸਪਸ਼ਟ ਹੈ ਕਿ ਇਹ ਰਮਤੇ ਸਾਧੂ ਤਮਾਮ ਉਮਰ ਆਪਣੇ ਮਨੋਰਥ ਅਤੇ ਸਾਧਨਾ ਵਿਚ ਰੁਝੇ ਰਹਿੰਦੇ ਜਾਂ ਇਉਂ ਕਹਿ ਲਈਏ ਕਿ ਉਹਨਾਂ ਦਾ ਜੀਵਨ ਅਭਿਆਸ ਅਤੇ ਵਿਦਿਆ ਪ੍ਰਾਪਤੀ ਦਾ ਤੌਰ ਤਰੀਕਾ ਹੀ ਇਹੋ ਜਿਹਾ ਸੀ ਕਿ ਉਹ ਪੜ੍ਹਦੇ ਲਿਖਦੇ ਰਹਿਣ ਦੇ ਬਾਵਜੂਦ ਵੀ ਆਪਣੇ ਨਿੱਜੀ ਜੀਵਨ ਬਾਰੇ ਵੇਰਵੇ ਸਾਂਝੇ ਕਰਨੋ ਸੰਕੋਚ ਕਰਦੇ ਸਨ। ਇਸ ਦਾ ਕਾਰਨ ਸਪਸ਼ਟ ਹੈ ਕਿ ਉਹ ਨਿੱਜੀ ਜੀਵਨ ਗਾਥਾ ਨਾਲੋਂ ਆਪਣੀ ਗਿਆਨ ਪਰੰਪਰਾ ਮਨੋਰਥ ਅਤੇ ਨਿਮਰਤਾ ਭਾਵ ਨਾਲ ਜਿਉਣ ਵਿਚ ਗਹਿਰਾ ਵਿਸ਼ਵਾਸ ਰਖਦੇ ਹਨ। ਸੰਤਰੇਣ ਦਾ ਜੀਵਨ ਕਾਲ ਸਿੱਖ ਧਰਮ ਦੇ ਵਿਕਾਸ ਦਾ ਅਹਿਮ ਅਤੇ ਮਹਤੱਵਪੂਰਨ ਦੌਰ ਸੀ ਇਸੇ ਦੌਰ ਵਿਚ ਸਿੱਖ ਇਸ ਪਾਸੇ ਬਲਹੀਣ ਹੋ ਕੇ ਵੱਡੇ ਸੰਘਰਸ਼ ਕਰਦੇ ਸਨ ਦੂਜੇ ਪਾਸੇ ਇਸੇ ਮਿਸਲ ਦੌਰ ਚੋਂ ਸਿੱਖ ਰਾਜ ਦਾ ਮੁੱਢ ਬੱਝਾ। ਸੰਤਰੇਣ ਦਾ ਜਨਮ ਗੁਰੂ ਗੋਬਿੰਦ ਸਿੰਘ ਜੀ ਦੇ ਜੋਤਿ ਜੋਤ ਸਮਾਉਣ ਤੋਂ ਲਗਭਗ 32-33 ਵਰ੍ਹੇ ਬਾਅਦ ਹੋਇਆ। ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਨੂੰ ਉਸ ਸਮੇਂ ਸਿਰਫ਼ 23-24 ਵਰ੍ਹੇ ਹੋਏ ਸਨ। ਇਹਨਾਂ ਤੱਥਾਂ ਦਾ ਜ਼ਿਕਰ ਇਸ ਲਈ ਕੀਤਾ ਗਿਆ ਹੈ ਕਿ ਸੰਤਰੇਣ ਦੇ ਨੇੜਲੇ ਸਮਿਆਂ ਵਿਚ ਬਹੁਤ ਵੱਡਿਆਂ ਘਟਨਾਵਾਂ ਵਾਪਰੀਆਂ ਪਰ ਉਹਨਾਂ ਸੰਬੰਧੀ ਕਈ ਚਰਚਾ ਨਹੀਂ ਮਿਲਦੀ।

ਮਹਾਂ ਕਵੀ ਸੰਤਰੇਣ ਦੇ ਜਨਮ ਸੰਬੰਧੀ ਕਈ ਮਤ ਪ੍ਰਚਲਤ ਸਨ। ਪ੍ਰੋ. ਪਿਆਰਾ ਸਿੰਘ ਪਦਮ ਦੇ ਇੱਕ ਸ੍ਰੋਤ (ਪ੍ਰੋ. ਪਦਮ ਨੇ ਉਸ ਸ੍ਰੋਤ ਸੰਬੰਧੀ ਕੋਈ ਪ੍ਰਮਾਣ ਨਹੀਂ ਦਿੱਤਾ) ਅਨੁਸਾਰ ਉਨ੍ਹਾਂ ਦਾ ਪਿੰਡ ਸੰਗਤਪੁਰਾ ਜ਼ਿਲ੍ਹਾ ਅਮ੍ਰਿਤਸਰ ਦੱਸਿਆ ਗਿਆ ਹੈ। ਮਹੰਤ ਤਪੀਆ ਸਿੰਘ ਧਮਧਾਣ ਸਾਹਿਬ ਦੱਸਦੇ ਹਨ ਕਿ ਉਹਨਾਂ ਦੇ ਵਿਦਿਆ ਗੁਰੂ ਨਿਰਮਲੇ ਸਾਧੂ ਬਾਬਾ ਬਚਿੱਤ੍ਰ ਸਿੰਘ ਜੁਆਨੀ ਵਿਚ ਉਨ੍ਹਾਂ ਪਾਸੋਂ ਪੜ੍ਹੇ ਸਨ, ਉਹ ਦੱਸਦੇ ਹਨ ਕਿ ਬਾਬਾ ਸੰਤਰੇਣ ਸੰਗਤਪੁਰੇ ਦੇ ਜੰਮਪਲ ਸਨ।2 ਉਪਰੋਕਤ ਤੱਥ ਵਿਚ ਪ੍ਰੋ. ਪਿਆਰਾ ਸਿੰਘ ਪਦਮ ਇਸ ਦ੍ਰਿਸ਼ਟੀਕੋਣ ਰਾਹੀਂ ਲਿਖਦੇ ਹਨ ਕਿ ਨਾਦਰਸ਼ਾਹ, ਅਹਿਮਦਸ਼ਾਹ, ਅਬਦਾਲੀ ਦੇ ਹਮਲਿਆਂ ਨੇ ਪੰਜਾਬ ਵਿਚ ਅੰਨ੍ਹੀ ਲੁੱਟ ਮਚਾਈ ਹੋਈ ਸੀ ਹੋ ਸਕਦਾ ਹੈ, ਉਸ ਗੜਬੜੀ ਵਾਲੇ ਮਾਹੌਲ ਵਿਚ ਸੰਤਰੇਣ ਦਾ ਪਰਿਵਾਰ ਮੱਧ ਪੰਜਾਬ ਚੋਂ ਉੱਠ ਕੇ ਕਸ਼ਮੀਰ ਵੱਲ ਚਲਾ ਗਿਆ ਹੋਵੇ।3 ਦੂਜੇ ਸ੍ਰੋਤ ਮੁਤਾਬਿਕ ਸੰਤਰੇਣ ਜੀ ਦਾ ਜਨਮ 1798 ਬਿਕ੍ਰਮੀ (1741 ਈਸਵੀਂ) ਵਿਚ ਪੰਡਿਤ ਪੰਡਿਤ ਹਰਿ ਵੱਲਭ ਬ੍ਰਾਹਮਣ, ਮਾਤਾ ਸਾਵਿਤ੍ਰੀ ਦੇਵੀ ਦੇ ਕੁਖੋਂ ਸ੍ਰੀ ਨਗਰ (ਕਸ਼ਮੀਰ) ਵਿਖੇ ਹੋਇਆ।4 ਇਥੇ ਗੱਲ ਸਪਸ਼ਟ ਕਰਨੀ ਜ਼ਰੂਰੀ ਹੈ ਕਿ ਸਾਧੂ ਤੋਂ ਭਾਵ ਸਿਰਫ਼ ਵਿਰਕਤ ਹੋਣਾ ਹੀ ਨਹੀਂ ਸਗੋਂ ਉਹਨਾਂ ਸਮਿਆਂ ਵਿਚ ਸਾਧੂ ਪੜ੍ਹੇ-ਲਿਖੇ ਵਿਦਵਾਨ ਕਈ ਭਾਸ਼ਾਵਾਂ ਦੇ ਗਿਆਤਾ, ਰਿਸ਼ੀ ਪ੍ਰਵੀਰਤੀ ਦੇ ਹੋਇਆ ਕਰਦੇ ਸਨ। ਉਹ ਸਤਿਸੰਗ ਵੀ ਲਗਭਗ ਉਹਨਾਂ ਮੰਡਲੀਆਂ ਸਾਧੂਆਂ ਨਾਲ ਕਰਦੇ ਜਿੱਥੇ ਗਿਆਨ ਸੰਬੰਧੀ ਕੋਈ ਵਿਚਾਰ ਵਟਾਂਦਰਾ ਹੋ ਸਕੇ। ਸੰਤਰੇਣ ਜੀ ਨੇ ਦੀਖਿਆ 'ਬਾਬਾ ਸਾਹਿਬ ਦਾਸ ਉਦਾਸੀ' ਭੂਦਨ ਵਾਲਿਆ ਤੋਂ ਲਈ। ਇਹ ਗੱਲ ਦਾ ਜ਼ਿਕਰ ਉਹਨਾਂ ਨੇ ਆਪਣੇ ਗ੍ਰੰਥ 'ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ' ਵਿਚ ਜ਼ਿਕਰ ਕੀਤਾ ਹੈ :-

ਦੋਹਰਾ

ਸਭਿ ਨਾਮਨਿ ਸਿਰ ਨਾਮ ਹੈ ਸੱਤਿਨਾਮ ਕਰਤਾਰ।।
ਆਦਿ ਦਯੋ ਗੁਰ ਮੋਹਿ ਸੋ ਧਰਮ ਸੁ ਕਿਰਪਾ ਧਾਰ ।।

ਸਵੈਯਾ

ਗੁਰੂ ਨਾਨਕ ਕੋ ਹਰਿ ਆਪ ਦਯੋ ਸਚੁਖੰਡ ਗੁਰੂ ਜਬ ਆਪ ਸਿਧਾਯੋ।।

ਗੁਰ ਆਦਿ ਨਰਾਯਣ ਤੇ ਅਭਿਨੰਦਨ ਲੇਕਰਿ ਸੋ ਜਲਿ ਬਾਹਰਿ ਆਯੋ।।

ਸੁਰ ਕੋ ਪੁਨਿ ਅੰਗਦ ਕੋ ਗੁਰ ਨਾਨਕ ਆਪ ਸੁ ਮੰਤਰ ਆਇ ਸੁਣਾਯੋ।।

ਤਿਨਕੋ ਗੁਰ ਨਾਨਕ ਜੋਇ ਦਯੋ ਗੁਰ ਸਾਹਿਬ ਦਾਸ ਸੁ ਮੋਹਿ ਬਿਤਾਯੋ।।5

ਸੋ ਸਪਸ਼ਟ ਹੈ ਕਿ ਸੰਤਰੇਣ ਦੀਖਿਆ ਪ੍ਰਾਪਤੀ ਤੋਂ ਬਾਅਦ ਉਹ ਲੰਮੇ ਸਮੇਂ ਲਈ ਅਧਿਐਨ ਅਤੇ ਗਿਆਨ ਦੇ ਵੱਖ-ਵੱਖ ਕੇਂਦਰਾਂ ਦੀ ਯਾਤਰਾ ਕਰਨ ਲੱਗੇ। ਉਹਨਾ ਹਿੰਦੂ ਅਤੇ ਸਿੱਖ ਧਰਮਾਂ ਦੇ ਗ੍ਰੰਥਾਂ ਦਾ ਗਹਿਰਾ ਅਧਿਐਨ ਕੀਤਾ, ਇਸ ਗੱਲ ਦਾ ਜ਼ਿਕਰ ਸੰਤਰੇਣ ਜੀ ਕਰਦੇ ਹਨ:-

ਸਹਸਿਕਿਰਤਿ ਅਤਿ ਕਠਨਿ ਸੁ ਜਾਨ।।

ਸਮਝੈ ਬਿਰਲਾ ਕੋ ਬੁਧਿਵਾਨ।।

ਬਯਾਕਰਣ ਅਰੁ ਕਾਬਯ ਜੁ ਪੜੈ।।

ਤਿਨ ਕੇ ਹਾਥ ਅਰਥ ਤਹਿ ਚੜੈ।।6

ਵਿਆਕਰਣ ਅਤੇ ਕਾਬਯ ਦਾ ਗਹਿਰਾ ਅਨੁਭਵ ਸੀ। ਸੰਤਰੇਣ ਜੀ ਨੇ ਉਦਾਸੀ ਭੇਖ ਧਾਰਨ ਕਰਕੇ ਦੂਰ ਦੁਰਾਡੇ ਤੀਰਥ ਸਥਾਨਾਂ ਦੀ ਯਾਤਰਾ ਕੀਤੀ ਇਸ ਸੰਬੰਧੀ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ ਵਿਚ ਵਿਸ਼ੇਸ਼ ਜ਼ਿਕਰ ਕੀਤਾ ਹੈ। ਦੱਖਣ ਦੇਸ ਦੇ ਪਰਾਸਰ ਨਗਰੀ ਵਿਚ ਯਾਤਰਾ ਤੇ ਗਏ ਜਿਸ ਨੂੰ ਕੁਲੇਸਰ ਕਿਹਾ ਜਾਂਦਾ ਹੈ, ਇਹ ਸਥਾਨ ਸ਼ਿਵ ਜੀ ਨਾਲ ਸੰਬੰਧਤ ਹੈ ਇਸ ਦੇ ਦਰਸ਼ਨ ਮੇਲੇ ਕਰਦਿਆਂ ਸੰਤਰੇਣ ਜੀ ਨੂੰ ਇਕ ਜਗੀਰਦਾਰ ਰਾਜਾ ਅਤੇ ਨਾਨਾ ਸਾਹਿਬ ਨਾਂ ਦੇ ਸੰਤ ਮਿਲੇ।7 ਇਸ ਆਧਿਆਇ ਵਿਚ ਉਹਨਾਂ ਜ਼ਿਕਰ ਕੀਤਾ ਹੈ ਕਿ ਰਾਜਾ ਬਹੁਤ ਨੇਕ ਅਤੇ ਬੁੱਧੀਮਾਨ ਸੀ। ਰਾਜੇ ਨੇ ਸੰਤਰੇਣ ਜੀ ਨਾਲ ਉਹਨਾਂ ਦੇ ਧਰਮ, ਭਗਤੀ, ਮਨੋਰਥ ਅਤੇ ਪੰਥ ਸੰਬੰਧੀ ਵਿਚਾਰ ਵਟਾਂਦਰਾ ਕੀਤਾ। ਉਹ ਉਦਾਸੀ ਮੱਤ ਅਤੇ ਨਾਨਕ ਬਾਰੇ ਸੁਣ ਕੇ ਬਹੁਤ ਪ੍ਰਭਾਵਿਤ ਹੋਏ। ਨਾਮ ਰਸੀਏ ਸੰਤਰੇਣ ਜੀ ਦੇ ਬਚਨ ਸੁਣ ਕੇ ਆਪਣੇ ਅੰਦਰਲੀਆਂ ਮੁਸ਼ਕਿਲਾਵਾਂ ਅਤੇ ਤੜਪ ਸੰਬੰਧੀ ਜ਼ਿਕਰ ਕੀਤਾ। ਇਹ ਰਾਜਾ ਆਪਣੀ ਕਥਾ ਦੱਸਦਾ ਹੋਇਆ ਇਹ ਬਿਆਨ ਕਰਦਾ ਹੈ ਕਿ ਮੇਰੇ ਕੋਲ ਧਨ, ਦੌਲਤ, ਜਗੀਰਾਂ, ਦਾਸ, ਦਾਸੀਆਂ, ਪਰਿਵਾਰ ਸੱਭ ਕੁਝ ਹੈ ਪਰ ਮਨ ਦੀ ਉਦਾਸੀ ਦੂਰ ਕਰਨ ਲਈ ਹਰਿਦੁਆਰ, ਪ੍ਰਿਯਾਗ, ਕਾਸੀ ਆਦਿ ਤੀਰਥ ਸਥਾਨਾ ਦੀ ਯਾਤਰਾ ਕੀਤੀ ਪਰ ਉਹ ਗੁਰੂ ਅਤੇ ਸੰਤਰੇਣ ਜੀ ਦੇ ਬਚਨ ਸੁਣ ਕੇ ਆਪਣੇ ਆਪ ਨੂੰ ਵੱਡਭਾਗਾ ਮਹਿਸੂਸ ਕਰ ਰਿਹਾ ਸੀ ਇਸੇ ਤਰ੍ਹਾਂ ਸੰਤਰੇਣ ਜੀ ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ ਦੀ ਸਿਰਜਨਾ ਅਤੇ ਮਨੋਰਥ ਸੰਬੰਧੀ ਜ਼ਿਕਰ ਕਰਦੇ ਹਨ :-

ਦੋਹਰਾ

ਸੋ ਮੈ ਤੁਮ ਪੈ ਕਹਤਿ ਹੋਂ ਕਥਾ ਕਹੀ ਮੁਨਿ ਜੋਇ।।

ਨਾਨਕ ਬਿਜੈ ਗ੍ਰੰਥ ਇਹੁ ਸਭਿ ਤੇ ਊਤਮ ਸੋਹਿ।।

ਕਬਿਤ

ਜਬ ਲਗੁ ਕੋਉ ਇਸ ਗ੍ਰੰਥ ਕੋ ਨ ਪੜੈ ਸੁਣੈ ਤਬ ਲਗੁ ਨਾਨਕ ਕੋ ਕੋਊ ਨ ਪਛਾਨ ਹੈ।।

ਸਗਲੇ ਗ੍ਰੰਥਨ ਮੈਂ ਊਤਮ ਗਰੰਥ ਇਹੁ ਭਗਤੀ ਗਿਆਨ ਕੀ ਤੋ ਮਾਨ ਇਹੁ ਖਾਨ ਹੈ।।

ਪ੍ਰਗਟ ਕਰੇ ਹੈ ਮੁਨਿ ਗੁਰੂ ਕੇ ਚਰਿਤ ਯਾ ਮੈ ਦੇਵ ਗੁਰੂ ਸੁਰਗਨ ਮੈ ਅਬਲੌ ਬਖਾਨ ਹੈ।।
ਬਡੋ ਉੱਪਕਾਰ ਮੁਨਿ ਕੀਉ ਹੈ ਜੀਵਨ ਪਰ ਪੜੇ ਜੋ ਗਰੰਥ ਏਹੁ ਗੁਰੂ ਕੋ ਸੁ ਜਾਨ ਹੈ।।੪

ਇਹ ਸਤਰਾਂ ਤੋਂ ਇਹ ਗਿਆਤ ਹੋ ਜਾਂਦਾ ਹੈ ਕਿ ਉਦਾਸੀ ਸਾਧੂਆਂ ਦਾ ਮਨੋਰਥ ਗੁਰਮਤਿ ਦਾ ਪ੍ਰਚਾਰ ਕਰਨਾ ਸੀ। ਸਭ ਤੋਂ ਮਹਤੱਵਪੂਰਨ ਨੁਕਤਾ ਇਹ ਹੈ ਕਿ ਉਨ੍ਹਾਂ ਗਿਆਨ ਨੂੰ ਸਭ ਤੋਂ ਅਹਿਮ ਭਗਤੀ ਮੰਨਿਆ ਹੈ। ਇਹ ਗਿਆਨ ਪ੍ਰਾਪਤੀ ਵੱਖ-ਵੱਖ ਧਰਮਾਂ ਤੇ ਗ੍ਰੰਥਾਂ ਦੇ ਗਹਿਰੇ ਅਧਿਐਨ ਤੋਂ ਹਾਸਿਲ ਕੀਤੀਆਂ ਜਾ ਸਕਦੀਆਂ ਹਨ ਇਹੀ ਕਾਰਨ ਜਾਪਦਾ ਹੈ ਕਿ ਉਦਾਸੀ ਅਤੇ ਨਿਰਮਲੇ ਸਾਧੂ ਗਿਆਨ ਹਾਸਿਲ ਕਰਨ ਲਈ ਕਿਸੇ ਵੀ ਪ੍ਰਕਾਰ ਦੀ ਰੁਕਾਵਟ ਨਹੀਂ ਸਨ ਸਮਝਦੇ ਭਾਵੇਂ ਉਹ ਵੇਦਾਂਤ ਅਧਿਐਨ ਹੋਵੇ ਜਾਂ ਵੱਖ-ਵੱਖ ਭਾਸ਼ਾਵਾਂ ਦਾ ਗਿਆਨ ਤੇ ਤੀਰਥ ਸਥਾਨਾਂ ਦਾ ਭ੍ਰਮਣ ਹੋਵੇ।

ਸੰਤਰੇਣ ਜੀ ਰਮਤੇ ਹੋ ਕੇ ਵੱਖ-ਵੱਖ ਇਲਾਕਿਆਂ ਵਿਚ ਜਾ ਕੇ ਸਿੱਖ ਮੱਤ ਦਾ ਪ੍ਰਚਾਰ ਕਰਦੇ ਸਨ। ਉਨ੍ਹਾਂ ਨੇ ਸਿੰਧ ਅਤੇ ਪੰਜਾਬ ਦੇ ਹੋਰ ਥਾਂ ਕਈ ਪੀਠ (ਡੇਰੇ) ਕਾਇਮ ਕੀਤੇ। ਬਾਵਾ ਰਾਮ ਦਾਸ ਜੀ ਭੂਦਨ ਅਨੁਸਾਰ ਸੰਤਰੇਣ ਜੀ ਦੀ ਮਹਾਰਾਜਾ ਰਣਜੀਤ ਸਿੰਘ ਨਾਲ ਲੰਬੀ ਵਾਰਤਾਲਾਪ ਹੋਈ। ਮਹਾਰਾਜਾ ਰਣਜੀਤ ਸਿੰਘ ਉਹਨਾਂ ਦੀ ਬਿਰਤੀ ਅਤੇ ਗਿਆਨ ਸਾਧਨਾ ਤੋਂ ਪ੍ਰਭਾਵਿਤ ਹੋ ਕੇ ਪਿੰਡ ਗੁਜਰਾਂਵਾਲੇ ਦੇ ਇਲਾਕੇ ਸੰਤਰੇਣ ਨੂੰ ਜਗੀਰ ਵਜੋਂ ਸੌਂਪ ਦਿੱਤੇ ਜੋ ਕਿ ਉਨ੍ਹਾਂ ਦੀ ਉਦਾਸੀਨ ਪ੍ਰਵਿਰਤੀ ਕਰਕੇ ਉਦਾਸੀ ਸੰਪ੍ਰਦਾਇ ਨਾਲੋ ਟੁੱਟ ਗਏ। ਸੰਤਰੇਣ ਜੀ ਦੀ ਜ਼ਿੰਦਗੀ ਨਾਲ ਸੰਬੰਧਤ ਬਹੁਤ ਸਾਰੇ ਹਵਾਲੇ ਅਤੇ ਕਥਾ ਕਹਾਣਿਆਂ ਪ੍ਰਚਲਿਤ ਹਨ। ਇਸ ਦਾ ਹਵਾਲਾ ਸੰਤਰੇਣ ਦੀਆਂ ਕੁੰਡਲੀਆਂ ਮਾਝਾਂ ਤੋਂ ਪਤਾ ਚਲਦਾ ਹੈ। ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ ਹਰਿਦੁਆਰ ਦੀ ਇਕ ਭਟ ਵਹੀ ਵਿਚ ਉਹਨਾਂ ਦਾ ਨਾਂ ਸੰਤਰੇਣ ਅਲੂਣੀਆਂ ਦਰਜ ਹੈ, ਅਨੁਮਾਨ ਹੈ ਕਿ ਸੰਤਰੇਣ ਭਜਨ ਬੰਦਗੀ ਕਰਦੀਆਂ ਲੂਣ ਦੀ ਵਰਤੋਂ ਨਹੀਂ ਸਨ ਕਰਦੇ। ਇਸ ਤਰ੍ਹਾਂ ਦੀ ਕਠਿਨ ਤੱਪਸਿਆ ਸੰਬੰਧੀ ਉਹਨਾਂ ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ ਵਿਚ ਜ਼ਿਕਰ ਕੀਤਾ ਹੈ:-

ਜਪ ਤਪ ਬਰਤਿ ਬਹੁਤਿ ਮੈ ਕੀਨੇ। ਨਿਜ ਤਨ ਕੋ ਬਹੁਤੇ ਦੁਖ ਕੀਨੇ।।
ਸਾਖੀ ਸਬਾਦੰ ਬਹੁਤਿ ਮੈ ਕਰੇ। ਤਿਨ ਕੋ ਜੀਵ ਪੜੈ ਸੋ ਤਰੇ।।
ਪਰ ਮੇਰੇ ਉਰ ਸਾਂਤਿ ਨ ਆਈ। ਤਿਸਨਾ ਅਧਿਕ ਬਢੀ ਦੁਖਦਾਈ।।
ਫਿਰਿਯੋ ਦੇਸ ਬਿਦੇਸ ਮਝਾਰੇ। ਕੰਦ ਮੂਲ ਫਲੁ ਕਰੇ ਅਹਾਰੇ।।
ਬਾਲਮੀਕ ਮੁਨਿਵਰਿ ਸੁਖਦਾਈ। ਮਿਲਿਉ ਮੋਹਿ ਸੁ ਸਹਜਿ ਸੁਭਾਈ।।
ਨਿਜ ਬਰਤਾਂਤਿੰ ਹੁਤੋ ਮਮ ਜੇਤੋ। ਕਰਿਯੋ ਮੋਹਿ ਨਿਵੇਦਨ ਤੇਤੋ।।
ਜਿਸ ਤੇ ਸਾਂਤਿ ਸੁ ਪ੍ਰਾਪਤਿ ਹੋਇ। ਮੁਨਿਵਰਿ ਕਰਤਬ ਭਾਖੋ ਸੋਇ।।
ਇਸ ਕਾ ਭਾਖੋ ਮੋਇ ਮੋਹਿ ਉਪਾਇ। ਸੁਣਿ ਕਰਿ ਬੋਲੇ ਮੁਨਿ ਵਰਿ ਰਾਇ।।
ਮੁਨਿਵਰ ਮੋ ਪ੍ਰਤਿ ਬਚਨਿ ਉਚਾਰੇ। ਜੋ ਮੈ ਕਹੌਂ ਸੁ ਕਰੋ ਉਦਾਰੇ।।
ਜਿਸ ਕੇ ਸਾਂਤਿ ਸੁ ਪ੍ਰਾਪਤਿ ਹੋਇ। ਭਾਖੌਂ ਪਰਮ ਉਪਾਵ ਸੁ ਤੋਇ।।

ਸਵੈਯਾ

ਹਰਿ ਕੇ ਗੁਰ ਕੇ ਗੁਨਿ ਸੰਤਨਿ ਕੇ ਬਰਨੋ ਤਨ ਤੇ ਮਨ ਤੇ ਚਿਤ ਲਾਈ।।
ਇਸਿ ਤੇ ਸੁਖ ਸਾਂਤਿ ਸੁ ਪ੍ਰਾਪਤਿ ਹੈ ਤੁਮ ਔਰ ਉਪਾਵ ਕਰੋ ਨਾਹਿ ਕਾਈ ।।
ਇਸ ਭਾਖ ਸਲੋਕ ਦਏ ਸੁ ਉਨੀ ਪੁਨਿ ਲੋਪ ਸੁ ਮੁਨੀ ਸੁਖਦਾਈ।।
ਹਰਿ ਕੇ ਗੁਰ ਕੇ ਗੁਨਿ ਸੰਤਨਿ ਕੇ ਬਰਨੇ ਹਮ ਨੈ ਮਨ ਮੈ ਹਰਖਾਈ।।9

ਉਪਰੋਕਤ ਤੱਤ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਸੰਤਰੇਣ ਜੀ ਨੇ ਉਪਰੋਕਤ ਬੰਧ ਮਾਝੇ ਦੇਸ਼ ਦੇ ਜੰਗਲਾਂ ਵਿਚ ਤਪੱਸਿਆ ਕਰਦੀਆ ਲਿਖੇ। ਇਸ ਤਪੱਸਿਆ ਤੋਂ ਉਨ੍ਹਾਂ ਦੇ ਸੰਜਮੀ ਸੁਭਾਅ ਵੱਲ ਵੀ ਇਸ਼ਾਰਾ ਮਿਲਦਾ ਹੈ ਕਿ ਉਹ ਤਪੱਸਿਆ ਦੌਰਾਨ ਕੰਦਮੂਲ ਆਹਾਰ ਕਰਕੇ ਜ਼ਿੰਦਗੀ ਗੁਜ਼ਾਰਦੇ ਸਨ। ਇਕ ਹੋਰ ਤੱਥ ਤੋਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਉਹ ਆਪ ਭਜਨ ਬੰਦਗੀ ਦੇ ਨਾਲ-ਨਾਲ ਲੋਕਾਂ ਨੂੰ ਭਜਨ ਬੰਦਗੀ ਵੱਲ ਪ੍ਰੇਰਦੇ ਸਨ। ਉਹਨਾਂ ਦੀ ਇਸ ਖ਼ਾਸੀਅਤ ਕਰਕੇ ਮਲੇਰਕੋਟਲੇ ਅਤੇ ਵੱਖ-ਵੱਖ ਡੇਰੀਆਂ ਜਿੱਥੇ ਉਹ ਜਾਂਦੇ ਰਹਿੰਦੇ ਸਨ, ਉਥੇ ਉਹਨਾਂ ਦਾ ਚੋਖਾ ਪ੍ਰਭਾਵ ਸੀ। ਜਿਸ ਕਰਕੇ ਇਲਾਕੇ ਦੀ ਸੰਗਤ ਉਹਨਾਂ ਦਾ ਪ੍ਰਭਾਵ ਕਬੂਲ ਦੀ ਸੀ। ਇਸ ਤਰ੍ਹਾਂ ਦਾ ਹਵਾਲਾ ਉਹਨਾਂ ਦੇ ਸ਼ਰਧਾਲੂ ਸਿੱਖ ਪ੍ਰਿਥੀਚੰਦ ਤੋਂ ਮਿਲਦਾ ਹੈ। ਉਹਨਾਂ ਦੇ ਹੱਥਲਿਖਤ ਪੱਤਰ ਤੋਂ ਹਵਾਲਾ ਲਿਆ ਜਾ ਸਕਦਾ ਹੈ :-

ੴ ਸਤਿਗੁਰ ਪ੍ਰਸਾਦਿ।

ਲਿਖਤੋਂ ਭੂਪਾ ਪ੍ਰਿਥੀ ਚੰਦ। ਬਾਵਾ ਸੰਤ ਰੇਣ ਜੀ ਕੇ ਚਰਨਾਂ ਪਰ ਮੱਥਾ ਟੇਕਿਆ ਬਾਚਨਾ ਜੀ। ਜਵਾਨੀ ਈਸਰ ਹੁਕਮ ਥੁਆਡਾ ਮਾਲੂਮ ਹੋਆ ਪੰਜ ਪਾਠ ਜਪੁਜੀ ਕੇ ਅਸੀਂ ਦੋਵੇਂ ਰੋਜ ਕਰਦੇ ਹਾਂ ਥੁਆਡੇ ਹੁਕਮ ਮੁਜਬ ਭਾਦੋਂ ਵਦੀ 4 ਅਗਲੀ ਖਤਾ ਹਮਾਰੀ ਮਾਫ਼ ਕਰਨੀ_____।10

ਕਵੀ ਰਾਜ ਰਾਮ ਦਾਸ ਵੈਦ ਮੁਤਾਬਿਕ ਇਹ ਪੱਤਰ ਸੰਮਤ 1971 ਬਿਕ੍ਰਮੀ ਦਾ ਹੈ। ਇਸ ਸੰਬੰਧੀ ਉਹ ਇਕ ਕਥਾ ਵਾਰਤਾ ਸੁਣਾਉਂਦੇ ਹਨ ਕਿ ਇਹ ਤਿੰਨੋ ਭਰਾ ਨਵਾਬ ਸਿਕੰਦਰ ਖ਼ਾਨ ਮਲੇਰਕੋਟਲਾ ਦੇ ਮੁਲਾਜ਼ਮ ਕਰਦੇ ਸਨ। ਇਹ ਦੌਰ 1857 ਦੇ ਆਸ ਪਾਸ ਦਾ ਸੀ। ਪੰਜਾਬ ਵਿਚ ਅੰਗਰੇਜ਼ੀ ਹਕੂਮਤ ਨਵੀਂ-ਨਵੀਂ ਕਾਬਜ਼ ਹੋਈ ਸੀ। ਇਸੇ ਵਿਰੋਧ ਦੇ ਚਲਦੀਆਂ ਨਾਮਧਾਰੀ ਲਹਿਰ ਨੇ ਅੰਗਰੇਜ਼ਾਂ ਦੇ ਵਿਰੁੱਧ ਵਿਦਰੋਹ ਦੀ ਸੁਰ ਅਪਨਾ ਰਖੀ ਸੀ। ਇਸੇ ਸੁਰ ਤੇ ਚਲਦੀਆਂ 150 ਦੇ ਕਰੀਬ ਨਾਮਧਾਰੀ ਅੰਗਰੇਜ਼ ਹਕੂਮਤ ਦੇ ਖਿਲਾਫ ਡੱਟ ਗਏ, ਇਸ ਮੁਠਭੇੜ ਵਿਚ ਕਈ ਮੁਸਲਮਾਨ ਮਾਰੇ ਗਏ। ਸਰਕਾਰ ਨੇ ਨਾਮਧਾਰੀਆਂ ਤੇ ਸਖ਼ਤੀ ਕਰ ਦਿੱਤੀ। ਇਹਨਾਂ ਦਾ ਜੱਥਾ ਪਿੰਡ ਭੂਦਨ ਵੱਲ ਕੂਚ ਕਰ ਗਿਆ। ਇਸ ਲੜਾਈ ਵਿਚ ਨਾਮਧਾਰੀ ਅਤੇ ਪਠਾਣਾਂ ਨੇ ਕਤਲੋਗਾਰਦ ਕੀਤੀ। ਸੰਤਰੇਣ ਜੀ ਨੂੰ ਜਦੋਂ ਇਸ ਘਟਨਾ ਦਾ ਪਤਾ ਲੱਗਾ ਤਾਂ ਉਹਨਾਂ ਦੋਹਾਂ ਧਿਰਾਂ ਦੇ ਵਿਚਕਾਰ ਜਾ ਕੇ ਸੁਲਾਹ-ਸਫ਼ਾਈ ਲਈ ਪ੍ਰੇਰਿਆ ਅਤੇ ਚੇਤਾਵਨੀ ਦਿੱਤੀ ਕਿ ਤੁਹਾਡਾ ਇਹੋ ਹਾਲ ਰਿਹਾ ਤਾਂ ਭਵਿੱਖ ਵਿਚ ਨਤੀਜੇ ਚੰਗੇ ਨਹੀਂ ਹੋਣਗੇ। ਸੰਤਰੇਣ ਜੀ ਨੇ ਇਲਾਕਈ ਪ੍ਰਭਾਵ ਕਰਕੇ ਅੰਗਰੇਜ਼ ਸਰਕਾਰ ਦੇ ਅਫ਼ਸਰ ਨਿਰਮਈ ਵਰਤਣ ਲੱਗੇ। ਇਸੇ ਨਿਰਮਈ ਸਦਕਾ ਨਾਮਧਾਰੀਏ ਇਹਨਾਂ ਪਿੰਡਾਂ ਵਿਚ ਖਿੜ-ਪੁੰਡ ਗਏ ਤੇ ਬਾਅਦ ਵਿਚ ਜੋ ਗ੍ਰਿਫ਼ਤਾਰ ਹੋਏ, ਉਹਨਾਂ ਨੂੰ ਤੋਪਾਂ ਨਾਲ ਫੁੰਡਿਆ ਗਿਆ ਉਹਨਾਂ ਦੀ ਗਿਣਤੀ 68 ਸੀ।11

ਇਸੇ ਤਰ੍ਹਾਂ ਸੰਤਰੇਣ ਦੇ ਜੀਵਨ ਸੰਬੰਧੀ ਕਈ ਘਟਨਾਵਾਂ ਪ੍ਰਚਲਿਤ ਹੋਇਆ ਜਿਸ ਨਾਲ ਕੁਝ ਕਰਾਮਾਤੀ ਅੰਸ਼ ਵੀ ਜੁੜੇ ਹੋਏ ਹਨ। ਪਿੰਡ ਭੂਦਨ ਦਾ ਇਕ ਲੰਬਰਦਾਰ ਜਾਤੀ ਆਪਣੇ ਸੁਹਰੇ ਪਰਿਵਾਰ ਖਿਲਾਫ਼ ਸ਼ਿਕਾਇਤ ਦਰਜ਼ ਕਰਵਾ ਦਿੱਤੀ! ਕਾਰਨ ਇਹ ਸੀ ਕਿ ਉਸਦੀ ਘਰਵਾਲੀ ਦੀ ਮੌਤ ਹੋ ਗਈ ਤੇ ਉਸਦੇ ਗਹਿਣੇ ਗੱਟੇ ਲੰਬਰਦਾਰਨੀ ਦੇ ਪੇਕੇ ਘਰ ਰਹਿ ਗਏ ਜਦੋਂ ਜਾਤੀ ਨੇ ਉਹਨਾਂ ਗਹਿਣੀਆਂ ਦੀ ਮੰਗ ਕੀਤੀ ਤਾਂ ਉਹ ਅੱਗੋ ਮੁਕਰ ਗਏ। ਜਾਤੀ ਕਿਸੇ ਗੁੱਸੇ ਵਜੋਂ ਉਹਨਾਂ ਤੇ ਦਾਹਵਾ ਕਰ ਰਿਹਾ ਸੀ ਤਾਂ ਸੰਤਰੇਣ ਜੀ ਨੇ ਉਹਨਾਂ ਨੂੰ ਸਮਝਾਉਣ ਲਈ ਇਕ ਕੁੰਡਲੀ ਸੁਣਾਈ :-

ਅਰਜ਼ੀ ਤੇ ਗਰਜ਼ੀ ਭਏ, ਘਰ ਕੀ ਛੋਡੀ ਆਸ।
ਇਤ ਉਤ ਹੀ ਭਟਕਟ ਫਿਰਿਓ, ਕੌਡੀ ਰਹੀ ਨ ਪਾਸ ।
ਕੌਡੀ ਰਹੀ ਨ ਪਾਸ, ਅੰਨ ਨਹੀਂ ਰਹਯੋ ਗੇਹ ਮੈਂ।
ਧਨ ਕੋ ਕਵਨ ਹਵਾਲ, ਰਕਤ ਨਹੀਂ ਰਯਹੋ ਸੁ ਦੇਹ ਮੈਂ।
ਸੰਨ ਰੇਨ ਇਮ ਕਹੈ, ਸੈਂਕੜੇ ਵਾਰੀ ਵਰਜੀ।
ਸੁਣੋ ਸਿਆਣੇ ਲੋਕ ਭੂਲ ਮਤ ਪਾਇਓ ਅਰਜ਼ੀ।।12

ਸਿਲਸਿਲੇ ਤਹਿਤ ਪਿੰਡ ਭੂਦਨ ਵਿਚ ਪ੍ਰਭੂ ਦਿਆਲ ਨਾਮੀ ਪੰਡਿਤ ਦੀ ਕਰਾਮਾਤੀ ਕਥਾ ਦਾ ਜ਼ਿਕਰ ਮਿਲਦਾ ਹੈ। ਸੰਤਰੇਣ ਜੀ ਦੇ ਆਸ਼ਰਮ ਦੇ ਨਜ਼ਦੀਕ ਰਹਿੰਦੇ ਇਸ ਪੰਡਿਤ ਦੀ ਲੜਕੀ ਦੇ ਗਹਿਣੇ ਗਵਾਚ ਗਏ ਸਨ ।ਉਹਨਾ ਨੇ ਸੰਤਰੇਣ ਜੀ ਦਾ ਧਿਆਨ ਧਰ ਕੇ ਸੁੱਖਣਾ ਸੁੱਖੀ ਕੁਝ ਸਮੇਂ ਬਾਅਦ ਉਹ ਗਹਿਣੇ ਲੱਭ ਪਏ। ਮਨੋ ਸੁੱਖਣਾ ਅਨੁਸਾਰ ਪੰਡਿਤ ਸ਼ੁਕਰਾਨੇ ਵਜੋ ਚੜ੍ਹਾਵਾ ਚੜਾਉਣ ਆਇਆ ਤਾਂ ਅੱਗੋ ਸਹਿਜ ਸੁਭਾਅ ਸੰਤਰੇਣ ਜੀ ਨੇ ਕਿਹਾ " ਅੱਛਾ ਪੰਡਿਤ ਜੀ, ਹੁਣ ਤੁਸੀਂ ਗਹਿਣੇ ਲੱਭਣ ਲਾ ਲਿਆ ਹੈ। 13 ਸੰਤਰੇਣ ਜੀ ਲੰਮਾ ਸਮਾਂ ਪੰਜਾਬ ਤੋਂ ਬਾਹਰ ਬਾਲਾਪੁਰ ਪੀਠ ਜ਼ਿਲ੍ਹਾ 'ਅਕੋਲਾਂ' (ਮਹਾਰਾਸ਼ਟਰ) ਵਿਖੇ ਰਿਹਾ। ਇਸ ਗੱਲ ਦੀ ਗਵਾਈ ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ ਵਿਚੋਂ ਵੇਖੀ ਜਾ ਸਕਦੀ ਹੈ। ਸ੍ਰੀ ਨਾਨਕ ਵਿਜੈ ਗ੍ਰੰਥ ਦਾ ਰਚਨਾ ਕਾਲ ਕਿਹੜਾ ਹੈ ? ਇਸ ਸੰਬੰਧੀ ਕੋਈ ਸਪਸ਼ਟ ਪ੍ਰਮਾਣ ਨਹੀਂ ਮਿਲਦਾ ਪਰ 'ਮਨ ਪ੍ਰਬੋਧ ਗ੍ਰੰਥ' ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ ਤੋਂ ਪੂਰਬਲੀ ਰਚਨਾ ਹੈ, ਇਸ ਗ੍ਰੰਥ ਦੇ ਕੁੱਲ 83 ਪੰਨੇ ਹਨ। ਇਸ ਰਚਨਾ ਦਾ ਵਿਸ਼ਾ ਮਨੋਵਿਗਿਆਨਕ ਹੈ ਇਸ ਰਚਨਾ ਅੰਤਲੇ ਦੋਹੇ 'ਚ ਵਿਸ਼ੇਸ਼ ਜ਼ਿਕਰ ਹੈ " ਨਾਨਕ ਵਿਜੈ ਗ੍ਰੰਥ ਕਾ, ਵਾਰ ਪਾਰ ਨਹੀਂ ਕੋਇ। ਸੰਤ ਰੇਣ ਚਹੋਨ ਮੈਨ ਕਹਯੋ ਹਰਿ ਗੁਰੁ ਕਰੈ ਸੁ ਹੋਇ" 14 ਉਪਰੋਕਤ ਤੱਥ ਤੋਂ ਪਤਾ ਲਗਦਾ ਹੈ ਕਿ ਮਨ ਪ੍ਰਬੋਧ ਤੋਂ ਬਾਅਦ ਗੁਰੂ ਨਾਨਕ ਵਿਜੈ ਗ੍ਰੰਥ ਦੀ ਸਿਰਜਣਾ ਹੋਈ।

ਸ੍ਰੀ ਗੁਰੂ ਵਿਜੈ ਗ੍ਰੰਥ ਸੰਤ ਰੇਣ ਜੀ ਦੀ ਦੂਜੀ ਅਤੇ ਸਭ ਤੋਂ ਵੱਡਕਾਰੀ ਵਿਧਾ ਪੱਖ ਤੋਂ ਇਹ ਮਹਾਂਕਾਵਿ ਹੈ। ਹੱਥ-ਲਿਖਤ ਪੋਥੀ ਅਨੁਸਾਰ ਇਸ ਦੇ 1860 ਪੰਨੇ ਅਤੇ ਪੁਸਤਕ ਦਾ ਆਕਾਰ 7 ਗੁਣਾ 12 ਹੈ। ਇਸ ਗ੍ਰੰਥ 'ਚ ਜਪੁ ਜੀ ਸਾਹਿਬ ਦੇ ਮੂਲ ਮੰਤਰ ਨੂੰ ਮੰਗਲਾਚਰਣ ਵਜੋਂ ਵਰਤਿਆ ਹੈ। ਇਹ ਮਹਾਂਕਾਵਿ ਦੀ 20 ਖੰਡਾਂ ਵਿਚ ਵਰਗਵੰਡ ਕੀਤੀ ਗਈ ਹੈ। ਇਸ ਮਹਾਂਕਾਵਿ ਦਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਮਹੱਤਤਾ ਵਧੇਰੇ ਹੈ। ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ

ਸੰਬੰਧਤ ਇਤਿਹਾਸਕ ਸ੍ਰੋਤ ਦਾ ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ ਨਾਲ ਤੁਲਨਾਤਮਕ ਅਧਿਐਨ ਕਈ ਨਵੀਆਂ ਦਿਸ਼ਾਵਾਂ ਵੱਲ ਇਸ਼ਾਰਾ ਕਰਦਾ ਹੈ।

ਗੁਰੂ ਨਾਨਕ ਵਿਜੈ ਗ੍ਰੰਥ ਦੀ ਰਚਨਾ ਕਦੋਂ ਆਰੰਭ ਹੋਈ ਅਤੇ ਕਿਸ ਸਾਲ ਵਿਚ ਸੰਪੂਰਨ ਹੋਈ, ਇਸ ਸੰਬੰਧੀ ਕੋਈ ਵੇਰਵਾ ਨਹੀਂ ਮਿਲਦਾ। ਕਵੀ ਰਾਮ ਦਾਸ ਵੈਦ ਅਤੇ ਮਹੰਤ ਮੁਕਤ ਰਾਮ ਜੀ ਅਨੁਸਾਰ ਇਹ ਗ੍ਰੰਥ ਸੰਮਤ 1905 ਤੋਂ 1935 ਇਸਵੀਂ ਦੇ ਵਿਚਕਾਰ ਦੇ ਸਮੇਂ ਲਿਖਿਆ ਗਿਆ ਹੋਵੇਗਾ। ਉਹਨਾਂ ਦਾ ਅਨੁਮਾਨ ਹੈ ਕਿ ਗੁਰੂ ਨਾਨਕ ਵਿਜੈ ਗ੍ਰੰਥ ਦੀ ਰਚਨਾ ਸਮੇਂ ਲਗਭਗ ਓਹਨਾਂ ਦੀ ਉਮਰ 100 ਵਰ੍ਹਿਆਂ ਦੇ ਕਰੀਬ ਸੀ। ਉਹਨਾਂ ਦੀ ਮ੍ਰਿਤੂ 1871 ਇਸਵੀਂ 'ਚ ਹੋਈ। ਇਸ ਅਨੁਮਾਨ ਨਾਲ ਗੁਰੂ ਨਾਨਕ ਵਿਜੈ ਗ੍ਰੰਥ ਦਾ ਸਿਰਜਣ ਕਾਲ 1835 ਤੋਂ 40 ਦੇ ਵਿਚਕਾਰਲਾ ਹੋ ਸਕਦਾ ਹੈ। ਇਸੇ ਪੁਸਤਕ ਵਿਚ ਕਵੀ ਰਾਜ ਰਾਮ ਦਾਸ ਵੈਦ ਅਨੁਸਾਰ ਸੰਤਰੇਣ ਦੀ 100 ਵਰ੍ਹਿਆਂ ਦੀ ਉਮਰ 'ਚ ਸ਼ਰੀਰ ਤਿਆਗਣ ਲਈ ਕਿਸੇ ਨਦੀ ਦੇ ਕੰਡੇ ਤੇ ਚਲੇ ਗਏ :-

ਬਾਲਮੀਕ ਮੁਨਿ ਮੋ ਮਿਲਯੋ, ਜਪੁਜੀ ਕੇ ਪ੍ਰਤਾਪ।
ਰਾਮ ਨਾਮ ਤਿਨ ਮੋਦ ਦਯੋ, ਸਹਿਜ ਕ੍ਰਿਪਾ ਕਰ ਆਪ।।15

ਉਪਰੋਕਤ ਸਤਰਾਂ ਕਿਸੇ ਬਿਰਤਾਂਤ ਵੱਲ ਇਸ਼ਾਰਾ ਕਰਦਿਆਂ ਹਨ, ਮਹੰਤ ਮੁਕਤ ਰਾਮ, ਸ੍ਰੀ ਸੰਤਰੇਣ ਗ੍ਰੰਥਾਵਲੀ ਵਿਚ ਇਸ ਘਟਨਾ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ, ਸੰਤਰੇਣ ਜੀ ਸ਼ਰੀਰ ਤਿਆਗਣ ਵਾਸਤੇ ਜਾ ਰਹੇ ਸਨ ਤਾਂ ਰਸਤੇ ਵਿਚ ਉਹਨਾਂ ਨੂੰ ਮਹਾਂਰਿਸ਼ੀ ਬਾਲਮੀਕ ਮਿਲ ਗਏ। ਉਹਨਾਂ ਸੰਤਰੇਣ ਨੂੰ ਇਹ ਉਦੇਸ਼ ਦਿੱਤਾ ਕਿ ਤੁਹਾਨੂੰ ਸ਼ਰੀਰ ਤਿਆਗਣ ਦੀ ਕਾਹਲ ਨਹੀਂ ਕਰਨੀ ਚਾਹੀਦੀ! ਤੁਸੀ ਹਜੇ ਬਹੁਤ ਵੱਡੇ ਕੰਮ ਕਰਨੇ ਹਨ, ਵਾਪਸ ਜਾ ਕੇ ਗੁਰੂ ਨਾਨਕ ਦੇਵ ਜੀ ਦੀ ਯਾਦ ਤਾਜ਼ਾ ਕਰਨ ਲਈ ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ ਲਿਖੋ। ਇਸ ਗ੍ਰੰਥ ਕਾਰਨ ਤੁਹਾਨੂੰ ਪ੍ਰਸਿੱਧਤਾ ਹਾਸਲ ਹੋਵੇਗੀ। ਜਿਸ ਤਰ੍ਹਾਂ ਮੈਨੂੰ (ਬਾਲਮੀਕ) ਰਾਮਾਇਣ ਨੇ ਪ੍ਰਸਿੱਧ ਕੀਤਾ ਤੇ ਤੁਹਾਨੂੰ ਗੁਰੂ ਨਾਨਕ ਵਿਜੈ ਗ੍ਰੰਥ ਨਾਲ ਯਾਦ ਕਰਨਗੇ।

ਇਸ ਘਟਨਾ ਨੂੰ ਸਹਿਜੇ ਹੀ ਮਿਥਿਹਾਸਕ ਜਾਂ ਕਾਲਪਨਿਕ ਕਹਿ ਕੇ ਰੱਦ ਨਹੀਂ ਕੀਤਾ ਜਾ ਸਕਦਾ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਇਹਨਾਂ ਸਤਰਾਂ ਦੇ ਆਰ-ਪਾਰ ਸੰਤਰੇਣ ਦਾ ਮਨੋਰਥ ਅਤੇ ਕਾਵਿ ਅਵਚੇਤਨ ਫੈਲਿਆ ਹੋਇਆ ਹੈ। ਬਾਲਮੀਕ ਨੇ ਜਿਸ ਲਹਿਜ਼ੇ ਨਾਲ ਸ੍ਰੀ ਰਾਮ ਕਥਾ ਨੂੰ ਬਿਆਨ ਕੀਤਾ ਹੈ, ਬਾਲਮੀਕ ਜੀ ਦੀ ਇਸ ਸਰਬ ਵਿਆਪੀ ਰਚਨਾ ਨੇ ਰਾਮ ਕਥਾ ਨੂੰ ਲੋਕ ਮਨ ਦਾ ਹਿੱਸਾ ਬਣਾ ਦਿੱਤਾ ਹੈ, ਇਹ ਵਰਤਾਰਾ ਸਾਡੇ ਸਾਹਮਣੇ ਹੈ ਕਿ ਸ੍ਰੀ ਰਾਮ ਕਥਾ ਹੱਦਾ-ਸਰਹੱਦਾਂ ਨੂੰ ਲੰਘ ਕੇ ਲੋਕ ਮਨ ਦਾ ਅਟੁੱਟ ਅੰਗ ਬਣ ਗਈ ਸੋ ਇਸ ਗੱਲ ਤੋਂ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਸੰਤਰੇਣ ਜੀ ਦੇ ਮਨ ਵਿਚ ਗੁਰੂ ਘਰ ਲਈ ਅਜਿਹਾ ਕੋਈ ਵਲਵਲਾ ਚਾਉ, ਤਾਂਘ ਹੋ ਸਕਦੀ ਹੈ ਕਿ ਗੁਰੂ ਨਾਨਕ ਜੀ ਦੀ ਕਥਾ ਲੋਕ ਮਨ ਦਾ ਹਿੱਸਾ ਬਣ ਸਕਦੀ ਹੈ। ਜਿਸ ਤਰ੍ਹਾਂ ਬਾਲਮੀਕ ਨੇ ਆਪਣੀ ਰਚਨਾ ਸ਼ਕਤੀ ਨਾਲ ਰਾਮ ਜੀ ਦਾ ਬਿੰਬ ਸਰਵ-ਵਿਆਪੀ ਬਣਾ ਦਿੱਤਾ ਹੈ। ਇਸੇ ਤਰ੍ਹਾਂ ਗੁਰੂ ਨਾਨਕ ਵਿਜੈ ਗ੍ਰੰਥ ਦੀ ਰਚਨਾ ਸੰਬੰਧੀ ਸੰਤਰੇਣ ਜੀ ਨੂੰ ਹੋਈ ਭਵਿੱਖ ਬਾਣੀ ਬਾਰੇ ਉਹ ਖੁਦ ਇਸ ਗ੍ਰੰਥ ਦੇ ਖੰਡ ਪਹਿਲਾ ਆਧਿਆਇ ਚਾਰ ਵਿਚ ਜ਼ਿਕਰ ਕਰਦੇ ਹਨ :-

ਬਾਣੀ ਭਈ ਸੁਨ ਭ ਜਬੈ, ਚਾਨਣ ਭਯੋ ਮਹਾਨ।।

ਇਹ ਜਪੁ ਕਾ ਪ੍ਰਤਾਪ ਸਭ, ਹਮਾਰਾ ਬਲ ਕਿਛੁ ਨਾਹਿ।
ਜਪੁ ਕੇ ਪਾਠ ਪ੍ਰਤਾਪ ਤੇ, ਗਿਰਾ ਭਈ ਨਭ ਮਾਹਿ।।
ਜਪੁ ਜੀ ਕਾ ਕਰਿ ਪਾਠ ਮੈਂ, ਬਹੁਰਿ ਕਿਯੋ ਇਸਨਾਨ।
ਲਿਖਣੇ ਲਾਗਯੋ ਗ੍ਰੰਥ ਤਬ, ਤਾਹਿੰ ਸੁ ਆਯਸ ਮਾਨ।।16

ਇਸ ਗ੍ਰੰਥ ਦੀ ਰਚਨਾ ਪ੍ਰਕ੍ਰਿਆ ਸੰਬੰਧੀ ਬਾਲਮੀਕ ਅਤੇ ਇਲਾਹੀ ਸੰਦੇਸ਼ ਦੀ ਪ੍ਰੇਰਨਾ ਨਾਲ ਇਸ ਰਚਨਾ ਦਾ ਆਰੰਭ ਹੁੰਦਾ ਹੈ। ਇਹ ਵੀ ਜ਼ਿਕਰ ਮਿਲਦਾ ਹੈ ਕਿ ਸੰਤਰੇਣ ਜੀ ਇਸ ਗ੍ਰੰਥ ਦਾ ਹਰ ਰੋਜ਼ ਇਕ ਪੰਨਾ ਲਿਖਦੇ ਸਨ। ਮਹੰਤ ਮੁਕਤ ਰਾਮ ਅਨੁਸਾਰ ਉਨ੍ਹਾਂ ਨੇ ਆਪਣੇ ਕੋਲ ਇਕ ਵੱਡਾ ਮੱਟ ਰੱਖਿਆ ਹੋਇਆ ਸੀ। ਜਿਸ ਦਾ ਨਾਮ ਉਹਨਾਂ ਨੇ ਰਾਘਲ ਰੱਖਿਆ ਸੀ ਜੋ ਰਚਨਾ ਉਹ ਲਿਖਦੇ ਉਹ ਇਸ ਮੱਟ ਵਿਚ ਪਾ ਦਿੰਦੇ। ਸੰਤਰੇਣ ਜਿਥੇ ਵੀ ਜਾਂਦੇ ਇਸ ਰਾਘਲ ਨੂੰ ਬੈਲ ਗੱਡੀ ਤੇ ਰੱਖ ਕੇ ਨਾਲ ਲਿਜਾਂਦੇ ਜਦ ਮੱਟ ਇਹਨਾਂ ਪੰਨਿਆ ਨਾਲ ਭਰ ਗਿਆ ਫਿਰ ਇਸ ਗ੍ਰੰਥ ਨੂੰ ਸੰਪੂਰਨ ਕਰਕੇ ਜਿਲਦ ਬਨਾਈ। ਸੰਤਰੇਣ ਜੀ ਦੀਆਂ ਹੋਰ ਕਈ ਰਚਨਾਵਾਂ ਦਾ ਜ਼ਿਕਰ ਵੀ ਮਿਲਦਾ ਹੈ ਜੋ ਕਿ ਸ੍ਰੀ ਅਨਭੈ ਅੰਮ੍ਰਿਤ ਗ੍ਰੰਥ, ਸ੍ਰੀ ਉਦਾਸੀ ਬੋਧ ਗ੍ਰੰਥ। ਇਸ ਤੋਂ ਇਲਾਵਾ ਪ੍ਰੋ. ਪਿਆਰਾ ਸਿੰਘ ਪਦਮ ਦੇ ਨਿੱਜੀ ਲਾਇਬ੍ਰੇਰੀ ਵਿਚ ਸੰਤਰੇਣ ਦਾ ਹੱਥ ਲਿਖਤ ਖਰੜਾ ਵੀ ਮੌਜੂਦ ਹੈ। ਇਸ ਖਰੜੇ ਵਿਚਲੀ ਰਚਨਾ ਸਾਮਗ੍ਰੀ ਨੂੰ ਇਸ ਤਰ੍ਹਾਂ ਦੱਸਿਆ ਗਿਆ ਉਪਰੋਕਤ ਤੱਥਾਂ ਦੇ ਆਧਾਰ ਤੇ ਸਪੱਸ਼ਟ ਹੈ ਕਿ ਸੰਤਰੇਣ ਦੀ ਮਹਾਨ ਪ੍ਰਤੀਭਾ ਨੇ ਗੁਰਮਤਿ ਪ੍ਰਚਾਰ ਦੇ ਨਾਲ-ਨਾਲ ਉਦਾਸੀ ਅਤੇ ਪੰਜਾਬੀ ਸਾਹਿਤ ਨੂੰ ਅਮੀਰ ਕੀਤਾ। ਪਿੱਛੇ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਮਹਾਤਮਾ ਸੰਤਰੇਣ ਲੰਮਾਂ ਸਮਾਂ ਦੱਖਣ ਦੇ ਇਸ ਬਾਲਾਪੁਰ ਪੀਠ ਵਿਖੇ ਨਿਵਾਸ ਕਰਨ ਤੋਂ ਬਾਅਦ ਆਪਣੀ ਉਮਰ ਦਾ ਆਖਰੀ ਪੜ੍ਹਾਅ ਪਿੰਡ ਭੂਦਨ ਮਲੇਰਕੋਟਲਾ ਵਿਖੇ ਆ ਗਏ ਇਥੇ ਉਹਨਾਂ ਦਾ 130 ਵਰ੍ਹੇ ਦੀ ਉਮਰ ਵਿਚ ਫੱਗਣ 12, 1928 ਬਿਕ੍ਰਮੀ (1871 ਇਸਵੀਂ) ਨੂੰ ਪ੍ਰਲੋਕ ਗਮਨ ਕਰ ਗਏ। ਇਥੇ ਹੀ ਉਹਨਾਂ ਦੇ ਉਤਰਾਧਿਕਾਰੀ ਮਹੰਤ ਰਾਮ ਸਰਣ ਜੀ, ਮਹੰਤ ਮਦਨ ਗੋਪਾਲ ਜੀ ਅਤੇ ਮਹੰਤ ਮੁਕਤ ਰਾਮ ਜੀ ਨੇ ਉਹਨਾਂ ਦੀ ਪਰੰਪਰਾ ਨੂੰ ਅੱਗੇ ਵਧਾਇਆ। ਉਹਨਾਂ ਦੇ ਉਤਰਾਧਿਕਾਰੀ ਸੰਤ ਰਾਮ ਸਰਣ ਨੇ ਭੂਦਨ ਵਾਲੇ ਡੇਰੇ ਦਾ ਨਾਂ ਸ੍ਰੀ ਸੰਤਰੇਣ ਆਸ਼ਰਮ ਰੱਖ ਕੇ ਉਹਨਾਂ ਦੀ ਯਾਦਗਾਰ ਨੂੰ ਕਾਇਮ ਰੱਖਿਆ। ਇਸ ਡੇਰੇ ਵਿਚ ਸੰਤ ਰੇਣ ਜੀ ਦੀ ਸਮਾਧ ਹੈ। ਇਹ ਸਮਾਧ ਉਹਨਾਂ ਦੇ ਪ੍ਰੇਮਣ ਮਾਈ ਹੀਰਾ ਬਾਈ ਨੇ ਬਣਵਾਈ। ਹੀਰਾ ਬਾਈ ਦੇ ਸੰਤ ਰੁਚੀਆਂ ਅਤੇ ਅਧਿਆਤਮਕ ਵਿਚਾਰਾਂ ਸੰਬੰਧੀ ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ ਵਿਚ ਵਿਸ਼ੇਸ਼ ਜ਼ਿਕਰ ਕੀਤਾ ਹੈ:-

ਦੱਖਣ ਦੇਸ ਵਿਖੇ ਗੰਗਾ ਮੋਰਨਾ। ਪਰਮ ਸੁ ਪਾਵਨ ਤੀਰਥ ਤਹਿ ਸਮ ਹੋਰਨਾ।
ਤਿਸਕੇ ਤਟ ਪੈ ਬਸਤੀ ਏਕ ਸੁ ਜਾਨਿਯੈ। ਹੋਂ ਇਕ ਬਾਈ ਤਹਿ ਰਹੈ ਸੁ ਜਾਨ ਮਹਾਨਿਯੈ।
ਰਾਮ ਲਾਲ ਤਹਿ ਪਿਤਾ ਭਗਤਿ ਭਗਵਾਨ ਕੀ। ਸੀਲ ਧਰਮ ਮੈਂ ਮਨੋ ਸੁ ਦੂਜੀ ਮਜਾਨਕੀ
ਹੀਰਾ ਤਿਸਕਾ ਨਾਮ, ਜਨ ਮਹਾਨਿਯੈ। ਹੋ ਕਰਮਾ ਬਾਈ ਕਾ ਅਵਤਾਰ ਸੁ ਜਾਨਿਯੈ।
ਹੀਰਾ, ਹੀਰਾ ਭਈ ਸੁ ਭਗਤੀ ਭਾਇ, ਤਿਸਕੇ ਕਾਮ ਸਮਾਰੈ ਹਰਿ ਸਭ ਆਇ ਤੇ
ਗੁਰ ਸੇਵਾ ਮੈ ਤਤਪਰ ਬਾਈ ਜਾਨਿਯੈ। ਹੋ ਤਨ ਮਨ ਲਾਇ ਸੁ ਸੇਵਾ ਕਰੈ ਮਹਾਨਿਯੈ।।17

ਉਪਰੋਕਤ ਚਰਚਾ ਦਾ ਸਾਰਾ ਸਾਰੰਸ਼ ਇਹ ਹੈ ਕਿ ਸੰਤਰੇਣ ਦੀ ਮਹਾਨ ਪ੍ਰਤਿਭਾ ਨੇ

ਉਦਾਸੀ ਮਤ, ਸਿੱਖ ਮੱਤ ਅਤੇ ਪੰਜਾਬੀ ਸਾਹਿਤ ਨੂੰ ਆਪਣੇ ਵਿਚਾਰ-ਵਿਮਰਸ਼ ਨਾਲ ਨਵੀਂ ਦਿਸ਼ਾ ਪ੍ਰਦਾਨ ਕੀਤੀ। ਵਿਡੰਬਨਾ ਇਹ ਹੈ ਕਿ ਉਹਨਾਂ ਦੇ ਦੇਹਾਂਤ ਦੇ 150 ਸਾਲ ਹੋ ਜਾਣ ਬਾਅਦ ਵੀ ਅਕਾਦਮਿਕ ਹਲਕਿਆਂ ਵਿਚ ਉਹਨਾਂ ਦਾ ਮੁਲਾਂਕਣ ਨਹੀਂ ਕੀਤਾ ਜਾ ਸਕਿਆ।

**ਹਵਾਲੇ-**


1. ਭਾਈ ਰਣਧੀਰ ਸਿੰਘ, ਉਦਾਸੀ ਸਿੱਖਾ ਦੀ ਵਿੱਥਿਆ, ਪੰਨਾ 133-136
2. ਪ੍ਰੋ. ਪਿਆਰਾ ਸਿੰਘ ਪਦਮ, ਮਹਾਤਮਾ ਸੰਤਰੇਣ, ਪੰਨਾ 1
3. ਉਹੀ।
4. ਮਹਾਂ ਕਵੀ ਸੰਤ ਰੇਣ ਜੀ, ਸ੍ਰੀ ਸੰਤਰੇਣ ਗ੍ਰੰਥਾਵਲੀ ਪੰਨਾ 1
5. ਮਹਾਂ ਕਵੀ ਸੰਤ ਰੇਣ, ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ, ਮੰਗਲ ਖੰਡ, ਪੰਨਾ 32
6. ਮਹਾਂ ਕਵੀ ਸੰਤ ਰੇਣ, ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ, ਮੰਗਲ ਖੰਡ, ਪੰਨਾ 39
7. ਮਹਾਂ ਕਵੀ ਸੰਤ ਰੇਣ, ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ, ਮੰਗਲ ਖੰਡ, ਪੰਨਾ 36
8. ਮਹਾਂ ਕਵੀ ਸੰਤ ਰੇਣ, ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ, ਮੰਗਲ ਖੰਡ, ਪੰਨਾ 40-41
9. ਮਹਾਂ ਕਵੀ ਸੰਤ ਰੇਣ, ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ, ਕਰਤਾਰਪੁਰ ਖੰਡ, ਪੰਨਾ 1895
10. ਮਹਾਂ ਕਵੀ ਸੰਤ ਰੇਣ ਜੀ, ਸ੍ਰੀ ਸੰਤਰੇਣ ਗ੍ਰੰਥਾਵਲੀ ਪੰਨਾ (ਕ)
11. ਮਹਾਂ ਕਵੀ ਸੰਤ ਰੇਣ ਜੀ, ਸ੍ਰੀ ਸੰਤਰੇਣ ਗ੍ਰੰਥਾਵਲੀ ਪੰਨਾ (ਖ)
12. ਮਹਾਂ ਕਵੀ ਸੰਤ ਰੇਣ ਜੀ, ਸ੍ਰੀ ਸੰਤਰੇਣ ਗ੍ਰੰਥਾਵਲੀ ਪੰਨਾ (ਸ)
13. ਮਹਾਂ ਕਵੀ ਸੰਤ ਰੇਣ ਜੀ, ਸ੍ਰੀ ਸੰਤਰੇਣ ਗ੍ਰੰਥਾਵਲੀ ਪੰਨਾ (ਹ)
14. ਮਹਾਂ ਕਵੀ ਸੰਤ ਰੇਣ ਜੀ, ਸ੍ਰੀ ਸੰਤਰੇਣ ਗ੍ਰੰਥਾਵਲੀ ਪੰਨਾ (ਘ)
15. ਮਹਾਂ ਕਵੀ ਸੰਤ ਰੇਣ, ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ, ਮੰਗਲ ਖੰਡ, ਪੰਨਾ 17
16. ਮਹਾਂ ਕਵੀ ਸੰਤ ਰੇਣ ਜੀ, ਸ੍ਰੀ ਸੰਤਰੇਣ ਗ੍ਰੰਥਾਵਲੀ ਪੰਨਾ (ਛ)
17. ਮਹਾਂ ਕਵੀ ਸੰਤ ਰੇਣ, ਸ੍ਰੀ ਗੁਰੂ ਨਾਨਕ ਵਿਜੈ ਗ੍ਰੰਥ, ਕਰਤਾਰਪੁਰ ਖੰਡ, ਪੰਨਾ 1893

RNI No. 55533/92
ISSN : 2581-3986

ਪੰਜਾਬੀ ਅਕਾਦਮੀ, ਦਿੱਲੀ
ਡੀ.ਡੀ.ਏ. ਕਮਿਊਨਿਟੀ ਸੈਂਟਰ, ਸਦਰ ਥਾਣਾ ਰੋਡ, ਮੋਤੀਆ ਖ਼ਾਨ, ਪਹਾੜ ਗੰਜ, ਨਵੀਂ ਦਿੱਲੀ-110055
www.punjabiacademydelhi.com